ਅਪ੍ਰੈਲ-ਜੂਨ, 2025

# ਕਹਾਣੀ ਧਾਰਾ

ਅੰਕ :77 100/-



ਬਿਰਖ ਛਾਂਗੇ ਹੀ ਮਿਲੇ ਪਰ ਹੌਸਲਾ ਹਰਿਆ ਨਹੀਂ,
ਸੂਰਜਾਂ ਦੇ ਸ਼ਹਿਰ ਵਿੱਚ ਮੈਂ ਸੇਕ ਤੋਂ ਡਰਿਆ ਨਹੀਂ।
- ਅਜੈ ਤਨਵੀਰ

77 ਕਹਾਣੀ ਧਾਰਾ ਅਪ੍ਰੈਲ-ਜੂਨ, 2025

# ਕਹਾਣੀ ਧਾਰਾ

ਅਪ੍ਰੈਲ-ਜੂਨ, 2025

ਸਾਲ : 20 ; ਅੰਕ : 77

**ਸੰਪਾਦਕ**

**ਭਗਵੰਤ ਰਸੂਲਪੁਰੀ**
94170-764350

**ਮੁੱਖ ਸਲਾਹਕਾਰ**

**ਡਾ. ਪ੍ਰੇਮ ਮਾਨ**

+1 (860) 983-5002

email:
premmann@yahoo.com

**ਸਲਾਹਕਾਰ ਬੋਰਡ**

ਡਾ. ਸਰਬਜੀਤ ਸਿੰਘ

ਡਾ. ਮਨਜਿੰਦਰ ਸਿੰਘ

ਡਾ. ਰਵੀ ਰਵਿੰਦਰ

ਡਾ. ਕੁਲਦੀਪ ਸਿੰਘ

ਡਾ. ਸੁਖਪਾਲ ਕੌਰ ਸਮਰਾਲਾ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

Editor
KAHANI DHARA
Vill. Dharampur
P.O. Khambra
Distt. JALANDHAR-144026
Punjab,INDIA

e-mail:
kahanidhara@gmail.com
bhagwantrasulpuri@gmail.com

ਚੰਦੇ : ਇੱਕ ਅੰਕ 100/- (ਸਧਾਰਨ ਡਾਕ)
130/-(ਰਜਿ. ਡਾਕ), 10 ਅੰਕ 1000/-
10 ਅੰਕ : ਡਾਲਰ 180/ ਪੌਂਡ 150

ਤੁਸੀਂ ਚੰਦਾ ਏਥੇ ਵੀ
ਜ਼ਮਾ ਕਰਵਾ ਸਕਦੇ ਹੋ

G Pay
UPI
UNIFIED PAYMENTS INTERFACE
@94170-64350

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Krihanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ : ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ : 10 ਅਪ੍ਰੈਲ, 2024)

ਕਹਾਣੀ ਧਾਰਾ

*ਅੰਕ : 77 ਅਪ੍ਰੈਲ-ਜੂਨ,2025*

**ਸੰਪਾਦਕੀ : ਡਿੱਗ ਗਿਆ ਕਹਾਣੀ ਦਾ ਥੰਮ : ਪ੍ਰੇਮ ਪ੍ਰਕਾਸ਼** 3

**ਗੋਸ਼ਟੀ-10 :**
**ਪੰਜਾਬੀ ਦਲਿਤ ਸਾਹਿਤ : ਚੇਤਨਾ ਤੇ ਚਿੰਤਨ** 5

ਡਾ. ਸਰਬਜੀਤ ਸਿੰਘ, ਡਾ. ਯੋਗਰਾਜ, ਸਵਰਾਜਬੀਰ, ਅਮਰਜੀਤ ਗਰੇਵਾਲ, ਡਾ. ਜਸਵਿੰਦਰ ਸਿੰਘ, ਡਾ. ਪਰਮਜੀਤ ਕੌਰ ਸਿੱਧੂ, ਡਾ. ਅਵਤਾਰ ਸਿੰਘ, ਡਾ. ਸੁਰਜੀਤ ਸਿੰਘ, ਡਾ. ਪਰਵੀਨ , ਡਾ. ਰੌਣਕੀ ਰਾਮ, ਡਾ. ਭੀਮ ਇੰਦਰ ਸਿੰਘ, ਗੁਰਮੀਤ ਕੱਲਰਮਾਜਰੀ, ਸਾਹਿਬ ਸਿੰਘ ਅਤੇ ਡਾ. ਅਕਸੈ ਕੁਮਾਰ



ਡਾ. ਸਰਬਜੀਤ ਸਿੰਘ/ ਡਾ. ਯੋਗਰਾਜ / ਸਵਰਾਜਬੀਰ / ਅਮਰਜੀਤ ਗਰੇਵਾਲ/ ਡਾ.ਜਸਵਿੰਦਰ ਸਿੰਘ



ਡਾ. ਪਰਮਜੀਤ ਸਿੱਧੂ/ ਡਾ. ਅਵਤਾਰ ਸਿੰਘ / ਡਾ. ਸੁਰਜੀਤ ਸਿੰਘ / ਡਾ. ਪਰਵੀਨ



ਡਾ. ਰੌਣਕੀ ਰਾਮ / ਡਾ. ਭੀਮ ਇੰਦਰ/ ਗੁਰਮੀਤ ਕੱਲਰਮਾਜਰੀ/ ਸਾਹਿਬ ਸਿੰਘ/ ਡਾ. ਅਕਸੈ ਕੁਮਾਰ

## ਕਹਾਣੀਆਂ :


1. ਝੂਠਾ ਗੁਲਾਬ / **ਗੈਬਰੀਅਲ ਗਾਰਸ਼ੀਆ ਮਾਰਕੇਜ਼** 44
2. ਲਾਈਟਸ ! ਕੈਮਰਾ ! ਐਕਸ਼ਨ!! / **ਭਾਲ ਚੰਦਰ ਜੋਸ਼ੀ** 48
3. ਚੂ... ਹ... ਹ... ੜ ... ੜ.../ **ਅੰਬਰ ਹੁਸੈਨੀ** 76
4. ਜਿਹਨੇ ਮੇਰਾ ਦਿਲ ਲੁੱਟਿਆ/ **ਜੋਗੇ ਭੰਗਲ** 84
5. ਮੂਰਤਾਂ ਜਦ ਬੋਲੀਆਂ / **ਹਰਮੇਸ਼ ਮਾਲੜੀ** 91
6. ਦੀਪ / **ਰਵਿੰਦਰ ਰੁਪਾਲ ਕੌਲਗੜ੍ਹ** 103
7. ਜਿਤੁ ਦਿਹਾੜੈ ਧਨ ਵਰੀ / **ਲਖਵਿੰਦਰ ਵਿਰਕ** 110
8. ਜਾਹ! ਮੈਂ ਤੈਨੂੰ ਛੱਡਿਆ.../ **ਮਨਦੀਪ ਰਿੰਪੀ** 116
9. ਮੈਲ਼ / **ਅਲ.ਫ਼ਾਜ਼** 132


## ਜਨ ਬੋਧ :


**ਕਰਾਰਦਾਦੇ-ਮਕਾਸਿਦ**
ਲੇਖਕ : **ਟੀਪੂ ਸਲਮਾਨ ਮਖ਼ਦੂਮ**
ਲਿਪੀ ਵਟਾਂਦਰਾ : **ਪਰਮਜੀਤ ਮੀਸ਼ਾ** 139


## ਪੜਚੋਲ-ਸਮੀਖਿਆ :


1. ਆਪਣਾ ਘਰ (ਗੋਵਰਧਨ ਗੱਬੀ) ਡਾ. ਜਸਵਿੰਦਰ ਬਿੰਦਰਾ 145
2. ਪਲ ਦੋ ਪਲ (ਮਨ ਮਾਨ) ਡਾ. ਸੰਦੀਪ ਰਾਣਾ 148


## ਮੇਰਾ ਸਟੱਡੀ ਟੇਬਲ


ਭਗਵੰਤ ਰਸੂਲਪੁਰੀ 153

## ਡਿੱਗ ਗਿਆ ਕਹਾਣੀ ਦਾ ਥੰਮ : ਪ੍ਰੇਮ ਪ੍ਰਕਾਸ਼

ਕਈ ਦਹਾਕਿਆਂ ਤੋਂ ਆਪਣੀ ਸਮਰੱਥਾ ਤੇ ਤਾਕਤ ਦੇ ਸਿਰ 'ਤੇ ਖੜਾ ਪੰਜਾਬੀ ਕਹਾਣੀ ਦਾ ਥੰਮ ਡਿੱਗ ਪਿਆ ਏ। ਏਸ ਥੰਮ ਨੇ ਪੰਜਾਬੀ ਕਹਾਣੀ ਵਿੱਚ ਆਪਣੀ ਕਲਾ ਨਾਲ ਅਜਿਹੇ ਡੈਂਟ ਪਾਏ ਨੇ ਜੋ ਅਗਾਂਹ ਕਈ ਦਹਾਕਿਆਂ ਤੱਕ ਪਾਠਕਾਂ ਨੂੰ ਦਿਸਦੇ ਰਹਿਣਗੇ। ਘਰੋਂ ਬਾਗੀ ਹੋ, ਜਲੰਧਰ ਆ, ਸਕੂਲ ਮਾਸਟਰੀ ਕਰਦਾ, ਅਣਮੰਨੇ ਮਨ ਨਾਲ ਉਰਦੂ ਅਖ਼ਬਾਰ ਨਵੀਸੀ ਕਰਦਾ ਇਹ ਥੰਮ ਆਪਣੇ ਵਰਗੀ ਨਵੀਂ ਕਿਸਮ ਦੀ ਕਹਾਣੀ ਲਿਖਣ ਲੱਗ ਪੈਂਦਾ ਏ। ਉਹ ਇਕੱਲਾ ਤੁਰ ਪਿਆ ਆਪਣੀ ਨਿੱਜੀ ਜ਼ਿੰਦਗੀ 'ਚ ਵੀ ਤੇ ਆਪਣੀਆਂ ਕਹਾਣੀਆਂ 'ਚ ਵੀ। ਇਹ ਥੰਮ ਮਹਾਜਨੀ ਕਲਚਰ 'ਚੋਂ 'ਮਿੱਥ' ਵਿਗਿਆਨ ਲੈ ਕੇ ਬੰਦੇ ਅੰਦਰਲੀਆਂ 'ਗੰਢਾਂ' ਖੋਲ੍ਹਣ ਲੱਗ ਪਿਆ। ਦਿੱਲੀ ਸਲਤਨਤ ਦੇ ਸੁਲਤਾਨ ਹਰਿਭਜਨ ਸਿੰਘ ਨੇ ਉਹਦੀ ਕਹਾਣੀ ਦੇ ਅਨੇਕਾਂ ਰਹੱਸਾਂ ਨੂੰ ਜਦੋਂ ਪੰਜਾਬੀ ਦੇ ਸਧਾਰਨ ਕਹਾਣੀਆਂ ਪੜ੍ਹਨ ਵਾਲੇ ਪਾਠਕਾਂ ਅੱਗੇ ਰੱਖਿਆ ਤੇ ਪੰਜਾਬੀ ਜਗਤ ਉਸ ਥੰਮ ਦੀਆਂ 'ਇਬਾਰਤਾਂ' ਨੂੰ ਗਹੁ ਨਾਲ ਪੜ੍ਹਨ ਲੱਗ ਪਿਆ। ਫਿਰ ਸੁਰਜੀਤ ਹਾਂਸ ਨੇ ਕਈ ਉਚੇਚ ਕਰਕੇ ਇਸ ਥੰਮ ਲਈ, ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਬੂਹੇ ਖੁੱਲ੍ਹਵਾਏ। ਅਕੈਡਮਕ ਹਲਕੇ ਇਸ ਥੰਮ ਦੀਆਂ ਚਿਹਨਕਾਰੀ ਸਿਰਜਦੀਆਂ 'ਇਬਾਰਤਾਂ' ਨੂੰ ਪੜ੍ਹਨ ਉਪਰੰਤ ਗੱਲਾਂ ਕਰਨ ਲੱਗ ਪਏ। ਏਸ ਦੌਰਾਨ ਹੀ ਪ੍ਰਬੁੱਧ ਚਿੰਤਕ ਡਾ. ਜੋਗਿੰਦਰ ਸਿੰਘ ਰਾਹੀ ਨੇ ਉਸ ਦੀਆਂ 19 ਕਹਾਣੀਆਂ 'ਚੋਂ 'ਕਪਾਲ' ਦੀ ਚਿਹਨਕਾਰੀ ਪੰਜਾਬੀ ਬੰਦੇ ਦੀਆਂ ਸਦੀਵੀਂ ਸਚਾਈਆਂ ਦਾ ਵਿਸ਼ਲੇਸ਼ਣ ਕਰਦਿਆਂ ਢਾਈ ਸੌ ਪੰਨੇ ਲਿਖ ਮਾਰੇ। ਡਾ. ਰਾਹੀ ਹੁਰਾਂ ਏਸ ਥੰਮ ਦੀਆਂ 'ਇਬਾਰਤਾਂ' ਬਾਰੇ ਐਨੀਆਂ ਗੱਲਾਂ ਕੀਤੀਆਂ ਜੋ 'ਬਹਿਸ-ਤਲਬ' ਬਣ ਗਈਆਂ। ਇਸ ਮਹਾਨ ਸ਼ਿਲਪਕਾਰ ਵੱਲੋਂ ਕਥਾ ਸ਼ਿਲਪ ਦੇ ਸੂਤਰ ਪੈਦਾ ਕਰਨੇ ਆਪਣੇ ਆਪ 'ਚ ਅਛੂਤਾ ਕਾਰਜ ਸਿੱਧ ਹੋ ਗਿਆ।

ਕਹਾਣੀ ਦੇ ਏਸ ਥੰਮ ਨੂੰ ਕਹਾਣੀ ਦੀ ਬੜੀ ਸਮਝ ਵੀ ਰਹੀ। ਏਸ ਥੰਮ ਨੇ 'ਲਕੀਰ' ਰਾਹੀ ਨਵੀਂ ਕਿਸਮ ਦੀ ਕਹਾਣੀ ਪੈਦਾ ਕਰਨ 'ਚ ਇਕ ਪੁਲਾਂਘ ਹੋਰ ਪੁੱਟੀ। ਬਹੁਤ ਸਾਰੇ ਨਵੇਂ ਕਹਾਣੀਕਾਰਾਂ ਨੂੰ 'ਹਵਾ' ਦਿੱਤੀ ਤੇ ਖੁੱਲ੍ਹੇ ਆਸਮਾਨ 'ਚ ਫੈਲਣ ਦਿੱਤਾ। ਇਸ 'ਹਵਾ' ਨੇ ਕਹਾਣੀਕਾਰ ਦਾ ਇਕ ਵੱਡਾ ਪੂਰ ਪੈਦਾ ਕਰਕੇ ਕਹਾਣੀ ਦੀ ਤੀਜੀ ਪੀੜ੍ਹੀ ਵਿੱਚ ਹਲਚਲ ਪੈਦਾ ਕਰ ਦਿੱਤੀ, ਜਿਸ ਨਾਲ ਚੌਥੀ ਪੀੜ੍ਹੀ ਜਾਂ ਚੌਥੀ ਕੂੰਟ ਵੱਲ ਜਾਂਦੇ ਕਹਾਣੀਕਾਰਾਂ ਦੀ ਗੱਲ ਤੁਰਨ ਲੱਗ ਪਈ। ਏਸ ਥੰਮ ਨੇ ਨਵੇਂ ਕਹਾਣੀਕਾਰਾਂ ਦਾ ਸੰਗ੍ਰਹਿ 'ਚੌਥੀ ਕੂੰਟ' ਤਿਆਰ ਕਰਕੇ ਪੰਜਾਬੀ ਦੇ ਸਾਹਿਤਕ ਮਾਹੌਲ ਵਿੱਚ ਹਲਚਲ ਪੈਦਾ ਕਰ ਦਿੱਤੀ। ਜਲੰਧਰ ਵਿੱਚ ਏਸ ਕਿਤਾਬ 'ਤੇ ਗੱਲਾਂ ਕਰਨ ਲਈ ਵੱਡੇ ਵੱਡੇ ਧਨੰਤਰ, ਖੱਬੀ ਖਾਨ ਪੁੱਜੇ। ਬੜੀਆਂ ਗੱਲਾਂ ਹੋਈਆਂ, ਜਿਹੜੀਆਂ ਪਹਿਲਾਂ ਕਦੇ ਨਹੀਂ ਸੀ ਹੋਈਆਂ। ਏਸ ਕਿਤਾਬ ਵਿੱਚ ਉਨ੍ਹਾਂ ਉਹ ਕਹਾਣੀਕਾਰ ਲਏ ਜੋ ਅਲੰਕਾਰ ਰੋਗ ਤੋਂ ਮੁਕਤ ਹੋ ਰਹੇ ਸਨ ਤੇ ਜੋ ਕਹਾਣੀ ਦੀ ਵਾਕ ਬਣਤਰ, ਵਿਸ਼ੇਸ਼ਣ, ਮੁਹਾਵਰੇ, ਇਲਾਕੇ ਦੀ ਬੋਲੀ ਦੀ ਹੋੜ੍ਹ 'ਚ ਰੁੜੀ ਕੇ ਸਮਾਜ ਦੀਆਂ ਕੁਰੀਤਾ, ਲੁੱਟ-ਖਸੁੱਟ, ਥੁੜ੍ਹਾਂ ਤੇ ਰੁਦਨ ਤੋਂ ਅੱਗੇ ਦੇ ਵਿਸ਼ੇ ਲੈ ਰਹੇ ਸਨ। ਫਿਰ ਏਸ ਥੰਮ ਨੇ 'ਜੁਗਲਬੰਦੀਆਂ', 'ਗੰਢਾਂ' ਰਾਹੀ ਹੋਰ ਕਹਾਣੀਕਾਰਾਂ ਦੀਆਂ ਵੱਡੀਆਂ ਕਹਾਣੀਆਂ ਨੂੰ ਵੀ ਉਭਾਰਿਆ। ਏਸ ਥੰਮ ਵਲੋਂ ਲਿਖੇ ਨਵੀਂ ਕਹਾਣੀ ਬਾਰੇ ਦੋ ਮਹੱਤਵਪੂਰਨ ਲੇਖ 'ਸੱਪ ਦੀ ਲੀਹ' ਨੂੰ ਕੁੱਟਣ ਵਾਲੇ ਨਹੀਂ ਨੇ। ਇਨ੍ਹਾਂ ਲੇਖਾਂ ਵਿੱਚ ਓਸ ਨੇ ਚੰਗੀ ਕਹਾਣੀ ਦੇ ਕੁਝ ਨੁਕਤੇ ਪੇਸ਼ ਕੀਤੇ ਤੇ ਫਿਰ ਇਨ੍ਹਾਂ ਨੁਕਤਿਆਂ ਦੀ ਪੈੜ 'ਤੇ ਕੁਝ ਕਹਾਣੀਕਾਰਾਂ ਦੀਆਂ ਉਨ੍ਹਾਂ ਕਹਾਣੀਆਂ ਦੀ

ਨਿਸ਼ਾਨਦੇਹੀ ਹੀ ਨਹੀਂ ਕੀਤੀ ਬਲਕਿ ਇਨ੍ਹਾਂ ’ਤੇ ਸਵਾਲ ਵੀ ਕੀਤੇ।

ਏਸ ਥੰਮ ਨੇ ਆਪਣੇ ਇਕ ਲੇਖ ਵਿੱਚ ਲਿਖਿਆ, “ਏਸ ਗੱਲ ਦਾ ਅਫਸੋਸ ਵੀ ਏ ਕਿ ਏਸ ਪੀੜ੍ਹੀ ਦੇ ਕਈ ਕਹਾਣੀਕਾਰ ਮੇਰੀ ਰੀਸੇ ਇਸਤਰੀ ਤੇ ਪੁਰਸ਼ ਦੇ ਰਿਸ਼ਤਿਆਂ ਦੀਆਂ ਪੇਤਲੀਆਂ ਕਹਾਣੀਆਂ ਲਿਖਦੇ ਨੇ। ਉਹ ਏਸ ਰਿਸ਼ਤੇ ਬਾਰੇ ਭਾਰਤੀ ਦਰਸ਼ਨ ਨੂੰ ਗਹਿਰਾਈ ਨਾਲ ਨਹੀਂ ਸਮਝਦੇ। ਜੀਹਦੇ ਨਾਲ ਵਿਰੋਧੀਆਂ ਨੂੰ ਇਹ ਕਹਿਣਾ ਸੌਖਾ ਹੋ ਗਿਆ ਕਿ ‘ਇਹ ਠਰਕੀ ਕਹਾਣੀਆਂ’ ਲਿਖਦੇ ਨੇ...ਕੁਝ ਹੋਰਨਾਂ ਦੀਆਂ ਕਥਾ ਜੁਗਤਾਂ ਦੀ ਨਕਲ ਵੀ ਕਰਦੇ ਨੇ।”

ਅਗਾਂਹ ਏਹ ਥੰਮ ਇਹ ਵੀ ਮੰਨਦਾ ਏ ਕਿ ਜਦੋਂ ਨਵੇਂ ਕਹਾਣੀਕਾਰਾਂ ਦਾ ਵਿਸ਼ਾ ਤੇ ਚਿੰਤਨ ਬਦਲਦਾ ਏ ਤਾਂ ਉਹਨਾਂ ਦੀਆਂ ਕਹਾਣੀਆਂ ਦਾ ਰੂਪ ਵੀ ਬਦਲਣ ਲੱਗ ਪੈਂਦਾ ਏ। ਫੇਰ ਉਹ ਨਵੀਆਂ ਕਥਾ ਜੁਗਤਾਂ ਵੀ ਵਰਤਣੀਆਂ ਸ਼ੁਰੂ ਕਰ ਦਿੰਦਾ ਏ। ਉਹ ਇਹ ਵੀ ਮੰਨਦਾ ਏ ਜਦੋਂ ਕਹਾਣੀਕਾਰ ਭਾਰਤੀ ਮਿੱਥ ਦੀ ਬੇਲੋੜੀ ਵਰਤੋਂ ਕਰਨ ਲੱਗ ਪੈਂਦਾ ਏ ਤਾਂ ਇਹ ਏਨੀ ਮਿੱਧੀ ਜਾਂਦੀ ਏ ਕਿ ਬੁਰਾਈ ਲੱਗਣ ਲੱਗ ਪੈਂਦੀ ਏ। ਫੇਰ ਜਦੋਂ ਕਹਾਣੀ ਦਾ ਇਹ ਥੰਮ ਆਪਣੇ ਆਪ ਨੂੰ ਨਵੇਂ ਪ੍ਰਤਿਭਾਸ਼ਾਲੀ ਕਹਾਣੀਕਾਰਾਂ ਦਾ ਸਮਕਾਲੀ ਕਹਿੰਦਾ ਹੋਇਆ ਚੜ੍ਹਦੇ ਸੂਰਜਾਂ ਨੂੰ ਸਲਾਮ ਕਰਦਾ ਏ ਤਾਂ ਆਪਣਾ ਕੱਦ ਹੋਰ ਵੱਡਾ ਕਰ ਲੈਂਦਾ ਏ। ਨਵੇਂ ਕਹਾਣੀਕਾਰਾਂ ਦੀ ਹਾਜ਼ਰੀ ਵਿੱਚ ਆਨੰਦਪੁਰ ਸਾਹਿਬ ਵਿਖੇ ਏਸ ਥੰਮ ਨੇ ਆਪਣਾ ਇਕ ਪੇਪਰ ‘ਪੰਜਾਬੀ ਨਵੀਂ ਕਹਾਣੀ ਤੇ ਨਵੇਂ ਨਕਸ਼’ ਆਪਣੇ ਅੰਦਾਜ਼ ਤੇ ਸ਼ੈਲੀ ’ਚ ਪੜ੍ਹਿਆ ਜੋ ਕਈ ਪਹਿਲੂਆਂ ਤੋਂ ਬੜਾ ਮਹੱਤਵਪੂਰਨ ਸੀ। ਕਹਾਣੀ ਬਾਰੇ ਉਸ ਨੇ ਆਪਣੀਆਂ ਸਿਰਜੀਆਂ ਧਾਰਨਾਵਾਂ ਉੱਤੇ ਮੋਹਰ ਲਗਾਈ।

ਜਦੋਂ ਕਈ ਸਾਲ ਪੱਛੜ ਕੇ ਏਸ ਥੰਮ ਦੀ ਕਹਾਣੀ ‘ਮੁਕਤੀ’ ਦਾ ਜ਼ਿਕਰ ਹੋਣ ਲੱਗਦਾ ਏ ਤਾਂ ਉਦੋਂ ਤਿੰਨ ਪੀੜ੍ਹੀਆਂ ਹੋਂਦ ਸਥਾਪਤ ਕਰ ਲੈਂਦੀਆਂ ਨੇ। ਫਿਰ ਇਹ ਥੰਮ ਮੁਕਤੀ, ਡੈੱਡ ਲਾਈਨ, ਕਪਾਲ ਕਿਰਿਆ, ਸ਼ਵੇਤਾਂਬਰ ਨੇ ਕਿਹਾ ਸੀ, ਰੰਗਮੰਚ ਤੇ ਭਿਕਸ਼ੂ, ਅਨੁਸ਼ਠਾਨ, ਗੰਗੋਤਰੀ ਪੁਰਾਣ, ਸੁਣਦੈਂ ਖ਼ਲੀਫ਼ਾ ਵਰਗੀਆਂ ਕਹਾਣੀਆਂ ਦੇ ਰੂਪ ਵਿੱਚ ਆਪਣੇ ਆਲੇ ਦੁਆਲੇ ਥੰਮੀਆਂ ਉਸਾਰ ਲੈਂਦਾ ਏ। ਜਿਹਦੇ ਵਿੱਚ ਮਹਾਜਨੀ ਕਲਚਰ ਤੇ ਹਿੰਦੂ ਮਿੱਥ ਨੂੰ ਭਰਪੂਰਤਾ ਨਾਲ ਵਰਤਦਾ ਏ।

ਏਹ ਥੰਮ ਕਹਾਣੀ ਪ੍ਰਤੀ ਬੜਾ ਫ਼ਿਕਰਮੰਦ ਰਿਹਾ ਏ। ਏਸ ਫ਼ਿਕਰਮੰਦੀ ’ਚੋਂ ਉਹ ‘ਲਕੀਰ’ ’ਚ ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਛਾਪਦਾ ਏ ਤੇ ਫਿਰ ਉਨ੍ਹਾਂ ਬਾਰੇ ਆਪ ਹੀ ਗੱਲਾਂ ਵੀ ਕਰਦਾ ਏ। ਜਿਸ ਨਾਲ ਡਰ ਕੇ ਬੈਠੇ ਕਹਾਣੀਕਾਰਾਂ ਦੀ ਸੰਗ ਲੱਥਣ ਲੱਗ ਪੈਂਦੀ ਏ। ਉਹ ਬਿਨਾ ਕਿਸੇ ਪਾਠਕੀ ਤੇ ਆਲੋਚਕੀ ਦਬਾਅ ਦੇ ਕਹਾਣੀਆਂ ਲਿਖਣ ਲੱਗ ਪੈਂਦੇ ਨੇ। ਜਿਹੜੀਆਂ ਕਹਾਣੀਆਂ ਦੀਆਂ ਗੱਲਾਂ ਹੁਣ ਤੱਕ ਹੁੰਦੀਆਂ ਨੇ। ਸਮੇਂ ਸਮੇਂ ਅਜਿਹੇ ਸੰਪਾਦਕ ਜੰਮਦੇ ਰਹਿੰਦੇ ਨੇ ਜੋ ਉਨ੍ਹਾਂ ਕਥਾਕਾਰਾਂ ਦੀਆਂ ਉਂਗਲੀ ਫੜ ਕੇ ਆਪਣੇ ਨਾਲ ਤੋਰ ਕੇ ਉਨ੍ਹਾਂ ਨੂੰ ਲੰਮੀ ਰੇਸ ਦੇ ਘੋੜੇ ਬਣਾ ਲੈਂਦੇ ਨੇ। ਏਸ ਤੇਜ਼ ਦੌੜ ’ਚ ਕਈ ‘ਮੈਡਲ’ ਵੀ ਜਿੱਤ ਲੈਂਦੇ ਨੇ ਕਈ ਪੱਛੜ ਵੀ ਜਾਂਦੇ ਨੇ, ਕਈ ਮਿੱਧੇ ਵੀ ਜਾਂਦੇ ਨੇ।

ਏਸੇ ਵਰ੍ਹੇ ਮਾਰਚ ਦੀ 30 ਤਰੀਕ ਨੂੰ ਇਹ ਥੰਮ ਡਿੱਗ ਗਿਆ ਏ। ਏਸ ਥੰਮ ਵੱਲੋਂ ਲਿਖੀਆਂ ‘ਇਬਾਰਤਾਂ’ ਨੂੰ ਅਸੀਂ ਦੇਰ ਤੱਕ ਪੜ੍ਹਦੇ ਰਹਿਣਾ ਏ। ਸਮਝਦੇ ਰਹਿਣਾ ਏ। ਏਸ ਥੰਮ ਦੇ ਸ਼ਿਲਾਲੇਖਾਂ ਦਾ ਆਪਣਾ ਇਤਿਹਾਸ ਬਣ ਗਿਆ ਏ। ਆਪਣੀ ਪਛਾਣ ਏ। ਬਸ ਏਸ ਥੰਮ ਨੂੰ ਜਾਨਣ ਲਈ ਤੁਹਾਨੂੰ ਏਹਦੇ ਕੋਲ ਆਉਂਦੇ ਰਹਿਣਾ ਹੋਵੇਗਾ।

**- ਭਗਵੰਤ ਰਸੂਲਪੁਰੀ**

## ਗੋਸ਼ਟੀ-10

# ਪੰਜਾਬੀ ਦਲਿਤ ਸਾਹਿਤ : ਚੇਤਨਾ ਤੇ ਚਿੰਤਨ

*(ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਮਿਤੀ 10 ਮਾਰਚ, 2025 ਨੂੰ ਇਕ ਰੋਜ਼ਾ ਗੋਸ਼ਟੀ ਕਰਵਾਈ ਗਈ। ਜਿਸ ਵਿੱਚ ਹੇਠ ਲਿਖੇ ਵਿਦਵਾਨਾਂ ਨੇ ਭਾਗ ਲਿਆ-ਡਾ. ਸਰਬਜੀਤ ਸਿੰਘ, ਸਵਰਾਜਬੀਰ, ਅਮਰਜੀਤ ਗਰੇਵਾਲ, ਡਾ. ਜਸਵਿੰਦਰ ਸਿੰਘ, ਡਾ. ਪਰਮਜੀਤ ਕੌਰ ਸਿੱਧੂ, ਡਾ. ਅਵਤਾਰ ਸਿੰਘ, ਡਾ. ਸੁਰਜੀਤ ਸਿੰਘ, ਡਾ. ਪਰਵੀਨ , ਡਾ. ਰੌਣਕੀ ਰਾਮ, ਡਾ. ਭੀਮ ਇੰਦਰ ਸਿੰਘ, ਡਾ. ਗੁਰਮੀਤ ਕੱਲਰਮਾਜਰੀ, ਡਾ. ਸਾਹਿਬ ਸਿੰਘ ਅਤੇ ਡਾ. ਅਕਸ਼ੈ ਕੁਮਾਰ ਆਦਿ। ਸਾਰੇ ਵਿਦਵਾਨ ਆਪਣੇ ਆਪਣੇ ਵਿਸ਼ੇ , ਦਲਿਤ ਸਾਹਿਤ ਤੇ ਵਿਚਾਰਧਾਰਾ ਬਾਰੇ ਬੋਲੇ। ਇਸ ਨੂੰ ਗੋਸ਼ਟੀ ਦੇ ਰੂਪ ਵਿੱਚ ਸਕ੍ਰਿਪਟ ਬਣਾ ਕੇ ਅਸੀਂ 'ਕਹਾਣੀ ਧਾਰਾ' 'ਚ ਛਾਪਿਆ ਜਾ ਰਿਹਾ ਹੈ। ਤਾਂ ਕਿ ਭਵਿੱਖ 'ਚ ਇਸ ਨੂੰ ਦਸਤਾਵੇਜ਼ ਦੇ ਰੂਪ ਵਿੱਚ ਸਾਂਭਿਆ ਜਾ ਸਕੇ। ਸਾਰੇ ਪਾਠਕ ਇਸ ਨੂੰ ਪੜ੍ਹ ਸਕਣ। -ਸੰਪਾਦਕ)*



**ਡਾ. ਸਰਬਜੀਤ ਸਿੰਘ-** ਅੱਜ ਅਸੀਂ ਦਲਿਤ ਸਾਹਿਤ ਚਿੰਤਨ ਦੀ ਗੱਲ ਕਰਨੀ ਹੈ। ਜਦੋਂ ਪਹਿਲਾਂ ਪਹਿਲ ਦਲਿਤ ਚਿੰਤਨ ਦੀ ਗੱਲ ਚੱਲੀ ਤਾਂ ਇਸ ਬਾਰੇ ਇਕ ਤਰ੍ਹਾਂ ਨਾਲ ਬਵਾਲ਼ ਕਿਸਮ ਦੀਆਂ ਗੱਲਾਂ ਵੀ ਹੋਣ ਲੱਗ ਪਈਆਂ। ਕਿ ਦਲਿਤ ਸਾਹਿਤ ਦੀ ਗੱਲ ਕਰਨੀ ਜਾਤ-ਪਾਤ ਦੀ ਗੱਲ ਕਰਨ ਵਾਲੀ ਗੱਲ ਐ ਜਾਂ ਸਮਾਜ ਵਿੱਚ ਜਾਤ ਪਾਤ ਫੈਲਾਉਣ ਵਰਗੀਆਂ ਗੱਲਾਂ ਕੀਤੀਆਂ ਜਾਣ ਲੱਗ ਪਈਆਂ। ਜਿਹੜੀ ਚੰਗੀ ਗੱਲ ਇਹ ਹੋਈ ਕਿ ਪੰਜਾਬੀ ਵਿੱਚ ਇਸ ਮਸਲੇ ਤੇ ਚਿੰਤਨ ਬਾਰੇ ਲਗਾਤਾਰ ਇਕ ਬਹਿਸ ਚੱਲਦੀ ਰਹੀ। ਉਸ ਬਹਿਸ ਵਿੱਚੋਂ ਬਹੁਤ ਸਾਰੀਆਂ ਗੱਲਾਂ ਨਿੱਖਰ ਕੇ ਸਾਹਮਣੇ ਆਈਆਂ। ਇਹ ਕਿ ਦਲਿਤ ਸਾਹਿਤ ਹੁੰਦਾ ਕੀ ਹੈ? ਜਿਹੜੀ ਅਬਜੈਕਟ ਪਹੁੰਚ ਪੰਜਾਬੀ ਸਾਹਿਤ ਵਿੱਚ ਹੋਈ ਉਹ ਦੂਜੀਆਂ ਭਾਸ਼ਾਵਾਂ ਵਿੱਚ ਉਸ ਰੂਪ ਵਿੱਚ ਨਹੀਂ ਹੋਈ। ਜੇ ਆਪਾਂ 'ਦਲਿਤ' ਸ਼ਬਦ ਦੇ ਪ੍ਰਚੱਲਨ ਦੀ ਗੱਲ ਕਰੀਏ ਤਾਂ 1970-72 'ਚ ਇਹ ਦਲਿਤ ਪੈਂਥਰ ਨਾਂ ਦੀ ਲਹਿਰ ਵਿੱਚੋਂ ਆਉਂਦਾ ਹੈ। ਜੇ ਹੋਰ ਪਿਛਾਂਹ ਅਸੀਂ ਵੇਖਦੇ ਹਾਂ ਤਾਂ 1831 ਵਿੱਚ ਮਰਾਠੀ ਵਿੱਚ ਇਕ ਡਿਕਸ਼ਨਰੀ ਤਿਆਰ ਕੀਤੀ ਗਈ ਜਿਹਦੇ ਵਿੱਚ 'ਦਲਿਤ' ਸ਼ਬਦ ਪਹਿਲੀ ਵਾਰ ਵਰਤਿਆ ਗਿਆ। ਉਸ ਤੋਂ ਉਪਰੰਤ ਜੋਤਿਬਾ ਫੂਲੇ ਨੇ ਇਸ ਲਹਿਰ ਨੂੰ ਮਜਬੂਤ ਕੀਤਾ ਪੰਜਾਬ ਵਿੱਚ 1926 ਵਿੱਚ 'ਆਦਿ ਧਰਮ ਲਹਿਰ' ਦੇ ਉਭਾਰ ਨੂੰ ਜਦੋਂ ਅਸੀਂ ਵੇਖਦੇ ਹਾਂ ਜਿਸ ਨੇ 1931 ਦੀ ਮਰਦਮਸ਼ੁਮਾਰੀ ਵਿੱਚ ਪਹਿਲੀ ਵਾਰ ਆਦਿ ਧਰਮ ਦਾ ਕਾਲਮ ਦਰਜ਼ ਕਰਵਾਇਆ ਸੀ। ਉਸ ਤੋਂ ਬਾਅਦ 1937 ਵਿੱਚ ਹੋਈਆਂ ਚੋਣਾਂ ਵਿੱਚ ਆਪਣੀਆਂ ਰਾਖਵੀਆਂ ਸੀਟਾਂ ਰਿਜ਼ਰਵ ਕਰਵਾਈਆਂ ਜਿਨ੍ਹਾਂ ਵਿੱਚ ਪੰਜਾਬ ਦੇ ਹਿੱਸੇ 7 ਰਾਖਵੀਆਂ ਸੀਟਾਂ ਆਈਆਂ ਸਨ। ਬ੍ਰਿਟਿਸ ਦੌਰ ਵਿੱਚ ਪਹਿਲੀ ਵਾਰ ਦਲਿਤ ਮੈਂਬਰ ਅਸੰਬਲੀ 'ਚ ਰਹੇ। ਸੋ ਇਕ ਲੰਮੀ ਪਰੰਪਰਾ ਹੈ। ਇਸ ਪਰੰਪਰਾ ਵਿੱਚ ਜਿਵੇਂ ਗ੍ਰਾਹਮਸ਼ੀ ਹੁਰੀਂ ਕਹਿੰਦੇ

ਨੇ ਹਰ ਨਵਾਂ ਸੈਕਸਨ ਜਦੋਂ ਉੱਠਦਾ ਹੈ ਤਾਂ ਉਹ ਆਪਣੇ ਅਧਿਕਾਰਾਂ ਦੀ ਗੱਲ ਜਦੋਂ ਕਰਦਾ ਹੈ ਤਾਂ ਉਹ ਆਪਣੇ ਚਿੰਤਕ ਵੀ ਪੈਦਾ ਕਰਦਾ ਹੈ। ਸੋ ਉਨ੍ਹਾਂ ਚਿੰਤਕਾਂ ਵਿੱਚੋਂ ਜਦੋਂ ਅਸੀਂ ਨਜ਼ਰ ਮਾਰਦੇ ਹਾਂ ਤਾਂ ਚਾਹੇ ਉਹ ਨਾਮਦੇਵ ਢਸਾਲ ਹੋਵੇ, ਚਾਹੇ ਸ਼ਰਣ ਕੁਮਾਰ ਲਿੰਬਾਲੇ ਹੋਵੇ ਜਾਂ.. ਕਾਂਚਾ ਇਲਾਈਆਂ, ਜੈ ਪ੍ਰਕਾਸ਼ ਕਰਦਮ, ਵਿਮਲ ਥੋਰਾਟ, ਸੁਖਦੇਵ ਥੋਰਾਟ, ਰਮਣਿਕਾ ਗੁਪਤਾ ਹੋਵੇ ਜਾਂ ਓਮ ਪ੍ਰਕਾਸ਼ ਵਾਲਮੀਕੀ ਹੋਵੇ। ਇਨ੍ਹਾਂ ਨੇ ਦਲਿਤ ਸਾਹਿਤ ਬਾਰੇ ਬੜੀਆਂ ਸੂਖ਼ਮ ਕਿਸਮ ਦੀਆਂ ਗੱਲਾਂ ਕੀਤੀਆਂ। ਉਹ ਦਲਿਤ ਦੀ ਬਲੈਕ ਨਾਲ ਵੀ ਤੁਲਨਾ ਕਰਦੇ ਹਨ। ਉਹ ਵਿੱਚ ਦਲਿਤ ਸਾਹਿਤ ਨੂੰ ਸਮਝਣ ਦਾ ਮਾਡਲ ਅੰਬੇਡਕਰ ਬਨਾਮ ਮਾਰਕਸ ਵੀ ਆ ਜਾਂਦਾ। ਜਿਨ੍ਹਾਂ ਨੇ ਇਕ ਪ੍ਰੋਲੇਟੇਰੀਅਟ ਡੀਬੇਟ ਖੜੀ ਕੀਤੀ। ਭਾਰਤ ਅੰਦਰ ਪਰੰਪਰਕ ਜਾਂ ਮੌਖਿਕ ਮਾਰਕਸਵਾਦ ਦੀ ਇਕ ਭਾਰੂ ਪਰੰਪਰਾ ਹੈ ਜਿਹੜੀ ਕਲਾਸਿਕੀ ਮਾਰਕਸਵਾਦ ਦੇ ਮੋਟੇ ਠੁੱਲ੍ਹੇ ਨੁਕਤਿਆਂ ਨਾਲ ਨਰੜੀ ਹੋਈ ਆਪਣੇ ਆਪ ਨੂੰ ਮਾਰਕਸਵਾਦ ਦੀ ਵਾਰਸ ਅਖਵਾਉਂਦੀ ਹੈ। ਇਹ ਪਰੰਪਰਕ ਮਾਰਕਸਵਾਦੀ ਦਲਿਤ ਦੀ ਗੱਲ ਕਰਨ ਨੂੰ ਜਾਤ-ਪਾਤ ਤੱਕ ਸੀਮਤ ਕਰ ਦਿੰਦੇ ਹਨ ਅਤੇ ਜਮਾਤੀ ਲੜਾਈ ਨੂੰ ਇਕਹਿਰਾ, ਇਕਪਾਸੜ ਸੰਕਲਪ ਬਣਾ ਕੇ ਐਨਾ ਉਲਾਰ ਹੋ ਜਾਂਦੇ ਹਨ ਕਿ ਹੋਰਨਾਂ ਦਮਨਕ੍ਰਿਤ, ਹਾਸ਼ੀਆਕ੍ਰਿਤ ਅਤੇ ਜ਼ਬਰਗ੍ਰਸਤ ਧਿਰਾਂ ਦੀ ਹੋਂਦ ਅਤੇ ਹੋਣੀ ਤੋਂ ਮੁਨਕਰ ਹੋ ਜਾਂਦੇ ਹਨ। ਬਹੁਤ ਸਾਰੇ ਮਸਲੇ ਹਨ ਮੁੱਦੇ ਹਨ। ਜਿਨ੍ਹਾਂ 'ਤੇ ਖੁੱਲ੍ਹ ਕੇ ਗੱਲਾਂ ਹੋਣੀਆਂ ਬਾਕੀ ਨੇ। ਸੋ ਇਸ ਗੋਸ਼ਟੀ ਵਿੱਚ ਬਹੁਤ ਸਾਰੀਆਂ ਚਿੰਤਨ ਦੇ ਪੱਧਰ 'ਤੇ ਗੱਲਾਂ ਹੋਣਗੀਆਂ।



**ਡਾ. ਯੋਗਰਾਜ**-ਦਲਿਤ ਚਿੰਤਨ ਦਾ ਵਿਸ਼ਾ ਅੱਜ ਦੇ ਦੌਰ ਵਿੱਚ ਬੜਾ ਸੰਵੇਦਨਸ਼ੀਲ ਹੈ। ਇਹ ਗੱਲ ਵਿਚਾਰਨ ਵਾਲੀ ਹੈ ਕਿ ਜਾਤਪਾਤ ਸਾਡਾ ਅੱਜ ਵੀ ਖਹਿੜਾ ਨਹੀਂ ਛੱਡ ਰਹੀ। ਜਾਤ-ਪਾਤ ਦੇ ਮਸਲੇ ਨਾਲੋਂ ਭਾਵੇਂ ਪੰਜਾਬ ਪੂਰੇ ਦੱਖਣੀ ਤੇ ਉੱਤਰੀ ਭਾਰਤ ਨਾਲੋਂ ਥੋੜਾ ਜਿਹਾ ਵੱਖਰਾ ਹੈ। ਓਧਰ ਜਾਤਪਾਤ ਜੜਤਾ ਬੜੀ ਡੂੰਘੀ, ਗਹਿਰੀ ਤੇ ਨਾ ਮੁੱਕਣ ਵਾਲੀ ਹੈ। ਪੰਜਾਬ ਨੇ ਇਹਦੇ 'ਤੇ ਸ਼ਾਇਦ ਫਤ੍ਹੇ ਪ੍ਰਾਪਤ ਕਰ ਲਈ ਪਰ ਏਦਾ ਹੋਇਆ ਨਹੀਂ। ਸਾਡੇ ਕੋਲ ਗੁਰੂਆਂ ਤੇ ਭਗਤਾਂ ਦੀ ਇਕ ਬਹੁਤ ਵੱਡੀ ਵਿਚਾਰਧਾਰਕ ਪ੍ਰੰਪਰਾ ਹੈ। 19 ਵੀ ਸਦੀ ਵਿੱਚ ਇਕ ਹੁਲਾਰਾ ਤਾਂ ਮਿਲਿਆ ਸੀ ਕਿ ਸ਼ਾਇਦ ਸਿੱਖਿਆ ਦੀਆਂ ਨਵੀਆਂ ਨੀਤੀਆਂ ਨਾਲ ਲੋਕਾਂ ਵਿੱਚ ਚੇਤਨਾ ਆਵੇਗੀ। ਜਦੋਂ ਮੈਂ ਪਟਿਆਲਾ ਯੂਨੀਵਰਸਿਟੀ ਵਿੱਚ ਪੜ੍ਹਦਾ ਹੁੰਦਾ ਸਾਂ ਤਾਂ ਮੈਨੂੰ ਇਹ ਮਸਲਾ ਐਨਾ ਗੰਭੀਰ ਨਹੀਂ ਸੀ ਲੱਗਿਆ। ਸ਼ਾਇਦ ਅਸੀਂ ਇਕ ਐਸੇ ਸਰਕਲ ਵਿੱਚ ਵਿਚਰਦੇ ਸਾਂ ਜੋ ਇਕ ਖਾਸ ਵਿਚਾਰਧਾਰਾ ਦਾ ਸਰਕਲ ਹੁੰਦਾ ਸੀ ਜਿਹਨੂੰ ਆਪਾਂ ਲੈਫਟ ਦੀ ਵਿਚਾਰਧਾਰਾ ਕਹਿੰਦੇ ਹਾਂ ਪਰ ਇਹ ਮਸਲਾ ਉਸ ਤੋਂ ਬਾਅਦ ਮੈਨੂੰ ਅੱਖਰਨ ਲੱਗ ਪਿਆ ਕਿ ਅਸੀਂ ਜਿੱਥੋਂ ਤੁਰੇ ਹਾਂ ਉੱਥੇ ਹੀ ਖੜੇ ਹਾਂ ਬਲਕਿ ਉਸ ਤੋਂ ਵੀ ਪਿਛਾਂਹ ਚਲੇ ਗਏ ਹਾਂ। ਉਹਦੇ ਕਾਰਨ ਹੋ ਸਕਦੇ ਹਨ ਜਿਹੜੇ ਆਪਾਂ ਏਥੇ ਚਰਚਾ ਵਿੱਚ ਵਿਚਾਰਾਗੇ। ਸੋਸ਼ਲ ਇੰਜਨੀਅਰਿੰਗ ਨੂੰ ਵੀ ਅਸੀਂ ਵੇਖਦੇ ਹਾਂ ਪਰ ਕਾਸਟਇਜ਼ਮ ਦੀ ਜੜ੍ਹਤਾ ਨੂੰ ਵਧਾਉਣ ਦੇ ਲਈ ਹੋਰ ਕੋਸ਼ਿਸ਼ਾਂ ਵੀ ਹੁੰਦੀਆਂ ਨੇ ...ਇਹ ਬੜੇ ਡੂੰਘੇ ਮਸਲੇ ਨੇ। ਜੇ ਨੌਜਵਾਨਾਂ ਦੀ ਸਮੂਲੀਅਤ ਇਸੇ ਮਸਲੇ ਨੂੰ ਲੈ ਕੇ ਹੋਵੇ ਤਾਂ ਅਸੀਂ ਇਸ ਮਸਲੇ ਨੂੰ ਕਾਫੀ ਹੱਦ ਤੱਕ ਠੀਕ ਕਰ ਸਕਦੇ ਹਾਂ। ਨਵ ਪੰਜਾਬ ਦੇ ਸੁਪਨੇ ਬਾਰੇ ਬਹੁਤ ਸਾਰੀਆਂ ਗੱਲਾਂ ਹੋ ਰਹੀਆਂ ਨੇ। ਇਹ ਪਾਜ਼ੇਟਿਵ

ਵੀ ਹੈ ਤੇ ਨੈਗਟਿਵ ਵੀ ਹੈ। ਰਾਜਨੀਤਿਕ ਫਰੰਟ ਤੋਂ ਇਹ ਵੀ ਸਵਾਲ ਪੁੱਛਿਆ ਜਾਂਦਾ ਹੈ ਕਿ ਇਸ ਤਰ੍ਹਾਂ ਨਵ ਪੰਜਾਬ ਦੀ ਸਿਰਜਣਾ ਹੋ ਜਾਵੇਗੀ। ਮੇਰਾ ਸਵਾਲ ਹੁੰਦਾ ਹੈ ਕਿ ਕੀ ਅਸੀਂ ਸੁਪਨੇ ਲੈਣੇ ਛੱਡ ਦਈਏ? ਭਗਤਾ ਦੀ ਬਾਨੀ, ਖੱਬੀ ਧਿਰ ਦੀ ਵਿਚਾਰਧਾਰਾ ਇਹ ਕਾਰਜ ਨਹੀਂ ਕਰ ਸਕੀਆਂ ਤਾਂ ਸਾਨੂੰ ਇਸ ਮਸਲੇ ਬਾਰੇ ਹੋਰ ਡੂੰਘਾਈ ਨਾਲ ਸੋਚਿਆ ਜਾਣਾ ਚਾਹੀਦਾ ਹੈ। ਕੀ ਅਸੀਂ ਜਾਤਪਾਤ ਦੀ ਜੜ੍ਹਤਾ ਨੂੰ ਸਥਾਪਤ ਕਰਕੇ ਇਸ ਦੀ ਜੜ੍ਹਤਾ ਨੂੰ ਸਥਾਪਤ ਕਰਨਾ ਹੈ ਜਾਂ ਇਸ ਤੋਂ ਉੱਪਰ ਉੱਠ ਕੇ ਇਹਨੂੰ ਰੱਦ ਕਰਨਾ ਹੈ ਸੋ ਇਸ ਮਸਲੇ ਨੂੰ ਅਸੀਂ ਇਕ ਕੋਹੜ ਦੀ ਤਰ੍ਹਾਂ ਵੇਖਦੇ ਹਾਂ। ਸੋ ਅਸੀਂ ਨਵ ਸਿਰਜੇ ਜਾ ਰਹੇ ਪੰਜਾਬ ਵਿੱਚ ਇਸ ਕੋਹੜ ਨੂੰ ਥੋੜ੍ਹਾ ਜਿਹਾ ਘਟਾਉਣ ਦੀ...ਖ਼ਤਮ ਕਰਨ ਦੀ ਕੋਸ਼ਿਸ਼ ਕਰੀਏ...ਇਸ ਵਿਚਾਰ ਚਰਚਾ ਦਾ ਏਹੀ ਮਕਸਦ ਹੈ।



**ਡਾ. ਸਵਰਾਜਬੀਰ**–ਪਹਿਲੀ ਗੱਲ ਤਾਂ ਮੈਂ ਕੋਈ ਚਿੰਤਕ ਨਹੀਂ ਹਾਂ। ਮੈਂ ਇਕ ਵਿਆਖਿਆਕਾਰ ਜ਼ਰੂਰ ਹਾਂ। ਜੋ ਚਿੰਤਨ ਹੈ ਉਹ ਪੰਜਾਬੀ ਵਿੱਚ ਬਹੁਤ ਦੇਰ ਤੋਂ ਮਜੂਦ ਨਹੀਂ ਐ। ਸਾਨੂੰ ਉਹਦੀ ਬਹੁਤ ਘਾਟ ਮਹਿਸੂਸ ਹੁੰਦੀ ਐ। ਗੁਰੂ ਨਾਨਕ ਦੇਵ ਜੀ ਤੇ ਬੁੱਲ੍ਹੇ ਸ਼ਾਹ ਤੋਂ ਬਾਅਦ ਕੋਈ ਵੱਡਾ ਚਿੰਤਕ ਪੈਦਾ ਨਹੀਂ ਹੋਇਆ। ਅਸੀਂ ਪੂਰਨ ਸਿੰਘ ਨੂੰ ਵੀ ਚਿੰਤਕ ਕਹਿ ਸਕਦੇ ਹਾਂ। ਏਥੇ ਜੋ ਮੈਂ ਗੱਲਾਂ ਕਰਾਂਗਾ ਉਹ ਮੇਰੇ ਦਲਿਤ ਚਿੰਤਨ ਬਾਰੇ ਪ੍ਰਭਾਵ ਹਨ। ਪਹਿਲਾਂ ਤਾਂ ਮੈਂ ਦਲਿਤ, ਅਛੂਤ ਤੇ ਸ਼ੂਦਰ ਆਦਿ ਸ਼ਬਦਾਂ ਦੇ ਅਰਥਾਂ ਬਾਰੇ ਗੱਲ ਕਰਨਾ ਚਾਹੁੰਦਾ ਹਾਂ। ਮੈਂ ਸ਼ਬਦਾਂ ਦੇ ਅਰਥਾਂ ਤੇ ਇਤਿਹਾਸ ਬਾਰੇ ਗੱਲ ਨਹੀਂ ਕਰਾਂਗਾ। ਕਿਉਂਕਿ ਕਿਹਾ ਜਾਂਦਾ ਹੈ ਕਿ ਹਰ ਸ਼ਬਦ ਦੀ ਚਿਹਨਕਾਰੀ ਤੇ ਅਰਥਾਂ ਦੀ ਗਾਥਾ ਵੱਖ-ਵੱਖ ਹੁੰਦੀ ਐ। ਸ਼ਬਦ ਦੇ ਅਰਥਾਂ ਦੀਆਂ ਕਈ ਪਰਤਾਂ ਹੁੰਦੀਆਂ ਹਨ। ਕਈ ਵਾਰ ਅਰਥ ਸਮਾਜ ਦੀ ਗਾਲਬ ਵਿਚਾਰਧਾਰਾ ਨੇ ਘੜੇ ਹੁੰਦੇ ਨੇ। ਕਈ ਵਾਰੀ ਵਿਰੋਧੀ ਵਿਚਾਰਧਾਰਾ ਨੇ ਉਨ੍ਹਾਂ ਸ਼ਬਦਾਂ ਦੀ ਸ਼ਕਲ ਦਿੱਤੀ ਹੁੰਦੀ ਹੈ। ਏਥੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼ੂਦਰ ਸ਼ਬਦ ਵਿੱਚ ਅਛੂਤ ਹੋਣ ਦੀ ਕਹਾਣੀ ਪਈ ਹੈ। ਉੱਥੇ ਦਲਿਤ ਸ਼ਬਦ ਵਿੱਚ ਦੱਬੀਆਂ, ਕੁਚਲੀਆਂ ਦਲਿਤ ਜਾਤਾਂ ਦੀ ਸਮਾਜਿਕ ਸਥਿਤੀ ਬਾਰੇ ਚੇਤਨਾ ਤੇ ਸਥਿਤੀ ਦੇ ਵਿਰੁੱਧ ਲੜਨ ਦੀ ਕਹਾਣੀ ਜਿਹੜੀ ਹੈ ਉਹ ਪਈ ਹੁੰਦੀ ਹੈ। ਇਸ ਬਾਰੇ ਪੰਜਾਬੀ ਤੇ ਹੋਰ ਭਾਸ਼ਾਵਾਂ ਮਰਾਠੀ, ਹਿੰਦੀ, ਤੈਲਗੂ ਤੇ ਅੰਗਰੇਜ਼ੀ ਵਿੱਚ ਬਹੁਤ ਵਿਆਪਕ ਰੂਪ ਵਿੱਚ ਚਿੰਤਨ ਮੌਜੂਦ ਹੈ। ਅਛੂਤ ਤੇ ਦਲਿਤ ਦੀ ਯਾਤਰਾ ਦੀ ਪਛਾਣ ਹੈ ਉਹ ਇਲੇਨੋਰ ਹੁਰਾਂ ਨੇ ਕੀਤੀ ਹੈ। ਮੈਂ ਉਨ੍ਹਾਂ ਅਨੁਸਾਰ ਹੀ ਗੱਲ ਕਰ ਰਿਹਾ ਹਾਂ। ਕਿ ਦਲਿਤ ਸ਼ਬਦ ਦੀ ਵਿਆਖਿਆ ...ਸਮਾਜ ਵਿੱਚ ਤਥਾ ਕਥਿਤ ਨੀਵੀਂਆਂ ਜਾਤੀਆਂ ਦੇ ਦਮਿਤ ਜਾਂ ਅਪ੍ਰੈਸਡ ਹੋਣ ਬਾਰੇ ਨਹੀਂ ਹੈ। ਉਹ ਉਨ੍ਹਾਂ ਦੇ ਵਿਦਰੋਹੀ ਹੋਣ ਬਾਰੇ ਵੀ ਹੈ। ਉਹ ਉਨ੍ਹਾਂ ਦੇ ਸੰਘਰਸ਼ ਬਾਰੇ, ਜਿੱਤਾਂ ਜਾਂ ਹਾਰਾ ਬਾਰੇ ਵੀ ਹੈ। ਸਾਡੀ ਸਮਾਜਿਕ ਵਿਵਸਥਾ ਵਿੱਚ ਦਲਿਤ ਬੇਗਾਨਗੀ ਦਾ ਸ਼ਿਕਾਰ ਰਿਹਾ ਹੈ। ਭਿੱਟ, ਛੂਆ-ਛਾਤ ਦੇ ਵਰਤਾਰਿਆਂ ਦਾ ਸ਼ਿਕਾਰ ਰਿਹਾ ਹੈ। ਆਪਣੀ ਇਸੇ ਸਮਾਜਿਕ ਸਥਿਤੀ ਬਾਰੇ ਉਹ ਚੇਤਨ ਹੋਇਆ ਤੇ ਵਿਦਰੋਹੀ ਬਣਿਆ ਹੈ। ਦੂਜੀ ਗੱਲ ਜੋ ਸਾਡੇ ਸਮਾਜ ਦੀ ਹੋਣੀ ਹੈ ਕਿ ਦਲਿਤ , ਦਲਿਤ ਵਜੋਂ ਜਨਮ ਲੈਂਦਾ ਹੈ। ਸਮਾਜਿਕ ਵੰਡ ਇਹ ਪੱਕਾ ਕਰਦੀ ਹੈ ਕਿ ਉਹ ਦਲਿਤ ਬਣੇ ਤੇ ਬਣਿਆ ਹੀ ਰਹੇ। ਇਹ ਵੰਡ ਵਰਣ ਤੇ ਜਾਤ-ਪਾਤ ਦੀਆਂ ਸੰਸਥਾਵਾਂ ਉੱਤੇ ਅਧਾਰਤ ਹੈ। ਜਿਨ੍ਹਾਂ ਨੂੰ ਧਰਮ ਵੱਲੋਂ ਪ੍ਰਵਾਨਗੀ ਮਿਲੀ ਹੈ। ਸਾਡੇ ਪੁਰਾਤਨ ਗ੍ਰੰਥਾਂ ਵਿੱਚ ਇਨ੍ਹਾਂ ਦੀ

ਪ੍ਰਵਾਨਗੀ ਮੌਜੂਦ ਹੈ। ਦੂਜੀ ਗੱਲ ਜਾਤਪਾਤ ਦੀ ਅਣਮਨੁੱਖਤਾ ਬਾਰੇ ਹੈ। ਦਲਿਤ ਨੂੰ ਹੀਣੇ, ਅਧੀਨ ਤੇ ਅਦਨੇ ਮਨੁੱਖ ਵਾਲੀ ਸਥਿਤੀ ਵੱਲ ਧੱਕਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਔਰ ਓਹਨੂੰ ਹੀ ਅਣਮਨੁੱਖਤਾ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਸਗੋਂ ਸਾਰੇ ਸਮਾਜ ਨੂੰ ਮਨੁੱਖਤਾ ਤੋਂ ਬੇਗਾਨਿਆਂ ਕਰਦੀ ਹੈ। ਸਮਾਜ ਖੁਦ ਬੇਗਾਨਗੀ ਦੀ ਸਥਿਤੀ ਵਿੱਚ ਜਿਉਂਦਾ ਹੈ ਦਲਿਤ ਦੇ ਹਾਲਾਤ ਜ਼ਿਆਦਾ ਅਣਮਨੁੱਖੀ ਹਨ, ਜਿਹਦੇ ਵਿੱਚ ਉਹਦਾ ਸਮਾਜਿਕ ਤੇ ਮਾਨਸਿਕ ਦਮਨ ਹੁੰਦਾ ਹੈ। ਕਿਰਤ ਦਾ ਤ੍ਰਿਸਕਾਰ ਹੁੰਦਾ ਹਨ। ਉੱਥੇ ਜਿਹੜੇ ਉੱਚੀਆਂ ਜਾਤੀਆਂ ਦੇ ਬਸ਼ਰ ਨੇ ਉਹ ਵੀ ਬੇਗਾਨਗੀ ਦਾ ਸ਼ਿਕਾਰ ਹੁੰਦੇ ਨੇ। ਉਹ ਆਪਣੀ ਜਾਤੀ ਹਉਮੈ ਵਿੱਚ ਜਿਉਂਦੇ ਨੇ। ਮਨੁੱਖਤਾ ਤੋਂ ਬੇਗਾਨੇ ਹੋ ਜਾਂਦੇ ਨੇ ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਕੋਲ ਸਮਾਜਿਕ ਤੇ ਆਰਥਿਕ ਤੌਰ ਤੇ ਤਾਕਤ ਹੁੰਦੀ ਹੈ। ਉਹ ਓਸ ਤਰੀਕੇ ਨਾਲ ਹਾਲਾਤ ਦਾ ਸ਼ਿਕਾਰ ਨਹੀਂ ਹੁੰਦੇ ਜਿਸ ਤਰੀਕੇ ਨਾਲ ਦਲਿਤ ਤੇ ਦਮਿਤ ਹੁੰਦੇ ਨੇ। ਅਗਾਂਹ ਮੈਂ ਆਪਣੀ ਗੱਲ ਡਾ. ਅੰਬੇਡਕਰ ਦੀ ਇਕ ਟਿੱਪਣੀ ਨਾਲ ਸ਼ੁਰੂ ਕਰਾਂਗਾ... ਜਿਹੜੀ ਉਨ੍ਹਾਂ 'ਜਾਤ ਪਾਤ ਦਾ ਬੀਜ਼ ਨਾਸ਼' ਵਿਚ ਕੀਤੀ..."ਜਾਤ ਪਾਤ ਨੇ ਨਾਗਰਿਕ ਜਜਬੇ ਨੂੰ ਮਾਰ ਮੁਕਾਇਆ ਹੈ। ਜਾਤ ਪਾਤ ਨੇ ਨਾਗਰਿਕ ਭਾਵਨਾ ਨੂੰ ਤਬਾਹ ਕਰ ਦਿੱਤਾ ਹੈ। ਜਾਤ ਪਾਤ ਨੇ ਲੋਕਾਂ ਦੀ ਸਹਿਮਤੀ ਵਾਲੇ ਬਿਰਤਾਂਤ ...ਪਬਲਿਕ ਉਪੀਨੀਅਨ ਦੇ ਨਿਰਮਾਣ ਨੂੰ ਨਾ ਮੁਮਕਿਨ ਬਣਾ ਦਿੱਤਾ ਹੈ। ਇਕ ਹਿੰਦੂ ਵਾਸਤੇ ਉਸਦੇ ਲੋਕ ਸਿਰਫ ਉਸਦੀ ਜਾਤ ਨਾਲ ਸੰਬੰਧਤ ਹਨ। ਉਸਦੀ ਮਨੁੱਖੀ ਗੁਣਾਂ ਬਾਰੇ ਪਛਾਣ ਜਾਤ ਅਧਾਰਤ ਹੋ ਗਈ ਹੈ। ਅਤੇ ਉਸ ਦੀ ਨੈਤਿਕਤਾ ਵੀ ਜਾਤ ਪਾਤ ਨਾਲ ਬੱਝੀ ਹੋਈ ਹੈ। " ਇਸ ਤਰ੍ਹਾਂ ਇਸ ਜਾਤ ਪਾਤ ਨਾਲ ਜਿਹੜਾ ਨੁਕਸਾਨ ਸਮਾਜ ਨੂੰ ਹੋਇਆ ਇਸ ਨੂੰ ਇਸ ਤਰ੍ਹਾਂ ਅੰਬੇਡਕਰ ਵੇਖਦੇ ਹਨ। ਇਹਦੇ ਪਿਛੋਕੜ ਬਾਰੇ ਜੇ ਮੈਂ ਗੱਲ ਕਰਾਂ ਕਿ ਇਸ ਟਿੱਪਣੀ ਵਾਲੇ ਭਾਸ਼ਣ, ਉਨ੍ਹਾਂ 'ਜਾਤ ਪਾਤ ਤੋੜਕ ਮੰਡਲ' ਵੱਲੋਂ ਦਿੱਤੇ ਸੱਦੇ ਉੱਤੇ ਦੇਣਾ ਸੀ। ਕਿ ਉਹ ਜਾਤ ਪਾਤ ਬਾਰੇ ਆਪਣੇ ਵਿਚਾਰ ਰੱਖਣ। ਅੰਬੇਡਕਰ ਹੁਰਾਂ ਦੇ ਇਸ ਲੇਖ ਨੂੰ ਜਦੋਂ ਮੰਡਲ ਦੇ ਲੋਕਾਂ ਨੇ ਪੜ੍ਹਿਆ ਤਾਂ ਉਨ੍ਹਾਂ ਨੂੰ ਲੇਖ ਦੇ ਕੁਝ ਹਿੱਸਿਆਂ ਉੱਤੇ ਇਤਰਾਜ਼ ਸੀ। ਉਨ੍ਹਾਂ ਨੇ ਚਿੱਠੀ ਲਿਖੀ ਕਿ ਤੁਸੀਂ ਇਸ ਦੇ ਕੁਝ ਹਿੱਸੇ ਡਲੀਟ ਕਰ ਦਿਓਂ। ਜਿਸ ਗੱਲ ਨਾਲ ਉਨ੍ਹਾਂ ਨੂੰ ਇਤਰਾਜ਼ ਸੀ ਉਹ ਇਹ ਸੀ ਕਿ ਜੋ ਜਾਤ ਪਾਤ ਹੈ ਉਸ ਨੂੰ ਹਿੰਦੂ ਧਰਮ ਵੱਲੋਂ ਪ੍ਰਵਾਨਗੀ ਮਿਲੀ ਹੋਈ ਹੈ। ਡਾ. ਅੰਬੇਡਕਰ ਇਸ ਗੱਲ ਲਈ ਸਹਿਮਤ ਨਹੀਂ ਹੋਏ ਤੇ ਜਾਤ ਪਾਤ ਤੋੜਕ ਮੰਡਲ ਨੇ ਉਸ ਕਾਨਫਰੰਸ ਨੂੰ ਰੱਦ ਕਰ ਦਿੱਤਾ ਏਥੇ। ਮੈਂ ਇਸ ਗੱਲ ਨੂੰ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਗੱਲ ਪੰਜਾਬ ਦੀ ਧਰਤੀ ਉੱਤੇ ਵਾਪਰਦੀ ਹੈ। ਉਸ ਸਮੇਂ ਦੀ ਤਸਵੀਰ ਦਾ ਇੱਕ ਹਿੱਸਾ ਇਹ ਵੀ ਹੈ। 1936 ਵਿੱਚ ਜਿਹੜੇ ਲੋਕ ਪੰਜਾਬ ਵਿੱਚ ਆਪਣੇ ਆਪ ਨੂੰ ਅਗਾਂਹਵਧੂ ਅਖਵਾਉਂਦੇ ਸਨ। ਜਾਤ ਪਾਤ ਤੋੜਨਾ ਚਾਹੁੰਦੇ ਸਨ ਉਨ੍ਹਾਂ ਲੋਕਾਂ ਦੀ ਇਸ ਤਰ੍ਹਾਂ ਦੁਚਿੱਤੀ ਦੀ ਸਥਿਤੀ ਵੀ ਵੇਖਣ ਵਾਲੀ ਹੈ। ਜਾਤ ਪਾਤ ਤੇ ਧਰਮ ਦਾ ਕੀ ਰਿਸ਼ਤਾ ਹੈ? ਇਹ ਪੰਜਾਬੀ ਮਨ ਦੀ ਸਥਿਤੀ ਹੈ। ਅਸੀਂ ਅੱਜ ਇਹ ਗੱਲ ਵੀ ਵਿਚਾਰਨੀ ਹੈ ਕਿ ਜਿਹੜੀ ਸਥਿਤੀ 1936 ਵਿੱਚ ਅਜਿਹੀ ਸੀ ਤਾਂ 88 ਸਾਲਾਂ ਬਾਅਦ ਅੱਜ ਸਥਿਤੀ ਕਿਹੋ ਜਿਹੀ ਹੋਵੇਗੀ। ਭਾਵੇਂ ਕਿ ਅਸੀਂ ਕਹਿ ਸਕਦੇ ਹਾਂ ਸਥਿਤੀ ਸੁਧਰੀ ਹੈ। ਵਿਤਕਰੇ ਘਟੇ ਹਨ। ਲਤਾੜੀਆਂ ਤੇ ਦਮਿਤ ਜਾਤਾਂ ਵਿੱਚ ਚੇਤਨਾ ਆਈ ਹੈ। ਉਨ੍ਹਾਂ ਨੇ ਸੰਘਰਸ਼ ਕੀਤੇ ਹਨ। ਡਾ. ਅੰਬੇਡਕਰ, ਗ਼ਦਰੀ ਬਾਬਾ ਮੰਗੂ ਰਾਮ ਤੇ ਹੋਰ ਵਿਦਵਾਨਾਂ ਤੇ ਖਾਸ ਕਰਕ ਅੰਬੇਡਕਰ ਸਦਕਾ ਦਲਿਤ ਲੋਕਾਂ ਨੂੰ ਸੰਵਿਧਾਨਿਕ ਅਧਿਕਾਰ ਮਿਲੇ ਹਨ। ਇਨ੍ਹਾਂ ਸੰਘਰਸ਼ਾ ਨੂੰ ਜਾਰੀ ਰੱਖਦਿਆਂ ਉਨ੍ਹਾਂ ਜਿੱਤਾਂ ਵੀ ਪ੍ਰਾਪਤ ਕੀਤੀਆਂ ਹਨ। ਜਿਵੇਂ ਡਾ.

ਯੋਗਰਾਜ ਹੁਰਾਂ ਨੇ ਕਿਹਾ ਸਮਾਜ ਵਿੱਚ ਜਾਤ ਪਾਤ ਨੂੰ ਲੈ ਕੇ ਵਿਤਕਰੇ ਅਜੇ ਵੀ ਪਰਛਾਵਿਆਂ ਤੇ ਪ੍ਰੇਤਾਂ ਵਾਂਗ ਉਨ੍ਹਾਂ ਦੇ ਮਗਰ ਮੰਡਰਾਉਂਦੇ ਹਨ। ਕਦੇ ਇਹ ਵਿਤਕਰੇ ਬੜੇ ਸੂਖਮ ਰੂਪ ਵਿੱਚ ਪ੍ਰਗਟ ਹੁੰਦੇ ਨੇ ਕਦੇ ਕਦੇ ਹਿੰਸਕ ਰੂਪ ਵੀ ਲੈਂਦੇ ਹਨ। ਇਹ ਵਿਤਰਦੇ ਸਾਡੀ ਸਮੂਹਿਕ ਸਮਾਜਿਕ ਚੇਤਨਾ ਤੋਂ ਬਾਹਰ ਨਹੀਂ ਨਿਕਲੇ। ਮੈਂ ਫਿਰ ਅੰਬੇਡਕਰ 'ਤੇ ਆਉਂਦਾ ਹਾਂ। ਅੰਬੇਡਕਰ ਜਦੋਂ 13-14 ਅਪ੍ਰੈਲ ਨੂੰ ਪੰਜਾਬ ਆਉਂਦੇ ਹਨ। ਸਿੱਖ ਕਾਨਫਰੰਸ ਨੂੰ ਉਹ ਸੰਬੋਧਿਤ ਕਰਦੇ ਹਨ ਤੇ ਜਾਤ ਪਾਤ ਨੂੰ ਤੋੜਨ ਬਾਰੇ ਆਪਣੇ ਵਿਚਾਰ ਦਿੰਦੇ ਹਨ। 'ਜਾਤ ਪਾਤ ਦਾ ਬੀਜ਼ ਨਾਸ਼' ਬਾਰੇ ਆਪਣੇ ਵਿਚਾਰ ਉਹ ਕਾਨਫਰੰਸ ਵਿੱਚ ਦਿੰਦੇ ਹਨ। ਉਹ ਸਿੱਖ ਆਗੂਆਂ ਨਾਲ ਵਿਚਾਰ ਵਟਾਂਦਰਾਂ ਵੀ ਕਰਦੇ ਹਨ। ਸਿੱਖ ਧਰਮ ਅਪਣਾਉਣ ਦੀ ਗੱਲ ਵੀ ਚੱਲਦੀ ਹੈ। ਜਿਸ ਵਿੱਚ ਅੰਬੇਡਕਰ ਦੇ ਪੁੱਤਰ ਜਸਵੰਤ ਰਾਏ ਵੀ ਹਿੱਸਾ ਲੈਂਦੇ ਨੇ ਪਰ ਦਲਿਤਾਂ ਦਾ ਸਿੱਖੀ ਵਿੱਚ ਰਲ਼ੇਵੇ ਦੀ ਗੱਲ ਸਿਰੇ ਨਹੀਂ ਚੜ੍ਹਦੀ। ਇਹ ਘਟਨਾ ਵੀ ਪੰਜਾਬ ਦੇ ਦਲਿਤ ਚਿੰਤਨ ਵਿੱਚ ਬੜਾ ਵੱਡਾ ਨਿਸ਼ਨ ਚਿੰਨ੍ਹ ਹੈ। ਇਸ ਤਰ੍ਹਾਂ ਕਈ ਹੋਰ ਵੀ ਨਿਸ਼ਾਨ ਚਿੰਨ੍ਹ ਹਨ। ਪਰ ਮੈਂ 20 ਵੀਂ ਸਦੀ ਦੇ ਪਹਿਲੇ ਅੱਧ ਦੇ ਤਿੰਨ ਨਿਸ਼ਾਨ ਚਿੰਨਾਂ ਦੀ ਗੱਲ ਕਰਾਂਗਾ। ਇਕ ਇਹ ਸੀ ਕਿ ਦਰਬਾਰ ਸਾਹਿਬ ਵਿੱਚ ਅਛੂਤਾਂ ਵਾਸਤੇ ਵੱਖਰੀ ਦੇਗ਼ ਬਣਦੀ ਸੀ। ਇਹਦੇ ਵਿਰੁੱਧ ਸੰਘਰਸ਼ ਹੋਇਆ। ਅਸਲ ਵਿੱਚ ਜਿਹੜੀ ਗੁਰੂਦਵਾਰਾ ਸੁਧਾਰ ਲਹਿਰ ਚੱਲੀ ਇਸ ਘਟਨਾ ਕਰਕੇ ਚੱਲੀ ਸੀ। ਫਿਰ ਇਸਦਾ ਘੇਰਾ ਵੱਡਾ ਹੁੰਦਾ ਗਿਆ ਤੇ ਇਸ ਲਹਿਰ ਵਿੱਚੋਂ ਹੀ ਫਿਰ ਮਹੰਤਾਂ ਵਿਰੁੱਧ ਸੰਘਰਸ਼ ਹੋਇਆ। ਇਹ ਉਸ ਸਮੇਂ ਦਾ ਮਹੱਤਵਪੂਰਨ ਪਛਾਣ ਚਿੰਨ੍ਹ ਹੈ। ਦੂਜਾ ਪਛਾਣ ਚਿੰਨ੍ਹ ਗ਼ਦਰੀ ਬਾਬਾ ਮੰਗੂ ਰਾਮ ਦਾ ਮਹੱਤਵਪੂਰਨ ਦਖ਼ਲ ਪੰਜਾਬ ਵਿੱਚ ਆਉਣਾ ਹੈ ਤੇ ਆਦਿ ਧਰਮ ਲਹਿਰ ਦੀ ਸਥਾਪਨਾ ਕਰਨਾ ਰਿਹਾ। ਔਰ ਤੀਜਾ ਪਛਾਣ ਚਿੰਨ੍ਹ ਭਗਤ ਸਿੰਘ ਦਾ ਲੇਖ 'ਅਛੂਤ ਦਾ ਸਵਾਲ' ਸੀ। ਓਨ੍ਹਾਂ ਕਿਹਾ ਕਿ ਪਹਿਲਾਂ ਸਮਾਜਿਕ ਇਨਕਲਾਬ ਕਰੋ। ਸਿਆਸੀ ਇਨਕਲਾਬ ਕਰਨ ਤੋਂ ਪਹਿਲਾਂ ਸਮਾਜ ਦੀ ਬੁਨਿਆਦੀ ਤਬਦੀਲੀ ਬੁਨਿਆਦੀ ਹੈ। ਮੈਂ ਮੁੜ ਜਾਤ ਪਾਤ ਤੋੜਕ ਮੰਡਲ ਦੀ ਗੱਲ ਕਰਦਾ ਹਾਂ... ਡਾ. ਅੰਬੇਡਕਰ ਮੰਡਲ ਨਾਲ ਜਿਹੜਾ ਖ਼ਤੋ ਕਿਤਾਬ ਕਰਦੇ ਹਨ ਕਿ ਸਿਆਸੀ ਆਗੂ ਨਾਲੋਂ ਇਕ ਸਮਾਜ ਸੁਧਾਰਕ ਜੋ ਹੁੰਦਾ ਹੈ ਉਹਦੀ ਭੂਮਿਕਾ ਜਿਆਦਾ ਜੋਖਮ ਵਾਲੀ ਹੁੰਦੀ ਹੈ। ਉਹ ਕਹਿੰਦੇ ਨੇ ਜਿਸਨੇ ਸਮਾਜ ਦਾ ਸੁਧਾਰ ਕਰਨਾ ਹੁੰਦਾ ਹੈ ਉਹਨੇ ਸਿੱਧਾ ਸਮਾਜ ਨਾਲ ਮੱਥਾ ਲਾਉਣਾ ਹੁੰਦਾ ਹੈ। ਸਮਾਜ ਵਿੱਚ ਜੋ ਗਾਲਿਬ ਸ਼ਕਤੀਆਂ ਹਨ ਉਨ੍ਹਾਂ ਨੇ ਉਨ੍ਹਾਂ ਨਾਲ ਮੱਥਾ ਲਾਉਣਾ ਹੁੰਦਾ ਹੈ। ਸਿਆਸੀ ਆਗੂਆਂ ਨੂੰ ਇਸ ਤਰ੍ਹਾਂ ਦੀ ਸਮੱਸਿਆ ਨਹੀਂ ਆਉਂਦੀ ਉਹਨੇ ਤਾਂ ਆਪਣੇ ਵਰਗੇ ਹੋਰ ਸਿਆਸੀ ਲੋਕਾਂ ਨਾਲ ਮੱਥਾ ਲਾਉਣਾ ਹੁੰਦਾ ਹੈ। ਏਥੇ ਮੈਂ ਬਸਤੀਵਾਦੀ ਦੌਰ ਦੀ ਇਹ ਵੀ ਗੱਲ ਕਰਨੀ ਚਾਹੁੰਦਾ ਹਾਂ ਕਿ ਪੰਜਾਬੀ ਸਮਾਜ ਜਾਂ ਦਲਿਤ ਸਮਾਜ ਦਾ ਸਾਹਮਣਾ ਜਾਂ ਐਨਕਾਊਂਟਰ ਜੋ ਹੈ। ਜੋ ਬਸਤੀਵਾਦੀ ਦੀਆਂ ਤੰਦਾਂ ਹਨ ਉਹ ਬਹੁਤ ਜਟਿਲ ਹਨ। ਇਸ ਦੌਰ ਵਿੱਚ ਗ਼ੁਲਾਮੀ ਵਿੱਚ ਤਾਂ ਸਾਰੇ ਭਾਰਤੀ ਜਕੜੇ ਜਾਂਦੇ ਨੇ ਤੇ ਸਪੱਸ਼ਟ ਹੈ ਕਿ ਦਲਿਤ ਵੀ ਜਕੜੇ ਜਾਂਦੇ ਹਨ। ਔਰ ਆਰਥਿਕ ਲੁੱਟ ਹੋਰ ਵੱਧਦੀ ਹੈ। ਪਰ ਨਾਲ ਨਾਲ ਬਸਤੀਵਾਦੀ ਇਕ ਕਾਨੂੰਨ ਦੀ ਧਾਰਨਾ ਲੈ ਕੇ ਆਉਂਦਾ ਹੈ। ਕਾਨੂੰਨ ਬਣਨੇ ਸ਼ੁਰੂ ਹੁੰਦੇ ਹਨ ਇਹ ਭਾਰਤ ਦੇ ਸਮਾਜਾਂ ਵਿੱਚ ਪਹਿਲੀ ਵਾਰ ਹੁੰਦਾ ਹੈ ਕਿ ਕਾਨੂੰਨ ਸਾਰਿਆਂ ਲਈ ਇੱਕ ਹੈ। ਕਿ ਚਾਹੇ ਉਹ ਬ੍ਰਾਹਮਣ ਹੈ, ਚਾਹੇ ਉਹ ਖੱਤਰੀ ਹੈ ਚਾਹੇ ਉਹ ਰਾਜਪੂਤ... ਜੱਟ... ਦਲਿਤ ਹੈ। ਉਸ ਕਾਨੂੰਨ ਤਹਿਤ ਜੇ ਕੋਈ ਅਪਰਾਧ ਕਰਦਾ ਹੈ ਤਾਂ ਸਾਰਿਆਂ ਲਈ ਸਜ਼ਾ ਇਕੋ ਜਿਹੀ ਹੈ। ਇਹ ਗੱਲ ਬਸਤੀਵਾਦੀ ਸਮਾਜ ਦੌਰਾਨ ਹੁੰਦੀ ਹੈ। ਇਸ

ਗੱਲ ਨੂੰ ਦਲਿਤ ਮਸਲੇ ਬਾਰੇ ਕਰਦਿਆਂ ਧਿਆਨ ਵਿੱਚ ਰੱਖਣਾ ਹੋਵੇਗਾ। ਜਿਹੜੀ ਗੱਲ ਮੈਂ ਗ਼ਦਰੀ ਬਾਬਾ ਮੰਗੂ ਰਾਮ ਦੀ ਕਰ ਰਿਹਾ ਸਾਂ ਕਿ ਇਹ ਬੜੀ ਮਹੱਤਵਪੂਰਨ ਗੱਲ ਹੈ ਜੋ ਗ਼ਦਰ ਲਹਿਰ ਬਾਬਾ ਸੋਹਣ ਸਿੰਘ ਭਕਨਾ ਦੇ ਅਧੀਨ ਚੱਲੀ ਜਿਹਦੇ ਵਿੱਚ ਬਾਬਾ ਮੰਗੂ ਰਾਮ ਨੇ ਹਿੱਸਾ ਲਿਆ। ਜਦੋਂ ਉਹ ਭਾਰਤ ਵਿੱਚ ਐਂਟਰ ਕਰਦੇ ਹਨ ਤਾਂ ਦੱਖਣ ਵੱਲੋਂ ਕਰਦੇ ਹਨ ਜਿੱਥੇ ਆਂਧਰਾ ਤੇ ਤਮਿਲਨਾਡੂ ਵਿੱਚ ਆਦਿ ਲਹਿਰਾਂ ਚੱਲ ਰਹੀਆਂ ਸਨ। ਔਰ ਉਨ੍ਹਾਂ ਦਾ ਪ੍ਰਭਾਵ ਉਨ੍ਹਾਂ ਨੇ ਗ੍ਰਹਿਣ ਕੀਤਾ। ਉਨ੍ਹਾਂ ਨੇ ਪੰਜਾਬ ਦੀ ਧਰਤੀ ਉੱਤੇ ਆ ਕੇ ਇਹ ਗੱਲ ਕਹੀ ਕਿ ਪੰਜਾਬ ਦੇ ਦਲਿਤ ਇਸ ਧਰਤੀ ਦੇ ਮੂਲ ਨਿਵਾਸੀ ਹਨ। ਉਨ੍ਹਾਂ ਦਾ ਧਰਮ ਮੂਲ ਧਰਮ ਆਦਿ ਧਰਮ ਹੈ। ਉਨ੍ਹਾਂ ਦੇ ਸ਼ਬਦਾਂ ਨੂੰ ਅਸੀਂ ਆਪਣੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਉਨ੍ਹਾਂ ਕਿਹਾ ਕਿ ਸਾਡੇ ਕੋਲ ਦਲਿਤ ਚਿੰਤਨ ਦੀ ਆਪਣੀ ਰਵਾਇਤ ਹੈ। ਜਿਹਦੇ ਵਿੱਚ ਉਨ੍ਹਾਂ ਨੇ ਕਬੀਰ, ਰਵਿਦਾਸ, ਨਾਮਦੇਵ ਆਦਿ ਨੂੰ ਉਨ੍ਹਾਂ ਦੁਆਬੇ ਵਿੱਚ ਆਦਿ ਧਰਮ ਦੀ ਨੀਂਹ ਰੱਖੀ। ਦੁਆਬਾ ਪਹਿਲੀ ਵਾਰ ਦਲਿਤ ਲਹਿਰ ਦਾ ਕੇਂਦਰ ਬਣਦਾ ਹੈ ਜਿਹਦੇ ਵਿੱਚ ਪਹਿਲੀ ਵਾਰ ਦਲਿਤ ਆਪਣੀ ਆਜ਼ਾਦੀ ਤੇ ਹੋਂਦ ਸਥਾਪਤ ਕਰਦੇ ਹਨ। ਆਦਿ ਧਰਮ ਲਹਿਰ ਦਾ ਉਭਾਰ 1920 ਦੇ ਪਹਿਲੇ ਅੱਧ ਵਿੱਚ ਸ਼ੁਰੂ ਹੁੰਦਾ ਹੈ। ਕਈ ਥਾਵਾਂ ਉੱਤੇ ਟਕਰਾਓ ਵੀ ਵੱਧਦਾ ਹੈ ਜਦੋਂ ਪਿੰਡ ਮੁੱਘੋਵਾਲ ਵਿਖੇ ਜਲਸਾ ਹੋਣਾ ਹੁੰਦਾ ਹੈ। ਔਰ ਵੱਡੀ ਕਾਨਫਰੰਸ ਹੁੰਦੀ ਹੈ ਜਿਸ ਵਿੱਚ ਚਮਾਰ, ਚੂ...ਹ..., ਗਧੀਲੇ, ਸਾਂਹਸੀ, ਭੰਜੜੇ, ਮੇਘ, ਕਬੀਰ ਪੰਥੀ, ਡੌਮ ਪੁੱਜਦੇ ਹਨ। 'ਆਦਿ ਧਰਮ ਮੰਡਲ' ਦੀ ਸਥਾਪਨਾ ਹੁੰਦੀ ਹੈ। 'ਆਦਿ ਡੰਕਾ' ਅਖ਼ਬਾਰ ਨਿਕਲਣਾ ਸ਼ੁਰੂ ਹੁੰਦਾ ਹੈ। ਸੋਹੰ ਦੇ ਸ਼ਬਦ ਵਾਲਾ ਕੌਮੀ ਝੰਡਾ ਲਾਲ ਰੰਗ ਦਾ, ਲਾਲ ਪੱਗ ਜੈ ਗੁਰਦੇਵ ਤੇ ਧੰਨ ਗੁਰਦੇਵ ਸੰਬੋਧਨੀ ਸ਼ਬਦ ਬੋਲੇ ਜਾਣ ਲੱਗਦੇ ਹਨ। 1931 ਦੀ ਪਹਿਲੀ ਮਰਦਮਸ਼ੁਮਾਰੀ ਹੁੰਦੀ ਹੈ ਉਹਦੇ ਵਿੱਚ ਪਹਿਲੀ ਵਾਰ 35 ਹਜ਼ਾਰ ਤੋਂ ਵੱਧ ਦਲਿਤ ਆਪਣੀ ਪਛਾਣ 'ਆਦਿ ਧਰਮੀ' ਵਜੋਂ ਕਰਵਾਉਂਦੇ ਹਨ। ਚੋਣਾਂ ਲੜੀਆਂ ਜਾਂਦੀਆਂ ਹਨ। ਚੋਣਾਂ ਵਿੱਚ ਸਫ਼ਲਤਾ ਵੀ ਮਿਲਦੀ ਹੈ। ਮੈਂ ਏਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਡਾ. ਅੰਬੇਡਕਰ ਦੇ ਬੁੱਧ ਧਰਮ ਦੇ ਪ੍ਰਵਰਤਣ ਤੋਂ ਪਹਿਲਾਂ ਮੰਗੂ ਰਾਮ ਨੇ ਪੰਜਾਬ ਵਿੱਚ ਦਲਿਤ ਚੇਤਨਾ ਦੀ ਲਹਿਰ ਖੜੀ ਕੀਤੀ। ਉਸ ਵੇਲੇ ਜੋ ਦਲਿਤ ਸਾਹਿਤ ਪੈਦਾ ਹੋਇਆ ਉਸ ਨੇ 20 ਵੀਂ ਸਦੀ ਵਿੱਚ ਦਲਿਤ ਸਾਹਿਤ ਨੂੰ ਨਵਾਂ ਹੁਲਾਰਾ ਦਿੱਤਾ। ਜਿਹਦੇ ਵਿੱਚ ਸਾਡੇ ਕੋਲ ਪੰਡਤ ਬਖ਼ਸ਼ੀ ਰਾਮ ਜੀਵਨੀਕਾਰ ਤੇ ਗੁਰਦਾਸ ਰਾਮ ਆਲਮ ਵਰਗੇ ਸ਼ਾਇਰ ਉੱਭਰ ਕੇ ਸਾਹਮਣੇ ਆਏ। ਫਿਰ ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ ਵਰਗੇ ਸ਼ਾਇਰ ਸ਼ਾਮਿਲ ਹੁੰਦੇ ਹਨ। ਜਿਹੜੇ ਪਛਾਣ ਚਿੰਨ ਮੰਗੂ ਰਾਮ ਨੇ ਭਗਤਾ ਰਾਹੀਂ ਸਾਨੂੰ ਦਿੱਤੀ। ਉਹਦੇ ਵਿੱਚ ਕਬੀਰ ਹਨ। ਕਬੀਰ ਜੀ ਪੰਜਾਬੀ ਪਛਾਣ ਚਿੰਨ ਦੇ ਹਿੱਸਾ ਬਣਨੇ ਸ਼ੁਰੂ ਹੋ ਗਏ ਸਨ। ਫਿਰ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਦੀ ਬਾਣੀ ਲਿਆਂਦੀ ਤੇ ਜੋ ਬਾਅਦ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਵੀ ਹੋਈ। ਜਿਵੇਂ ਕਬੀਰ ਹੁਰਾਂ ਜਾਤ ਪਾਤ ਦਾ ਵਿਰੋਧ ਕੀਤਾ ਉਨ੍ਹਾਂ ਸ਼ਬਦਾਂ ਨੂੰ ਅਸੀਂ ਜਾਣਦੇ ਹਾਂ। ਜੋ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ। ਤਉ ਆਨ ਬਾਟ ਕਾਹੇ ਨਹੀਂ ਆਇਆ। ਉਨ੍ਹਾਂ ਦੀ ਹੋਰ ਵੀ ਬਾਣੀ ਵੇਖੀ ਸਮਝੀ ਜਾ ਸਕਦੀ ਹੈ। ਗੁਰੂ ਨਾਨਕ ਵੀ ਇਸ ਦੱਬੀ ਧਿਰ ਨਾਲ ਖੜੇ ਹੁੰਦੇ ਹਨ। ਇਹ ਪ੍ਰੰਪਰਾ ਗੁਰੂ ਗੋਬਿੰਦ ਤੱਕ ਪੁੱਜਦੀ ਹੈ। ਅਸੀਂ ਜਾਣਦੇ ਹਾਂ... ਭਾਈ ਜੈਤਾ... ਭਾਈ ਸੰਗਤ ਸਿੰਘ ਹੁਰਾਂ ਨੂੰ। ਲੰਮੀ ਇਤਿਹਾਸਕ ਪ੍ਰੰਪਰਾ ਹੈ। ਅਸੀਂ ਜਾਣਦੇ ਹਾਂ ਕਿ ਖਾਲਸੇ ਦੀ ਸਿਰਜਣਾ ਦੇ ਦੌਰਾਨ ਦਲਿਤਾਂ ਨੇ ਗੁਰੂ ਗੋਬਿੰਦ ਸਿੰਘ ਦਾ ਸਾਥ ਦਿੱਤਾ। ਦਲਿਤ ਚੇਤਨਾ ਦਾ ਇਹ ਵੀ ਬਹੁਤ ਵੱਡਾ ਨਿਸ਼ਾਨ ਚਿੰਨ੍ਹ ਅਸੀਂ ਵੇਖਦੇ ਹਾਂ। ਇਕ ਵੱਡੇ ਨਿਸ਼ਾਨ ਚਿੰਨ੍ਹ

ਵਜੋਂ ਰਵਿਦਾਸ ਜੀ ਦੀ ਜਗਾਈ ਚੇਤਨਾ ਵੀ ਰਿਹਾ ਹੈ। ਅਸੀਂ ਸਾਰੇ ਬੇਗਮਪੁਰੇ ਦੇ ਸੰਕਲਪ ਬਾਰੇ ਜਾਣਦੇ ਹਾਂ। ਮੈਂ ਗੱਲ ਸੰਤ ਵਜੀਰ ਸਿੰਘ ਤੇ ਪੀਰੋ ਦੀ ਵੀ ਕਰਨੀ ਚਾਹੁੰਦਾ ਹਾਂ। ਸ਼ਮਸ਼ੇਰ ਸਿੰਘ ਆਸ਼ੋਕ ਹੁਰਾਂ ਨੇ ਵਜ਼ੀਰ ਸਿੰਘ ਨੂੰ ਗੁਲਾਬ ਦਾਸੀ ਪੰਥ ਦੇ ਮੂਲ ਪ੍ਰੇਰਕ ਵੀ ਕਿਹਾ। ਅੰਤ ਵਿੱਚ ਲਹੁਕੇ ਇਲਾਕੇ ਵਿੱਚ ਜਾ ਕੇ ਉਨ੍ਹਾਂ ਆਪਣੀ ਸ਼ਾਇਰੀ ਕੀਤੀ। ਉੱਥੇ ਉਨ੍ਹਾਂ ਨੇ ਜਾਤ-ਪਾਤ ਤੇ ਵਰਣ ਆਸ਼ਰਮ ਵਿਰੁੱਧ ਪ੍ਰਵਚਨ ਉਸਾਰਿਆ। ਮੈਂ ਥੋੜ੍ਹੀ ਜਿਹੀ ਪੀਰੋ ਦੀ ਗੱਲ ਕਰਾਂਗਾ ਕਿਉਂਕਿ ਉਹ ਦਲਿਤ ਮੁਸਲਮਾਨ ਸੀ। ਔਰ ਉਸ ਨੇ ਲੰਮਾ ਸਫ਼ਰ ਤਹਿ ਕੀਤਾ। ਲਾਹੌਰ ਸੱਤਾ ਦੇ ਗਲਿਆਰਿਆਂ ਤੋਂ ਲੈ ਕੇ ਗੁਲਾਬ ਦਾਸ ਤੱਕ ਪਹੁੰਚਣ ਦਾ ਸਫ਼ਰ ਰਿਹਾ। ਉਨ੍ਹਾਂ ਬੁਲੰਦ ਸ਼ਾਇਰੀ ਕੀਤੀ। ਉਹ ਕਹਿੰਦੀ ਐ-

ਪੀਰੋ ਪੀਆ ਉਜਲਾ ਮੈਂ ਸ਼ੂਦਰ ਨਾਰੀ।
ਪੀਰਾ ਮੇਰਾ ਗੁਣਵਤਾ ਮੈਂ ਅਗੁਣ ਹਾਰੀ।

ਏਸ ਤਰ੍ਹਾਂ ਉਹ ਸ਼ਾਇਰੀ ਕਰਦੀ ਕਰਦੀ ਪੰਜਾਬੀ ਦੀ ਬੁਲੰਦ ਸ਼ਾਇਰਾ ਬਣ ਜਾਂਦੀ ਹੈ।

ਪੰਜਾਬੀ ਕਵਿਤਾ ਵਿੱਚ ਗੁਰਦਾਸ ਰਾਮ ਆਲਮ ਦਾ ਨਾਂ ਲਿਆ ਜਾ ਸਕਦਾ ਹੈ। ਇਕ ਸ਼ਿਵ ਕੁਮਾਰ ਬਟਾਲਵੀ ਨੇ ਲੰਮੀ ਕਵਿਤਾ ਲਿਖੀ 'ਸੀਸੋ'। ਜਿਹਦੇ ਵਿੱਚ ਇਕ ਦਲਿਤ ਕੁੜੀ ਦਾ ਦੁਖਾਂਤ ਪੇਸ਼ ਕੀਤਾ। ਗਾਲਬ ਜਾਤੀਆਂ ਹੱਥੋਂ ਜਿਵੇਂ ਉਨ੍ਹਾਂ ਦੀ ਦੁਰਦਸ਼ਾ ਹੁੰਦੀ ਹੈ ਉਸ ਨੂੰ ਉਸ ਨੇ ਲੰਮਾ ਚਿਤਰਿਆ। ਏਸੇ ਤਰ੍ਹਾਂ ਉਸ ਨੇ ਲੂਣਾ ਦੇ ਬਿਰਤਾਂਤ ਨੂੰ ਉਲਟਾਉਂਦਿਆਂ ਲੂਣਾ ਦਾ ਚਿਤਰਨ ਪੇਸ਼ ਕੀਤਾ। ਫਿਰ ਸਾਡੇ ਕੋਲ ਸੰਤ ਰਾਮ ਉਦਾਸੀ ਤੇ ਲਾਲ ਸਿੰਘ ਦਿਲ ਵਰਗੇ ਸ਼ਾਇਰ ਆਉਂਦੇ ਨੇ। ਉਹ ਕੇਵਲ ਦਲਿਤਾਂ ਦੇ ਹੀ ਨਹੀਂ ਉਹ ਸਾਰੇ ਪੰਜਾਬ ਦੇ ਸ਼ਾਇਰ ਬਣ ਕੇ ਉਭਰਦੇ ਨੇ। ਏਥੇ ਦਲਿਤ ਸਾਹਿਤ ਦਾ ਇਕ ਉੱਚਾ ਮੁਕਾਮ ਹੀ ਹੈ ਜਿਥੇ ਦਲਿਤ ਸਾਹਿਤ ਮੁੱਖ ਧਾਰਾ ਦਾ ਸਾਹਿਤ ਬਣ ਜਾਂਦਾ ਏ। 'ਦਿਲ' ਪੰਜਾਬੀ ਕਵਿਤਾ ਦੇ ਕੇਂਦਰ ਵਿੱਚ ਆਉਂਦੇ ਨੇ। ਦਿਲ ਦੀ ਕਵਿਤਾ 'ਕੁੜੇਲ ਪਿੰਡ ਦੀਆਂ ਵਾਸਣਾ' ਇਕ ਵੱਡੇ ਪੱਧਰ ਦੀ ਕਵਿਤਾ ਐ। ਉਦਾਸੀ ਦੀ ਕਵਿਤਾ, 'ਕੰਮੀਆਂ ਦਾ ਵਿਹੜਾ', 'ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ, ਤੂੰ ਮਘਦਾ ਰਹੀ ਵੇ ਸੂਰਜਾ ਕੰਮੀਆਂ ਦੇ ਵਿਹੜੇ' ਲਹਿੰਦੇ ਪੰਜਾਬ 'ਚੋਂ ਮੈਂ ਕੇਵਲ ਇਕ ਨਾਟਕ ਦੀ ਗੱਲ ਕਰਨੀ ਚਾਹੁੰਦਾ ਹਾਂ। ਉਹ ਨਾਟਕ ਮੇਜ਼ਰ ਇਸਹਾਕ ਮੁਹੰਮਦ ਹੁਰਾਂ ਦਾ ਹੈ 'ਮਸੁੱਲੀ' ਜਿਵੇਂ ਡਾ. ਯੋਗਰਾਜ ਹੁਰੀਂ ਕਿਹਾ ਕਿ ਧਰਮ ਸਾਡੀ ਜਾਤ ਪਾਤ ਖਤਮ ਕਰ ਦੇਵੇਗਾ ਇਹ ਨਹੀਂ ਹੋਇਆ। ਏਸੇ ਤਰ੍ਹਾਂ ਇਸਲਾਮ ਦਾ ਵਾਅਦਾ ਸੀ ਕਿ ਇਸਲਾਮ ਦੇ ਵਿੱਚ ਕੋਈ ਜਾਤ ਪਾਤ ਨਹੀਂ ਹੈ। ਪਰ ਹੋਇਆ ਉਨ੍ਹਾਂ ਦੇ ਨਾਲ ਉਲਟ। ਜਿਹੜੇ ਦਲਿਤ ਇਸਲਾਮ ਵਿੱਚ ਗਏ ਉਨ੍ਹਾਂ ਦੀ ਹਾਲਤ ਓਦਾ ਦੀ ਓਦਾ ਹੀ ਰਹੀ। ਉਨ੍ਹਾਂ ਨੂੰ ਮੁਸਲਮਾਨ ਵੀ ਨਹੀਂ ਕਿਹਾ ਗਿਆ ਉਨ੍ਹਾਂ ਨੂੰ ਮੁਸੱਲੀ ਕਿਹਾ ਗਿਆ। ਉਹ ਨਾਟਕ ਐਨਾ ਪਾਪੂਲਰ ਹੋਇਆ ਕਿ ਉੱਥੇ ਲੋਕਾਂ ਨੇ ਆਪਣੇ ਵਲੋਂ ਲਿਖ ਲਿਖ ਕੇ ਨਾਟਕ 'ਚ ਆਪਣੇ ਹਿੱਸੇ ਜੋੜੇ। ਵੱਖ ਵੱਖ ਲੋਕਾਂ ਨੇ ਉਹਦੇ ਗੀਤ ਬਣਾਏ। ਲਹਿੰਦੇ ਪੰਜਾਬ ਦਾ ਇਹ ਜਿਹੜਾ ਮੁਸੱਲੀ ਤਬਕਾ ਸੀ ਉਨ੍ਹਾਂ ਨੇ ਕਿਹਾ ਕਿ ਸਾਡੀ ਕਿਤਾਬ ਹੁਣ ਆਈ ਐ। ਮੇਜਰ ਇਸਹਾਕ ਮੁਹੰਮਦ ਨੇ ਪੰਜਾਬੀ ਨਾਟਕ ਵਿੱਚ ਵਿਸ਼ਿਆ ਦੇ ਜਮੂਦ ਨੂੰ ਵੀ ਤੋੜਿਆ। ਉਨ੍ਹਾਂ ਦਾ ਦੂਜਾ ਨਾਟਕ 'ਕੁਕਨਸ' ਸੀ ਜੋ ਦੁੱਲਾ ਭੱਟੀ ਬਾਰੇ ਸੀ। ਬਾਅਦ ਵਿੱਚ ਨਜਮ ਹੁਸੈਨ ਸੱਯਦ ਹੁਰਾਂ ਨੇ 'ਤਖ਼ਤ ਲਾਹੌਰ' ਵਜੋਂ ਲਿਖਿਆ। ਸੱਯਦ ਹੁਰਾਂ ਨੇ ਦੁੱਲਾ ਭੱਟੀ ਨੂੰ ਬਾਰ ਦੇ ਵਿੱਚ ਤੇ ਸ਼ਾਹ ਹੁਸੈਨ ਹੁਰਾਂ ਨੂੰ ਦਿੱਲੀ ਦੇ ਵਿੱਚ ਬਰਾਬਰ ਖੜ੍ਹਾ ਕੀਤਾ। ... ਇਹ ਠੀਕ ਐ ਕਿ ਦਲਿਤ ਸੋਸ਼ਣ ਦਾ ਸ਼ਿਕਾਰ ਐ। ਪੰਜਾਬ ਦੇ

ਦਲਿਤਾਂ ਵਿੱਚ ਕੋਈ ਅਜਿਹੀ ਤਾਕਤ ਹੈ ਉਹ ਇਹ ਕਿ ਉਹ ਪੰਜਾਬ ਦੀ ਸਭਿਆਚਾਰਕ ਪੂੰਜੀ ਦੇ ਰਖਵਾਲੇ ਬਣ ਕੇ ਨਿੱਤਰੇ ਨੇ। ਪੰਜਾਬ ਵਿੱਚ ਜਿਹੜੀ ਸੰਗੀਤ, ਲੋਕ ਗਥਾਵਾਂ ਤੇ ਨਕਲਾਂ , ਸਵਾਂਗ ਦੀ ਪ੍ਰੰਪਰਾ ਸੀ। ਉਹ ਪਰੰਪਰਾ ਦਲਿਤ ਜਾਤਾਂ ਵਿੱਚ ਰਹੀ ਖਾਸ ਕਰਕੇ ਮਰਾਸੀਆਂ ਦੇ ਵਿੱਚ। ਇਹ ਵੀ ਕਿਹਾ ਜਾਂਦਾ ਕਿ ਮਰਾਸੀ ਪੰਜਾਬ ਵਿੱਚ ਏਹੋ ਜਿਹੀਆਂ ਕਲਾਵਾਂ ਦੇ ਸੂਤਰਧਾਰ ਬਣੇ। ਪਰ ਇਹ ਸਹੀ ਨਹੀਂ। ਮੈਂ ਕਹਿ ਸਕਦਾ ਮੇਰਾ ਨਾਟਕ ਹੈ 'ਅਗਨੀ ਕੁੰਡ' ਮੈਂ ਉਹ ਨਾਟਕ ਉਸ ਕਥਾ ਦੇ ਅਧਾਰਤ ਲਿਖਿਆ ਜਿਹੜੀ ਅੰਬਾਲੇ ਦੇ ਬੰਬਿਆਲ ਪਿੰਡ ਦੇ ਰਹਿਣ ਵਾਲੇ ਦੋ ਮਜ਼੍ਹਬੀ ਸਿੱਖਾਂ ਦੀ ਕਹਾਣੀ ਹੈ ਜਿਹੜੀ ਉਨ੍ਹਾਂ ਆਰ. ਸੀ. ਟੈਂਪਲ ਨੂੰ ਸੁਣਾਈ, ਉਸ ਕਥਾ ਦਾ ਨਾਂ ਏ, ਰਾਜ ਕੁਮਾਰੀ ਨਵਲ ਦੇਵੀ ਦੀ ਕਥਾ। ਜਦੋਂ ਤੁਸੀਂ ਉਸ ਕਥਾ ਨੂੰ ਪੜ੍ਹਦੇ ਹੋ ਤਾਂ ਦਲਿਤ ਜਾਤੀਆਂ ਦੇ ਸੋਸ਼ਣ ਦਾ ਇਤਿਹਾਸ ਮਿਲਦਾ ਹੈ। ਜਿਹੜੀ ਸੰਸਕ੍ਰਿਤ ਗ੍ਰੰਥਾਂ ਵਿੱਚ ਮਿਲਦੀ ਹੈ ਉਹ ਕਹਾਣੀ ਹੈ ਜਿਹਦੇ ਨਾਲ ਮਹਾਂਭਾਰਤ ਸ਼ੁਰੂ ਹੁੰਦੀ ਹੈ। ਕਿ ਇਕ ਯੱਗ ਹੋ ਰਿਹਾ ਜਿਹਦੇ ਵਿੱਚ ਸੱਪਾਂ ਦੀ ਅਹੂਤੀ-ਬਲ਼ੀ ਦਿੱਤੀ ਜਾ ਰਹੀ ਹੈ। ਸੱਪ ਨਾਗ ਲੋਕਾਂ ਦਾ ਮੈਟਾਫਾਰ ਐ ਜਿਹੜੇ ਪੰਜਾਬ ਵਿੱਚ ਰਹਿੰਦੇ ਹੁੰਦੇ ਸਨ। ਸਾਡੇ ਕੋਲ ਨਾਗ ਪੂਜਾ ਦੀ ਬੜੀ ਪੁਰਾਣੀ ਪ੍ਰੰਪਰਾ ਹੈ। ਕਹਿਣ ਦਾ ਭਾਵ ਕਿ ਪਾਂਡਵਾ ਤੇ ਨਾਗ ਲੋਕਾਂ ਵਿੱਚ ਟਕਰਾ ਹੋ ਗਿਆ ਸੀ। ਬਾਅਦ ਵਿੱਚ ਰਿਸ਼ੀ ਉਨ੍ਹਾਂ 'ਚ ਸਮਝੌਤਾ ਕਰਵਾਉਂਦੇ ਨੇ। ਜਿਹੜੀ ਘੁੰਡੀ ਪਈ ਹੋਈ ਹੈ ਮੈਂ ਉਸ ਬਾਰੇ ਦੱਸਣਾ ਚਾਹੁੰਦਾ ਹਾਂ। ਸੰਸਕ੍ਰਿਤ ਗ੍ਰੰਥਾਂ ਵਿੱਚ ਅਰਜੁਨ ਦਾ ਪੋਤਰਾ ਪ੍ਰਕੀਸ਼ਤ ਇਕ ਖੱਤਰੀ ਰਾਜਕੁਮਾਰੀ ਨਾਲ ਵਿਆਹ ਕਰਵਾਉਂਦਾ ਹੈ ਤੇ ਜਨਮੇਜਾ ਉਹਦਾ ਪੁੱਤਰ ਐ। ਜਿਹੜੀ ਪੰਜਾਬ ਦੀ ਲੋਕ ਕਥਾ ਉਨ੍ਹਾਂ ਮਜ਼੍ਹਬੀ ਸਿੰਘਾਂ ਨੇ ਸੁਣਾਈ ਉਹਦੇ ਵਿੱਚ ਪ੍ਰਕੀਸ਼ਤ ਰਾਜਾ ਵਾਸਪੀ ਦੀ ਕੰਨਿਆ ਨੂੰ ਉਧਾਲਦਾ ਹੈ। ਤੇ ਉਹਦੇ ਨਾਲ ਜ਼ਬਰਦਸਤੀ ਵਿਆਹ ਕਰਦਾ ਹੈ। ਜਿਹੜਾ ਲੋਕ ਬਿਰਤਾਂਤ ਹੈ ਕਿ ਜਨਮੇਜੇ ਵਿੱਚ ਦੋ ਤਰ੍ਹਾਂ ਦੇ ਖ਼ੂਨ ਨੇ ਇਕ ਪਾਂਡਵਾ ਦਾ ਇਕ ਏਥੋਂ ਦੀ ਧਰਤੀ ਦੇ ਨਾਗ ਕਬੀਲੇ ਦਾ। ਇਸ ਤਰ੍ਹਾਂ ਜਨਮੇਜਾ ਆਪਣੇ ਨਾਨਕੇ ਵਿਰੁੱਧ ਲੜਾਈ ਸ਼ੁਰੂ ਕਰਦਾ ਹੈ। ਜਿਹਨੂੰ ਅਸੀਂ ਸਰਵਸਤਰ ਯੱਗ ਕਹਿੰਦੇ ਹਾਂ। ਜਿਹੜੀ ਕਹਾਣੀ ਮਜ਼੍ਹਬੀ ਸਿੰਘਾਂ ਨੇ ਸੁਣਾਈ ਉਹਦੇ ਵਿੱਚ ਨਾਗ ਆਉਂਦੇ ਨੇ। ਉਹਦੇ 'ਚ ਗੁੱਗਾ ਪੀਰ ਦੇ ਹਵਾਲੇ ਆਉਂਦੇ ਨੇ। ਏਥੇ ਮੈਂ ਇਕ ਸਵਾਲ ਛੱਡਣਾ ਚਾਹੁੰਦਾ ਹਾਂ ਕਿ ਪੰਜਾਬੀ ਸਮਾਜ ਜਿਹੜਾ ਇਹ ਦਾਅਵਾ ਕਰਦਾ ਹੈ ਕਿ ਕਿਰਤ ਅਤੇ ਕਿਰਤ ਦੀ ਇੱਜ਼ਤ। ਇਹ ਸਾਡੇ ਜੀਵਨ ਜਾਤ ਦਾ ਸਭ ਤੋਂ ਵੱਡਾ ਸੂਤਰ ਹੈ। ਸਵਾਲ ਹੈ ਕਿ ਜੋ ਕਿਰਤ ਕਰਨ ਵਾਲੇ ਲੋਕ ਹਨ ਉਨ੍ਹਾਂ ਪ੍ਰਤੀ ਵਿਤਕਰਾ ਕਿਉਂ ਹੋਇਆ? ਉਨ੍ਹਾਂ ਪ੍ਰਤੀ ਸਾਡੇ ਵਿੱਚ ਸਮਤਾ ਨਹੀਂ ਹੈਗੀ ਜਿਹੜੀ ਦੂਜਿਆਂ ਪ੍ਰਤੀ ਹੁੰਦੀ ਹੈ। ਇਕ ਸਵਾਲ ਇਹ ਵੀ ਉੱਠਦਾ ਹੈ ਕਿ ਨਹੀਂ ਏਥੋਂ ਦੇ ਧਰਮ ਕਿਉਂ ਨਹੀਂ ਜਾਤ ਪਾਤ ਨੂੰ ਤੋੜ ਸਕੇ। ਭਾਰਤ ਦੀ ਧਰਤੀ ਵਿੱਚੋਂ ਜਿਹੜੇ ਧਰਮ ਪੈਦਾ ਹੁੰਦੇ ਨੇ ਉਹ ਦੋ ਚੀਜ਼ਾਂ ਵਿੱਚ ਵਿਸ਼ਵਾਸ ਰੱਖਦੇ ਹਨ। ਇਕ ਆਵਾਗਵਨ ਦੂਜਾ ਕਰਮ। ਜੇਕਰ ਤੁਸੀਂ ਆਪਣੇ ਸਮਾਜ ਦੁਆਰਾ ਨਿਭਾਏ ਕਰਮ ਨੂੰ ਨਿਭਾਓਗੇ ਤਾਂ ਅਗਲੀ ਵਾਰੀ ਤੁਹਾਨੂੰ ਚੰਗੀ ਜਾਤ ਵਿੱਚ ਜਨਮ ਮਿਲੇਗਾ। ਇਹ ਅਸਲ ਵਿੱਚ ਬੁਨਿਆਦੀ ਨੁਕਤਾ ਹੈ ਜਿਹਦੇ ਲਈ ਸਾਨੂੰ ਲੜਾਈ ਲੜਨੀ ਪੈਣੀ ਐ। ਜਿਵੇਂ ਅੰਬੇਡਕਰ ਹੁਰਾਂ ਨੇ ਕਿਹਾ ਕਿ ਇਹ ਬੰਦ ਕਲਾਸ ਐ। ਜਾਤਾਂ ਤੇ ਜਮਾਤਾਂ ਦੀ ਲੜਾਈ ਇਕੱਠੀ ਹੋਣੀ ਹੈ। ਅੰਤ ਵਿੱਚ ਨਜਮ ਹੁਸੈਨ ਸੱਯਦ ਦੀ ਇਕ ਨਜ਼ਮ ਹੈ...'ਅਸੀਂ ਕੀਤਾ ਨਾ ਮਨਜ਼ੂਰ ਜਿਓਣਾ ਏਸ ਰੰਗ ਦਾ ਭੌਇ ਭਾਂਢਾ ਜਦ ਵੱਖਰਾ ਹੋਵੇ। ਪੀੜ ਦਿਲਾਂ ਦੀ ਕੀਕਣ ਧੋਹੇ। ਮੈਂ ਕੋਲੋਂ ਨਾ ਦੂਰ ਜਿਉਣਾ ਏਸ ਰੰਗ ਦਾ। ਅਸੀਂ ਕੀਤਾ ਨਾ ਮਨਜ਼ੂਰ... ਸਾਡਿਆਂ ਹੱਥਾਂ ਵਿੱਚੋਂ ਮਿਹਨਤ ਨਿਕਲੇ। ਨਿਕਲ ਕੇ ਵੜੇ

ਖ਼ਜਾਨਣ। ਪੁਲਸਾ ਪਾਲ ਖਜ਼ਾਨਿਓ ਚਾੜਨ ...ਜਿਉਣਾ ਏਸ ਰੰਗ ਦਾ ਅਸੀਂ ਕੀਤਾ ਨਾ ਮਨਜ਼ੂਰ। ਧੰਨਵਾਦ!!!

**ਡਾ. ਸਰਬਜੀਤ ਸਿੰਘ-** ਡਾ. ਸਵਰਾਜਬੀਰ ਹੁਰਾਂ ਆਪਣੀਆਂ ਗੱਲਾਂ ਵਿੱਚ ਬਹੁਤ ਸਾਰੇ ਸਵਾਲ ਪੈਦਾ ਕੀਤੇ ਨੇ। ਤੇ ਆਪਣੀ ਗੱਲ ਨਜਮ ਹੁਸੈਨ ਸੱਯਦ ਦੀ ਕਵਿਤਾ ਨਾਲ ਕੀਤੀ। ਮੈਨੂੰ ਯਾਦ ਹੈ ਕਿ ਰਵਿਦਾਸ ਹੁਰਾਂ ਨੇ ਇਹ ਗੱਲ ਕੀਤੀ ਸੀ। 'ਐਸਾ ਚਾਹੁੰ ਰਾਜ ਮੈਂ ਜਹਾਂ ਮਿਲੇ ਸਬਨ ਕੋ ਅੰਨ। ਛੋਟ ਬੜੋ ਸਬ ਸਮ ਬੱਸੈ। ਰੈਦਾਸ ਰਹੇ ਪ੍ਰਸੰਨ। ਸਵਰਾਜਬੀਰ ਹੁਰਾਂ ਨੇ ਗੁਰਮਤਿ, ਸੂਫ਼ੀ, ਮਿੱਥ, ਪੰਜਾਬੀ ਕਵਿਤਾ, ਲੋਕ ਧਾਰਾ, ਸੰਗੀਤ ਦੇ ਹਵਾਲੇ ਨਾਲ ਉਹ ਕੁਝ ਨਿਸ਼ਾਨ ਚਿੰਨ੍ਹ ਪਛਾਨਣ ਦੇ ਯਤਨ ਕੀਤੇ ਐ। ਜਿਹੜੇ ਏਸ ਦਲਿਤ ਮਸਲੇ ਨਾਲ ਬਹੁਤ ਨੇੜਿਓ ਜੁੜੇ ਹੋਏ ਨੇ। ਔਰ ਬਹੁਤ ਸਾਰੇ ਸਵਾਲ ਐਸੇ ਖੜੇ ਕੀਤੇ ਐ। ਆਸ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਜਿਹੜੀਆਂ ਗੱਲਾਂ ਹੋਣਗੀਆਂ ਸਵਾਲ ਡੂੰਘੇ ਰੁੱਖ ਚਰਚਾ ਪੈਦਾ ਕਰਨਗੇ। ਇਤਿਹਾਸਕ ਤੌਰ ਤੇ ਬਹੁਤ ਸਾਰੀਆਂ ਚੀਜ਼ਾਂ ਨੇ ਜਿਨ੍ਹਾਂ ਪ੍ਰਤੀ ਪੂਰੇ ਦਾ ਪੂਰਾ ਸੈਕਸਨ ਬਹੁਤ ਸੁਚੇਤ ਰਿਹਾ। ਮੈਨੂੰ ਯਾਦ ਆ ਰਿਹਾ ਕਿ ਦਲਿਤਾਂ ਦਾ ਇਕ ਧਾਰਮਿਕ ਗ੍ਰੰਥ ਵੀ ਵੱਖਰਾ ਬਣਿਆ ਸੀ। ਮਹਿਲਪੁਰ ਦੇ ਨੇੜੇ ਇਕ ਡੇਰਾ ਜਿੱਥੇ ਉਸ ਗ੍ਰੰਥ ਦਾ ਪ੍ਰਕਾਸ਼ ਹੁੰਦਾ ਹੈ। ਉਸ ਗ੍ਰੰਥ ਦੇ ਅਨੁਸਾਰ ਹੀ ਉਨ੍ਹਾਂ ਦਾ ਸਾਰਾ ਜੀਵਨ ਵਿਹਾਰ ਚੱਲਦਾ ਹੈ। ਹੋਰ ਵੀ ਬਹੁਤ ਸਾਰੇ ਡੇਰੇ ਨੇ। ਉਨ੍ਹਾਂ ਡੇਰਿਆਂ ਦੇ ਬਣਨ ਦੇ ਕਾਰਨ ਅਸੀਂ ਜਾਣਦੇ ਹਾਂ ਕਿ ਜਦੋਂ ਅਸੀਂ ਆਪਣੇ ਧਰਮਾਂ ਵਿੱਚੋਂ ਉਨ੍ਹਾਂ ਨੂੰ ਥਾਂ ਨਹੀਂ ਦਿੱਤੀ ਉਨ੍ਹਾਂ ਨੇ ਆਪਣੇ ਅਕੀਦੇ ਵੱਖਰੇ ਵੱਖਰੇ ਥਾਵਾਂ ਉੱਤੇ ਕਰ ਲਏ। ਅੰਬੇਡਕਰ ਹੁਰਾਂ ਤੋਂ ਗੱਲ ਸ਼ੁਰੂ ਕਰਕੇ ਜਾਤ ਪਾਤ ਤੋੜੋ ਮੰਡਲ ਵਾਲੀ ਗੱਲ ਜੋ ਸਵਰਾਜਬੀਰ ਹੁਰਾਂ ਨੇ ਕੀਤੀ ਹੈ। ਇਕ ਦਲਿਤ ਸਨ, ਸੰਤ ਰਾਮ ਬੀ. ਏ. ਉਨ੍ਹਾਂ ਨੇ ਬਹੁਤ ਸਾਰਾ ਕੰਮ ਕੀਤਾ ਪਰ ਉਹ ਆਰੀਆ ਸਮਾਜੀ ਸਨ। ਮੰਡਲ ਵਾਲਿਆਂ ਨੇ ਅੰਬੇਡਕਰ ਨੂੰ ਕਿਹਾ ਕਿ ਤੁਸੀਂ ਆਪਣੇ ਭਾਸ਼ਣ ਵਿੱਚੋਂ ਇਕ ਲਾਇਨ ਕੱਢ ਦਿਓ। ਉਹ ਲਾਇਨ ਆਰੀਆ ਸਮਾਜ ਨੂੰ ਬਿਲਕੁਲ ਸੂਟ ਨਹੀਂ ਸੀ ਕਰਦੀ। ਅੰਬੇਡਕਰ ਹੁਰਾਂ ਕਿਹਾ ਕਿ ਮੈਂ ਉਹ ਲਾਇਨ ਨਹੀਂ ਕੱਢਾ-ਗਾ। ਕਾਨਫਰੰਸ ਮੁਲਤਵੀ ਹੋਈ ਤੇ ਉਸ ਲੇਖ ਨੇ ਕਿਤਾਬ ਰੂਪ ਲੈ ਲਿਆ। ਇਸ ਤਰ੍ਹਾਂ ਹੋਰ ਬਹੁਤ ਸਾਰੀਆਂ ਗੱਲਾਂ ਦੇ ਨਾਲ ਨਾਲ ਹੋਰ ਗੱਲਾਂ ਅੱਗੇ ਜਾ ਕੇ ਸਾਹਿਤ ਦੀਆਂ ਵੀ ਹੋਣਗੀਆਂ। ਜਦੋਂ ਅਸੀਂ ਦਲਿਤ ਸਾਹਿਤ ਦੀ ਗੱਲ ਕਰਦੇ ਹਾਂ ਤਾਂ ਦਲਿਤ ਲੇਖਕਾਂ ਨੇ ਆਪਣੇ ਪ੍ਰਗਟਾਵੇ ਦਾ ਮਧਿਆਮ ਸਵੈ-ਜੀਵਨੀ ਨੂੰ ਚੁਣਿਆ। ਬਹੁਤ ਸਾਰੇ ਮਰਾਠੀ ਦੇ ਦਲਿਤ ਲੇਖਕ ਸਨ ਉਨ੍ਹਾਂ ਨੇ ਕਵਿਤਾ ਕਹਾਣੀ ਜਾਂ ਨਾਵਲ ਵਰਗਾ ਕੋਈ ਸਾਹਿਤ ਨਹੀਂ ਸੀ ਲਿਖਿਆ। ਜਿਸ ਕਿਸਮ ਦੀ ਸਾਡੇ ਪੰਜਾਬੀ ਦੀ ਪ੍ਰੰਪਰਾ ਹੈ ਕਵਿਤਾ, ਕਹਾਣੀ ਲਿਖਣ ਤੋਂ ਬਾਅਦ ਫਿਰ ਕਿਤੇ ਜਾ ਕੇ ਅਸੀਂ ਸਵੈ ਜੀਵਨੀ ਲਿਖਦੇ ਹਾਂ। ਪਰ ਸ਼ਰਣ ਕੁਮਾਰ ਲਿੰਬਾਲੇ ਜਾਂ ਹੋਰਨਾਂ ਨੇ ਸਭ ਤੋਂ ਪਹਿਲਾਂ ਸਵੈ ਜੀਵਨੀ ਲਿਖੀ। ਉਹ ਦੱਸਣਾ ਚਾਹੁੰਦੇ ਸਨ ਕਿ ਸਾਡੀ ਜ਼ਿੰਦਗੀ ਦਾ ਪ੍ਰਗਟਾਵਾਂ ਸਵੈ ਜੀਵਨੀ ਰਾਹੀਂ ਹੀ ਸਾਹਮਣੇ ਆ ਸਕਦਾ ਹੈ। ਏਸੇ ਤਰ੍ਹਾਂ ਪੰਜਾਬੀ ਵਿੱਚ ਪ੍ਰੇਮ ਗੋਰਖੀ ਤੇ ਲਾਲ ਸਿੰਘ ਦਿਲ ਹੁਰਾਂ ਨੇ ਕਹਾਣੀਆਂ ਤੇ ਕਵਿਤਾਵਾਂ ਦੇ ਨਾਲ ਨਾਲ ਸਵੈ ਜੀਵਨੀਆਂ ਵੀ ਲਿਖੀਆਂ। ਹੋਰ ਲੇਖਕਾਂ ਦੀ ਵੀ ਗੱਲ ਕੀਤੀ ਜਾ ਸਕਦੀ ਹੈ।

**ਅਮਰਜੀਤ ਗਰੇਵਾਲ**-ਸਵਰਾਜਬੀਰ ਹੁਰਾਂ ਨੇ ਦਲਿਤ ਸਾਹਿਤ ਬਾਰੇ ਬਹੁਤ ਵਿਸਥਾਰ ਨਾਲ ਗੱਲਾਂ ਕੀਤੀਆਂ। ਅੱਜ ਜਾਤ ਤੇ ਜਮਾਤ ਦਾ ਬਹੁਤ ਵੱਡਾ ਮੁੱਦਾ ਹੈ। ਇਹ ਬਹੁਤ ਵਧੀਆਂ ਤਰੀਕੇ ਨਾਲ ਡਿਫਾਇਨ ਕੀਤਾ ਗਿਆ ਹੈ ਕਿ ਜਿਹੜੀ ਜਾਤ ਹੈ ਉਹ ਇਨਕਲੋਜ਼ ਜਮਾਤ ਹੈ। ਉਹਦੇ 'ਚ



ਮੁੰਬਲਿਟੀ ਨਾ ਮਾਤਰ ਹੁੰਦੀ ਹੈ ਜਾਂ ਉਹ ਸੰਭਵ ਨਹੀਂ ਹੁੰਦੀ। ਅਰਥ ਸ਼ਾਸ਼ਤਰ ਦੇ ਸੰਬੰਧ ਵਿੱਚ ਇਹ ਗੱਲ ਆਈ ਸੀ ਅਸੀਂ ਸੈਮੀਨਾਰਾਂ ਵਿੱਚ ਗੱਲਾਂ ਤਾਂ ਕਰੀ ਜਾਂਦੇ ਹਾਂ। ਪਰ ਕੋਈ ਵੀ ਸਰਕਾਰ ਇਸ ਮੁੱਦੇ ਤੇ ਆਉਣ ਲਈ ਤਿਆਰ ਨਹੀਂ ਹੈ। ਉਨ੍ਹਾਂ ਦਾ ਆਪਣਾ ਏਜੰਡਾ ਐ। ਜੋ ਏਜੰਡਾ ਅਸੀਂ ਡਵੈੱਲਪ ਕਰਨ ਦੀ ਕੋਸ਼ਿਸ ਕਰ ਰਹੇ ਹਾਂ ਉਹ ਏਜੰਡਾ ਸਰਕਾਰਾਂ ਅਪਣਾਉਣ ਲਈ ਤਿਆਰ ਨਹੀਂ ਹਨ। ਅਸੀਂ ਕਲਾ ਪ੍ਰੀਸ਼ਦ ਰਾਹੀਂ ਇਹ ਨਵ ਪੰਜਾਬ ਦੀ ਉਸਾਰੀ ਦਾ ਏਜੰਡਾ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਹ ਠੀਕ ਹੈ ਕਿ ਅਸੀਂ ਇਕ ਡਾਕੂਮੈਂਟ ਤਿਆਰ ਕਰਕੇ ਸਰਕਾਰ ਨੂੰ ਦੇ ਦੇਵਾਂਗੇ। ਇਹ ਵੀ ਫਾਇਲਾ ਵਿੱਚ ਦੱਬ ਕੇ ਰਹਿ ਜਾਵੇਗਾ। ਸਰਕਾਰ ਦਾ ਇਹ ਏਜੰਡਾ ਹੈ ਕਿ ਪਹਿਲਾਂ ਲੋਕਾਂ ਨੂੰ ਮੰਗਤੇ ਬਣਾਇਆ ਜਾਵੇ। ਫਿਰ ਮੰਗਤਿਆਂ ਨੂੰ ਕੁਝ ਖ਼ੈਰਾਇਤਾਂ ਵੰਡ ਕੇ ਉਨ੍ਹਾਂ ਤੋਂ ਵੋਟਾਂ ਹਾਸਲ ਕੀਤੀਆਂ ਜਾਣ। ਫਿਰ ਇਸ ਸਮੇਂ ਵਿੱਚ ਥਿੰਕਰ ਐਨੀ ਮਿਹਨਤ ਨਾਲ ਪੇਪਰ ਤਿਆਰ ਕਰਕੇ ਬੋਲਣ ਆਉਂਦੇ ਨੇ ਫਿਰ ਉਹਦਾ ਕੀ ਮਹੱਤਵ ਰਹਿ ਜਾਂਦਾ ਹੈ। ਕੌਣ ਏ ਜੋ ਇਸ ਨੂੰ ਇਪਲੀਮੈਂਟ ਕਰੇਗਾ। ਸੋ ਇਸ ਏਜੰਡੇ ਵਿੱਚ ਯੂਥ ਨੂੰ ਨਾਲ ਜੋੜਿਆ ਗਿਆ ਹੈ। ਯੂਥ ਹੀ ਇਸ ਸਥਿਤੀ ਵਿੱਚ ਕੁਝ ਨਾ ਕੁਝ ਕਰ ਸਕਦੇ ਹਨ। ਜਿਵੇਂ ਗੱਲ ਚੱਲੀ ਕਿ ਕਿੱਡੀ ਵੱਡੀ ਦਲਿਤ ਮੂਵਮੈਂਟ ਖੜੀ ਹੋਈ... ਔਰ ਇਸੇ ਤਰ੍ਹਾਂ ਜੇ ਵੱਡੀ ਯੂਥ ਮੂਵਮੈਂਟ ਖੜੀ ਹੋ ਜਾਵੇ ਤਾਂ ਸਰਕਾਰਾਂ ਨੂੰ ਉਨ੍ਹਾਂ ਦੀਆਂ ਗੱਲਾਂ ਅਤੇ ਮੁੱਦਿਆ ’ਤੇ ਆਉਣਾ ਪਵੇਗਾ ਜੋ ਅਸੀਂ ਚਾਹੁੰਦੇ ਹਾਂ। ਹੁਣ ਮੈਂ ਆਪਣੀ ਇਨਕਲੋਜ ਕਲਾਸ ’ਤੇ ਆਉਂਦਾ ਹਾਂ। ਜੋ ਸਾਡੀ ਪ੍ਰੋਡੱਕਸਨ ਹੈ ਉਹਦੇ ਤੇ ਤਿੰਨ ਚੀਜ਼ਾਂ ਪ੍ਰਮੁੱਖ ਰਹੀਆ ਨੇ। ਇਕ ਹੈ ਲੈਂਡ... ਉਸ ਤੋਂ ਬਾਅਦ ਕੈਪੀਟਲ ਆ ਜਾਂਦੀ ਹੈ...ਉਹਦੇ ’ਚ ਜਿਵੇਂ ਅਸੀਂ ਵਰਕਰ ਦਾ ਕਿਵੇਂ ਸੋਸ਼ਣ ਹੁੰਦਾ ਹੈ। ਜਿਹਦੇ ਵਿੱਚੋਂ ਪ੍ਰਲੋਟੇਰੀਅਟ ਜਮਾਤ ਦਾ ਵਿਜ਼ਨ ਪ੍ਰਗਟ ਹੁੰਦਾ ਹੈ। ਇਹ ਦੋ ਚੀਜ਼ਾਂ ਅਸੀਂ ਪਿੱਛੇ ਵੇਖ ਆਏ ਹਾਂ। ਸਰਬਜੀਤ ਸਿੰਘ ਹੁਰਾਂ ਨੇ ਇਕ ਗੱਲ ਕਹੀ ਸੀ ਕਿ ਜਾਤ ਹੀ ਪ੍ਰਲੋਟੇਰੀਅਟ ਵਿੱਚ ਕਨਵਰਟ ਹੋ ਜਾਂਦੀ ਹੈ। ਉਹ ਜਾਤ ਇਨਕਲੋਜ ਹੈ। ਉਹਦੇ ਵਿੱਚੋਂ ਬੰਦਾ ਨਿਕਲ ਨਹੀਂ ਸਕਦਾ। ਇਹ ਗੱਲ ਜਾਤ ’ਤੇ ਲਾਗੂ ਹੁੰਦੀ ਹੈ ਕਿ ਜਾਤ ਵਿੱਚ ਮੁੰਬਲਿਟੀ ਕਿਸੇ ਹੱਦ ਤੱਕ ਆ ਜਾਂਦੀ ਹੈ। ਟ੍ਰਾਸਫਾਰ ਹੋ ਕੇ ਜਦੋਂ ਉਹ ਜਮਾਤ ਬਣਦੀ ਹੈ। ਮੁੰਬਲਿਟੀ ਨਹੀਂ ਹੁੰਦੀ ਪਰ ਉਹ ਜਾਤ ਟ੍ਰਾਸਫਾਰ ਜਾਤ ਇਨਲਾਰਜ਼ ਹੋ ਜਾਂਦੀ ਹੈ। ਇਹਦੇ ਵਿੱਚ ਵਿਸਥਾਰ ਹੁੰਦਾ ਉਹਦੇ ਵਿੱਚ ਨਵੀਆਂ ਚੀਜ਼ਾਂ ਐਡ ਹੋ ਜਾਂਦੀਆਂ। ਜਿਹੜੀਆਂ ਕਿ ਜਾਤ ਵਿੱਚ ਨਹੀਂ ਸੀ। ਜਦੋਂ ਅਸੀਂ ਪ੍ਰਲੋਟੇਰੀਅਟ ਵੇਖਦੇ ਹਾਂ ਉਹ ਅਸਲ ਵਿੱਚ ਟ੍ਰਾਸਫਾਰ ਜਾਤ ਹੈ। ਪਰ ਉਹਦੇ ਵਿੱਚ ਹੋਰ ਵੀ ਬਹੁਤ ਸਾਰੇ (ਓਪ ) ਡਿਪਰੈਸਡ ਤੇ ਮਾਰਜਿਨਲਾਇਜਡ ਲੋਕ ਸ਼ਾਮਿਲ ਹੋ ਜਾਂਦੇ ਹਨ। ਜਿਨ੍ਹਾਂ ਨੂੰ ਅਸੀਂ ਇੰਡਸਟ੍ਰੀ ਦੇ ਵਰਕਰ ਦੇ ਤੌਰ ਤੇ ਵੇਖਦੇ ਹਾਂ। ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਜੋ ਪ੍ਰੋਲਟੋਰੀਅਟ ਹੈ ਉਹਦੇ ਵਿੱਚ ਜਾਤ ਸਾਮਿਲ ਹੈ। ਓਪਰੈਸਡ ਤੇ ਮਾਰਜ਼ਨਲਾਇਡ ਜਾਤਾਂ ਨੇ ਉਹਦੇ ਵਿੱਚ ਸ਼ਾਮਿਲ ਨੇ। ਮੈਂ ਜਿਹੜੀ ਗੱਲ ਕਰਨੀ ਚਾਹੁੰਦਾ ਹਾਂ ਉਹ ਕਿ ਇਸ ਤੋਂ ਬਾਅਦ ਜਿਹਨੂੰ ਅਸੀਂ ਕੈਪੀਟਲ ਕਹਿੰਦੇ ਹਾਂ। ਕੈਪੀਟਲ ਤੋਂ ਅਗਲੀ ਚੀਜ਼ ਆ ਜਾਂਦੀ ਹੈ ਉਹ ਹੈ ਟੈਕਨੌਲਿਜ਼ੀ। ਔਰ ਰੌਮਲ ਨੂੰ ਏਸੇ ਗੱਲ ਉੱਤੇ ਨੋਬਲ ਪ੍ਰਾਇਜ਼ ਮਿਲਿਆ ਸੀ ਜਦੋਂ ਉਨ੍ਹਾਂ ਇਹ ਗੱਲ ਕਹੀ ਕਿ ਇਹ ਪ੍ਰੋਡੱਕਸਨ ਦਾ ਬਾਹਰੀ ਪੱਖ ਨਹੀਂ ਹੈ। ਇਹ ਉਹਦਾ ਅੰਦਰਲਾ ਹੀ ਪੱਖ ਹੈ। ਇਹ ਗੱਲ ਮਾਰਕਸ

ਤੋਂ ਵੀ ਟਰੇਸ ਹੁੰਦੀ ਹੈ। ਮੇਰੇ ਕਹਿਣ ਦਾ ਮਤਲਬ ਹੈ ਜਿਸ ਨਵੇਂ ਸੈਟਅੱਪ ਵਿੱਚ ਅਸੀਂ ਐਂਟਰ ਕਰਨ ਜਾ ਰਹੇ ਹਾਂ। ਉੱਥੇ ਟੈਕਨੌਲਜੀ ਹੈ ਉਹ ਬਹੁਤ ਵੱਡੇ ਪੱਧਰ ਉੱਤੇ ਇੰਟਰ ਕਰ ਜਾਂਦੀ ਆ। ਇਹਦੇ ਨਾਲ ਇਕ ਨਵੀਂ ਕਲਾਸ ਮਰਜ਼ ਹੁੰਦੀ ਹੈ। ਪ੍ਰੋਲੇਟੇਰੀਅਟ ਉਹਦੇ ਵਿੱਚ ਸ਼ਾਮਿਲ ਐ। ਜਿਵੇਂ ਪ੍ਰੋਲੇਟੇਰੀਅਟ ਵਿੱਚ ਜਾਤ ਸ਼ਾਮਿਲ ਸੀ। ਇਹ ਜਿਹੜੀ ਨਵੀਂ ਕਲਾਸ ਮਰਜ਼ ਹੁੰਦੀ ਹੈ ਇਹਦੇ ਵਿੱਚ ਪ੍ਰੋਲੇਟੇਰੀਅਟ ਪਲੱਸ ਇਕ ਜਮਾਤ ਹੋ ਜਾਂਦੀ ਹੈ ਜਿਨ੍ਹਾਂ ਨੂੰ ਕਿਹਾ ਜਾ ਸਕਦਾ ਓਪਰੈਸਟਡ ਤੇ ਮਾਰਜ਼ਨਲਾਇਟ ਇਨਰੈਲੇਵੈਂਟ ਹੋ ਜਾਂਦੀ ਹੈ।...ਜਿਹੜੀ ਟੈਕਨੌਲਜੀ ਹੈ ਉਹ ਸਿਰਫ ਮਾਰਜਨਲਾਇਡ ਹੀ ਨਹੀਂ ਕਰਦੀ ਇਹ ਬਹੁਤ ਸਾਰੇ ਲੋਕਾਂ ਨੂੰ ਇਨਰੈਲੇਵੈਂਟ ਬਣਾ ਦਿੰਦੀ ਹੈ। ਜਿਹੜੇ ਲੋਕ ਕੰਟਰੋਲ ਕਰਦੇ ਨੇ ਹੁਣ ਦੁਨੀਆ ਵਿੱਚ 20-25 ਲੋਕ ਹੀ ਹਨ ਜਿਨ੍ਹਾਂ ਨੇ ਦੁਨੀਆ ਨੂੰ ਗੁਲਮ ਬਣਾਇਆ ਹੋਇਆ ਹੈ। ਜਿਵੇਂ ਅਸੀਂ ਖਾਸ ਤਰ੍ਹਾਂ ਨਾਲ ਟੈਕਨੋ ਫਿਊਡਿਲਇਜ਼ਮ ਵੱਲ ਜਾ ਰਹੇ ਹੋਈਏ। ਕਿਉਂਕਿ ਜਿਹੜਾ ਕੈਪੀਟਲ ਇਜ਼ਮ ਹੈ ਇਹਦੀਆਂ ਦੋ ਪਛਾਣਾ ਨੇ ਇਕ ਹੈ ਪ੍ਰੋਫਿਟ ਦੂਜੀ ਕੰਪੀਟਿਸ਼ਨ। ਹੁਣ ਕੋਈ ਕੰਪੀਟਿਸ਼ਨ ਨਹੀਂ ਹੈ ਕੁਝ ਲੋਕ ਨੇ ਜਿਹੜੇ ਆਪਣੀਆਂ ਸਰਵਿਸ਼ਜ਼ ਵੇਚਦੇ ਨੇ ਸਾਰੇ ਲੋਕਾਂ ਨੂੰ। ਸਾਰੇ ਲੋਕ ਹੀ ਓਪਰੈਸਡ ਜਮਾਤ ਵਿੱਚ ਸਾਮਿਲ ਹੋ ਗਏ ਹਨ। ਏਸ ਕਰਕੇ ਜਿਹੜੇ ਲੋਕ ਆਪਣੀ ਸਰਵਿਸ਼ਜ਼ ਵੇਚਦੇ ਨੇ ਉੱਥੇ ਕੋਈ ਕੰਪੀਟਿਸ਼ਨ ਨਹੀਂ ਹੈ। ਉਹ ਸਿਰਫ ਰੈਂਟ ਲੈਂਦੇ ਨੇ। ਇਕ ਤਾਂ ਕੰਪੀਟਿਸ਼ਨ ਕੋਈ ਨਹੀਂ ਦੂਜਾ ਪ੍ਰੋਫਿਟ ਦੀ ਥਾਂ ਰੈਂਟ ਆ ਗਿਆ। ਜਿਵੇਂ ਪੰਜਾਬ ਦਾ ਕਿਸਾਨ ਹੁਣ ਤੱਕ ਇਹ ਸਮਝ ਰਿਹ ਕਿ ਮੈਂ ਤਾਂ ਜ਼ਮੀਨ ਦਾ ਮਾਲਕ ਹਾਂ। ਹੁਣ ਹਕੀਕਤ ਕੀ ਹੈ? ਜਿਹਨੂੰ ਉਹ ਮਾਲਕੀਅਤ ਕਹਿੰਦਾ ਹੈ ਉਹ ਵੱਡੇ ਪੱਧਰ ਉੱਤੇ ਐਸਪਲੇਟੇਸ਼ਨ ਦਾ ਅਧਾਰ ਬਣ ਜਾਂਦੀ ਹੈ। ਮੈਂ ਆਪਣੀ ਜ਼ਮੀਨ ਤੇ ਪ੍ਰੋਡੱਕਸ ਕਰ ਰਿਹਾ ਤੇ ਮੈਨੂੰ ਪਤਾ ਹੀ ਨਹੀਂ ਕਿ ਮੈਂ ਵੱਡੀਆਂ ਵੱਡੀਆਂ ਐਗਰੋ ਕੈਮੀਕਲ ਨੂੰ ਡੀਲ ਕਰਦਿਆਂ ਉਸਦੀ ਸੇਵਾ ਕਰ ਰਿਹਾ। ਛੋਟੇ ਕਿਸਾਨ ਮਾਰਜਨ ਲਾਇਡ ਹੋ ਗਏ। ਉਹ ਲੋਕ ਨਾ ਠੀਕ ਤਰ੍ਹਾਂ ਜੀਅ ਸਕਦੇ ਹਨ ਨਾ ਬੱਚਿਆਂ ਨੂੰ ਪੜ੍ਹਾ ਸਕਦੇ ਨੇ ਉਨ੍ਹਾਂ ਅੱਗੇ ਇਕ ਰਸਤਾ ਹੈ ਕਿ ਬੱਚਿਆ ਨੂੰ ਬਾਹਰ ਭੇਜ ਦਿਓ। ਅਸੀਂ ਯੂਥ ਨੂੰ ਇਨਰੈਲੇਵੈਂਟ ਬਣਾ ਦਿੱਤਾ। ਇਹ ਇਨਰੈਲੇਵੈਂਟ ਦੀ ਗਿਣਤੀ ਦਿਨੋਂ ਦਿਨ ਵੱਧ ਰਹੀ ਐ। ਸਾਰਾ ਯੂਥ ਇਕ ਕਲਾਸ ਵਿੱਚ ਸ਼ਾਮਿਲ ਹੋ ਚੁੱਕੀ ਹੈ। ਅੱਜ ਦੀ ਸਭ ਤੋਂ ਓਪਰੈਸਡ ਤੇ ਮਾਰਜਨਲਾਇਡ ਕਲਾਸ ਯੂਥ ਹੈ। ਇਹ ਭਵਿੱਖ ਵਿੱਚ ਹੋਰ ਵਧੇਗੀ। ਹੁਣੇ ਸੋਸ਼ਲ ਜਸਟਿਸ ਦੀ ਗੱਲ ਹੋਈ ਸੀ। ਇਸ ਲਈ ਅਸੀਂ ਤਿੰਨ ਗੱਲਾਂ ਲੈਂਦੇ ਹਾਂ ਨੰਬਰ ਇਕ ਸੋਸ਼ਲ ਜਸਟਿਸ, ਨੰਬਰ ਦੋ ਡੈਮੋਕਰੇਟਾਈਜੇਸ਼ਨ ਸਮਾਜ ਦੀ, ਨੰਬਰ ਤਿੰਨ ਇਕਨੌਮਿਕ ਡਵੈੱਲਮੈਂਟ। ਅਸੀਂ ਸੁਸਾਇਟੀ ਨੂੰ ਤਿੰਨ ਚੀਜ਼ਾਂ ਨਾਲ ਅੰਡਰਸਟੈਂਡ ਕਰਨ ਦੀ ਕੋਸ਼ਿਸ ਕਰਦੇ ਹਾਂ। ਇਨ੍ਹਾਂ ਤਿੰਨਾਂ ਚੀਜਾਂ ਦਾ ਅਧਾਰ ਸਮਾਜਿਕ ਨਿਆ ਹੈ। ਸੋਸ਼ਲ ਜਸਟਿਸ ਜਿਹਦਾ ਦੂਜਾ ਨਾਂ ਹੈ ਇਨਕਲੂਜਨ, ਇਨਕਲੂਜਨ ਤੋਂ ਬਿਨਾ ਤੁਸੀਂ ਸੁਸਾਇਟੀ ਨੂੰ ਡਮੌਕਰਾਇਟ ਨਹੀਂ ਕਰ ਸਕਦੇ। ਨਾ ਹੀ ਇਕਨੌਮਿਕ ਡਵੈੱਲਪਮੈਂਟ ਪੋਸੀਬਲ ਹੈ। ਇਸ ਸਥਿਤੀ ਵਿੱਚ ਸੁਸਾਇਟੀ ਐਕਸਪਲੇਟੇਸ਼ਨ ਵੱਲ ਹੀ ਵੱਧਣਗੀਆਂ।

**ਡਾ. ਸਰਬਜੀਤ ਸਿੰਘ**-ਅਮਰਜੀਤ ਗਰੇਵਾਲ ਨੇ ਸਾਡੇ ਸਾਹਮਣੇ ਇਕ ਨਵਾਂ ਪ੍ਰਸਪੈਕਟਿਵ ਰੱਖਿਆ ਜਿਹਦੇ ਵਿੱਚ ਦਲਿਤ ਦੇ ਮਸਲੇ ਨੂੰ ਹੋਰ ਵਿਸਥਾਰ ਦਿੱਤਾ, ਜਿਹਦੇ ਵਿੱਚ ਬਹੁਤ ਕੁਝ ਹਾਸ਼ੀਏ ਤੇ ਜਾ ਰਿਹਾ ਜਾਂ ਇਨਰੈਲੇਵੈਂਟ ਹੋ ਰਿਹਾ।

**ਡਾ. ਜਸਵਿੰਦਰ ਸਿੰਘ**-ਜਦੋਂ ਵੀ ਕੋਈ ਸਾਹਿਤਕ ਜਾਂ ਸਮਾਜਿਕ ਲਹਿਰ ਪੈਦਾ ਹੁੰਦੀ ਹੈ। ਦਲਿਤ ਸਾਹਿਤ ਦੀ ਸਥਿਤੀ ਵੀ ਓਸ ਪ੍ਰੋਸੈਸ ਵਿੱਚ ਹੈ ਕਿਉਂਕਿ ਅਸੀਂ ਆਪਣੇ ਤਵੱਸਵਾਂ ਦੇ



ਚਲਾਏ ਬਹੁਤ ਚੱਲਦੇ ਹਾਂ। ਸਾਡੇ ਘੱਟ ਵਿਕਸਿਤ ਸਮਾਜ ਵਿੱਚ ਤਵੱਸਵੀ ਭਾਵ ਬਹੁਤ ਜਿਆਦਾ ਹੈ। ਪੰਜਾਬੀ ਤੇ ਭਾਰਤੀ ਦਲਿਤ ਸਾਹਿਤ ਨੇ ਨਿਸਚਿਤ ਤੌਰ ਤੇ ਇਤਿਹਾਸ ’ਚੋਂ ਖ਼ਾਰਜ਼ ਕੀਤੀਆਂ ਗਈਆਂ ਆਵਾਜ਼ਾਂ ਦੀ ਪਛਾਣ ਕੀਤੀ ਉਹ ਖ਼ਾਮੋਸ਼ ਕਰ ਦਿੱਤੀਆਂ ਗਈਆਂ ਆਵਾਜ਼ਾਂ ਸੀ ਜਾਂ ਹਾਸ਼ੀਏ ’ਤੇ ਧੱਕ ਦਿੱਤੀਆਂ ਗਈਆਂ ਸਨ, ਉਨ੍ਹਾਂ ਨੂੰ ਆਵਾਜ਼ ਦਿੱਤੀ। ਆਪਣੀ ਇਸ ਆਵਾਜ਼ ਲਈ ਨਾ ਸਾਨੂੰ ਕਿਸੇ ਮੇਹਣੇ ਦੀ ਪਰਵਾਹ ਕਰਨੀ ਚਾਹੀਦੀ ਹੈ ਨਾ ਇਹ ਸਾਡਾ ਦੋਸ਼ ਐ। ਇਹ ਉਹ ਚੀਜ਼ਾਂ ਨੇ ਚਾਹੇ ਇਹ ਨਾਰੀ ਲੇਖਣ ਦੇ ਹਵਾਲੇ ਨਾਲ ਹੋ ਰਹੀਆਂ ਨੇ। ਟੈਰੀ ਈਗਲਟਨ ਕਹਿੰਦਾ ਕਿ ਜਿਸ ਮਨੁੱਖੀ ਬੇਹਤਰੀ ਲਈ ਅਸੀਂ ਸੱਭਿਆਚਾਰ ਸਿਰਜਿਆ। ਇਹ ਤਾਂ ਉਹਦੇ ਵਿੱਚ ਅੜਿਕੇ ਵੱਧ ਬਣ ਰਿਹਾ। ਇਹ ਅੜਿਕੇ ਕਿਸੇ ਹੋਰ ਪਾਸਿਓਂ ਨਹੀਂ ਆਏ ਇਹ ਸਮਾਜ ਦੇ ਅੰਦਰੋਂ ਹੀ ਪੈਦਾ ਹੁੰਦੇ ਨੇ। ਇਸ ਨੂੰ ਪੈਦਾ ਕਰਨ ਵਾਲੇ ਤਬਕੇ, ਜਮਾਤਾਂ ਜਾਂ ਜਾਤਾਂ ਇਹਦੇ ਵਿੱਚੋਂ ਹੀ ਸੱਤਾ ਤੰਤਰ ਦੇ ਪ੍ਰਵਚਨ ਨੂੰ ਉਸਾਰਦੇ ਨੇ। ਪੰਜਾਬ ਦੇ ਚਿੰਤਨ ਦੀ ਪ੍ਰੰਪਰਾ ਇਨ੍ਹਾਂ ਕਾਰਜਾਂ ਵਿੱਚ ਹੀ ਰਹੇਗੀ। ਮੈਂ ਦੋ ਤਿੰਨ ਮੁੱਦਿਆਂ ਉੱਤੇ ਸੰਖੇਪ ਜਿਹੀ ਗੱਲ ਕਰਨਾ ਚਾਹੁੰਦਾ ਹਾਂ। ਇਹ ਸੱਤਾ ਤੰਤਰ ਤੇ ਉਹਦੀ ਸਪੇਸ ਦਾ ਮਸਲਾ ਹੁੰਦਾ ਹੈ। ਸਾਡੇ ਸਮਾਜ ਦੀਆਂ ਚਾਲਕ ਸ਼ਕਤੀਆਂ ਕੌਣ ਨੇ? ਤੇ ਉਨ੍ਹਾਂ ਦਾ ਜੀਵਨ ਬਾਰੇ, ਮਨੁੱਖਾ ’ਤੇ ਆਪਣੇ ਹਿੱਤਾ ਬਾਰੇ ਕੀ ਰਵੱਈਆ ਹੈ। ਜਦੋਂ ਵਰਣ ਨੂੰ ਹੌਲੀ-ਹੌਲੀ ਜਾਤ ਵਿੱਚ ਬਦਲਿਆ ਗਿਆ ਤਾਂ ਇਹ ਐਹੋ ਜਿਹੀ ਚੀੜ੍ਹੀ ਜਹਿਮਤ ਪੈਦਾ ਕਰ ਦਿੱਤੀ ਗਈ। ਅੱਡ-ਅੱਡ ਚਾਰ ਦਿਵਾਰੀਆਂ ਬਣਾ ਦਿੱਤੀਆਂ ਗਈਆਂ ਜਿਹਨੂੰ ਤੋੜਨਾ ਜਾਂ ਖਤਮ ਕਰਨਾ ਆਪਣੇ ਆਪ ਵਿੱਚ ਸਮੱਸਿਆ ਬਣ ਗਈ ਜਦੋਂ ਇਹ ਜਨਮ ਨਾਲ ਜੁੜ ਗਈ। ਭਾਰਤ ਵਿੱਚ ਇਹ ਜਾਤ ਦੇ ਹਵਾਲੇ ਨਾਲ ਹੋਰਨਾ ਸਮਾਜਾਂ ਵਿੱਚ ਹੋਰਨਾਂ ਹਵਾਲਿਆਂ ਨਾਲ ਇਹ ਸਮੱਸਿਆ ਆਉਂਦੀ ਹੈ। ਕੁਲ ਮਿਲਾ ਕੇ ਸਪੰਨ ਤੇ ਗੈਰ ਸਪੰਨ ਲੋਕਾਂ ਦੀ ਕਤਾਰਬੰਦੀ ਹੁੰਦੀ ਹੈ। ਉਹਦੇ ਰੂਪ ਅੱਡ ਅੱਡ ਹੁੰਦੇ ਨੇ। ਸਾਨੂੰ ਉਨ੍ਹਾਂ ਪ੍ਰਤੀਰੂਪਾ ਨਾਲ ਚੇਤਨ ਹੋਣ ਦੀ ਲੋੜ ਹੈ। ਦੂਜੀ ਗੱਲ ਨਾਰੀ ਬਾਰੇ ਸੀ। ਪਿੱਤਰਕੀ ਸੀ। ਮੈਂ ਉੱਧਰ ਨਹੀਂ ਜਾਣਾ। ਇਹੀ ਸਮਾਜ ਦੀ ਵਿਉਂਤਕਾਰੀ ਦੀ ਘਾੜਤ ਹੈ ਜਿਹੜੀ ਅਨਿਆਏ ਬੇਤਰਤੀਬੀਆਂ ਨੂੰ ਆਪਣੀ ਸੱਤਾ, ਸ਼ਕਤੀ ਸਾਰੇ ਰਸੋਰਸ ਤੇ ਕਬਜੇ ਲਈ ਬੜੇ ਹੀ ਸੂਖ਼ਮ ਅੰਦਾਜ਼ ’ਚ ਹੌਲੀ-ਹੌਲੀ ਬਣਾਉਂਦੀ ਤੇ ਪੱਕਾ ਕਰਦੀ ਹੈ। ਜਦੋਂ ਡਾ. ਸਵਰਾਜਬੀਰ ਹੁਰਾਂ ਸਿੱਖ ਧਰਮ ਦੇ ਹਵਾਲੇ ਨਾਲ ਡਾ. ਅੰਬੇਡਕਰ ਦੀ ਗੱਲ ਕੀਤੀ। ‘ਦਾਮੂ ਆਛੂਤ ਅਤੇ ਉਹਦੀ ਔਲਾਦ ਦਾ ਜੀਵਨਨਾਮਾ’ ਵਿੱਚ ਇਕ ਹਵਾਲਾ ਆਉਂਦਾ ਹੈ ਜਦੋਂ ਸਾਰੇ ਢੰਗ ਵਰਤ ਕੇ ਡਾ. ਅੰਬੇਡਕਰ ਨੂੰ ਇਹ ਲੱਗਾ ਸ਼ੂਦਰਾ ਦੀ ਬ੍ਰਾਹਮਣਵਾਦੀ ਵਿਵਸਥਾ ਵਿੱਚ ਕੋਈ ਥਾਂ ਨਹੀਂ। ਵੇਲੇ ਦੀ ਅੰਗਰੇਜ਼ ਹਕੂਮਤ ਨੇ ਵੀ ਉਨ੍ਹਾਂ ਨੂੰ ਬੁਰੀ ਤਰ੍ਹਾਂ ਖਦੇੜਿਆ। ਇਸ ਸਾਰੇ ਕਾਰਜ ਵਿੱਚ ਦਾਮੂ ਸਮਾਜ ’ਚ ਵਿਚਰ ਰਿਹਾ ਸੀ। ਛੇਕੜ ਅੰਬੇਡਕਰ ਨੇ ਬੁੱਧ ਧਰਮ ਵਿੱਚ ਜਾਣ ਦਾ ਫੈਸਲਾ ਕੀਤਾ। ਜੇ ਮੈਂ ਦਾਮੂ ਦੀ ਗੱਲ ਕਰਾਂ ਕਿਵੇਂ ਉਸ ਨੇ ਇਕ ਪਿੰਡ ਵਿੱਚੋਂ ਆ ਕੇ ਇਕ ਅਨਪੜ੍ਹ ਬੰਦੇ ਨੇ ਜ਼ਿੰਦਗੀ ਨੂੰ ਜੀਵਿਆ ਤੇ ਬਦਲਿਆ ਪਰ ਉਹਦੇ ਘਰ ਇਹ ਰੱਫ਼ੜ ਪੈ ਗਿਆ ਕਿ ਦਾਮੂ ਕਹੇ ਮੈਂ ਅੰਬੇਡਕਰ ਦੇ ਮਗਰ ਲੱਗ ਕੇ ਬੁੱਧ ਧਰਮ ਵੱਲ ਜਾਣਾ ਉਹਦੇ ਘਰ ਵਾਲੀ ਉਹਦੇ ਨਾਲ ਕੇਵਲ ਨਰਾਜ਼ ਨਹੀਂ ਹੋਈ ਬਲਕਿ ਸਖ਼ਤ ਗੁੱਸੇ ਹੋਈ। ਦਾਮੂ ਆਪਣੀ ਘਰ ਵਾਲੀ ਨੂੰ ਰਜ਼ਾਮੰਦ ਨਹੀਂ ਕਰ

ਸਕਿਆ, ਜੋਰ ਲਾ ਕੇ ਵੀ। ਇਹ ਗੱਲ ਮੈਂ ਤਾਂ ਕੀਤੀ ਆ ਕਿ ਦੋ ਤਰ੍ਹਾਂ ਨਾਲ ਸਾਡੀ ਟ੍ਰਾਂਸਫਰਮੇਸ਼ਨ ਹੁੰਦੀ ਹੈ ਜਿਨ੍ਹਾਂ ਸਥਿਤੀਆਂ ਵਿੱਚ ਅਸੀਂ ਜੰਮੇ ਹੁੰਦੇ ਹਾਂ ਉਨ੍ਹਾਂ ਨਿੱਕੀਆਂ ਨਿੱਕੀਆਂ ਚੀਜਾਂ ਨੂੰ ਸੁਚੇਤ ਮਨ ’ਚੋਂ ਖਾਰਜ਼ ਕਰਨਾ ਔਖੀ ਹੈ। ਉਸ ਪ੍ਰੋਸੈੱਸ ਵਿੱਚ ਪੈਣਾ ਬੜਾ ਔਖਾ ਹੁੰਦਾ ਹੈ। ਦੋ ਕੁ ਪੈੱਗ ਲੱਗਣ ਤੋਂ ਬਾਅਦ ਸਾਡੇ ਬਹੁਤੇ ਲੇਖਕਾਂ ਦੀ ਜਾਤ ਫ਼ਨੀਅਰ ਨਾਗ਼ ਵਾਂਗ ਫ਼ਨ ਚੁੱਕ ਕੇ ਖੜ ਜਾਂਦੀ ਹੈ। ਇਹ ਇਕ ਤਲਖ਼ ਹਕੀਕਤ ਹੈ ਸਾਡਾ ਅੰਤਰਮਨ ਅਜੀਬ ਤਰ੍ਹਾਂ ਦੀਆਂ ਆ-ਤਰਕਿਕ ਚੀਜ਼ਾਂ ਵਿੱਚ ਉਲਝ ਜਾਂਦਾ ਹੈ। ਹਕੀਕਤ ਨਾਲ ਦਸਤਪੰਜਾ ਲੈਣਾ ਬਹੁਤ ਥੋੜ੍ਹੇ ਬੰਦਿਆਂ ਦੀ ਨੈਤਿਕ ਦਲੇਰੀ ਹੁੰਦੀ ਹੈ। ਇਸ ਨੈਤਿਕ ਦਲੇਰੀ ਪਿੱਛੇ ਉਨ੍ਹਾਂ ਦਾ ਸੋਚਣ ਦਾ ਢੰਗ ਵਿਚਰਨ ਦਾ ਢੰਗ ਪਿਆ ਹੁੰਦਾ ਹੈ। ਗੱਲ ਇਹ ਹੈ ਕਿ ਮੈਂ ਇਨ੍ਹਾਂ ਤਵੱਸਵਾ ਨੂੰ ਲੈ ਕੇ ਵੱਡਾ ਬਣਨਾ ਜਾਂ ਮੈਂ ਇਨਸਾਨ ਬਣ ਕੇ ਵੱਡਾ ਬਣਨਾ ਹੈ। ਅਸੀਂ ਬੰਦੇ ਨੂੰ ਡੀਗਰੇਟ ਕਰਨ ਦਾ ਐਨਾ ਭਾਰੀ ਪ੍ਰਵਚਨ ਬਣਾਇਆ ਹੋਇਆ ਹੈ ਅਸੀਂ ਇਕ ਟਰੈਪ ਵਿੱਚੋਂ ਨਿਕਲਦੇ ਹਾਂ ਤਾਂ ਦੂਜੇ ਵਿੱਚ ਫਸ ਜਾਂਦੇ ਹਾਂ। ਅਸੀਂ ਮਾਰਕਸਵਾਦ ਪੜ੍ਹ ਲਿਆ। ਸੂਤਰ ਪੜ੍ਹ ਲਏ। ਜਿੱਥੇ ਜਾ ਕੇ ਬੰਦਾ ਮਨੁੱਖੀ ਸਬੰਧਾਂ ਵੱਲ ਤੁਰਦਾ, ਇਨਸਾਨ ਹੋਣ ਦੀ ਜਰਨੀ ਤੇ ਦੋ ਕਦਮ ਤੁਰਦਾ ਸਾਡੇ ਪੈਰ ਲੜ੍ਹ ਖੜਾ ਜਾਂਦੇ ਨੇ। ਕਿਸੇ ਜਾਤ ਨਾਲ ਜਾਤੀਵਾਦੀ ਬਣ ਨਹੀਂ ਲੜਿਆ ਜਾ ਸਕਦਾ। ਸਾਨੂੰ ਜਾਤ ਦੇ ਅਮਾਨਵੀ ਬੰਧਨਾ ਲਈ ਸਾਰਿਆਂ ਨੂੰ ਜਿਹੜੇ ਸਿੱਧੇ ਤੌਰ ਪੀੜਤ ਨਹੀਂ ਪਰ ਚੰਗਾ ਸਮਾਜ ਬਣਾਉਣ ਦਾ ਸੁਪਨਾ ਲੈਂਦੇ ਨੇ ਉਨ੍ਹਾਂ ਨੂੰ ਸਾਰੇ ਮਸਲਿਆਂ ਨਾਲ ਤੁਰਨਾ ਚਾਹੀਦਾ ਹੈ। ਸਾਡੀਆਂ ਲਿਖਤਾਂ ਦਾ ਵੀ ਬਹੁਤ ਸੀਮਤ ਦਾਇਰਾ ਹੈ। ਕਿਸੇ ਬੰਦੇ ਨੂੰ ਦੁੱਖ ਹੋਣਾ, ਤਕਲੀਫ਼ ਹੋਣੀ, ਕਸ਼ਟ ਹੋਣਾ, ਅਮਾਨਵੀ ਸਥਿਤੀਆਂ ਇਕ ਮਸਲਾ ਹੈ। ਮੈਂ ਸਾਰੀਆਂ ਸਵੈ ਜੀਵਨੀਆਂ ...ਅੱਕਰਮਾਸ਼ੀ, ਜੂਠ, ਗੱਠੜੀ ਚੋਰ ਤੇ ਕੁਝ ਹੋਰ ਪੜ੍ਹੀਆਂ। ਮੈਨੂੰ ਲੱਗਾ ਕਿ ਅਸਲ ਵਿੱਚ ਇਹ ਕੋਹੜ ਕਿੰਨੇ ਰੰਗਾਂ ਵਿੱਚ ਤੁਰਿਆ ਫਿਰਦਾ ਹੈ। ਇਨ੍ਹਾਂ ਦੀ ਸਮਾਜ ਵਿੱਚ ਸਪੇਸ ਸਾਡੀ ਮਰਜ਼ੀ ਨਾਲ ਨਹੀਂ ਬਣਨੀ। ਸਾਡੇ ਕੋਲ ਕੋਈ ਜਾਦੂ ਨਹੀਂ ਹੈ। ਸਾਨੂੰ ਬੜੇ ਸਿਰੜ ਨਾਲ ਏਧਰ ਨੂੰ ਤੁਰਨਾ ਪੈਣਾ ਏ। ਨਹੀਂ ਤਾਂ ਇਹ ਸੈਮੀਨਾਰਾਂ ਦੀਆਂ ਗੱਲਾਂ ਬਣ ਕੇ ਰਹਿ ਜਾਂਦੀਆਂ ਨੇ। ਜੇ ਗੱਲਾਂ ਨਾਲ ਸਾਰੇ ਮਸਲੇ ਹੱਲ ਹੁੰਦੇ ਤਾਂ ਸਿੱਖ ਧਰਮ ਵਿੱਚ ਜਾਤ ਹੁੰਦੀ ਹੀ ਨਾ। ਸ਼ਬਦਾਂ ਤੇ ਵਿਚਾਰਾਂ ਤੋਂ ਅੱਗੇ ਜ਼ਿੰਦਗੀ ਦੀ ਪ੍ਰੈਕਟਿਸ ਦਾ ਅਧਾਰ ਕੀ ਹੈ? ਜਿੱਥੇ ਇਹ ਫ਼ੈਸਲੇ ਹੁੰਦੇ ਨੇ ਉਹ ਸੱਤਾ ਤੰਤਰ ਹੈ। ਮੈਂ ਅੰਤਲੀ ਗੱਲ ਕਰਨੀ ਹੈ। ਸਾਨੂੰ ਅੰਤਰਮੁਖਤਾਵਾਂ ਨੂੰ ਮੁਖਾਤਿਬ ਹੋਣਾ ਪੈਣਾ ਹੈ। ਜਿਹੜੇ ਵੀ ਸਾਹਿਤ ਨੇ ਜੀਣਾ ਹੈ, ਉਸ ਨੂੰ ਪੜ੍ਹਦਿਆਂ, ਸਮਝਦਿਆਂ ਚੰਗਾ ਸਾਹਿਤ ਸਾਨੂੰ ਸਾਹ ਲੈਣਾ ਸਿਖਾਉਂਦਾ ਹੈ। ਮਾੜੇ ਸਾਹਿਤ ਬਾਰੇ ਸਾਨੂੰ ਬਹੁਤਾ ਸੋਚਣ ਦੀ ਲੋੜ ਨਹੀਂ ਹੁੰਦੀ। ਸਭ ਤੋਂ ਮਹੱਤਵਪੂਰਨ ਗੱਲ ਉਹ ਸਾਨੂੰ ਇਨਸਾਨ ਬਣਨਾ ਸਿਖਾਉਂਦਾ ਹੈ। ਸਾਹਿਤ ਦੀ ਭੂਮਿਕਾ ਹੀ ਇਹ ਹੈ ਕਿ ਇਹ ਸਾਨੂੰ ਜੀਉਣ ਜੋਗਾ ਬਣਾਉਂਦਾ ਹੈ। ਹਾਲਾਤ ਜਿੰਨੇ ਮਰਜ਼ੀ ਮਾੜੇ ਹੋਣ, ਵਧੀਆਂ ਸਾਹਿਤ ਆਪਣੇ ਆਪ ਸਾਨੂੰ ਮਨੁੱਖ ਹੋਣ ਦੀ ਜ਼ਾਮਨੀ ਦਿੰਦਾ ਹੈ। ਮੈਂ ਤਾਂ ਇਹ ਸੋਚਦਾ ਹਾਂ ਕਿ ਜਾਤ ਗਈ ਕਿਓ ਨਹੀਂ? ਜਾਣ ਤੋਂ ਬਾਅਦ ਵੀ ਇਸ ਨੇ ਕਿਹੜੇ ਰੂਪਾਂ ਵਿੱਚ ਸਾਡੇ ਸਮਾਜ ਤੇ ਸੱਤਾ ਤੰਤਰ ਵਿੱਚ ਵੜ ਜਾਣਾ ਹੈ! ਇਹ ਆਪਣੇ ਆਪ ਵਿੱਚ ਉਹ ਵਾਇਰਸ ਏ ਜਿਹੜੀ ਵਾਇਰਸ ਦੀ ਪਛਾਣ ਕਰਨੀ ਬਹੁਤ ਔਖੀ ਹੈ। ਅੱਜ ਤਾਂ ਅਸੀਂ ਇਨ੍ਹਾਂ ਵਾਇਰਸਾਂ ਦਾ ਬਹੁਤ ਸ਼ਿਕਾਰ ਹਾਂ। ਜਿਹੜੇ ਬੁਨਿਆਦੀ ਇਨਸਾਨੀ ਤਕਾਜ਼ੇ ਨੇ ਕਿ ਸਮਾਜ ਨਿਆਇਕ ਹੋਵੇ। ਸਮਾਜ ਬਰਾਬਰੀ ਦੇ ਅਸੂਲ ’ਤੇ ਚੱਲੇ। ਸਮਾਜ ਵਿੱਚ ਹਰ ਸਮੂਹ ਦੀ ਬਰਾਬਰੀ ਹੋਵੇ। ਇਹ ਅਸੂਲ ਹੀ ਜ਼ਰੂਰੀ ਨੇ ਬਾਕੀ ਤਬਦੀਲੀਆਂ ਇਹਦੇ ਮੁਤਾਬਿਕ ਹੁੰਦੀਆਂ ਰਹਿਣਗੀਆਂ।



**ਪਰਮਜੀਤ ਕੌਰ ਸਿੱਧੂ-** ਪਿੱਛੇ ਆਪਾਂ ਦਲਿਤ ਲੋਕਾਂ ਦੀ ਸਮਾਜਿਕ ਦਰਜਾਬੰਦੀ ਤੇ ਸਮਾਜਿਕ ਸਪੇਸ ਦੀਆਂ ਗੱਲਾਂ ਕੀਤੀਆਂ। ਚਿੰਤਨ ਤੇ ਚੇਤਨਾ ਦੀ ਗੱਲ ਕੀਤੀ। ਉਨ੍ਹਾਂ ਨੇ ਸਾਹਿਤ ਤੋਂ ਬਾਹਰ ਜਾ ਕੇ ਪੰਜਾਬੀ ਸੁਸਾਇਟੀ ਤੇ ਭਾਰਤੀ ਸਮਾਜ ਵਿੱਚ ਦਲਿਤ ਦੀ ਕੀ ਸਥਿਤੀ ਹੈ ਔਰ ਦਲਿਤ ਚਿੰਤਨ ਦੇ ਖੇਤਰ ਵਿੱਚ ਕਿਸ ਕਿਸ ਤਰ੍ਹਾਂ ਦੀਆਂ ਲਹਿਰਾਂ ਚੱਲੀਆਂ। ਉਨ੍ਹਾਂ ਨੂੰ ਸਾਹਿਤ ਦੀਆਂ ਵੱਖਰੀਆਂ ਵੱਖਰੀਆਂ ਵਿਧਾਵਾਂ ਦੇ ਨਾਲ ਜੋੜ ਕੇ ਗੱਲ ਕੀਤੀ, ਉਨ੍ਹਾਂ ਨੁਕਤਿਆਂ ਬਾਰੇ ਗੱਲਾਂ ਅੱਗੇ ਵਿਦਵਾਨ ਕਰਨਗੇ।

...ਇਹ ਤਾਂ ਆਪਾਂ ਮੰਨ ਹੀ ਚੁੱਕੇ ਹਾਂ ਕਿ ਭਾਰਤੀ ਸਮਾਜ ਦੀ ਬਣਤਰ ਦੁਨੀਆਂ ਦੇ ਬਾਕੀ ਦੇਸ਼ਾਂ ਦੇ ਮੁਕਾਬਲੇ ਕਾਫੀ ਗੁੰਝਲਦਾਰ ਹੈ ਤੇ ਭਾਰਤੀ ਸਮਾਜ ਵਿੱਚ ਜਾਤ ਪ੍ਰਥਾ ਦਾ ਸੁਭਾਅ ਜਨਮ ਨਾਲ ਨਿਸਚਿਤ ਹੋ ਜਾਂਦਾ ਹੈ। ਫਿਰ ਮਰਨ ਤੱਕ, ਉਨ੍ਹਾਂ ਦੇ ਕ੍ਰਿਰਿਆ ਕਰਮ ਤੱਕ ਜਾਤ ਉਹਦੇ ਨਾਲ ਤੁਰਦੀ ਰਹਿੰਦੀ ਹੈ। ਵਿਦਵਾਨ ਜੀ. ਐਸ. ਗੁਰੀਏ, ਅਬੇ ਡੁਬਾਏ ਤੇ ਇਬਟਸਨ ਨੇ ਹਿੰਦੂ ਜਾਤ ਪ੍ਰਣਾਲੀ ਨੂੰ ਬ੍ਰਾਹਮਣਾਂ ਦੀ ਚਤੁਰ ਰਾਜਨੀਤਕ ਯੋਜਨਾ ਦੱਸਿਆ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਭਾਰਤ ਵਿੱਚ ਜਾਤੀ ਪ੍ਰਣਾਲੀ ਦੀ ਸ਼ੁਰੂਆਤ ਇੰਡੋ-ਆਰੀਆ ਲੋਕਾਂ ਦੇ ਇੱਥੇ ਆਉਣ ਪਿੱਛੋਂ ਹੁੰਦੀ ਹੈ। ਭਾਵੇਂ ਕਿ ਡੈਨਜ਼ਿਲ ਇਬਟਸਨ ਨੇ ਜਾਤ ਪ੍ਰਣਾਲੀ ਦੀ ਉਤਪਤੀ ਚਾਰ ਵਰਣਾਂ 'ਤੇ ਆਧਾਰਤ ਨਾ ਮੰਨ ਕੇ ਆਰਥਿਕ ਆਧਾਰ ਤੇ ਬਣੇ ਸੰਘਾਂ ਤੋਂ ਹੋਈ ਮੰਨੀ ਹੈ। ਮਨੂੰ ਸਿਮ੍ਰਿਤੀ ਤੱਕ ਪਹੁੰਚਦੇ ਪਹੁੰਚਦੇ ਜਾਤ ਵਿਵਸਥਾ ਦਾ ਦਰੱਖਤ ਕਾਫੀ ਮਜ਼ਬੂਤ ਹੋ ਜਾਂਦਾ ਹੈ। ਜਿਸ ਦੀਆਂ ਜੜ੍ਹਾਂ ਭਾਰਤ ਦੀ ਧਰਤੀ ਵਿੱਚ ਫੈਲ ਜਾਂਦੀਆਂ ਹਨ। ਉਪਨਿਸ਼ਦਾ ਦਾ ਸਮਾਂ ਅਸੀਂ ਵੇਖਦੇ ਹਾਂ, ਫਿਰ ਬੁੱਧ ਧਰਮ ਵੀ ਆਪਣੇ ਸਮੇਂ ਦੀ ਤਸਵੀਰ ਸਾਡੇ ਸਾਹਮਣੇ ਰੱਖਦਾ ਹੈ। ਧਰਮ ਸੂਤਰ, ਗ੍ਰਹਿ ਸੂਤਰ, ਕੌਟੱਲਿਆ ਦਾ ਅਰਥ ਸ਼ਾਸਤਰ ਆਦਿ ਗ੍ਰੰਥ ਜਾਤੀ ਵਿਵਸਥਾ ਦੇ ਇਤਿਹਾਸ ਤੇ ਵਿਕਾਸ ਦੀ ਰੇਖਾ ਉਲੀਕਦੇ ਹਨ। ਸਾਨੂੰ ਦਲਿਤ ਚੇਤਨਾ ਦੇ ਬੀਜ ਪੰਜਾਬੀ ਵਿੱਚ ਚੱਲੀਆਂ ਗੁਰਮਤਿ ਅਤੇ ਭਗਤੀ ਲਹਿਰਾਂ ਵਿੱਚ ਲੱਭਦੇ ਹਨ। ਵਧੇਰੇ ਕਰਕੇ ਸੰਤ ਕਵੀ ਨੀਵੇਂ ਵਰਗਾਂ ਵਿੱਚੋਂ ਸਨ ਜਿਨ੍ਹਾਂ ਕੋਲ ਭਾਰਤੀ ਸਮਾਜ ਦੀਆਂ ਨੀਵੀਂਆਂ ਜਾਤੀਆਂ ਦਾ ਤੀਖਣ ਅਨੁਭਵ ਸੀ। ਇਸੇ ਕਰਕੇ ਸੰਤਾਂ ਨੇ ਸਭ ਤੋਂ ਪਹਿਲਾਂ ਦਲਿਤ ਲੋਕਾਂ ਦੇ ਦੁੱਖ ਦਰਦਾਂ ਨੂੰ ਆਪਣੀ ਬਾਣੀ ਵਿੱਚ ਪੇਸ਼ ਕੀਤਾ। ਕਬੀਰ, ਰਵਿਦਾਸ ਤੇ ਨਾਮਦੇਵ ਦੇ ਨਾਂ ਪ੍ਰਮੁੱਖ ਲਏ ਜਾ ਸਕਦੇ ਹਨ। ਮੱਧਕਾਲ ਦੇ ਇਨ੍ਹਾਂ ਕਵੀਆਂ ਨੇ ਜਾਤੀ ਪਾਤੀ ਵਿਚਾਰਧਾਰਾ ਨੂੰ ਵੰਗਾਰਿਆ। ਮੂਲ ਰੂਪ ਵਿੱਚ ਇਨ੍ਹਾਂ ਦਾ ਵਿਰੋਧ ਬ੍ਰਾਹਮਣਵਾਦੀ ਕਰਮਕਾਂਡ ਤੇ ਬ੍ਰਾਹਮਣਵਾਦੀ ਵਿਚਾਰਧਾਰਾ ਨਾਲ ਹੈ। ਨਾਮਦੇਵ ਕਹਿੰਦੇ ਨੇ-ਹਿੰਦੂ ਅੰਨਾ ਤੁਰਕੂ ਕਾਣਾ, ਦੁਹਾਂ ਤੇ ਗਿਆਨੀ ਸਿਆਣਾ' ਭਗਤ ਨਾਮਦੇਵ ਦੀ ਬਹੁਤੀ ਬਾਣੀ ਪਾਖੰਡਾਂ, ਦੇਵਤਿਆਂ ਦੀ ਪੂਜਾ ਅਤੇ ਭੇਖਾਂ ਨੂੰ ਰੱਦ ਕਰਦੀ ਹੋਈ ਆਪਣੇ ਸਮੇਂ ਦੇ ਹਾਲਾਤਾਂ ਨਾਲ ਜੂਝਦੀ ਹੈ। ਸਾਡੇ ਕੋਲ ਦੂਜੇ ਕਵੀ ਕਬੀਰ ਹਨ। ਕਬੀਰ ਨੇ ਵੀ ਧਾਰਮਿਕ ਪਾਖੰਡਾਂ ਤੇ ਕਰਮਕਾਡਾਂ ਨੂੰ ਨਿੰਦਦਿਆਂ ਹੋਇਆ ਉਨ੍ਹਾਂ ਪੰਡਤਾਂ, ਕਾਜੀਆਂ ਤੇ ਮੁਲਾਣਿਆਂ ਨੂੰ ਬੇਨਕਾਬ ਕੀਤਾ। ਅੱਗੇ ਰਵਿਦਾਸ ਆ ਜਾਂਦੇ ਨੇ। ਉਨ੍ਹਾਂ ਦਾ ਰੋਲ ਵੀ ਬਹੁਤ ਅਹਿਮ ਹੈ। ਉਨ੍ਹਾਂ ਕਿਹਾ-ਜਾਤੀ ਓਛਾ ਪਾਤੀ ਓਛਾ ਓਛਾ ਜਨਮ ਹਮਾਰਾ, ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ' ... ਹੁਣ ਆਪਾਂ ਮੱਧਕਾਲੀ ਸਾਹਿਤ ਨਾਲ ਸੰਬੰਧਤ ਗੱਲਾਂ ਕਰਨੀਆਂ ਨੇ।



**ਡਾ. ਅਵਤਾਰ ਸਿੰਘ**-ਗੁਰਮਤਿ ਸਾਹਿਤ ਤੇ ਦਲਿਤ ਸਰੋਕਾਰ ’ਤੇ ਮੈਂ ਆਪਣੀ ਗੱਲ ਕਰਾਂਗਾ। ਸਾਡੇ ਹਿੰਦੋਸਤਾਨ ਦੀ ਜੋ ਦਲਿਤ ਸਮੱਸਿਆ ਹੈ ਇਹਦਾ ਹੱਲ ਤਾਂ ਭਾਵੇਂ ਸਾਡੇ ਕੋਲ ਨਾ ਹੋਵੇ ਸ਼ਾਇਦ ਇਹਨੂੰ ਸਮਝਣ ਵਿੱਚੋਂ ਕੋਈ ਹੱਲ੍ਹ ਨਿਕਲ ਸਕਦਾ ਹੈ। ਸਭ ਤੋਂ ਪਹਿਲਾਂ ਇਹਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਹਦੀਆਂ ਜੜ੍ਹਾਂ ਕਿੱਥੇ ਨੇ। ਇਹ ਸ਼ੁਰੂ ਕਿੱਥੋਂ ਹੋਈ ਹੈ। ਜਦੋਂ ਅਸੀਂ ਹਿੰਦੋਸਤਾਨ ਦੇ ਇਤਿਹਾਸ ਵਿੱਚੋਂ ਨਿਗਾ ਮਾਰਦੇ ਹਾਂ ਤਾਂ ਅਨੇਕਾਂ ਲੇਅਰਜ਼ ਨਜ਼ਰ ਆਉਂਦੀਆਂ ਨੇ। ਜਿਹੜੀਆਂ ਕਦੇ ਕਦੇ ਓਵਰਲੈਪ ਕਰ ਜਾਂਦੀਆਂ ਨੇ। ਕਦੇ ਕਦੇ ਉਪਰ ਥੱਲੇ ਹੋ ਜਾਂਦੀਆਂ ਨੇ। ਉਨ੍ਹਾਂ ਦੋਹਾਂ ਲਈ ਜੇ ਅਸੀਂ ਪੁਲ਼ ਲੱਭਣਾ ਹੋਵੇ ਤਾਂ ਉਹ ਹੈਗਾ ਐ ਸਨਾਤਨ ਧਰਮ.. ਮਾਨਵ ਧਰਮ, ਦੂਜੀ ਹੈ ਵਰਣ ਆਸ਼ਰਮ ਧਰਮ। ਇਨ੍ਹਾਂ ਵਿੱਚ ਕਨਫਿਊਜਨ ਵੀ ਹੈ। ਕਈ ਦੋਹਾਂ ਨੂੰ ਇਕੋ ਸਮਝਦੇ ਆ ਜੋ ਵਰਣ ਆਸ਼ਰਮ ਧਰਮ ਐ ਉਹੀ ਸਨਾਤਨ ਧਰਮ ਐ। ਜਦ ਕਿ ਦੋਵੇਂ ਇਕ ਦੂਜੇ ਦੇ ਉਲਟ ਐ। ਸਨਾਤਨ ਸ਼ਬਦ ਦਾ ਐਟਮੋਲਿਜ਼ੀ ਅਰਥ ਐ ਉਹਦੇ ਵਿੱਚ ਦੋ ਹਿੱਸੇ ਐ, ਇਕ ਯੂਨੀਵਰਸਲ, ਦੂਜਾ ਇਨਟੱਰਨਲ ਕਿ ਸਾਡੇ ਪੁਰਖਿਆ ਨੇ ਸੱਚ ਨੂੰ ਇਸ ਤਰ੍ਹਾਂ ਸੋਚਿਆ। ਕਿ ਸੱਚ ਉਹ ਹੋਣਾ ਚਾਹੀਦਾ... ਸੱਚ ਕੀ ਹੈ ਇਹ ਤਾਂ ਪਤਾ ਨਹੀਂ। ਕਿ ਸੱਚ ਉਹ ਹੋਣਾ ਚਾਹੀਦਾ ਜੋ ਯੂਨੀਵਰਸਲ ਵੀ ਹੋਵੇ ਤੇ ਇਨਟੱਰਨਲ ਵੀ ਹੋਵੇ। ਹਰ ਖਿੱਤੇ ਦਾ ਹਰ ਨਸਲ ਦਾ ਇਕੋ ਰੰਗ ਹੋਵੇ। ਹਰ ਸਮੇਂ ਦਾ ਇਕੋ ਸੱਚ ਹੋਵੇ। ਸੋ ਕੁਝ ਲੋਕਾਂ ਨੇ ਸੱਚ ਨੂੰ ਉਹੀ ਸੱਚ ਕਿਹਾ ਜੋ ਇਨਟੱਰਨਲ ਵੀ ਤੇ ਯੂਨੀਵਰਸਲ ਵੀ, ਸਰਵਵਿਆਪਕ ਵੀ ਹੈ। ਸਦੀਵੀਂ ਹੈ। ਕਿਹਾ ਗਿਆ ਬੰਦੇ ਦਾ ਉਹ ਧਰਮ ਹੈ ਸਨਾਤਨ ਧਰਮ। ਪਤਾ ਨੀਂ ਕਿਵੇਂ ਸਨਾਤਨ ਧਰਮ ਵਰਣ ਆਸ਼ਰਣ ਵਿੱਚ ਤਬਦੀਲ ਹੋ ਗਿਆ। ਜਦੋਂ ਵਰਣ ਆਸ਼ਰਮ ਧਰਮ ਬਣਦਾ ਉਹਦੇ ਵਿੱਚ ਆ ਕੇ ਸਮਾਜ ਚਾਰ ਵਰਗਾਂ ਵਿੱਚ ਵੰਡਿਆ ਜਾਂਦਾ। ਇਕ ਬੰਦੇ ਦੀ ਜ਼ਿੰਦਗੀ ਚਾਰ ਹਿੱਸਿਆ ਆਸ਼ਰਮਾ ਵਿੱਚ ਵੰਡੀ ਜਾਂਦੀ ਹੈ। ਹਰ ਵਰਗ ਦਾ ਸੱਚ ਵੱਖਰਾ ਹੈ। ਬੰਦੇ ਦੇ ਜੋ ਚਾਰ ਆਸ਼ਰਮ ਨੇ ਹਰ ਆਸ਼ਰਮ ਦਾ ਸੱਚ ਵੱਖਰਾ ਵੱਖਰਾ ਹੈ। ਸਾਨੂੰ ਇਸ ਗੱਲ ਨੂੰ ਲੈ ਕੇ ਕਲੈਰਟੀ ਚਾਹੀਦੀ ਹੈ ਸਨਾਤਨ ਧਰਮ ਹੋਰ ਚੀਜ਼ ਹੈ ਵਰਣ ਆਸ਼ਰਮ ਹੋਰ। ਇਹਦੇ ਵਿੱਚ ਜੋ ਕਨਫਿਊਜਨ ਕਰੀਏਟ ਕੀਤੀ ਜਾ ਰਹੀ ਹੈ ਉਹ ਸਮੱਸਿਆ ਨੂੰ ਉਲਝਾਉਣ ਵਾਲਾ ਹੈ। ਕੁਝ ਲੋਕ ਵਰਣ ਆਸ਼ਰਮ ਨੂੰ ਸਨਾਤਨ ਧਰਮ ਕਹਿ ਕੇ ਪ੍ਰਚਾਰ ਰਹੇ ਨੇ। ਆਮ ਬੰਦੇ ਨਹੀਂ ਵੱਡੇ ਬੰਦੇ ਖਾਸ ਕਰਕੇ ਸ਼ੰਕਰਅਚਾਰੀਆ। ਉਹ ਅਕਸਰ ਹੀ ਸਨਾਤਨ ਧਰਮ ਕਹਿੰਦੇ ਨੇ ਜਦ ਕਿ ਉਹ ਵਰਣ ਆਸ਼ਰਮ ਦੀ ਗੱਲ ਕਰ ਰਹੇ ਹੁੰਦੇ ਨੇ। ਚਾਹੇ ਉਹ ਵੇਦ ਨੇ, ਚਾਹੇ ਉਹ ਸਿਮ੍ਰਿਤੀਆਂ ਨੇ, ਪੁਰਾਣ ਨੇ ਚਾਹੇ ਉਹ ਬ੍ਰਹਮ ਸੂਤਰ ਐ, ਧਰਮ ਸੂਤਰ ਐ। ਚਾਹੇ ਉਨ੍ਹਾਂ ਦੇ ਟੀਕੇ ਐ। ਉਨ੍ਹਾਂ ਵਿੱਚ ਦੋਵੇਂ ਚੀਜ਼ਾਂ ਕਿਤੇ ਨਾ ਕਿਤੇ ਮਿਲ ਜਾਂਦੀਆਂ ਨੇ। ਪਰ ਦੋਵੇਂ ਚੀਜਾਂ ਇਕ ਦੂਜੇ ਦੇ ਵਿਰੋਧ ਵਿੱਚ ਐ। ਕਈ ਵਾਰ ਹੈਰਾਨੀ ਹੁੰਦੀ ਐ ਇਹਦੇ ਵਿੱਚ ਆਹ ਚੀਜ਼ ਕਿਵੇਂ ਆ ਗਈ। ਖਾਸ ਤੌਰ ਤੇ ਬ੍ਰਹਮ ਸੂਤਰ ’ਚ ਜਿਨ੍ਹਾਂ ਦਾ ਟੀਕਾ ਸ਼ੰਕਰਚਾਰੀਆਂ ਨੇ ਕੀਤਾ। ਬ੍ਰਹਮ ਸੂਤਰ ਵੀ ਵਰਣ ਆਸ਼ਰਮ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੈ। ਬਹੁਤ ਸਾਰੇ ਵਿਦਵਾਨ ਕਹਿੰਦੇ ਕਿ ਅਸੀਂ ਬੜੇ ਪ੍ਰੇਸ਼ਾਨ ਹੋਏ ਕਿ ਬ੍ਰਹਮ ਸੂਤਰਾਂ ਵਿੱਚ ਵਰਣ ਆਸ਼ਰਮ ਆ ਗਿਆ। ਰਮਾਨੁਜ ਦਾ ਟੀਕਾ ਵੀ ਹੈ। ਹੁਣ ਅਸੀਂ ਸੱਚ ਵੇਖਣਾ ਹੈ। ਕਿਹੜਾ ਹੈ। ਜਦੋਂ ਬੁੱਧ ਇਸ ਧਰਤੀ ਤੇ ਆਏ। ਬੁੱਧ ਨੇ ਧੰਮਪਦ ’ਚ ਕਿਹਾ ਏ ਧਮੋ ਸਨਾਤਨੋ ਕਿ ਮੈਂ ਜਿਹੜੀ ਗੱਲ ਕਰਨੀ ਐ ਸਨਾਤਨ ਧਰਮ ਦੀ ਗੱਲ

ਕਰਨੀ ਐ ਵਰਣ ਆਸ਼ਰਮ ਦੀ ਨਹੀਂ ਕਰਨੀ। ਜਦੋਂ ਕਬੀਰ ਆਏ ਤਾਂ ਉਨ੍ਹਾਂ ਨੇ ਕਿਹਾ ਅਬ ਮਨ ਉਲਟ ਸਨਾਤਨ ਹੂਆ। ਔਰ ਉਨ੍ਹਾਂ ਵਰਣ ਆਸ਼ਰਮ ਦੇ ਵਿਰੁੱਧ ਆਵਾਜ਼ ਉਠਾਈ। ਬੜੀ ਜ਼ਬਰਦਸਤ ਆਵਾਜ਼ ਉਠਾਈ। ਜਿੰਨੀ ਸ਼ਕਤੀ ਨਾਲ ਉਨ੍ਹਾਂ ਵਰਣ ਆਸ਼ਰਮ ਦਾ ਵਿਰੋਧ ਕੀਤਾ ਓਨਾ ਹੋਰ ਕਿਸੇ ਨੇ ਨਹੀਂ ਕੀਤਾ। ਉਨ੍ਹਾਂ ਦਾ ਕਹਿਣਾ ਸੀ ਮੈਂ ਉਥੇ ਚਲਾ ਗਿਆ ਹਾਂ ਜਿਹੜਾ ਬੰਦਾ, ਬੰਦੇ ਵਿੱਚ ਫ਼ਰਕ ਨਹੀਂ ਕਰਦਾ। ਫਿਰ ਗੁਰੂ ਨਾਨਕ ਆਏ ਉਨ੍ਹਾਂ ਕਿਹਾ , ਆਦਿ ਸੱਚ ਜੁਗਾਦ ਸੱਚ...ਇਹ ਵੀ ਗੁਰੂ ਨਾਨਕ ਨੇ ਸਨਾਤਨ ਧਰਮ ਨੂੰ ਰੀ ਡਿਫਾਇਨ ਆਪਣੇ ਵੇਲੇ ਕੀਤਾ। ਇਹ ਵੀ ਐਂਟੀ ਵਰਣ ਆਸ਼ਰਮ ਐ। ਹੁਣ ਗੱਲ ਇਹ ਐ ਕਿ ਜੋ ਸਿਧਾਂਤ ਹੁੰਦਾ ਐ ਉਹ ਤੁਸੀਂ ਜਿੰਨਾ ਮਰਜ਼ੀ ਕਲੀਅਰ ਕਰ ਲਓ...ਕਲੈਰਟੀ ਲੈ ਆਓ ਪਰ ਜਿਹੜੀ ਪ੍ਰੈਕਟਿਸ ਹੈ ਉਹ ਹਮੇਸ਼ਾ ਪਿੱਛੇ ਰਹਿੰਦੀ ਐ। ਕਦੇ ਹੋ ਨਹੀਂ ਸਕਦਾ ਇਹ ਦੋਵੇਂ ਇਕੱਠੇ ਹੋ ਜਾਣ। ਕਿ ਜੋ ਸਿਧਾਂਤ ਅੱਗੇ ਰਹਿੰਦਾ ਹੈ ਤੇ ਪ੍ਰੈਕਟਿਸ ਪਿੱਛੇ ਪਿੱਛੇ ਚੱਲਦੀ ਐ। ਇਸ ਤੋਂ ਅਸੀਂ ਐਨੀ ਕੁ ਉਮੀਦ ਜ਼ਰੂਰ ਕਰ ਸਕਦੇ ਹਾਂ ਕਿ ਜਿਹੜੀ ਸਾਡੀ ਪ੍ਰੈਕਟਿਸ ਐ। ਉਹਦੀ ਦਿਸ਼ਾ, ਮੂੰਹ ਜ਼ਰੂਰ ਸਿਧਾਂਤ ਵੱਲ ਹੋਵੇ। ਇਹ ਨਾ ਹੋਵੇ ਕਿ ਸਾਡੀ ਜੋ ਪ੍ਰੈਕਟਿਸ ਹੈ ਉਹ ਸਿਧਾਂਤ ਤੋਂ ਪਿੱਛੇ ਮੁੜ ਜਾਵੇ। ਉਹ ਪ੍ਰੈਕਟਿਸ ਜੇ ਹੋਰ ਦਿਸ਼ਾ ਵੱਲ ਮੂੰਹ ਮੋੜ ਲਵੇ ਉਸ ਪ੍ਰੈਕਟਿਸ 'ਤੇ ਜ਼ਰੂਰ ਸਵਾਲ ਕਰਨਾ ਚਾਹੀਦਾ ਹੈ। ਜਿਨ੍ਹਾਂ ਜਿਨ੍ਹਾਂ ਨੇ ਸਿਧਾਂਤ ਦੀ ਗੱਲ ਕੀਤੀ ਉਹ ਪ੍ਰੈਕਟਿਸ ਵਿੱਚ ਨਹੀਂ ਚੱਲ ਸਕੇ । ਚਾਹੇ ਉਹ ਹਿੰਦੂ ਹੋਣ ਜਾਂ ਮੁਸਲਮਾਨ ਜਾਂ ਇਸਾਈ ਹੋਣ ਤੇ ਚਾਹੇ ਕਮਿਊਨਿਸਟ ਵੀ ਹੋਣ। ਉਨ੍ਹਾਂ ਦੀ ਥਿਊਰੀ ਚਾਹੇ ਜਿੰਨੀ ਮਰਜ਼ੀ ਕਲੀਅਰ ਹੋਵੇ ਪਰ ਪ੍ਰੈਕਟਿਸ ਵਿੱਚ ਪਿੱਛੇ ਹੋਣਗੇ। ਮੈਂ ਫਿਰ ਕਹਿ ਰਿਹਾ ਕਿ ਪਿੱਛੇ ਹੋਣਾ ਗੁਨਾਹ ਨਹੀਂ ਉਸ ਗੱਲ ਤੋਂ ਮੁਨਕਰ ਹੋ ਜਾਣਾ, ਦਿਸ਼ਾ ਬਦਲ ਲੈਣੀ ਗੁਨਾਹ ਹੈ। ਇਹ ਗੁਨਾਹ ਤਕਰੀਬਨ ਸਾਰੇ ਹਿੰਦੋਸਤਾਨ ਦੀ ਪ੍ਰੈਕਟਿਸ ਵਿੱਚ ਨਜ਼ਰ ਆ ਰਿਹਾ ਹੈ। ਜੋ ਗੱਲਾਂ ਥਿਊਰੀ ਵਿੱਚ ਰਲਗਡ ਹੁੰਦੀਆਂ ਹਨ ਜਿਨ੍ਹਾਂ ਨੂੰ ਇਨ੍ਹਾਂ ਨੇ ਗਹੁ ਨਾਲ ਵੇਖਿਆ। ਔਰ ਉਹਨੂੰ ਠੀਕ ਕਰਨ ਦੀ ਕੋਸ਼ਿਸ਼ ਕੀਤੀ। ਬਹੁਤੇ ਜੋ ਵਿਦਵਾਨ ਹੁੰਦੇ ਨੇ ਉਹ ਕਹਿੰਦੇ ਨੇ ਥਿਊਰੀ ਕਲੀਅਰ ਰਹਿਣੀ ਚਾਹੀਦੀ ਹੈ ਉਹ ਪ੍ਰੈਕਟਿਸ ਵੱਲ ਬਹੁਤਾ ਧਿਆਨ ਨਹੀਂ ਦਿੰਦੇ। ਕਿਉਂਕਿ ਜੇਕਰ ਤੁਹਾਡੀ ਥਿਊਰੀ ਕਲੀਅਰ ਹੈ ਤਾਂ ਪ੍ਰੈਕਟਿਸ ਦੀ ਸੰਭਾਵਨਾ ਬਣੀ ਰਹਿੰਦੀ ਹੈ। ਗੀਤਾ ਵਿੱਚ ਇਕ ਸਲੋਕ ਬਹੁਤ ਪ੍ਰਸਿੱਧ ਹੈ, ਉਨ੍ਹਾਂ ਕਿਹਾ ਜਦੋਂ ਧਰਮ ਵਿੱਚ ਗਿਲਾਨੀ ਆਉਂਦੀ ਐ, ਮੈਂ ਉਦੋਂ ਪ੍ਰਗਟ ਹੁੰਦਾ ਹਾਂ। ਲੇਕਿਨ ਉਨ੍ਹਾਂ ਇਹ ਨਹੀਂ ਕਿਹਾ ਕਿ ਗਿਲਨੀ ਹੁੰਦੀ ਕੀ ਐ? ਮੈਂ ਇਹੀ ਸਮਝਦਾ ਹਾਂ ਕਿ ਗਿਲਾਨੀ ਉਹ ਹੁੰਦੀ ਐ ਜਦੋਂ ਸਨਾਤਨ ਧਰਮ ਵਿੱਚ ਵਰਣ ਆਸ਼ਰਮ ਆ ਵੜਦਾ, ਉਹ ਧਰਮ ਵਿੱਚ ਗਿਲਾਨੀ ਹੁੰਦੀ ਐ। ਉਹ ਧਰਮ ਵਿੱਚ ਗਿਰਾਵਟ ਹੁੰਦੀ ਐ। ਉਹ ਧਰਮ ਵਿੱਚ ਪੱਤਤਪੁਣਾ ਹੁੰਦਾ ਐ। ਕ੍ਰਿਸ਼ਨ ਜੀ ਕਹਿੰਦੇ ਨੇ ਮੈਂ ਉਹਨੂੰ ਠੀਕ ਕਰਨ ਲਈ ਆਉਂਦਾ ਹਾਂ। ਜੇ ਇਹ ਅਰਥ ਹੋਣ ਤਾਂ ਮੈਨੂੰ ਠੀਕ ਲੱਗਦੇ ਨੇ ਪਰ ਪਤਾ ਨਹੀਂ ਉਨ੍ਹਾਂ ਨੇ ਕਿੰਨ੍ਹਾਂ ਅਰਥਾਂ ਵਿੱਚ ਗੱਲ ਕਹੀ। ਲੇਕਿਨ ਜਦੋਂ ਗੁਰੂ ਨਾਨਕ ਏਸ ਧਰਤੀ ਤੇ ਆਉਂਦੇ ਨੇ। ਉਨ੍ਹਾਂ ਦੀ ਆਮਦ ਬਾਰੇ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਕਹਿੰਦੇ ਨੇ ਕਿ ਭਾਈ ਗਿਲਾਨੀ ਜਗਤ ਵਿੱਚ ਚਾਰ ਵਰਣ ਆਸ਼ਰਮ ਉਪਜਾਇ, ਮੈਂ ਸਮਝਦਾ ਹਾਂ ਭਾਈ ਗੁਰਦਾਸ ਜੀ ਨੇ ਦੱਸਿਆ ਕਿ ਗਿਲਾਨੀ ਕੀ ਹੁੰਦੀ ਐ? ਕਿ ਗੁਰੂ ਨਾਨਕ ਤੋਂ ਪਹਿਲਾਂ ਜਦੋਂ ਧਰਮ ਵਿੱਚ ਗਿਲਾਨੀ ਆ ਚੁੱਕੀ ਸੀ। ਕਿ ਜੋ ਸਦੀਵੀ ਸੱਚ ਐ ਉਹ ਵਰਣ ਆਸ਼ਰਮ ਦਾ ਰੂਪ ਧਾਰਨ ਕਰ ਗਿਆ ਸੀ। ਕਿ ਇਕ ਬੰਦੇ ਲਈ ਹੋਰ, ਦੂਜੇ ਲਈ ਹੋਰ, ਤੀਜੇ ਲਈ ਹੋਰ। ਫਿਰ ਭਾਈ ਗੁਰਦਾਸ ਨੇ ਦੱਸਿਆ ਕਿ ਗੁਰੂ ਨਾਨਕ ਨੇ ਉਸ ਗਿਲਾਨੀ ਨੂੰ ਸਿਧਾਂਤਕ ਤੌਰ ਤੇ ਕਲੀਅਰ ਕਰ ਦਿੱਤਾ। ਉਨ੍ਹਾਂ

ਨੇ ਆਪਣੀ ਪ੍ਰੈਕਟਿਸ ਵਿੱਚ ਤੇ ਸਿਧਾਂਤਕ ਤੌਰ ਤੇ ਉਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਜ਼ਿਕਰ ਆਉਂਦਾ ਕਿ ਜਿਸ ਵੇਲੇ ਗੁਰੂ ਨਾਨਕ ਦੇਵ ਜੀ ਕਸ਼ਮੀਰ ਗਏ। ਉਨ੍ਹਾਂ ਦੇ ਨਾਲ ਦੋ ਕਾਤਿਬ ਸੀ। ਉਨ੍ਹਾਂ ਦਾ ਸਾਖੀ ਵਿੱਚ ਨਾਂ ਲਿਖਿਆ...ਹੱਸੂ ਲੁਹਾਰ ਤੇ ਸ਼ੀਂਹਾਂ ਛੀਂਬਾ। ਮੈਂ ਸਮਝਦਾ ਲੁਹਾਰ ਤੇ ਛੀਂਬਾ ਨੂੰ ਆਪਣੇ ਨਾਲ ਕਾਤਬ ਦੇ ਤੌਰ ਤੇ ਲੈ ਜਾਣਾ ਤੇ ਉਨ੍ਹਾਂ ਨੂੰ ਬਾਣੀ ਲਿਖਣ ਦਾ ਕੰਮ ਸੌਂਪਣਾ ਕਾਫੀ ਵੱਡਾ ਕੰਮ ਸੀ। ਪ੍ਰੈਕਟਿਸ ਵਿੱਚ ਸੋਧ ਕਰਨਾ ਦਾ ਇਕ ਤਰੀਕਾ ਸੀ। ਉਨ੍ਹਾਂ ਦੇ ਹੱਥ ਕਲਮ ਫੜਾਈ ਜਿਨ੍ਹਾਂ ਨੂੰ ਬੋਲਣ ਦੀ ਵੀ ਆਗਿਆ ਨਹੀਂ ਸੀ। ਮੈਂ ਗੁਰੂ ਨਾਨਕ ਦੇਵ ਜੀ ਦੇ ਇਸ ਐਕਟ ਨੂੰ ਇਸ ਲਾਇਟ ਵਿੱਚ ਵੇਖਣਾ ਚਾਹੁੰਦਾ ਕਿ ਜਦੋਂ ਵਰਣ ਆਸ਼ਰਮ ਭਾਰਤੀ ਗ੍ਰੰਥਾਂ ਵਿੱਚ ਵੜਿਆ ਚਾਹੇ ਉਹ ਰਿੱਗ ਵੇਦ ਹੋਣ ਚਾਹੇ ਬ੍ਰਾਹਮ ਸੂਤਰ ਹੋਣ। ਉਨ੍ਹਾਂ ਉੱਤੇ ਮਨੂ ਸਿਮ੍ਰਿਤੀ ਬਣੀ। ਮਨੂ ਸਿਮ੍ਰਿਤੀ ਦਾ ਬਹੁਤ ਸਾਰੇ ਲੋਕਾਂ ਨੂੰ ਪਤਾ। ਇਕ ਹੋਰ ਕਿਤਾਬ ਹੈ ਉਹਦਾ ਨਾਂ ਹੈ ਗੌਤਮ ਧਰਮ ਸੂਤਰ ਉਹ ਔਕਸਫੋਰਡ ਨੇ ਛਾਪੀ ਹੋਈ ਐ। ਉਹਦਾ ਬਾਰਵਾਂ ਅਧਿਆਇ ਐ ਜਿਹੜੀ ਮੈਂ ਗੱਲ ਕਹਿਣ ਲੱਗਾ ਮੈਂ ਸੁਣੀ ਬਹੁਤੇ ਲੋਕਾਂ ਤੋਂ ਐ ਪਰ ਇਹਦਾ ਰੈਫਰੈਂਸ਼ ਨਹੀਂ ਕਿਸੇ ਨੇ ਦਿੱਤਾ। ਗੌਤਮ ਧਰਮ ਸੂਤਰ ਦੇ ਬਾਰਵੇਂ ਅਧਿਆਏ ਵਿੱਚ ਚੌਥਾ ਜਾਂ ਪੰਜਵਾਂ-ਛੇਵਾਂ ਸੂਤਰ ਐ...ਉਹਦੇ ਵਿੱਚ ਦੱਸਿਆ ਐ ਕਿ ਜੇ ਕੋਈ ਸ਼ੂਦਰ ਗਿਆਨ ਦੀ ਗੱਲ ਕਹੇ। ਉਹਦੀ ਜ਼ੁਬਾਨ ਕੱਟ ਦਿਓ। ਜੇ ਕੋਈ ਸੁਣੇ ਉਹਦੇ ਕੰਨਾਂ 'ਚ ਸਿੱਕਾ ਢਾਲ਼ ਕੇ ਪਾ ਦਿਓ। ਜੇ ਕੋਈ ਗਿਆਨ ਕੰਠ ਕਰ ਲਵੇ ਉਹਦੇ ਟੁਕੜੇ ਟੁਕੜੇ ਕਰ ਦਿਓ। ਫਿਰ ਇਹ ਨਹੀਂ ਕਿ ਇਸ ਚੀਜ਼ ਦਾ ਕਿਸੇ ਨੇ ਨੋਟਿਸ ਨਹੀਂ ਲਿਆ, ਗੁਰੂ ਨਾਨਕ ਤੋਂ ਪਹਿਲਾਂ। ਭਗਤਾਂ ਨੇ ਆਵਾਜ਼ ਚੁੱਕੀ। ਲੇਕਿਨ ਹਿੰਦੋਸਤਾਨ ਦੇ ਪੁਰਾਤਨ ਇਤਿਹਾਸ ਵਿੱਚ, ਪੁਰਾਣਾ ਵਿੱਚ ਤੇ ਮਹਾਂਭਾਰਤ ਵਿੱਚ ਜ਼ਿਕਰ ਆਉਂਦਾ ਐ। ਵੈਣੀ ਨਾ ਦਾ ਬਾਦਸ਼ਾਹ ਹੋਇਆ। ਕਪੂਰ ਸਿੰਘ ਦੀ ਇਕ ਕਿਤਾਬ ਹੈ... ਉਹਦਾ ਇਕ ਚੈਪਟਰ ਹੈ ਕਾਸਟ ਐਂਡ ਸਿੱਖਇੱਜ਼ਮ' ਉਹਦੇ ਵਿੱਚ ਉਸ ਵੈਣੀ ਦਾ ਉਨ੍ਹਾਂ ਹਵਾਲਾ ਦਿੱਤਾ ਐ। ਕਹਿੰਦੇ ਆ ਕਿ ਉਹਨੇ ਵਰਣ ਆਸ਼ਰਮ ਧਰਮ ਖਤਮ ਕਰਨ ਲਈ ਪ੍ਰਾਣ ਕਰ ਲਿਆ ਸੀ। ਉਸ ਨੇ ਨਿਆ ਦੀ ਕਲਾਸ ਖਤਮ ਕਰ ਦਿੱਤੇ। ਜੱਜ ਖਤਮ ਕਰ ਦਿੱਤੇ। ਅਖੀਰ ਵਿੱਚ ਜੋ ਉਸ ਨੇ ਕਦਮ ਚੁੱਕਿਆ ਕਪੂਰ ਸਿੰਘ ਲਿਖਦੇ ਆ ਕਿ ਉਸ ਨੇ ਅੰਤਰ ਜਾਤੀ ਵਿਆਹ ਸ਼ੁਰੂ ਕਰ ਦਿੱਤੇ ਸੀ। ਜਦੋਂ ਅੰਤਰਜਾਤੀ ਵਿਆਹ ਸ਼ੁਰੂ ਕਰ ਦਿੱਤੇ ਤੇ ਉਹਦਾ ਐਨਾ ਵਿਰੋਧ ਹੋਇਆ ਔਰ ਪ੍ਰੋਹਤਾ ਨੇ ਇਕੱਠੇ ਹੋ ਕੇ ਉਹਨੂੰ ਸਜ਼ਾ ਲਾਈ ਘਾਹ ਦੀ ਬੇੜ ਵੱਟ ਕੇ ਉਹਦੇ ਨਾਲ ਬੰਨ੍ਹ ਕੇ ਉਹਨੂੰ ਮਾਰ ਦਿੱਤਾ ਗਿਆ। ਉਹ ਇਸ ਤਰ੍ਹਾਂ ਨਾਲ ਬੇਰਹਿਮ ਮੌਤ ਸੀ ਜਿਸ ਤਰ੍ਹਾਂ ਮਨਸੂਰ ਨੂੰ ਅਨ ਅੱਲ ਹਕ ਕਹਿਣ ਤੇ ਦੇ ਦਿੱਤੀ ਗਈ ਸੀ ਕਿ ਮੁੜ ਕੋਈ ਸੂਫ਼ੀ ਖੁੱਲ੍ਹ ਕੇ ਅਨ ਅੱਲ ਹੱਕ ਨਾ ਕਹਿ ਸਕੇ। ਵਿਦਵਾਨ ਦੱਸਦੇ ਐ ਕਿ ਮਨਸੂਰ ਤੋਂ ਬਾਅਦ ਕਿਸੇ ਸੂਫ਼ੀ ਨੇ ਅਨ ਅੱਲ ਹਕ ਨਹੀਂ ਕਿਹਾ। ਉਹ ਪ੍ਰਤੀਕਾਂ ਨਾਲ ਟੇਢੇ ਢੰਗ ਨਾਲ ਆਪਣੀ ਗੱਲ ਕਰਨ ਲੱਗ ਪਏ। ਜਦੋਂ ਵੈਣੀ ਨੂੰ ਇਸ ਤਰ੍ਹਾਂ ਮਾਰ ਦਿੱਤਾ ਗਿਆ ਤਾਂ ਫਿਰ ਹਿੰਦੋਸਤਾਨ ਦੇ ਇਤਿਹਾਸ ਵਿੱਚ ਕਿਸੇ ਨੇ ਵਰਣ ਆਸ਼ਰਮ ਨੂੰ ਖਤਮ ਕਰਨ ਦੀ ਗੱਲ ਨਹੀਂ ਕੀਤੀ। ਜਦੋਂ ਗੁਰੂ ਨਾਨਕ ਜੀ ਦੇ ਸਾਹਮਣੇ ਇਹ ਸਨਾਤਮ ਧਰਮ ਦੇ ਸੱਚ ਦੀ ਗੱਲ ਆਈ। ਕਿ ਜਦੋਂ ਤਕ ਵਰਣ ਆਸ਼ਰਮ ਖਤਮ ਨਹੀਂ ਹੁੰਦਾ ਹਿੰਦੋਸਤਾਨ ਦਾ ਸਮਾਜ ਇਕੱਠਾ ਨਹੀਂ ਹੋ ਸਕਦਾ। ਬਈ ਹਿੰਦੋਸਤਾਨ ਤਰੱਕੀ ਨਹੀਂ ਕਰ ਸਕਦਾ। ਕਿ ਹਿੰਦੋਸਤਾਨ ਤਰੱਕੀ ਦੇ ਰਾਹ ਤੇ ਚੱਲੇ ਉਨ੍ਹਾਂ ਇਹਦੇ ਦੋ ਪੜਾ ਬਣਾਏ। ਇਹ ਭਾਵੇਂ ਕਿਤੇ ਲਿਖਿਆ ਹੋਇਆ ਨਹੀਂ ਮਿਲਦਾ ਪਰ ਸਾਨੂੰ ਇਤਿਹਾਸ ਵਿੱਚ ਇਸ ਤਰ੍ਹਾਂ ਨਜ਼ਰ ਆਉਂਦਾ ਐ। ਗੁਰੂ ਨਾਨਕ ਨੇ ਦੋ ਪੜਾ ਬਣਾਏ। ਇਹਦੇ ਦੋ ਨੁਕਤੇ ਹੁੰਦੇ ਨੇ ਉਹ ਹੈ ਰੋਟੀ ਦੀ ਸਾਂਝ

ਤੇ ਬੇਟੀ ਦੀ ਸਾਂਝ। ਇਹ ਗੱਲ ਸੀ ਕਿ ਲੋਕਾਂ ਨੂੰ ਤੋੜ ਕੇ ਰੱਖਣਾ ਹੈ ਉਨ੍ਹਾਂ ਨੂੰ ਆਪਸ 'ਚ ਬੈਠ ਕੇ ਰੋਟੀ ਨਹੀਂ ਖਾਣ ਦੇਣੀ। ਜਦੋਂ ਇਹ ਇਕੱਠੇ ਰੋਟੀ ਨਹੀਂ ਖਾ ਸਕਦੇ ਤਾਂ ਰਿਸ਼ਤੇ ਦੀ ਤਾਂ ਗੱਲ ਹੀ ਮੁਕ ਗਈ। ਜਿਹਨੂੰ ਕਹਿੰਦੇ ਨੇ ਰੋਟੀ-ਬੇਟੀ ਦੀ ਸਾਂਝ ਇਹ ਨਹੀਂ ਹੋਣ ਦਿੱਤੀ। ਇਹ ਸਾਡੇ ਸਮਾਜ ਦੀ ਦਸ਼ਾ ਸੀ। ਤੇ ਗੁਰੂ ਨਾਨਕ ਨੇ ਜੋ ਉਸ ਸਮੇਂ ਸੋਚਿਆ, ਕਿ ਥਰੈਟੀਕਲੀ ਤਾਂ ਇਕੋ ਵੇਲੇ ਟੈਕਲ ਹੋ ਸਕਦੀ ਐ। ਉਨ੍ਹਾਂ ਨੇ ਥਰੈਟੀਕਲ ਇਕ ਬੇਸ ਤਿਆਰ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ। ਭਗਤਾ ਦੀ ਬਾਣੀ ਉਹਦੇ ਵਿੱਚ ਦਰਜ਼ ਕੀਤੀ। ਉਹਦੇ ਵਿੱਚ ਉਨ੍ਹਾਂ ਦੋਵੇਂ ਆਸਪੈਕਸ ਇਕੱਠੇ ਕਰ ਦਿੱਤੇ। ਵਰਣ ਆਸ਼ਰਮ ਹੰਡਰਡ ਪਰਸੈਂਟ ਕੰਡੈੱਮ ਕਰ ਦਿੱਤਾ। ਕਿ ਉਹ ਬਿਲਕੁਲ ਗ਼ਲਤ ਐ। ਪਰ ਪ੍ਰੈਕਟਿਸ ਵਿੱਚ ਉਹਦਾ ਇਕ ਸਟੈਪ ਲਿਆਂਦਾ। ਬੇਟੀ ਦੀ ਸਾਂਝ ਤੱਕ ਲਿਆਉਣ ਲਈ ਪਹਿਲਾਂ ਇਨ੍ਹਾਂ ਦੀ ਮਾਨਸਿਕਤਾ ਤਿਆਰ ਹੋਵੇ। ਇਕ ਦੂਜੇ ਨਾਲ ਇਹ ਬੈਠਣ ਲੱਗਣ, ਇਕ ਦੂਜੇ ਨਾਲ ਰੋਟੀ ਖਾਣ ਲੱਗਣ। ਇਸ ਕਰਕੇ ਉਨ੍ਹਾਂ ਲੰਗਰ ਦੀ ਪ੍ਰਥਾ ਸ਼ੁਰੂ ਕੀਤੀ। ਬਈ ਇਹ ਇਕੱਠੇ ਬੈਠ ਕੇ ਰੋਟੀ ਖਾਣਗੇ, ਮਿਲਣਗੇ ਫਿਰ ਅਗਲਾ ਸਟੈਪ ਆਵੇਗਾ। ਏਸੇ ਕਰਕੇ ਲੰਗਰ ਉੱਤੇ ਜਿਆਦਾ ਜ਼ੋਰ ਦਿੱਤਾ ਗਿਆ। ਅਕਬਰ ਨੂੰ ਕਿਹਾ ਗਿਆ ਤੂੰ ਪਹਿਲਾਂ ਬੈਠ ਕੇ ਰੋਟੀ ਖਾਹ ਤਾਂ ਤੇਰੇ ਨਾਲ ਗੱਲ ਕਰਾਂਗੇ। ਲੰਗਰ ਨੂੰ ਕੇਂਦਰੀ ਸੰਸਥਾ ਬਣਾ ਦਿੱਤਾ ਗਿਆ। ਫਿਰ ਗੁਰੂ ਗ੍ਰੰਥ ਸਾਹਿਬ ਜਦੋਂ ਰਚਿਆ ਗਿਆ। ਹਿੰਦੋਸਤਾਨ ਦਾ ਕੋਈ ਗ੍ਰੰਥ ਐਸਾ ਨਹੀਂ ਜਿਹਦੇ ਵਿੱਚ ਸਾਰੇ ਵਰਣਾਂ ਦੇ ਵਿਦਵਾਨ ਜਾਂ ਲੇਖਕ ਇਕੱਠੇ ਹੋਣ। ਉਹਦੇ ਲਈ ਵਰਣ ਆਸ਼ਰਮ ਨੂੰ ਇਕ ਪਾਸੇ ਰੱਖ ਦਿੱਤਾ ਗਿਆ। ਸਦੀਵੀ ਸੱਚ ਉਹਦੇ ਵਿੱਚ ਸਾਂਭ ਲਿਆ ਗਿਆ। ਉਹਦਾ ਨਤੀਜਾ ਇਹ ਹੋਇਆ ਕਿ ਭਾਈ ਗੁਰਦਾਸ ਜੀ ਨੇ ਵਾਰਾਂ ਲਿਖੀਆਂ। ਉਹਦੇ ਵਿੱਚ ਇਕ ਵਾਰ ਐ, ਉਹਦੇ ਵਿੱਚ ਕੁਝ ਪੌੜੀਆਂ ਹਨ, ਉਨ੍ਹਾਂ ਵਿੱਚ ਉਨ੍ਹਾਂ ਨੇ ਸਿੱਖਾਂ ਦੇ ਕੁਝ ਨਾਂ ਲਿਖੇ ਨੇ...ਉਨ੍ਹਾਂ 52 ਨਾਵਾਂ ਤੋਂ ਪਤਾ ਲੱਗ ਜਾਂਦਾ... ਜਿਵੇਂ ਅਮਰਜੀਤ ਗਰੇਵਾਲ ਇਨਕਲੂਜਿਨ ਕਹਿੰਦੇ ਸੀ ਉਹਦਾ ਪਤਾ ਲੱਗਦਾ ਐ। ਉਸ ਇਨਕਲੂਜਿਨ ਦੀ ਪ੍ਰੈਕਟਿਸ ਕਿਸ ਤਰ੍ਹਾਂ ਆ ਰਹੀ ਸੀ। ਉਹ ਨਾਂ ਨੇ... ਓਹਰੀ, ਉਪਲ, ਅਰੋੜਾ, ਸਹਿਗਲ, ਸੱਭਰਵਾਲ, ਸਰਾਫ਼, ਸੇਠੀ, ਸੋਢੀ, ਸੂਦ, ਕਪੂਰ, ਕਪਾਹੀਆ, ਕਾਲੀ, ਕੀੜ, ਕੋਹਲੀ, ਕਾਸਲਾ, ਖੈਹਰਾ, ਖੁੱਲਰ, ਗੁੱਜਰ, ਘਈ, ਘੁਮਿਆਰ, ਚੰਡਾਲ, ਚੱਢੇ, ਛੱਜਲ, ਝੀਂਬਾ, ਜੁਲਕਾ, ਧੰਜੀ, ਡਿੱਡੀ, ਢਿੱਲੋਂ, ਢੇਚੀ, ਤਖਾਣ, ਤਲਵਾੜ, ਤਿਵਾੜੀ, ਤੁੱਲੀ, ਧੀਰ, ਨੰਦਾ, ਨਾਈ, ਟੋਟੂ, ਪੁਰੂ, ਬਹਿਲ, ਭੰਡਾਰੀ, ਭੱਲਾ, ਭਾਬੜਾ, ਮਹਿਤਾ, ਮੋਕਲ, ਮਰਵਾਹਾ, ਮਰਾਸੀ, ਮੱਲਣ, ਰੰਧਾਵਾ, ਲਾਂਬਾ, ਲੋਧੀ, ਲੁਹਾਰ, ਵਿੱਜ, ਵਿਠੜ, ਵੋਹਰਾ । ਇਸ ਤੋਂ ਇਹ ਅੰਦਾਜ਼ਾ ਹੋ ਜਾਂਦਾ ਕਿ ਗੁਰੂ ਜੀ ਨੇ ਜੋ ਸੁਪਨਾ ਲਿਆ। ਉਹਦਾ ਨਤੀਜਾ ਇਹ ਹੋਇਆ ਕਿ ਇਹੋ ਜਿਹਾ ਸਮਾਜ ਉਨ੍ਹਾਂ ਦੇ ਆਲੇ ਦੁਆਲੇ ਇਕੱਠਾ ਹੋਣਾ ਸ਼ੁਰੂ ਹੋ ਗਿਆ। ਇਹ ਭਾਈ ਗੁਰਦਾਸ ਵਿੱਚੋਂ ਹਵਾਲਾ ਐ। ਇਕ ਕਿਤਾਬ ਹੈ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਜੋ ਸਿੱਖਾ ਵਿੱਚ ਤ੍ਰਿਸਕਾਰ ਦੀ ਪਾਤਰ ਬਣੀ ਹੋਈ ਹੈ। ਉਹਦੇ ਵਿੱਚ ਇਕ ਹਵਾਲਾ ਹੈ। ਹਵਾਲਾ ਬਹੁਤ ਕੀਮਤੀ ਹੈ। ਬਾਕੀ ਗੱਲਾਂ ਬਾਰੇ ਜੋ ਮਰਜ਼ੀ ਕਹਿ ਲਓ। ਉਹ ਹਵਾਲਾ ਐ ਕਿ ਜਿਸ ਵੇਲੇ ਛੇਵੇਂ ਗੁਰੂ ਗੁਰਆਈ 'ਤੇ ਬੈਠੇ ਉਨ੍ਹਾਂ ਕਿਹਾ ਹੁਣ ਉਹ ਯੁੱਗ ਬੀਤ ਗਿਆ। ਹੁਣ ਤੁਸੀਂ ਵਧੀਆਂ ਹਥਿਆਰ ਤੇ ਘੋੜੇ ਲੈ ਕੇ ਆਓ। ਕਿ ਅਸੀਂ ਜੰਗ ਦੀ ਤਿਆਰੀ ਕਰਨੀ ਐ। ਤੇ ਰੋਜ਼ ਧਨਾਡ ਸਿੱਖ ਦੂਰੋਂ ਦੂਰੋਂ ਘੋੜੇ ਲੈ ਕੇ ਆਉਣ ਲੱਗੇ। ਕੀ ਹੋਇਆ ਕਿ ਇਕ ਦਿਨ ਹਜ਼ਾਰ ਸਿੱਖ ਇਕੱਠੇ ਹੋ ਕੇ ਸਾਹਮਣੇ ਆ ਗਿਆ। ਉਹ ਹੈਰੀਟੇਟ ਕਰ ਰਿਹਾ ਸੀ ਕਿ ਅਸੀਂ ਗੁਰੂ ਦੇ ਨੇੜੇ ਜਾਈਏ ਕਿ ਨਾ ਜਾਈਏ। ਜਦੋਂ ਗੁਰੂ ਸਾਹਿਬ ਨੇ ਪੁੱਛਿਆ ਕਿ ਤੁਸੀਂ ਕੌਣ ਓ? ਤਾਂ

ਗੁਰੂ ਸਾਹਿਬ ਨੂੰ ਦੱਸਿਆ ਗਿਆ ਕਿ ਜੀ ਇਹ ਨੀਵੀਂਆਂ ਜਾਤਾਂ ਦੇ ਸਿੱਖ ਨੇ। ਨਾਈ, ਝੀਰ, ਤਖਾਣ ਆਦਿ। ਇਹ ਤਿੰਨ ਲਫ਼ਜ ਕਿਤਾਬ ਵਿੱਚ ਲਿਖੇ ਹੋਏ ਹਨ। ਗੁਰੂ ਸਾਹਿਬ ਨੇ ਕਿਹਾ ਕਿ ਇਨ੍ਹਾਂ ਨੂੰ ਬੁਲਾਓ। ਉਨ੍ਹਾਂ ਕਿਹਾ ਕਿ ਤੁਸੀਂ ਕਿਵੇਂ ਆਓ ਹੋ। ਉਹ ਕਹਿਣ ਲੱਗੇ ਮਹਾਰਾਜ ਸਾਡੇ ਕੋਲ ਤੁਹਾਨੂੰ ਦੇਣ ਲਈ ਨਾ ਹਥਿਆਰ ਐ, ਨਾ ਘੋੜੇ ਐ ਨਾ ਪੈਸੇ ਆ, ਅਸੀਂ ਤੁਹਾਨੂੰ ਆਪਣੇ ਸਿਰ ਦੇ ਸਕਦੇ ਆ, ਜਿਸ ਵੇਲੇ ਵੀ ਤੁਸੀਂ ਕਹੋਗੇ, ਅਸੀਂ ਹਾਜ਼ਰ ਕਰ ਦੇਵਾਂਗੇ। ਤੁਸੀਂ ਦੇਖ ਲਓ ਗੁਰੂ ਨਾਨਕ ਦੇਵ ਜੀ ਨੇ ਜੋ ਸਟੈਪ ਚੁੱਕਿਆ ਇਕੱਠੇ ਕਰਨ ਦਾ ਸੀ ਕਿ ਉਹ ਲੜਨ ਲਈ ਆਪਣੇ ਸਿਰ ਲੈ ਕੇ ਆ ਗਏ ਸਨ। ਤੇ ਗੁਰੂ ਨੇ ਕਿਹਾ ਕਿ ਜਦੋਂ ਵੀ ਲੋੜ ਹੋਈ ਤੁਹਾਨੂੰ ’ਵਾਜ਼ ਮਾਰ ਲਵਾਂਗੇ। ਫਿਰ ਇਹਦਾ ਅਗਲਾ ਸਟੈੱਪ, ਜਦੋਂ ਗੁਰੂ ਗੋਬਿੰਦ ਸਿੰਘ ਨੇ ਅਜੇ ਖਾਲਸਾ ਨਹੀਂ ਸੀ ਸਾਜਿਆ, ਜਦੋਂ ਭੰਘਾਣੀ ਦਾ ਯੁੱਧ ਹੋਇਆ। ਅਗਲਾ ਹਵਾਲਾ ਮੇਰਾ ‘ਤਵਾਰੀਖ਼ ਗੁਰੂ ਖ਼ਾਲਸਾ’ ਵਿੱਚੋਂ ਹੈ। ਜਿਹੜੀ ਸਿੱਖ ਇਤਿਹਾਸ ਦੀ ਬੜੀ ਵੱਡਮੁੱਲੀ ਕਿਤਾਬ ਮੰਨੀ ਜਾਂਦੀ ਹੈ। ਇਹਦੇ ਵਿੱਚ ਇਹਦਾ ਇਨਡਰੈਕਟ ਰੈਫਰੈਸ਼ ਹੈ, ਕਿ ਜਿਸ ਵੇਲੇ ਭੰਗਾਣੀ ਦਾ ਯੁੱਧ ਹੋਇਆ ਉਸ ਵੇਲੇ ਗੁਰੂ ਸਾਹਿਬ ਨਾਲ ਕੁਝ ਪਠਾਣ ਭਰਤੀ ਹੋਏ ਸਨ। ਉਹ ਜੰਗ ਵਿੱਚੋਂ ਭੱਜ ਗਏ ਸਨ। ਜੰਗ ਵਿੱਚੋਂ ਭੱਜ ਕੇ ਉਹ ਵਿਰੋਧੀਆਂ ਨਾਲ ਰਲ਼ ਗਏ ਸਨ। ਵਿਰੋਧੀਆਂ ਦੀ ਫੌਜ਼ ਨੂੰ ਕਿਹਾ ਕਿ ਤੁਹਾਨੂੰ ਬਹੁਤਾ ਡਰਨ ਦੀ ਲੋੜ ਨਹੀਂ। ਗੁਰੂ ਸਾਹਿਬ ਦੀ ਫੌਜ਼ ਵਿੱਚ ਲੜਨ ਵਾਲੇ ਵਧੀਆ ਬੰਦੇ ਨਹੀਂ ਉਹ ਸਾਰੇ ਕੰਮੀ-ਕਮੀਣ ਹਨ। ਜਿਵੇਂ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਹਿੰਦਾ ਹੈ...ਨਿਰੇ.. ਨਾਈ, ਛੀਂਬੇ, ਅਰੋੜੇ, ਖੱਤਰੀ, ਕਰਾੜ, ਕਮੀਣ, ਕਾਂਦੂ, ਹਲਵਾ ਖਾਣੇ ਏਦਾ ਦੇ ਲੋਕ ਈ ਆ ਤੁਸੀਂ ਘਬਰਾਓ ਨਾ। ਏਥੋਂ ਪਤਾ ਲੱਗਦਾ ਕਿ ਗੁਰੂ ਜੀ ਨੇ ਵਰਣ ਆਸ਼ਰਮ ਨੂੰ ਥਰੈਟੀਕਲੀ ਰੱਦ ਕਰ ਦਿੱਤਾ ਸੀ। ਪ੍ਰੈਕਟੀਕਲੀ ਉਹਦਾ ਪਹਿਲਾ ਸਟੈੱਪ ਲੰਗਰ ਵਾਲਾ ਸ਼ੁਰੂ ਹੋ ਗਿਆ। ਇਹਦੇ ਨਾਲ ਇਹ ਹੋਇਆ ਸਾਰੇ ਲੋਕ ਸਿਰ ਤਲ਼ੀ ’ਤੇ ਰੱਖ ਕੇ ਲੜਨ ਲਈ ਤਿਆਰ ਹੋ ਗਏ। ਜੋ ਦੂਜਾ ਸਟੈਪ ਸੀ ਅੰਤਰ ਜਾਤੀ ਵਿਆਹ ਦਾ। ਬੇਟੀ ਦੀ ਸਾਂਝ ਦਾ। ਉਹ ਕਦੋਂ ਹੋਣਾ ਸੀ। ਉਹਦਾ ਸਾਨੂੰ ਕੋਈ ਹਵਾਲਾ ਨਹੀਂ ਮਿਲਦਾ। ਕਈ ਇਸ ਤਰ੍ਹਾਂ ਵਿਆਹ ਹੋਏ ਜੋ ਅਰੇਂਜ ਮੈਰਿਜ ਨਹੀਂ ਸੀ ਪਰ ਉਹ ਅੰਤਰਜਾਤੀ ਨਹੀਂ ਸੀ। ਇਤਿਹਾਸਕਾਰ ਕਹਿੰਦੇ ਨੇ ਜਿਸ ਵੇਲੇ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਓਸ ਵੇਲੇ ਜਦੋਂ ਪੰਥ ਦੀ ਸਾਜਨਾ ਕੀਤੀ ਤੇ ਗੁਰੂ ਦਾ ਗ੍ਰੰਥ ਸਾਹਿਬ ਦੇ ਵਾਂਗ ਸਾਰੇ ਹਿੰਦੋਸਤਾਨ ਦੇ ਲੋਕ ਉਹਦੇ ਵਿੱਚ ਸ਼ਾਮਿਲ ਹੋਏ। ਉਹਦੇ ਵਿੱਚ ਕੋਈ ਵਰਣ ਆਸ਼ਰਮ ਦਾ ਖਿਆਲ ਨਹੀਂ ਰੱਖਿਆ ਗਿਆ। ਉਸ ਵਿੱਚ ਚਾਰ ਪਿਆਰੇ ਜਿਨ੍ਹਾਂ ਨੂੰ ਓਸ ਵੇਲੇ ਸ਼ੂਦਰ ਸ਼੍ਰੇਣੀ ਕਹੀ ਜਾਂਦੀ ਸੀ ਉਹਦੇ ਵਿੱਚੋਂ ਆਏ। ਕਿ ਗੁਰੂ ਸਾਹਿਬ ਨੇ ਰੋਟੀ ਦੀ ਸਾਂਝ ਵਾਲੀ ਗੱਲ ਕਰ ਦਿੱਤੀ ਹੈ ਤੇ ਅੱਗੋਂ ਬੇਟੀ ਦੀ ਸਾਂਝ ਵਾਲੀ ਗੱਲ ਤੁਸੀਂ ਖੁਦ ਕਰਨੀ ਐ। ਇਸ ਸਬੰਧੀ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਕਿਤੇ ਜ਼ਿਕਰ ਤਾਂ ਨਹੀਂ ਮਿਲਦਾ। ਜਿਹੜੇ ਰਹਿਤਨਾਮੇ ਸਨ। ਜੋ ਗੁਰੂ ਗੋਬਿੰਦ ਜੀ ਹੁਰਾਂ ਤੋਂ ਬਾਅਦ ਲਿਖੇ ਗਏ ਸਨ। ਚਾਹੇ ਭਾਈ ਚੌਪਾ ਸਿੰਘ ਦਾ ਹੈ, ਚਾਹੇ ਭਾਈ ਦੇਸ਼ਾ ਸਿੰਘ ਦਾ ਹੈ। ਜਾਂ ਭਾਈ ਨੰਦ ਲਾਲ ਦਾ। ਉਹ ਪਿਆਰਾ ਸਿੰਘ ਪਦਮ ਹੁਰਾਂ ਇਕੱਠੇ ਕਰਕੇ ਛਾਪੇ ਹੋਏ ਨੇ ਮੈਂ ਸਾਰੇ ਪੜ੍ਹੇ ਹਨ। ਉਹਦੇ ਵਿੱਚ ਕਿਤੇ ਕਿਤੇ ਹਵਾਲਾ ਮਿਲ ਜਾਂਦਾ ਆ ਕਿ ਗੁਰੂ ਸਾਹਿਬ ਨੇ ਕਿਹਾ ਜਦੋਂ ਤੁਸੀਂ ਵਿਆਹ ਕਰਨਾ ਆ ਤਾਂ ਉਹਦੇ ਲਈ ਜਾਤ ਗੋਤ ਨਹੀਂ ਦੇਖਣਾ। ਜਾਣੀ ਬੇਟੀ ਦੀ ਸਾਂਝ ਉੱਤੇ ਜੋਰ ਦੇਣਾ ਆ। ਹਵਾਲੇ ਹੈਗੇ ਆ ਘੱਟ ਆ। ਮੈਂ ਸਮਝਦਾ ਹਾਂ ਉਹ ਕਿੰਨੀ ਪਾਵਰਫੁੱਲ ਗੱਲ ਹੋਵੇਗੀ ਜਿਹੜੀ ਗੁਰੂ ਸਾਹਿਬ ਨੇ ਕਹੀ। ਸਿੱਖਾ ਨੇ ਬੇਸ਼ੱਕ ਮੰਨੀ ਨਹੀਂ ਹੈ। ਪਰ ਉਨ੍ਹਾਂ ਦੇ ਮਨ

ਵਿੱਚੋਂ ਗਈ ਵੀ ਨਹੀਂ। ਜਿਸ ਵੇਲੇ 20 ਵੀਂ ਸਦੀ ਵਿੱਚ ਸਿੱਖਾਂ ਨੇ ਆਪਣੀ ਰਹਿਤ ਮਰਿਯਾਦਾ ਬਣਾਈ। 20-25 ਸਾਲ ਲਾ ਕੇ। ਜਿਹੜੀ ਸ਼ੋਮਣੀ ਕਮੇਟੀ ਨੇ ਛਾਪੀ ਹੋਈ ਹੈ। 'ਸਿੱਖ ਰਹਿਤ ਮਰਿਯਾਦਾ' ਉਹਦਾ ਸਿਰਲੇਖ ਹੈ। ਉਹਦੇ ਵਿੱਚ ਚਾਰ ਪੰਜ ਸੰਸਕਾਰ ਦੱਸੇ ਗਏ ਨੇ। ਇਕ ਸੰਸਕਾਰ ਹੈ ਨਾਮ ਸੰਸਕਾਰ। ਫਿਰ ਹੈ ਵਿਆਹ ਸੰਸਕਾਰ। ਉਹਦਾ ਸਿਰਲੇਖ ਹੈ ਆਨੰਦ ਸੰਸਕਾਰ। ਆਨੰਦ ਸੰਸਕਾਰ ਅੱਗੇ ੳ, ਅ, ੲ, ਸ ਲਿਖਿਆ ਹੋਇਆ। ਜਿਹੜੀ ਪਹਿਲੀ ੳ ਵਾਲੀ ਮੱਦ ਹੈ ਉਹਦੇ ਵਿਚ ਲਿਖਿਆ ਹੋਇਆ ਕਿ ਸਿੱਖ ਸਿੱਖਣੀ ਦਾ ਵਿਆਹ ਬਿਨਾ ਜਾਤ-ਪਾਤ-ਗੋਤ ਵਿਚਾਰੇ ਦੇ ਹੋਣਾ ਚਾਹੀਏ। ਇਹਦੇ ਵਿੱਚ ਕੋਈ ਕਨਫਿਊਜਨ ਨਹੀਂ ਹੈ। ਮੈਂ ਸਮਝਦਾ ਸਿੱਖ ਰਹਿਤ ਮਰਿਯਾਦਾ ਵਿੱਚ ਇਹ ਇਕੋ ਇਕ ਮੱਦ ਹੈ ਜਿਹਦਾ ਕਦੇ ਵੀ ਕਿਸੇ ਨੇ ਵਿਰੋਧ ਨਹੀਂ ਕੀਤਾ ਨਾ ਹੀ ਇਹਨੂੰ ਕਿਸੇ  ਨੇ ਮੰਨਣਾ ਜ਼ਰੂਰੀ ਸਮਝਿਆ। ਹੋਰ ਮੱਦਾ ਉੱਤੇ ਕੰਟਰੋਵਰਸੀ ਹੁੰਦੀ ਐ। ਇਸ ਮੱਦ ਉੱਤੇ ਕਿਸੇ ਦਾ ਮੱਤਭੇਦ ਵੀ ਕੋਈ ਨਹੀਂ ਤੇ ਇਹਨੂੰ ਕਿਸੇ ਮੰਨਿਆ ਵੀ ਨਹੀਂ। ਅਸੀਂ ਗੁਰੂ ਸਾਹਿਬ ਦੇ ਪਹਿਲੇ ਪੜ੍ਹਾ ਉੱਤੇ ਸਾਰਾ ਜੋਰ ਲਾ ਦਿੱਤਾ ਤੇ ਦੂਜੇ ਪੜ੍ਹਾ ਦੀ ਇਕ ਪੂਣੀ ਵੀ ਨਹੀਂ ਕੱਤੀ। ਇਕ ਵੀ ਉਦਾਹਰਨ ਨਹੀਂ ਮਿਲਦੀ ਕਿ ਗੁਰੂ ਗੋਬਿੰਦ ਸਿੰਘ ਦੇ ਅਦੇਸ਼ ਮੁਤਾਬਿਕ ਜਾਂ ਰਹਿਤ ਨਾਮਿਆਂ ਜਾਂ ਰਹਿਤ ਮਰਿਯਾਦਾ ਮੁਤਾਬਕ ਕੋਈ ਗੱਲ ਮੰਨੀ ਹੋਵੇ। ਜਦੋਂ ਤੱਕ ਅਸੀਂ ਦੂਜੇ ਪੜ੍ਹਾ ਨੂੰ ਆਪਣੀ ਪ੍ਰੈਕਟਿਸ ਵਿੱਚ ਨਹੀਂ ਲੈ ਕੇ ਆਉਂਦੇ ਉਦੋਂ ਤੱਕ ਸ਼ਾਇਦ ਸਿੱਖੀ ਦੀਆਂ ਗੱਲ ਪੱਛੜ ਹੀ ਨਹੀਂ ਗਈ ਬਲਕਿ ਭੁੱਲੀ ਵੀ ਗਈ।



**ਡਾ. ਪਰਵੀਨ ਕੁਮਾਰ** -ਮੈਂ ਹਾਸ਼ੀਆਗਤ ਲੋਕਾਈ ਦੇ ਚਿੰਤਨੀ ਮਾਡਲ ਉੱਤੇ ਬੋਲਣਾ ਏ। ਉੱਤਰੀ ਭਾਰਤ ਦੇ ਪੰਜਾਬੀ ਖਿੱਤੇ ਨਾਲ ਲੋਕਾਂ ਦਾ ਚਿੰਤਨ ਦੇ ਪੱਧਰ 'ਤੇ ਕਿਹੋ ਜਿਹਾ ਯੋਗਦਾਨ ਹੋ ਸਕਦਾ ਏ। ਉਹਦੇ 'ਤੇ ਗੱਲ ਕਰਨੀ ਏ। ਅਸੀਂ ਵੇਖਣਾ ਇਹ ਹੈ ਕਿ ਸਬੱਲਟਰਨ ਦੀ ਕੀ ਭੂਮਿਕਾ ਹੋਵੇਗੀ। ਜਦੋਂ ਵੀ ਮੌਡਰਨਨਿਟੀ ਆਉਂਦੀ ਏ ਕੀ ਉਹ ਸਬੱਲਟਰਨ ਵੀ ਮੌਡਰਨ ਹੋਏ ਨੇ। ਉਨ੍ਹਾਂ ਦੀ ਪੁਜੀਸ਼ਨ ਚੇਂਜ ਹੋਈ ਜਾਂ ਨਹੀਂ। ਕਿਉਂਕਿ ਮੌਡਰਨਨਿਟੀ ਅਤੇ ਮੌਡਰਨਇਜ਼ਮ ਦੋ ਅਲੱਗ ਅਲੱਗ ਵਰਤਾਰੇ ਨੇ। ਪੰਜਾਬ ਦੇ ਜੋ ਹਾਸ਼ੀਆਗਤ ਲੋਕ ਨੇ ਉਨ੍ਹਾਂ 'ਚ ਕੋਈ ਬਦਲਾਅ ਆਇਆ ਕਿ ਨਹੀਂ? ਤੀਜੀ ਗੱਲ ਹੈ ਕਿ ਇਨ੍ਹਾਂ ਦਾ ਬਦਲ ਕੀ ਹੋਵੇ। ਨੌਰਮਨ ਉਬਰਾਊਨ ਦੀ ਪੁਸਤਕ ਹੈ 'ਲਾਇਫ਼ ਅਗੇਸਟ ਡੈੱਥ' ਉਹਦੇ ਲਾਸਟ ਚੈਪਟਰ ਵਿੱਚ ਉਹ ਕਹਿੰਦਾ ਕਿ ਮਨੁੱਖੀ ਜਾਤੀ ਨੇ ਜੇ ਕਾਇਮ ਰਹਿਣਾ ਇਸ ਨੂੰ ਮਨੁੱਖਾ ਉਪਰਲਾ ਦਮਨ ਖਤਮ ਕਰਨਾ ਪਵੇਗਾ। ਮਨੁੱਖੀ ਸਰੀਰ ਨੂੰ ਪੂਨਰ ਸੁਰਜੀਤ ਕਰਨਾ ਪਵੇਗਾ। ਭਾਵੇਂ ਕਿ ਫਰਾਇਡ ਇਸ ਗੱਲ ਨਾਲ ਸਹਿਮਤ ਨਹੀਂ ਸੀ। ਉਹ ਕਹਿੰਦਾ ਸੀ ਕਿ ਕਿਸੇ ਵੀ ਸੱਭਿਅਤਾ ਵਿੱਚ ਕੁਝ ਪਰਸੈਂਟ ਦਮਨ ਜ਼ਰੂਰ ਹੁੰਦੇ ਨੇ। ਉਹ ਸੱਭਿਅਤਾ ਦਾ ਜਿਹੜਾ ਪ੍ਰੋਸੈਸ ਹੈ ਜਦੋਂ ਪੰਜਾਬ 1850 ਤੱਕ ਆਧੁਨਿਕਤਾ ਦੇ ਅਧੀਨ ਪੂਰੀ ਤਰ੍ਹਾਂ ਭੁਗਤ ਗਿਆ। ਮਨੁੱਖ ਦਾ ਜੋ ਦਮਨ ਆ ਉਹਦੇ ਵਿੱਚ ਉਹ ਹਾਸ਼ੀਆਗਤ ਲੋਕ ਆਉਂਦੇ ਨੇ। ਜੋ ਬੰਦਾ ਹੈ ਉਸ ਦੀ ਬੌਡੀ ਨੂੰ ਖਾਸ ਤਰ੍ਹਾਂ ਨਾਲ ਪੁਨਰਸੁਰਜੀਤ ਕਰਨਾ ਪਵੇਗਾ। ਜਿਵੇਂ ਜੈਲਰ ਇਸ਼ਇੰਟ ਗਰੀਕ ਪੁਸਤਕ ਵਿੱਚ ਲਿਖਦਾ ਹੈ ਉਹ ਕਹਿੰਦਾ ਕਿ ਯੂਨਾਨੀਆਂ ਦਾ ਧਰਮ ਉਨ੍ਹਾਂ ਦੀ ਫਲਾਸਫੀ ਦਾ ਬੇਸ ਬਣਿਆ। ਭਾਵੇਂ ਕਿ ਯੂਨਾਨੀਆਂ ਵਿੱਚ ਧਰਮ ਸਿੱਧੇ ਰੂਪ ਵਿੱਚ ਉਸ ਤਰ੍ਹਾਂ ਨਹੀਂ ਆਉਂਦਾ।

ਕਿਉਂਕਿ ਜੋ ਦਰਸ਼ਨਿਕ ਸੰਕਲਪਾ ਦਾ ਵਿਕਾਸ ਰਿਹਾ ਉਹ ਧਰਮਾ ਨਾਲੋਂ ਵੱਖਰਾ ਤੇ ਵਿਸ਼ੇਸ਼ਤਾ ਪਨ ਉਸ ਦੀ ਸੁੰਦਰਤਾ ਦੇ ਵਿਕਾਸ ਵਿੱਚ ਸਹਾਈ ਸਿੱਧ ਹੋਈ ਹੈ। ਜੋ ਯਵਨ ਸਨ , ਯਵਨਾ ਦਾ ਚਿੰਤਨ ਉਨ੍ਹਾਂ ਦੀਆਂ ਵਿਗਿਆਨਿਕ ਕਾਢਾ ਨੇ ਉਨ੍ਹਾਂ ਤੇ ਪੂਰੀ ਤਰ੍ਹਾਂ ਨਾਲ ਅਸਰ ਕੀਤਾ ਹੈ। ਭਾਵੇਂ ਕਿ ਉਹ ਵੇਖਣ ਨੂੰ ਧਰਮ ਵਿਰੋਧੀ ਲੱਗਦੀਆਂ ਨੇ। ਪਹਿਲਾ ਮੁੱਦਾ ਇਹ ਬਣਦਾ ਕਿ ਪੰਜਾਬ ਵਿੱਚੋਂ ਜਾਂ ਕਿ ਖਿੱਤੇ ਵਿੱਚੋਂ ਜਿਹੜੀ ਕੋਈ ਫਲਾਸਫੀ ਬਣਦੀ ਹੈ ਏਹਦੇ ਵਿੱਚ ਰਵਿਜਿਨ ਦਾ ਜੋ ਪੱਖ ਹੈ ਉਹਨੂੰ ਪੋਜੇਟਿਵ ਪੱਖ ਦੇ ਨਾਲ ਲਿਆ ਜਾਵੇ। ਕਿਉਂਕਿ ਪੰਜਾਬੀ ਮਨੁੱਖ ਬਾਹਰਮੁੱਖੀ ਪ੍ਰਭਾਵਾ ਦਾ ਗੁਲਾਮ ਨਹੀਂ ਹੈ। ਮਨੁੱਖ ਬਾਹਰਮੁੱਖੀ ਪ੍ਰਭਾਵਾਂ ਦਾ ਐਨਾ ਗੁਲਾਮ ਹੈ ਨਹੀਂ। ਕਿਉਂਕਿ ਉਹ ਆਪਣੀ ਸੁਤੰਤਰਤਾ ਗਵਾ ਬੈਠੇ ਹਨ। ਨਾ ਹੀ ਉਹ ਅਰਥ ਸਭਿਆਕ ਜਾਤੀਆਂ ਵਾਂਗੂ ਬੇਰੋਕ, ਬੇਮੁਹਾਰੀ ਤੇ ਆਪ ਹੁਦਰੀ ਸੁਤੰਰਤਾ ਦੀ ਤਲਾਸ਼ ਵਿੱਚ ਹੈ। ਜੋ ਮਨੁੱਖ ਹੈ ਉਹਦੇ ਅੰਦਰ ਇਕ ਖਾਸ ਤਰ੍ਹਾਂ ਦਾ ਕੁਦਰਤੀ ਅਨੁਸ਼ਾਸਨ ਪਿਆ ਹੋਇਆ ਹੈ। ਉਹ ਫਰਾਇਡ ਵਾਲਾ ਦਮਨ ਨਹੀਂ ਹੈ। ਉਹ ਸੁਤੰਤਰਤਾ ਨਾਲ ਜੀਣ ਤੇ ਥੀਣ ਨਾਲ ਵਿਸ਼ਵ ਵਿਆਪੀ ਜੋ ਕਾਨੂੰਨ ਨੇ ਜੋ ਯੂਨੀਵਰਸਲ ਆਰਡਰ ਨੇ ਉਨ੍ਹਾਂ ਨੂੰ ਨਿਯਮ ਮੰਨ ਕੇ ਚੱਲਦਾ ਹੈ। ਭਾਵੇਂ ਉਹ ਸੁਸਾਇਟੀ ਦੇ ਨਿਯਮ ਲੈਂਦਾ ਹੈ ਪਰ ਕੁਦਰਤੀ ਤੌਰ ਤੇ ਉਹਦੇ ਅੰਦਰ ਜੋ ਅਨੁਸਾਸ਼ਨ ਬਣਾ ਕੇ ਰੱਖਦੀਆਂ ਨੇ। ਜਦੋਂ ਅਸੀਂ ਪੰਜਾਬ ਦੇ ਸਾਹਿਤ ਦੇ ਸੰਦਰਭ ਵਿੱਚ ਵੇਖਦੇ ਹਾਂ। ਜੋ ਸਾਡੇ ਕੋਲ ਮੱਧਕਾਲ ਦਾ ਸਾਹਿਤ ਹੈ ਉਹ ਆਧੁਨਿਕਤਾ ਤੋਂ ਗੌਣ ਦਾ ਸਾਹਿਤ ਹੈ। ਉਸ ਸਾਹਿਤ ਦੀ ਜੋ ਵੰਡ ਹੋਈ ਹੈ ਉਹਨੂੰ ਭੂਗੋਲ ਦੇ ਨਾਲ ਇਨਫਰਸਟ੍ਰੱਕਚਰ ਨਾਲ ਜੋੜ ਕੇ ਵੇਖਿਆ ਗਿਆ ਹੈ। ਕਿ ਰੇਲ ਆ ਗਈ ਜਾਂ ਪ੍ਰੈਸ ਆ ਗਈ। ਅਸੀਂ ਇਨਫਰਸਟ੍ਰੱਕਚਰ ਜਾਂ ਟਾਇਮ ਸਪੇਸ ਨੂੰ ਜੋੜ ਲਿਆ। ਭਾਵ 1850 ਤੋਂ ਅਸੀਂ ਆਪਣੇ ਆਪ ਨੂੰ ਮੌਡਰਨ ਮੰਨ ਲਿਆ। ਜਦੋਂ ਮੌਡਰਨ ਸਾਹਿਤ ਨੂੰ ਮੁੱਖ ਰੂਪ ਨਾਲ ਲੈਂਦਾ ਹਾਂ ਤੇ ਨਾਵਲ ਮੌਡਰਨ ਸਾਹਿਤ ਦੀ ਮੁੱਖ ਵਿਧਾ ਬਣ ਕੇ ਆਉਂਦਾ ਹੈ। ਪੰਜਾਬੀ ਨਾਵਲ ਦੀ ਇਕ ਸੀਮਾ ਕਿਸਾਨੀ ਵਿਸ਼ੇ ਬਣਦੀ ਰਹੀ ਹੈ। ਕਿਸਾਨੀ ਵਿੱਚ ਜੋ ਆਰਥਿਕ ਪਹਿਲੂ ਨੇ ਉਹ ਹੀ ਡੌਮੀਨੇਟ ਹੋਏ ਨੇ। ਜੋ ਸਬਾਲਟਰਨ ਧਿਰ ਹੈ ਉਹ ਨਾਵਲ ਵਿੱਚ ਅਜੇ ਤੱਕ ਪੇਸ਼ ਹੀ ਨਹੀਂ ਹੋਈ। ਅਸੀਂ ਸਾਹਿਤ ਨੂੰ ਹੁਣ ਤੱਕ ਇਕ ਯੂਨਿਟ ਦੇ ਤੌਰ ਤੇ ਵੇਖਦੇ ਰਹੇ ਹਾਂ। ਯੂਨਿਟ ਕਿਹੜਾ? ਜਿਹਨੂੰ ਗ੍ਰਾਹਮਸ਼ੀ ਸਬੱਲਟਰਨ ਕਹਿੰਦਾ ਕਿ ਸਮਾਂ ਸਥਾਨ, ਸਥਿਤੀਆਂ ਤੇ ਇਨ੍ਹਾਂ ਤਿੰਨਾਂ ਵਿੱਚੋਂ ਸਮੁੱਚਤਾ ਵਿੱਚੋਂ ਕੋਈ ਹੋਂਦ ਗ੍ਰਹਿਣ ਹੁੰਦੀ ਹੈ। ਹੁਣ ਤੱਕ ਫਲਾਸਫੀ ਇਹੀ ਰਹੀ ਹੈ ਕਿ ਅਸੀਂ ਨਿੱਜ ਨੂੰ ਅਸੀਂ ਇਕ ਯੂਨਿਟ ਦੇ ਰੂਪ ਵਿੱਚ ਤਲਾਸ਼ਦੇ ਰਹੇ ਹਾਂ। ਚਾਹੇ ਤੁਸੀਂ ਸੋਹਣ ਸਿੰਘ ਸ਼ੀਤਲ ਦਾ ਨਾਵਲ 'ਯੁੱਗ ਬਦਲ ਗਿਆ' ਲੈ ਲਓ ਜਾਂ ਗੁਰਦਿਆਲ ਸਿੰਘ ਦੇ ਨਾਵਲ 'ਮੜੀ ਦਾ ਦੀਵਾ' ਦਾ ਜਗਸੀਰ ਪਾਤਰ ਲੈ ਲਓ। ਉਹ ਇਕ ਖਾਸ ਤਰ੍ਹਾਂ ਦੀ ਕਿਸਾਨੀ ਨਾਲ ਜੁੜ ਕੇ ਆ ਰਿਹਾ ਹੈ। ਕਿਉਂਕਿ ਉਹਦਾ ਜੋ ਸਮਾਂ ਸਥਾਨ ਬਣਦਾ ਹੈ ਉਹ ਉੱਥੋਂ ਦੀ ਟ੍ਰਡੀਸ਼ਨ ਤੋਂ ਮੌਡਰਨਇਟੀ ਦਾ ਬਣਦਾ ਹੈ। ਜਦੋਂ ਹੱਲ਼ ਚੱਲਣਾ ਸ਼ੁਰੂ ਹੋ ਜਾਂਦਾ ਹੈ। ਉਹ ਰਵਾਇਤੀ ਤੋਂ ਆਧੁਨਿਕਤਾ ਵਿੱਚ ਚਲੇ ਜਾਣ ਵਾਲੀ ਗੱਲ ਹੈ। ਜ਼ਮੀਨ ਉਹਦੀ ਸਥਿਤੀ ਬਣੀ ਹੋਈ ਹੈ। ਸੋ ਜ਼ਮੀਨ ਸਾਡੇ ਸਾਹਿਤ ਵਿੱਚ ਮੁੱਖ ਤੌਰ ਤੇ ਰਹੀ ਹੈ। ਸੋ ਇਨ੍ਹਾਂ ਹਾਸ਼ੀਆਗਤ ਧਿਰਾ ਦਾ ਸਵਾਲ ਸਾਡੇ ਕੋਲ ਮੁੱਖ ਰੂਪ ਨਾਲ ਆਉਂਦਾ ਹੈ। ਸਾਨੂੰ ਸਭ ਤੋਂ ਪਹਿਲਾਂ ਇਹ ਡੀਫਾਇਨ ਕਰਨਾ ਪਵੇਗਾ ਕਿ ਹਾਸ਼ੀਆਗਤ ਕੌਣ ਨੇ? ਜਿਹਨੂੰ ਪ੍ਰਭਾਸ਼ਿਤ ਕੀਤਾ ਜਾਣਾ ਹੈ। ਕਿਉਂਕਿ ਉਹਨੂੰ ਹਾਸ਼ੀਏ ਤੇ ਲਿਜਾਣ ਲਈ ਕਿਹੜੇ ਕਾਰਨ ਜ਼ਿੰਮੇਵਾਰ ਨੇ। ਇਨ੍ਹਾਂ ਅਧਾਰਾ ਦੇ ਨਾਲ ਸੱਤਾ ਦੇ ਸੰਬੰਧ ਕੀ ਹਨ। ਇਸ ਪਾਵਰ ਦੇ ਗਲੋਬਲੀ ਸੰਬੰਧ ਕੀ ਹਨ। ਕਿਸੇ ਭੂਗੋਲ ਦੇ ਖਿੱਤੇ ਦੇ ਪਾਵਰ ਸੰਬੰਧਾਂ ਦੇ ਵੱਖਰੇ ਰੂਪ

ਕੀ ਹੋ ਸਕਦੇ ਹਨ। ਪੰਜਾਬ ਵਿੱਚ 12-13 ਟਰਾਇਬ ਨੇ। ਜਿਵੇਂ ਬਾਜੀਗਰ, ਸਾਂਹਸੀ, ਭੇਡ ਕੁੱਟ, ਬੌਰੀਏ, ਸਿਕਲੀਗਰ, ਗੁੱਜਰ, ਮਿਰਾਸੀ, ਨੱਟ, ਕਲੰਦਰ, ਸਪੇਰੇ ਇਹ ਸਾਨੂੰ ਪੰਜਾਬੀ ਸਾਹਿਤ ਵਿੱਚ ਕਿਤੇ ਵੀ ਨਜ਼ਰ ਨਹੀਂ ਆਉਂਦੇ। ਇਨ੍ਹਾਂ ਦਾ ਸਿਵਲਾਈਜੇਸ਼ਨ ਦਾ ਪ੍ਰੋਸੈਸ ਬਿਲਕੁਲ ਵੱਖਰਾ ਹੈ। ਜਿਵੇਂ ਬੌਰੀਆ ਕਬੀਲੇ ਵਿੱਚ ਇਕ ਵੀ ਔਰਤ ਦਮਨ ਦਾ ਕੇਸ ਨਹੀਂ ਹੈ। ਔਰਤ ਦੀ ਪੱਖੀਆਂ ਉੱਤੇ, ਸਰਾਹਣਿਆ ਉੱਤੇ ਕਢਾਈ ਹੈ। ਔਰਤ ਦੀ ਪੁਜੀਸ਼ਨ ਸਟਰੌਂਗ ਹੈ ਜਿਹੜੀ ਕਿ ਪੰਜਾਬੀ ਵਿੱਚ ਔਰਤ ਵੀ ਸਬਾਲੱਟਰਨ ਹੈ। ਸਾਂਹਸੀ ਕਬੀਲੇ ਵਿੱਚ ਪਿਛਲੇ ਪੰਜਾਹ ਸਾਲ ਤੋਂ ਇਕ ਵੀ ਕੇਸ ਕੋਰਟ ਵਿੱਚ ਨਹੀਂ ਗਿਆ। 1990 ਤੱਕ। ਉਨ੍ਹਾਂ ਦਾ ਆਪਣਾ ਪੂਰੇ ਦਾ ਪੂਰਾ ਨਿਆਇਕ ਸਿਸਟਮ ਹੈ। ਉਹਦੇ ਵਿੱਚ ਉਹ ਆਪਣੇ ਫੈਸਲੇ ਕਰਦੇ ਨੇ ਜਿਹਨੂੰ ਨੰਬਰਦਾਰ ਕਹਿੰਦੇ ਨੇ ਉਹ ਜੱਜ ਬਣਦਾ ਹੈ। ਉਹ ਪੰਜ ਪੰਜ ਛੇ ਛੇ ਦਿਨ ਪੂਰੀਆਂ ਦਲੀਲਾ ਦੇ ਕੇ ਫੈਸਲੇ ਕਰਦੇ ਨੇ। ਇਹ ਕਬੀਲੇ ਪੰਜਾਬੀ ਦੀ ਕਿਸੇ ਫਿਕਸਨ ਦਾ ਹਿੱਸਾ ਨਹੀਂ ਬਣ ਸਕੇ। ਭਾਵੇਂ ਕਿ ਮਨਮੋਹਨ ਬਾਵਾ ਉਸ ਕਬੀਲੇ ਦੀ ਗੱਲ ਕਰਦਾ ਹੈ। ਸਬਾਲਟੱਰਨ ਦੇ ਬੁੱਧੀਜੀਵੀ ਦੇ ਕੀ ਰੀਲੇਸ਼ਨ ਹੋਣਗੇ ਇਹ ਬਹੁਤ ਅਹਿਮ ਸਵਾਲ ਹੈ। ਇਹ ਕਿਹਾ ਜਾਂਦਾ ਕਿ ਇਨ੍ਹਾਂ ਕਬੀਲਿਆਂ ਵਿੱਚ ਇਕ ਤਰ੍ਹਾਂ ਦੀ ਹਰਾਰਕੀ ਦੀਆਂ ਪੁਜੀਸ਼ਨਾ ਬਣਦੀਆਂ ਨੇ। ਉਨ੍ਹਾਂ ਨੂੰ ਦੇਖਣਾ ਬਹੁਤ ਜ਼ਰੂਰੀ ਹੈ। ਮੈਨੂੰ ਮਨਮੋਹਨ ਦੇ ਨਵੇਂ ਨਾਵਲ ਦੇ ਬੋਧੇ ਨਾਂ ਦੇ ਪਾਤਰ ਦੀ ਯਾਦ ਵੀ ਆਉਂਦੀ ਹੈ। ਬਾਬੇ ਨਾਨਕ ਤੇ ਮਰਦਾਨੇ ਦੀ ਕੰਪਲੀਮੈਂਟਰੀ ਪੁਜ਼ੀਸ਼ਨ ਹੈ ਕਿਵੇਂ ਉਹ ਇਕ ਦੂਜੇ ਦੇ ਪੂਰਕ ਨੇ। ਉੱਥੇ ਹਰਾਰਕੀ ਸਭ ਤੋਂ ਅਹਿਮ ਤਰੀਕੇ ਨਾਲ ਪੇਸ਼ ਹੋਈ ਹੈ। ਜਿਹੜੀ ਸਾਹਿਤ ਵਿੱਚ ਬਹੁਤ ਘੱਟ ਆਈ। ਸਵਰਾਜਬੀਰ ਹੁਰਾਂ ਨੇ ਆਪਣੇ ਨਾਟਕ 'ਕੱਲਰ' ਵਿੱਚ ਇਹ ਕੰਮ ਕੀਤਾ। ਇਹ ਸਬਾਲਟਰਨ ਲੋਕ ਕਿਸੇ ਕਹਾਣੀ ਵਿੱਚ ਆਉਂਦੇ ਹੀ ਨਹੀਂ। ਮਨਮੋਹਨ ਸੰਗੀਤ ਨੂੰ ਪੇਸ਼ ਕਰ ਰਿਹਾ ਜਿਸ ਨੂੰ ਸਾਡੇ ਸਾਹਿਤ ਵਿੱਚ ਅਜੇ ਤੱਕ ਕੋਈ ਥਾਂ ਨਹੀਂ ਮਿਲੀ। ਸੋ ਪੰਜਾਬ ਦੇ ਕਬੀਲੇ ਨੇ, ਦਲਿਤ ਨੇ, ਨਾਰੀ ਆ, ਥਰਡ ਜੈਂਡਰ ਨੇ ਇਨ੍ਹਾਂ ਦੀਆਂ ਖੇਤਰੀ ਪਛਾਣਾਂ ਵੱਖਰੀਆਂ-ਵੱਖਰੀਆਂ ਹਨ। ਸਾਡੇ ਜੋ ਪਿੰਡ ਨੇ ਉਹ ਵੀ ਕਲੋਨੀਅਲ ਮਾਇੰਡ ਸੈੱਟ ਰਾਹੀਂ ਸਾਹਿਤ ਵਿੱਚ ਆ ਰਹੇ ਨੇ। ਸੋ ਜਿਹੜੀ ਭਵਿੱਖੀ ਫਿਲਾਸਫੀ ਬਣੇਗੀ ਉਹ ਹਾਸ਼ੀਆਗਤ ਧਿਰਾ ਤੋਂ ਬਿਨਾ ਸੰਭਵ ਨਹੀਂ ਹੈ। ਅਸੀਂ ਏਥੇ ਦਲਿਤ ਦੀ ਗੱਲ ਕਰਦੇ ਹਾਂ। ਅਸੀਂ ਅਜੇ ਤੱਕ ਇਹ ਹੀ ਨਿਰਣਾ ਨਹੀਂ ਕਰ ਪਏ ਕਿ ਦਲਿਤ ਚੇਤਨਾ ਹੈ ਜਾਂ ਦਲਿਤ ਇਕ ਵਿਚਾਰਧਾਰਾ ਹੈ। ਦਲਿਤ ਇਜ ਏ ਮੋਡ ਆਫ਼ ਥਿੰਕਿਇੰਗ ਹੈ। ਕਿ ਦਲਿਤ ਇਕ ਇਜ਼ਮ ਹੈ। ਸਾਨੂੰ ਪਹਿਲਾਂ ਇਕ ਮਾਡਲ ਬਣਾਉਣਾ ਪਵੇਗਾ। ਹੁਣ ਲੋੜ ਏ ਕਿ ਦਲਿਤਾਂ ਸੰਬੰਧੀ ਕੁਝ ਸਿਧਾਂਤਕ ਮਾਡਲ ਤਿਆਰ ਹੋਵੇ।

**ਡਾ. ਪਰਮਜੀਤ ਕੌਰ ਸਿੱਧੂ**-ਡਾ. ਪਰਵੀਨ ਹੁਰਾਂ ਨੇ ਹਾਸ਼ੀਆਗਤ ਲੋਕਾਈ ਦਾ ਚਿੰਤਨ ਮਾਡਲ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਉਸ ਬਾਰੇ ਗੱਲਾਂ ਕੀਤੀਆਂ ਨੇ। ਮੱਧ ਕਾਲੀ ਸਾਹਿਤ ਵਿੱਚ ਗੁਰੂਆਂ ਦੀ ਬਾਣੀ, ਭਗਤਾਂ ਦੀ ਬਾਣੀ ਤੇ ਕਿੱਸਾ ਕਾਵਿ ਧਾਰਾ ਆਪਣੇ ਆਪਣੇ ਢੰਗ ਨਾਲ ਸਨਾਤਨੀ ਸਾਮੰਤਕ ਸਮਾਜਿਕ ਬਣਤਰ ਨੂੰ ਚੁਣੌਤੀ ਦਿੰਦੀਆਂ ਹਨ। ਗੁਰੂ ਕਵੀਆਂ ਨੇ ਪੁਰਾਤਨ ਪ੍ਰੰਪਰਾਵਾਂ ਦੇ ਪਾਖੰਡਾਂ, ਜਾਤ-ਪਾਤ, ਉਚ-ਨੀਚ, ਛੂਤ-ਛਾਤ, ਭੇਖੀ ਬਾਹਰੀ ਆਚਾਰ ਆਦਿ ਨੂੰ ਵਿਵਹਾਰਕ ਰੂਪ ਵਿੱਚ ਅਸਵੀਕਾਰ ਕੀਤਾ। ਇਨ੍ਹਾਂ ਨੇ ਪਹਿਲੀ ਵਾਰ ਦਲਿਤ ਸ਼੍ਰੇਣੀ ਨੂੰ ਅਧਿਆਤਮਕ ਤੇ ਸਮਾਜਿਕ ਬਰਾਬਰੀ ਪ੍ਰਦਾਨ ਕੀਤੀ। ਜਿਸ ਕਰਕੇ ਇਸ ਕਾਲ ਦੇ ਸਾਹਿਤਕਾਰ ਨੇ ਜਿਹੜੀ ਕਾਵਿ ਦ੍ਰਿਸ਼ਟੀ ਅਪਣਾਈ ਉਸ ਵਿੱਚ ਦਲਿਤ ਚੇਤਨਾ ਕੇਂਦਰ ਬਿੰਦੂ ਵਿੱਚ ਰਹੀ। ਹੁਣ ਡਾ. ਸੁਰਜੀਤ, ਮੱਧਕਾਲ ਦੇ ਪ੍ਰਸੰਗ ਵਿੱਚ ਆਪਣੀ ਗੱਲ ਰੱਖਣਗੇ।



**ਡਾ. ਸੁਰਜੀਤ ਸਿੰਘ**-ਮੈਨੂੰ ਮੱਧਕਾਲ ਤੇ ਦਲਿਤ ਚੇਤਨਾ ਬਾਰੇ ਬੋਲਣ ਨੂੰ ਕਿਹਾ ਗਿਆ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਮੱਧਕਾਲ ਦਾ ਮਾਹਰ ਨਹੀਂ। ਨਾ ਮੱਧਕਾਲੀ ਸਾਹਿਤ ਦਾ। ਨਾ ਹੀ ਦਲਿਤ ਸਾਹਿਤ ਤੇ ਚੇਤਨਾ ਦਾ। ਪਰ ਮੈਂ ਮੱਧਕਾਲ ਦੇ ਇਤਿਹਾਸ ਦਾ ਜਗਿਆਸੂ ਹਾਂ। ਜਦੋਂ ਮੱਧਕਾਲ ਦੀ ਰਾਜਨੀਤੀ, ਉੱਥੋਂ ਦੀਆਂ ਆਰਥਿਕ ਬਣਤਰਾਂ, ਜਮਾਤੀ ਵੰਡ, ਰਾਜਨੀਤਿਕ ਕ੍ਰਿਆਵਾਂ ਆਦਿ ਸਾਰੇ ਕੁੱਝ ਨੂੰ ਆਪਸ ਵਿੱਚ ਮੇਲ ਕੇ ਦੇਖਦੇ ਹਾਂ ਤਾਂ ਬਹੁਤ ਸਾਰੇ ਸਵਾਲ ਖੜੇ ਹੋ ਜਾਂਦੇ ਨੇ। ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿੱਚ ਜੋ ਮੱਧਕਾਲ ਦਾ ਇਤਿਹਾਸ ਬਿੰਬ ਐ ਉਹ ਕਿਸ ਤਰ੍ਹਾਂ ਦਾ ਬਿੰਬ ਐ। ਉਸ ਵਿੱਚੋਂ ਜਿਹੜੀ ਮੁੱਖ ਗੱਲ ਨਿੱਤਰ ਕੇ ਸਾਹਮਣੇ ਆਈ। ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿੱਚ ਕਿਸੇ ਵੀ ਕਿਸਮ ਦਾ ਠੋਸ ਹਵਾਲਾ ਨਹੀਂ ਹੈ ਜਿਸ ਦੇ ਅਧਾਰ ’ਤੇ ਜੋ ਅਸੀਂ ਮੱਧਕਾਲ ਦਾ ਨਕਸ਼ਾ ਬਣਾਇਆ ਹੋਇਆ ਉਸ ਨੂੰ ਅਸੀਂ ਪ੍ਰਮਾਣਿਤ ਕਰ ਸਕਦੇ ਹੋਈਏ। ਜਦੋਂ ਪਰਵੀਨ ਹੁਰੀਂ ਕਹਿ ਰਹੇ ਸਨ ਤਾਂ ਉਨ੍ਹਾਂ ਨੇ ਮੱਧਕਾਲ... ਜੇ ਆਧੁਨਿਕ ਸਮੇਂ ਦੀ ਆਪਾਂ ਇਕ ਬਾਈਨਰੀ, ਹੱਦਬੰਦੀ ਬਣਾਉਂਦੇ ਹਾਂ। 1849 ਨੂੰ ਇਕ ਬਿੰਦੂ ਮੰਨ ਲੈਂਦੇ ਹਾਂ ਜਿੱਥੇ ਵੱਢ ਪਿਆ। ਮੈਨੂੰ ਲੱਗਦਾ ਆ ਸਾਹਿਤ ਦੇ ਇਤਿਹਾਸਾਂ ਵਿੱਚ ਇਹ ਵੀ ਬਹੁਤੀ ਸਰਲੀਕ੍ਰਿਤ ਕਿਸਮ ਦੀ ਗੱਲ ਐ। ਜੋ ਆਧੁਨਿਕਤਾ ਦੇ ਲੱਛਣ ਅਸੀਂ ਮੰਨਦੇ ਹਾਂ ਇਕ ਤਾਂ ਅਸੀਂ ਨਹੀਂ ਵੇਖਦੇ 1849 ਤੋਂ ਪਹਿਲਾਂ ਦਾ ਪੰਜਾਬ ਦਾ ਹਿੱਸਾ ਅੰਗਰੇਜ਼ਾਂ ਕੋਲ ਆ ਚੁੱਕਾ ਹੁੰਦਾ ਹੈ। ਕਿ ਉੱਥੇ ਜੋ ਸਾਹਿਤ ਦੀਆਂ ਕ੍ਰਿਆਵਾਂ ਚੱਲ ਰਹੀਆਂ ਹੁੰਦੀਆਂ ਨੇ ਕੀ ਉਹ ਸਭ ਤੋਂ ਪਹਿਲਾਂ ਆਧੁਨਿਕਤ ਹੋ ਗਈਆਂ ਸਨ। ਅਸੀਂ ਇਨ੍ਹਾਂ ਗੱਲਾਂ ਨੂੰ ਬਹੁਤਾ ਵਿਚਾਰਿਆ ਨਹੀਂ। ਮੱਧ ਕਾਲ ਦੇ ਸਾਹਿਤ ਦੇ ਅਧਾਰ ਉੱਤੇ ਜੋ ਅਸੀਂ ਦਲਿਤ ਸਥਿਤੀ ਵੇਖਦੇ ਹਾਂ, ਦਲਿਤ ਚੇਤਨਾ ਦੀ ਗੱਲ ਕਰਨੀ ਸ਼ੁਰੂ ਕਰਦੇ ਹਾਂ। ਤਾਂ ਸਾਡੇ ਕੋਲ ਹਵਾਲੇ ਭਗਤਾਂ ਦੇ ਨੇ। ਆਪਣੇ ਹਵਾਲੇ ਸਾਡੇ ਕੋਲ ਬਹੁਤ ਘੱਟ ਨੇ। ਨਾਨਕ ਬਾਣੀ, ਸ਼ਾਹ ਹੁਸੈਨ ’ਚੋਂ, ਥੋੜ੍ਹਾ ਜਿਹਾ ਫਰੀਦ ’ਚੋਂ... ਅਸੀਂ ਸੀਮਤ ਹਵਾਲਿਆਂ ਦੇ ਅਧਾਰ ’ਤੇ ਵੱਡਾ ਸਾਰਾ ਪ੍ਰਵਚਨ ਉਸਾਰਦੇ ਹਾਂ। ਭਗਤਾਂ ਦੇ ਅਨੁਭਵ ਦਾ ਪੰਜਾਬ ਦੇ ਇਤਿਹਾਸ ਨਾਲ, ਪੰਜਾਬ ਦੇ ਸਮਾਜਿਕ ਜੀਵਨ ਨਾਲ ਕਿਸ ਕਿਸਮ ਦਾ ਸਬੰਧ ਬਣਦਾ ਹੈ ਇਸ ਗੱਲ ਨੂੰ ਬਹੁਤਾ ਅਸੀਂ ਵਿਚਾਰਿਆਂ ਹੋਇਆ ਨਹੀਂ। ਜਦੋਂ ਗੁਰੂ ਨਾਨਕ ਦੇਵ ਜੀ ਰਾਹੀ ਪੋਥੀ ਸਾਹਿਬ ਇਕੱਤਰ ਹੋਣੀ ਸ਼ੁਰੂ ਹੁੰਦੀ ਹੈ ਤਾਂ ਉਸ ਵਿੱਚ ਭਗਤਾਂ ਦੀ ਬਾਣੀ ਆਉਂਦੀ ਹੈ। ਲਾਜ਼ਮੀ ਤੌਰ ਤੇ ਜਿੱਥੇ ਵੀ ਗੁਰੂ ਨਾਨਕ ਦੇਵ ਜੀ ਜਾਂਦੇ ਹੋਣਗੇ ਉਸ ਬਾਣੀ ਦਾ ਉਚਾਰ ਕਰਦੇ ਹੋਣਗੇ। ਉਹ ਵਿਚਾਰ ਵੀ ਲੋਕਾਂ ਤੱਕ ਅੱਪੜਨੇ ਸ਼ੁਰੂ ਹੋਏ ਹੋਣਗੇ। ਪਰ ਉਹ ਬਹੁਤ ਸੀਮਿਤ ਦਾਇਰੇ ਤੱਕ ਪੁੱਜੇ ਹੋਣਗੇ। ਜਦੋਂ ਗੁਰੂ ਗ੍ਰੰਥ ਸਾਹਿਬ ਰਾਹੀਂ ਸਾਰੀ ਬਾਣੀ ਇਕੱਤਰ ਹੋ ਜਾਂਦੀ ਹੈ ਤਾਂ ਹੋਰ ਠੋਸ ਰੂਪ ਵਿੱਚ ਉਸ ਦਾ ਪ੍ਰਭਾਵ ਸਾਡੇ ਜੀਵਨ ਵਿੱਚ ਕਬੂਲਿਆ ਜਾਂਦਾ ਹੈ। ਸਾਡੀ ਚੇਤਨਾ ਵਿੱਚ ਉਹ ਗੱਲਾਂ ਆਈਆਂ ਹੋਣਗੀਆਂ। ਜਿਵੇਂ ਡਾ. ਅਵਤਾਰ ਹੁਰਾਂ ਕਿਹਾ ਉਹ ਸਵਾਲ ਸਾਡੀ ਜੀਵਨ ਜਾਚ ਦਾ ਹਿੱਸਾ ਹਾਲੇ ਤੱਕ ਨਹੀਂ ਬਣੇ। ਭਾਵੇਂ ਸਿੱਖ ਜੀਵਨ ਵਿੱਚ ਜਾਤ ਨੂੰ ਨਿਕਾਰਨ ਤੇ ਨਿਖੇੜਨ ਦੀ ਕੋਸ਼ਿਸ ਕੀਤੀ ਗਈ ਹੈ। ਅਸੀਂ ਇਹ ਸਵਾਲ ਵੀ ਨਹੀਂ ਉਠਾਇਆ ਕਿ ਉਨ੍ਹਾਂ ਦੀ ਸਮਾਜਿਕ ਗਤੀਸ਼ੀਲਤਾ ਜੋ ਹੈ ਉਸ ਦੇ ਅਧਾਰ ਕੀ ਰਹੇ ਹੋਣਗੇ। ਕਿਉਂ ਇਕ ਖਾਸ ਮੌਕੇ ਤੇ ਆ ਕੇ ਭਗਤ ਇਸ ਤਰ੍ਹਾਂ ਤਰ੍ਹਾਂ ਦਾ ਰੈਡੀਕਲ ਉਚਾਰ ਪੈਦਾ ਕਰਨ ਦੇ ਸਮਰੱਥ ਹੋਏ। ਉਸ ਪਿੱਛੇ ਕਿਹੜੀਆਂ

ਇਤਿਹਾਸਕ ਪ੍ਰਕ੍ਰਿਆ ਰਹੀਆਂ ਹੋਣਗੀਆਂ। ਅਸੀਂ ਇਨ੍ਹਾਂ ਸਵਾਲਾਂ ਨੂੰ ਅਜੇ ਉਚਾਰਿਆਂ ਨਹੀਂ ਹੈਗਾ। ਮੱਧਕਾਲ ਦੀ ਜਿਹੜੀ ਵਸਤੂ ਸਥਿਤੀ ਹੈ ਉਸ ਵਿੱਚ ਦਲਿਤ ਕੌਣ ਹੈ? ਜਿਵੇਂ ਕੁਝ ਚੀਜਾਂ ਅਸੀਂ ਅੱਜ ਮਹਿਸੂਸ-ਅਨੁਭਵ ਕਰ ਰਹੇ ਹਾਂ ਉਹ ਚੀਜਾਂ ਕਿਵੇਂ ਅਤੀਤ ਉੱਤੇ ਸੂਪਰ ਇਮਪੋਜ਼ ਕਰਦੇ ਹਾਂ। ਜਿਹੜੀਆਂ ਅੱਜ ਦੀਆਂ ਬਾਈਨਰੀਜ ਨੇ ਉਨ੍ਹਾਂ ਨੂੰ ਅਸੀਂ ਅਤੀਤ ਵਿੱਚ ਲੈ ਜਾਂਦੇ ਆ। ਇਨ ਬਿਨ ਉੱਥੇ ਲਾਗੂ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਜਿਹੜੀਆਂ ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਦੀਆਂ ਜਾਤੀ ਸਮੀਕਰਣਾਂ ਨੇ ਤੇ ਉਸ ਤੋਂ ਪਹਿਲਾਂ ਦੀਆਂ ਜਾਤੀ ਸਮੀਕਰਣਾਂ ਨੇ ਅਸੀਂ ਉਸ ਵਿੱਚ ਵੀ ਨਿਖੇੜਾ ਬਹੁਤੀ ਵਾਰ ਨਹੀਂ ਕਰਦੇ। ਜਦੋਂ ਅਸੀਂ ਮੱਧਕਾਲ ਦੇ ਇਤਿਹਾਸਾਂ ਨੂੰ ਵੇਖਦੇ ਹਾਂ ਤਾਂ ਮੈਨੂੰ ਇਕੋ ਕਿਤਾਬ ਲੱਭਦੀ ਐ ਸੁਰਜੀਤ ਸਿੰਘ ਗਾਂਧੀ ਦੀ, 'ਪੰਜਾਬ ਅੰਡਰ ਗਰੇਟ ਮੁਗਲ' ਮੁਗਲ ਕਾਲ ਦੇ ਜੋ ਇਤਿਹਾਸ ਨੇ ਇਰਫਾਨ ਹਬੀਬ ਆਦਿ ਹੁਰਾਂ ਦੇ ਉਹ ਉੱਤਰ ਭਾਰਤ ਨੂੰ ਆਪਣੇ ਅਧਿਐਨ ਦਾ ਵਸਤੂ ਬਣਾਉਂਦੇ ਨੇ ਪਰ ਪੰਜਾਬ ਨਿਖੜਵੇ ਰੂਪ ਵਿੱਚ ਬਹੁਤ ਘੱਟ ਨਜ਼ਰ ਆਉਂਦਾ ਆ। ਤਾਂ ਪੰਜਾਬ ਦੀਆਂ ਜਾਤੀ ਬਣਤਰਾਂ, ਜਮਾਤੀ ਬਣਤਰਾਂ, ਉਨ੍ਹਾਂ ਦੀ ਆਪਸੀ ਦਰਜ਼ੇਬੰਦੀ ਆ ਉਹ ਕਿਸ ਕਿਸਮ ਦੀ ਐ। ਉਨ੍ਹਾਂ ਦਾ ਨਖੇੜਾ ਤੇ ਦਰਜ਼ਾਬੰਦੀ ਕਿਸ ਤਰ੍ਹਾਂ ਦੀ ਹੈ। ਗੁਲਾਮ ਆਉਂਦੇ ਨੇ, ਖਿਲਜ਼ੀ ਆਉਂਦੇ ਨੇ ਫਿਰ ਸਾਡੇ ਕੋਲ ਮੁਗਲ ਆਉਂਦੇ ਨੇ। ਗੁਲਾਮਾ ਦੇ ਸਮੇਂ ਤੋਂ ਜੋ ਪੰਜਾਬ ਐ ਉਦੋਂ ਬਹੁਤ ਵੱਡੇ ਪੱਧਰ ਉੱਤੇ ਪੰਜਾਬ ਦੇ ਲੋਕਾਂ ਨੇ ਇਸਲਾਮ ਕਬੂਲ ਕਰਨਾ ਸ਼ੁਰੂ ਕੀਤਾ। ਅਸੀਂ ਇਹ ਵੀ ਕਹਿੰਦੇ ਹਾਂ ਸੂਫ਼ੀਆਂ ਦੇ ਰਾਹੀਂ ਲੋਕਾਂ ਨੇ ਵੱਡੇ ਪੱਧਰ ਤੇ ਪ੍ਰਭਾਵ ਕਬੂਲਿਆ। ਜਿਹੜਾ ਜ਼ਬਰਦਸਤੀ ਕਿਸੇ ਨੂੰ ਮੁਸਲਮਾਨ ਬਣਾਉਣ ਵਾਲਾ ਪ੍ਰਵਚਨ ਐ ਉਹਦੇ ਬਹੁਤੇ ਠੋਸ ਹਵਾਲੇ ਇਤਿਹਾਸ ਵਿੱਚ ਕਿਤੇ ਮਿਲਦੇ ਨਹੀਂ। ਸਾਹਿਤ ਰਾਹੀਂ, ਪੋਇਟਰੀ ਰਾਹੀਂ ਜਾਂ ਸੂਫ਼ੀਆਂ ਦੇ ਪ੍ਰਚਾਰ ਰਾਹੀਂ ਕਲਾਤਮਿਕ ਪ੍ਰੇਰਨਾ ਦੇ ਮੱਧਮ ਸਰੋਤ ਹੋ ਸਕਦੇ ਨੇ। ਇਸ ਦੇ ਸੀਮਤ ਅਸਰ ਹੋ ਸਕਦੇ ਨੇ ਪਰ ਜਿਹੜੀਆਂ ਵਸਤੂ ਸਥਿਤੀਆਂ ਕਰਕੇ ਕੋਈ ਬੰਦਾ ਆਪਣੀ ਆਸਥਾ ਨੂੰ ਤਬਦੀਲ ਕਰਕੇ ਦੂਜੀ ਥਾਂ ਜਾਂਦਾ ਹੈ ਉਹ ਵਸਤੂ ਸਥਿਤੀਆਂ ਜਿਆਦਾ ਬੱਲ ਸ਼ਾਲੀ ਚੀਜ਼ਾਂ ਹੁੰਦੀਆਂ ਨੇ। ਮੁਸਲਮਾਨ ਹਮਲਾਵਰ ਕਹਿਣ ਦੀ ਗੱਲ ਬਹੁਤ ਸਾਰੇ ਸਿਆਣੇ ਲੋਕਾਂ ਦੀਆਂ ਲਿਖਤਾਂ ਵਿੱਚ ਆਉਂਦਾ ਹੈ ਕਿ ਮੁਸਲਮਾਨ ਹਮਲਾਵਰ ਆ ਗਏ। ਜਦ ਕਿ ਮੁਸਲਮਾਨ ਹਮਲਾਵਰ ਵੱਖਰੇ ਵੱਖਰੇ ਕਿਸਮ ਦੇ ਨੇ, ਉਹ ਅਫ਼ਗਾਨ ਨੇ, ਤੁਰਕ ਨੇ ਅਸੀਂ ਉਨ੍ਹਾਂ ਦਾ ਨਿਖੇੜਾ ਵੀ ਨਹੀਂ ਕਰਦੇ। ਇਸ ਰਾਹੀਂ ਜੋ ਅਸੀਂ ਇਤਿਹਾਸ ਦਾ ਬਿੰਬ ਉਸਾਰਦੇ ਹਾਂ ਉਹ ਵੀ ਇਕ ਬਾਈਨਰੀ ਉੱਤੇ ਆ ਕੇ ਖੜ੍ਹਾ ਹੋ ਜਾਂਦਾ। ਕਿ ਹਮਲਾਵਰ ਭਾਰਤ ਵਿੱਚ ਆਏ। ਜਿਵੇਂ ਭਾਰਤ ਪਹਿਲਾਂ ਤੋਂ ਬਣੀ ਹੋਈ ਹੋਂਦ ਐ। ਉਦੋਂ ਭਾਰਤ ਕੋਈ ਵੀ ਰਾਜਨੀਤਿਕ ਹੋਂਦ ਦੇ ਰੂਪ ਵਿੱਚ ਮੌਜੂਦ ਨਹੀਂ ਸੀ ਜਿਹੜੇ ਅਸੀਂ ਹੁਣ ਉਸ ਨੂੰ ਸੂਪਰ ਇੰਮਪੋਜ਼ ਕਰਕੇ ਬਹੁਤ ਪਿੱਛੇ ਤੱਕ ਲੈ ਗਏ ਆ ਕਿ ਬਾਹਰੋ ਹਮਲਾਵਰ ਆ ਗਏ। ਇਹ ਬਾਹਰ ਅਤੇ ਅੰਦਰ ਦਾ ਨੈਰੇਟਿਵ ਆ ਇਹ ਵੀ ਆਪਣੇ ਆਪ ਵਿੱਚ ਵੇਖਣ ਵਾਲਾ ਐ। ਹੁਣ ਮੈਂ ਫਿਰ ਆਪਣੀ ਗੱਲ ਵੱਲ ਮੁੜਦਾ ਹਾਂ। ਭਾਵੇਂ ਤੁਰਕ ਆਏ ਜਾਂ ਅਫ਼ਗਾਨ ਆਏ। ਉਨ੍ਹਾਂ ਸਮਿਆਂ ਵਿੱਚ ਜਿਹੜੀ ਉਨ੍ਹਾਂ ਨੇ ਰਾਜਸੀ, ਆਰਥਿਕ ਪ੍ਰਕ੍ਰਿਰਿਆ ਸ਼ੁਰੂ ਕੀਤੀ। ਜਿਹੜਾ ਉਤਪਾਦਨ ਸ਼ੁਰੂ ਕੀਤਾ। ਗੁਲਾਮਾਂ ਦੇ ਸਮੇਂ ਬਾਅਦ ਦੀਆਂ ਉਨ੍ਹਾਂ ਵੱਡੀਆਂ ਇਮਾਰਤਾਂ ਉਸਾਰੀਆਂ ਨੇ। ਕੁਤਬ ਮੀਨਾਰ, ਤਾਜ ਮਹੱਲ, ਮਕਬਰੇ, ਸਰਾਵਾਂ, ਪੁਲ਼ ਆਦਿ ਇਮਾਰਤਾਂ ਦੀ ਨਿਰਮਾਣਕਾਰੀ ਹੋਈ ਹੈ ਉੱਤਰ ਭਾਰਤ ਵਿੱਚ। ਤਾਂ ਉਹ ਸਾਰੀ ਦੀ ਸਾਰੀ ਉਸ ਸਮੇਂ ਵਿੱਚ ਹੋਈ। ਇਹਦਾ ਮਤਲਬ ਹੈ ਕਿ ਇਕ ਕਿਰਤ ਪ੍ਰਕ੍ਰਿਆ ਵਾਲੇ ਲੋਕਾਂ ਨੂੰ ਆਰਥਿਕ ਸੰਪੰਨਤਾ ਪ੍ਰਾਪਤ ਹੋਈ ਹੋਵੇਗੀ। ਮੱਧ ਕਾਲ ਵਿੱਚ

ਕੱਪੜੇ ਦਾ ਕੰਮ ਬਹੁਤ ਵੱਡੇ ਪੱਧਰ ਉੱਤੇ ਹੁੰਦਾ ਰਿਹਾ। ਜੇ ਅਸੀਂ ਕਬੀਰ ਦੀ ਆਵਾਜ਼ ਦੇ ਠੋਸ ਅਧਾਰਾਂ ਨੂੰ ਸਮਝਣਾ ਹੋਵੇਗਾ ਤਾਂ ਜਦੋਂ ਠੋਸ ਰੂਪ ਵਿੱਚ ਬਾਦਸ਼ਾਹੀਆਂ ਸਥਾਪਤ ਹੁੰਦੀਆਂ ਹਨ ਤਾਂ ਵਰਦੀਆਂ ਦੇ ਰੂਪ ਵਿੱਚ ਬਹੁਤ ਵੱਡੀ ਪੱਧਰ ਤੇ ਜੁਲਾਹਿਆਂ ਦਾ ਕੰਮ, ਦਰਜ਼ੀਆਂ ਦਾ ਕੰਮ ਬਹੁਤ ਹੀ ਵੱਧ ਜਾਂਦਾ ਹੈ। ਪਿੰਡਾਂ ਵਿੱਚ ਬਹੁਤ ਸਾਰੇ ਕਾਰੀਗਰ ਜਿਹੜੇ ਪਿੰਡ ਦੇ ਖ਼ੁਦਮੁਖਤਿਆਰ ਸਿਸਟਮ ਵਿੱਚ ਰਹਿੰਦੇ ਸੀ ਉਹ ਸੁਤੰਤਰ ਹੋ ਕੇ ਸੱਤਾਂ ਲਈ ਉਤਪਾਦਨ ਕਰਨਾ ਸ਼ੁਰੂ ਕਰਦੇ ਨੇ। ਪਿੰਡ ਵਿੱਚੋਂ ਉਦੋਂ ਉਹ ਲਬਰੇਟ ਹੋਣਾ ਸ਼ੁਰੂ ਕਰਦੇ ਨੇ। ਉਸ ਲਿਬਰੇਸ਼ਨ ਦੇ ਨਾਲ ਉਨ੍ਹਾਂ ਨੂੰ ਸਪੰਨਤਾ ਮਿਲਦੀ ਐ। ਰਾਜ ਸ਼੍ਰੈਣੀ ਨਾਲ ਨੇੜਤਾ ਮਿਲਦੀ ਐ। ਇਕ ਤਰ੍ਹਾਂ ਨਾਲ ਰਾਜਨੀਤਿਕ ਤਾਕਤ ਦਾ ਸੁਪਨਾ ਮਿਲਦਾ ਐ। ਮੁਢਲੇ ਰੂਪ ਵਿੱਚ ਸਥਾਨਿਕ ਵਪਾਰਿਕ ਜਮਾਤਾਂ ਤੇ ਕਾਰੀਗਰ ਜਮਾਤਾਂ ਦੇ ਆਪਸੀ ਅਲਾਇੰਸ ਦੇ ਰੂਪ ਵਿੱਚ ਵੀ ਆਪਾਂ ਇਹ ਵੇਖਦੇ ਹਾਂ। ਰਾਜ ਸੱਤਾਂ ਦੀਆਂ ਜ਼ਰੂਰਤਾਂ ਨੂੰ ਜੇ ਤੁਸੀਂ ਵੇਖੋਗੇ ਤਾਂ ਤੁਸੀਂ ਜਾਣੋਗੇ ਕਿ ਰਾਜ ਸੱਤਾ ਵਿੱਚ ਕਾਰੀਗਰਾਂ ਨੂੰ ਕੰਮ ਵੀ ਮਿਲਿਆ। ਇਹ ਉਹ ਸਮਾਂ ਐ ਜਦੋਂ ਵੱਡੀ ਪੱਧਰ ਉੱਤੇ ਟੈਕਨੌਲਜ਼ੀ ਦਾ ਵਿਕਾਸ ਹੋਇਆ। ਸੋ ਕਾਰੀਗਰਾਂ ਨੇ ਇਸ ਵਿਕਾਸ ਵਿੱਚ ਬਹੁਤ ਵੱਡਾ ਹਿੱਸਾ ਪਾਇਆ। ਉਤਪਾਦਨ ਵਿੱਚ ਤੇਜ਼ੀ ਆਉਂਦੀ ਹੈ। ਇਸਲਾਮ ਵਿੱਚ ਜਾਣ ਦੀ ਜਿਹੜੀ ਪ੍ਰਕ੍ਰਿਆ ਹੈਗੀ ਐ। ਇਹ ਬੁਨਿਆਦੀ ਤੌਰ ਤੇ ਏਥੋਂ ਦੀਆਂ ਜਿਹੜੀਆਂ ਅਖੌਤੀ ਦਲਿਤ ਜਾਤੀਆਂ ਨੇ। ਉਨ੍ਹਾਂ ਲਈ ਇਹ ਇਕ ਰਸਤਾ ਸੀ, ਏਥੋਂ ਦੀ ਜਾਤਪਾਤੀ ਵਿਵਸਥਾ ਦੇ ਬਰਾਬਰ ਖੜਾ ਕਰਨ ਦਾ। ਇਕ ਵਿਦਰੋਹ ਕਰਨ ਦਾ ਰਸਤਾ ਵੀ ਸੀ। ਤਾਂ ਇਸਲਾਮ ਇਕ ਦਲਿਤ ਪ੍ਰਤੀਰੋਧ ਦੇ ਰੂਪ ਵਿੱਚ ਮੈਨੂੰ ਸਮਝ ਆਉਣ ਲੱਗਾ। ਜਿਹੜੀ ਭਾਰਤ ਵਿੱਚ ਇਸਲਾਮ ਪ੍ਰਤੀ ਨਫ਼ਰਤ ਐ ਉਹ ਬੁਨਿਆਦੀ ਤੌਰ ਤੇ ਜਾਤੀ-ਪਾਤੀ ਨਫ਼ਰਤ ਦਾ ਹੀ ਬਦਲਿਆ ਹੋਇਆ ਰੂਪ ਐ। ਇਹ ਮੇਰੀ ਆਪਣੀ ਸਮਝ ਐ। ਜਦੋਂ ਇਸ ਧਰਤੀ ਦੀ ਵੰਡ ਹੁੰਦੀ ਐ ਜਿਹਨੂੰ ਅਸੀਂ ਦੇਸ਼ ਵੰਡ ਕਹਿੰਦੇ ਆ। ਮੈਂ ਉਹਨੂੰ ਪੰਜਾਬ ਵੰਡ ਕਹਿਣਾ ਠੀਕ ਸਮਝਦਾ ਹਾਂ। ਜਦੋਂ ਮਰਦਮਸ਼ੁਮਾਰੀ ਹੁੰਦੀ ਐ ਤਾਂ ਇਸਲਾਮ ਨੂੰ ਮੰਨਣ ਵਾਲੇ ਬਹੁ ਗਿਣਤੀ ਵਿੱਚ ਹੁੰਦੇ ਨੇ। ਪੰਜਾਬੀ ਅੱਜ ਵੀ ਵਧੇਰੇ ਮੁਸਲਮਾਨ ਨੇ। ਉਹ ਮੁਸਲਮਾਨ ਓਸ ਵੇਲੇ ਬਣੇ। ਜਦੋਂ ਤੁਗਲਕ ਆਏ ਤਾਂ ਖ਼ਿਲਜੀਆਂ ਵੇਲੇ ਬਹੁਤ ਵੱਡੀ ਪੱਧਰ ਉੱਤੇ ਲੋਕਾਂ ਨੇ ਇਸਲਾਮ ਧਾਰਨ ਕਰਨਾ ਸ਼ੁਰੂ ਕੀਤਾ। ਇਸਲਾਮ ਨੂੰ ਧਾਰਨ ਕਰਕੇ ਉਹ ਰਾਜਸੱਤਾ ਵਿੱਚ ਵੀ ਹਿੱਸੇਦਾਰ ਹੋਣ ਲੱਗੇ। ਉਦੋਂ ਇਕ ਸਟ੍ਰਗੱਲ ਖੜੀ ਹੋਈ। ਉਦੋਂ ਮੂਲ ਰੂਪ 'ਚ ਪਹਿਲਾਂ ਤੋਂ ਬਣੇ ਹੋਏ ਮੁਸਲਮਾਨਾਂ ਦੀ ਅਤੇ ਏਥੋਂ ਦੇ ਨਵੇਂ ਬਣੇ ਮੁਸਲਮਾਨ ਵਿਚਕਾਰ ਸਟ੍ਰਗੱਲ ਹੋਈ। ਜਿਹਦੇ ਵਿੱਚ ਜੇਤੂ ਹੋ ਕੇ ਨਿਕਲੇ ਇਥੋਂ ਦੇ ਨਵੇਂ ਬਣੇ ਮੁਸਲਮਾਨ। ਜਿਹੜੀ ਗੱਲ ਅਸੀਂ ਕਹਿੰਦੇ ਹਾਂ ਕਿ ਸਾਸ਼ਕ ਸ਼੍ਰੈਣੀ ਬਾਹਰੋਂ ਆਈ ਸੀ। ਸਾਸ਼ਨ ਦੇ ਜਿਨੇ ਵੀ ਵੱਡੇ ਲੋਕ ਨੇ, ਫੌਜ ਦੇ ਜਰਨੈਲ ਨੇ, ਸਿਵਲ ਪ੍ਰਸ਼ਾਸ਼ਨ ਦੇ ਵਿੱਚ ਜਿਆਦਾ ਦਬਦਬਾ ਸੀ ਉਹ ਸਥਾਨਿਕ ਲੋਕਾਂ ਦਾ ਸੀ। ਤਾਂ ਤੁਗਲਿਕ ਅਤੇ ਖ਼ਿਲਜੀਆਂ ਦੇ ਸਮੇਂ ਵਿੱਚ ਵਿਰੋਧ ਹੋਣਾ ਸ਼ੁਰੂ ਹੋ ਗਿਆ। ਇਹ ਕਹਿ ਦਿੱਤਾ ਗਿਆ ਕਿ ਤੁਸੀਂ ਨਿਆਂ ਵਿਵਸਥਾ ਦਾ ਕੰਮ ਤੇ ਮਸੀਤਾਂ ਵਿੱਚ ਪੜ੍ਹਨ ਲਿਖਣ ਦਾ ਕੰਮ ਤੱਕ ਸੀਮਿਤ ਰਹੋ। ਤੁਸੀਂ ਹੋਰ ਪਾਸੇ ਵੱਲ ਦਖ਼ਲ ਦੇਣ ਦੀ ਕੋਸ਼ਿਸ ਨਾ ਕਰੋ। ਇਸਲਾਮ ਨੂੰ ਜਿਸਨੇ ਧਾਰਨ ਕੀਤਾ ਸੀ ਉਹ ਹੌਲੀ ਹੌਲੀ ਸੱਤਾਂ ਉੱਤੇ ਆਪਣੀ ਦਾਵੇਦਾਰੀ ਜਮਾਉਣ ਲੱਗ ਪਏ। ਦੂਜੀ ਗੱਲ ਕਿ ਕਿਵੇਂ ਰੂਪ ਤੇ ਰੋਲ ਬਦਲ ਗਿਆ। ਕਿਤੇ ਕਿਤੇ ਦੁੱਖ ਦੀ ਗੱਲ ਵੀ ਮਿਲਦੀ ਐ। ਕਿਵੇਂ ਦੂਜੀਆਂ ਜਾਤਾਂ ਵਾਲੇ ਲੋਕ ਹੌਲੀ ਹੌਲੀ ਸਾਸ਼ਨ ਕਰਨ ਲੱਗ ਪਏ। ਦੂਜਾ ਰੂਪ ਸੰਘਰਸ਼ ਦੇ ਰੂਪ ਵਿੱਚ ਦੇਖਣ ਨੂੰ ਮਿਲਦਾ ਐ। ਜਦੋਂ ਗੁਰੂ ਕਾਲ ਵਿੱਚ ਹਰਕ੍ਰਿਸ਼ਨ ਵੇਲੇ ਮੀਰੀ ਤੇ ਪੀਰੀ ਦੀ ਗੱਲ

ਕਰਦੇ ਹਾਂ। ਜਿਵੇਂ ਅਵਤਾਰ ਹੁਰਾਂ ਕਿਹਾ ਕਿ ਉੱਥੇ ਨਾਈ, ਝੀਊਰ, ਛੀਂਬੇ ਆਦਿ 'ਕੱਠੇ ਹੋ ਕੇ ਆ ਗਏ। ਉਹ ਕਿਉਂ ਆ ਗਏ। ਇਸ ਦੀਆਂ ਆਪਣੀਆਂ ਆਪਣੀਆਂ ਵਿਆਖਿਆ ਹੋ ਸਕਦੀਆਂ ਨੇ। ਮੇਰਾ ਤਰੀਕਾ ਆਪਣਾ ਐ। ਪਹਿਲੀ ਗੱਲ ਤਾਂ ਸਾਨੂੰ ਮੁਗਲ ਆਰਥਿਕਤਾ ਦਾ ਪਤਾ ਹੋਣਾ ਚਾਹੀਦਾ ਐ। ਉਹ ਆਰਥਿਕਤਾ ਖੇਤੀਬਾੜੀ ਤੇ ਵਪਾਰ ਨਾਲ ਜੁੜੀ ਆਰਥਿਕਤਾ ਸੀ। ਮੁਗਲ ਕਾਲ ਜਦੋਂ ਪੀਕ ਉੱਤੇ ਪੁੱਜ ਕੇ , ਖਾਸ ਕਰਕੇ ਔਰੰਗਜੇਬ ਸਮੇਂ ਇਹ ਮੰਨਿਆ ਜਾਂਦਾ ਕਿ ਵਪਾਰ ਵਿੱਚ ਭਾਰਤ ਦਾ ਹਿੱਸਾ ਦੁਨੀਆਂ ਦੇ ਕਿਸੇ ਵੀ ਮੁਲਕ ਨਾਲੋਂ ਵੱਧ ਸੀ। ਉਦੋਂ 25-26 ਪ੍ਰਤੀਸ਼ਤ ਮੁਗਲ ਭਾਰਤ ਦੇ ਵਪਾਰ ਦਾ ਹਿੱਸਾ ਸੀ ਜਿਹੜਾ ਹਾਲੇ ਤੱਕ ਅਮਰੀਕਾ ਵਿੱਚ ਵੀ ਨਹੀਂ। ਤੁਸੀਂ ਉਦੋਂ ਵੇਖੋਂ ਕਿ ਯੂਰਪ ਭਾਰਤ ਵੱਲ ਕਿਵੇਂ ਭੱਜਿਆ ਆ ਰਿਹਾ ਸੀ। ਜਿਉਂ ਜਿਉਂ ਮੁਗਲ ਸਲਤਨਤ ਤਕੜੀ ਹੋਈ, ਇਸ ਤਰ੍ਹਾਂ ਆਰਥਿਕ ਦਬਾਓ ਕਿਸਾਨੀ ਉੱਪਰ ਵੱਧਣਾ ਸ਼ੁਰੂ ਹੋਇਆ। ਕਾਰੀਗਰ ਜਮਾਤਾਂ ਉੱਪਰ ਵੀ ਉਨ੍ਹਾਂ ਦਾ ਦਬਾਓ ਵੱਧਣਾ ਸ਼ੁਰੂ ਹੋਇਆ। ਉਨ੍ਹਾਂ ਵਿੱਚ ਖਾਸ ਕਿਸਮ ਦਾ ਰੋਹ ਜਿਹਨੂੰ ਅਸੀਂ ਫ੍ਰਸ਼ਟ੍ਰੇਸ਼ਨ ਕਹਿੰਦੇ ਆ ਹੋਣੀ ਸ਼ੁਰੂ ਹੋਈ। ਉਹਨੂੰ ਹੱਲ ਕਰਨ ਦੇ ਜਤਨ ਵੀ ਹੋਏ। ਇਸ ਆਰਥਿਕ ਦਬਾਓ ਦੇ ਚਲਦਿਆਂ ਜੋ ਕਾਰੀਗਰ ਜਮਾਤਾਂ ਸਨ ਇਨ੍ਹਾਂ ਵਿੱਚ ਇਟ੍ਰਗਰੇਸ਼ਨ ਵੀ ਹੋਈ। ਇਸ ਤਰ੍ਹਾਂ ਸਿੱਖੀ ਵਿੱਚ ਕਾਰੀਗਰ ਜਮਾਤਾਂ ਨੇ ਸਾਂਝਦਾਰੀ ਪਾਉਣੀ ਸ਼ੁਰੂ ਕੀਤੀ। ਜਦੋਂ ਹਥਿਆਰਬੰਦ ਰੂਪ ਵਿੱਚ ਸਿੱਖੀ ਰੁਪਾਂਤ੍ਰਤ ਸ਼ੁਰੂ ਹੁੰਦੀ ਐ ਤਾਂ ਜਦੋਂ ਇਹ ਜਮਾਤਾਂ ਉਸ ਵਿੱਚ ਸ਼ਾਮਲ ਹੋ ਜਾਂਦੀਆਂ ਨੇ। ਇਕ ਤਰ੍ਹਾਂ ਨਾਲ ਸਿੱਖ ਲਹਿਰ ਨੂੰ ਇਹ ਜਮਾਤਾਂ ਪੁਨਰ ਪ੍ਰਭਾਸ਼ਤ ਕਰਨਾ ਸ਼ੁਰੂ ਕਰ ਦਿੰਦੀਆਂ ਨੇ। ਇਹਦਾ ਲਾਭ ਕਿਸਾਨੀ ਨੂੰ ਪ੍ਰਾਪਤ ਹੋਇਆ। ਜੋ ਜਰਾਇਤੀ ਆਰਥਿਕਤਾ ਦੀ ਗੱਲ ਹੈ। ਸਾਨੂੰ ਲੱਗਦਾ ਸੀ ਕਿ ਜਿਹੜੀ ਨਿੱਜੀ ਮਾਲਕੀ ਐ ਉਹ ਅੰਗਰੇਜ਼ਾਂ ਦੇ ਵੇਲੇ ਸ਼ੁਰੂ ਹੋਈ ਹੋਵੇਗੀ। ਪਰ ਇਹਦੇ ਸੀਮਿਤ ਰੂਪ ਮੁਗਲਾਂ ਤੋਂ ਸ਼ੁਰੂ ਹੋ ਜਾਂਦੇ ਨੇ। ਉਨ੍ਹਾਂ ਨੇ ਟੈਕਸ ਦਾ ਅਧਾਰ ਵੱਡਾ ਕਰਨ ਲਈ ਜਿਆਦਾ ਤੋਂ ਜਿਆਦਾ ਭੂਮੀ ਖੇਤੀ ਦੇ ਅਧੀਨ ਲੈ ਕੇ ਵੀ ਆਉਣੀ ਸ਼ੁਰੂ ਕਰ ਦਿੱਤੀ। ਇਹ ਜਿਹੜਾ ਰੂਪ ਬਣਦਾ ਏ। ਉਹ ਇਹ ਕਿ ਇਕ ਪਰਿਵਾਰ ਨੂੰ ਜ਼ਮੀਨ ਦਾ ਖਾਸ ਹਿੱਸਾ ਦੇ ਦੇਣਾ ਤੇ ਕਹਿਣਾ ਕਿ ਤੇਰੇ ਜਿਉਣ ਤੱਕ ਤੇਰੀ ਇਹ ਨਿੱਜੀ ਮਲਕੀਅਤ ਹੋਵੇਗੀ। ਉਹ ਖੇਤੀ ਦਾ ਵਿਕਾਸ ਕਰਦਾ ਸੀ ਤੇ ਅਗਲੀ ਪੀੜ੍ਹੀ ਨੂੰ ਫਿਰ ਟੈਕਸ ਦੇ ਦਾਇਰੇ ਵਿੱਚ ਲਿਆਂਦਾ ਜਾਂਦਾ ਸੀ। ਇਸ ਤਰ੍ਹਾਂ ਕਿਸਾਨੀ ਨੂੰ ਲਾਭ ਮਿਲਿਆ। ਕਿਸਾਨੀ ਉਦੋਂ ਉਤਲੇ ਪੌਡੇ ਵਾਲੀ ਜਾਤ ਨਹੀਂ ਸੀ। ਜਿਵੇਂ ਅਸੀਂ ਅੱਜ ਦੇ ਪੰਜਾਬ ਵਿੱਚ ਵੇਖਦੇ ਹਾਂ। ਇਸ ਰੂਪ ਵਿੱਚ ਕਾਫੀ ਅੰਤਰ ਐ। ਮੁਗਲਾਂ ਵੇਲੇ ਕਿਸਾਨੀ ਦਾ ਰੂਪ ਦਲਿਤਾਂ ਤੋਂ ਕੋਈ ਬਹੁਤਾ ਵੱਖਰਾ ਨਹੀਂ ਸੀ। ਫਿਰ ਗੁਰੂ ਕਾਲ ਨਾਲ ਜੁੜ ਕੇ ਦਲਿਤ ਚੇਤਨਾ ਦਾ ਉਭਾਰ ਸਾਨੂੰ ਵੇਖਣ ਨੂੰ ਮਿਲਦਾ ਹੈ। ਅੰਤ ਵਿੱਚ ਸਾਡੇ ਕੋਲ ਇਹਦੇ ਸਬੂਤ ਕਿਹੜੇ ਨੇ। ਮੇਰੇ ਕੋਲ ਦੋ ਨਾਂ ਨੇ। ਇਕ ਗ਼ਦਾਰੀ ਏ ਇਕ ਨਿਸ਼ਕ੍ਰਿਅਤਾ ਹੋਣਾ ਏ। ਰਣਜੀਤ ਸਿੰਘ ਵੇਲੇ ਜਿਹੜੀ ਖਾਲਸਾ ਰਾਜ ਦੀ ਸਥਾਪਨਾ ਹੋਈ ਉਹਦੇ ਵਿੱਚ ਪੰਜਾਬ ਵਿੱਚ ਜਿਹੜਾ ਸਿੱਖ ਪ੍ਰੋਮਿਸ ਸੀ ਜਿਸ ਵਿੱਚ ਸਥਾਨਿਕ ਵਪਾਰਕ ਜਮਾਤਾਂ। ਕਾਰੀਗਰ ਜਮਾਤਾਂ, ਕੰਮੀ ਕਮੀਣ। ਉਨ੍ਹਾਂ ਸਾਰਿਆਂ ਦਾ ਇੰਟੇਗ੍ਰੇਸ਼ਨ ਦਾ ਪ੍ਰੋਮਿਸ ਵੀ ਸੀ। ਉਹਦੇ ਵਿੱਚ ਸਿੱਖ, ਖਾਲਸਾ , ਉਦਾਸੀ ਤੇ ਨਿਰਮਲੇ ਦੀ ਇੰਟੇਗ੍ਰੇਸ਼ਨ ਦਾ ਪ੍ਰੋਮਿਸ ਵੀ ਸੀ। ਉਸ ਵਿੱਚ ਖਾਲਸਾ ਰਾਜ ਦੀ ਸਥਾਪਨਾ ਰਣਜੀਤ ਸਿੰਘ ਰਾਜ ਦੇ ਰੂਪ ਵਿੱਚ ਤਾਂ ਇਸ ਸੰਗਠਨ ਦਾ ਆਪਣਾ ਰੋਲ ਸੀ। ਪਰ ਜਦੋਂ ਰਾਜ ਸਥਾਪਿਤ ਹੋ ਗਿਆ ਤਾਂ ਉਦੋ ਵੱਖ ਵੱਖ ਸਰਦਾਰਾਂ ਨੇ ਛੋਟੀਆਂ ਜਾਤਾਂ ਪ੍ਰਤੀ ਵਿਤਕਰੇ ਦਾ ਪ੍ਰਗਟਾਵਾਂ ਕਰਨਾ ਸ਼ੁਰੂ ਕਰ ਦਿੱਤਾ। ਤਾਂ ਜਦੋਂ ਰਣਜੀਤ ਸਿੰਘ ਦਾ ਰਾਜ ਆਪਣੇ ਅੰਤ ਉੱਪਰ ਪੁੱਜਦਾ ਹੈ ਤਾਂ ਗਹਿਰੇ

ਸੰਕਟ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਸਮੇਂ ਬਹੁਤ ਸਾਰੇ ਲੋਕ ਆਪਣੀ ਨਿਸ਼ਕ੍ਰਿਅਤਾ ਨਾਲ ਰਣਜੀਤ ਸਿੰਘ ਦੇ ਰਾਜ ਤੋਂ ਆਪਣੇ ਆਪ ਨੂੰ ਪਿੱਛੇ ਖਿੱਚ ਲੈਂਦੇ ਨੇ। ਕਈ ਵਾਰ ਕਿਸੇ ਰਾਜ ਨੂੰ ਬਦਲਣ ਦੇ ਲਈ ਐਨੀ ਐਕਟਿਵ ਭੂਮਿਕਾ ਵੀ ਅਦਾ ਨਹੀਂ ਕਰਨੀ ਪੈਂਦੀ। ਕਈ ਵਾਰ ਉਸ ਰਾਜ ਨੂੰ ਵੈਸੇ ਹੀ ਖਤਮ ਹੋ ਜਾਣ ਦੇ ਲਈ ਘਰੇ ਬੈਠ ਜਾਂਦੇ ਨੇ। ਉਸੇ ਵੇਲੇ ਉਨ੍ਹਾਂ ਸਰਦਾਰਾਂ ਦੇ ਸਤਾਏ ਹੋਏ ਲੋਕ ਉਨ੍ਹਾਂ ਦੀਆਂ ਫੌਜਾਂ ਵਿੱਚ ਲੜਨ ਮਰਨ ਵਾਲੇ ਲੋਕ ਘਰੇ ਬੈਠ ਗਏ। ਉਨ੍ਹਾਂ ਵਿੱਚ ਕੁਝ ਨੇ ਅੰਗਰੇਜ਼ਾਂ ਦੀ ਮਦਦ ਵੀ ਕੀਤੀ। ਨੈਸ਼ਨਲ ਡਿਸਕੋਰਸ ਵਿੱਚ ਆਪਾਂ ਇਸ ਨੂੰ ਗ਼ਦਾਰੀ ਕਹਿੰਦੇ ਹਾਂ। ਪਰ ਜਦੋਂ ਕੋਈ ਬਦਲਵਾਂ ਸੰਗਠਨ ਮੌਜੂਦ ਨਾ ਹੋਵੇ। ਜਦੋਂ ਸੱਤਾ ਨੂੰ ਹਰਾ ਕੇ ਰਾਜ ਨਾ ਬਦਲਿਆ ਜਾ ਸਕਦਾ ਹੋਵੇ ਤਾਂ ਇਤਿਹਾਸ ਇਹ ਔਪਸ਼ਨ ਵੀ ਕਦੇ ਕਦੇ ਪ੍ਰਦਾਨ ਕਰਦਾ ਹੈ। ਜਾਂ ਤਾਂ ਤੁਸੀਂ ਪੈਸਿਵ ਹੋ ਕੇ ਘਰੇ ਬੈਠ ਜਾਓ। ਕੁਝ ਲੋਕਾਂ ਨੇ ਅੰਗਰੇਜ਼ਾਂ ਦਾ ਸਾਥ ਵੀ ਦਿੱਤਾ। ਇਹ ਸਾਡੇ ਕੋਲ ਇਤਿਹਾਸਕ ਪ੍ਰਮਾਣ ਹੈ ਕਿ ਬਾਬਰ ਨੇ 12 ਹਜ਼ਾਰ ਫੌਜ਼ ਲੈ ਕੇ ਸਿੰਧ ਦਰਿਆ ਪਾਰ ਕੀਤਾ ਸੀ। ਪਾਣੀਪਤ ਦੇ ਮੈਦਾਨ ਵਿੱਚ ਉਹਦੀ ਫੌਜ਼ 45 ਹਜ਼ਾਰ ਸੀ। ਤਾਂ 12 ਹਜ਼ਾਰ ਵਿੱਚ ਕੁਝ ਮਰੇ ਵੀ ਹੋਣਗੇ। ਜੇ 2 ਹਜ਼ਾਰ ਵੀ ਮਰੇ ਹੋਣ ਤਾਂ ਉਹ 35 ਹਜ਼ਾਰ ਕਿੱਥੋਂ ਆਏ ਸਨ? ਇਹ ਪੰਜਾਬੀ ਹੀ ਸਨ। ਇਥੋਂ ਦੀਆਂ ਅੰਤਰ ਵਿਰੋਧਤਾਵਾਂ ਤੇ ਉਨ੍ਹਾਂ ਨੂੰ ਮੁਕਤ ਹੋਣ ਦੇ ਲਈ ਕਈ ਵਾਰ ਲੋਕ ਬਾਹਰਲੇ ਹਮਲਾਵਰਾਂ ਦੀ ਇਮਦਾਦ ਵੀ ਕਰਦੇ ਰਹੇ ਸਨ। ਜਦੋਂ ਆਪਾਂ ਦਲਿਤ ਚੇਤਨਾ ਨੂੰ ਵੇਖਾਂਗੇ ਤਾਂ ਇਹ ਦੋ ਰੂਪਾਂ ਵਿੱਚ ਸਾਡੇ ਸਾਹਮਣੇ ਆਉਂਦੇ ਨੇ। ਜਿਹੜਾ ਤਰਸਯੋਗ ਰੂਪ ਅਸੀਂ ਮੱਧਕਾਲ ਦਾ ਉਸਾਰਦੇ ਹਾਂ ਉਹ ਤਰਸਯੋਗ ਰੂਪ ਨਹੀਂ ਬਣਦਾ। ਬਦਲ ਹਮੇਸ਼ਾ ਮੌਜੂਦ ਰਹੇ ਨੇ। ਪਹਿਲਾਂ ਉਹ ਇਸਲਾਮ ਨੂੰ ਧਾਰਨ ਕਰਨ ਦਾ ਬਦਲ ਸੀ। ਫਿਰ ਸਟਰਗਲ ਦਾ ਬਦਲ ਸੀ। ਜੋ ਵਿਤਕਰਿਆ ਉੱਤੇ ਉਸਰਿਆ ਹੋਇਆ ਪ੍ਰਬੰਧ ਹੈ ਉਸ ਨੂੰ ਮਰ ਜਾਣ ਦੇ ਲਈ ਨਿਸ਼ਕ੍ਰਿਰਿਆ ਹੋਣ ਦਾ ਬਦਲ ਵੀ ਸੀ। ਸਾਰੇ ਬਦਲ ਮੇਰੇ ਖਿਆਲ ਨਾਲ ਹੁਣ ਵੀ ਮੌਜੂਦ ਨੇ। ਹੁਣ ਵੀ ਲੋਕ ਇਸਾਈਅਤ ਵੱਲ, ਡੇਰਿਆਂ ਵੱਲ ਜਾ ਰਹੇ ਨੇ। ਲੋਕ ਜਾਣਗੇ। ਵਿਤਕਰੇ ਤੋਂ ਬਚਣ ਦੇ ਲਈ ਕੋਈ ਸਾਹ ਲੈਣ ਵਾਸਤੇ ਇਸ ਰਾਹ ਵੀ ਜਾਵੇਗਾ। ਮੈਨੂੰ ਲੱਗਦਾ ਹੁਣ ਪੈਸਿਵ ਹੋ ਕੇ ਭਾਰਤ ਨੂੰ ਖਤਮ ਹੁੰਦਾ ਦੇਖ ਰਹੇ ਨੇ।

**ਪ੍ਰੋ. ਰੌਣਕੀ ਰਾਮ**-ਪਹਿਲੀ ਗੱਲ ਤਾਂ ਇਹ ਕਿ ਜਿਹੜੀ ਆਪਾਂ ਸਨਾਤਨ ਤੇ ਵਰਣ ਦੀ ਗੱਲ ਕਰਦੇ ਹਾਂ ਉਹਦੇ 'ਚ ਸਾਨੂੰ ਲੱਗਦਾ ਕਿ ਸਨਾਤਨ ਧਰਮ ਤੇ ਵਰਣ ਆਸ਼ਰਮ ਤੇ ਸਾਡਾ ਅਲੱਗ ਅਲੱਗ ਤਰ੍ਹਾਂ ਦੇ ਵਿਚਾਰ ਨਹੀਂ ਬਣਿਆ। ਕਿਉਂਕਿ ਜੋ ਵਰਣ ਵਿਵਸਥਾ ਹੈਗੀ ਐ ਉਹਦੇ 'ਚ ਹਰਾਰਕੀ ਹੈਗੀ ਆ। ਉਹਦੇ 'ਚ ਬਾਈਨਰੀਜ ਹੈਗੀਆਂ। ਸਨਾਤਨ ਨੂੰ ਅਸੀਂ ਨਹੀਂ ਮੰਨਦੇ। ਮੈਨੂੰ ਲੱਗਦਾ ਕਿ ਜਦੋਂ ਅਸੀਂ ਵਰਣ ਦੀ ਗੱਲ ਕਰਦੇ ਹਾਂ ਤਕਰੀਬਨ ਜੋ ਵਰਣ ਹੈਗੇ ਉਹਦੇ ਵਿੱਚ ਵੇਦਾਂ ਤੋਂ ਬਾਅਦ ਦੀ ਗੱਲ ਕਰਦੇ ਆ। ਅਸੀਂ ਵੇਦਾਂ ਦੇ ਦਸਵੇਂ ਮੰਡਲ ਵਿੱਚ ਵੇਖਦੇ ਹਾਂ ਉਹਦੇ 'ਚ ਸਾਨੂੰ ਦੱਸਿਆ ਗਿਆ ਹੈ। ਫਿਰ ਅਸੀਂ ਵੇਖਦੇ ਹਾਂ ਸੈਕਿੰਡ ਬੀ ਸੀ ਜਾਂ ਸੈਕਿੰਡ ਈ ਡੀ. ਮਨੂੰ ਸਿਮ੍ਰਿਤੀ ਦੀ ਗੱਲ ਹੋਈ ਐ। ਜਿਹਦੇ ਵਿੱਚ ਅਸੀਂ ਛੂਤ ਛਾਤ ਨੂੰ ਵੇਖਦੇ ਆਂ। ਕੁਝ ਵਿਦਵਾਨਾਂ ਦਾ ਇਹ ਕਹਿਣਾ ਐ ਕਿ ਉਸ ਵੇਲੇ ਮਨੂੰ ਸਿਮ੍ਰਿਤੀ ਵਿੱਚ ਮੋਡੀਫਿਕੇਸਨ ਹੋ ਜਾਂਦੀ ਐ। ਲੇਕਿਨ ਹਰਾਰਕੀ ਪਹਿਲਾਂ ਸੀ। ਪਰ ਜਦੋਂ ਤੁਸੀਂ ਵੇਦਾਂ ਤੋਂ ਪਹਿਲਾਂ ਦੀ ਗੱਲ ਕਰੋਗੇ ਤਾਂ ਫਿਰ ਕਿਹੜੀ ਗੱਲ ਐ। ਕੀ ਸਨਾਤਨ ਵੇਦਾਂ ਤੋਂ ਪਹਿਲਾਂ ਦਾ



ਹੈ? ਜੇ ਵੇਦ ਤੋਂ ਪਹਿਲਾਂ ਦਾ ਹੈ ਤਾਂ ਉਹਦਾ ਕੀ ਰੂਪ ਨਿਕਲੇਗਾ। ਹੁਣ ਸਵਾਲ ਪੈਦਾ ਹੁੰਦਾ ਕਿ ਜਿਹੜਾ ਸਿਧਾਂਤ ਹੈਗ ਉਹ ਆਪਣੇ ਆਪ ਵਿੱਚ ਅਵੱਲਾ ਹੈ। ਉਹਦਾ ਟੈਸਟਸ ਨਾਲ ਕੋਈ ਸੰਬੰਧ ਨਹੀਂ ਹੈਗਾ। ਉਹ ਸਿਧਾਂਤ ਕਿੱਥੋਂ ਆਇਆ। ਤੁਸੀਂ ਜਿੱਡਾ ਮਰਜ਼ੀ ਵਧੀਆ ਸਰਕਲ ਵਾਹ ਲਓ ਉਹ ਮੁਕੰਮਲ ਨਹੀਂ ਹੈਗਾ। ਸਰਕਲ ਦਾ ਵਿਚਾਰ ਮੁਕੰਮਲ ਹੈਗਾ। ਜੇ ਵਿਚਾਰ ਵੱਡਾ ਹੈ ਤਾਂ ਜੋ ਸਿਧਾਂਤ ਨਿਕਲਗੇ ਉਹਦੀ ਆਪਣੀ ਖੋਜ ਕਿਹੜੀ ਹੈਗੀ ਐ। ਜੇ ਮਾਰਕਸ ਦਾ ਸਰਫ਼ਸ ਵੈਲਯੂ ਦਾ ਸਿਧਾਂਤ ਸੀ ਜੇ ਉਦੋਂ ਕੈਪਟੀਲਿਜ਼ਮ ਦੀ ਸ਼ੁਰੂਆਤ ਨਾ ਹੋਈ ਹੁੰਦੀ ਤਾਂ ਉਹ ਕਿੱਥੋਂ ਨਿਕਲਦਾ। ਸਿਧਾਂਤ ਇਹ ਵੀ ਹੈਗਾ ਹੈ ਜੋ ਸਿਧਾਂਤ ਤੇ ਜਿਹੜੀ ਸਾਡੀ ਹੋਂਦ ਹੈਗੀ ਹੈ ਉਹਨੂੰ ਕਿਵੇਂ ਵੇਖਣਾ ਐ। ਅਸੀਂ ਇਹ ਗੱਲ ਤਾਂ ਮੰਨ ਕੇ ਚੱਲਦੇ ਹਾਂ ਕਿ ਸਾਡੇ ਕੋਲ ਮੌਡਰਇਟੀ ਦਾ ਕਨਸੈਪਟ ਹੈਗਾ। ਫਿਰ ਸਬਾਲਟਰਨ ਦਾ ਕਨਸੈਪਟ ਵੀ ਹੈਗਾ। ਸਵਾਲ ਇਹ ਹੈਗਾ ਕਿ ਮੌਡਰਇਟੀ ਦੀ ਹੋਂਦ ਤੋਂ ਬਿਨਾ ... ਕੀ ਮੌਡਰਇਟੀ ਦੇ ਪ੍ਰੋਜੈਕਟ ਤੋਂ ਪਹਿਲਾਂ ਸਬਾਲਟਰਨ ਦਾ ਕਨਸੈਪਟ ਸੀ। ਨਹੀਂ ਸੀ। ਜੇ ਸਬਾਲਟਰਨ ਦਾ ਕਨਸੈਪਟ ਮੌਡਰਇਟੀ ਵੇਲੇ ਆਇਆ ਤਾਂ ਇਹ ਮੌਡਰਇਨਟੀ ਤੋਂ ਬਾਹਰ ਕਿਵੇਂ ਹੈਗਾ। ਕੀ ਏਦਾ ਨਹੀਂ ਹੈਗਾ ਕਿ ਜੋ ਮੌਡਰਇਟੀ ਦੇ ਕੰਨਸੈਪਟ ਉਸ ਮੌਡਰਇਨਟੀ ਦੇ ਵਿੱਚੋਂ ਨਿਕਲਦਾ ਹੈਗਾ। ਉਹ ਮੌਡਰਇਨਟੀ ਹੈਗੀ ਐ? ਅਸੀਂ ਕਿਸ ਬੇਸ ਤੇ ਕਹਿ ਰਹੇ ਹਾਂ ਕਿ ਜਿਹੜਾ ਸਬਾਲਟਰਨ ਹੈਗਾ ਉਹ ਮੌਡਰਇਨਟੀ ਤੋਂ ਅਲੱਗ ਹੈਗਾ। ਜਿਹੜੀ ਸਬਾਲਟਰਨ ਨਾਂ ਦੀ ਟ੍ਰਮਨੋਲਜ਼ੀ ਹੈ ਇਹ ਮੌਡਰਇਨਟੀ ਨਹੀਂ ਹੈਗੀ। Gayatri ਕਹਿੰਦੀ ਹੈ ਕਿ Can the Subaltern speak...ਕੀ ਉਹ ਬੋਲ ਸਕਦੇ ਐ...ਜਿਹਡਾ ਸਬਾਲਟਰਨ ਬੋਲਦਾ ਉਹ ਸਬਾਲਟਰਨ ਰਹੇਗਾ ਨਹੀਂ। ਸਬਾਲਟਰਨ ਉਦੋਂ ਤੱਕ ਆ, ਜਦੋਂ ਤੱਕ ਉਹ ਗੁੰਗਾ ਤੇ ਬਹਿਰਾ ਐ। ਇਹ ਗੱਲ ਠੀਕ ਹੈ ਅਸੀਂ ਕਹਿੰਦੇ ਆ ਕਿ ਗਲਪ ਬੜਾ ਤੱਕੜਾ ਐ ਸਾਡੇ ਕੋਲ ਕਵਿਤਾ ਬੜੀ ਤੱਕੜੀ ਐ। ਅਸੀਂ ਉਹਨੂੰ ਗੁੰਗੇ ਨੂੰ ਬੁਲਾਉਣ ਵਾਲੀ ਕਹਿ ਦਿੰਦੇ ਐ। ਤੁਸੀਂ ਉਹਨੂੰ ਜਿੰਨਾ ਮਰਜ਼ੀ ਬੁਲਾ ਦਿਓ... ਜਦੋਂ ਉਹ ਬੋਲ ਪਵੇਗਾ ਉਹ ਸਬਾਲਟਰਨ ਨਹੀਂ ਰਹੇਗਾ। ਅੰਬੇਡਕਰ ਵੀ ਕਹਿੰਦਾ ਸੀ ਕਿ ਤੁਸੀਂ ਗਰੀਬਾਂ ਤੇ ਦੱਬੇ ਕੁਚਲੇ ਲੋਕਾਂ ਨੂੰ ਸਿੱਖਿਆ ਦੇ ਦਿਓ। ਉਹ ਗਰਜੇਗਾ। ਉਹ ਵਿਦਰੋਹ ਕਰੇਗਾ। ਇਸ ਤਰ੍ਹਾਂ ਇਹ ਜਿਹੜੀਆਂ ਬਾਈਨਰੀਆਂ ਹੈਗੀਆਂ ਨੇ ਜਦੋਂ ਅਸੀਂ ਵਰਤਣੀਆਂ ਨੇ ਬੜੇ ਧਿਆਨ ਨਾਲ ਵਰਤਣੀਆਂ ਪੈਣੀਆਂ। ਹੁਣ ਤੁਸੀਂ ਜੋ ਭਾਈ ਗੁਰਦਾਸ ਨੇ ਵੱਖ ਵੱਖ ਨਾਂ ਦਿੱਤੇ ਨੇ। ਹੋਰ ਵੀ ਡੈਟਾ ਆਇਆ ਆ। ਇਸ ਬਾਰੇ ਮੇਰਾ ਇਕ ਪੇਪਰ ਐ। ਮੈਂ ਉਹਦੇ ਵਿਚ ਕਈ ਕਿਸਮ ਦੇ ਡੈਟੇ ਦਿੱਤੇ ਨੇ। 33 ਕਿਸਮ ਦੀਆਂ ਬ੍ਰਾਹਮਣਾਂ ਦੀਆਂ ਜਾਤਾਂ ਨੇ। ਭਾਈ ਗੁਰਦਾਸ ਨੇ ਤਾਂ ਡੈਟਾ ਦੇਣ ਦੀ ਕੋਸ਼ਿਸ਼ ਕੀਤੀ ਆ। ਇਸ ਧਰਮ ਵਿੱਚ ਸਾਰੇ ਹੀ ਲੋਕ ਆਏ ਸਨ। ਇਹਦਾ ਮਤਲਬ ਇਹ ਨਹੀਂ ਕਿ ਇਹ ਜ਼ਾਹਰ ਹੋ ਜਾਣਾ ਕੁਝ ਵਿਦਵਾਨ ਇਹ ਕਹਿੰਦੇ ਨੇ ਕਿ ਦੇਖੋ ਧਰਮ ਵਿੱਚ ਇਕੱਲੇ ਜੱਟ ਸੀ। ਲੋਕੀ ਕਹਿ ਰਹੇ ਨੇ। ਸਾਡੇ ਕੋਲ ਤਾਂ ਹੋਰ ਵੀ ਹਨ। ਉਹ ਇਸ ਗੱਲ ਨੂੰ ਨਕਾਰਨ ਦੀ ਕੋਸ਼ਿਸ਼ ਕਰਦੇ ਨੇ। ਕੁਝ ਕਹਿੰਦੇ ਨੇ ਸਾਡੇ ਕੋਲ ਆਰਟੀਇਜ਼ਨ ਬਹੁਤ ਹੈਗੇ ਐ। ਪਰ ਭਾਈ ਗੁਰਦਾਸ ਕੀ ਇਸ ਐਂਗਲ ਤੋਂ ਲਿਖ ਰਿਹਾ ਹੈ। ਉਹਦੇ ਵਿੱਚ ਨਾਂ ਦੇਣਾ ਕੀ ਇਹ ਜਾਤ ਦਾ ਫੈਕਟਰ ਹੈਗਾ। ਕੀ ਇਹ ਜਾਤ ਬਾਰੇ ਵਿਚਾਰ ਹੋ ਰਹੀ ਜਾਂ ਕਿਸੇ ਹੋਰ ਬਾਰੇ ਵਿਚਾਰ ਹੋ ਰਹੀ ਹੈ? ਇਹ ਗੱਲ ਬਹੁਤ ਅਹਿਮ ਐ। ਇਕ ਉਦਾਹਰਨ ਦਿੰਦਾ ਹਾਂ। ਇਹ ਮੰਨਿਆ ਜਾਂਦਾ ਮਹਾਰਾਜਾ ਰਣਜੀਤ ਤੋਂ ਪਹਿਲਾਂ ਜਿਹੜੇ ਗੁਲਾਮ, ਖਿਲਜ਼ੀ ਜਾਂ ਮੁਗਲਾਂ ਦੇ ਵੇਲੇ ਏਥੇ ਲੋਕਾਂ ਦੇ ਪਾਸ ਅਧਿਕਾਰ ਹੁੰਦੇ ਸਨ। ਜ਼ਮੀਨਾਂ ਨੂੰ ਪਟੇ ਤੇ ਲਿਖਵਾਉਣ ਦੇ। ਮੁਗਲ 1526 ਤੋਂ ਸ਼ੁਰੂ ਹੋ ਜਾਂਦੇ ਨੇ ਲੇਕਿਨ ਇਸ ਤੋਂ ਪਹਿਲਾਂ ਵੀ ਲੋਕ ਏਥੇ ਵੱਸਦੇ ਸਨ। ਉਨ੍ਹਾਂ ਦੀ

ਕਿਸ ਤਰ੍ਹਾਂ ਦੀ ਸਥਿਤੀ ਸੀ। ਓਹ ਇਹ ਕਿ ਸਾਡੇ ਕੋਲ ਵਰਣ ਸਿਸਟਮ ਆ ਜਾਂਦਾ। ਸਾਡੇ ਕੋਲ ਮਨੂੰ ਸਿਮ੍ਰਿਤੀ ਆ ਜਾਂਦੀ ਐ। ਸਾਡੇ ਕੋਲ ਗੌਤਮ ਧਰਮ ਸੂਤਰ ਆ ਜਾਂਦਾ। ਇਹਦ ਮਤਲਬ ਆ ਕਿ ਮੁਗਲਾਂ ਤੇ ਖ਼ਿਲਜੀਆਂ ਤੋਂ ਪਹਿਲਾਂ ਵੀ ਏਥੇ ਜ਼ਮੀਨਾਂ ਦੇ ਹੱਕ ਸਨ। ਲੇਕਿਨ ਬਹੁਤ ਸਾਰੀ ਲੁਕਾਈ ਉਨ੍ਹਾਂ ਹੱਕਾਂ ਤੋਂ ਬਾਹਰ ਸੀ। ਉਨ੍ਹਾਂ ਨੂੰ ਕਿਹਾ ਜਾਂਦਾ ਸੀ ਉਹ ਕਿਸੇ ਵੀ ਤਰ੍ਹਾਂ ਦੀ ਜਾਇਦਾਦ ਤੇ ਜ਼ਮੀਨਾਂ ਦੇ ਕਾਬਲ ਨਹੀਂ ਹੈਗੇ। ਜਾਇਦਾਦਾ ਵੀ ਕਈ ਤਰ੍ਹਾਂ ਦੀ ਐ। ਉਹ ਨਾ ਤਾਂ ਸੋਸ਼ਲ ਜਾਇਦਾਦ ਦੇ ਕਾਬਿਲ ਹੈਗੇ ਐ। ਨਾ ਈ ਕਲਚਰ ਜਾਇਦਾਦ ਦੇ ਕਾਬਿਲ ਹੈਗੇ ਐ। ਨਾ ਧੰਨ ਦੌਲਤ ਤੇ ਜ਼ਮੀਨੀ ਜਾਇਦਾਦ ਦੇ ਕਾਬਿਲ ਹੈਗੇ ਐ। ਉਨ੍ਹਾਂ ਵਾਸਤੇ ਇਕ ਖਾਸ ਸ਼ਬਦ ਤੇ ਕਾਨੂੰਨ ਵਰਤਿਆ ਜਾਂਦਾ ਸੀ ਉਹ ਸੀ ਰੱਜਤਨਾਮੇ ... ਉਹ ਕੀ ਸੀ ਕਿ ਜਿਹੜੇ ਲੋਕ ਪਿੰਡ ਦੀ ਬਸਤੀ ਤੋਂ ਬਾਹਰ ਰਹਿੰਦੇ ਐ। ਜਿਨ੍ਹਾਂ ਨੂੰ ਚਮਾਲ੍ਹੀਆਂ, ਠੱਠੀਆਂ, ਵੇਹੜੇ ਕਿਹਾ ਜਾਂਦਾ ਉਹ ਜਿਸ ਥਾਂ ਤੇ ਰਹਿੰਦੇ ਸਨ ਉਹ ਥਾਂ ਵੀ ਉਨ੍ਹਾਂ ਦੇ ਨਾਂ ਨਹੀਂ ਸੀ ਹੈਗੀ। ਹੁਣ ਵੀ ਪਿੰਡਾਂ ਵਿੱਚ ਦਲਿਤ ਬਸਤੀਆਂ ਦੀ ਜ਼ਮੀਨ ਪਿੰਡ ਦੇ ਜੱਟਾਂ, ਰਾਜਪੂਤਾਂ ਜਾਂ ਹੋਰਨਾਂ ਦੇ ਨਾਂ ਬੋਲਦੀ ਹੈਗੀ ਆ। ਹੁਣ ਵੀ ਕਈ ਪਿੰਡਾਂ ਵਿੱਚ ਲਾਲ ਲਕੀਰ ਦੇ ਅੰਦਰ ਵਾਲੀ ਥਾਂ ਦੀ ਰਜਿਸਟਰੀ ਖਸਰਾ ਨੰਬਰਾਂ ਤੇ ਨਹੀਂ ਹੁੰਦੀ ਉਹ ਕਬਜ਼ੇ ਦੇ ਅਧਾਰ ਤੇ ਹੁੰਦੀ ਐ। ਜਦੋਂ ਮੁਗਲ ਵੀ ਆਉਂਦੇ ਨੇ ਤਾਂ ਉਦੋਂ ਕਿਹੜੇ ਲੋਕ ਮਾਰਕੇਬਲ ਨੇ ਉਹ ਹੁੰਦੇ ਸਨ ਰਾਜਪੂਤ। ਸਾਰੀ ਜ਼ਮੀਨ ਦਾ ਲਗਾਨ ਉਨ੍ਹਾਂ ਕੋਲ ਜਾਂਦਾ ਸੀ। ਜਦੋਂ ਰਣਜੀਤ ਸਿੰਘ ਆਉਂਦਾ ਆ ਜਿਹੜੇ ਸਿੱਖ ਜਾਂ ਉਦਾਸੀ ਜਾਂ ਨਿਰਮਲੇ ਨੇ ਉਨ੍ਹਾਂ ਨੂੰ ਜ਼ਮੀਨਾਂ ਦੇਣੀਆਂ ਬਾਕੀਆਂ ਨੂੰ ਨਹੀਂ। ਜਦੋਂ ਰਾਜ ਸਥਾਪਤ ਹੋ ਜਾਂਦਾ ਆ ਤੇ ਜ਼ਮੀਨਾਂ ਤਾਂ ਉਨ੍ਹਾਂ ਨੂੰ ਮਿਲਣੀ ਸੀ। ਇਹ ਬੜੀ ਧਾਰਨਾ ਅਹਿਮ ਸੀ ਕਿ ਮੁਗਲਾਂ ਦੇ ਵੇਲੇ ਤੱਕ ਜਿਹੜਾ ਹੱਲ਼ ਵਾਹੁਣ ਵਾਲਾ ਬੰਦਾ ਸੀ। ਮੁਗਲਾਂ ਨੇ ਵੀ ਸਿਸਟਮ ਉਹੋ ਜਿਹਾ ਰੱਖਿਆ ਕਿ ਹੱਲ੍ਹ ਫੜਨ ਵਾਲਾ ਬੰਦਾ ਸ਼ੂਦਰ ਐ। ਜੇ ਕਿਸੇ ਵੀ ਰਾਜਪੂਤ ਦੇ ਮੁੰਡੇ ਨੇ ਹੱਲ਼ ਦਾ ਮੁੰਨਾ ਫੜ ਲਿਆ ਤਾਂ ਉਹਦਾ ਵਿਆਹ ਨਹੀਂ ਹੁੰਦਾ ਸੀ। ਤਾਂ ਮੁਸਲਮਾਨਾਂ ਵੇਲੇ ਵੀ ਜਾਤਪਾਤ ਰਹੀ। ਬਰਾਬਰਤਾ ਨਹੀਂ ਹੋਈ ਬੇਸਕ ਭੂਮੀ ਮਿਲੀ। ਮੇਰੇ ਕਹਿਣ ਦਾ ਮਤਲਬ ਇਹ ਕਿ ਚਾਹੇ ਜਿਹੜਾ ਵੀ ਧਾੜਵੀ ਆਇਆ ਉਹਨੇ ਏਥੇ ਰਾਜ ਕੀਤਾ। ਪਰ ਏਥੇ ਦੀ ਵਿਵਸਥਾ ਜਿਓਂ ਦੀ ਤਿਓਂ ਰੱਖੀ। ਉਹਨੇ ਇਥੇ ਦੀ ਸਮਾਜਿਕ ਵਿਵਸਥਾ ਦੀ ਕੋਈ ਟ੍ਰਾਂਸਫਰਮੇਸ਼ਨ ਕਰਨ ਦੀ ਨਹੀਂ ਸੋਚੀ। ਅੰਗਰੇਜ਼ਾਂ ਤੱਕ ਵੀ। ਰਣਜੀਤ ਸਿੰਘ ਦੇ ਰਾਜ ਵੇਲੇ ਵੀ ਇਹੀ ਹੋਇਆ। ਸਿਵਾਏ ਜੋ ਖੇਤੀ ਵਾਲੀਆਂ ਕਮਿਊਨਿਟੀਆਂ ਸਨ ਉਨ੍ਹਾਂ ਤੋਂ ਇਲਾਵਾ ਕਿਸੇ ਕੋਲ ਵੀ ਜ਼ਮੀਨ ਨਹੀਂ ਸੀ। ਹਾਂ ਓਸ ਵੇਲੇ ਜਦੋਂ ਕਲੋਨੀਆਂ ਬਣੀਆਂ ਤਾਂ ਉਦੋਂ ਕੁਝ ਮੱਜ੍ਹਬੀਆਂ ਨੂੰ ਜ਼ਮੀਨ ਮਿਲੀ ਲੇਕਿਨ ਅੰਗਰੇਜ਼ ਸਰਕਾਰ ਨੇ ਵਰਣ ਵਿਵਸਥਾ ਤੇ ਪੱਕੀ ਮੋਹਰ ਲਾ ਦਿੱਤੀ। ਉਹਨੇ ਲੈਂਡ ਐਲੀਏਸ਼ਨ ਐਕਟ (ਇੰਤਕਾਲੀ ਆਰਾਜ਼ੀ ਐਕਟ) ਪਾਸ ਕਰ ਦਿੱਤਾ। ਉਨ੍ਹਾਂ ਕਹਿ ਦਿੱਤਾ ਕਿ ਜਿਹੜੀਆਂ ਕਾਸ਼ਤਕਾਰ ਜਾਤਾਂ ਨੇ ਉਹ ਹੀ ਜ਼ਮੀਨ ਦੀ ਖਰੀਦ-ਵੇਚ ਕਰ ਸਕਦੀਆਂ ਹਨ। ਹੋਰ ਕਿਸੇ ਵੀ ਜਾਤ ਨੂੰ ਜ਼ਮੀਨ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਖੱਤਰੀਆਂ, ਅਰੋੜੇ ਤੇ ਬ੍ਰਾਹਮਣਾਂ ਨੂੰ ਵੀ ਬਾਹਰ ਕਰ ਦਿੱਤਾ ਸੀ। ਉਨ੍ਹਾਂ ਦਾ ਕਹਿਣਾ ਸੀ ਖੇਤੀ ਉਹੀ ਕਰੇ ਜਿਹੜਾ ਇਹਨੂੰ ਜਾਣਦਾ ਹੈਗਾ। ਲੇਕਿਨ ਬਹੁਤ ਸਾਰਾ ਦਲਿਤ ਸਮਾਜ ਸੀ ਉਹ ਤਾਂ ਖੇਤੀ ਕਰਦਾ ਸੀ। ਉਹ ਤਾਂ ਹੱਲ਼ ਵਾਹੁਣਾ ਵੀ ਜਾਣਦੇ ਐ, ਫ਼ਸਲ ਬੀਜਣੀ ਵੀ ਜਾਣਦੇ ਐ। ਇਹ ਫ਼ਸਲ ਕੱਟਣੀ ਵੀ ਜਾਣਦੇ ਐ। ਫਿਰ ਉਨ੍ਹਾਂ ਨੂੰ ਜ਼ਮੀਨ ਦਾ ਅਧਿਕਾਰ ਕਿਓ ਨਹੀਂ ਦਿੱਤਾ ਗਿਆ। ਕਿਉਂਕਿ ਸਾਰੇ ਸਮਾਜ ਦੀ ਬਣਤਰ ਬਾਰੇ ਸਾਰੇ ਸਾਸ਼ਕਾਂ ਦਾ ਇਕੋ ਜਿਹਾ ਰਵੱਈਆ ਸੀ ਤੇ ਮਹਾਰਾਜਾ ਰਣਜੀਤ

ਸਿੰਘ ਦਾ ਵੀ ਉਹੀ ਸੀ। ਹੁਣ ਗੱਲ ਇਹ ਹੈ ਕਿ ਜਿਹੜੇ ਬੰਦੇ ਮੁਸਲਮਾਨ ਬਣੇ ਉਹ ਕੌਣ ਸਨ? ਉਹ ਸਨ ਜਿਹੜੇ ਦੱਬੇ ਕੁਚਲੇ ਲੋਕ ਸਨ। ਇਸ ਕਰਕੇ ਉਹ ਕਹਿੰਦੇ ਨੇ ਮੁਸਲਮਾਨਾਂ ਪ੍ਰਤੀ ਜਿਹੜੀ ਨਫ਼ਰਤ ਐ ਉਹ ਜਾਤ ਦਾ ਬਦਲਿਆ ਹੋਇਆ ਰੂਪ ਹੈ ... ਇਹ ਗੱਲ ਐਦਾ ਨਹੀਂ ਹੈ। ਜਿਹੜੇ ਮੁਸਲਮਾਨ ਬਣੇ ਉਹ ਕਾਫ਼ਰਾ ਤੋਂ ਮੋਮਨ ਬਣ ਗਏ। ਉਹ ਮੋਮਨ ਨਹੀਂ ਬਣੇ ... ਮੋਮਨ ਵਿੱਚ ਉਹ ਰਿਫਿਊਜੀ ਰਹੇ। ਉਹ ਜਿਆਦਾ ਵੱਡੇ ਮੋਮਨ ਬਣ ਕੇ ਉੱਚੀ ਉੱਚੀ ਬਾਂਗਾ ਦੇਣ ਲੱਗ ਪਏ। ਲੇਕਿਨ ਹੈਰਾਨੀ ਇਸ ਗੱਲ ਦੀ ਹੈ ਜਾਤ ਪਾਤ ਖਤਮ ਤਦ ਹੋਣੀ ਸੀ ਨਾ ਜੇ ਤੁਸੀਂ ਨੀਵੀਆਂ ਜਾਤਾਂ ਵਿੱਚੋਂ ਕਨਵਰਟ ਹੋ ਕੇ ਉੱਥੇ ਬਰਾਬਰ ਦਾ ਰੁਤਬਾ ਪਾਉਂਦੇ। ਉੱਥੋਂ ਸਾਡੀ ਆਸਥਾ ਵੀ ਗਈ ਅਸੀਂ ਧਰਮ ਅਪਣਾ ਵੀ ਲਿਆ ਪਰ ਇੱਜ਼ਤ ਫਿਰ ਵੀ ਨਹੀਂ ਮਿਲੀ। ਜਿਹੜਾ ਸਾਡਾ ਧਰਮ ਹੈ ਉਹਦੇ ਵਿੱਚ ਕੁਝ ਬਦਲਾ ਆ ਕੇ ਸਾਇਦ ਕੁਝ ਹੋ ਜਾਵੇਗਾ ਜਾਤ ਦਾ ਬਦਲਾਅ ਦੂਜੇ ਧਰਮ ਵਿੱਚ ਜਾ ਕੇ ਸਾਨੂੰ ਮੁਕਤੀ ਨਹੀਂ ਦਵਾ ਰਿਹਾ। ਇਕ ਵਾਰ ਮੈਂ ਇਸਾਈ ਧਰਮ ਦੀ ਕਨਵਰਸ਼ਨ ਦੀ ਸਟੱਡੀ ਕਰ ਰਿਹਾ ਸਾਂ ਗੁਰਦਾਸਪੁਰ ਜਾ ਕੇ। ਉਸਦੇ ਵਿੱਚ ਇਕ ਵੱਡਾ ਪਾਦਰੀ ਕਹਿੰਦਾ ਆਪਣੇ ਛੋਟੇ ਪੰਜਾਬ ਵਾਲੇ ਪਾਦਰੀਆਂ ਨੂੰ ਕਿ ਬਸ ਕਰੋ, ਜਿਨੇ ਤੁਸੀਂ ਛੋਟੀਆਂ ਜਾਤਾਂ ਵਾਲੇ ਬੰਦੇ ਕਨਵਰਟ ਕਰ ਲਏ ਐ ਬਹੁਤ ਹੋ ਗਿਆ... ਇਹ ਸਾਡੀ ਕ੍ਰਿਸ਼ਚੈਨਟੀ ਵੀ ਦਾਗ਼ੀ ਗਈ ਹੈ। ਹੁਣ ਉੱਚੀਆਂ ਜਾਤਾਂ ਦੇ ਬੰਦਿਆਂ ਨੂੰ ਵਿੱਚ ਲਓ। ਇਹ ਪਾਦਰੀ ਕਹਿ ਰਿਹਾ ਹੈ। ਹੁਣ ਇਕ ਛੋਟੀ ਜਾਤ ਵਿਚੋਂ ਉੱਠ ਕੇ ਗਿਆ ਬੰਦਾ ਜਿਹਨੂੰ ... ਸੰਸਕ੍ਰਿਤੀ ਫੋਬੀਆ ਹੋ ਜਾਂਦਾ ਐ... ਉੱਚੀ ਜਾਤ ਵਾਲਾ ਬਣ ਜਾਂਦਾ ਕੀ ਤੁਸੀਂ ਉਸ ਤੋਂ ਆਸ ਰੱਖੋਗੇ ਕਿ ਉਹ ਬਾਕੀਆਂ ਬਾਰੇ ਵੀ ਸੋਚੇ ਕਿ ਉਨ੍ਹਾਂ ਦੀ ਸਥਿਤੀ ਮੇਰੇ ਵਰਗੀ ਹੋ ਜਾਵੇ। ਇਹ ਨਹੀਂ ਹੋਵੇਗੀ। ਜਦੋਂ ਉਹ ਛੋਟੀ ਜਾਤ ਤੋਂ ਉੱਠ ਕੇ ਉੱਚਾ ਹੋ ਜਾਂਦਾ ਆਪਣੀ ਜ਼ਮੀਨ ਜਾਇਦਾਦ ਕਰਕੇ। ਜੇ ਉਹ ਛੋਟੀਆਂ ਜਾਤਾਂ ਵਾਲਿਆਂ ਨੂੰ ਮਿਲਿਆ ਤਾਂ ਉਹ ਉਹਨੂੰ ਪਰੇ ਕਰ ਦੇਣਗੇ ਕਿ ਇਹ ਤਾਂ ਫਿਰ ਛੋਟੀਆਂ ਜਾਤਾਂ ਵਾਲਿਆਂ ਨੂੰ ਮਿਲਣ ਲੱਗ ਪਿਆ। ਸੰਸਕ੍ਰਿਤੀਜੇਸ਼ਨ ਦਾ ਪਰਪਜ਼ ਇਹ ਹੈ ਕਿ ਤੁਸੀਂ ਟਿੱਕਾ ਲਗਾਓ। ਤੁਸੀਂ ਸਾਰੇ ਸੰਸਕਾਰ ਕਰਨੇ, ਵਰਤ ਰੱਖਣੇ, ਆਦਿ ਆਦਿ। ਹੁਣ ਤੁਸੀਂ ਦੇਖੋ ਜਿਹੜੇ ਲੋਕੀ ਸਾਸ਼ਨ ਨਾਲ ਜੁੜ ਕੇ ਉੱਚੇ ਰੁਤਬੇ ਤੇ ਆਏ ਉਨ੍ਹਾਂ ਨੇ ਫਿਰ ਕਮਾਲ ਹੀ ਕਰ ਦਿੱਤੀ। ਪੰਜਾਬ 'ਚ ਜੋ ਬ੍ਰਾਹਮਣ ਤਾਂ ਜੱਟ ਐ। ਬ੍ਰਾਹਮਣ ਨੂੰ ਕਹਿੰਦੇ ਨੇ ਇਹ ਮੰਗ ਖਾਣੀ ਜਾਤ ਐ... ਪੜ੍ਹ ਲਓ ਬੁੱਧ ਪ੍ਰਕਾਸ਼ ਦੀ ਕਿਤਾਬ। ਬਾਬੇ ਨਾਨਕ ਨੇ ਕਿਹਾ ਸੀ 'ਨੀਚਾ ਅੰਦਰ ਨੀਚ ਜਾਤ...' ਇਸ ਕਰਕੇ ਇਹ ਇਸ਼ੂ ਬਹੁਤ ਅਹਿਮ ਹਨ। ਇਹ ਇਸ਼ੂ ਇਕੱਲੇ ਕਿਤਾਬੀ ਨਹੀਂ ਹੈਗੇ। ਇਹ ਸਾਰੇ ਦੇ ਸਾਰੇ ਇਸ਼ੂ ਸਿਧਾਂਤਕ ਨਹੀਂ ਹੈਗੇ। ਨਾ ਇਕੱਲੀ ਟੈਸਟਸ ਦੇ ਹੈਗੇ ਆ। ਨਾ ਈ ਇਹ ਬਾਈਨਰੀ ਦੇ ਰੱਖਣ ਵਾਲੇ ਨੇ। ਜੇ ਅਸੀਂ ਕਹਿੰਦੇ ਹਾਂ ਕਿ ਪਿਕਾਸੋ ਦੇ ਘਰ ਵਿੱਚ ਲਾਇਬ੍ਰੇਰੀ ਐ, ਸ਼ੈਲੀ ਦੇ ਘਰ ਵਿੱਚ ਲਾਇਬ੍ਰੇਰੀ ਐ ਉਹ ਬਹੁਤ ਵਧੀਆਂ ਸਿੱਖਿਆ ਦਿੰਦੇ ਨੇ। ਸਾਰਾ ਏਸ਼ੀਆ, ਸਾਰਾ ਅਫ਼ਰੀਕਾ, ਸਾਰਾ ਲੈਟਿਨ ਅਮਰੀਕਾ ਲੁੱਟ ਕੇ ਖਾ ਲਿਆ। ਲੈਟਿਨ ਅਮਰੀਕਾ 'ਚ 45 ਮਿਲੀਅਨ ਲੋਕ ਸੀ 40 ਮਿਲੀਅਨ ਮਾਰ ਦਿੱਤੇ ਗਏ। ਇਨ੍ਹਾਂ ਕਿਤਾਬਾਂ ਦਾ ਕੀ ਲਾਭ ਜੇ ਅਸੀਂ ਲੋਕਾਂ 'ਤੇ ਐਨਾ ਤਸ਼ੱਦਤ ਕਰਨਾ ਸੀ। ਤੁਹਾਡੀਆਂ ਲਿਖਤਾਂ ਕਾਹਦੇ ਕੰਮ ਆਈਆਂ। ਤੁਸੀਂ ਆਹੀ ਕੁਝ ਸਿੱਖਿਆ ਕਿ ਸ਼ਰੇਆਮ ਲੋਕਾਂ ਨੂੰ ਬਰਬਾਦ ਕਰ ਦਿਓ ਮਾਰ ਦਿਓ। ਕੁੱਟਾ ਖਾ ਕੇ ਤੁਹਾਨੂੰ ਅਕਲ ਨਾ ਆਈ। ਪਹਿਲਾਂ ਵਿਸ਼ਵ ਯੁੱਧ ਹੋਇਆ, ਦੂਜਾ ਹੋਇਆ। ਲੱਖਾਂ ਦੀ ਗਿਣਤੀ ਵਿੱਚ ਲੋਕ ਮਰੇ। ਤੁਹਾਡੇ ਉੱਤੇ ਬੰਬ ਸੁੱਟੇ ਗਏ। ਅਸੀਂ ਸੋਚਦੇ ਹਾਂ ਕਿ ਮੋਡਰਨਿਟੀ ਵਿੱਚੋਂ ਕੋਈ ਸਿੱਖਿਆ ਸਾਨੂੰ ਮਿਲ ਜਾਵੇਗੀ। ਜਾਂ ਗੋਰਿਆ ਕੋਲੋਂ ਕੁਝ ਸਿੱਖਿਆ ਮਿਲ

ਜਾਵੇਗੀ ਜਾਂ ਉਨ੍ਹਾਂ ਦੀਆਂ ਲਿਖੀਆਂ ਕਿਤਾਬਾਂ ਤੋਂ ਕੁਝ ਸਿੱਖਿਆ ਮਿਲ ਜਾਵੇਗੀ। ਉਹ ਉਹੀ ਕਿਤਾਬਾਂ ਹੈਗੀਆਂ ਜਿਹੜੀਆਂ ਪਿਛਲੇ 200 ਸੌ ਸਾਲਾਂ ਵਿੱਚ ਲਿਖੀਆਂ ਗਈਆਂ। ਉਨ੍ਹਾਂ ਕਿਤਾਬਾਂ ਵਿੱਚੋਂ ਕੀ ਨਿਕਲਿਆ। ਇਹ ਬੜੀਆਂ ਤੱਕੜੀਆਂ ਚੀਜਾਂ ਹਨ ਜਿਹਨੂੰ ਸਮਝਣ ਦੀ ਲੋੜ ਹੈਗੀ।

**ਡਾ. ਭੀਮ ਇੰਦਰ ਸਿੰਘ**-ਮੈਂ ਪੰਜਾਬੀ ਕਵਿਤਾ ਅਤੇ ਦਲਿਤ ਚੇਤਨਾ 'ਤੇ ਗੱਲ ਕਰਨੀ ਐ। ਭਾਰਤੀ ਸਮਾਜ ਦੀ ਬਨਾਵਟ ਦੁਨੀਆਂ ਦੇ ਬਾਕੀ ਸਮਾਜਾਂ ਦੇ ਮੁਕਾਬਲੇ ਕਾਫੀ ਗੁੰਝਲਦਾਰ ਐ। ਇਹਦੇ ਕਾਰਨ ਹਨ। ਏਥੋਂ ਦੀਆਂ ਉਪਰਲੀਆਂ ਜਾਤਾਂ ਨੇ ਸਦੀਆਂ ਤੋਂ ਜਮਾਤਾਂ ਨੂੰ ਜਾਤ-ਪਾਤ ਦੀ ਸ਼ਕਲ ਦੇਈ ਰੱਖੀ। ਬੇਸ਼ੱਕ ਹਰ ਸਮਾਜ ਵਿਚਲੀਆਂ ਉਪਰਲੀਆਂ ਜਮਾਤਾਂ ਆਪਣੇ ਤੋਂ ਹੇਠਲੀਆਂ ਜਮਾਤਾਂ ਨੂੰ ਕਾਬੂ ਵਿੱਚ ਰੱਖਣ ਲਈ ਆਰਥਿਕ ਤੇ ਸਮਾਜਿਕ ਤੌਰ ਤੇ ਨੀਵਾਂ ਰੱਖਦੀਆਂ ਹਨ। ਪਰ ਭਾਰਤੀ ਸਮਾਜ ਵਿਚ ਜਿਸ ਪੱਧਰ ਤੇ ਆ ਕੇ ਹਿੰਦੂ ਸਮਾਜ ਦੀਆਂ ਉਪਰਲੀਆਂ ਜਮਾਤਾਂ ਨੇ ਹੇਠਲੀਆਂ ਜਮਾਤਾਂ ਨਾਲ ਨਿੰਦਣਯੋਗ, ਘਿਣਾਉਣੀ ਤੇ ਅਣਮਨੁੱਖੀ ਕਾਰਵਾਈ ਕੀਤੀ ਐ, ਉਸਦੀ ਮਿਸਾਲ ਸਾਨੂੰ ਕਿਧਰੇ ਹੋਰ ਘੱਟ ਈ ਮਿਲਦੀ ਐ। ਭਾਰਤੀ ਸਮਾਜ ਵਿੱਚ ਸਦੀਆਂ ਤੋਂ ਮੌਜੂਦ ਜਾਤੀ-ਵੰਡ ਸਾਨੂੰ ਮਾਰਕਸ ਦੀ ਸ਼੍ਰੇਣੀ ਸੰਬੰਧੀ ਧਾਰਨਾ ਨੂੰ ਚੁਣੌਤੀ ਦਿੰਦੀ ਪ੍ਰਤੀਤ ਹੁੰਦੀ ਐ। ਜਾਤੀ ਵੰਡ ਪ੍ਰਣਾਲੀ ਦੀ ਦ੍ਰਿਸ਼ਟੀ ਤੋਂ ਸਾਡਾ ਸਮਾਜ ਦੁਨੀਆ ਦੇ ਬਾਕੀ ਸਮਾਜਾਂ ਨਾਲੋਂ ਵੱਖਰਾ ਕਿਹਾ ਜਾ ਸਕਦਾ ਐ। ਦੱਬੇ ਕੁਚਲੇ ਲੋਕਾਂ ਵਿੱਚ ਪਿਛਲੀ ਲਗਪਗ ਇਕ ਸਦੀ ਤੋਂ ਨਵੀਨ ਚੇਤਨਾ ਦਾ ਸੰਚਾਰ ਹੋਣਾ ਸ਼ੁਰੂ ਹੋਇਆ ਏ। ਦੱਬੇ ਕੁਚਲੇ ਲੋਕਾਂ ਵਿਚਲੀ ਇਸ ਚੇਤਨਾ ਨੂੰ ਹੀ ਸਿਧਾਂਤਕ ਸੰਕਲਪ ਦੇ ਰੂਪ ਵਿੱਚ ਦਲਿਤ ਚੇਤਨਾ ਦੇ ਨਾਂ ਨਾਲ ਪਰਿਭਾਸ਼ਤ ਕੀਤਾ ਜਾ ਰਿਹਾ ਐ। ਸਾਹਿਤ ਦੇ ਖੇਤਰ ਵਿੱਚ ਇਸ ਚੇਤਨਾ ਦਾ ਪ੍ਰਤੀਬਿੰਬ ਦਲਿਤ ਸਾਹਿਤ ਦੇ ਨਾਂ ਨਾਲ ਉਭਰ ਕੇ ਸਾਹਮਣੇ ਆਇਆ ਐ। ਪੰਜਾਬੀ ਵਿੱਚ ਦੋ ਕੁ ਦਹਾਕਿਆਂ ਤੋਂ ਦਲਿਤ ਸਾਹਿਤ ਦਾ ਉਭਾਰ ਦੇਖਣ ਨੂੰ ਮਿਲਦਾ ਹੈ। ਕਵਿਤਾ ਦਾ ਇਸ ਵਿਚ ਭਰਵਾਂ ਰੂਪ ਮਿਲਦਾ ਹੈ। ਜਿੱਥੋਂ ਤੱਕ ਪੰਜਾਬ ਦਾ ਸੰਬੰਧ ਹੈ ਤਾਂ ਅਸੀਂ ਵੇਖਦੇ ਹਾਂ ਕਿ ਇਥੇ ਜਾਤ-ਪਾਤ ਅਤੇ ਛੂਤ-ਛਾਤ ਦੀ ਸਮੱਸਿਆ ਭਾਰਤ ਦੇ ਦੂਸਰੇ ਸੂਬਿਆਂ ਵਾਂਗ ਏਨੀ ਪੀਡੀ ਨਹੀਂ ਹੈ ਕਿ ਇਹ ਕਿਸੇ ਕਿਸਮ ਦੀ ਸਮਾਜਿਕ ਤੇ ਸਿਆਸੀ ਸਮੱਸਿਆ ਖੜੀ ਕਰ ਦੇਵੇ। ਪਰ ਫਿਰ ਵੀ ਪੰਜਾਬ ਦੇ ਸੰਦਰਭ ਵਿੱਚ ਜਾਤੀ-ਪ੍ਰਥਾ ਨੇ ਆਪਣੀ ਪਕੜ ਨੂੰ ਮਜ਼ਬੂਤ ਕੀਤਾ ਹੋਇਆ ਹੈ। ਪੰਜਾਬ ਦੀਆਂ ਅਖੌਤੀ ਸਵਰਣ ਜਾਤੀਆਂ ਨੇ ਦਲਿਤਾਂ ਤੇ ਸ਼ੂਦਰਾਂ ਨੂੰ ਅਜੇ ਵੀ ਬਰਾਬਰੀ ਦਾ ਦਰਜਾ ਨਹੀਂ ਦਿੱਤਾ ਹੋਇਆ। ਇਸ ਦਾ ਝਲਕਾਰਾ ਸਾਨੂੰ ਗੁਰਦਾਸ ਰਾਮ ਆਲਮ ਦੀ ਕਵਿਤਾ ਵਿੱਚ ਭਰਵੇਂ ਰੂਪ ਵਿੱਚ ਮਿਲ ਜਾਂਦਾ ਹੈ। ਉਸ ਤੋਂ ਬਾਅਦ ਬਲਬੀਰ ਮਾਧੋਪੁਰੀ ਦੀ ਕਵਿਤਾ ਨੂੰ ਅਸੀਂ ਵੇਖਦੇ ਹਾਂ। ਮਦਨ ਵੀਰਾ ਦੀ ਕਵਿਤਾ ਆਉਂਦੀ ਹੈ। ਖਾਸ ਕਰਕੇ 'ਨਾਬਰਾਂ ਦੀ ਇਬਾਰਤ' ਅਤੇ 'ਤੰਦ ਤਾਣੀ' ਦੀ ਕਵਿਤਾ ਤੁਸੀਂ ਵੇਖ ਸਕਦੇ ਹੋ। ਬਲਬੀਰ ਮਾਧੋਪੁਰੀ ਦੀ 'ਭਖਦਾ ਪਤਾਲ' ਦੀਆਂ ਕਵਿਤਾਵਾਂ ਵੀ ਦਲਿਤਾਂ ਦੇ ਜਾਤੀ ਤੇ ਜਮਾਤੀ ਸਰੋਕਾਰ ਵੇਖਣ ਸਮਝਣ ਨੂੰ ਮਿਲਦੇ ਹਨ। ਗੁਰਮੀਤ ਕੱਲਰਮਾਜਰੀ ਦੀ ਕਵਿਤਾ ਵਿੱਚ ਵੀ ਇਹ ਸਮੱਸਿਆ ਭਰਵੇਂ ਰੂਪ ਵਿੱਚ ਵੇਖਣ ਤੇ ਸਮਝਣ ਨੂੰ ਮਿਲਦੀ ਹੈ। ਉਸ ਤੋਂ ਬਾਅਦ ਸੰਤੋਖ ਸਿੰਘ ਸੁੱਖੀ ਦੀ ਕਵਿਤਾ ਨੂੰ ਅਸੀਂ ਵੇਖ ਸਕਦੇ ਹਾਂ। ਉਸ ਤੋਂ ਪਹਿਲਾਂ ਗੁਰਬਾਣੀ ਵੀ ਮਹੱਤਵਪੂਰਨ ਪ੍ਰਵਚਨ ਉਸਾਰਦੀ ਹੈ ਜਦੋਂ ਗੁਰੂ ਨਾਨਕ ਕਹਿੰਦਾ ਹੈ-ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ



ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ॥

ਪੰਜਾਬੀ ਦਾ ਦਲਿਤ ਲੇਖਕ ਭਾਰਤ ਦੀਆਂ ਬਾਕੀ ਜ਼ੁਬਾਨਾ ਨਾਲੋਂ ਬਹੁਤ ਖੁੱਲ੍ਹਦਿੱਲਾ ਐ। ਉਹਨੂੰ ਗ਼ਰੀਬ ਕਿਸਾਨੀ ਦੀ ਵੀ ਫ਼ਿਕਰ ਐ। ਉਹ ਦਲਿਤ ਔਰਤ ਦੀ ਜ਼ਿਆਦਾ ਫ਼ਿਕਰ ਕਰਦਾ ਐ। ਇਹਦੇ ਵਿੱਚ ਆਪਾਂ ਸਮੁੱਚੀ ਔਰਤ ਨੂੰ ਰੱਖ ਸਕਦੇ ਹਾਂ। ਪੰਜਾਬ ਦਾ ਦਲਿਤ ਸਾਮਰਾਜਵਾਦ ਨਾਲ ਵੀ ਟਕਰਾ ਰਿਹਾ ਐ। ਉਹਦੀ ਡਇਮੈਨਸ਼ਨ ਬਹੁਤ ਵੱਡੀ ਐ। ਉਹ ਇਕੱਲੀ ਜਾਤ ਨੂੰ ਵੀ ਲੈ ਕੇ ਨਹੀਂ ਚੱਲ ਰਿਹਾ। ਪੰਜਾਬ ਵਿੱਚ ਜਾਤ ਇਕ ਵੱਡਾ ਮਸਲਾ ਜ਼ਰੂਰ ਐ। ਮੈਨੂੰ ਲੱਗਦਾ ਐ ਕਿ ਸਿਰਫ ਜਾਤ ਨਹੀਂ ਬਾਕੀ ਚੀਜ਼ਾਂ (ਵਰਤਾਰੇ) ਵੀ ਹੈਗੀਆਂ ਨੇ। ਇਹ ਉਹਦਾ ਵੱਡਾਪਨ ਐ। ਮੈਨੂੰ ਲੱਗਦਾ ਐ ਕਿ ਦਲਿਤ ਚੇਤਨਾ ਦਾ ਜਿਹੜਾ ਭਰਵੇਂ ਰੂਪ ਵਿੱਚ ਉਭਾਰ ਵੇਖਣ ਨੂੰ ਮਿਲਦਾ ਐ ਉਹ ਪੰਜਾਬੀ ਕਵਿਤਾ ਵਿੱਚ ਐ। ਤੁਸੀਂ ਸੰਤ ਰਾਮ ਉਦਾਸੀ ਦੀ ਕਵਿਤਾ ਦੀ ਗੱਲ ਕਰ ਸਕਦੇ ਹੋ। ਫਿਰ ਆਲਮ ਆ ਜਾਂਦਾ ਐ। ਪੰਜਾਬੀ ਕਵੀ ਕਾਸਟ ਤੇ ਕਲਾਸ ਨੂੰ ਬਰਾਬਰ ਲੈ ਕੇ ਚੱਲ ਰਿਆ ਐ। ਪੰਜਾਬੀ ਕਵੀ ਕਲਾਸ ਨੂੰ ਨਜ਼ਰ ਅੰਦਾਜ਼ ਨਹੀਂ ਕਰ ਰਿਹਾ। ਪੰਜਾਬੀ ਕਵਿਤਾ ਵਿੱਚ ਸਰਮਾਏਦਾਰੀ ਦੇ ਬਿੰਬ ਕਲਾਸ ਦੇ ਸੰਦਰਭ ਵਿੱਚ ਉਭਰ ਕੇ ਆ ਰਹੇ ਨੇ। ਕਲਾਸ ਤੇ ਕਾਸਟ ਦੇ ਸੰਦਰਭ ਵਿੱਚ ਦਲਿਤ ਚਿੰਤਨ ਨੂੰ ਸਾਡੇ ਪੰਜਾਬੀ ਦੇ ਕਵੀਆਂ ਨੇ ਬਹੁਤ ਵਧੀਆਂ ਤਰੀਕੇ ਨਾਲ ਫੜਿਆ ਹੈ। ਦਲਿਤ ਲੋਕਾਂ ਦੀਆਂ ਦੁਸ਼ਵਾਰੀਆਂ, ਤੰਗੀਆਂ, ਦੁੱਖ-ਦਰਦ, ਊਣਾਂ, ਚਾਹਤ ਤੇ ਸੁਪਨੇ ਆਦਿ ਵੇਖਣ ਤੇ ਸਮਝਣ ਨੂੰ ਮਿਲਦੇ ਹਨ।

**ਗੁਰਮੀਤ ਕੱਲਰਮਾਜਰੀ**-ਆਪਾਂ ਪੰਜਾਬੀ ਗਲਪ ਵਿੱਚ ਦਲਿਤ ਚੇਤਨਾ ਬਾਰੇ ਗੱਲ ਕਰਨੀ ਐ। ਦਲਿਤ ਚੇਤਨਾ ਬਾਰੇ ਬਹੁਤ ਸਾਰੀਆਂ ਸਿਧਾਂਤਕ ਗੱਲਾਂ ਅੱਜ ਵੀ ਅਤੇ ਪਹਿਲਾਂ ਵੀ ਹੋ ਚੁੱਕੀਆਂ ਨੇ। ਮੈਂ ਦਲਿਤ ਕਹਾਣੀ ਦੇ ਪ੍ਰਸੰਗ ਵਿੱਚ ਗੱਲ ਕਰਨੀ ਚਾਹੁੰਦਾ ਹਾਂ ਕਿ ਜਿਵੇਂ ਪੰਜਾਬੀ ਕਵਿਤਾ ਵਿੱਚ ਕਈ ਦਲਿਤ ਪਿਛੋਕੜ ਦੇ ਕਵੀ ਅਣਗੌਲ੍ਹੇ ਹੋਏ ਉਸ ਤਰ੍ਹਾਂ ਪੰਜਾਬੀ ਕਹਾਣੀ ਵਿੱਚ ਕੁਝ ਨਾਂ ਅਣਗੌਲ੍ਹੇ ਹੋ ਗਏ। ਪਹਿਲਾਂ ਨਾਂ ਗੁਰਦੇਵ ਸਿੰਘ ਸੰਦੌੜ ਦਾ ਹੈ। ਇਨ੍ਹਾਂ ਦੀਆਂ ਦੋ ਕਿਤਾਬਾਂ ਨਿਰੋਲ ਦਲਿਤ ਕਹਾਣੀਆਂ ਦੀਆਂ ਨੇ ਜਿਨ੍ਹਾਂ ਵਿੱਚ ਤਕਰੀਬਨ ਸੌ ਕਹਾਣੀਆਂ ਹਨ। ਗੁਰਨਾਮ ਸਿੰਘ ਮੁਕਤਸਰ ਦੀਆਂ ਦਲਿਤ ਕਹਾਣੀਆਂ ਦੀਆਂ ਦੋ ਕਿਤਾਬਾਂ ਨੇ ਜਿਨ੍ਹਾਂ ਦਾ ਕਿਤੇ ਜ਼ਿਕਰ ਨਹੀਂ ਹੋਇਆ। ਇਕ ਬੂਟਾ ਸਿੰਘ ਸ਼ਾਦ ਦੀ ਕਹਾਣੀ ਐ 'ਪੋਸ਼ ਲਹੁਣ' ਬਾਰੇ। ਉਸ ਕਹਾਣੀ ਵਿੱਚ ਸਮੁੱਚੀ ਦਲਿਤ ਕਹਾਣੀ ਦੀ ਬਣਤਰ ਲੁਕੀ ਹੋਈ ਹੈ। ਨਾਵਲ ਦੇ ਮੁਕਾਬਲੇ ਪੰਜਾਬੀ ਵਿੱਚ ਕਹਾਣੀ ਵਧੇਰੇ ਲਿਖੀ ਮਿਲਦੀ ਐ। ਜਦੋਂ ਅਸੀਂ ਨਾਵਲ ਦੀ ਗੱਲ ਕਰਦੇ ਹਾਂ ਸਾਡੇ ਕੋਲ ਗਿਣਵੇਂ ਨਾਂ ਆਉਂਦੇ ਨੇ। ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਤੋਂ ਬਾਅਦ ਅਸੀਂ ਰੁਕ ਜਾਂਦੇ ਹਾਂ। ਉਸ ਤੋਂ ਬਾਅਦ ਗੁਰਚਰਨ ਸਿੰਘ ਰਾਓ ਦੇ ਨਾਵਲ 'ਮਸ਼ਾਲਚੀ' ਨੂੰ ਅਸੀਂ ਗੌਲ੍ਹਦੇ ਨਹੀਂ ਹਾਂ। ਮੈਂ ਗੱਲ ਕਰਨੀ ਚਾਹੁੰਦਾ ਦਲਿਤ ਕਹਾਣੀ ਦੇ ਬੇਸ ਦੀ। ਸਾਡੇ ਜੀਵਨ ਨੂੰ ਸੈਮੀ ਫਿਊਡਿਲ ਬਣਤਰ ਨੇ ਉਸਾਰਿਆ ਹੈ। ਉਸਦਾ ਇਕ ਹਿੱਸਾ ਹੈ ਦਲਿਤ ਇਕ ਗੈਰ ਦਲਿਤ ਹੈ। ਦਲਿਤ ਦਾ ਬੇਸਿਕ ਕਿੱਤਾ ਹੱਡਾ ਰੋੜੀ ਨਾਲ ਜੁੜਿਆ ਹੋਇਆ ਹੈ। ਦੂਜਾ ਹਿੱਸਾ ਖੇਤਾਂ ਵਿੱਚ ਮਜ਼ਦੂਰੀ ਕਰਨ ਵਜੋਂ ਜੁੜਿਆ ਹੋਇਆ ਹੈ। ਤੀਜੇ ਕਿਸਮ ਦਾ ਜੀਵਨ ਹੈ ਪੜ੍ਹ ਲਿਖ ਕੇ ਰਾਖਵੇਕਰਨ ਤਹਿਤ ਪੜ੍ਹ ਜਾਣ ਤੇ ਨੌਕਰੀ ਲੱਗਣ ਦਾ। ਉਹ ਦਲਿਤ ਕਿਵੇਂ ਪਿੰਡ ਤੋਂ ਹਿਜ਼ਰਤ ਸ਼ਹਿਰ ਵੱਲ ਕਰਦੇ ਹਨ। ਪੰਜਾਬੀ ਕਹਾਣੀ ਦਾ ਮੁੱਢ ਮੈਂ ਨਾਨਕ ਸਿੰਘ ਤੋਂ ਲੈਂਦਾ ਹਾਂ। ਇਸ ਮਸਲੇ ਬਾਰੇ 'ਕੱਲੋ' ਉਸਦੀ ਸਵੈ ਜੀਵਨੀ 'ਚੋਂ ਕਹਾਣੀ ਹੈ। ਉਸ ਕਹਾਣੀ ਵਿੱਚ ਇਕ ਭੰਗਣ ਲੜਕੀ ਨਾਨਕ ਸਿੰਘ ਨੂੰ ਫੁੱਲ ਭੇਟ



ਕਰਦੀ ਹੈ। ਉਹ ਕਹਿੰਦੀ ਹੈ ਕਿ ਇਹਨੂੰ ਟੱਚ ਨਾ ਕਰੋ ਕਿਉਂਕਿ ਮੈਂ ਸ਼ੂਦਰ ਹਾਂ। ਭਾਵੇਂ ਕਿ ਉਨ੍ਹਾਂ ਦੇ ਨਾਵਲ ਵਿੱਚ ਦਲਿਤ ਪਾਤਰ ਆਉਂਦੇ ਨੇ ਪਰ ਉਹ ਦਲਿਤ ਵਜੋਂ ਉਨ੍ਹਾਂ ਦੀ ਪਛਾਣ ਨਹੀਂ ਕਰਵਾਉਂਦੇ। ਇਕ ਸੁਜਾਨ ਸਿੰਘ ਦੀ ਕਹਾਣੀ 'ਪ੍ਰਾਹੁਣਾ' ਹੈ। ਸਾਡੇ ਕੋਲ ਫਿਰ ਗੁਰਦਿਆਲ ਸਿੰਘ ਦੀ ਕਹਾਣੀ 'ਚਾਰੇ ਦੀ ਪੰਡ' ਆਉਂਦੀ ਹੈ। ਅੰਮ੍ਰਿਤਾ ਪ੍ਰੀਤਮ ਦੀ ਕਹਾਣੀ 'ਕਮੀਣ' ਆਉਂਦੀ ਹੈ। ਧੀਰ ਦੀ ਕਹਾਣੀ 'ਮਾਮਲਾ' ਹੈ। ਹੁਣ ਇਹ ਪ੍ਰਗਤੀਵਾਦ ਦੌਰ ਦੇ ਕਹਾਣੀਕਾਰ ਕੀ ਕਰਦਾ ਨੇ ਕਿ ਮੱਧ ਵਰਗੀ ਜੀਵਨ ਨੂੰ ਕੇਂਦਰ ਵਿੱਚ ਲੈ ਕੇ ਦਲਿਤ ਮਸਲੇ ਨੂੰ ਲਾਂਭੇ ਕਰ ਦਿੰਦੇ ਨੇ। ਵੇਖੋ ਦਰਦ ਤਾਂ ਦਲਿਤਾਂ ਦਾ ਹੈ ਪਰ ਪੇਸ਼ਕਾਰੀ ਉਨ੍ਹਾਂ ਦੀ ਕਲਾਸ ਦੇ ਐਂਗਲ ਤੋਂ ਹੁੰਦੀ ਹੈ। ਦਰਦ ਤਾਂ ਬੇਜ਼ਮੀਨੇ ਲੋਕਾਂ ਦਾ ਸੀ ਸਰਮਾਏਦਾਰ ਜ਼ਿੰਮੀਦਾਰ ਦਾ ਨਹੀਂ ਸੀ। ਕਹਾਣੀ ਦੇ ਅਗਲੇ ਭਾਗ ਤੱਕ ਜਦੋਂ ਮੈਂ ਪੁੱਜਦਾ ਹਾਂ 1980 ਦੇ ਆਸ-ਪਾਸ ਦਾ ਆਉਂਦਾ ਹੈ ਜਦੋਂ ਅਤਰਜੀਤ 'ਅਦਨਾ ਇਨਸਾਨ' ਕਹਾਣੀਆਂ ਦੀ ਕਿਤਾਬ ਲੈ ਕੇ ਆਉਂਦਾ ਐ। ਉਹਦੀ ਭੂਮਿਕਾ ਵਿੱਚ ਡਾ. ਰਘਬੀਰ ਸਿੰਘ ਨੇ ਬੜੀ ਕਮਾਲ ਦੀ ਗੱਲ ਕੀਤੀ ਐ। ਜਿਹੜੀ ਆਧੁਨਿਕ ਕਹਾਣੀ ਦਾ ਬੇਸ ਬਣਦੀ ਐ। ਕਿ ਇਨ੍ਹਾਂ ਕਹਾਣੀਕਾਰਾਂ ਦੀ ਮੱਧਵਰਗੀ ਚੇਤਨਾ ਸੀ। ਉਹਦਾ ਜਮੂਦ ਅਤਰਜੀਤ ਦੇ ਆਉਣ ਨਾਲ ਟੁੱਟਦਾ ਐ। ਕਹਾਣੀ ਵਿੱਚ ਕਿਹੜੇ ਲੋਕ ਸ਼ਾਮਿਲ ਹੁੰਦੇ ਨੇ ਜਿਹੜੇ ਨਿਆਸਰੇ ਨੇ, ਜਾਤ ਅਧਾਰਤ ਪੀੜਤ ਨੇ। ਤ੍ਰਿਸਕਾਰਤ ਨੇ ਜੋ ਪਿੰਡਾਂ ਤੋਂ ਬਾਹਰ ਰਹਿੰਦੇ ਨੇ। ਹੁਣ ਮੈਂ ਉਨ੍ਹਾਂ ਦਲਿਤ ਕਹਾਣੀਆਂ ਦਾ ਜ਼ਿਕਰ ਕਰਾਂਗਾ ਜਿਹੜੀਆਂ ਅਸਲ ਰੂਪ ਵਿੱਚ ਦਲਿਤ ਜੀਵਨ ਨੂੰ ਪੇਸ਼ ਕਰਦੀਆਂ ਨੇ। ਉਨ੍ਹਾਂ ਵਿੱਚ ਜਿੰਦਰ, ਸਰੂਪ ਸਿਆਲਵੀ, ਮੋਹਨ ਲਾਲ ਫਿਲੌਰੀਆ, ਭੂਰਾ ਸਿੰਘ ਕਲੇਰ, ਰਘਬੀਰ ਸਿੰਘ ਮਾਨ, ਭਗਵੰਤ ਰਸੂਲਪੁਰੀ, ਗੁਰਮੀਤ ਕੜਿਆਲਵੀ, ਅਜਮੇਰ ਸਿੱਧੂ, ਕੇਸਰਾ ਰਾਮ ਤੇ ਬਿੰਦਰ ਬਸਰਾ ਆ ਜਾਂਦੇ ਹਨ। ਇਹ ਉਹ ਕਹਾਣੀਕਾਰ ਨੇ ਜਿਨ੍ਹਾਂ ਨੇ ਆਪਣੀਆਂ ਕਹਾਣੀਆਂ ਦੇ ਪਾਤਰ ਹੱਡਾ ਰੋੜੀ ਦੇ ਕਲਚਰ ਨਾਲ ਸੰਬੰਧਤ, ਗੁਲਾਮ ਪ੍ਰਥਾ ਵਜੋਂ ਸੀਰੀ-ਸਾਂਝੀ ਦੇ ਰੂਪ ਵਿੱਚ ਪੇਸ਼ ਕੀਤੇ। ਤੀਜਾ ਹੈ ਦਲਿਤਾਂ ਦਾ ਸ਼ਹਿਰ ਵੱਲ ਹਿਜ਼ਰਤ ਕਰਨ ਦੇ ਰੂਪ ਵਿੱਚ। ਉਨ੍ਹਾਂ ਵਿੱਚ ਗੁਰਮੀਤ ਸਿੰਗਲ ਅਤੇ ਹਰਨੇਕ ਕਲੇਰ ਦੇ ਨਾਂ ਵੀ ਵੇਖਣ ਨੂੰ ਮਿਲਦੇ ਨੇ। ਜੋ ਬਿਲਕੁਲ ਨਵੇਂ ਨਾਂ ਨੇ ਜਸਵੰਤ ਰਾਏ, ਗੁਰਮੀਤ ਆਰਿਫ਼ ਤੇ ਵਿਪਨ ਆਦਿ। ਇਨ੍ਹਾਂ ਕਹਾਣੀਕਾਰਾਂ ਦੀ ਮੋਹਰੀ ਭੂਮਿਕਾ ਨਿਭਾਉਣ ਵਾਲੇ ਭਗਵੰਤ ਰਸੂਲਪੁਰੀ ਨੂੰ ਮੈਂ ਸਮਝਦਾ ਹਾਂ। ਹੁਣ ਮੈਂ ਗੱਲ ਕਰਨੀ ਹੈ ਪੰਜਾਬੀ ਕਹਾਣੀ ਵਿੱਚ ਦਲਿਤ ਯਥਾਰਥ ਨੂੰ ਕਿਸ ਦ੍ਰਿਸ਼ਟੀ ਦੇ ਰੂਪ ਵਿੱਚ ਪੇਸ਼ ਕੀਤਾ ਗਿਆ। ਮੈਂ ਇਨ੍ਹਾਂ ਨੂੰ ਵਰਨਾਕੂਲਰ ਇੰਡੀਆ ਦਾ ਕਹਾਣੀਕਾਰ ਕਹਿੰਦਾ ਹਾਂ। ਇਹ ਬ੍ਰਾਹਮਣੀਕਰਨ ਭਾਰਤ ਦੇ ਕਹਾਣੀਕਾਰ ਕੋਲ ਨਹੀਂ ਹਨ।

ਮੈਂ ਇਹਨਾਂ ਨੂੰ ਤੀਸਰੀ ਦੁਨੀਆ ਦਾ ਯਥਾਰਥ ਵੀ ਕਹਿੰਦਾ ਹਾਂ। ਉਸ ਵਿੱਚ ਸੰਤੁਲਿਤ ਜੀਵਨ ਨਹੀਂ ਹੈ। ਫਿਊਡਿਲ ਜ਼ਿੰਦਗੀ ਦੀ ਰਹਿੰਦ ਖ਼ੂਹਦ ਦੇ ਪਰਦੇ ਹੇਠ ਜੀਵਨ ਪਲ਼ ਰਿਹਾ ਏ। ਜਿਹਦੀ ਮਾਈਗ੍ਰੇਸ਼ਨ ਨਹੀਂ ਹੋਈ। ਜੋ ਬੱਚਾ ਪਿੰਡ ਵਿੱਚ ਬੈਠਾ ਹੈ। ਜਿਹੜਾ ਸਕੂਲ ਤੱਕ ਨਹੀਂ ਗਿਆ। ਜਿਹਨੂੰ ਕੋਈ ਕਿੱਤਾ ਨਹੀਂ ਮਿਲਿਆ। ਮਸ਼ੀਨੀਕਰਨ ਦੇ ਕਾਰਨ ਵਿਹਲਾ ਹੋਇਆ ਬੈਠਾ ਹੈ। ਉਹਦੀ ਸਥਿਤੀ ਕੀ ਹੈ। ਉਸ ਯਥਾਰਥ ਵਿੱਚੋਂ ਇਨ੍ਹਾਂ ਕਹਾਣੀਕਾਰਾਂ ਨੇ ਕਹਾਣੀਆਂ ਕੱਢੀਆਂ ਨੇ। ਇਨ੍ਹਾਂ ਕਹਾਣੀਆਂ ਵਿੱਚ ਜਿਹੜੇ ਪਾਤਰ ਮਰੇ ਡੰਗਰ ਚੁੱਕਣ ਵਾਲੇ ਹੋਏ ਨੇ। ਜੋ ਮਰੇ ਪਸ਼ੂਆਂ ਨੂੰ


ਹੱਡਾਰੋੜੀ ਤੱਕ ਲੈ ਕੇ ਜਾਂਦੇ ਨੇ। ਇਹ ਚਿਤਰਨ ਬਹੁਤ ਵਚਿੱਲਤ ਕਰਨ ਵਾਲਾ ਐ।

ਇਨ੍ਹਾਂ ਕਹਾਣੀਆਂ ਵਿੱਚ ਕਿਰਪਾਲ ਕਜ਼ਾਕ ਦੀ ਕਹਾਣੀ ਹੈ 'ਸੈਲਾਬ', ਬਲਜਿੰਦਰ ਨਸਰਾਲੀ ਦੀ ਕਹਾਣੀ ਹੈ 'ਹੱਡਾਰੋੜੀ', ਗੁਰਮੀਤ ਕੜਿਆਲਵੀ ਦੀ ਕਹਾਣੀ ਹੈ 'ਹੱਡਾ ਰੋੜੀ ਤੇ ਰੇਹੜੀ' ਗੁਰਦੇਵ ਸਿੰਘ ਸੰਦੌੜ ਦੀ ਕਹਾਣੀ ਹੈ 'ਬੋਲ਼ਾ ਪੰਡਤ' ਇਸ ਕਹਾਣੀ 'ਚ ਕੀ ਹੈ ਕਿ ਪੰਡਤ ਦੇ ਘਰ ਪਸ਼ੂ ਮਰ ਜਾਂਦਾ ਐ। ਉਨ੍ਹਾਂ ਦਾ ਡੰਗਰ ਮਰ ਜਾਂਦਾ ਐ। ਹੁਣ ਉਸ ਨੂੰ ਕੋਈ ਦਲਿਤ ਚੁੱਕਣ ਲਈ ਤਿਆਰ ਨਹੀਂ ਅੰਤ ਉਹ ਪੰਡਤ ਮਰੇ ਡੰਗਰ ਨੂੰ ਚੁੱਕ ਕੇ ਹੱਡਾ ਰੋੜੀ ਵੱਲ ਤੁਰ ਪੈਂਦਾ ਐ। ਇਹ ਬਹੁਤ ਵੱਡਾ ਦੁਖਾਂਤ ਐ। ਖ਼ੈਰ ਦਲਿਤ ਲੋਕ ਅੰਤ ਨੂੰ ਕਹਿੰਦੇ ਨੇ ਕਿ ਪੰਡਤ ਜੀ ਸਾਡਾ ਇਹ ਕਿੱਤਾ ਨਾ ਖੋਹ। ਜੇ ਤੂੰ ਇਹ ਕੰਮ ਕਰੇਗਾ ਤਾਂ ਅਸੀਂ ਭੁੱਖੇ ਮਰਾਂਗੇ। ਦੁਖਾਂਤ ਇਹ ਹੈ ਕਿ ਦਲਿਤ ਲੋਕ ਵੀ ਇਸ ਕਿੱਤੇ ਨਾਲ ਜੁੜੇ ਹੋਏ ਨੇ ਕਿ ਉਨ੍ਹਾਂ ਦਾ ਇਕ ਤਰ੍ਹਾਂ ਨਾਲ ਰੋਜਗਾਰ ਐ। ਹੁਣ ਕੜਿਆਲਵੀ ਦੀ ਕਹਾਣੀ 'ਹੱਡਾਰੋੜੀ ਤੇ ਰੇਹੜੀ' ਵਿੱਚ ਮੁੱਖ ਪਾਤਰ ਦਾ ਬਾਪ ਕਹਿੰਦਾ ਹੈ ਕਿ ਮੈਂ ਇਸ ਕਿੱਤੇ ਨੂੰ ਕਿਵੇਂ ਛੱਡ ਸਕਦਾ ਹਾਂ। ਮੈਂ ਇਹ ਕੰਮ ਛੱਡ ਕੇ ਕਿੱਥੇ ਜਾਵਾਂਗਾ। ਅੱਜ ਦੇ ਸਮੇਂ ਵਿੱਚ, ਹੱਡਾ ਰੋੜੀ 'ਤੇ ਮਰੇ ਪਸ਼ੂ ਢੋਣ ਦਾ ਕੰਮ ਦਲਿਤ ਲੋਕ ਹੀ ਕਰਦੇ ਆ ਰਹੇ ਨੇ। ਹੁਣ ਗੱਲ ਇਹ ਹੈ ਕਿ ਇਸ ਕਿੱਤੇ ਵਿੱਚ ਜਦੋਂ ਤੱਕ ਮਕੈਨੀਕਲ ਟ੍ਰਾਂਸਫਰਮੇਸ਼ਨ ਨਹੀਂ ਹੋਵੇਗੀ ਉਦੋਂ ਤੱਕ ਇਸ ਕਿੱਤੇ ਨਾਲ ਜੁੜੇ ਗੰਦ, ਸੜ੍ਹਿਆਂਦ ਵਾਲੀ ਗੱਲ ਖਤਮ ਨਹੀਂ ਹੋਵੇਗੀ। ਤੁਸੀਂ ਕਿਰਪਾਲ ਕਜ਼ਾਕ ਦੀ ਕਹਾਣੀ 'ਮਿੱਟੀ ਦਾ ਮਾਧੋ' ਪੜ੍ਹ ਕੇ ਵੇਖੋ। ਨਾਇਕ ਦਾ ਕਨਸੈਪਟ ਲੈ ਲਓ। ਜਿਹੜਾ ਬੰਦਾ ਪੂਰੀ ਤਰ੍ਹਾਂ ਧਰਤੀ 'ਚ ਦੱਬਿਆ ਹੋਇਆ ਜਦੋਂ ਇਕ ਫੁੱਟ ਧਰਤੀ ਵਿੱਚੋਂ ਉੱਠਦਾ ਹੈ ਤਾਂ ਉਹ ਨਾਇਕ ਬਣਦਾ ਹੈ ਦਲਿਤ ਕਹਾਣੀ ਦਾ ਨਾਇਕ ਉਹ ਨਹੀਂ ਜਿਹੜਾ ਘੋੜੇ ਤੇ ਤਲਵਾਰ ਨਾਲ ਲੋਕਾਂ ਦਾ ਘਾਣ ਕਰਦਾ ਹੈ। ਪਰ 20 ਸਾਲ ਬਾਅਦ ਇਸ ਸਥਿਤੀ ਵਿੱਚ ਚੇਂਜ ਆਉਂਦੀ ਹੈ। ਮਰੇ ਪਸ਼ੂ ਢੋਣ, ਚੰਮ ਲਾਹੁਣ ਵਾਲੇ ਕਿੱਤੇ ਵਿੱਚ ਚੇਂਜ ਜਦੋਂ ਆਉਂਦੀ ਹਾਂ ਤਾਂ ਉਸ ਨੂੰ ਗੁਰਨਾਮ ਸਿੰਘ ਮੁਕਤਸਰ ਦੀ ਕਹਾਣੀ ਪੇਸ਼ ਕਰਦੀ ਹੈ 'ਨੇੜ੍ਹੇ ਦਾ ਸਫ਼ਰ' ਕਰਦੀ ਹੈ। ਹੁਣ ਉਸ ਕਹਾਣੀ ਵਿੱਚ ਕੀ ਹੈ। ਕਮਿਊਨਿਸਟ ਲਹਿਰ ਵੇਲੇ ਇਹ ਲੋਕ ਦਲਿਤਾਂ ਕੋਲ ਜਾਂਦੇ ਸਨ ਕਿ ਇਨ੍ਹਾਂ ਨੂੰ ਪਾਰਟੀ ਦਾ ਕਾਡਰ ਬਣਾ ਕੇ ਇਨ੍ਹਾਂ ਵਿੱਚ ਤਬਦੀਲੀ ਲਿਆਉਂਦੇ ਨੇ। ਉਹ ਚਮੜਾ ਲਹੁਣ ਵਾਲੀ ਬਸਤੀ ਵਿੱਚ ਜਾਂਦੇ ਨੇ। ਹੁਣ ਇਸ ਕਿੱਤੇ ਵਿੱਚ ਟ੍ਰਾਸਫਰਮੇਸ਼ਨ ਕਿਵੇਂ ਹੁੰਦੀ ਹੈ ਉਸ ਨੂੰ ਭਗਵੰਤ ਰਸੂਲਪੁਰੀ ਨੇ ਆਪਣੀ ਕਹਾਣੀ 'ਸੁੱਕੀਆਂ ਕੁੰਨਾਂ' ਵਿੱਚ ਪੇਸ਼ ਕੀਤਾ ਹੈ। ਦੁਆਬੇ ਦੇ ਪਿੰਡ ਦੀ ਕਹਾਣੀ ਹੈ। ਪਿੰਡ ਦੇ ਲੋਕ ਪਿੰਡ ਵਿੱਚ ਮਰੇ ਡੰਗਰਾਂ ਦਾ ਕੰਮ ਕਰਦੇ ਸਨ। ਫਿਰ ਚਮੜਾ ਰੰਗਣ ਲੱਗ ਪੈਂਦੇ ਨੇ। ਲੰਮੇ ਬਿਰਤਾਂਤ ਵਾਲੀ ਕਹਾਣੀ ਹੈ। ਕਹਾਣੀ ਵਿੱਚ ਕੀ ਹੁੰਦਾ ਹੈ ਜਦੋਂ ਕੱਚੇ ਚਮੜੇ ਨੂੰ ਲਹੁਣ ਦਾ, ਚਮੜਾ ਰੰਗਣ ਦਾ ਹੱਡੀਆਂ ਨੂੰ ਵੇਚਣ ਦਾ ਕੰਮ ਦਲਿਤਾਂ ਦੇ ਹੱਥਾਂ ਵਿੱਚੋਂ ਨਿਕਲੇਗਾ ਤਾਂ ਕਿਸ ਤਰ੍ਹਾਂ ਦਾ ਦੁਖਾਂਤ ਪੈਦਾ ਹੋਵੇਗਾ। ਹੱਥਾਂ ਨਾਲ ਕੰਮ ਕਰਨ ਵਾਲੇ ਕੰਮ ਦਾ ਜਦੋਂ ਮਸ਼ੀਨੀਕਰਨ ਹੋਵੇਗਾ। ਉਹਦੀ ਮਾਰਕੀਟਿੰਗ ਹੋਵੇਗੀ ਤਾਂ ਉਦੋਂ ਦਲਿਤ ਦਲਿਤ ਨਹੀਂ ਰਹੇਗਾ ਤੇ ਚਮਾਰ ਚਮਾਰ ਨਹੀਂ ਰਹੇਗਾ। ਜਿਹੜਾ ਇਸ ਕਿੱਤੇ ਨਾਲ ਜੁੜਿਆ ਹੋਇਆ ਹੈ। ਜਿਹੜਾ ਰੂਪ ਮਨੁੱਖ ਦਾ ਜਦੋਂ ਬਣਦਾ ਹੈ ਉਹ ਰੂਪ ਰਸੂਲਪੁਰੀ ਦੀ ਏਸ ਕਹਾਣੀ ਵਿੱਚ ਸਾਨੂੰ ਪੜ੍ਹਨ ਨੂੰ ਮਿਲਦਾ ਹੈ। ਜਦੋਂ ਦੁਆਬੇ ਵਿੱਚ ਆਦਿ ਧਰਮ ਲਹਿਰ ਦੀ ਮੂਵਮੈਂਟ ਚੱਲਦੀ ਹੈ ਤਾਂ ਇਹ ਕਿੱਤਾ ਉਸ ਲਹਿਰ ਵਿੱਚ ਟ੍ਰਾਂਸਫਾਰ ਹੁੰਦਾ ਹੈ। ਰਸੂਲਪੁਰੀ ਦੀ ਕਹਾਣੀ 'ਸੁੱਕੀਆਂ ਕੁੰਨਾ' ਦੱਸਦੀ ਹੈ ਕਿ ਚਮੜਾ ਰੰਗਣ ਤੇ ਵੇਚਣ ਵਾਲੀ ਜਲੰਧਰ ਦੀ ਬੂਟਾ ਮੰਡੀ ਕਿੱਥੋਂ ਪੈਦਾ ਹੁੰਦੀ ਹੈ। ਦਲਿਤ ਰਾਜਨੀਤੀ ਕਿੱਥੋਂ ਪੈਦਾ ਹੁੰਦੀ ਹੈ। ਇਹ

ਤਬਦੀਲੀ ਕਦੋਂ ਪੈਦਾ ਹੋਈ ਜਦੋਂ ਇਸ ਕਿੱਤੇ ਦੀ ਟਰਾਂਸਫਾਰਮੇਸ਼ਨ ਇੰਡਸਟਰੀ ਵੱਲ ਹੋ ਗਈ। ਚਮੜੇ ਦੀ ਜਦੋਂ ਮਾਰਕੀਟਿੰਗ ਹੋਣ ਲੱਗ ਪਈ ਤਾਂ ਕਿਵੇਂ ਗੈਰ ਦਲਿਤ ਇਸ ਕਿੱਤੇ ਵੱਲ ਖਿੱਚੇ ਜਾਂਦੇ ਨੇ। ਕਹਾਣੀ ਵਿੱਚ ਜੇਕਰ ਸੱਚ ਟਰਾਂਸਫਰਮੇਸ਼ਨ ਦਾ ਹੈ ਤਾਂ ਉਹ ਸੱਚ ਆਈਡੀਅਲ ਸੱਚ ਹੈ। ਉਹ ਲਹਿਰ ਦਾ ਸੱਚ ਹੈ। ਜਦੋਂ ਆਲੇ ਦੁਆਲੇ ਪਿੰਡਾਂ ਵਿੱਚੋਂ ਮਾਈਗਰੇਟ ਹੋ ਕੇ ਦਲਿਤ ਲੋਕ ਪਿੰਡ 'ਧਰਮਪੁਰ' ਬੂਟਾ ਮੰਡੀ ਆ ਵਸੇ ਫਿਰ ਪਿੰਡ ਉਜੜ ਗਿਆ ਤੇ ਲੈਦਰ ਕੰਪਲੈਕਸ ਵਿੱਚ ਇਹ ਕਿੱਤਾ ਜਦੋਂ ਚਲੇ ਗਿਆ ਤਾਂ ਉਸ ਉੱਤੇ ਕਬਜ਼ਾ ਕਿਸੇ ਹੋਰ ਜਾਤੀ ਦਾ ਹੋ ਜਾਂਦਾ ਹੈ। ਉਨ੍ਹਾਂ ਦਾ ਹੋ ਜਾਂਦਾ ਹੈ ਜਿਹਨੂੰ ਅਸੀਂ ਪੂੰਜੀਵਾਦੀ ਕਲਚਰ ਕਹਿੰਦੇ ਹਾਂ। ਚਮੜੇ ਨੂੰ ਰੰਗਣ ਦਾ, ਗ੍ਰੈਂਡ ਕਰਨ ਲਈ ਮਸ਼ੀਨਾਂ ਆ ਜਾਂਦੀਆਂ ਹਨ। ਤੇ ਕਹਾਣੀ ਵਿੱਚ ਮੁੱਖ ਪਾਤਰ ਬਜ਼ੁਰਗ ਬੈਠਾ ਇਸ ਵਰਤਾਰੇ ਨੂੰ ਵੇਖ ਕੇ ਝੂਰ ਰਿਹਾ ਹੈ। ਕਹਾਣੀਕਾਰ 'ਸੁੱਕੀਆਂ ਕੁੰਨਾਂ' ਦਾ ਸਿੰਬਲ ਪੇਸ਼ ਕਰਦਾ ਹੈ। ਚਮੜੇ ਦਾ ਕੰਮ ਕਰਨ ਵਾਲੇ ਲੋਕ ਕਹਿੰਦੇ ਹਨ ਕਿ ਅਸੀਂ ਪਹਿਲੇ ਰੂਪ ਵਿੱਚ ਹੀ ਚੰਗੇ ਸਾਂ। ਸਾਡੇ ਕੋਲ ਆਪਣਾ ਕਿੱਤਾ ਸੀ। ਸਾਡੀ ਸੁਤੰਤਰ ਹੋਂਦ ਸੀ। ਅਸੀਂ ਘਰ ਚਲਾਉਂਦੇ ਸੀ ਤੇ ਆਪਣੇ ਬੱਚਿਆਂ ਨੂੰ ਪਾਲ਼ਦੇ ਸੀ। ਮੈਂ ਇਸਨੂੰ ਵਰਨਾਕੂਲਰ ਇੰਡੀਆ ਦਾ ਪਹਿਲਾਂ ਸੱਚ ਮੰਨਦਾ ਹਾਂ। ਦੂਜੀ ਗੱਲ... ਅਸੀਂ ਅਕਸਰ ਕਹਿੰਦੇ ਹਾਂ ਅੰਤਰਜਾਤੀ ਵਿਆਹ ਹੋਣ ਨਾਲ ਬਹੁਤ ਵੱਡੀਆਂ ਤਬਦੀਲੀਆਂ ਆਉਣਗੀਆਂ। ਮੈਨੂੰ ਕੇਸਰਾ ਰਾਮ ਦੀ ਕਹਾਣੀ ਚੇਤੇ ਆਉਂਦੀ ਹੈ 'ਤੇਰੀ ਗੋਤਣ ਵਿਆਹ ਕੇ ਲਿਆਇਆ ਸੂ'। ਇਹ ਕਹਾਣੀ ਬਹੁਤ ਵੱਡੇ ਸੱਚ ਨੂੰ ਉਭਾਰਦੀ ਹੈ। ਏਥੇ ਇਕ ਗੱਲ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਪੰਜਾਬੀ ਕਹਾਣੀ ਵਿੱਚ ਕਿਰਪਾਲ ਕਜ਼ਾਕ, ਭਗਵੰਤ ਰਸੂਲਪੁਰੀ ਤੇ ਕੇਸਰਾ ਰਾਮ ਨੇ ਇਕ ਫਾਰਮ ਡਵੈੱਲਪ ਕਰ ਦਿੱਤੀ ਕਿ ਨਾਵਲ ਤੇ ਕਹਾਣੀ ਦੇ ਵਿਚਕਾਰਲੇ ਕਹਾਣੀ ਦੇ ਰੂਪ ਵਾਲੀ। ਇਨ੍ਹਾਂ ਲੋਕਾਂ ਨੇ ਆਪਣੀਆਂ ਵੱਡ ਅਕਾਰੀ ਕਹਾਣੀਆਂ ਰਾਹੀਂ ਵੱਡ ਅਕਾਰੀ ਦਲਿਤ ਮਸਲਿਆਂ ਨੂੰ ਕਈ ਪੱਖਾਂ ਤੋਂ ਲੰਮੀਆਂ ਕਹਾਣੀਆਂ ਵਿੱਚ ਸਮੇਟ ਲਿਆ। ... ਹੁਣ ਇਸ ਵਰਨਾਕੂਲਰ ਇੰਡੀਆ ਵਿੱਚ ਸਭ ਤੋਂ ਵੱਡਾ ਦੁਖਾਂਤ ਪਿੰਡ ਦਾ ਸਰਪੰਚ ਕਰੀਏਟ ਕਰਦਾ ਹੈ। ਕੇਸਰਾ ਰਾਮ ਦੀ ਉਪਰੋਕਤ ਕਹਾਣੀ ਵਿੱਚ ਖਾਪ ਪੰਚਾਇਤ ਅੰਤਰਜਾਤੀ ਵਿਆਹ ਨੂੰ ਆਪਣੀ ਮਰਜ਼ੀ ਤੇ ਸ਼ਕਤੀ ਨਾਲ ਕੰਟਰੋਲ ਕਰਦੀ ਹੈ। ਆਪਣੀ ਰਾਜਨੀਤੀ ਦੇ ਇਕ ਰੂਪ ਨਾਲ। ਸੰਕਟ ਉਦੋਂ ਪੈਦਾ ਹੁੰਦਾ ਹੈ ਜਦੋਂ ਇਕ ਗੋਤਰ ਵਿੱਚ ਵਿਆਹ ਕਰਵਾਉਣ ਵਾਲਾ ਜੋੜਾ ਪਿੰਡ ਆਉਂਦਾ ਹੈ ਤੇ ਖਾਪ ਪੰਚਾਇਤ ਉਹਨੂੰ ਪਿੰਡ ਛੱਡ ਕੇ ਜਾਣ ਲਈ ਕਹਿੰਦੀ ਹੈ ਏਥੇ ਔਰਤ ਉਨ੍ਹਾਂ ਵਿਰੁੱਧ ਖੜਦੀ ਹੈ। ਏਥੇ ਔਰਤ ਜਾਤ ਨੂੰ ਲੈ ਕੇ, ਔਰਤ ਹੋਣ ਨੂੰ ਲੈ ਕੇ ਮਰਦ ਸੱਤਾ ਆਦਿ ਦਾ ਦੁਖਾਂਤ ਭੋਗਦੀ ਹੈ। ਕਹਾਣੀ ਵਿੱਚ ਲੜਕੀ ਖਾਪ ਪੰਚਾਇਤ ਨੂੰ ਸਵਾਲ ਕਰਦੀ ਹੈ। ਹੁਣ ਮੈਂ ਨਾਵਲ ਤੇ ਗੱਲ ਕਰਾਂਗਾ। ਗੁਰਦਿਆਲ ਸਿੰਘ ਨੂੰ ਅਸੀਂ ਯਥਾਰਥਵਾਦੀ ਨਾਵਲਕਾਰ ਗਿਣਦੇ ਹਾਂ। ਕਿਸਾਨੀ ਤੇ ਸੀਰੀ ਦੇ ਸੰਬੰਧ ਸਾਨੂੰ ਗੁਰਦਿਆਲ ਸਿੰਘ ਦੇ ਨਾਵਲ ਰਾਹੀਂ ਸਮਝਣ ਲਈ ਮਿਲਦੇ ਨੇ। ਫਿਰ ਸੋਹਣ ਸਿੰਘ ਸ਼ੀਤਲ ਦਾ ਨਾਵਲ ਛਪਦਾ ਹੈ 'ਜੁੱਗ ਬਦਲ ਗਿਆ' ਫਿਰ ਗੁਰਚਰਨ ਸਿੰਘ ਰਾਓ ਦਾ ਨਾਵਲ ਆਉਂਦਾ ਹੈ 'ਮਿਸ਼ਾਲਚੀ'। ਪੰਜਾਬੀ ਇਤਿਹਾਸ ਵਿੱਚ ਇਸ ਨਾਵਲ ਦਾ ਬਹੁਤਾ ਜ਼ਿਕਰ ਨਹੀਂ ਕੀਤਾ ਜਾਂਦਾ। ਫਿਰ ਬਲਬੀਰ ਮਾਧੋਪੁਰੀ ਦਾ ਨਾਵਲ 'ਮਿੱਟੀ ਬੋਲ ਪਈ' ਆਉਂਦਾ ਹੈ। ਜਿਹਦੇ ਵਿੱਚ ਮੰਗੂ ਰਾਮ ਮੁੱਗੋਵਾਲੀਆ ਦੀ ਲਹਿਰ ਦੇ ਪ੍ਰਸੰਗ ਵਿੱਚ ਦਲਿਤ ਚੇਤਨਾ ਦੀ ਗੱਲ ਕੀਤੀ ਗਈ ਹੈ। ਫਿਰ ਇਕ ਨਾਵਲ ਰਘਬੀਰ ਸਿੰਘ ਮਾਨ ਦਾ ਆਉਂਦਾ ਹੈ 'ਤਪਦੇ ਪੈਰਾਂ ਦਾ ਸਫ਼ਰ' ਇਹ ਨਾਵਲ ਦਾ ਪਾਤਰ ਗੁਰਦਿਆਲ ਸਿੰਘ ਦੇ ਨਾਵਲ ਦੇ ਪਾਤਰ

ਜਗਸੀਰ ਦੇ ਨਾਲ ਨਾਲ ਤੁਰਦਾ ਮੈਨੂੰ ਮਹਿਸੂਸ ਹੁੰਦਾ ਹੈ। ਇਸ ਨਾਵਲ ਦੀ ਪਾਤਰ ਭਾਨੀ ਇਕ ਕ੍ਰਾਂਤੀਕਾਰੀ ਨਾਰੀ ਦੇ ਰੂਪ ਵਿੱਚ ਉਭਰਦੀ ਹੈ। ਮੈਂ ਨਾਵਲ ਬਾਰੇ ਹੋਰ ਵੀ ਗੱਲਾਂ ਕਰਨੀਆਂ ਸੀ। ਮੇਰੇ ਕੋਲ ਦਲਿਤ ਕਹਾਣੀ ਬਾਰੇ ਕਾਫੀ ਗੱਲਾਂ ਸਨ ਖ਼ੈਰ ਉਹ ਕਦੇ ਫਿਰ ਕਰਾਂਗਾ।

**ਸਾਹਿਬ ਸਿੰਘ**-ਮੈਂ ਪੰਜਾਬੀ ਨਾਟਕ ਤੇ ਦਲਿਤ ਸਰੋਕਾਰ 'ਤੇ ਗੱਲ ਕਰਨੀ ਐ। ਮੈਂ ਏਥੇ ਕੋਈ ਡਾਟਾ ਨਹੀਂ ਪੇਸ਼ ਕਰਨਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬੀ ਨਾਟਕਕਾਰ ਤੇ ਦਲਿਤ ਸਰੋਕਾਰ ਦਾ ਜੇ ਕੋਈ ਰਿਸ਼ਤਾ ਹੈਗਾ ਤਾਂ ਉਹ ਕਿਹੋ ਜਿਹਾ ਹੈ। ਉਹ ਕਿਹੋ ਜਿਹਾ ਐ ਤੇ ਉਹ ਬਣਦਾ ਕਿਵੇਂ ਐ। ਮੈਂ ਕਹਿਣਾ ਚਾਹੁੰਦਾ ਹਾਂ ਕਹਾਣੀ ਹੈ, ਨਾਵਲ ਹੈ ਜਾਂ ਕਵਿਤਾ, ਸਵੈ-ਜੀਵਨੀ ਹੈ ਉਹਨੇ ਪੜ੍ਹਿਆ ਜਾਣਾ ਹੁੰਦਾ ਹੈ। ਉਹ ਸਮਾਜ ਤੱਕ ਉਦੋਂ ਹੀ ਪਹੁੰਚਦੀਆਂ ਜਦੋਂ ਕੋਈ ਸਮਾਜ ਦਾ ਵਰਗ ਉਹਨੂੰ ਪੜ੍ਹੇਗਾ। ਇਹ ਵੀ ਹੋ ਸਕਦਾ ਲੇਖਕ ਨੇ ਜਿਸ ਬਾਰੇ ਕੋਈ ਕਹਾਣੀ ਨਾਵਲ ਵਿੱਚ ਗੱਲ ਕੀਤੀ ਹੈ ਉਹਦੇ ਤੱਕ ਵੀ ਨਾ ਪਹੁੰਚੇ। ਜਾਂ ਉਸ ਦਾ ਰਿਐਕਸ਼ਨ ਵੀ ਉਸ ਤਰ੍ਹਾਂ ਨਾ ਆਵੇ। ਮੇਰੇ ਲਈ ਨਾਟਕ ਤੇ ਰੰਗਮੰਚ ਇਕੋ ਗੱਲ ਐ। ਕਿਉਂਕਿ ਨਾਟਕ ਨੇ ਰੰਗਮੰਚ 'ਤੇ ਪੇਸ਼ ਹੋਣਾ ਹੁੰਦਾ ਆ। ਮਨ ਲਓ ਮੰਚ ਵਿਚ ਹਜ਼ਾਰ ਬੰਦਾ ਬੈਠਾ ਆ ਤਾਂ ਹੋ ਸਕਦਾ ਬੈਠੇ ਹੋਏ ਦਰਸ਼ਕਾਂ ਵਿੱਚੋਂ 950 ਬੰਦੇ ਕਿਤਾਬਾਂ ਨਾ ਪੜ੍ਹਦੇ ਹੋਣ। ਇਹਨੇ ਉਹਨੂੰ ਵੀ ਮੁਖਾਤਿਬ ਹੋਣਾ ਹੁੰਦਾ ਐ। ਜਿਹੜੇ ਪੰਜਾਹ ਪੜ੍ਹਦੇ ਨੇ ਉਨ੍ਹਾਂ 'ਚੋਂ ਜ਼ਰੂਰੀ ਨਹੀਂ ਕਿ ਉਨ੍ਹਾਂ ਨੇ ਸਾਰਾ ਕੁਝ ਪੜ੍ਹਿਆ ਹੋਵੇ। ਤੇ ਨਾਟਕ ਨੇ ਉਨ੍ਹਾਂ ਦੇ ਸਾਹਮਣੇ ਵੀ ਪੇਸ਼ ਹੋਣਾ ਹੁੰਦਾ ਐ। ਨਾਟਕ ਨੇ ਅਨਪੜ੍ਹਾ ਦੇ ਸਾਹਮਣੇ ਵੀ ਪੇਸ਼ ਹੋਣਾ ਹੁੰਦਾ। ਹੁਣ ਚੁਣੌਤੀ ਇਹ ਹੈ ਕਿ ਜਦੋਂ ਤੁਸੀਂ ਨਾਟਕਾਂ ਰਾਹੀਂ ਉਨ੍ਹਾਂ ਲੋਕਾਂ ਨੂੰ ਮੁਖਾਤਿਬ ਹੋਣਾ, ਜਿਨ੍ਹਾਂ ਨੇ ਸਿਰਫ ਦੇਖਣਾ। ਤਾਂ ਤੁਸੀਂ ਗੱਲ ਕਰ ਹੋ ਦਲਿਤ ਸਮਾਜ ਦੀ। ਜਦੋਂ ਤੁਸੀਂ ਉਹਦੀ ਸੂਖ਼ਮ ਮਾਨਸਿਕ ਸਥਿਤੀ ਨਹੀਂ ਸਮਝੋਗੇ ਉਦੋਂ ਤੱਕ ਤੁਸੀਂ ਨਾਟਕ ਨਾਲ ਨਿਆ ਨਹੀਂ ਕਰ ਸਕਦੇ। ਜੇ ਨਾਟਕਕਾਰ ਅਜਿਹਾ ਨਹੀਂ ਕਰਦਾ ਤਾਂ ਨਾਟਕਕਾਰ ਦਾ ਨਾਟਕ ਅਧੂਰਾ ਰਹਿ ਜਾਵੇਗਾ ਹੋ ਸਕਦਾ ਉਹ ਸਰੋਤੇ ਨੂੰ ਗਲਤ ਰੰਗਤ ਵੀ ਦੇ ਦੇਵੇ। ਕਿਸੇ ਮਸਲੇ ਨੂੰ ਕਿਸੇ ਹੋਰ ਤਰੀਕੇ ਨਾਲ ਪੇਸ਼ ਕਰ ਦੇਵੇ। ਜਦੋਂ ਮੈਂ 'ਲੱਛੂ ਕਬਾੜੀਆ' ਨਾਟਕ ਲਿਖਣਾ ਸੀ ਤਾਂ ਨਾਟਕ 'ਚ ਬਹੁਤ ਸਾਰੀਆਂ ਤਾਕਤਾਂ ਨੇ ਨਾਟਕ ਦੇ ਪਾਤਰ ਲਛਮਣ ਸਿੰਘ ਨੂੰ ਲੱਛੂ ਕਬਾੜੀਆਂ ਬਣਾ ਦਿੱਤਾ। ਮੇਰੇ ਲਈ ਬਹੁਤ ਸੰਕਟ ਸੀ ਕਿ ਉਸ ਦਾ ਨਾਂ ਵੀ ਛੋਟਾ ਕਰ ਦਿੱਤਾ ਤੇ ਵਿਅਕਤਿਤਵ ਵੀ ਛੋਟਾ ਕਰ ਦਿੱਤਾ। ਇਸ ਸਫ਼ਰ ਨੂੰ ਸਮਝਣ ਲਈ ਮੈਨੂੰ ਕਈ ਸਾਲ ਲੱਗੇ। ਹੁਣ ਤੁਸੀਂ ਦੇਖੋ ਕਿ ਮਾਝੇ, ਮਾਲਵੇ ਦੇ ਦੁਆਬੇ ਵਿੱਚ ਦਲਿਤ ਦੀ ਵੱਖ-ਵੱਖ ਤਰ੍ਹਾਂ ਦੀ ਸਥਿਤੀ ਹੈ। ਸਮਾਜਿਕ ਦਰਜਾਬੰਦੀ ਹੈ। ਪਰ ਨਾਟਕ ਨੇ ਹਰ ਥਾਂ ਪੇਸ਼ ਹੋਣਾ ਹੁੰਦਾ ਹੈ। ਮੇਰੇ ਲਈ ਇਹ ਵੱਡੀ ਚੁਣੌਤੀ ਸੀ ਕਿ ਮੈਂ ਹਰ ਖਿੱਤੇ ਵਿੱਚ ਨਾਟਕ ਖੇਡਣ ਵਾਲੇ ਨਾਟਕ ਨੂੰ ਬਣਾਉਣਾ ਹੈ। ਮੈਂ ਇਕ ਥਾਂ ਦਲਿਤਾਂ ਦੀ ਸਥਿਤੀ ਵੇਖੀ ਜਿੱਥੇ ਉਹ ਇਕ ਕਮਰੇ ਵਿੱਚ ਰਹਿ ਰਹੇ ਨੇ। ਫਿਰ ਮੈਨੂੰ ਇਕ ਗੱਲ ਮੇਰੇ ਦੋਸਤ ਦੀ ਚੇਤੇ ਆਈ ਕਿ ਉਹਨੇ ਕਿਹਾ ਕਿ ਸਾਡੇ ਕੋਲ ਇਕ ਹੀ ਕਮਰਾ ਏ ਤੇ ਮੇਰਾ ਵਿਆਹ ਹੋ ਗਿਆ ਆ। ਰਾਤ ਨੂੰ ਪਤਨੀ ਤੇ ਮੇਰੀ ਸਥਿਤੀ ਬੜੀ ਅਜੀਬ ਬਣ ਜਾਂਦੀ ਹੈ। ਹੁਣ ਇਨ੍ਹਾਂ ਦੋ ਸਥਿਤੀਆਂ ਨੂੰ ਜਦੋਂ ਤੁਸੀਂ ਨਾਟਕ ਵਿੱਚ ਢਾਲਣ ਹੈ ਇਸ ਸਾਰੇ ਕੁਝ ਨੂੰ ਆਤਮਸਾਤ ਕਰਕੇ ਆਪਣੇ ਨਾਟਕ ਵਿੱਚ ਢਾਲਣ ਦੀ ਕੋਸ਼ਿਸ਼ ਕਰੋਗੇ ਤੁਹਾਡੇ ਅੰਦਰ ਉਹ ਦੋ ਸਥਿਤੀਆਂ ਦਾ ਦਰਦ ਮਹਿਸੂਸ ਕਰੋਗੇ। ਜੇ ਉਸ ਨੂੰ ਨਾਟਕ ਵਿੱਚ ਨਹੀਂ ਪੇਸ਼ ਕਰੋਗੇ ਤਾਂ ਤੁਸੀਂ ਨਾਟਕ ਅਧੂਰਾ ਪੇਸ਼ ਕਰੋਗੇ। ਇਕ ਹੋਰ ਘਟਨਾ ਮੈਨੂੰ ਚੇਤੇ ਆ। ਮੈਨੂੰ ਦੱਸਿਆ ਗਿਆ ਕਿ ਜਿਹੜੀ ਔਰਤ ਤੁਹਾਡੇ ਕੋਲੋਂ ਦਵਾਈ ਲੈਣ ਆਉਂਦੀ ਹੈ ਇਹਦਾ ਪਤੀ ਰੋਜ ਰਾਤ ਨੂੰ ਦਾਰੂ ਪੀ ਕੇ ਇਹਨੂੰ



ਕੁੱਟਦਾ ਹੈ ਤੇ ਫਿਰ ਰੋਟੀ ਪਾਣੀ ਖਾ ਕੇ ਉਹਦੇ ਨਾਲ ਹਮਬਿਸਤਰ ਹੁੰਦਾ ਐ ਤੇ ਸਵੇਰੇ ਉੱਠ ਕੇ ਦੋਵੇਂ ਆਪਣੇ ਆਪਣੇ ਕੰਮ ਧੰਦੇ ਚਲੇ ਜਾਂਦਾ ਆ। ਇਹ ਉਨ੍ਹਾਂ ਦੀ ਨਿੱਤ ਦੀ ਰੁਟੀਨ ਐ। ਹੁਣ ਇਸ ਹੌਰੀਏਬਲ ਸਥਿਤੀ ਨੂੰ ਜੇ ਤੁਸੀਂ ਨਾਟਕ ਵਿੱਚ ਉਸੇ ਸੂਖ਼ਮਤਾ ਨਾਲ, ਉਸੇ ਮਨੋਵਿਗਿਆਨ ਨਾਲ ਨਹੀਂ ਪੇਸ਼ ਕਰਦੇ ਤਾਂ ਫਿਰ ਪੰਜਾਬੀ ਨਾਟਕ ਦਲਿਤ ਸਰੋਕਾਰਾਂ ਨਾਲ ਸਹੀ ਰਿਸ਼ਤਾ ਨਹੀਂ ਬਣਾਉਂਦਾ। ਦੂਜੀ ਗੱਲ ਗੁਰੂ ਰਵਿਦਾਸ ਨੇ ਬਹੁਤ ਪਹਿਲਾਂ ਕਿਹਾ ਕਿ ਐਸਾ ਚਾਹੂ ਰਾਜ ਮੈਂ ਜਹਾਂ ਮਿਲੇ ਸਬਨ ਕੋ ਅੰਨ...ਬਾਬਾ ਨਾਨਕ ਵੀ ਨੀਚਾ ਅੰਦਰ ਨੀਚ ਜਾਤਿ, ਜੋਤੀਬਾ ਫੂਲੇ ਵੀ ਕਹਿ ਗਏ ਫਿਰ ਬਾਬਾ ਸਾਹਿਬ ਅੰਬੇਡਕਰ ਵੀ ਆ ਗਏ। ਫਿਰ ਸੰਵਿਧਾਨ ਵੀ ਬਣ ਗਿਆ। ਕਾਨੂੰਨ ਤੌਰ ਤੇ ਵੀ ਲਿਖਿਆ ਗਿਆ ਕਿ ਸਭ ਬਰਾਬਰ ਹੁੰਦੇ ਨੇ। ਜੋ ਧਰਮ ਆ ਉਹ ਵੀ ਕਹਿ ਰਿਹਾ ਸਾਰਿਆਂ ਨੂੰ ਬਰਾਬਰ ਦੇ ਅਧਿਕਾਰ ਐ ਜੋ ਵੱਡੇ ਵੱਡੇ ਚਿੰਤਕ ਨੇ ਉਹ ਵੀ ਕਹਿ ਗਏ। ਗੁਰੂ ਵੀ ਕਹਿ ਗਏ। ਪਰ ਜਦੋਂ ਤੁਸੀਂ ਯਥਾਰਥਕ ਸਥਿਤੀ ਵਿੱਚ ਜਾਂਦੇ ਹੋ। ਤਾਂ ਤੁਹਾਨੂੰ ਸਥਿਤੀ ਕੁਝ ਹੋਰ ਤਰ੍ਹਾਂ ਲੱਭਦੀ ਐ। ਇਹ ਇਕ ਸੰਕਟ ਐ। ਇਸ ਸੰਕਟ ਦੇ ਚੱਲਦਿਆਂ ਤੁਸੀਂ ਉਨ੍ਹਾਂ ਲੋਕਾਂ ਦੀ ਜਦੋਂ ਗੱਲ ਕਰਨੀ ਐ ਤਾਂ ਜਿਸ ਸੰਕਟ ਦੀ ਮੈਂ ਗੱਲ ਕਰ ਕੇ ਆਇਆ ਕਿ ਤੁਸੀਂ ਕੋਈ ਪਾੜਾ ਕਰੀਏਟ ਨਹੀਂ ਕਰ ਦੇਣਾ ਕਿ ਜਿਹੜਾ ਦਲਿਤ ਵਰਗ ਤੋਂ ਥੋੜ੍ਹਾ ਜਿਹਾ ਉਪਰ ਬੈਠਾ ਵਰਗ ਐ ਤੁਸੀਂ ਉਹਨੂੰ ਢਾਹ ਨਹੀਂ ਮਾਰਨੀ। ਉਦੋਂ ਮੈਨੂੰ ਗੁਰਸ਼ਰਨ ਸਿੰਘ ਦਾ ਨਾਟਕ 'ਇਕੋ ਮਿੱਟੀ ਦੇ ਪੁੱਤ' ਚੇਤੇ ਆਉਂਦਾ ਐ। ਉਹ ਉਦੋਂ ਖੇਡਿਆ ਗਿਆ ਜਦੋਂ ਪੰਜਾਬ ਵਿੱਚ ਅੱਤਵਾਦ ਦਾ ਦੌਰ ਚੱਲ ਰਿਹਾ ਸੀ। ਭਾਜੀ ਨਾਟਕ ਵਿੱਚ ਇਕ ਤਾਂ ਦਲਿਤ ਔਰਤ ਨੂੰ ਲੈ ਕੇ ਆਉਂਦੇ ਤੇ ਉਸ ਸਥਿਤੀ ਨੂੰ ਸੰਭਾਲਣ ਦੀ ਵਾਗਡੋਰ ਵੀ ਔਰਤ ਦੇ ਹੱਥ ਦਿੰਦੇ ਨੇ। ਨਾਟਕ ਦਾ ਵਿਸ਼ਾ ਸਮਾਜਿਕ ਬਾਈਕਾਟ ਹੈ। ਉਹ ਔਰਤ ਪਹਿਲਾਂ ਤਾਂ ਆਪਣੇ ਘਰ ਵਾਲੇ ਤੋਂ ਬਗਾਵਤ ਕਰਦੀ ਐ, ਫਿਰ ਪਿੰਡ ਦੇ ਚੌਧਰੀ ਤੋਂ ਬਗਾਵਤ ਕਰਦੀ ਐ। ਫਿਰ ਸਾਰਿਆਂ ਦਾ ਕੱਚਾ ਚਿੱਠਾ ਸਭ ਦੇ ਸਾਹਮਣੇ ਰੱਖਦੀ ਐ। ਹੁਣ ਇਹ ਕਿ ਯਥਾਰਥਕ ਪੇਸ਼ਕਾਰੀ ਨਹੀਂ ਹੈ। ਇਹ ਇਕ ਇੱਛਤ ਯਥਾਰਥ ਹੈ। ਪਰ ਜਿਵੇਂ ਮੈਂ ਕਿਹਾ ਨਾਟਕ ਨੇ ਤਾਂ ਲੋਕਾਂ ਦੇ ਸਾਹਮਣੇ ਪੇਸ਼ ਹੋਣਾ ਹੁੰਦਾ ਐ। ਉਹਨੂੰ ਕਿਤੇ ਨਾ ਕਿਤੇ ਆਸ ਦਾ ਦੀਵਾ ਜਗਾਉਣਾ ਪਵੇਗਾ। ਅੱਗੇ ਗੁਰਸ਼ਰਨ ਸਿੰਘ ਦਾ ਨਾਟਕ ਹੈ 'ਕੰਮੀਆ ਦਾ ਵਿਹੜਾ' ਸਾਰੇ ਦੇ ਸਾਰਾ ਨਾਟਕ ਪਿੰਡ ਦੇ ਜਗੀਰਦਾਰ ਉੱਤੇ ਕੇਂਦਰਿਤ ਹੈ ਕਿ ਉਹ ਜਗੀਰਦਾਰ ਲੋਕਾਂ ਨੂੰ ਤੰਗ ਕਰ ਰਿਹਾ ਐ। ਨਾਟਕ ਦੇ ਅੰਤ ਵਿਚ ਗੁਰਸ਼ਰਨ ਸਿੰਘ ਇਕ ਦਲਿਤ ਬੀਬੀ ਹੱਥੋਂ ਜਗੀਰਦਾਰ ਦੇ ਗਲ਼ ਵਿੱਚ ਜੁੱਤੀਆਂ ਦਾ ਹਾਰ ਪਵਾ ਦਿੰਦਾ ਐ। ਹੁਣ ਸੰਕਟ ਕਿੱਥੇ ਐ। ਸੰਕਟ ਏਥੇ ਐ। ਬਤੌਰ ਨਾਟਕਕਾਰ ਮੈਂ ਇਸ ਸੰਕਟ ਨੂੰ ਕਬੂਲਦਾ ਆ। ਮੈਂ ਇਸ ਸਥਿਤੀ ਨੂੰ ਸਮਝਣ ਦੀ ਕੋਸ਼ਿਸ ਕਰਦਾ ਹਾਂ। ਹੁਣ ਨਾਟਕ ਨੇ ਇਹ ਪੇਸ਼ ਕਰ ਦਿੱਤਾ ਪਰ ਨਾਟਕ ਹੀ ਨਹੀਂ ਸਾਰਾ ਕੁਝ ਕਰ ਸਕਦਾ। ਜਦੋਂ ਇਹ ਆਰਟ ਦੀ ਕਿਸੇ ਵੀ ਵਿਧਾ ਤੋਂ ਇਹ ਆਸ ਕਰਦੇ ਹਾਂ ਕਿ ਇਹ ਹੀ ਸਭ ਕੁਝ ਤਬਦੀਲੀ ਕਰ ਦੇਵੇਗਾ ਤਾਂ ਅਸੀਂ ਗੁਨਾਹ ਕਰ ਰਹੇ ਹੁੰਦੇ ਆ। ਹੁਣ ਇਕ ਨਾਟਕਕਾਰ ਇਕ ਦਲਿਤ ਬੀਬੀ ਹੱਥੋਂ ਜੁੱਤੀਆਂ ਦਾ ਹਾਰ ਪਵਾ ਕੇ ਆ ਗਿਆ। ਹੁਣ ਉਹਦਾ ਫਾਲੋ-ਅੱਪ ਕਿਸ ਨੇ ਲੈਣਾ ਐ। ਸੰਕਟ ਉੱਥੇ ਐ। ਪੰਜਾਬੀ ਨਾਟਕ ਲਈ ਇਹ ਵੀ ਇਕ ਸੰਕਟ ਐ। ਮੈਂ ਪ੍ਰੇਮ ਗੋਰਖੀ ਦੀ ਕਹਾਣੀ 'ਵਿੱਥ' ਤੇ ਨਾਟਕ ਕੀਤਾ ਸੀ ਕਿ ਉਹ ਦਲਿਤ ਮੁੰਡਾ ਜਿੱਡਾ ਮਰਜ਼ੀ

ਵੱਡਾ ਅਫ਼ਸਰ ਬਣ ਜਾਵੇ। ਉਹਨੂੰ ਫਿਰ ਵੀ ਉਹਦੀ ਜਾਤ ਦੱਸ ਕੇ ਜ਼ਲੀਲ ਕੀਤਾ ਜਾਂਦਾ ਐ। ਉਸ ਵਿੱਚ ਕੁੜੀ ਜੱਟਾਂ ਦੀ ਐ ਉਹ ਬਗਾਵਤ ਕਰਕੇ ਦਲਿਤਾਂ ਦੇ ਨੌਕਰੀ ਕਰਦੇ ਮੁੰਡੇ ਨਾਲ ਵਿਆਹ ਕਰਵਾ ਲੈਂਦੀ ਐ। ਜਦੋਂ ਕਦੇ ਦਲਿਤਾਂ ਵਿੱਚ ਪੜ੍ਹੇ ਲਿਖੇ ਮੁੰਡਿਆ ਨਾਲ ਉਨ੍ਹਾਂ ਦਲਿਤ ਪਰਿਵਾਰਾਂ ਦੀ ਗੱਲ ਕਰੀਦੀ ਐ ਜਿਨ੍ਹਾਂ ਦੇ ਘਰ ਤਬਾਹ ਹੋ ਗਏ। ਜਿਨ੍ਹਾਂ ਨੂੰ ਜ਼ਮੀਨ ਤੋਂ ਬੇਦਖਲ ਕਰ ਦਿੱਤਾ ਗਿਆ। ਜਿਨ੍ਹਾਂ ਦੇ ਮੁੰਡਿਆਂ ਕੁੜੀਆਂ ਨੂੰ ਜ਼ਲੀਲ ਕਰ ਦਿੱਤਾ ਗਿਆ ਹੋਵੇ ਤੇ ਉਹ ਸੜਕਾ ਤੇ ਨਿੱਕਲ ਆਏ ਹੋਣ। ਤੇ ਉਨ੍ਹਾਂ ਦੀ ਪੁਲਿਸ ਨਾਲ ਝੜਪ ਹੋ ਗਈ ਹੋਵੇ। ਉਨ੍ਹਾਂ ਦੇ ਲੜਾਈ ਨਾਲ ਸਿਰ ਪਾਟ ਗਏ ਹੋਣ। ਉਹ ਪੜ੍ਹੇ ਲਿਖੇ ਇਹ ਕਹਿੰਦੇ ਨੇ ਯਾਰ ਇਹ ਤਾਂ ਕੋਈ ਮਸਲੇ ਦਾ ਹੱਲ ਨਾ ਹੋਇਆ। ਹਿੰਸਾ ਨਹੀਂ ਕਰਨੀ ਚਾਹੀਦੀ। ਇਹ ਗਲਤ ਐ। ਐਦਾ ਕੁਝ ਨਹੀਂ ਮਿਲਣਾ। ਤੁਸੀਂ ਐਡੇ ਵੱਡੇ ਸੰਕਟ ਨੂੰ ਇਸ ਤਰ੍ਹਾਂ ਇਕ ਪਰਤੀ ਕਿਵੇਂ ਬਣਾ ਸਕਦੇ ਹੋ। ਸੋ ਸਿਸਟਮ ਨੇ ਐਹੋ ਜਿਹਾ ਨੈਰੇਟਿਵ ਕਰੀਏਟ ਕਰ ਦਿੱਤਾ ਕਿ ਅਸੀਂ ਆਪਸ ਵਿੱਚ ਉਲਝੇ ਰਹੀਏ। ਔਰ ਪੰਜਾਬੀ ਨਾਟਕ ਨੇ ਇਨ੍ਹਾਂ ਸਰੋਕਾਰਾਂ ਨਾਲ ਸਬਜੈਕਟ ਨਾਲ ਨਿਆ ਕੀਤਾ ਏ। ਭਾਵੇਂ ਪੂਰੀ ਤਰ੍ਹਾਂ ਨਹੀਂ ਕੀਤਾ। ਇਹ ਸੰਕਟ ਐ। ਸੰਕਟ ਕਿੱਥੇ ਐ ਕਿ ਮੈਂ ਨਾਟਕ ਕਿਸ ਕਾਲਜ, ਕਿਸ ਯੂਨੀਵਰਸਿਟੀ, ਕਿਸ ਸੰਸਥਾ ਵਿੱਚ ਕਰਨਾ ਤੇ ਮੈਂ ਵੇਖਣਾ ਐ ਕਿ ਮੈਨੂੰ ਨਾਟਕ ਦਾ ਪੈਸਾ ਕੌਣ ਦੇ ਰਿਹਾ। 90 % ਤਾਂ ਤੱਕੜੀ ਧਿਰ ਹੀ ਨਾਟਕ ਖੇਡਣ ਬੁਲਾ ਰਹੀ ਹੁੰਦੀ ਐ। ਉਸ ਵੇਲੇ ਨਾਟਕਕਾਰ ਕੋਲ ਵੀ ਸੰਕਟ ਐ। ਉਹ ਸੱਚੀ ਗੱਲ ਕਰੇ ਤਾਂ ਕਿੱਦਾ ਕਰੇ। ਗੁਰਸ਼ਰਨ ਸਿੰਘ ਦਾ ਇਕ ਨਾਟਕ 'ਖੰਭਾ ਵਾਲੀ ਕੁੜੀ' ਐ। ਉਹਦੇ ਵਿੱਚ ਕੁੜੀ ਉੱਚ ਜਾਤ ਦੀ ਡਾਕਟਰ ਐ ਤੇ ਮੁੰਡਾ ਦਲਿਤ ਐ। ਭਾਜੀ ਨਾਟਕ ਵਿੱਚ ਦਿਖਾ ਦਿੰਦੇ ਐ ਕਿ ਖੰਭਾ ਵਾਲੀ ਕੁੜੀ ਬਗਾਵਤ ਕਰ ਦਿੰਦੀ ਐ। ਨਾਟਕਕਾਰ ਦਿਖਾ ਦਿੰਦਾ ਕਿ ਇਹਦੇ ਤੁਸੀਂ ਖੰਭ ਕੁਤਰ ਨਹੀਂ ਸਕਦੇ ਤੇ ਵਿਆਹ ਕਰਵਾ ਕੇ ਕੁੜੀ ਮੁੰਡੇ ਨਾਲ ਚਲੇ ਜਾਂਦੀ ਐ। ਜਦੋਂ ਗੁਰਸ਼ਰਨ ਸਿੰਘ ਇਕ ਪਿੰਡ ਵਿੱਚ ਨਾਟਕ ਕਰਕੇ ਘਰ ਨੂੰ ਆਉਣ ਲੱਗਦਾ ਐ ਤਾਂ ਉਸ ਪਿੰਡ ਦੇ ਸੋ ਕਾਲਡ ਅਗਾਂਹਵਧੂ ਲੋਕ ਭਾਜੀ ਨੂੰ ਕਹਿੰਦੇ ਨੇ, ਭਾਜੀ ਤੁਸੀਂ ਹੁਣ ਸਾਡੀਆਂ ਕੁੜੀਆਂ ਕੋਲੋਂ ਐਂ ਕਰਾਓਗੇ। ਐਦਾ ਸਾਡੇ ਪੈਰਾਂ ਵਿੱਚ ਬੈਠਣ ਵਾਲਿਆਂ ਨੂੰ ਸਾਡੀ ਮੰਜੇ ਦੀ ਬਾਹੀ 'ਤੇ ਬਿਠਾ ਦਓਗੇ। ਉਦੋਂ ਭਾਜੀ ਦੀਆਂ ਅੱਖਾਂ ਚੋਂ ਹੰਝੂ ਆ ਜਾਂਦੇ ਨੇ। ਬਾਕੀ ਗੱਲਾਂ ਫਿਰ ਕਦੇ...ਧੰਨਵਾਦ!!

**ਡਾ. ਅਕਸ਼ੈ ਕੁਮਾਰ**-ਵੇਖੋਂ ਮੁੱਦੇ ਤਾਂ ਵਾਕਿਆ ਹੀ ਸੈਂਸੇਟਿਵ ਤੇ ਗੰਭੀਰ ਐ। ਪਰ ਸਾਨੂੰ ਪੇਸ਼ਕਾਰੀ ਤੇ ਅਕੈਡਿਮਕਤਾ ਦੇ ਅੰਦਰ ਕੁਝ ਅੰਤਰ ਵੀ ਪਾਉਣਾ ਪੈਂਦਾ ਐ। ਸਾਨੂੰ ਇਹ ਵੀ ਸਮਝਣਾ ਚਾਹੀਦਾ ਕਿ ਅਸੀਂ ਕਿਸੇ ਪ੍ਰੋਟੋਕਾਲ ਦਾ ਹਿੱਸਾ ਐ। ਅਸੀਂ ਬੋਲੀ ਤੁਰੇ ਜਾਂਦੇ ਐ। ਖ਼ੈਰ ਬਹੁਤ ਗੰਭੀਰ ਕਿਸਮ ਦੀਆਂ ਗੱਲਾਂ ਹੋਈਆਂ। ਬਹੁਤ ਕੁਝ ਮੈਂ ਗ੍ਰਹਿਣ ਕੀਤਾ ਐ। ਪੰਜਾਬੀ ਦਲਿਤ ਸਾਹਿਤ ਪੜ੍ਹਨ ਤੋਂ ਬਾਅਦ ਇਕ ਗੱਲ ਤਾਂ ਮੈਨੂੰ ਅਕਸਰ ਲੱਗਦੀ ਰਹੀ ਐ। ਜਿਹੜੀ ਗੱਲ ਗੁਰਮੀਤ ਕੱਲਰਮਾਜਰੀ ਨੇ ਵਿਸਥਾਰ ਨਾਲ ਕੀਤੀ ਤੇ ਸਾਹਿਬ ਸਿੰਘ ਨੇ ਉਹ ਗੱਲ ਕਨਫੈਸ ਕੀਤੀ। ਕਿ ਪੰਜਾਬੀ ਦੀ ਦਲਿਤ ਸਥਿਤੀ ਦੀ ਡੀਫਾਲਟ ਫ਼ਾਰਮ ਕੀ ਹੋਵੇ। ਸਵੈ ਜੀਵਨੀ ਤਾਂ ਨਹੀਂ। ਸਵੈ ਜੀਵਨੀ ਇਸ ਲਈ ਨਹੀਂ ਕਿ ਕਨਫੈਸ਼ਨਲ ਤੇ ਰਫ਼ਤਾਰ ਤੇ ਜਿਸ ਤੇ ਕੋਈ ਚੈਕ ਨਾ ਹੋਵੇ ... ਸਾਹਿਬ ਸਿੰਘ ਨੇ ਕਿਹਾ ਕਿ ਇਕ ਕਮਰੇ ਵਿੱਚ ਸਾਰਾ ਪਰਿਵਾਰ ਰਹਿੰਦਾ ਐ... ਛੱਤ ਵੀ ਕਾਨਿਆਂ ਦੀ ਐ। ਉੱਥੇ ਬਹੁਤ ਮੁਸ਼ਕਲਾਂ ਐ। ਲੇਕਿਨ ਉਨ੍ਹਾਂ ਇਹ ਵੀ ਕਿਹਾ ਇਹ ਸਥਿਤੀ ਦੁਆਬੇ ਵਿੱਚ ਨਹੀਂ ਐ। ਪਰ ਜਿੱਥੇ ਸਥਿਤੀ ਕੌਮਿਨ ਹੋਵੇ। ਜਿੱਥੇ ਹਰ ਪਲ ਦੀ ਘਟਨਾ ਇਕੋ ਜਿਹੀ ਵੇਖਣ ਨੂੰ ਮਿਲੇ ਉੱਥੋਂ ਤਾਂ ਸਵੈ ਜੀਵਨੀ ਨਿਕਲੇਗੀ। ਜਿੱਥੇ ਸਥਿਤੀ ਇਕ ਰੀਜ਼ਨ ਵਿੱਚ ਹੈ, ਇਕ ਮੁਹੱਲੇ

ਵਿੱਚ ਐ। ਦੂਜੇ ਮੁਹੱਲੇ ਵਿੱਚ ਨਹੀਂ ਐ। ਉੱਥੇ ਕਹਾਣੀ ਨਿਕਲੇਗੀ। ਮੈਂ ਹਮੇਸ਼ਾ ਮੰਨਦਾ ਆਇਆ ਕਿ ਦਲਿਤ ਪੰਜਾਬੀ ਕਹਾਣੀ ਦੀ ਆਊਟਲੁੱਕ ਚੰਗੀ ਐ। ਐਨੀ ਰੀਮਾਰਕੇਬਿਲ ਐ ਤੇ ਐਨੀ ਜਿਆਦਾ ਐ। ਕਿਉਂਕਿ ਪੰਜਾਬ ਦੀ ਦਲਿਤ ਸਥਿਤੀ ਮਰਾਠੀ, ਯੂ. ਪੀ. ਦੀ ਦਲਿਤ ਸਥਿਤੀ ਨਹੀਂ ਐ। ਇਹਦੇ ਅੰਦਰ ਬਹੁਤ ਲੇਅਰ ਵਿੱਚ ਲੇਅਰ ਹਨ। ਇਸ ਲੇਅਰ ਦੀ ਕੰਪਲੈਕਸਿਟੀ ਨੂੰ ਕਿਹੜੀ ਫਾਰਮ ਚੁੱਕ ਸਕਦੀ ਐ। ਦਲਿਤ ਕਵਿਤਾ ਬਾਰੇ ਮੇਰੇ ਪੂਰੇ ਪੂਰੇ ਸ਼ੰਕੇ ਨੇ। ਮੈਨੂੰ ਲੱਗਦਾ ਮੈਂ ਪੰਜਾਬੀ ਦੀ ਕੋਈ ਵੀ ਦਲਿਤਾਂ ਬਾਰੇ ਕਵਿਤਾ ਚੁੱਕ



ਲਵਾਂ ਮੈਨੂੰ ਕਿਤੇ ਨਾ ਕਿਤੇ ਗੁਰਮਤਿ ਦੀ ਹੀ ਐਕਸਟੈਨਸ਼ਨ ਲੱਗਦੀ ਐ। ਐਕਸਟੈਨਸ਼ਨ ਦੇ ਕਨਸਰਨ ਨੂੰ ਉਹਦੇ ਅੰਦਰ ਲਪੇਟ ਕੇ ਰੱਖਿਆ ਜਾਂਦਾ। ਉਹ ਰਵਾਇਤ ਐਨੀ ਹਾਵੀ ਐ ਕਿ ਕਵੀ ਉਸ ਵਿੱਚੋਂ ਨਿਕਲ ਨਹੀਂ ਪਾ ਰਹੇ। ਸਵੈ ਜੀਵਨੀ ਦੇ ਬਾਰੇ ਵਿੱਚ ਮੈਂ ਕਹਿ ਹੀ ਦਿੱਤਾ ਕਿ ਬਹੁਤ ਘੱਟ ਸਵੈ ਜੀਵਨੀਆਂ ਹੈਗੀਆਂ ਨੇ। ਦਲਿਤ ਔਰਤ ਦੀ ਸਵੈ ਜੀਵਨੀ ਤਾਂ ਸਾਡੇ ਪੰਜਾਬੀ ਵਿੱਚ ਹੈ ਹੀ ਨਹੀਂ। ਏਥੋਂ ਤੱਕ ਔਰਤ ਦਲਿਤ ਕਹਾਣੀਕਾਰ ਵੀ ਸਾਡੇ ਕੋਲ ਕੋਈ ਨਹੀਂ। ਐਵੇਂ ਕਿਤੇ ਇਕ ਅੱਧਾ ਨਾਂ ਮਿਲ ਜਾਵੇਗਾ। ਉਹ ਵੀ ਨਾਂ ਦਾ ਹੀ। ਕਹਾਣੀ ਦੇ ਅੰਦਰ ਪੰਜਾਬੀ ਦੇ ਦਲਿਤ ਡਿਸਕੋਰਸ ਦੇ ਐਨੇ ਪਸਾਰ ਤੇ ਪੱਖ ਨੇ ਕਿ ਗੁਰਮਤਿ ਦੇ ਪ੍ਰਭਾਵ ਦੀ ਗੱਲ ਕੀਤੀ ਐ। ਮਾਰਕਸਵਾਦ ਦੇ ਪ੍ਰਭਾਵ ਦੀ ਗੱਲ ਹੋਈ ਐ। ਦਲਿਤ ਐਂਗਲ ਜੋ ਮਰਾਠੀ ਵਿੱਚ ਐ ਉਹ ਏਥੇ ਨਹੀਂ ਐ। ਕਹਾਣੀ ਵਿੱਚ ਸੂਖ਼ਮਤਾ ਬਹੁਤ ਐ। ਮੈਨੂੰ ਇਕ ਕਹਾਣੀ ਯਾਦ ਆਉਂਦੀ ਐ 'ਜੜ੍ਹਾਂ' (ਭਗਵੰਤ ਰਸੂਲਪੁਰੀ ਦੀ ਕਹਾਣੀ) ...ਵਿੱਚ ਇਕ ਪਾਤਰ ਬਾਹਰੋ ਇੰਗਲੈਂਡ ਤੋਂ ਆਉਂਦਾ ਤਾਂ ਉਹ ਕਹਿੰਦਾ ਕਿ ਮੈਂ ਏਥੇ ਬੁੱਧ ਵਿਹਾਰ ਬਣਾਵਾਗਾ। ਉਸ ਦਾ ਪਿਤਾ ਰਵਿਦਾਸੀਆਂ ਕਹਿੰਦਾ ਕਿ ਤੂੰ ਮੇਰੇ ਵਾਲੀ ਪ੍ਰੰਪਰਾ ਨੂੰ ਅੱਗੇ ਤੋਰ। ਉਹ ਅੰਬੇਡਕਰ ਦੇ ਪ੍ਰਭਾਵ ਵਿੱਚੋਂ ਆਇਆ ਪਰ ਉਹਦੇ ਅੰਦਰ ਕਿਤੇ ਰਵਿਦਾਸ ਦੀ ਪ੍ਰੰਪਰਾ ਪਈ ਹੁੰਦੀ ਐ। ਵਿਦਿਨ ਦਲਿਤਾਂ ਵਿੱਚ ਇਹ ਬੇਚੈਨੀ ਕਿੰਨੀ ਐ। ਇਹ ਕਹਾਣੀ ਦੱਸਦੀ ਐ। ਹੋਰ ਵੀ ਬਹੁਤ ਕਹਾਣੀਆਂ ਨੇ। ਪੰਜਾਬੀ ਦਲਿਤ ਕਹਾਣੀ ਦਾ ਐਨਾ ਸਟਰੌਂਗ ਹੋਣਾ ਤੇ ਉਹਦੇ ਮੁਕਾਬਲੇ ਪੰਜਾਬੀ ਦਲਿਤ ਸਵੈ ਜੀਵਨੀ ਦਾ ਐਨਾ ਵੀਕ ਹੋਣਾ ਉਹਦਾ ਐਕਸਪਲੇਨੇਸ਼ਨ ਏਹੀ ਐ। ਹਲਾਂ ਕਿ ਇਨ੍ਹਾਂ ਨੇ ਕਿਹਾ ਨਾਟਕ ਸਿੱਧਾ ਪਬਲਿਕ ਨਾਲ ਸੰਵਾਦ ਖੜ੍ਹਾ ਕਰਦਾ ਐ। ਇਕ ਹੋਰ ਜਿਸ ਤੇ ਕੰਮ ਹੋਣਾ ਚਾਹੀਦਾ ਸੀ ਉਹ ਕੰਮ ਨਹੀਂ ਹੋਇਆ। ਉਹ ਹੈ ਪੈਂਫਲਿਟ। ਦਲਿਤ ਪੈਂਫਲਿਟ ਨੂੰ ਪੰਜਾਬੀ ਵਿੱਚ ਬਿਲਕੁਲ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਐਨੇ ਦਲਿਤ ਪੈਂਫਲਿਟ ਨਿਕਲੇ ਹਨ ਉਨ੍ਹਾਂ ਦੀ ਕੋਈ ਆਰਕਾਈਵ ਈ ਨਹੀਂ। ਜਿਹੜੇ ਜ਼ਮੀਨੀ ਪੱਧਰ ਤੇ ਵਲਵਲੇ ਹਨ ਉਹ ਪੈਂਫਲਿਟ ਰਾਹੀਂ ਬਾਹਰ ਨਿਕਲੇ ਨੇ। ਕਿਸੇ ਇਕ ਦੀ ਸਵੈ ਜੀਵਨੀ ਦਾ ਕਰਟੀਕ ਪੜ੍ਹੋ ਉਸ ਦੀ ਭਾਸ਼ਾ ਵੀ ਉਹੋ ਜਿਹੀ... ਦੂਜੇ ਦੀ ਸਵੈ ਜੀਵਨੀ ਦਾ ਕਰਟੀਕ ਪੜ੍ਹੋ ਉਸ ਦੀ ਭਾਸ਼ਾ ਵੀ ਉਹੋ ਜਿਹੀ। ਇਹ ਕਾਊਂਟਰ ਅਸਥੈਟਿਕ ਦੀ ਗੱਲ ਐ। ਕਾਊਂਟਰ ਅਸਥੈਟਿਕ ਨੂੰ ਜਜ਼ਬ ਕਰਨਾ ਪਵੇਗਾ। ਅੱਜ ਤੱਕ ਕਿਤੇ ਵੀ ਕਾਊਂਟਰ ਅਸਥੈਟਿਕ ਦਾ ਵੇਰਵਾ ਤਿਆਰ ਨਹੀਂ ਕੀਤਾ ਗਿਆ। ਦਲਿਤ ਪੰਜਾਬੀ ਸਾਹਿਤ ਤੇ ਸਵੈ ਜੀਵਨੀ ਨੂੰ ਸਮਝਣ ਲਈ ਤੁਹਾਡੇ ਕੋਲ ਅਜੇ ਤੱਕ ਸੋਹਜ ਸਾਸ਼ਤਰ ਨਹੀਂ ਆਇਆ। ਪੰਜਾਬ ਦੇ ਵੱਖ ਵੱਖ ਖਿੱਤਿਆ ਦੀ ਕਾਊਂਟਰ ਅਸਥੈਟਿਕ ਨੂੰ ਸਮਝਣ ਦੀ ਬਹੁਤ ਲੋੜ ਹੈ। (**ਸਕ੍ਰਿਪਟ: ਭਗਵੰਤ ਰਸੂਲਪੁਰੀ**)

ਲਾਤੀਨੀ ਅਮਰੀਕੀ ਕਹਾਣੀ

# ਝੂਠਾ ਗੁਲਾਬ

ਮੂਲ : ਗੈਬਰੀਅਲ ਗਾਰਸ਼ੀਆ ਮਾਰਕੇਜ਼
ਉਲੱਥਾਕਾਰ : ਮਕਸੂਦ ਸਾਕਿਬ
ਗੁਰਮੁੱਖੀ ਉਲੱਥਾ : ਜੋਗਿੰਦਰ ਪਾਲ ਮਾਨ




ਮਿਨਾ ਸਵੇਰ ਦੇ ਅਨ੍ਹੇਰੇ ਵਿਚ ਟੋਹ ਟੋਹ ਟੁਰਦਿਆਂ, ਬਿਸਤਰੇ ਨੇੜੇ ਰਾਤੀਂ ਟੰਗੀ ਕਮੀਜ਼ ਪਾਈ ਤੇ ਟਰੰਕ ਵਿੱਚੋਂ ਬਾਹਵਾਂ ਲੱਭਣ ਲੱਗ ਪਈ। ਮਤੇ ਉਸੇ ਕਮਰੇ ਸੁੱਤੀ ਅੰਨ੍ਹੀ ਨਾਨੀ ਨਾ ਜਾਗ ਪਵੇ, ਉਸ ਖੜਾਕ ਤੋਂ ਬਚਦਿਆਂ ਕੰਧ ਨਾਲ਼ ਲੱਗੀਆਂ ਕਿੱਲੀਆਂ ਉੱਤੇ ਤੇ ਬੂਹਿਉਂ ਪਿੱਛੇ ਵੀ ਵੇਖ ਲਿਆ। ਉਹਦੀਆਂ ਅੱਖਾਂ ਅਨ੍ਹੇਰੇ ਦੀਆਂ ਗਿੱਝੀਆਂ ਹੋਈਆਂ ਸਨ। ਉਸ ਵੇਖਿਆ, ਮੁਰਾ ਨਾਨੀ ਉੱਠੀ ਹੋਈ ਸੀ। ਮਿਨਾ ਉਹਨੂੰ ਕਮੀਜ਼ ਦੀਆਂ ਬਾਹਵਾਂ ਪੁੱਛਣ ਬਾਵਰਚੀਖ਼ਾਨੇ ਚਲੀ ਗਈ।

"ਗ਼ੁਸਲਖ਼ਾਨੇ ਵਿੱਚ ਨੇਂ।" ਮਾਈ ਦੱਸਿਆ, "ਮੈਂ ਕੱਲ ਦੁਪਹਿਰੀਂ ਧੋ ਛੱਡੀਆਂ ਸਨ।" ਉੱਥੇ ਲੱਕੜ ਦੀਆਂ ਚੂੰਢੀਆਂ ਨਾਲ਼ ਜਾਂ ਤੇ ਟੰਗੀਆਂ ਹੋਈਆਂ ਸਨ। ਅਜੇ ਤੀਕਰ ਗਿੱਲੀਆਂ ਸਨ। ਮਿਨਾ ਨੇ ਬਾਵਰਚੀਖ਼ਾਨੇ ਪਰਤ ਕੇ ਸੁਕਾਣ ਲਈ ਚੁੱਲ੍ਹੇ ਵਾਲ਼ੀ ਸਿਲ ਉੱਤੇ ਖਲਾਰ ਦਿੱਤੀਆਂ ਅੰਨ੍ਹੀ ਉਹਦੇ ਸਾਹਮਣੇ ਕੌਫ਼ੀ 'ਚ ਚਮਚਾ ਫੇਰਦੀ ਪਈ ਸੀ। ਉਹਦੇ ਮੁਰਦਾ ਡੇਲੇ ਬਰਾਂਡੇ ਦੇ ਪੱਥਰੀ ਬਨੇਰਿਆਂ ਉੱਤੇ ਜੰਮੇ ਹੋਏ ਸਨ, ਜਿੱਥੇ ਗਮਲਿਆਂ ਵਿਚ ਵੇਲਾਂ ਬੂਟੀਆਂ ਉੱਗੀਆਂ ਹੋਈਆਂ ਸਨ।

"ਅੱਗੇ ਤੋਂ ਮੇਰੀਆਂ ਸੈਵਾਂ ਨੂੰ ਹੱਥ ਨਾ ਲਾਈਂ।" ਮਿਨਾ ਆਖਿਆ।

"ਅੱਜ ਕਲ ਤੈਨੂੰ ਧੁੱਪ ਛਾਂ ਦਾ ਪਤਾ ਨਹੀਂ ਰਹਿੰਦਾ।"

ਅੰਨ੍ਹੀ ਨੇ ਵਾਜ ਵਾਲ਼ੀ ਲ੍ਹਾਮੇ ਮੂੰਹ ਭਵਾਇਆ। "ਮੈਨੂੰ ਪਹਿਲੇ ਜੁਮੇਅ ਦਾ ਚੇਤਾ ਨਹੀਂ ਰਹਿਆ।" ਓਸ ਆਖਿਆ।

ਲੰਮਾ ਸਾਹ ਛਿਕਦਿਆਂ ਵੇਖਿਓਸ, ਕੌਫ਼ੀ ਹੋ ਗਈ ਸੀ। ਓਹਨੇ ਭਾਂਡੇ ਅੱਗ ਤੋਂ ਲਾਹ ਲਿਆ।" ਹੇਠਾਂ ਕਾਗਜ਼ ਧਰ ਲੈ, ਸਿਲ ਗੰਦੀ ਊ।"

ਮਿਨਾ ਉਂਗਲ ਫੇਰ ਕੇ ਵੇਖਿਆ ਸਿਲ ਗੰਦੀ ਸੀ, ਗਾੜ੍ਹੇ ਦੂੰ ਦੀ ਇਕ ਮੋਟੀ ਪਰਤ ਜੰਮੀ ਹੋਈ ਸੀ। ਬਾਹਵਾਂ ਜਿੰਨਾ ਚਿਰ ਰਗੜੀਆਂ ਨਾ ਜਾਂਦੀਆਂ ਗੰਦੀਆਂ ਨਹੀਂ ਸਨ ਹੋਣ ਲੱਗੀਆਂ।

"ਗੰਦ ਲੱਗਿਆ ਤਾਂ ਆਪੇ ਜਾਣੀਂ।"

ਅੰਨ੍ਹੀ ਆਪਣੇ ਲਈ ਕੌਫ਼ੀ ਦਾ ਕੱਪ ਭਰਿਆ, "ਤੂੰ ਗੁੱਸੇ ਏ?"

ਉਹਨੇ ਬਰਾਂਡੇ ਵੱਲ ਕੁਰਸੀ ਧਰੀਕਦਿਆਂ ਆਖਿਆ, "ਗੁੱਸੇ ਗੁੱਸੇ ਜਾਈਏ ਤਾਂ ਦੁਆ ਪੂਰੀ ਨਹੀਂ ਹੋਂਦੀ।" ਉਹ ਕੌਫ਼ੀ ਪੀਣ ਵੇਹੜੇ ਵਿੱਚ ਲੱਗੀ ਗਲਾਬਾਂ ਸਾਹਮਣੇ ਬਹਿ ਗਈ। ਇਕੱਠ ਵਿਚ ਰਲਣ ਲਈ ਤੀਜੀ ਟੱਲੀ ਵੱਜੀ ਤਾਂ ਮਿਨਾ ਬਾਹਵਾਂ ਚੁੱਲ੍ਹਿਉਂ ਚਾ ਲਈਆਂ। ਹਾਲੇ ਵੀ ਗਿੱਲੀਆਂ ਸਨ। ਪਰ ਉਹਨੇ ਪਾ ਲਈਆਂ। ਫ਼ਾਦਰ ਏਂਜਲ ਨੇ ਨੰਗੇ ਮੋਢੀਂ ਦੁਆ ਵਿੱਚ ਨਹੀਂ ਸੀ ਬਹਿਣ ਦੇਣਾ। ਉਸ ਮੂੰਹ ਵੀ ਨਾ ਧੋਤਾ, ਤੌਲੀਏ ਨਾਲ਼ ਗੱਲ੍ਹਾਂ ਤੇ ਹੋਠਾਂ ਤੋਂ ਰੋਜ਼ (ਸਫ਼ਾਈ ਲਈ ਵਰਤੀਂਦਾ ਪੌਡਰ) ਪੂੰਝਿਆ, ਆਪਣੇ ਕਮਰੇ ਵਿੱਚੋਂ ਦੁਆਵਾਂ ਵਾਲ਼ੀ ਕਿਤਾਬ ਤੇ ਸ਼ਾਲ ਚੁੱਕੀ ਤੇ ਨਿਕਲ਼ ਗਈ। ਪੌਣਾ ਘੰਟਾ ਨਾ ਪਿਆ ਤੇ ਮੁੜ ਵੀ ਆਈ।



"ਇੰਜੀਲ ਪੜ੍ਹੀ ਗਈ ਤਾਂ ਜਾਏਂਗੀ।" ਅੰਨ੍ਹੀ ਵੇਹੜੇ ਦੇ ਗਲਾਬਾਂ ਸਾਹਵੇਂ ਬੈਠੀ ਆਖਣ ਲੱਗੀ।

ਮਿਨਾ ਸਿੱਧੀ ਟਾਇਲਟ ਗਈ। "ਮੈਂ ਇਕੱਠ ਵਿੱਚ ਨਹੀਂ ਜਾ ਸਕਦੀ। ਬਾਹਵਾਂ ਗਿੱਲੀਆਂ ਪਾਣੀ ਨੇਂ ਤੇ ਮੇਰੇ ਸਾਰੇ ਕੱਪੜੇ ਵੱਟੋ ਵੱਟ ਨੇਂ।" ਉਹਨੂੰ ਜਾਪਿਆ ਜਿਵੇਂ ਸਾਰੇ ਭੇਤ ਦੀ ਜਾਣੂ ਇਕ ਤੱਕਣੀ ਉਹਦਾ ਪਿੱਛਾ ਕਰਦੀ ਹੋਵੇ।

"ਪਹਿਲਾ ਜੁਮਾਅ ਏ ਤੇ ਤੂੰ ਇਕੱਠ ਵਿੱਚ ਨਹੀਂ ਜਾਣਾ।" ਅੰਨ੍ਹੀ ਨੇ ਹਰਾਨੀ ਜਤਾਈ।

ਟਾਇਲਟ ਤੋਂ ਆ ਕੇ ਮਿਨਾ ਆਪਣੇ ਲਈ ਕੱਪ ਵਿੱਚ ਕੌਫ਼ੀ ਪਾਈ ਤੇ ਕਲਈ ਹੋਈ ਰਾਹਦਾਰੀ ਵਿੱਚ ਅੰਨ੍ਹੀ ਤੋਂ ਅਗੇਰੇ ਹੋ ਬੈਠੀ। ਪਰ ਉਸ ਕੌਫ਼ੀ ਨੂੰ ਮੂੰਹ ਨਾ ਲਾਇਆ।

"ਤੇਰੀ ਵਜਾਹ ਤੋਂ ਈ।" ਉਸ ਰੋਂਦੂ ਵਾਜ ਵਿੱਚ ਬੁੜ-ਬੁੜ ਕੀਤੀ। ਲੱਗਿਓਸ ਜਿਵੇਂ ਹੰਝੂਆਂ ਦੇ ਹੜ੍ਹ ਵਿੱਚ ਡੁੱਬਦੀ ਹੋਵੇ।

"ਤੂੰ ਰੋਨੀ ਪਈ ਏ?" ਅੰਨ੍ਹੀ ਪੁੱਛਿਆ।

ਉਹ ਫੁਹਾਰਾ ਗਮਲਿਆਂ ਕੋਲ਼ ਧਰ ਕੇ ਵੇਹੜੇ ਵਿੱਚ ਚਲੀ ਗਈ, ਘੜੀ ਮੁੜੀ ਏਹੋ ਆਖਦੀ, "ਤੂੰ ਰੋਨੀ ਪਈ ਏਂ।" ਮਿਨਾ ਕੱਪ ਫ਼ਰਸ਼ ਤੇ ਰੱਖ ਕੇ ਉੱਠ ਖਲੋਤੀ।

"ਮੈਂ ਗੁੱਸੇ ਤੋਂ ਰੋਨੀ ਪਈ ਆਂ।" ਨਾਨੀ ਕੋਲੋਂ ਲੰਘਦਿਆਂ ਹੋਰ ਵਾਧਾ ਕੀਤਿਓਸ, "ਜਾ ਰੱਬ ਤੋਂ ਮਾਫ਼ੀ ਮੰਗ ਮੈਨੂੰ ਵਰ੍ਹੇ ਦੇ ਪਹਿਲੇ ਜੁੱਮੇ ਦੀ ਦੁਆ ਖੁੰਝਾ ਦਿੱਤੀ ਆ।"

ਅੰਨ੍ਹੀ ਮਿਨਾ ਦੇ ਬੈੱਡ ਰੂਮ ਦਾ ਬੂਹਾ ਵੱਜਣ ਤਾਈਂ ਆਪਣੀ ਥਾਂ ਅਡੋਲ ਖਲੋਤੀ ਰਹੀ, ਫੇਰ ਵਰਾਂਡੇ ਦੇ ਦੂਜੇ ਪਾਸੇ ਚਲੀ ਗਈ। ਅੜ ਕੇ ਖਲੋ ਰਹੀ, ਮਿਨਾ ਦੀ ਪਿਆਲੀ ਉਂਜੇ ਦੀ ਉਂਜੇ ਸੀ, ਉਹਨੇ ਸੁਰਕੀ ਭਰ ਕੇ ਵੀ ਨਹੀਂ ਸੀ ਵੇਖੀ। ਅੰਨ੍ਹੀ ਨੇ ਕੌਫ਼ੀ ਬੂਟਿਆਂ ਵਿੱਚ ਡੋਲ੍ਹਦਿਆਂ ਆਖਿਆ, "ਰੱਬ ਜਾਣਦਾ ਏ, ਮੇਰਾ ਢਿੱਡ ਸਾਫ਼ ਏ।" ਮਿਨਾ ਵੀ ਬੈੱਡ ਰੂਮ ਵਿੱਚੋਂ ਆ ਕੇ ਪੁੱਛਿਆ, "ਕੀਹਦੇ ਨਾਲ਼ ਪਈ ਬੋਲਦੀ ਏਂ?"

" ਕਿਸੇ ਨਾਲ਼ ਵੀ ਨਹੀਂ।" ਅੰਨ੍ਹੀ ਦੱਸਿਆ, "ਤੈਨੂੰ ਆਖਿਆ ਏ ਨਾ ਮੈਂ ਸੁਦਾਇਣ ਹੋ ਜਾਣਾ ਏ।" ਮਿਨਾ ਕਮਰੇ ਵਿੱਚ ਵੜ ਕੇ ਓਹਲੇ ਨਾਲ਼ ਚੋਲ਼ੀ ਖੋਲ੍ਹੀ ਤਿੰਨ ਨਿੱਕੀਆਂ ਨਿੱਕੀਆਂ ਕੁੰਜੀਆਂ ਬਕਸੂਆ ਲਾ ਕੇ ਟੰਗੀਆਂ ਹੋਈਆਂ ਸਨ। ਉਸ ਲਾਹ ਲਈਆਂ। ਇਕ ਨਾਲ਼ ਅਲਮਾਰੀ ਦਾ ਹੇਠਲਾ ਦਰਾਜ਼ ਖੋਲ੍ਹ ਕੇ ਉਹਨੇ ਲੱਕੜ ਦੀ ਇਕ ਨਿੱਕੀ ਜਿੰਨੀ ਸੰਦੂਕੜੀ ਕੱਢੀ। ਦੂਜੀ ਨਾਲ਼ ਏਹਦੀ ਜੰਦਰੀ ਖੋਲ੍ਹੀ। ਅੰਦਰ ਰਾਂਗਲੀਆਂ ਚਿੱਠੀਆਂ ਦੀ ਇਕ ਦੱਥੀ ਸੀ, ਉੱਤੇ ਰਬਟ ਚੜ੍ਹਿਆ ਹੋਇਆ। ਉਹਨੇ ਦੱਥੀ ਚੁੱਕੀ ਤੇ ਚੋਲ਼ੀ ਵਿਚ ਲੁਕਾ ਲਈ। ਸੰਦੂਕੜੀ ਮੁੜ ਉਥੇ ਈ ਧਰੀ ਤੇ ਦਰਾਜ਼ ਮੀਟ ਦਿੱਤਾ। ਏਥੋਂ ਉਹ ਟਾਇਲਟ ਗਈ ਤੇ ਪੂਰੀ ਦੀ ਪੂਰੀ ਚਿੱਠੀਆਂ ਦੀ ਦੱਥੀ ਨਾਲ਼ੀ ਵਿੱਚ ਸੁੱਟ ਦਿੱਤੀ।

"ਮੇਰੇ ਭਾਣੇ ਤੂੰ ਗਿਰਜੇ ਗਈ ਹੋਈ ਸੈਂ।" ਕਿਚਨ 'ਚ ਉਹਦੀ ਮਾਂ ਪੁੱਛਿਆ।

"ਨਹੀਂ ਜਾ ਸਕੀ।"

"ਮੈਨੂੰ ਜੁਮਅ ਚੇਤੇ ਨਾ ਰਹਿਆ ਤੇ ਮੈਂ ਫੜ ਕੇ ਏਹਦੀਆਂ ਬਾਹਵਾਂ ਧੋ ਛੱਡੀਆਂ।" ਅੰਨ੍ਹੀ

ਵਿੱਚੇ ਈ ਬੋਲ ਪਈ।

"ਅਜੇ ਵੀ ਗਿੱਲੀਆਂ ਨੇਂ।" ਮਿਨਾ ਬੁੜ ਬੁੜ ਕੀਤੀ।

"ਅੱਜ ਕਲ ਢਿੱਗ (ਢੇਰ ਸਾਰਾ) ਕੰਮ ਹੋਂਦਾ ਏ।" ਅੰਨ੍ਹੀ ਬੋਲੀ।

"ਐਦਕੀਂ ਈਸਟਰ ਤੇ ਡੂੜ੍ਹ ਸੌ ਦਰਜਣ ਗਲਾਬ ਬਣਾ ਕੇ ਦੇਣਾ ਏ।" ਮਿਨਾ ਦੱਸਿਆ।

ਸੂਰਜ ਅਗੇਰੇ ਈ ਤ੍ਰਿਖਾ ਹੋ ਪਿਆ। ਸੱਤ ਵੱਜਣ ਤੋਂ ਪਹਿਲਾਂ ਮਿਨਾ ਹਾਲ ਕਮਰੇ ਵਿੱਚ ਪੱਤਿਆਂ ਤੇ ਤਾਰਾਂ ਵਾਲ਼ੀ ਬਾਲ਼ਟੀ, ਕਰੇਪ ਪੇਪਰ, ਧਾਗੇ ਦੀ ਰੀਲ ਤੇ ਗੂੰਦ ਦੇ ਡੱਬੇ ਨਾਲ਼ ਝੂਠੇ ਗਲਾਬਾਂ ਦੀ ਹੱਟੀ ਸਜਾਈ। ਪਲ ਨਾ ਲੰਘਿਆ ਤੇ ਟਰਨੀਡਾਡ ਆ ਗਈ ਪੇਸਟ ਬੋਰਡ ਬਕਸ ਕੱਛੇ ਮਾਰੀ। ਉਹ ਮਿਨਾ ਨੂੰ ਦੁਆ ਵਿਚ ਜਾਵਣ ਦਾ ਪੁੱਛਣ ਲੱਗ ਪਈ। ਮੇਰੀ ਕਮੀਜ਼ ਦੀਆਂ ਬਾਹਵਾਂ ਨਹੀਂ ਸਨ।"

"ਕਿਸੇ ਤੋਂ ਪੁੱਛ ਲੈਂਦੀ।"

"ਚਿਰ ਈ ਬੜਾ ਹੋ ਗਿਆ ਸੀ।"

ਮਿਨਾ ਇਕ ਗਲਾਬ ਨਬੇੜਿਆ ਫੇਰ ਟੋਕਰੀ ਆਪਣੇ ਵੱਲ ਛਿੱਕ ਕੇ ਕੈਂਚੀ ਨਾਲ਼ ਪੱਤੀਆਂ ਕੱਟਣ ਲੱਗ ਪਈ। ਟਰਨੀਡਾਡ ਪੇਸਟ ਬੋਰਡ ਹੇਠ ਧਰਿਆ ਤੇ ਕੰਮ ਵਿਚ ਰਲ਼ ਪਈ।

ਮਿਨਾ ਬਕਸਾ ਤੱਕਿਆ, "ਨਵੀਂ ਜੁੱਤੀ ਲਈ ਊ?"

"ਐਵੇਂ ਮੁਰਦਾਰ ਚੂਹੇ ਨੇ ਏਹ।" ਟਰਨੀਡਾਡ ਬੋਲੀ।

ਟਰਨੀਡਾਡ ਪੱਤਿਆਂ ਦੀ ਕਾਰੀਗਰ ਸੀ। ਮਿਨਾ ਸਾਵੇ ਕਾਗਜ਼ ਦਵਾਲ਼ੇ ਤਾਰ ਵਲ਼ ਕੇ ਮੁੱਢ ਛੋਹਣ ਲੱਗੀ।

ਦੋਵੇਂ ਏਵੇਂ ਕੰਮੀਂ ਰੁੱਝੀਆਂ ਸਨ ਉਹਨਾਂ ਨੂੰ ਕਮਰੇ ਅੰਦਰ ਧੁੱਪ ਆਵਣ ਦਾ ਵੀ ਪਤਾ ਨਾ ਲੱਗਾ। ਹਰ ਪਾਸੇ ਕੰਧਾਂ ਉੱਤੇ ਸ਼ਿਅਰਾਂ ਵਾਲ਼ੇ ਕਾਗਜ ਤੇ ਟਾਬਰੀ ਦੀਆਂ ਮੂਰਤਾਂ ਲੱਗੀਆਂ ਹੋਈਆਂ ਸਨ। ਮਿਨਾ ਇਕ ਫੁੱਲ ਦਾ ਮੁੱਢ ਪੂਰਾ ਕੀਤਾ ਤੇ ਟਰਨੀਡਾਡ ਵਲੇ ਹੋਈ। ਪਰ ਉਹਦੇ ਮੂੰਹ ਉੱਤੇ ਕਿਸੇ ਕਿਸਮ ਦਾ ਕੋਈ ਹਾਵ ਭਾਵ ਨਹੀਂ ਸੀ। ਟਰਨੀਡਾਡ ਪੱਤੀ ਦੇ ਸਿਰੇ ਉੱਤੇ ਚੋਣਾਂ ਪਈ ਪਾਂਵਦੀ ਸੀ। ਮਿਨਾ ਉਹਦੀ ਮਰਦਾਵੀਂ ਜੁੱਤੀ ਨੂੰ ਧਿਆਨ ਨਾਲ਼ ਤੱਕਿਆ। ਉਹਨੇ ਚੋਣਾਂ ਤੋਂ ਧਿਆਨ ਹਟਾਏ ਬਿਨਾ ਆਪਣੇ ਪੈਰ ਪਿਛਾਂਹ ਕਰ ਲਏ।

"ਕੀ ਗੱਲ ਏ?" ਟਰਨੀਡਾਡ ਪੁੱਛਿਆ। ਮਿਨਾ ਓਹਦੇ ਉੱਤੇ ਉੱਲਰ ਪਈ, "ਉਹ ਟੁਰ ਗਿਆ ਏ।" ਕੈਂਚੀ ਟਰਨੀਡਾਡ ਦੇ ਹੱਥੋਂ ਨਿਕਲ਼ ਕੇ ਝੋਲ਼ੀ ਵਿੱਚ ਜਾ ਪਈ, "ਨਹੀਂ।"

"ਉਹ ਟੁਰ ਗਿਆ ਏ।" ਮਿਨਾ ਦੁਹਰਾਇਆ। ਟਰਨੀਡਾਡ ਇਕ ਟੱਕ ਉਹਦੇ ਵੱਲ ਵੇਖਿਆ। ਉਹਦੇ ਭਰਵੱਟੇ ਚੜ੍ਹ ਗਏ ਸਨ ਤੇ ਉਸ ਮਿਨਾ ਨੂੰ ਪੁੱਛਿਆ, "ਫੇਰ ਹੁਣ?"

"ਕੁਝ ਵੀ ਨਾ ਹੁਣ ਕੀ," ਮਿਨਾ ਪੱਧਰੀ ਵਾਜ ਵਿੱਚ ਬੋਲੀ। ਦਸ ਵੀ ਨਾ ਵੱਜੇ ਤੇ ਟਰਨੀਡਾਡ ਉੱਥੋਂ ਟੁਰ ਗਈ। ਮਿਨਾ ਢਿੱਡ ਹੌਲ਼ਾ ਕਰ ਕੇ ਉਹਨੂੰ ਉਜਕਾ ਲਿਆ ਪਈ ਵਾਹਣੀ ਵਿੱਚ ਚੂਹਾ ਸਿੱਟ ਆਵਾਂ। ਅੰਨ੍ਹੀ ਉਸ ਵੇਲੇ ਗਲਾਬ ਪਈ ਛਾਂਗਦੀ ਸੀ। ਕੋਲ਼ੋਂ ਲੰਘਦਿਆਂ ਮਿਨਾ ਆਖਿਆ, "ਬੁੱਝ ਹਾਂ ਭਲਾ ਏਸ ਡੱਬੇ ਵਿੱਚ ਕੀ ਏ?" ਉਸ ਡੱਬਾ ਹਿਲਾਇਆ। ਅੰਨ੍ਹੀ ਨੇ ਕੈੜ ਲਈ, "ਫੇਰ ਹਲਾਵੀਂ ਨਾ।" ਮਿਨਾ ਹਲਾਇਆ ਤੇ ਇਕੱਠੀਆਂ ਤਿੰਨ ਵਾਰਾਂ ਹਲਾਇਆਂ ਵੀ ਅੰਨ੍ਹੀ ਬੁੱਝ ਨਾ ਸਕੀ।

"ਗਿਰਜਿਉਂ ਕੜਿੱਕੀ ਲਾ ਕੇ ਫੜਿਆ ਚੂਹਾ ਈ!"

ਮਿਨਾ ਚੂਹਾ ਸੱਟ ਕੇ ਪਰਤੀ ਤੇ ਕੋਈ ਗੱਲ ਕੀਤੇ ਬਿਨਾ ਅੰਨ੍ਹੀ ਕੋਲੋਂ ਲੰਘ ਗਈ। ਅੰਨ੍ਹੀ ਉਹਦੇ ਮਗਰੇ ਟੁਰੀ ਗਈ। ਹਾਲ ਕਮਰੇ ਵਿੱਚ ਅੱਪੜੀ ਤਾਂ ਮਿਨਾ ਬਾਰੀ ਸਾਹਮਣੇ ਇਕੱਲਮ ਇਕੱਲੀ ਖਲੋਤੀ ਫੁੱਲ ਪਈ ਬਣਾਂਵਦੀ ਸੀ। ਅੰਨ੍ਹੀ ਉਹਨੂੰ ਆਖਣ ਲੱਗੀ, " ਮਿਨਾ ਰਾਜ਼ੀ ਰਹਿਣਾ ਈ ਤਾਂ ਐਵੇਂ ਲੋਕਾਂ ਨੂੰ ਵਾਧੇ ਘਾਟੇ ਨਾ ਸੁਣਾਇਆ ਕਰ।"

ਮਿਨਾ ਚੁੱਪ ਕੀਤੀ ਉਹਨੂੰ ਤੱਕਣ ਲੱਗ ਪਈ। ਅੰਨ੍ਹੀ ਸਾਹਮਣਲੀ ਕੁਰਸੀ ਤੇ ਬਹਿ ਕੇ ਉਹਦਾ ਹੱਥ ਵਟਾਣਾ ਚਾਹਿਆ ਪਰ ਮਿਨਾ ਨੇ ਰੋਕ ਦਿੱਤਾ, "ਤੂੰ ਘਾਬਰੀ ਹੋਈ ਏਂ। ਦੁਆ ਤੇ ਕਿਉਂ ਨਹੀਂ ਟੁਰ ਜਾਂਦੀ। ਤੈਨੂੰ ਸਭ ਤੋਂ ਚੰਗਾ ਸੁਰ ਆਂਵਦਾ ਏ। ਨਿਰੀ ਬਾਹਵਾਂ ਦੀ ਗੱਲ ਹੋਂਦੀ ਤਾਂ ਬੰਨੇ ਕੀਹਨੇ ਨਿਕਲਣਾ ਸੀ, ਪੁਆੜਾ ਤੇ ਸਾਰਾ ਰਾਹ ਤੱਕਦੇ ਦਾ ਸੀ।" ਮਿਨਾ ਸ਼ੀਸ਼ਾ ਸਾਫ਼ ਕਰਨ ਵਾਕਣ ਅੰਨ੍ਹੀ ਦੇ ਮੂੰਹ ਅੱਗੇ ਹੱਥ ਹਲਾਏ, "ਡਾਇਣ ਏਂ ਤੂੰ।"

"ਅੱਜ ਦੋ ਵਾਰਾਂ ਟਾਇਲਟ ਗਈ ਏਂ, ਪਹਿਲਾਂ ਇੱਕੋ ਵਾਰ ਜਾਂਦੀ ਸੈਂ।" ਮਿਨਾ ਚੁੱਪ ਕੀਤੀ ਫੁੱਲ ਦੇ ਧਿਆਨੇ ਲੱਗੀ ਰਹੀ।

"ਅਲਮਾਰੀ ਦੀ ਦਰਾਜ਼ ਵਿੱਚ ਜੋ ਸਾਂਭਿਆ ਲੁਕਾਇਆ ਹੋਇਆ ਈ, ਹਿੰਮਤ ਏ ਤੇਰੀ ਮੈਨੂੰ ਵਖਾਵੇਂ ਲਿਆ ਕੇ।" ਮਿਨਾ ਬੜੇ ਅਰਾਮ ਨਾਲ਼ ਬਾਰੀ ਦੀ ਚੁਗਾਠ ਨਾਲ਼ ਗਲਾਬ ਟੰਗਿਆ ਤੇ ਚੋਲ਼ੀ ਵਿੱਚੋਂ ਤਿੰਨੇ ਕੁੰਜੀਆਂ ਕੱਢ ਕੇ ਅੰਨ੍ਹੀ ਦੀ ਤਲ਼ੀ ਤੇ ਧਰ ਦਿੱਤੀਆਂ।

"ਜਾ ਜਾਕੇ ਆਪ ਵੇਖ ਲੈ।" ਅੰਨ੍ਹੀ ਕੁੰਜੀਆਂ ਨੂੰ ਪੋਟਿਆਂ ਨਾਲ਼ ਟੋਂਹਦੀ ਰਹੀ, "ਮੈਂ ਟਾਇਲਟ ਤੇ ਨਹੀਂ ਨਾ ਵੇਖ ਸਕਦੀ।" ਮਿਨਾ ਨੂੰ ਆਪਣੇ ਪਿੰਡੇ ਵਿਚ ਝਰਨਾਟ ਛਿੜਦੀ ਜਾਪੀ। ਲੱਗਿਓਸ ਜਿਵੇਂ ਅੰਨ੍ਹੀ ਉਹਦੀ ਤੱਕਣੀ ਵੇਖ ਸਕਦੀ ਹੋਵੇ।

"ਐਡਾ ਦਿਲ ਈ ਤੇ ਟਾਇਲਟ ਵਾਲ਼ੀ ਮੋਰੀ ਵਿੱਚ ਟੁੱਭੀ ਮਾਰ ਵੇਖ।" ਅੰਨ੍ਹੀ ਉਹਦੇ ਆਖੇ ਦੀ ਪ੍ਰਵਾਹ ਕੀਤੇ ਬਿਨਾ ਬੋਲੀ, "ਬਿਸਤਰੇ ਵਿੱਚ ਬੈਠੀ ਤੂੰ ਸਵੇਰ ਤਾਈਂ ਚਿੱਠੀਆਂ ਈ ਲਿਖਦੀ ਰਹਿਨੀ ਏਂ।"

"ਬੱਤੀ ਤੇ ਤੂੰ ਬੁਝਾਨੀ ਏਂ।"

"ਝੱਟ ਨਹੀਂ ਪੈਂਦਾ ਤੇ ਮੁੜ ਜਗਾ ਬਹਿਨੀ ਏਂ।" ਅੰਨ੍ਹੀ ਆਖਿਆ, "ਮੈਨੂੰ ਤੇ ਹਵਾੜਿਆਂ ਲ਼ਾਦ ਹੋ ਜਾਂਦੀ ਏ ਤੇਰੇ ਲਿਖਦੇ ਹੋਵਣ ਦੀ।" ਮਿਨਾ ਹਿੰਮਤ ਕਰਕੇ ਠੰਡੀ ਰਹੀ, "ਚੰਗਾ।" ਫੇਰ ਸਿਰ ਚੁੱਕਦੀ ਬੋਲੀ, "ਤਾਂ ਕੀ ਹੋ ਗਿਆ ਏ।" ਹੋਣਾ ਕੀ ਏ, ਵਰ੍ਹੇ ਦੇ ਪਹਿਲੇ ਜੁਮੇ ਦੀ ਦੁਆ ਖੁੰਝ ਗਈ ਏ, ਬਸ।"

ਮਿਨਾ ਧਾਗੇ ਦੀ ਰੀਲ੍ਹ ਕੈਂਚੀ ਅੱਧ ਨਿੱਬੜੇ ਮੁੱਢੇ ਤੇ ਗਲਾਬ ਟੋਕਰੀ ਵਿੱਚ ਧਰੇ ਤੇ ਅੰਨ੍ਹੀ ਨੂੰ ਨੀਝ ਨਾਲ਼ ਤੱਕਦਿਆਂ ਆਖਣ ਲੱਗੀ, "ਅੱਛਾ ਤੇ ਕੀ ਕਰਨ ਗਈ ਸਾਂ ਮੈਂ ਟਾਇਲਟ ਵਿੱਚ?"

ਦੋਵੇਂ ਚੁੱਪ ਕਰ ਰਹੀਆਂ। ਮੁੜ ਮਿਨਾ ਆਪ ਈ ਆਖਿਆ, "ਖੇਹ ਕਰਨ ਗਈ ਸਾਂ।" ਅੰਨ੍ਹੀ ਕੁੰਜੀਆਂ ਓਹਦੀ ਟੋਕਰੀ ਵਿੱਚ ਭਵਾਂ ਸੁੱਟੀਆਂ, "ਵਧੀਆ ਪੱਜ ਏ।" ਤੇ ਬਾਵਰਚੀ ਖਾਨੇ ਨੂੰ ਟੁਰ ਪਈ, "ਇਕ ਵਾਰੀ ਸਹੁੰ ਖਾ ਲੈਂਦੀਉਂ ਤਾਂ ਮੈਂ ਮੰਨ ਈ ਜਾਣਾ ਸੀ।"

ਗੈਲਰੀ ਵਿਚ ਮਿਨਾ ਦੀ ਮਾਂ ਪਈ ਆਂਵਦੀ ਸੀ। ਕੰਡਿਆਲ਼ੇ ਫੁੱਲਾਂ ਦੇ ਗੁੱਛੇ ਕੱਛੋਂ ਮਾਰੀ, "ਕੀ ਪਿਆ ਹੋਂਦਾ ਏ?"

"ਮੈਂ ਈ ਸ਼ੁਦੈਣ ਆ, ਵੱਖਰੀ ਗੱਲ, ਪਾਗਲਖਾਨੇ ਨਹੀਂ ਜੇ ਘੱਲਦੀਆਂ। ਮੇਰੇ ਵੱਟੇ ਮਾਰਨ ਦੀ ਈ ਕਸਰ ਏ। **(ਸੰਪਰਕ 89683-43252)**

ਹਿੰਦੀ ਕਹਾਣੀ

# ਲਾਈਟਸ ! ਕੈਮਰਾ ! ਐਕਸ਼ਨ !!

**ਮੂਲ :ਭਾਲ ਚੰਦਰ ਜੋਸ਼ੀ**

**ਅਨੁਵਾਦ: ਗੁਰਮੀਤ ਕੜਿਆਲਵੀ**



*ਭਾਲ ਚੰਦਰ ਜੋਸ਼ੀ*



*ਗੁਰਮੀਤ ਕੜਿਆਲਵੀ*

ਸਮੁੰਦਰ ਦੀਆਂ ਲਹਿਰਾਂ ਦੀ ਗਤੀ ਹੁਣ ਹੌਲੀ ਹੋ ਗਈ ਸੀ, ਪਰ ਫਿਰ ਵੀ ਉਹ ਲਗਭਗ ਦੌੜਦਾ ਹੋਇਆ ਆਉਂਦਾ ਅਤੇ ਕਿਨਾਰਿਆਂ 'ਤੇ ਆ ਕੇ ਸਿਰ ਪਟਕ ਦਿੰਦਾ। ਪਤਾ ਨਹੀਂ ਉਸਨੂੰ ਕਿਸ ਗੱਲ ਦਾ ਪਛਤਾਵਾ ਸੀ! ਕਿਸ ਗੱਲ ਦਾ ਦੁੱਖ! ਸਾਹਾ ਇਸ ਤਰ੍ਹਾਂ ਹਰ ਰੋਜ਼ ਆਪਣੀ ਬਾਲਕੋਨੀ 'ਚ ਬੈਠ ਕੇ ਸਮੁੰਦਰ ਦਾ ਦੁੱਖ ਵੇਖਦੀ। ਸਮੁੰਦਰ ਦਾ ਦੁੱਖ ਸੀ ਕਿ ਜਾਂਦਾ ਹੀ ਨਹੀਂ ਸੀ। ਉਛਾਲਾ ਮਾਰਦੀ ਅਜੀਬ ਜਿਹੀ ਪੀੜ। ਇੱਕ ਬੇਵੱਸ ਪ੍ਰਤੀਕਰਮ। ਉਹ ਕਿਨਾਰਿਆਂ ਕੋਲ ਆਉਂਦਾ, ਟੁੱਟ ਜਾਂਦਾ। ਖਿੰਡਰ ਜਾਂਦਾ ਪਰ ਨਿਰੰਤਰ ਆਉਂਦਾ ਰਹਿੰਦਾ। ਸਮੁੰਦਰ ਨੂੰ ਕੋਈ ਅਜਿਹਾ ਹੀ ਸਰਾਪ ਸੀ।

ਇਹ ਫਲੈਟ ਉਸਨੇ ਆਪਣੇ ਕੈਰੀਅਰ ਦੇ ਭਲੇ ਦਿਨਾਂ 'ਚ ਲਿਆ ਸੀ। ਜਦੋਂ ਲਿਆ ਤਾਂ ਬੜੇ ਅਣਮੰਨੇ ਮਨ ਨਾਲ ਲਿਆ ਸੀ। ਉਸਨੂੰ ਇਸ ਫਲੈਟ ਦੀ ਲੋੜ ਨਹੀਂ ਸੀ। ਉਨ੍ਹੀਂ ਦਿਨੀਂ ਉਸ ਕੋਲ ਇਕ ਬੰਗਲਾ ਸੀ ਪਰ ਪ੍ਰਾਪਰਟੀ ਡੀਲਰ ਨੇ ਦੱਸਿਆ ਕਿ ਫਲੈਟ ਸਮੁੰਦਰੀ ਕੰਢੇ 'ਤੇ ਹੈ। ਮਿਲ ਵੀ ਵਾਜਬ ਕੀਮਤ 'ਤੇ ਰਿਹਾ। ਇੱਥੇ ਪੈਸਾ ਇਨਵੈਸਟ ਕਰ ਲੈਣਾ ਚਾਹੀਦਾ। ਕਦੇ ਕੰਮ ਆਊ। ਉਨ੍ਹੀਂ ਦਿਨੀਂ ਅਭਿਨੇਤਰੀਆਂ ਜਾਇਦਾਦ 'ਚ ਪੈਸਾ ਨਹੀਂ ਸੀ ਲਾਉਂਦੀਆਂ। ਸੋਨੇ ਦੇ ਗਹਿਣੇ ਖਰੀਦਦੀਆਂ ਜਾਂ ਹੀਰਿਆਂ ਦੇ ਹਾਰ ਜਾਂ ਹੀਰੇ ਖਰੀਦਦੀਆਂ ਸੀ। ਕੱਪੜਿਆਂ ਦੀ ਖਰੀਦ 'ਤੇ ਵੀ ਪੈਸਾ ਖਰਚ ਹੁੰਦਾ। ਉਸਨੂੰ ਸਾੜੀਆਂ ਅਤੇ ਸਲਵਾਰ-ਕੁੜਤੇ ਖਰੀਦਣਾ ਪਸੰਦ ਸੀ, ਪਰ ਉਦੋਂ ਹੌਲੀ-ਹੌਲੀ ਜੀਨਸ ਅਤੇ ਟਾਪ ਦਾ ਜ਼ਮਾਨਾ ਆ ਰਿਹਾ ਸੀ। ਮਿੰਨੀ ਸਕਰਟ ਹੌਲੀ-ਹੌਲੀ ਮਾਈਕ੍ਰੋ ਹੁੰਦੀ ਜਾ ਰਹੀ ਸੀ।

ਮਰਦ ਅਦਾਕਾਰ ਵੀ ਬਹੁਤ ਘੱਟ ਜਾਇਦਾਦਾਂ ਖਰੀਦਦੇ। ਅੱਸੀਵਿਆਂ ਦਾ ਦਹਾਕਾ ਅਤੇ ਬੈੱਲ ਬੌਟਮ ਦਾ ਜ਼ਮਾਨਾ ਗੁਜ਼ਰ ਗਿਆ ਸੀ। ਅਜਿਹੇ ਸਮੇਂ 'ਚ ਕੋਲ ਬੰਗਲਾ ਹੋਣ 'ਤੇ ਫਲੈਟ ਖਰੀਦਣਾ ਉਸਨੂੰ ਜਚਿਆ ਨਹੀਂ ਸੀ, ਪਰ ਸਾਹਾ ਦਾ ਪੀ. ਏ. ਜੋ ਮੈਨੇਜਰ ਵੀ ਸੀ, ਇਹੀ ਸਲਾਹ ਦੇ ਰਿਹਾ ਸੀ ਤਾਂ ਉਸਨੇ ਫਲੈਟ ਲੈ ਕੇ ਕਿਰਾਏ 'ਤੇ ਚਾੜ੍ਹ ਦਿੱਤਾ ਸੀ।

ਉਸਨੂੰ ਲੱਗਾ ਜਿਵੇਂ ਯਾਦਾਂ ਦੀਆਂ ਲਹਿਰਾਂ ਵੀ ਹੌਲੀ ਹੌਲੀ ਸਮੁੰਦਰ ਦੀਆਂ ਲਹਿਰਾਂ ਦੇ ਨਾਲ-ਨਾਲ ਉਸ ਵੱਲ ਆ ਰਹੀਆਂ ਹਨ। ਉਹ ਸੀਨ ਦੇ ਅੰਦਰ ਹੈ। ਕੈਮਰਾ ਉਸ ਵੱਲ ਦੇਖ ਰਿਹਾ ਹੈ। ਫਿਰ ਅਚਾਨਕ ਉਸਨੂੰ ਮਹਿਸੂਸ ਹੋਇਆ ਕਿ ਉਹ ਸੀਨ ਦੇ ਅੰਦਰ ਵੀ ਹੈ ਅਤੇ ਸੀਨ ਦੇ ਬਾਹਰ ਵੀ। ਉਹ ਕੈਮਰੇ ਦੇ ਪਿੱਛੇ ਹੈ ਅਤੇ ਮਾਨੀਟਰ ਵੱਲ ਦੇਖ ਪੂਰੇ ਜ਼ੋਰ ਨਾਲ ਬੋਲਦੀ ਹੈ।

ਲਾਈਟਸ! ਕੈਮਰਾ! ਐਕਸ਼ਨ !!

ਉਸਦਾ ਪੂਰਾ ਅਤੀਤ ਦ੍ਰਿਸ਼ ਵਿੱਚ ਆ ਗਿਆ। ਉਸਦੀਆਂ ਸਾਰੀਆਂ ਫਿਲਮਾਂ ਲਗਾਤਾਰ ਹਿੱਟ ਹੋ ਰਹੀਆਂ। ਕਾਮਯਾਬੀ ਸਿਨੇਮਾ ਘਰਾਂ, ਨਿਰਮਾਤਾਵਾਂ ਦੇ ਬੈਂਕ ਬੈਲੇਂਸ 'ਚ, ਉਸ ਦੇ ਘਰ 'ਚ

ਅਤੇ ਅਖਬਾਰਾਂ ਦੇ ਪੰਨਿਆਂ 'ਤੇ ਹੀ ਨਹੀਂ, ਸਗੋਂ ਉਸਦੇ ਸਿਰ ਚੜ੍ਹ ਕੇ ਬੋਲ ਰਹੀ ਹੈ। ਅਤੇ ਸਿਰ ਚੜ੍ਹੀ ਸਫ਼ਲਤਾ ਦੀ ਆਵਾਜ਼ ਉਹ ਖੁਦ ਸੁਣ ਸਕਦੀ ਹੈ। ਇਹ ਸੁਨਣਾ ਉਹਨੂੰ ਚੰਗਾ ਲੱਗਦਾ ਹੈ। ਸੈੱਟ ਤੋਂ ਲੈ ਕੇ ਪਾਰਟੀਆਂ ਅਤੇ ਪ੍ਰੈਸ ਕਾਨਫਰੰਸਾਂ ਤੱਕ, ਨਿਰਮਾਤਾਵਾਂ ਅਤੇ ਪੱਤਰਕਾਰਾਂ ਦੀਆਂ 'ਮੈਮ-ਮੈਮ' ਕਰਕੇ ਤਰਲੇ ਮਾਰਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਉਹ ਅੱਜ ਵੀ ਇਹ ਆਵਾਜ਼ਾਂ ਪਸੰਦ ਕਰਦੀ ਹੈ। ਆਪਣੇ ਸਿਰ 'ਤੇ ਸਵਾਰ ਹੋਈ ਸਫਲਤਾ ਉਸਨੂੰ ਚੰਗੀ ਲੱਗਦੀ। ਸਿਲਵਰ ਜੁਬਲੀ ਸਮਾਰੋਹ ਵਿੱਚ ਉਸ ਦੀ ਇੱਕ ਝਲਕ ਪਾਉਣ ਲਈ ਉਤਸੁਕ ਲੋਕਾਂ ਦੀ ਭੀੜ ਅੱਜ ਵੀ ਸਾਫ ਸਪੱਸ਼ਟ ਨਜ਼ਰ ਆ ਰਹੀ ਹੈ। ਕੈਮਰੇ ਦੇ ਲੈਂਜ਼ ਵਿਚੋਂ ਉਸਨੂੰ ਧੁੰਦਲਾ ਦਿਖਾਈ ਦੇਣ ਲੱਗਾ ਹੈ। ਫਿਰ ਉਸਨੂੰ ਅਹਿਸਾਸ ਹੋਇਆ ਕਿ ਅੱਖਾਂ ਹੰਝੂਆਂ ਨਾਲ ਭਰ ਆਈਆਂ ਹਨ। ਉਸਨੂੰ ਅੱਜ ਵੀ ਸਭ ਕੁਝ ਯਾਦ ਹੈ।



ਹਰ ਥਾਂ ਉਸ ਨੂੰ ਵਿਸ਼ੇਸ਼ ਮਹਿਮਾਨ ਦਾ ਦਰਜਾ ਮਿਲਦਾ। ਚਾਲੂ ਭਾਸ਼ਾ ਵਿੱਚ ਕਹਿਣਾ ਹੋਵੇ ਤਾਂ ਵੀ ਪੀ ਆਈ ਟ੍ਰੀਟਮੈਂਟ ਮਿਲਦਾ। ਸੈੱਟ 'ਤੇ ਵਾਲ ਸੈੱਟ ਕਰਨ ਲਈ ਹੇਅਰ ਡ੍ਰੈਸਰ, ਮੇਕਅੱਪ ਕਰਨ ਵਾਲਾ ਕੋਈ ਹੋਰ। ਚੱਪਲਾਂ ਪਵਾਉਣ ਲਈ ਵੀ ਨੌਕਰਾਣੀ ਮੌਜੂਦ ਹੁੰਦੀ। ਪਾਣੀ ਪੀਣ ਤੋਂ ਬਾਅਦ, ਸਰਵੈਂਟ ਉਸਦੇ ਬੁੱਲ੍ਹਾਂ 'ਤੇ ਨੈਪਕਿਨ ਰੱਖਣ ਲਈ ਤਿਆਰ ਬਰ ਤਿਆਰ ਹੁੰਦੀ। ਅਤੇ ਉਸ ਤੋਂ ਬਾਅਦ ਫਿਰ ਤੋਂ ਲਿਪ ਪੇਂਟ ਦੀ ਛੋਹ ਦੇਣ ਲਈ ਮੇਕਅੱਪ ਮੈਨ ਹੱਥਾਂ 'ਚ ਲਿਪ ਪੇਂਟ ਲੈ ਕੇ ਖੜ੍ਹਾ ਹੁੰਦਾ।

ਅਜਿਹਾ ਸੁੱਖ ਸੀ। ਅਜਿਹੀ ਅਮੀਰੀ ਅਤੇ ਐਸ਼ੋ-ਆਰਾਮ ਜੋ ਕਦੇ ਰਾਜਿਆਂ-ਮਹਾਰਾਜਿਆਂ ਦੇ ਹਿੱਸੇ ਵਿਚ ਸੀ। ਜਿੰਨਾ ਸੁੱਖ ਉਸਦੇ ਹਿੱਸੇ ਆਇਆ ਸੀ ਸ਼ਾਇਦ ਉਨ੍ਹਾਂ ਦੇ ਹਿੱਸੇ ਵਿਚ ਵੀ ਇੰਨਾ ਨਾ ਆਇਆ ਹੋਵੇ। ਉਸਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ ਕਿ ਇਹ ਖੁਸ਼ੀ ਇੱਕ ਸੁਪਨੇ ਵਾਂਗ ਹੀ ਖ਼ਤਮ ਹੋ ਜਾਵੇਗੀ। ਕਿਸਮਤ ਨੇ ਉਸ ਲਈ ਇਕ ਹੋਰ ਸਕ੍ਰਿਪਟ ਲਿਖ ਕੇ ਤਿਆਰ ਕਰ ਰੱਖੀ ਸੀ। ਫਿਲਮਾਂ ਫਲਾਪ ਹੋਣ ਲੱਗੀਆਂ। ਲਗਾਤਾਰ ਫਲਾਪ। ਹੌਲੀ-ਹੌਲੀ ਉਸਨੂੰ ਹੀਰੋਇਨ ਦੀਆਂ ਭੂਮਿਕਾਵਾਂ ਮਿਲਣੀਆਂ ਬੰਦ ਹੋ ਗਈਆਂ। ਚਰਿੱਤਰ ਅਦਾਕਾਰਾ ਦੇ ਰੋਲ ਕਰਨ ਤੋਂ ਉਸਨੇ ਇਨਕਾਰ ਕਰ ਦਿੱਤਾ। ਪਰ ਫ਼ਿਲਮੀ ਅਦਾਕਾਰਾ ਤੇ ਸਮਝੌਤੇ ਦਾ ਰਿਸ਼ਤਾ ਤਾਂ ਚੋਲੀ-ਦਾਮਨ ਦਾ

ਰਿਸ਼ਤਾ ਸੀ। ਉਸਨੂੰ ਦੱਸਿਆ ਗਿਆ ਕਿ ਫਿਲਮੀ ਦੁਨੀਆਂ ਵਿਚ ਬਿਨਾਂ ਸਮਝੌਤਾ ਕੀਤੇ ਅੱਗੇ ਵਧਣਾ ਤਾਂ ਦੂਰ ਸਰਕਣਾ ਵੀ ਮੁਸ਼ਕਲ ਹੈ। ਜਦੋਂ ਉਹ ਸਹਿਮਤੀ ਨਾਲ ਝੁਕੀ, ਤਾਂ ਫਿਰ ਪਤਾ ਹੀ ਨਹੀਂ ਲੱਗਿਆ ਕਿ ਕਿੰਨਾ ਕੁ ਝੁਕਦੀ ਗਈ ਸੀ। ਉਸਨੂੰ ਯਾਦ ਨਹੀਂ ਕਿ ਕਦੋਂ ਭਾਬੀ ਦੀ ਭੂਮਿਕਾ ਤੋਂ ਹੁੰਦੀ ਹੋਈ ਮਾਂ ਦੇ ਰੋਲ ਕਰਨ ਲੱਗੀ ਸੀ। ਨੌਬਤ ਤਾਂ ਇੱਥੋਂ ਤੱਕ ਆ ਗਈ ਕਿ ਉਸਨੂੰ ਆਪਣੇ ਤੋਂ ਕਿਤੇ ਵੱਡੀ ਉਮਰ ਦੇ ਉਹਨਾਂ ਹੀਰੋਆਂ ਦੀ ਮਾਂ ਦੀ ਭੂਮਿਕਾ ਨਿਭਾਉਣੀ ਪਈ ਜਿੰਨਾ ਨਾਲ ਉਹ ਕਦੇ ਹੀਰੋਇਨ ਵਜੋਂ ਆਈ ਸੀ।

–ਫਿਰ ਉਹ ਬੀਮਾਰ ਹੋ ਗਈ। ਨਾ ਜਾਣੇ ਕਿਹੋ ਜਿਹਾ ਅਸਾਧ ਰੋਗ ਸੀ।

ਡਾਕਟਰ ਠੀਕ ਤਰ੍ਹਾਂ ਕੁਝ ਦੱਸਦੇ ਹੀ ਨਹੀਂ ਸਨ ਪਰ ਇਲਾਜ ਜਾਰੀ ਰਿਹਾ। ਜਿਹੋ ਜਿਹੇ ਐਸ਼ੋ–ਆਰਾਮ ਦੀ ਜ਼ਿੰਦਗੀ ਦੀ ਉਹ ਆਦੀ ਸੀ ਉਸਦੇ ਸੰਤੁਲਨ ਅਤੇ ਇਲਾਜ 'ਤੇ ਜੋ ਖਰਚਾ ਹੋ ਰਿਹਾ ਸੀ ਉਸਦਾ ਕਦੇ ਹਿਸਾਬ ਨਾ ਲਗਾ ਸਕੀ। ਉਸਨੂੰ ਬੜੀ ਦੇਰ ਨਾਲ ਪਤਾ ਲੱਗਾ ਕਿ ਉਸ ਕੋਲ ਕੋਈ ਕੁਬੇਰ ਦਾ ਖ਼ਜ਼ਾਨਾ ਨਹੀਂ ਹੈ। ਬੰਗਲਾ ਵਿਕ ਗਿਆ ਅਤੇ ਆਖਿਰਕਾਰ ਉਸਨੂੰ ਇਸ ਫਲੈਟ ਵਿੱਚ ਸ਼ਰਨ ਲੈਣੀ ਪਈ। ਇਹ ਫਲੈਟ, ਜੋ ਕਦੇ ਝਿਜਕਦਿਆਂ ਲਿਆ ਸੀ। ਆਖਰ ਨੂੰ ਫਲੈਟ ਨੇ ਹੀ ਔਖੇ ਦਿਨਾਂ ਵਿੱਚ ਸ਼ਰਨ ਦਿੱਤੀ ਸੀ।

ਉਹ ਕੌਫੀ ਬਣਾਉਣ ਲਈ ਉੱਠੀ। ਉੱਠਣ ਤੋਂ ਪਹਿਲਾਂ ਉਸਨੇ ਇੱਕ ਵਾਰ ਫਿਰ ਸਮੁੰਦਰ ਵੱਲ ਦੇਖਿਆ। ਸਮੁੰਦਰ ਨੂੰ ਨਹੀਂ ਸੀ ਪਤਾ ਕਿ ਕੋਈ ਉਸਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਰਿਹਾ ਹੈ। ਲਹਿਰਾਂ ਉਸੇ ਤਰ੍ਹਾਂ ਅਤੇ ਉਸੇ ਗਤੀ ਨਾਲ ਚਲਦੀਆਂ ਆਈਆਂ ਅਤੇ ਕੰਢਿਆਂ 'ਤੇ ਆ ਟੁੱਟ ਕੇ ਖਿੱਲਰ ਗਈਆਂ। ਉਸਨੇ ਇੱਕ ਡੂੰਘਾ ਸਾਹ ਲਿਆ ਤੇ ਰਸੋਈ ਵਿੱਚ ਚਲੀ ਗਈ। ਕੌਫੀ ਦਾ ਕੱਪ ਲੈ ਕੇ ਮੁੜ ਬਾਲਕੋਨੀ ਵਿੱਚ ਬੈਠ ਗਈ। ਸਮੁੰਦਰ ਦੇ ਕੰਢੇ ਵਾਲੀ ਸੜਕ ਅੱਗੇ ਦੂਰ ਜਾ ਕੇ ਮੁੜ ਗਈ ਸੀ।

ਆਮ ਵਾਂਗ ਅੱਜ ਵੀ ਸੜਕ 'ਤੇ ਭੀੜ ਸੀ ਬਲਕਿ ਭੀੜ ਦਾ ਇਕ ਸਮੁੰਦਰ ਸੜਕ 'ਤੇ ਸੀ। ਉਹ ਜਦੋਂ ਵੀ ਬਾਲਕੋਨੀ 'ਚ ਬੈਠ ਕੇ ਸਮੁੰਦਰ ਵੱਲ ਦੇਖਦੀ ਹੈ ਤਾਂ ਉਸਨੂੰ ਆਪਣਾ ਪਿੰਡ ਯਾਦ ਆ ਜਾਂਦਾ। ਇੱਕ ਛੋਟੀ ਜਿਹੀ ਨਦੀ ਜੋ ਗਰਮੀਆਂ ਵਿੱਚ ਸੁੱਕ ਜਾਂਦੀ ਸੀ। ਉਸਨੂੰ ਆਪਣੇ ਬਾਪ ਦੀ ਯਾਦ ਆ ਗਈ!

ਲਾਈਟਸ ! ਕੈਮਰਾ! ਐਕਸ਼ਨ !!

ਨੀਲੀ ਫਰਾਕ, ਦੋ ਗੁੱਤਾਂ 'ਚ ਲਾਲ ਰਿਬਨ, ਮੋਢੇ 'ਚ ਬਸਤਾ ਲਟਕਾਈ ਸਕੂਲ ਤੋਂ ਘਰ ਨੂੰ ਭੱਜੀ ਆ ਰਹੀ ਹੈ। ਬਾਬੇ ਦਾ ਕੁੜਤਾ ਖਿੱਚਦਿਆਂ ਆਖਦੀ – "ਬਾਬਾ, ਮੈਂ ਸਮੁੰਦਰ ਦੇਖਣਾ। ਜੇ ਸਮੁੰਦਰ ਮਿਲ ਜਾਵੇ ਤਾਂ ਮੈਂ ਸਾਰਾ ਦਿਨ ਬੈਠ ਕੇ ਸਮੁੰਦਰ ਈ ਦੇਖੀ ਜਾਊਂ।"

ਦ੍ਰਿਸ਼ ਬਦਲਦੇ ਰਹੇ। ਜ਼ਿੰਦਗੀ ਬਦਲਦੀ ਰਹੀ। ਮਾਂ ਚਲੀ ਗਈ। ਬਾਬਾ ਚਲਾ ਗਿਆ। ਚਾਚਾ ਉਸਨੂੰ ਆਪਣੇ ਨਾਲ ਛੋਟੇ ਜਿਹੇ ਸ਼ਹਿਰ ਲੈ ਆਇਆ ਸੀ। ਉਹ ਅਕਸਰ ਆਪਣੇ ਚਾਚੇ ਨੂੰ ਪੁੱਛਦੀ, "ਮਾਂ ਅਤੇ ਪਿਤਾ ਕਿੱਥੇ ਗਏ?" ਚਾਚਾ, ਸਿਰ 'ਤੇ ਹੱਥ ਫੇਰਦਿਆਂ ਭਰੇ ਗਲ਼ੇ ਨਾਲ ਆਖਦਾ – "ਉਹ ਤੇਰੇ ਲਈ ਸਮੁੰਦਰ ਲੈਣ ਗਏ ਨੇ।"

ਇਕ ਸਮੁੰਦਰ ਉਸਦੇ ਸਾਹਮਣੇ ਸੀ ਤੇ ਇੱਕ ਉਸਦੇ ਅੰਦਰ। ਉਸਨੂੰ ਬੜੀ ਦੇਰ ਬਾਅਦ ਪਤਾ ਲੱਗਾ ਕਿ ਬਾਬਾ ਬਹੁਤ ਵੱਡਾ ਸਮੁੰਦਰ ਉਸਦੇ ਅੰਦਰ ਛੱਡ ਗਿਆ ਹੈ।

ਅੱਜ ਜਦੋਂ ਉਹ ਬਾਲਕੋਨੀ 'ਚ ਬੈਠ ਕੇ ਸਮੁੰਦਰ ਵੱਲ ਦੇਖਦੀ ਹੈ ਤਾਂ ਉਸ ਨੂੰ ਅਜੀਬ ਜਿਹਾ

ਮਹਿਸੂਸ ਹੁੰਦਾ ਹੈ। ਸਮੇਂ ਦੇ ਨਾਲ ਦ੍ਰਿਸ਼ਟੀ ਬਦਲ ਜਾਂਦੀ ਹੈ। ਭਾਵਨਾਵਾਂ ਬਦਲ ਜਾਂਦੀਆਂ ਹਨ। ਉਹ ਵੀ ਕਦੇ ਇਸ ਭੀੜ ਦਾ ਹਿੱਸਾ ਸੀ। ਉਸਦੇ ਅਤੀਤ ਦੀ ਸਕ੍ਰਿਪਟ ਵੀ ਪੂਰੀ ਤਰ੍ਹਾਂ ਫਿਲਮੀ ਸੀ। ਇੰਨੀ ਫਿਲਮੀ ਕਿ ਇਸ ਤਰ੍ਹਾਂ ਦੀ ਸਕ੍ਰਿਪਟ 'ਤੇ ਦਰਜਨਾਂ ਫਿਲਮਾਂ ਬਣੀਆਂ ਹਨ। ਉਸ ਪਿੰਡ ਵਿੱਚ ਜਨਮੀ ਸੀ। ਮਾਤਾ-ਪਿਤਾ ਬਚਪਨ ਵਿੱਚ ਗੁਜ਼ਰ ਗਏ। ਮਾਤਾ-ਪਿਤਾ ਦੀ ਮੌਤ ਤੋਂ ਬਾਅਦ ਚਾਚਾ ਉਸਨੂੰ ਆਪਣੇ ਨਾਲ ਸ਼ਹਿਰ ਲੈ ਆਇਆ। ਪਾਲਣ ਪੋਸ਼ਣ ਚਾਚਾ ਅਤੇ ਚਾਚੀ ਨੇ ਕੀਤਾ। ਜਿਵੇਂ ਕਿ ਫਿਲਮਾਂ ਵਿੱਚ ਹੁੰਦਾ ਹੈ, ਚਾਚੀ ਬਹੁਤ ਜ਼ਾਲਮ



ਅਤੇ ਗੁੱਸੇ ਵਾਲੀ ਸੀ। ਪਾਲਣ-ਪੋਸ਼ਣ ਅਤੇ ਸਿੱਖਿਆ ਦੇ ਬਦਲੇ, ਘਰ ਦੇ ਸਾਰੇ ਕੰਮ ਉਸਤੋਂ ਕਰਵਾਉਣੇ ਜ਼ਰੂਰੀ ਅਤੇ ਜਾਇਜ਼ ਸਮਝੇ। ਪਰ ਜਿਵੇਂ ਫਿਲਮਾਂ 'ਚ ਹੁੰਦਾ ਹੈ, ਅੱਧ ਤੋਂ ਪਹਿਲਾਂ ਦਾ ਕਲਾਈਮੈਕਸ ਉਸਦੀ ਜ਼ਿੰਦਗੀ 'ਚ ਵੀ ਆਇਆ। ਜਿਵੇਂ ਹੀ ਉਸਨੇ ਬੀ ਕਾਮ ਕੀਤੀ, ਉਸਦੇ ਚਾਚੇ ਦੀ ਮੌਤ ਹੋ ਗਈ। ਜ਼ਾਹਿਰ ਸੀ ਕਿ ਆਂਟੀ ਨੇ ਘਰੋਂ ਕੱਢ ਦੇਣਾ ਸੀ। ਘਰ ਛੱਡਣ ਤੋਂ ਬਾਅਦ ਉਹ ਕੁਝ ਦਿਨ ਸਹੇਲੀ ਦੇ ਘਰ ਰਹੀ। ਦੁੱਖ ਅਤੇ ਗ਼ਮ ਦੇ ਦਿਨ ਸਨ। ਅੱਗੇ ਅਨਿਸ਼ਚਿਤ ਤੇ ਅਗਿਆਤ ਭਵਿੱਖ ਸੀ। ਫਿਰ ਅਜਿਹਾ ਇਤਫ਼ਾਕ ਹੋਇਆ ਕਿ ਉਸਦੀ ਸਹੇਲੀ ਦੇ ਪਿਤਾ ਦੀ ਮਦਦ ਨਾਲ ਉਸਨੂੰ ਮੁੰਬਈ ਦੇ ਇਕ ਵੱਡੇ ਪ੍ਰਾਪਰਟੀ ਡੀਲਰ ਕੋਲ ਛੋਟੀ ਜਿਹੀ ਨੌਕਰੀ ਮਿਲ ਗਈ। ਇੱਥੇ ਉਸਨੂੰ ਰਿਸ਼ੇਪਸਨਿਸਟ ਦੇ ਇਲਾਵਾ ਥੋੜਾ ਬਹੁਤਾ ਅਕਾਊਂਟਸ ਦਾ ਕੰਮ ਵੀ ਕਰਨਾ ਪੈਂਦਾ। ਇਹ ਕਰਨ 'ਚ ਉਸਨੂੰ ਦਿੱਕਤ ਵੀ ਕੋਈ ਨਹੀਂ ਸੀ। ਵੀਹ ਹਜ਼ਾਰ ਰੁਪਏ ਮਹੀਨਾ ਤਨਖ਼ਾਹ ਕੋਈ ਘੱਟ ਨਹੀਂ ਸੀ, ਪਰ ਉਸ ਨੂੰ ਆਪਣੀ ਇਕੱਲੀ ਜ਼ਿੰਦਗੀ ਲਈ ਘੱਟ ਨਹੀਂ ਤਾਂ ਵੱਧ ਵੀ ਨਹੀਂ ਸੀ ਲੱਗਦੀ। ਜ਼ਿੰਦਗੀ ਵਧੀਆ ਚੱਲ ਰਹੀ ਸੀ। ਪਰ ਉਸ ਦੀ ਜ਼ਿੰਦਗੀ ਦੀ ਸਕ੍ਰਿਪਟ ਵਿੱਚ ਅਜੇ ਇੱਕ ਹੋਰ ਮੋੜ ਆਉਣਾ ਬਾਕੀ ਸੀ।

ਉਹ ਇਕ ਸੱਠ ਸਾਲ ਦੀ ਉਮਰ ਦਾ ਵਿਅਕਤੀ ਸੀ ਜਿਸ ਦੇ ਵਾਲ ਪੱਕੇ ਚਿੱਟੇ ਹੋਣਗੇ ਜੋ ਉਸਨੇ ਬੜੇ ਸਲੀਕੇ ਅਤੇ ਕਾਮਯਾਬੀ ਨਾਲ ਡਾਈ ਕੀਤੇ ਹੋਏ ਸੀ। ਮਹਿੰਗੇ ਕਰੀਮ ਰੰਗ ਦੇ ਸੂਟ ਵਿੱਚ ਆਕਰਸ਼ਕ ਲੱਗ ਰਿਹਾ ਸੀ। ਉਹ ਉਸਦੇ ਬੌਸ ਦੇ ਕਮਰੇ 'ਚੋਂ ਨਿਕਲਿਆ ਤੇ ਜਾਂਦਿਆਂ ਜਾਂਦਿਆਂ ਰੁਕਿਆ ਅਤੇ ਉਸ ਵੱਲ ਦੇਖਣ ਲੱਗਾ। ਉਹਦਾ ਇਸ ਤਰ੍ਹਾਂ ਦੇਖਣਾ ਅਜੀਬ ਲੱਗਾ। ਉਸਦੀਆਂ ਅੱਖਾਂ ਵਿਚ ਉਸ ਲਈ ਪ੍ਰਸ਼ੰਸਾ ਦੀ ਭਾਵਨਾ ਸੀ ਪਰ ਪ੍ਰਸ਼ੰਸਾ ਦਾ ਅਹਿਸਾਸ ਅਜੀਬ ਜਿਹਾ ਸੀ। ਜਿਵੇਂ ਅੱਖਾਂ ਨਾਲ ਹੀ ਐਕਸਰੇ ਕਰ ਰਿਹਾ ਹੋਵੇ। ਜਦੋਂ ਥੋੜ੍ਹਾ ਜਿਹਾ ਨੇੜੇ ਆਇਆ ਤਾਂ ਉਹ ਰਸਮੀ ਤੌਰ 'ਤੇ ਉੱਠ ਕੇ ਖੜ੍ਹੀ ਹੋ ਗਈ। ਉਸ ਵਿਅਕਤੀ ਨੇ ਉਸਨੂੰ ਘੂਰਨਾ ਬੰਦ ਨਹੀਂ ਕੀਤਾ। ਕਿਸੇ ਨਿਪੁੰਨ ਦਰਜ਼ੀ ਵਾਂਗ ਆਪਣੀਆਂ ਅੱਖਾਂ ਨਾਲ ਉਸਦੀ ਦੇਹ ਨਾਪ ਰਿਹਾ ਸੀ।

"ਤੂੰ ਇਹ ਨੌਕਰੀ ਛੱਡ ਦੇ!" ਉਸ ਵਿਅਕਤੀ ਨੇ ਜਿਵੇਂ ਉਸਨੂੰ ਹੁਕਮ ਦਿੱਤਾ ਹੋਵੇ। ਉਸਦੀ ਆਵਾਜ਼ ਵਿਚ ਅਜਿਹਾ ਆਤਮ ਵਿਸ਼ਵਾਸ ਸੀ ਕਿ ਜਿਵੇਂ ਹੀ ਉਹ ਬੋਲੂਗਾ, ਸਾਹਾ ਆਪਣਾ ਤਿਆਗ ਪੱਤਰ ਲਿਖ ਦੇਵੇਗੀ।

"ਕਿਉਂ ਛੱਡਾਂ ਨੌਕਰੀ ! ਤੇ ਤੂੰ ਕੌਣ ਐਂ?" ਸਾਹਾ ਸੰਕੋਚ ਵਿਚ ਗੁੱਸਾ ਰਲਾ ਕੇ ਬੋਲੀ।

"ਉਹ !" ਜਿਵੇਂ ਉਹਨੂੰ ਅਚਾਨਕ ਕੁਝ ਯਾਦ ਆ ਗਿਆ ਹੋਵੇ।

"ਮੇਰਾ ਨਾਂ ਕਰਨ ਚੋਪੜਾ ਹੈ। ਮੈਂ ਫ਼ਿਲਮ ਨਿਰਮਾਤਾ-ਨਿਰਦੇਸ਼ਕ ਹਾਂ। ਨੌਕਰੀ ਛੱਡ ਕੇ ਫ਼ਿਲਮਾਂ 'ਚ ਆ?। ਮੈਂ ਜ਼ਿੰਦਗੀ ਬਣਾ ਦਿਆਂਗਾ।" ਉਸਦੀ ਆਵਾਜ਼ ਅਤੇ ਮੁਸਕਰਾਹਟ ਹੀ ਨਹੀਂ, ਉਸਦੇ ਚਿਹਰੇ 'ਤੇ ਵੀ ਅਜਿਹਾ ਆਤਮ-ਵਿਸ਼ਵਾਸ ਸੀ ਜਿਵੇਂ ਉਹ ਕੋਈ ਫਿਲਮ ਨਿਰਮਾਤਾ ਨਹੀਂ ਸਗੋਂ ਕੁਦਰਤ ਦਾ ਨਿਰਮਾਤਾ ਹੋਵੇ।

"ਤੁਸੀਂ ਬਹੁਤ ਖ਼ੂਬਸੂਰਤ ਹੋ।" ਉਸਨੇ ਇਉਂ ਕਿਹਾ ਜਿਵੇਂ ਉਸਨੂੰ ਦੱਸ ਰਿਹਾ ਹੋਵੇ। ਇਸ ਤਾਰੀਫ਼ ਵਿਚ ਵੀ ਇਕ ਕਿਸਮ ਦੀ ਸੂਚਨਾ ਸੀ।

"ਮੈਂ ਆਪਣੀ ਨੌਕਰੀ 'ਚ ਖੁਸ਼ ਹਾਂ, ਨਾਲੇ ਮੈਨੂੰ ਐਕਟਿੰਗ ਵੀ ਨਹੀਂ ਆਉਂਦੀ। ਆਫ਼ਰ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ।" ਸਾਹਾ ਨੇ ਉਸੇ ਮੁਸਕਰਾਹਟ ਨਾਲ ਜਵਾਬ ਦਿੱਤਾ ਜੋ ਉਸਨੇ ਬਤੌਰ ਰਿਸੈਪਸ਼ਨਿਸਟ ਆਪਣੀ ਨੌਕਰੀ ਦੌਰਾਨ ਹਾਸਲ ਕਰ ਲਈ ਸੀ।

"ਵੇਖ, ਖੁਸ਼ੀ ਕੀ ਹੁੰਦੀ ਇਹ ਤੈਨੂੰ ਨਹੀਂ ਪਤਾ। ਤੂੰ ਵੱਡੀ ਖੁਸ਼ੀ ਦੇਖੀ ਨਹੀਂ, ਬਲਕਿ ਵੱਡੀ ਖ਼ੁਸ਼ੀ ਬਾਰੇ ਸੋਚਿਆ ਵੀ ਨਹੀਂ।" ਉਸਨੇ ਬਾਰੀਕ ਮੁਸਕਾਣ ਨਾਲ ਕਿਹਾ। ਉਹ ਕੁਝ ਦੇਰ ਉਸ ਵੱਲ ਦੇਖਦਾ ਰਿਹਾ ਅਤੇ ਫਿਰ ਬੋਲਿਆ, "ਰਹੀ ਗੱਲ ਅਦਾਕਾਰੀ ਦੀ, ਇਸ ਬਾਰੇ ਚਿੰਤਾ ਨਾ ਕਰ। ਦੋ ਮਹੀਨਿਆਂ ਦੀ ਟ੍ਰੇਨਿੰਗ ਨਾਲ ਤੁਸੀਂ ਪਰਫੈਕਟ ਹੋ ਜਾਓਂਗੇ। ਬਿਲਕੁਲ ਫਿੱਟ! ਨਾਲੇ ਵੈਸੇ ਵੀ, ਫਿਲਮਾਂ 'ਚ ਹੀਰੋਇਨਾਂ ਲਈ ਅਦਾਕਾਰੀ ਦੀ ਬਹੁਤੀ ਗੁੰਜਾਇਸ਼ ਨਹੀਂ ਹੈ। ਜਿਸ ਚੀਜ਼ ਦੀ ਜ਼ਰੂਰਤ ਹੈ ਉਹ ਨਾ ਸਿਰਫ ਤੁਹਾਡੇ ਕੋਲ ਹੈ, ਬਲਕਿ ਬਹੁਤਾਤ ਵਿੱਚ ਹੈ।" ਉਹ ਉਸਨੂੰ ਹੇਠਾਂ ਤੋਂ ਉੱਪਰ ਤੱਕ ਵੇਖਦਿਆਂ ਬੋਲਿਆ। ਉਸਨੂੰ ਕੁਝ ਸਮਝ ਨਹੀਂ ਸੀ ਆ ਰਿਹਾ। ਉਸਨੂੰ ਉਲਝਣ ਵਿੱਚ ਦੇਖ ਬੋਲਿਆ - "ਉਹ ਤੇਰੀ ਖ਼ੂਬਸੂਰਤੀ! ਬਹੁਤਾਤ ਵਿਚ ਹੈ ਤੇਰੇ ਕੋਲ!" ਇਸ ਵਾਰ ਉਹ ਹੱਸ ਪਿਆ, "ਦੇਖੋ ਮੈਂ ਤੁਹਾਡੇ ਬੌਸ ਕੋਲ ਇਕ ਪਰਾਪਰਟੀ ਦੇ ਸਬੰਧ ਵਿੱਚ ਆਇਆ ਸੀ। ਤੁਸੀਂ ਵੀ ਮੇਰੀ ਪਰਪੋਜ਼ਲ 'ਤੇ ਗੌਰ ਕਰੋ। ਇਹ ਡੀਲ ਤੁਹਾਡੇ ਕੰਮ ਆਊ।"

ਉਹ ਚੁੱਪਚਾਪ ਖੜ੍ਹੀ ਰਹੀ ਤਾਂ ਉਸਨੇ ਆਪਣੀ ਜੇਬ 'ਚੋਂ ਵਿਜ਼ਿਟਿੰਗ ਕਾਰਡ ਕੱਢ ਕੇ ਉਸਦੇ ਹੱਥ ਫੜਾ ਦਿੱਤਾ, "ਜੇ ਮਨ ਬਣ ਗਿਆ ਤਾਂ ਮਿਲਣ ਜਰੂਰ ਆਉਣਾ। ਜੇ ਇਹ ਕਾਰਡ ਆਪਣੇ ਨਾਲ ਲਿਆਉਂਗੇ, ਤਾਂ ਮੇਰੇ ਤੱਕ ਪਹੁੰਚ ਜਾਉਂਗੇ। ਯੂ ਆਰ ਏ ਲੱਕੀ ਗਰਲ।" ਉਸਨੇ ਸਾਹਾ ਨੂੰ ਇਉਂ ਜਤਾਇਆ ਜਿਵੇਂ ਉਸਨੂੰ ਮਿਲਣਾ ਰੱਬ ਤੱਕ ਪਹੁੰਚਣ ਵਰਗਾ ਹੋਵੇ। ਫਿਰ ਉਸਨੇ ਇੱਕ ਆਖਰੀ ਹਥਿਆਰ, ਬ੍ਰਹਮਸ਼ਾਸ਼ਤਰ ਸੁੱਟਿਆ, "ਪਹਿਲੀ ਫ਼ਿਲਮ ਲਈ ਵੀਹ ਲੱਖ ਰੁਪਏ ਫੀਸ। ਮਿਲਣ ਆਉਂਗੇ ਤਾਂ ਪੰਜ ਲੱਖ ਰੁਪਏ ਐਡਵਾਂਸ ਤੇ ਤੁਹਾਡੀ ਟ੍ਰੇਨਿੰਗ 'ਤੇ ਖਰਚ ਹੋਈ ਰਕਮ ਵੀ ਪ੍ਰੋਡਕਸ਼ਨ ਹਾਊਸ ਦੇਵੇਗਾ!" ਉਹ ਕੁਝ ਪਲ ਉਸ ਦੇ ਚਿਹਰੇ ਵੱਲ ਦੇਖਦਾ ਰਿਹਾ ਅਤੇ ਪਲਟ ਕੇ ਬੋਲਿਆ, "ਥਿੰਕ ਐਂਡ ਟਰਾਈ!" ਬੜੇ ਮਾਣ ਅਤੇ ਵਿਸ਼ਵਾਸ ਨਾਲ ਉਹ ਉਥੋਂ ਵਿਦਾ ਹੋ ਗਿਆ। ਸਾਹਾ ਨੇ ਵਿਜ਼ਿਟਿੰਗ ਕਾਰਡ ਟੇਬਲ ਦੇ ਦਰਾਜ਼ ਵਿੱਚ ਰੱਖ ਦਿੱਤਾ। ਗੱਲ ਆਈ ਗਈ ਹੋ ਜਾਂਦੀ ਪਰ ਇੱਕ ਮਹੀਨੇ ਬਾਅਦ ਉਸਨੇ ਇਹ ਗੱਲ ਆਪਣੀ ਸਹੇਲੀ ਮੀਰਾ ਨਾਲ ਸਾਂਝੀ ਕੀਤੀ ਤਾਂ ਉਸਨੇ

ਖਾਸੇ ਚਿਰ ਤੱਕ ਕੋਸਿਆ ਤੇ ਬੁਰੀ ਤਰ੍ਹਾਂ ਲਤਾੜਿਆ, "ਜ਼ਿੰਦਗੀ ਵਿੱਚ ਮੌਕਾ ਇੱਕ ਵਾਰ ਚੱਲ ਕੇ ਆਉਂਦਾ ਹੈ। ਜੇ ਤੁਸੀਂ ਉਹ ਮੌਕਾ ਨਹੀਂ ਫੜਦੇ ਤਾਂ ਫੇਰ ਭਾਵੇਂ ਸਾਰੀ ਉਮਰ ਉਸ ਮੌਕੇ ਦੇ ਪਿੱਛੇ ਭੱਜਦੇ ਰਹੋ ਪਰ ਤੁਹਾਨੂੰ ਇਹ ਡਾਹ ਨਹੀਂ ਦਿੰਦਾ।" ਦੂਜੀ ਗੱਲ ਜਿਸਨੇ ਉਸਨੂੰ ਇਸ ਦਿਸ਼ਾ ਵਿਚ ਸੋਚਣ ਲਈ ਉਕਸਾਇਆ, ਉਹ ਸੀ ਇਕ ਫਿਲਮ ਲਈ ਵੀਹ ਲੱਖ ਰੁਪਏ।

ਉਸਨੇ ਭਾਵੁਕਤਾ 'ਚ ਬਲਕਿ ਆਖੀਏ ਬੇਵਕੂਫ਼ੀ 'ਚ, ਇਹ ਗੱਲ ਕੰਪਨੀ ਦੇ ਮੈਨੇਜਰ ਨਾਲ ਸਾਂਝੀ ਕੀਤੀ। ਸੋਚਿਆ ਕਿ ਮੈਨੇਜਰ ਕੋਈ ਚੰਗੀ ਸਲਾਹ ਦੇਵੇਗਾ। ਮੈਨੇਜਰ ਨੇ ਬੌਸ ਨੂੰ ਪਤਾ ਨਹੀਂ ਕੀ ਕਿਹਾ, ਦੋ ਦਿਨਾਂ ਵਿੱਚ ਹੀ ਉਸਨੂੰ ਇੱਕ ਮਹੀਨੇ ਦੀ ਤਨਖਾਹ ਦੇ ਕੇ ਫਾਰਗ ਕਰ ਦਿੱਤਾ। ਇਸਤੋਂ ਤੁਰੰਤ ਬਾਅਦ ਮੈਨੇਜਰ ਦੀ ਸਾਲੀ ਰਿਸੈਪਸ਼ਨਿਸਟ ਬਣ ਗਈ। ਉਹ ਸਾਹਾ ਨਾਲੋਂ ਘੱਟ ਸੋਹਣੀ ਸੀ ਪਰ ਉਸਦੀ ਖਾਸ ਯੋਗਤਾ ਸੀ ਕਿ ਮੈਨੇਜਰ ਦੀ ਸਾਲੀ ਸੀ। ਹੁਣ ਉਹ ਸੜਕ 'ਤੇ ਸੀ। ਕਰਨ ਚੋਪੜਾ ਨੂੰ ਮਿਲਣਾ ਹੁਣ ਇੱਛਾ ਨਹੀਂ ਸਗੋਂ ਵੱਡੀ ਲੋੜ ਸੀ।

ਉਹ ਕਰਨ ਚੋਪੜਾ ਦੇ ਦਫ਼ਤਰ ਪਹੁੰਚੀ। ਅਜਿਹਾ ਨਹੀਂ ਕਿ ਕਾਰਡ ਦਿਖਾਉਣ ਤੋਂ ਬਾਅਦ ਉਸਨੂੰ ਤੁਰੰਤ ਕਰਨ ਚੋਪੜਾ ਨੂੰ ਮਿਲਣ ਦਿੱਤਾ ਗਿਆ। ਭੀੜ ਪਹਿਲਾਂ ਹੀ ਬਹੁਤ ਸੀ। ਅਨੇਕਾਂ ਨਵੇਂ ਮੁੰਡੇ ਤੇ ਕੁੜੀਆਂ। ਕੁਝ ਅਧਖੜ ਮਰਦ। ਕੁਝ ਅਧਖੜ ਔਰਤਾਂ। ਸਾਰੇ ਵੇਟਿੰਗ ਰੂਮ 'ਚ। ਕੁਝ ਬੈਠੇ, ਕੁਝ ਬੇਚੈਨੀ 'ਚ ਟਹਿਲ ਰਹੇ। ਕਰੀਬ ਦੋ ਘੰਟੇ ਇੰਤਜ਼ਾਰ ਕਰਨ ਤੋਂ ਬਾਅਦ ਉਸਨੂੰ ਕਰਨ ਚੋਪੜਾ ਦੇ ਰੂਮ 'ਚ ਜਾਣ ਦਾ ਇਸ਼ਾਰਾ ਮਿਲਿਆ। ਉਹ ਕਰਨ ਚੋਪੜਾ ਦੇ ਕਮਰੇ ਵਿੱਚ ਦਾਖਲ ਹੋਈ। ਇੱਕ ਵੱਡਾ ਸਾਰਾ ਕਮਰਾ, ਜਿਸ ਵਿੱਚ ਕਰਨ ਚੋਪੜਾ ਇੱਕ ਵੱਡੇ ਮੇਜ਼ ਦੇ ਪਿੱਛੇ ਇਕ ਵੱਡੀ ਰਿਵਾਲਵਿੰਗ ਕੁਰਸੀ ਉੱਤੇ ਅੱਖਾਂ ਮੁੰਦੀ ਬੈਠਾ ਸੀ। ਇਕ ਤਰ੍ਹਾਂ ਨਾਲ ਲੇਟਿਆ ਹੋਇਆ। ਉਸਦੀ ਨਮਸਕਾਰ ਦੇ ਜਵਾਬ ਵਿੱਚ, ਕਰਨ ਚੋਪੜਾ ਨੇ ਅੱਖਾਂ ਖੋਲ੍ਹੀਆਂ ਅਤੇ ਉਸ ਵੱਲ ਦੇਖਿਆ। ਫਿਰ ਉਸ ਨੇ ਆਪਣੇ ਮੋਢੇ ਚੜ੍ਹਾ ਕੇ ਕਿਹਾ, "ਬੜੀ ਦੇਰ ਕਰ ਦੀ ਮੇਹਰਬਾਂ ਆਤੇ ਆਤੇ। ਫ਼ਿਲਮ ਦੀ ਤਿਆਰੀ ਹੋ ਚੁੱਕੀ ਹੈ। ਹੀਰੋਇਨ ਲਗਪਗ ਫਾਈਨਲ ਹੈ।"

ਉਹ ਸਕਤੇ 'ਚ ਆ ਗਈ। ਸੋਚਿਆ ਸੀ ਕਿ ਉਸਦੇ ਪਹੁੰਚਦਿਆਂ ਹੀ ਕਰਨ ਚੌਪੜਾ ਖੁਸ਼ੀ 'ਚ ਉਛਲ ਪਵੇਗਾ। ਉਸਨੂੰ ਤੁਰੰਤ ਫਿਲਮ ਮਿਲ ਜਾਊ। ਪਰ ਕੰਮ ਮਿਲਣਾ ਤਾਂ ਦੂਰ ਦੀ ਗੱਲ, ਇਥੇ ਤਾਂ ਢੰਗ ਨਾਲ ਰਸੀਵ ਵੀ ਨਹੀਂ ਸੀ ਕੀਤਾ ਗਿਆ।

"ਮੈਂ ਬਹੁਤ ਉਮੀਦ ਲੈ ਕੇ ਆਈ ਸੀ।" ਉਸਦੇ ਮੂੰਹੋਂ ਬਸ ਐਨਾ ਹੀ ਨਿਕਲ ਸਕਿਆ। ਬਦਲੇ 'ਚ ਕਰਨ ਚੋਪੜਾ ਨੇ ਸਿਰਫ਼ ਮੋਢੇ ਚੜ੍ਹਾਏ। ਚਿਹਰੇ 'ਤੇ ਕੋਈ ਪ੍ਰਤੀਕਿਰਿਆ ਨਹੀਂ ਸੀ। ਪ੍ਰਾਪਰਟੀ ਡੀਲਰ ਦੇ ਦਫ਼ਤਰ ਵਿਚ ਮਿਲਣ ਵਾਲੇ ਦਿਨ ਜਿਸ ਖੁਸ਼ੀ ਅਤੇ ਉਤਸ਼ਾਹ ਨਾਲ ਫਿਲਮ ਦੀ ਪੇਸ਼ਕਸ਼ ਕਰ ਰਿਹਾ ਸੀ, ਅੱਜ ਉਹ ਖੁਸ਼ੀ ਤੇ ਉਤਸ਼ਾਹ ਉਸਦੇ ਚਿਹਰੇ ਤੋਂ ਗਾਇਬ ਸੀ। ਬਹੁਤ ਹੀ ਸ਼ਾਂਤ ਅਤੇ ਠੰਡੇ ਲਹਿਜ਼ੇ ਨਾਲ ਉਸ ਵੱਲ ਦੇਖ ਰਿਹਾ ਸੀ। ਉਹ ਬੜੀ ਨਿਰਾਸ਼ਾ ਅਤੇ ਉਦਾਸੀ ਨਾਲ ਵਾਪਸ ਪਰਤੀ। ਇਕ ਕੰਮ ਉਸ ਕੋਲੋਂ ਚੰਗਾ ਹੋ ਗਿਆ ਕਿ ਉਹ ਆਪਣੇ ਵਰਕਿੰਗ ਵੋਮੈਨ ਹੋਸਟਲ ਦਾ ਫੋਨ ਨੰਬਰ ਉੱਥੇ ਛੱਡ ਆਈ। ਪਰ ਕੋਈ ਫਾਇਦਾ ਨਾ ਹੋਇਆ। ਇੱਕ ਮਹੀਨਾ ਬੀਤ ਗਿਆ। ਕੋਈ ਕਾਲ ਨਾ ਆਈ। ਆਰਥਿਕ ਹਾਲਤ ਅਜਿਹੀ ਹੋ ਗਈ ਕਿ ਸਵੇਰੇ ਖਾਣਾ ਮਿਲ ਗਿਆ, ਸ਼ਾਮ ਨੂੰ ਮਿਲੂ ਜਾਂ ਨਹੀਂ, ਇਹ ਵੱਡੀ ਸਮੱਸਿਆ ਸੀ। ਹੋਸਟਲ ਦੇ ਕਮਰੇ ਅਤੇ ਮੈਸ ਦੇ ਪੈਸੇ ਉਸਦੀ ਰੂਮਮੇਟ ਜਮਾ ਕਰਾ ਰਹੀ ਸੀ ਪਰ ਕਿੰਨਾ ਚਿਰ? ਸੰਕਟ ਲਗਾਤਾਰ ਵਧਦਾ ਜਾਂਦਾ ਸੀ। ਉਹ ਦੁਬਾਰਾ ਕਰਨ ਚੋਪੜਾ ਦੇ ਦਫ਼ਤਰ ਗਈ ਪਰ ਇਸ ਵਾਰ ਉਸਨੂੰ ਵੇਟਿੰਗ ਰੂਮ ਵਿੱਚ ਵੀ ਨਾ ਜਾਣ ਦਿੱਤਾ।

ਬਾਹਰੋਂ ਹੀ ਮੋੜ ਦਿੱਤਾ। ਇਸਤੋਂ ਬਾਅਦ ਉਸਨੇ ਕਈ ਨਿਰਮਾਤਾਵਾਂ ਅਤੇ ਨਿਰਦੇਸ਼ਕਾਂ ਦੇ ਦਫ਼ਤਰਾਂ ਅਤੇ ਕਈ ਸਟੂਡੀਓਜ਼ ਦੇ ਚੱਕਰ ਕੱਢੇ। ਧੱਕਾ ਮਾਰ ਕੇ ਤਾਂ ਬਾਹਰ ਨਹੀਂ ਕੱਢਿਆ ਪਰ ਜੋ ਜਵਾਬ ਮਿਲਿਆ ਉਹ ਧੱਕਾ ਦੇ ਕੇ ਬਾਹਰ ਕੱਢਣ ਵਰਗਾ ਈ ਸੀ। ਕੁਝ ਜਗਾ ਕਾਸਟਿੰਗ ਡਾਇਰੈਕਟਰ ਮਿਲੇ, ਜਿਨ੍ਹਾਂ ਨੇ ਬਿਨਾਂ ਕੋਈ ਵਲ਼ ਫੇਰ ਪਾਇਆਂ ਕਾਸਟਿੰਗ ਕਾਊਚ ਦੀ ਗੱਲ ਕੀਤੀ। ਮਤਲਬ ਨਿਰਦੇਸ਼ਕ ਨਾਲ ਰਾਤ ਬਿਤਾਉਣ ਦੀ ਪੇਸ਼ਕਸ਼। ਰਾਤ ਕੱਟਣ ਦੀ ਤਜਵੀਜ਼ ਪੇਸ਼ ਕਰਨ ਵਾਲੇ ਨਿਰਦੇਸ਼ਕ ਦੀਆਂ ਅੱਖਾਂ ਵਿਚ ਕਿਸੇ ਕਿਸਮ ਦੀ ਕੋਈ ਝਿਜਕ, ਸੰਕੋਚ ਜਾਂ ਸ਼ਰਮ ਨਾ ਹੁੰਦੀ। ਉਹ ਉਸਦੀਆਂ ਅੱਖਾਂ ਵਿੱਚ ਬੇਝਿਜਕ ਝਾਕਦਿਆਂ ਜਵਾਬ ਦੀ ਉਡੀਕ ਕਰਦਾ। ਇੰਨੇ ਮਹੀਨਿਆਂ ਵਿੱਚ, ਉਹ ਸਟੂਡੀਓ ਅਤੇ ਨਿਰਦੇਸ਼ਕਾਂ, ਨਿਰਮਾਤਾਵਾਂ ਵੱਲ ਚੱਕਰ ਲਾ ਲਾ ਕੇ ਥੱਕ ਗਈ। ਉਸ ਦਾ ਸਰੀਰ ਨਹੀਂ ਪਰ ਮਨ ਟੁੱਟਣ ਲੱਗਾ। ਫੇਰ ਕਿਸਮਤ ਨੇ ਸਕ੍ਰਿਪਟ 'ਚ ਬਦਲਾਅ ਕੀਤਾ। ਇਕ ਦਿਨ ਕਰਨ ਚੋਪੜਾ ਦੇ ਦਫ਼ਤਰੋਂ ਫੋਨ ਆਇਆ।

ਉਹ ਸਵੇਰੇ ਨੌਂ ਵਜੇ ਕਰਨ ਚੋਪੜਾ ਦੇ ਦਫ਼ਤਰ ਪਹੁੰਚ ਗਈ ਸੀ। ਕਰਨ ਚੋਪੜਾ ਦੁਪਹਿਰ ਢਾਈ ਵਜੇ ਦਫ਼ਤਰ ਆਇਆ। ਸ਼ਾਮ ਨੂੰ ਸੱਤ ਵਜੇ ਉਸਨੂੰ ਅੰਦਰ ਬੁਲਾਇਆ ਗਿਆ। ਉਦੋਂ ਤੱਕ ਉਡੀਕ ਦੀ ਬੋਰੀਅਤ ਅਤੇ ਭੁੱਖ ਨਾਲ ਨਢਾਲ ਹੋ ਚੁੱਕੀ ਸੀ।

ਲਾਈਟਸ! ਕੈਮਰਾ !! ਐਕਸ਼ਨ!!!

ਉਹ ਸੁਣ ਨਹੀਂ ਸੀ ਸਕੀ ਪਰ ਇਹ ਆਵਾਜ਼ ਉਸ ਸਮੇਂ ਕਿਤੇ ਨਾ ਕਿਤੇ ਮੌਜੂਦ ਜਰੂਰ ਸੀ।

"ਦਰਅਸਲ ਸਾਡੀ ਹੀਰੋਇਨ ਫਾਈਨਲ ਹੋ ਗਈ ਸੀ, ਪਰ ਹਰਾਮਜ਼ਾਦੀ ਨੇ ਵਿਆਹ ਕਰਵਾ ਲਿਆ। ਆਪਣੇ ਬੁਆਏਫ੍ਰੈਂਡ ਤੋਂ ਗਰਭਵਤੀ ਹੋ ਗਈ ਐ।" ਕਰਨ ਨੇ ਇਕ ਵਾਰ ਉਸਦੇ ਥੱਕੇ ਹੋਏ ਚਿਹਰੇ ਵੱਲ ਦੇਖਿਆ ਅਤੇ ਕਿਹਾ-"ਅਸੀਂ ਹੀਰੋਇਨ ਨੂੰ ਐਡਵਾਂਸ ਦੇ ਚੁੱਕੇ ਹਾਂ ਜੋ ਵਾਪਸ ਆਉਂਦਿਆਂ ਆਉਂਦਿਆਂ ਹੀ ਆਊ। ਇਸ ਲਈ ਅਸੀਂ ਤੁਹਾਨੂੰ ਫਿਲਮ ਲਈ ਵੀਹ ਲੱਖ ਨਹੀਂ ਸਗੋਂ ਸਿਰਫ਼ ਦਸ ਲੱਖ ਦੇਵਾਂਗੇ ਅਤੇ ਐਡਵਾਂਸ ਦੋ ਲੱਖ। ਸਹਿਮਤ ਓਂ ਤਾਂ ਤੁਰੰਤ ਫੈਸਲਾ ਲਵੋ ਤੇ ਅੱਜ ਰਾਤ ਹੋਟਲ ਸਨ ਐਂਡ ਸੈਂਡ 'ਚ ਸਟੋਰੀ ਸਿਟਿੰਗ ਲਈ ਆ ਜਾ?।" ਉਹ ਬੜੇ ਧੀਰਜ ਨਾਲ ਉਸਦੇ ਜਵਾਬ ਦੀ ਉਡੀਕ ਕਰ ਰਿਹਾ ਸੀ। ਚਿਹਰੇ ਚਲਾਕੀ ਤੇ ਕਮੀਨਾਪਨ ਸੀ ਪਰ ਫੇਰ ਵੀ ਚਿਹਰੇ 'ਤੇ ਸਹਿਜਤਾ ਸੀ। ਕੋਈ ਸੱਦਾ ਨਹੀਂ, ਕੋਈ ਦੁਰਵਿਹਾਰ ਨਹੀਂ। ਕੋਈ ਦਬਾਅ ਨਹੀਂ। ਸਾਹਾ ਨੇ ਜ਼ਿੰਦਗੀ 'ਚ ਪਹਿਲੀ ਵਾਰ ਕਿਸੇ ਨੂੰ ਇੰਨੀ ਸਹਿਜਤਾ ਨਾਲ ਆਪਣੀ ਕਮੀਨਗੀ ਦਾ ਖੁਲਾਸਾ ਕਰਦੇ ਦੇਖਿਆ ਸੀ। ਇਹ ਵਹਿਸ਼ੀਆਨਾ ਬਲਾਤਕਾਰ ਲਈ ਸਭਿਅਕ ਪ੍ਰਸਤਾਵ ਸੀ। ਉਸਨੂੰ ਲੱਗਿਆ ਸਾਹਮਣੇ ਕਾਉਂਟ ਡ੍ਰੈਕੁਲਾ ਬੈਠਾ ਹੈ। ਉਸਦੇ ਚਿਹਰੇ 'ਤੇ ਕ੍ਰਿਸਟੋਫਰ ਲੀ ਨਾਲੋਂ ਵੀ ਡਰਾਉਣੀ ਮੁਸਕਰਾਹਟ ਸੀ। ਉਹ ਉਸਦੇ ਸਾਹਮਣੇ ਮੇਲਿਸਾ ਸਟ੍ਰਿਬਲਿੰਗ ਵਾਂਗ ਹੈਰਾਨ ਖੜ੍ਹੀ ਸੀ,

ਇਨਕਾਰ ਕਰਨ ਦਾ ਅਧਿਕਾਰ ਉਸਦੇ ਕੋਲ ਸੀ। ਪਰ ਇਨਕਾਰ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਕੋਈ ਗੁੰਜਾਇਸ਼ ਨਹੀਂ ਸੀ। ਉਸਨੇ ਹਾਂ ਕਿਹਾ। ਖੁਸ਼ੀ ਖੁਸ਼ੀ ਹਾਂ ਕਿਹਾ। ਸਟੂਡੀਓ ਤੋਂ ਬਾਅਦ ਸਟੂਡੀਓ ਅਤੇ ਨਿਰਮਾਤਾਵਾਂ, ਨਿਰਦੇਸ਼ਕਾਂ ਦੇ ਦਫ਼ਤਰਾਂ ਦੇ ਚੱਕਰ ਕੱਢਣ ਤੋਂ ਬਾਅਦ, ਉਹ ਸਟੋਰੀ ਸਿਟਿੰਗ ਦੇ ਅਰਥ ਚੰਗੀ ਤਰ੍ਹਾਂ ਜਾਣਦੀ ਸੀ। ਉਹ ਰਾਤ ਨੂੰ ਹੋਟਲ ਪਹੁੰਚੀ। ਅਜਿਹੇ ਵੱਡੇ ਹੋਟਲਾਂ ਵਿੱਚ ਸਟੋਰੀ ਸਿਟਿੰਗ ਲਈ ਹਰ ਵੱਡੇ ਨਿਰਮਾਤਾ ਨਿਰਦੇਸ਼ਕ ਦੇ ਕਮਰੇ ਬੁੱਕ ਹੁੰਦੇ ਹਨ। ਕਰਨ ਚੋਪੜਾ ਇੱਕ ਵੱਡਾ ਨਿਰਮਾਤਾ ਨਿਰਦੇਸ਼ਕ ਸੀ। ਇਸ ਲਈ ਸਾਰੇ ਕੰਮ ਵੱਡੇ ਪੈਮਾਨੇ ਦੇ ਸਨ। ਅਜਿਹਾ ਨਹੀਂ ਹੈ ਕਿ ਉੱਥੇ ਸਿਟਿੰਗ ਲਈ ਹੋਰ ਲੋਕ ਨਹੀਂ ਸਨ। ਕਾਸਟਿੰਗ ਡਾਇਰੈਕਟਰ ਤੋਂ

ਲੈ ਕੇ ਸਹਾਇਕ ਨਿਰਦੇਸ਼ਕ ਤੱਕ ਮੌਜੂਦ ਸਨ। ਕਰੀਬ ਇੱਕ ਘੰਟਾ ਕਹਾਣੀ 'ਤੇ ਬਹਿਸ ਚੱਲਦੀ ਰਹੀ। ਇਸ ਤੋਂ ਬਾਅਦ ਸਾਰੇ ਉੱਠ ਕੇ ਚਲੇ ਗਏ। ਅੰਤ ਵਿੱਚ ਉਹ ਅਤੇ ਕਰਨ ਚੋਪੜਾ ਰਹਿ ਗਏ ਸਨ।

ਅਤੇ ਫਿਲਮ ਇੰਡਸਟਰੀ ਵਿੱਚ ਹਰ ਕੋਈ ਜਾਣਦਾ ਹੈ ਕਿ ਅਜਿਹੇ ਦ੍ਰਿਸ਼ਾਂ ਤੋਂ ਬਾਅਦ 'ਕੱਟ' ਦੀ ਆਵਾਜ਼ ਨਹੀਂ ਆਉਂਦੀ।

ਇਹ ਉਸ ਲਈ ਪਹਿਲਾ ਮੌਕਾ ਸੀ। ਡਿੱਗਣ ਦਾ ਵੀ ਤੇ ਸੰਭਲਣ ਦਾ ਵੀ, ਪਰ ਉਸਨੂੰ ਲੱਗਿਆ ਕਿ ਫ਼ਿਲਮੀ ਦੁਨੀਆਂ ਵਿੱਚ ਡਿੱਗ ਕੇ ਹੀ ਸੰਭਲਣਾ ਪੈਂਦਾ ਹੈ। ਫਿਲਮਾਂ ਦੀ ਦੁਨੀਆ ਬਾਕੀ ਦੁਨੀਆ ਨਾਲੋਂ ਬਿਲਕੁਲ ਵੱਖਰੀ ਹੈ। ਫਿਲਮਾਂ ਦੀ ਇਸ ਦੁਨੀਆ ਦੇ ਲੋਕ ਤੁਹਾਨੂੰ ਡੇਗਣ ਤੋਂ ਬਾਅਦ ਹੀ ਸੰਭਲਣ ਦਾ ਮੌਕਾ ਦਿੰਦੇ ਹਨ। ਇਹ ਉਸਦੀ ਬਦਲਦੇ ਨਿੱਜੀ ਸੰਸਾਰ ਦੇ ਨਵੇਂ ਘਰ ਦੇ ਦਰਵਾਜ਼ੇ 'ਤੇ ਪਹਿਲੀ ਦਸਤਕ ਸੀ।

ਅਗਲੀ ਸਵੇਰ ਜਦੋਂ ਉਹ ਹੋਸਟਲ ਵਾਪਸ ਆਈ ਤਾਂ ਉਸ ਕੋਲ ਦੋ ਲੱਖ ਰੁਪਏ ਨਕਦ ਸਨ। ਇਹ ਪੈਸਾ ਪਿਛਲੇ ਕਈ ਮਹੀਨਿਆਂ ਦਾ ਕਰਜ਼ਾ ਚੁਕਾਉਣ ਲਈ ਕਾਫੀ ਸੀ। ਕਰਜ਼ਾ ਮੋੜਨ ਤੋਂ ਬਾਅਦ ਵੀ ਕੁਝ ਰਕਮ ਬਚੀ ਰਹੀ। ਬਾਕੀ ਦੀ ਰਕਮ ਵੀ ਉਸ ਨੂੰ ਬਹੁਤ ਵੱਡੀ ਜਾਪਦੀ ਸੀ। ਉਸ ਸਮੇਂ ਉਸਨੂੰ ਨਹੀਂ ਸੀ ਪਤਾ ਕਿ ਏਨੇ ਪੈਸੇ ਤਾਂ ਆਉਣ ਵਾਲੇ ਦਿਨਾਂ 'ਚ ਉਹ ਡਿਜ਼ਾਈਨਰ ਡਰੈੱਸ ਖਰੀਦਣ 'ਤੇ ਹੀ ਖਰਚ ਕਰ ਦੇਵੇਗੀ।

ਫਿਲਮ ਉਸਦੀ ਉਮੀਦ ਨਾਲੋਂ ਛੇਤੀ ਬਣ ਗਈ। ਚੰਗੀ ਬਣੀ ਅਤੇ ਸਫਲ ਰਹੀ ਪਰ ਫਿਲਮ ਨੂੰ ਉਹ ਸਫਲਤਾ ਨਹੀਂ ਮਿਲੀ ਜੋ ਹੁਣ ਤੱਕ ਕਰਨ ਚੋਪੜਾ ਦੇ ਨਾਂ 'ਤੇ ਲਿਖੀ ਹੋਈ ਸੀ। ਫਿਲਮੀ ਭਾਸ਼ਾ ਵਿੱਚ ਇਹ ਬਲਾਕਬਸਟਰ ਨਹੀਂ ਸੀ। ਖਰਚਿਆਂ ਦੀ ਵਸੂਲੀ ਤੋਂ ਬਾਅਦ, ਬੜਾ ਮਾਮੂਲੀ ਵਾਧਾ ਹੋਇਆ ਸੀ, ਜਿਸਨੂੰ ਕੋਈ ਵੀ ਨਿਰਮਾਤਾ ਲਾਭ ਨਹੀਂ ਮੰਨਦਾ। ਅਗਲੀ ਫਿਲਮ ਲਈ ਉਸਨੂੰ ਥੋੜ੍ਹਾ ਜਿਹਾ ਸੰਘਰਸ਼ ਹੋਰ ਕਰਨਾ ਪਿਆ। ਬੱਸ ਇੰਨਾ ਹੋਇਆ ਕਿ ਹੋਟਲ ਬਦਲਦੇ ਰਹੇ। ਸਟੋਰੀ ਸਿਟਿੰਗ ਦੇ ਸੈਸ਼ਨ ਬਦਲਦੇ ਰਹੇ। ਬਿਸਤਰੇ ਬਦਲਦੇ ਰਹੇ। ਨਿਰਮਾਤਾ ਅਤੇ ਨਿਰਦੇਸ਼ਕ ਬਦਲਦੇ ਰਹੇ। ਉਸਨੇ ਪਿੱਛੇ ਮੁੜ ਕੇ ਨਾ ਦੇਖਿਆ। ਇੰਨੇ ਲੰਬੇ ਸੰਘਰਸ਼ ਤੋਂ ਬਾਅਦ, ਸਮਝ ਗਈ ਸੀ ਕਿ ਨਿਰਮਾਤਾਵਾਂ ਅਤੇ ਨਿਰਦੇਸ਼ਕਾਂ ਕੋਲ ਫਿਲਮਾਂ ਬਣਾਉਣ ਲਈ ਬਹੁਤ ਵੱਡੀ ਪੂੰਜੀ ਹੁੰਦੀ ਹੈ। ਉਸਦੇ ਕੋਲ ਵੀ ਪੂੰਜੀ ਹੈ, ਦੇਹ ਦੀ ਪੂੰਜੀ। ਅਤੇ ਉਹ ਆਪਣੀ ਪੂੰਜੀ ਦੀ ਵਰਤੋਂ ਕਰਨੀ ਸਿਖ ਗਈ ਸੀ। ਉਹ ਅੱਗੇ ਵਧਦੀ ਗਈ। ਐਨਾ ਅੱਗੇ ਕਿ ਇੱਕ ਦਿਨ ਉਸਨੂੰ ਆਪਣੇ ਪਿੱਛੇ ਰਹਿ ਗਏ ਦਿਨ ਬਹੁਤ ਛੋਟੇ ਨਜ਼ਰ ਆਏ। ਉਨ੍ਹੀਂ ਦਿਨੀਂ ਜਦੋਂ ਵੀ ਆਪਣੇ ਬੰਗਲੇ ਦੀ ਪਹਿਲੀ ਮੰਜ਼ਿਲ ਦੀ ਬਾਲਕੋਨੀ 'ਚ ਆ ਕੇ ਸੜਕ 'ਤੇ ਦੌੜਦੀ ਭੀੜ ਨੂੰ ਦੇਖਦੀ ਤਾਂ ਸੋਚਦੀ ਕਿ ਕਦੇ ਉਹ ਵੀ ਇਸ ਭੀੜ 'ਚ ਕਿਸੇ ਕੀੜੇ ਵਾਂਗ ਰੀਂਘਦੀ ਤੇ ਭੱਜਦੀ ਫਿਰਦੀ ਸੀ। ਹੁਣ ਉਹ ਉਸ ਦੁਨੀਆਂ, ਉਸ ਭੀੜ ਤੋਂ ਬਹੁਤ ਦੂਰ ਸੀ। ਉਹ ਭੀੜ ਉਸਨੂੰ ਦੇਖ ਤਾਂ ਸਕਦੀ ਸੀ ਪਰ ਉਸ ਤੱਕ ਪਹੁੰਚ ਨਹੀਂ ਸੀ ਸਕਦੀ। ਕਈ ਫਿਲਮ ਅਦਾਕਾਰਾਂ ਨਾਲ ਉਸਦੇ ਪ੍ਰੇਮ ਸਬੰਧਾਂ ਦੇ ਕਿੱਸੇ ਚੱਲੇ। ਕੁਝ ਸੱਚੇ, ਕੁਝ ਝੂਠੇ। ਕੁਝ ਆਪ ਚਲਾਏ। ਕੁਝ ਆਪਣੇ ਆਪ ਚੱਲੇ। ਪਹਿਲਾਂ ਪਹਿਲ ਤਾਂ ਉਹ ਅਜਿਹੀਆਂ ਗੱਪਾਂ ਤੋਂ ਪ੍ਰੇਸ਼ਾਨ ਹੋਈ। ਬਾਅਦ ਵਿੱਚ ਇਨਜੁਆਏ ਕਰਨ ਲੱਗੀ। ਉਸਦਾ ਆਪਣਾ ਕੋਈ ਪਰਿਵਾਰ ਤਾਂ ਸੀ ਨਹੀਂ ਜੋ ਉਸਨੂੰ ਰੋਕਦਾ ਟੋਕਦਾ ਜਾਂ ਜਿਸਦੇ ਸਾਹਮਣੇ ਉਸਨੂੰ ਕੋਈ ਸਫ਼ਾਈ ਦੇਣੀ ਪੈਂਦੀ। ਫਿਲਮਾਂ ਸਫ਼ਲ ਹੋ ਰਹੀਆਂ ਸਨ। ਉਹ ਸ਼ੂਟਿੰਗ ਦੇ ਸਿਲਸਿਲੇ 'ਚ ਦੇਸ਼ ਦੁਨੀਆ 'ਚ ਘੁੰਮ ਰਹੀ ਸੀ। ਸੁੱਖ ਸਮਰਿਧੀ

ਦੇ ਸਾਰੇ ਬੂਹੇ ਖੁੱਲ੍ਹ ਚੁੱਕੇ ਸਨ। ਵੱਡਾ ਬੰਗਲਾ ਸੀ। ਇਕ ਮਰਸਡੀਜ਼ ਅਤੇ ਇੱਕ ਬੀ ਐਮ ਡਬਲਿਊ। ਮਹਿੰਗੇ ਕੱਪੜੇ ਅਤੇ ਕਾਰਾਂ ਖਰੀਦਣ ਦਾ ਸ਼ੌਂਕ ਸੀ। ਮੈਨੇਜਰ ਰੋਕਦਾ ਰਹਿੰਦਾ ਪਰ ਅਨਸੁਣੀ ਕਰ ਦਿੰਦੀ। ਮੈਨੇਜਰ ਨਾਲ ਸਿਰਫ਼ ਆਪਣੇ ਕਾਰੋਬਾਰ ਅਤੇ ਫ਼ਿਲਮਾਂ ਦੀ ਗੱਲ ਕਰਨਾ ਹੀ ਪਸੰਦ ਕਰਦੀ। ਸਫਲਤਾ ਅਤੇ ਅਮੀਰੀ ਨੇ ਨੇਕ ਸਲਾਹ ਅਤੇ ਮੁਨਾਸਿਬ ਰਾਏ ਵਾਸਤੇ ਉਸਦੇ ਕੰਨਾਂ ਅੱਗੇ ਭਾਰੀ ਪਰਦੇ ਲਟਕਾ ਦਿੱਤੇ ਸਨ, ਜਿਸ ਤੋਂ ਪਾਰ ਭਲਾਈ ਦੀ ਗੱਲ ਉਹ ਸੁਣ ਨਹੀਂ ਸੀ ਸਕਦੀ। ਉਹ ਅਕਸਰ ਸੋਚ ਵਿੱਚ ਪੈ ਜਾਂਦੀ ਕਿ ਐਨੀ ਅਪਾਰ ਲੱਛਮੀ ਖਰਚ ਕਿਵੇਂ ਕਰੇ। ਉਸਨੇ ਆਪਣੇ ਸੀਨੀਅਰ ਕਲਾਕਾਰਾਂ ਤੋਂ ਵੀ ਨਹੀਂ ਸੀ ਸਿੱਖਿਆ ਕਿ ਸਿਰਫ਼ ਕੁਬੇਰ ਦਾ ਖਜ਼ਾਨਾ ਹੀ ਅਜਿਹਾ ਹੁੰਦਾ ਜੋ ਕਦੇ ਖਾਲ਼ੀ ਨਹੀਂ ਹੁੰਦਾ, ਬਾਕੀ ਸਭ ਕੁਝ ਇਕ ਦਿਨ ਖਤਮ ਹੋ ਜਾਣਾ ਹੈ। ਖੁਸ਼ਹਾਲੀ ਨਾਲ ਇੱਕ ਬਦਕਿਸਮਤੀ ਵੀ ਜੁੜੀ ਹੋਈ ਹੈ ਕਿ ਜੇਕਰ ਮਿਹਨਤ ਅਤੇ ਯੋਗਤਾ ਨਾਲ ਬੂਹਿਆਂ ਨੂੰ ਖੁੱਲ੍ਹਾ ਰੱਖਣਾ ਤੇ ਸੰਭਾਲਣਾ ਨਾ ਆਇਆ ਤਾਂ ਆਉਣ ਵਾਲੀ ਲੱਛਮੀ ਉਹ ਸਾਰੇ ਬੂਹੇ ਬੰਦ ਕਰ ਜਾਂਦੀ ਹੈ ਜਿਨ੍ਹਾਂ ਰਾਹੀਂ ਉਹ ਆਈ ਹੋਵੇ। ਬਹੁਤ ਘੱਟ ਲੋਕਾਂ ਤੋਂ ਆਪਣਾ ਆਪ ਸੰਭਾਲਿਆ ਜਾਂਦਾ। ਖੁਸ਼ਹਾਲੀ ਦੀ ਚਮਕ ਸਭ ਤੋਂ ਪਹਿਲਾਂ ਅੱਖਾਂ 'ਚੋਂ ਹਕੀਕਤ ਦੇਖਣ ਦੀ ਰੌਸ਼ਨੀ ਨੂੰ ਖ਼ਤਮ ਕਰਦੀ ਹੈ।

ਇਹੀ ਕਾਰਨ ਸੀ ਕਿ ਜਾਣਕਾਰੀਆਂ ਹੋਣ ਦੇ ਬਾਵਜੂਦ ਵੀ ਉਹ ਅਣਦੇਖਿਆ ਤੇ ਅਣਸੁਣਿਆ ਕਰਦੀ ਰਹੀ। ਨਹੀਂ ਤਾਂ ਮੀਨਾ ਕੇ. ਸ਼ੋਰੀ, ਨਲਿਨੀ ਜੈਵੰਤ ਤੋਂ ਲੈ ਕੇ ਮੀਨਾ ਕੁਮਾਰੀ ਅਤੇ ਵਿਮੀ ਤੱਕ ਦੀ ਘੋਰ ਗਰੀਬੀ ਅਤੇ ਤਰਸਯੋਗ ਮੌਤ ਦੀ ਖ਼ਬਰ ਉਹਦੇ ਕੋਲ ਸੀ। ਕੀ ਇਹ ਖ਼ਬਰ ਉਹਦੇ ਕੋਲ ਨਹੀਂ ਸੀ ਪਹੁੰਚੀ ਕਿ ਮੀਨਾ ਕੁਮਾਰੀ ਦੇ ਅੰਤ ਵੇਲੇ ਹਸਪਤਾਲ ਦੇ ਬਿੱਲਾਂ ਦਾ ਭੁਗਤਾਨ ਕਰਨ ਲਈ ਵੀ ਕੋਈ ਮੌਜੂਦ ਨਹੀਂ ਸੀ ਤੇ ਲਾਸ਼ ਕਿੰਨੀ ਦੇਰ ਤੱਕ ਹਸਪਤਾਲ ਵਿੱਚ ਲਾਵਾਰਿਸ ਪਈ ਰਹੀ। ਵਿਮੀ ਨੂੰ ਤਾਂ ਹਸਪਤਾਲ ਤੋਂ ਸ਼ਮਸ਼ਾਨਘਾਟ ਤੱਕ ਠੇਲੇ 'ਤੇ ਲੈ ਕੇ ਜਾਣਾ ਪਿਆ ਸੀ। ਸ਼ਮਸ਼ਾਨਘਾਟ 'ਚ ਸੁਨੀਲ ਦੱਤ ਤੋਂ ਇਲਾਵਾ ਹੋਰ ਕੋਈ ਮੌਜੂਦ ਨਹੀਂ ਸੀ। ਆਪਣੇ ਸਮੇਂ ਦੀ ਖੂਬਸੂਰਤ ਅਭਿਨੇਤਰੀ ਜਿਸਦੀ ਇੱਕ ਝਲਕ ਦੇਖਣ ਲਈ ਹਜ਼ਾਰਾਂ ਲੋਕਾਂ ਦੀ ਭੀੜ ਉਮੜ ਪੈਂਦੀ ਸੀ ਅਤੇ ਜਿਸਦੇ ਪ੍ਰਸ਼ੰਸਕਾਂ ਦੀ ਗਿਣਤੀ ਫਿਲਮੀ ਦੁਨੀਆ 'ਚ ਵੀ ਘੱਟ ਨਹੀਂ ਸੀ ! ਅੰਤ ਵੇਲੇ ਉਸ ਵਿਮੀ ਨੂੰ ਦੇਖਣ ਲਈ ਵੀ ਕੋਈ ਨਹੀਂ ਸੀ ਆਇਆ। ਕਿੰਨੀ ਭਿਆਨਕ ਮੌਤ ਆਈ ਸੀ ਵਿਮੀ ਦੇ ਹਿੱਸੇ, ਪਰ ਇਹ ਫਿਲਮੀ ਦੁਨੀਆ ਹੈ ਹੀ ਐਸੀ। ਇੱਥੇ ਲੋਕ ਜਿਉਂਦੇ ਜੀਅ ਸਿਰ 'ਤੇ ਬਠਾਉਂਦੇ ਹਨ ਅਤੇ ਮਰਨ ਤੋਂ ਬਾਅਦ ਉਸ ਵੱਲ ਮੁੜ ਕੇ ਵੀ ਨਹੀਂ ਦੇਖਦੇ। ਉਹ ਜਾਣਦੀ ਤਾਂ ਇਹ ਵੀ ਹੈ ਕਿ ਜੋ ਬੰਗਲਾ ਰਾਜੇਸ਼ ਖੰਨਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਤੇ ਜਿਸਨੂੰ ਦੇਖਣ ਲਈ ਟੂਰਿਸਟ ਬੱਸ ਰੁਕਦੀ ਹੈ, ਉਹ ਬੰਗਲਾ ਕਦੇ ਭਾਰਤ ਭੂਸ਼ਣ ਦਾ ਹੁੰਦਾ ਸੀ ਜੋ ਮਰਸਡੀਜ਼ ਵਿੱਚ ਘੁੰਮਦਾ ਸੀ। ਉਹੀ ਭਾਰਤ ਭੂਸ਼ਣ ਆਖਰੀ ਪਲਾਂ 'ਚ ਕਿਰਾਏ ਦੇ ਮਕਾਨ ਵਿੱਚ ਪੈਸੇ-ਪੈਸੇ ਲਈ ਤਰਸਦਾ ਮਰਿਆ। ਅਲਬੇਲਾ ਫਿਲਮ ਨਾਲ ਰਾਤੋ ਰਾਤ ਸੁਪਰਸਟਾਰ ਬਣਿਆ ਭਗਵਾਨ ਦਾਦਾ ਵੀ ਆਪਣੀ ਖੁਸ਼ਹਾਲੀ ਅਤੇ ਸਫ਼ਲਤਾ ਨੂੰ ਸੰਭਾਲ ਨਾ ਸਕਿਆ। ਆਪਣੀ ਜ਼ਿੰਦਗੀ ਦੇ ਆਖ਼ਰੀ ਦਿਨ ਚਾਲ ਵਿਚ ਕੱਢੇ। ਜਿਸਦੀ ਮੌਤ ਦੀ ਖ਼ਬਰ ਅਖ਼ਬਾਰਾਂ ਵਿੱਚ ਦੋ ਲਾਈਨਾਂ 'ਚ ਵੀ ਪ੍ਰਕਾਸ਼ਿਤ ਨਾ ਹੋ ਸਕੀ। ਆਪਣੇ ਸਮੇਂ ਦੇ ਸਫ਼ਲ ਸਿਤਾਰੇ ਨਵੀਨ ਨਿਸ਼ਚਲ ਦੇ ਹਾਲਾਤ ਵੀ ਸਾਹਾ ਤੋਂ ਲੁਕੇ ਛਿਪੇ ਨਹੀਂ ਸਨ।

ਅੱਜ ਉਹ ਸੋਚਦੀ ਹੈ ਕਿ ਕਿਹੋ ਜਿਹੀ ਹੈ ਇਹ ਫਿਲਮੀ ਦੁਨੀਆਂ, ਜਿਥੇ ਹਰ ਕੋਈ ਦੂਜੇ ਬਾਰੇ

ਜਾਣਦਾ ਹੈ। ਸਾਰੇ ਉਤਰਾਅ-ਚੜ੍ਹਾਅ, ਚੰਗਿਆਈ ਅਤੇ ਬੁਰਿਆਈ, ਸਾਰੀਆਂ ਗੱਲਾਂ ਬਾਰੇ ਜਾਣਦਾ ਹੈ, ਪਰ ਇਹ ਨਹੀਂ ਜਾਣਦਾ ਕਿ ਇਹ ਕੁਝ ਉਸਦੇ ਨਾਲ ਵੀ ਹੋ ਸਕਦਾ ਹੈ। ਇੱਥੇ ਹਰ ਕੋਈ ਆਪਣੇ ਆਪ ਨੂੰ ਦੂਜਿਆਂ ਤੋਂ ਵੱਖਰਾ ਅਤੇ ਖਾਸ ਸਮਝਦਾ ਹੈ। ਇਉਂ ਸਮਝਦਾ ਜਿਵੇਂ ਪ੍ਰਮਾਤਮਾ ਨੇ ਉਸਨੂੰ ਵੱਖਰੇ ਤੌਰ 'ਤੇ ਕੋਈ ਖਾਸ ਈ ਬਣਾਇਆ ਹੈ। ਸੰਸਾਰ ਵਿੱਚ ਜੋ ਵੀ ਮਾੜਾ ਹੁੰਦਾ ਹੈ, ਉਹ ਦੂਜਿਆਂ ਨਾਲ ਹੁੰਦਾ ਹੈ। ਦੂਸਰੇ ਇਸੇ ਦੇ ਹੱਕਦਾਰ ਸਨ। ਉਸ ਨਾਲ ਅਜਿਹਾ ਨਹੀਂ ਹੋਵੇਗਾ। ਉਹ ਸਭ ਤੋਂ ਵੱਖਰਾ, ਖਾਸ ਤੇ ਪਰਮਾਤਮਾ ਦਾ ਪਿਆਰਾ। ਅਤੇ ਇਸਦੀ ਸਭ ਤੋਂ ਵੱਡੀ ਉਦਾਹਰਣ ਹੈ  ਰਾਜੇਸ਼ ਖੰਨਾ ਜਿਸਦੇ ਬੰਗਲੇ ਦੇ ਬਾਹਰ ਹਜ਼ਾਰਾਂ ਲੋਕਾਂ ਦੀ ਜਨੂੰਨੀ ਭੀੜ ਉਸਦੀ ਇਕ ਝਲਕ ਵੇਖਣ ਲਈ ਜੁੜੀ ਰਹਿੰਦੀ। ਕੁੜੀਆਂ ਉਸਦੀ ਚਿੱਟੀ ਕਾਰ ਨੂੰ ਐਨਾ ਚੁੰਮਦੀਆਂ ਕਿ ਉਨ੍ਹਾਂ ਦੀ ਲਿਪਸਟਿਕ ਦਾ ਰੰਗ ਕਾਰ ਨੂੰ ਚਿੱਟੀ ਤੋਂ ਲਾਲ ਕਰ ਦਿੰਦਾ। ਇੰਨੀ ਅਪਾਰ ਪ੍ਰਸਿੱਧੀ, ਅਜਿਹੀ ਬੇਅੰਤ ਸਫ਼ਲਤਾ- ਸੱਚਮੁੱਚ ਪਰਮਾਤਮਾ ਥੋੜ੍ਹੇ ਹੀ ਲੋਕਾਂ ਦੀ ਕਿਸਮਤ ਵਿੱਚ ਹੀ ਲਿਖਦਾ ਹੈ। ਅਤੇ ਫਿਰ ਰਾਜੇਸ਼ ਖੰਨਾ ਨੂੰ ਵੀ ਓਨਾ ਹੀ ਵੱਡਾ ਖਲਾਅ, ਡੂੰਘੀ ਅਤੇ ਡਰਾਉਣੀ ਇਕੱਲਤਾ ਝੱਲਣੀ ਪਈ। ਜਿਸਦੇ ਜਨਮ ਦਿਨ 'ਤੇ ਦੇਸ਼ ਭਰ 'ਚ ਪ੍ਰਸ਼ੰਸਕ ਕੇਕ ਕੱਟਦੇ ਸਨ। ਬੰਗਲੇ ਵਿਚ ਜਸ਼ਨ ਹੁੰਦਾ। ਦੇਰ ਰਾਤ ਤੱਕ ਪਾਰਟੀ ਚੱਲਦੀ। ਆਖਰੀ ਅਤੇ ਡਰਾਉਣੇ ਦਿਨਾਂ ਵਿੱਚ ਉਸੇ ਰਾਜੇਸ਼ ਖੰਨਾ ਨੂੰ ਉਸਨੇ ਪੱਬ ਦੇ ਇਕਾਂਤ ਕੋਨੇ ਵਿੱਚ ਇਕੱਲੇ ਬੈਠ ਕੇ ਸ਼ਰਾਬ ਪੀਂਦਿਆਂ ਦੇਖਿਆ ਸੀ। ਪਰ ਇਹ ਦੁਨੀਆਂ ਹੀ ਐਹੋ ਜਿਹੀ ਹੈ। ਇੱਥੇ ਕੋਈ ਕਿਸੇ ਤੋਂ ਸਬਕ ਨਹੀਂ ਸਿਖਦਾ। ਹਰ ਕੋਈ ਕਾਮਯਾਬੀ ਨੂੰ ਪੂਰੇ ਜੋਸ਼, ਬੇਰਹਿਮੀ, ਹੰਕਾਰ ਤੇ ਦੰਭ ਨਾਲ ਜਿਉਣਾ ਅਤੇ ਭੋਗਣਾ ਚਾਹੁੰਦਾ ਹੈ। ਭੋਗ ਇੱਥੋਂ ਦਾ ਪਹਿਲਾ ਅਤੇ ਆਖਰੀ ਜੀਵਨ ਮੰਤਰ ਅਤੇ ਜੀਵਨ ਮੁੱਲ ਹੈ।

ਉਹ ਉੱਠ ਕੇ ਅੰਦਰ ਆ ਗਈ। ਪਿੱਠ ਪਿੱਛੇ ਸਿਰਹਾਣਾ ਲਾ ਕੇ  ਅਧਲੇਟੀ ਜਿਹੀ ਹੋ ਗਈ। ਟੈਲੀਵਿਜ਼ਨ ਚਾਲੂ ਕੀਤਾ ਅਤੇ ਨੈੱਟਫਲਿਕਸ 'ਤੇ ਫੇਰ ਤੋਂ ਹਜ਼ਾਰਵੀਂ ਵਾਰ ਆਪਣੀ ਪੁਰਾਣੀ ਫਿਲਮ ਦੇਖਣੀ ਸ਼ੁਰੂ ਕਰ ਦਿੱਤੀ। ਇਸ ਫਿਲਮ ਦੀ ਜ਼ਿਆਦਾਤਰ ਸ਼ੂਟਿੰਗ ਸਵਿਟਜ਼ਰਲੈਂਡ 'ਚ ਹੋਈ ਸੀ। ਜਿਹੜਾ ਗੀਤ ਦੇਖ ਰਹੀ ਸੀ, ਉਸਦੀ ਸ਼ੂਟਿੰਗ ਦੌਰਾਨ ਇੰਨੀ ਠੰਡ ਸੀ ਕਿ ਉਸਨੂੰ ਹਰ ਸ਼ਾਟ ਤੋਂ ਬਾਅਦ ਰਮ ਪੀਣੀ ਪੈ ਰਹੀ ਸੀ ਪਰ ਮਜ਼ਬੂਰੀ ਇਹ ਸੀ ਕਿ ਉਸਨੂੰ ਪਤਲੇ ਬਲਾਊਜ਼ ਅਤੇ ਸ਼ਿਫਾਨ ਦੀ ਸਾੜੀ 'ਚ ਸ਼ੂਟ ਕਰਨਾ ਪੈਂਦਾ ਸੀ। ਹੀਰੋ ਦੀ ਅਜਿਹੀ ਕੋਈ ਮਜਬੂਰੀ ਨਹੀਂ ਸੀ। ਉਸਨੇ ਜ਼ੀਨ, ਜਰਸੀ, ਜੈਕੇਟ ਅਤੇ ਬੂਟ ਪਾਏ ਹੋਏ ਸਨ। ਕਰੀਮ ਰੰਗ ਦੀ ਸ਼ਿਫਾਨ ਦੀ ਸਾੜ੍ਹੀ ਅਤੇ ਮੈਚਿੰਗ ਬਲਾਊਜ਼। ਆਪਣੇ ਆਪ ਨੂੰ ਪਰਦੇ 'ਤੇ ਦੁਬਾਰਾ ਦੇਖ ਕੇ ਹੈਰਾਨ ਰਹਿ ਗਈ। ਕਿੰਨੀ ਖ਼ੂਬਸੂਰਤ ਸੀ ! ਹੈਰਾਨੀਜਨਕ ਖ਼ੂਬਸੂਰਤੀ। ਕਾਮਯਾਬੀ ਨਾਲ ਦੇਹ ਦੀ ਖ਼ੂਬਸੂਰਤੀ ਜਿਵੇਂ ਹੋਰ ਵੀ ਨਿਖਰ ਗਈ। ਫਿਰ ਉਸਦੀ ਅਦਾਕਾਰੀ ਵਿਚ ਜਿਸਮ ਸ਼ਾਮਲ ਹੋ ਗਿਆ। ਉਹ ਸਵਿਟਜ਼ਰਲੈਂਡ ਦੀਆਂ ਖ਼ੂਬਸੂਰਤ ਵਾਦੀਆਂ ਵਿੱਚ ਚਿੱਟੀ ਤੇ ਠੰਢੀ ਬਰਫ਼ ਉੱਤੇ ਆਪਣੇ ਤਪਦੇ ਜਿਸਮ ਦੀ ਭਾਸ਼ਾ ਨਾਲ ਸਫ਼ਲਤਾ ਦੀ ਕਹਾਣੀ ਲਿਖ ਰਹੀ ਸੀ। ਸਾਹਾ ਨੂੰ ਕੀ ਪਤਾ, ਜਿਹੜੀਆਂ ਅਭਿਨੇਤਰੀਆਂ ਸੁੰਦਰਤਾ ਅਤੇ ਜਿਸਮ ਨੂੰ ਸਫ਼ਲਤਾ ਦਾ ਸਮਾਨਾਰਥੀ ਮੰਨਦੀਆਂ ਨੇ, ਉਹਨਾਂ ਦੀ ਅਸਫ਼ਲਤਾ ਦੀ ਕਹਾਣੀ ਵੀ ਢਲਦੀ ਉਮਰ 'ਚ ਇਹੀ ਦੇਹ ਲਿਖਦੀ ਹੈ।

ਸਾਹਾ ਨੂੰ ਯਾਦ ਆਇਆ। ਸਵਿਟਜ਼ਰਲੈਂਡ 'ਚ ਇਸੇ ਗੀਤ ਦੇ ਫਿਲਮਾਂਕਣ ਤੋਂ ਬਾਅਦ, ਸ਼ਾਮ ਨੂੰ ਜਦੋਂ ਉਹ ਹੋਟਲ ਵਾਪਸ ਆਏ ਸਨ ਤਾਂ ਹੀਰੋ ਅਤੇ ਨਿਰਦੇਸ਼ਕ ਵਿਚਾਲੇ ਝਗੜਾ ਹੋ ਗਿਆ। ਦੋਵੇਂ ਨਸ਼ੇ 'ਚ ਸਨ। ਦੋਵੇਂ ਉਸਦੇ ਕਮਰੇ 'ਚ ਆਉਣਾ ਚਾਹੁੰਦੇ ਸਨ। ਪਹਿਲਾਂ ਕੌਣ, ਇਸ

ਗੱਲ ਨੂੰ ਲੈ ਕੇ ਝਗੜਾ ਵਧ ਗਿਆ ਤਾਂ ਉਸਨੇ ਡਰ ਕੇ ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ ਸੀ। ਬਹੁਤ ਬਾਅਦ ਵਿੱਚ ਜਾ ਕੇ ਤਾਂ ਉਹ ਅਜਿਹੀਆਂ ਸਥਿਤੀਆਂ ਨੂੰ ਸੰਭਾਲਣਾ ਸਿੱਖ ਗਈ ਸੀ। ਨਿਰਦੇਸ਼ਕ ਅਤੇ ਨਾਇਕ ਵਿੱਚੋਂ ਜੋ ਵੀ ਉਸਨੂੰ ਵੱਡੀ ਫ਼ਿਲਮ ਦਿਵਾਉਣ ਦੇ ਸਮਰੱਥ ਹੁੰਦਾ, ਉਸ ਲਈ ਕਮਰੇ ਦਾ ਬੂਹਾ ਖੁੱਲ੍ਹ ਜਾਂਦਾ। ਭਾਵੇਂ ਕਿਸੇ ਹੀਰੋਇਨ ਦੀਆਂ ਫਿਲਮਾਂ ਨੂੰ ਲਗਾਤਾਰ ਸਫ਼ਲਤਾ ਮਿਲ ਰਹੀ ਹੋਵੇ ਤਾਂ ਵੀ ਅਜਿਹੀ ਸਥਿਤੀ ਤੋਂ ਬਚਣਾ ਮੁਸ਼ਕਿਲ ਹੈ। ਅਸਫ਼ਲਤਾ ਦਾ ਭੈਅ, ਵੱਡੀ ਫਿਲਮ ਮਿਲਣ ਦੀ ਸੰਭਾਵਨਾ 'ਚ ਅਗਲੇ ਸਮਝੌਤੇ ਲਈ ਤਿਆਰ ਕਰ ਦਿੰਦਾ ਹੈ।

ਉਸਨੂੰ ਛੇਤੀ ਅਹਿਸਾਸ ਨਹੀਂ ਸੀ ਹੋਇਆ ਕਿ ਜਿਸਮ ਤੋਂ ਵੱਧ ਤੋਤਾ ਚਸ਼ਮ ਹੋਰ ਕੁਝ ਨਹੀਂ ਹੁੰਦਾ। ਪਰ ਫਿਰ ਵੀ ਉਸਨੇ ਦੇਹ ਅਤੇ ਖ਼ੂਬਸੂਰਤੀ ਦੀ ਬੇਰਹਿਮੀ ਦਾ ਅੰਦਾਜ਼ਾ ਲਾ ਹੀ ਲਿਆ ਸੀ। ਉਮਰ ਹੌਲੀ-ਹੌਲੀ ਉਸਦੀ ਖ਼ੂਬਸੂਰਤੀ ਅਤੇ ਦੇਹ ਨੂੰ ਬੇਰਹਿਮੀ ਦਾ ਪਾਠ ਪੜ੍ਹਾ ਰਹੀ ਸੀ – ਠੀਕ ਉਹਦੇ ਸਾਹਮਣੇ ਪਰ ਉਹ ਵੇਖਣ ਦੇ ਸਮਰੱਥ ਹੀ ਨਹੀਂ ਸੀ।

ਗਾਣਾ ਖਤਮ ਹੋਇਆ ਅਤੇ ਦੂਜੇ ਅਦਾਕਾਰਾਂ ਦੇ ਸੀਨ ਸ਼ੁਰੂ ਹੋਏ ਤਾਂ ਉਸ ਨੇ ਟੈਲੀਵਿਜ਼ਨ ਬੰਦ ਕਰ ਦਿੱਤਾ। ਸ਼ਾਮ ਉਸਦੀ ਇਜਾਜ਼ਤ ਅਤੇ ਮਰਜ਼ੀ ਤੋਂ ਬਿਨਾਂ ਕਮਰੇ ਵਿਚ ਆ ਗਈ ਸੀ।

ਕੁਝ ਸਾਲ ਪਹਿਲਾਂ ਇਸੇ ਇਕੱਲੇਪਣ ਦੀ ਸਨਕ 'ਚ ਹੀ ਉਹ ਮਸ਼ਹੂਰ ਅਦਾਕਾਰਾ ਸਾਧਨਾ ਨੂੰ ਮਿਲਣ ਚਲੀ ਗਈ ਸੀ। ਇਹ ਗੱਲ ਜਾਣਨ ਦੇ ਬਾਵਜੂਦ ਕਿ ਸਾਧਨਾ ਹੁਣ ਫਿਲਮਾਂ 'ਚ ਕੰਮ ਨਹੀਂ ਕਰਦੀ, ਉਹ ਫੋਨ 'ਤੇ ਮੁਲਾਕਾਤ ਦਾ ਵਕਤ ਲੈ ਕੇ ਗਈ ਸੀ। ਪਤੀ ਆਰ ਕੇ ਨਈਅਰ ਦੀ ਮੌਤ ਤੋਂ ਬਾਅਦ ਸਾਧਨਾ ਨੇ ਆਪਣਾ ਪ੍ਰੋਡਕਸ਼ਨ ਹਾਊਸ ਵੀ ਬੰਦ ਕਰ ਦਿੱਤਾ ਸੀ। ਪਰ ਇਹ ਮਹਾਂਨਗਰੀ ਸੱਭਿਆਚਾਰ ਹੈ। ਇਕੱਲੇ ਜਾਂ ਸੇਵਾਮੁਕਤ ਵਿਅਕਤੀ ਨੂੰ ਮਿਲਣ ਲਈ ਵੀ ਸਮਾਂ ਤੈਅ ਕਰਕੇ ਜਾਣਾ ਪੈਂਦਾ। ਜਦੋਂ ਉਹ ਸਾਧਨਾ ਦੇ ਘਰ ਪਹੁੰਚੀ ਤਾਂ ਉਸਨੂੰ ਕੋਈ ਅਚਰਜ ਨਾ ਹੋਇਆ ਕਿ ਸਾਧਨਾ ਉਸਦੀ ਉਡੀਕ ਨਹੀਂ ਸੀ ਕਰ ਰਹੀ। ਘੱਟੋ-ਘੱਟ ਜ਼ਾਹਰ ਉਸਨੇ ਅਜਿਹਾ ਹੀ ਕੀਤਾ। ਪਰ ਉਹ ਜਾਣਦੀ ਸੀ ਕਿ ਸਾਧਨਾ ਉਸਦੀ ਉਡੀਕ ਕਰ ਰਹੀ ਹੈ। ਉਸਦਾ ਲੋੜੋਂ ਵੱਧ ਕੀਤਾ ਮੇਕਅੱਪ ਇਸਦਾ ਸਬੂਤ ਸੀ। ਫਿਲਮਾਂ ਵਾਲੀਆਂ ਔਰਤਾਂ ਨਾਲ ਅਜਿਹਾ ਹੀ ਹੁੰਦਾ ਹੈ। ਚਾਹੇ ਉਨ੍ਹਾਂ ਨੇ ਕਿਸੇ ਪਾਰਟੀ 'ਚ ਜਾਣਾ ਹੋਵੇ, ਚਾਹੇ ਕੋਈ ਉਨ੍ਹਾਂ ਨੂੰ ਘਰ ਮਿਲਣ ਆ ਰਿਹਾ ਹੋਵੇ, ਚਾਹੇ ਕੋਈ ਕਿੰਨਾ ਵੀ ਕਰੀਬੀ ਹੋਵੇ, ਬਗੈਰ ਮੇਕਅੱਪ ਅਤੇ ਸ਼ਿੰਗਾਰ ਤੋਂ ਕਿਸੇ ਨੂੰ ਨਹੀਂ ਮਿਲਦੀਆਂ। ਮੇਕਅੱਪ ਉਹਨਾਂ ਦਾ ਲੋੜ ਤੋਂ ਵੱਧ ਅਡਿਕਸ਼ਨ ਹੋ ਗਿਆ ਹੈ। ਢਲਦੀ ਉਮਰ ਦੀਆਂ ਫਿਲਮੀ ਅਭਿਨੇਤਰੀਆਂ ਹਰ ਵਾਰ ਸ਼ੀਸ਼ੇ ਤੋਂ ਇਹ ਉਮੀਦ ਕਰਦੀਆਂ ਹਨ ਕਿ ਅੱਜ ਸ਼ਾਇਦ ਉਹਨਾਂ ਦੀ ਉਮਰ ਬਾਰੇ ਝੂਠ ਹੀ ਬੋਲ ਦੇਵੇ। ਪਰ ਜਿਹੜੇ ਸ਼ੀਸ਼ੇ ਜਾਦੂਗਰਨੀਆਂ ਅਤੇ ਰਾਣੀਆਂ ਨੂੰ ਝੂਠ ਨਹੀਂ ਬੋਲੇ, ਉਹ ਪੱਕੜ ਅਤੇ ਲਗਪਗ ਜਾਇਦਾਦ ਵਿਹੀਣ ਅਭਿਨੇਤਰੀਆਂ ਨਾਲ ਝੂਠ ਕਿਉਂ ਬੋਲਣ?

ਦਰਮਿਆਨੇ ਕੱਦ ਵਾਲੀ ਅਧਖੜ ਉਮਰ ਦੀ ਔਰਤ, ਜੋ ਸ਼ਾਇਦ ਘਰ ਦੇ ਕੰਮਕਾਜ ਕਰਦੀ ਸੀ, ਕੌਫੀ ਬਣਾ ਕੇ ਲੈ ਆਈ। ਇਸ ਉਮਰ ਵਿੱਚ ਆ ਕੇ ਫਿਲਮ ਅਭਿਨੇਤਰੀ ਹੀ ਨਹੀਂ, ਕੋਈ ਵੀ ਔਰਤ ਕਿਸੇ ਮੁਟਿਆਰ ਨੂੰ ਘਰ 'ਚ ਬਰਦਾਸ਼ਤ ਨਹੀਂ ਕਰਦੀ। ਸ਼ਾਇਦ ਹੀਣਤਾ ਦਾ ਅਹਿਸਾਸ ਹਮੇਸ਼ਾ ਬਣਿਆ ਰਹਿੰਦਾ ਹੈ। ਉਹ ਸਾਧਨਾ ਵੱਲ ਦੇਖਣ ਲੱਗੀ। ਘਰ ਅੰਦਰ ਵੀ ਉਸਨੇ ਅੱਖਾਂ 'ਤੇ ਵੱਡੇ-ਵੱਡੇ ਸ਼ੇਡਜ਼ ਲਾਏ ਹੋਏ ਸਨ। ਉਸਨੂੰ ਮਨ ਹੀ ਮਨ ਅਫ਼ਸੋਸ ਹੋਇਆ ਕਿ ਸਾਧਨਾ ਨੂੰ ਅੱਖਾਂ ਦੀ ਉਸ ਬਿਮਾਰੀ ਲਈ ਅਮਰੀਕਾ ਜਾਣਾ ਪਿਆ ਜੋ ਅੱਜਕੱਲ੍ਹ ਦੋ ਰੁਪਏ ਦੇ ਮਾਮੂਲੀ ਆਈ ਡਰੋਪਸ ਨਾਲ ਠੀਕ ਹੋ ਜਾਂਦੀ ਹੈ। ਇਲਾਜ ਦੇ ਨਤੀਜੇ ਵਜੋਂ ਮੁੜਨਾ ਉਸਨੂੰ ਉਥੋਂ ਵੀ ਖਰਾਬ ਅੱਖਾਂ

ਨਾਲ ਹੀ ਪਿਆ। ਉਸ ਸਮੇਂ ਦੌਰਾਨ ਖਾਧੀਆਂ ਦਵਾਈਆਂ ਦੇ ਮਾੜੇ ਪ੍ਰਭਾਵ ਕਾਰਨ ਭਾਰ ਵਧਣ ਲੱਗਾ। ਖ਼ਰਾਬ ਅੱਖਾਂ ਅਤੇ ਵਧੇ ਭਾਰ ਕਾਰਨ ਉਸਨੇ ਬਾਹਰ ਨਿਕਲਣਾ ਬੰਦ ਕਰ ਦਿੱਤਾ ਸੀ। ਨਾ ਕਿਸੇ ਪਾਰਟੀ ਵਿੱਚ, ਨਾ ਕਿਸੇ ਸਮਾਗਮ ਵਿੱਚ। ਸਾਧਨਾ ਨੇ ਖ਼ੁਦ ਨੂੰ ਘਰ 'ਚ ਪੂਰੀ ਤਰ੍ਹਾਂ ਬੰਦ ਕਰ ਲਿਆ ਸੀ। ਉਹ ਪ੍ਰਸ਼ੰਸਕਾਂ ਅਤੇ ਪੁਰਾਣੇ ਦਰਸ਼ਕਾਂ ਦੀ ਸਿਮਰਤੀ ਵਿੱਚ ਉਸੇ ਪੁਰਾਣੇ ਰੂਪ ਅਤੇ ਸੁੰਦਰਤਾ ਨਾਲ ਮੌਜੂਦ ਰਹਿਣਾ ਚਾਹੁੰਦੀ ਸੀ। ਸਾਹਾ ਨੂੰ ਆਰਜ਼ੂ ਅਤੇ ਮੇਰੇ ਮਹਿਬੂਬ ਦੀ ਸਾਧਨਾ ਯਾਦ ਆਈ। ਸੁੰਦਰਤਾ ਅਤੇ ਦੇਹੀ ਦੀ ਅਜਿਹੀ ਬਣਤਰ ਨੂੰ ਯਾਦ ਕੀਤਾ ਜਿਸ ਨੇ ਰਾਤੋ ਰਾਤ ਹਜ਼ਾਰਾਂ ਫਿਲਮ ਪ੍ਰੇਮੀਆਂ ਦੇ ਸੁਪਨੇ ਬਦਲ ਦਿੱਤੇ ਸਨ। ਇੱਛਾਵਾਂ ਨੂੰ ਵਿਕਾਰਾਂ ਵਿੱਚ ਬਦਲਿਆ। ਉਸੇ ਸਾਧਨਾ ਨੂੰ ਇਸ ਰੂਪ ਵਿਚ ਸਾਹਮਣੇ ਬੈਠੀ ਦੇਖ ਕੇ ਉਹਨੂੰ ਧੱਕਾ ਲੱਗਾ। ਫਿਰ ਵੀ ਉਸਨੇ ਖੁਦ ਨੂੰ ਤਸੱਲੀ ਦਿੱਤੀ ਕਿ ਸਾਧਨਾ ਦੀ ਇਹ ਹਾਲਤ ਉਸਦੀ ਬਿਮਾਰੀ ਦੌਰਾਨ ਇਲਾਜ 'ਚ ਹੋਈ ਗੜਬੜੀ ਕਰਕੇ ਹੈ। ਉਹ ਖੁਦ ਬਿਲਕੁਲ ਤੰਦਰੁਸਤ ਹੈ।

ਦੋਵੇਂ ਕੁਝ ਦੇਰ ਚੁੱਪਚਾਪ ਕੌਫੀ ਪੀਂਦੀਆਂ ਰਹੀਆਂ। ਫਿਰ ਸਾਧਨਾ ਨੇ ਪੁੱਛਿਆ, "ਕਿਤੇ ਆਉਂਨੀ ਜਾਨੀ ਏਂ? ਮੇਲ ਮਿਲਾਪ ਹੁੰਦਾ ਕਿਸੇ ਨਾਲ ?"

ਸਾਹਾ ਪੁੱਛਣਾ ਤਾਂ ਚਾਹੁੰਦੀ ਸੀ ਕਿ ਕਿਸਨੂੰ ਮਿਲੇ, ਪਰ ਇਹ ਪੁੱਛਣ ਦੀ ਬਜਾਏ ਦੂਸਰਾ ਹੀ ਜਵਾਬ ਦਿੱਤਾ– "ਬਿਮਾਰੀ ਕਿਤੇ ਜਾਣ ਆਉਣ ਹੀ ਨਹੀਂ ਦਿੰਦੀ। ਇਕ ਅੱਧ ਵਾਰ ਵਹੀਦਾ ਰਹਿਮਾਨ ਜੀ ਅਤੇ ਆਸ਼ਾ ਪਾਰੇਖ ਜੀ ਨੂੰ ਮਿਲੀ ਸਾਂ। ਅਤੇ ਹਾਂ, ਹੈਲਨ ਜੀ ਨੂੰ ਵੀ ਮਿਲੀ ਸਾਂ। ਉਹਨਾਂ ਦਾ ਇਕ ਆਪਣਾ ਗਰੁੱਪ ਹੈ। ਮਿਲਦੀਆਂ ਨੇ ਇਕ ਦੂਜੀ ਨੂੰ ਕਈ ਵਾਰ ਮਿਲਦੀਆਂ ਨੇ, ਕਿਤੇ ਬਾਹਰ ਅੰਦਰ ਘੁੰਮਣ ਜਾਂਦੀਆਂ ਨੇ।" ਕਹਿੰਦਿਆਂ ਉਸਨੂੰ ਯਾਦ ਆਇਆ ਕਿ ਇੱਕ ਵਾਰ ਮਿਲਣ 'ਤੇ ਵਹੀਦਾ ਜੀ ਨੇ ਉਸਨੂੰ ਕਿਹਾ ਸੀ, "ਬੀਤੇ ਹੋਏ ਕੱਲ੍ਹ ਤੋਂ ਮੁਕਤ ਹੋਵੋ। ਅੱਜ ਵਿੱਚ ਜਿਉਣ ਦੀ ਕੋਸ਼ਿਸ਼ ਕਰੋ। ਜੋ ਅੱਜ ਹੈ, ਉਹੀ ਸੱਚ ਹੈ।" ਪਰ ਉਸਨੂੰ ਇਹ ਬਹੁਤ ਔਖਾ ਲੱਗਿਆ ਸੀ–ਅਤੀਤ ਤੋਂ ਮੁਕਤ ਹੋਣਾ। ਖਾਸ ਤੌਰ 'ਤੇ ਇੱਕ ਫਿਲਮ ਅਦਾਕਾਰਾ ਲਈ। ਉਸਨੇ ਇਹ ਗੱਲ ਸਾਧਨਾ ਨੂੰ ਦੱਸੀ ਤਾਂ ਉਸਨੇ ਵੀ ਸਹਿਮਤੀ 'ਚ ਧੌਣ ਹਿਲਾਈ ਸੀ। ਫਿਰ ਕੁਝ ਦੇਰ ਸੋਚਣ ਤੋਂ ਬਾਅਦ ਕਿਹਾ, "ਜੇ ਇਕੱਲਤਾ ਨੂੰ ਸਹੀ ਢੰਗ ਨਾਲ ਰੁਝੇਵੇਂ 'ਚ ਅਤੇ ਸੰਤੁਲਿਨ 'ਚ ਕਰ ਲਿਆ ਜਾਵੇ ਤਾਂ ਇਕੱਲਤਾ ਵੀ ਸੁਖ ਦਿੰਦੀ ਹੈ।"

ਸਾਹਾ ਨੂੰ ਲੱਗਾ ਕਿ ਇਹ ਹੋਰ ਵੀ ਔਖਾ ਕੰਮ ਸੀ। ਉਹ ਕੌਫ਼ੀ ਦਾ ਪਿਆਲਾ ਹੇਠਾਂ ਰੱਖਦਿਆਂ ਬੋਲੀ, "ਵਰਤਮਾਨ ਨੂੰ ਜਿਉਂਇਆ ਜਾ ਸਕਦਾ ਹੈ, ਪਰ ਇਸ ਤੋਂ ਸੁੱਖ ਦੀ ਪ੍ਰਾਪਤੀ ਇੱਕ ਅਰਥਹੀਣ ਸੋਚ ਹੈ।"

"ਅਰਥਹੀਣ ਤਾਂ ਨਹੀਂ, ਪਰ ਔਖਾ ਕੰਮ ਐ। ਪਰ ਇੱਕ ਵਾਰ ਸਾਧ ਲਵੇਂਗੀ ਤਾਂ ਅੱਗੇ ਦੀ ਜ਼ਿੰਦਗੀ ਕਾਫੀ ਹੱਦ ਤੱਕ ਬਿਹਤਰ ਹੋ ਜਾਵੇਗੀ।" ਕਹਿ ਕੇ ਸਾਧਨਾ ਨੇ ਉਸ ਵੱਲ ਦੇਖਿਆ ਅਤੇ ਫਿਰ ਸੋਫੇ ਨਾਲ ਢੋਅ ਲਾ ਲਈ। ਸਾਹਾ ਨੇ ਮਹਿਸੂਸ ਕੀਤਾ ਕਿ ਇਨ੍ਹਾਂ ਬੁੱਢੀਆਂ ਨੇ ਉਦਾਸੀ ਅਤੇ ਇਕੱਲੇਪਣ ਤੋਂ ਬਾਹਰ ਨਿਕਲਣ ਲਈ ਅਜਿਹੇ ਨਿੱਜੀ ਟੋਟਕਿਆਂ ਦੀ ਕਾਢ ਕੱਢ ਲਈ ਹੈ। ਹੋ ਸਕਦਾ ਇਹਨਾਂ ਨੂੰ ਇਸ ਤੋਂ ਕੁੱਝ ਲਾਭ ਮਿਲਦਾ ਹੋਵੇ ਪਰ ਆਪਣੇ ਲਈ ਉਸਨੂੰ ਇਹ ਅਸਹਿਜ ਲੱਗਿਆ। ਦੋਵੇਂ ਕਾਫੀ ਦੇਰ ਤੱਕ ਗੱਲਾਂ ਕਰਦੀਆਂ ਰਹੀਆਂ। ਦੇਰ ਰਾਤ ਗਈ ਉਹ ਆਪਣੇ ਘਰ ਪਰਤੀ।

ਕਿੰਨਾ ਸਮਾਂ ਬੀਤਿਆ ਹੋਵੇਗਾ! ਕੁਝ ਮਹੀਨੇ ਜਾਂ ਕੁਝ ਜਿਆਦਾ। ਖ਼ਬਰ ਮਿਲੀ ਕਿ ਸਾਧਨਾ

ਦੀ ਮੌਤ ਹੋ ਗਈ ਹੈ। ਸਾਹਾ ਨੂੰ ਦੁੱਖ ਨਾ ਹੋਇਆ। ਹੈਰਾਨੀ ਦਾ ਇੱਕ ਛੋਟਾ ਜਿਹਾ ਭਿੱਜਿਆ ਹੋਇਆ ਅਹਿਸਾਸ। ਝੂਠ ਬੋਲ ਰਹੀ ਸੀ ਸਾਧਨਾ ਕਿ ਇਕੱਲਤਾ ਸੁੱਖ ਦਿੰਦੀ ਹੈ। ਇਕੱਲਤਾ ਮੌਤ ਦੀ ਉਡੀਕ ਵਧਾ ਦਿੰਦੀ ਹੈ। ਮੌਤ ਇਸ ਹੱਦ ਤੱਕ ਅਨਿਸ਼ਚਿਤ ਹੈ ਕਿ ਅਗਲੀ ਬੁਰਕੀ ਖਾਣ, ਅਗਲਾ ਪੈਰ ਚੁੱਕਣ, ਅਗਲੀ ਚਿੱਠੀ ਲਿਖਣ ਅਤੇ ਅਗਲਾ ਪ੍ਰੇਮ ਕਰਨ ਤੋਂ ਪਹਿਲਾਂ ਵਿਅਕਤੀ ਸਮਝ ਹੀ ਨਹੀਂ ਪਾਉਂਦਾ ਕਿ ਉਸਦਾ ਅਗਲਾ ਕਦਮ ਤਾਂ ਮੌਤ ਦੇ ਵਿਹੜੇ 'ਚ ਹੈ। ਅਗਲੀ ਚਿੱਠੀ ਮੌਤ ਨੂੰ ਲਿਖੀ ਜਾ ਰਹੀ ਹੈ। ਅਗਲਾ ਪਿਆਰ ਮੌਤ ਨਾਲ ਹੋਣਾ ਹੈ। ਵੱਡੇ ਤੋਂ ਵੱਡਾ ਡਾਕਟਰ ਵੀ ਮੌਤ ਦੀ ਨਿਸ਼ਚਿਤ ਤਾਰੀਕ ਅਤੇ ਸਮਾਂ ਨਹੀਂ ਦੱਸ ਸਕਦਾ। ਮੌਤ ਦੀ ਅਟੱਲਤਾ ਬਾਰੇ ਸਾਰੀਆਂ ਘੋਸ਼ਣਾਵਾਂ ਦੇ ਬਾਵਜੂਦ ਅਤੇ ਸੱਚ ਨੂੰ ਜਾਣਨ ਤੇ ਸਮਝਣ ਦੇ ਬਾਵਜੂਦ। ਮੌਤ ਦੇ ਸੱਚ ਨੂੰ ਸਮਝਣ ਦੇ ਸਾਰੇ ਐਲਾਨ ਝੂਠੇ ਹਨ। ਸਾਰੇ ਡਾਕਟਰ, ਸਾਰੇ ਜੋਤਸ਼ੀ ਅਤੇ ਸਾਰੇ ਸਾਧੂ-ਸੰਤ ਮੌਤ ਦੇ ਸੱਚ ਅੱਗੇ ਢਹਿ ਢੇਰੀ ਹਨ: ਮੌਤ ਦੀ ਜਿੱਤ ਤੋਂ ਪਾਰ ਕੋਈ ਜਿੱਤ ਨਹੀਂ ਹੈ। ਕੋਈ ਲੜਾਈ ਨਹੀਂ।

ਦਿਨ ਬੀਤ ਰਹੇ ਸਨ। ਉਹ ਦਿਨ ਕੱਟ ਰਹੀ ਸੀ ਅਤੇ ਇਕੱਲਾਪਨ ਉਸਦੀ ਉਮਰ ਨੂੰ ਕੁਤਰ ਰਿਹਾ ਸੀ, ਜਿਸਦੀ ਉਸਨੂੰ ਖ਼ਬਰ ਨਹੀਂ ਸੀ। ਅਤੀਤ ਦਾ ਮੋਹ ਬੀਤ ਰਹੀ ਉਮਰ ਨੂੰ ਦੇਖਣ ਹੀ ਨਹੀਂ ਦਿੰਦਾ। ਉਮਰ ਲੰਘ ਰਹੀ ਸੀ। ਦਰਅਸਲ ਇਹ ਮੌਤ ਹੈ ਜੋ ਉਮਰ ਨੂੰ ਹਰਾ ਕੇ ਅੱਗੇ ਵੱਧ ਰਹੀ ਸੀ। ਬੀਤ ਰਹੀ ਉਮਰ ਮੌਤ ਦੀ ਜਿੱਤ ਹੈ।

ਬਹੁਤ ਖਾਲੀ ਸਮਾਂ ਸੀ ਉਸ ਕੋਲ। ਇੰਨਾ ਖਾਲੀ ਕਿ ਇਸ 'ਚ ਭਰਨ ਲਈ ਉਸ ਕੋਲ ਕੁਝ ਵੀ ਨਹੀਂ ਸੀ। ਉਹ ਆਪਣੀਆਂ ਪੁਰਾਣੀਆਂ ਫ਼ਿਲਮਾਂ ਦੇਖਦੀ ਰਹਿੰਦੀ। ਇਹ ਉਸਦਾ ਪਸੰਦੀਦਾ ਕੰਮ ਸੀ। ਉਹ ਆਪਣੀਆਂ ਪੁਰਾਣੀਆਂ ਫਿਲਮਾਂ ਵਿੱਚ ਆਪਣੇ ਆਪ ਨੂੰ ਦੇਖ ਕੇ ਮੰਤਰ ਮੁਗਧ ਹੋ ਜਾਂਦੀ। ਆਪਣੇ ਆਪ 'ਤੇ ਮੋਹਿਤ ਹੋਣਾ ਉਸਨੂੰ ਚੰਗਾ ਚੰਗਾ ਲੱਗਦਾ। ਅਕਸਰ ਸ਼ਾਮ ਨੂੰ ਆ ਕੇ ਬਾਲਕੋਨੀ 'ਚ ਬੈਠ ਜਾਂਦੀ ਅਤੇ ਦੂਰ ਸਮੁੰਦਰ ਵੱਲ ਦੇਖਦੀ ਰਹਿੰਦੀ। ਇਹ ਉਸਦਾ ਦੂਜਾ ਪਸੰਦੀਦਾ ਕੰਮ ਸੀ। ਇਮਾਰਤ ਦੇ ਸਾਹਮਣੇ ਇਕ ਸੜਕ ਸੀ। ਸੜਕ ਕਿਨਾਰੇ ਥੋੜ੍ਹੀ ਦੂਰ ਤੱਕ ਕੰਕਰੀਟ ਦੀ ਕੰਧ ਬਣੀ ਸੀ। ਕੁਝ ਲੜਕੇ- ਲੜਕੀਆਂ ਤੇ ਜੋੜੇ ਇਸ 'ਤੇ ਬੈਠ ਜਾਂਦੇ। ਕੁਝ ਕੰਧ ਦੇ ਦੂਜੇ ਪਾਸੇ ਚੱਟਾਨਾਂ 'ਤੇ ਬੈਠਦੇ। ਕੁੜੀਆਂ ਮੁੰਡਿਆਂ ਦੇ ਮੋਢਿਆਂ ਤੇ ਸਿਰ ਰੱਖ ਕੇ ਬੈਠ ਜਾਂਦੀਆਂ ਤੇ ਸਾਹਮਣੇ ਸਮੁੰਦਰ ਵੱਲ ਦੇਖਦੀਆਂ ਰਹਿੰਦੀਆਂ। ਕੁਝ ਮੁੰਡੇ ਕੁੜੀਆਂ ਦੇ ਮੋਢਿਆਂ 'ਤੇ ਸਿਰ ਰੱਖ ਲੈਂਦੇ ਸਨ। ਪਤਾ ਨਹੀਂ ਕਿਹੜੀਆਂ ਗੱਲਾਂ ਕਰਦੇ! ਸ਼ਾਮ ਖ਼ਤਮ ਹੋ ਜਾਂਦੀ, ਪਰ ਉਨ੍ਹਾਂ ਦੀ ਗੱਲਬਾਤ ਕਦੇ ਖ਼ਤਮ ਨਾ ਹੁੰਦੀ। ਉਸਨੂੰ ਇਹ ਦ੍ਰਿਸ਼ ਬਹੁਤ ਚੰਗਾ ਲੱਗਦਾ ਸੀ। ਉਸਦੀ ਜ਼ਿੰਦਗੀ 'ਚ ਅਜਿਹੇ ਦ੍ਰਿਸ਼ ਸਿਰਫ਼ ਫਿਲਮਾਂ 'ਚ ਹੀ ਆਏ ਸਨ। ਫਿਲਮਾਂ 'ਚ ਆਉਣ ਤੋਂ ਪਹਿਲਾਂ ਉਸਦੀ ਜ਼ਿੰਦਗੀ 'ਚ ਸਿਰ ਰੱਖਣ ਲਈ ਮੋਢਾ ਤਾਂ ਸੀ ਪਰ ਉਦੋਂ ਸਮੁੰਦਰ ਨਹੀਂ ਸੀ। ਜ਼ਿੰਦਗੀ ਵਿਚ ਇੰਨੀ ਭੱਜ-ਦੌੜ, ਗ਼ਰੀਬੀ ਅਤੇ ਪ੍ਰੇਸ਼ਾਨੀ ਰਹੀ ਕਿ ਉਮਰ ਦਾ ਉਹ ਜ਼ਰੂਰੀ ਅਤੇ ਕੋਮਲ ਹਿੱਸਾ ਜਿਸਨੂੰ ਪ੍ਰੇਮ ਦੇ ਨਾਂ ਨਾਲ ਜਾਣਿਆ ਜਾ ਸਕਦਾ ਹੈ, ਜ਼ਿੰਦਗੀ ਨੂੰ ਤਰਤੀਬਵਾਰ ਕਰਨ ਵਿਚ ਹੀ ਗੁਜ਼ਰ ਗਿਆ।

ਯਾਦਾਂ ਦੀਆਂ ਲਹਿਰਾਂ ਸਾਗਰ ਦੀਆਂ ਲਹਿਰਾਂ ਨਾਲੋਂ ਵੀ ਤੇਜ਼ ਅਤੇ ਬੇਚੈਨ ਸਨ ਜਿੰਨਾ ਨੇ ਉਸਨੂੰ ਪਿੱਛੇ, ਬਹੁਤ ਪਿੱਛੇ ਲਿਜਾ ਕੇ ਡੂੰਘੇ ਪਾਣੀਆਂ ਵਿੱਚ ਉਤਾਰ ਦਿੱਤਾ। ਕਾਲਜ ਵਿਚ ਅਜਿਹਾ ਕੋਮਲ ਸਮਾਂ ਉਸਦੀ ਜ਼ਿੰਦਗੀ 'ਚ ਕੁਝ ਪਲ ਠਹਿਰਿਆ ਸੀ, ਪਰ ਵਰਤਮਾਨ ਇੰਨੀ ਕਾਹਲੀ ਵਿੱਚ ਸੀ ਕਿ ਉਸਨੇ ਇਸ ਠਹਿਰੇ ਹੋਏ ਸਮੇਂ ਦੇ ਨੇੜੇ ਢੁੱਕਣ ਦੀ ਮੁਹਲਤ ਹੀ ਨਾ ਦਿੱਤੀ। ਸ਼ੇਖਰ ਉਸਦਾ ਜਮਾਤੀ ਸੀ। ਸੁੰਦਰ ਅਤੇ ਬਹੁਤ ਹੀ ਹੁਸ਼ਿਆਰ। ਟਾਪਰ ਸੀ। ਸਾਰੇ ਉਸਨੂੰ ਪਸੰਦ

ਕਰਦੇ ਸਨ। ਸ਼ੇਖਰ ਉਸਨੂੰ ਪਸੰਦ ਕਰਦਾ ਸੀ। ਇੱਕ ਬਹੁਤ ਹੀ ਨਿਮਰ, ਨਰਮ ਅਤੇ ਸਹਿਜ ਸ਼ੁਰੂਆਤ ਹੋਈ। ਅਰਥ ਸ਼ਾਸਤਰ ਉਹਨਾਂ ਦਾ ਸਹਾਇਕ ਵਿਸ਼ਾ ਸੀ। ਦੋਵੇਂ ਅਕਸਰ ਇਕ ਦੂਜੇ ਨੂੰ ਅਰਥ ਸ਼ਾਸਤਰ ਦੇ ਨੋਟ ਦਿੰਦੇ ਅਤੇ ਲੈਂਦੇ ਰਹਿੰਦੇ। ਪਰ ਮੁਲਾਕਾਤਾਂ ਕਾਲਜ ਵਿੱਚ ਹੀ ਹੁੰਦੀਆਂ। ਕਈ ਵਾਰ ਕੰਟੀਨ ਵਿੱਚ ਬੈਠ ਕੇ ਕੌਫੀ ਪੀ ਲੈਂਦੇ। ਨੋਟਿਸ ਬਦਲ ਲੈਂਦੇ। ਉਹ ਨੋਟਿਸਾਂ ਦੀਆਂ ਕਾਪੀਆਂ ਵਿੱਚ ਇੱਕ ਦੂਜੇ ਨੂੰ ਕਵਿਤਾਵਾਂ ਦੇ ਦਿੰਦੇ ਸਨ। ਉਸਨੂੰ ਲੱਗਿਆ ਕਿ ਅਜੇ ਉਸ ਕੋਲ ਸਮਾਂ ਹੈਗਾ। ਪੋਸਟ ਗ੍ਰੈਜੂਏਸ਼ਨ ਪੂਰੀ ਹੋਣ ਤੱਕ ਇਹ ਰਿਸ਼ਤਾ ਕਿਸੇ ਮੁਕਾਮ 'ਤੇ ਪਹੁੰਚ ਜਾਊ। ਪਰ ਉਹ ਉਨ੍ਹਾਂ ਲੋਕਾਂ ਵਿੱਚੋਂ ਨਹੀਂ ਸੀ ਜੋ ਆਪਣੇ ਭਵਿੱਖ ਦੀ ਸਕ੍ਰਿਪਟ ਖੁਦ ਲਿਖਦੇ ਹਨ। ਉਸਨੂੰ ਯਾਦ ਹੈ ਕਿ ਉਹ ਪੋਸਟ ਗ੍ਰੈਜੂਏਸ਼ਨ ਲਈ ਦਾਖਲਾ ਫਾਰਮ ਲੈ ਕੇ ਘਰ ਆਈ ਤਾਂ ਸਾਹਮਣੇ ਉਸਦੇ ਮਰੇ ਹੋਏ ਚਾਚੇ ਨੂੰ ਮੰਜੇ ਤੋਂ ਹੇਠਾਂ ਲਾਹਿਆ ਜਾ ਰਿਹਾ ਸੀ। ਪੋਸਟ ਗ੍ਰੈਜੂਏਸ਼ਨ ਦਾ ਸੁਪਨਾ ਚਾਚੇ ਦੀ ਚਿਖਾ ਵਿੱਚ ਸੜ ਕੇ ਸੁਆਹ ਹੋ ਗਿਆ।

ਆਪਣੇ ਛੋਟੇ ਜਿਹੇ ਸ਼ਹਿਰ ਨੂੰ ਛੱਡਣ ਤੋਂ ਪਹਿਲਾਂ ਉਹ ਸ਼ੇਖਰ ਨੂੰ ਮਿਲਣ ਗਈ ਸੀ। ਸ਼ਹਿਰ ਦਾ ਇਹ ਇਕ ਪੁਰਾਣਾ ਕਿਲਾ ਸੀ ਜੋ ਇਤਿਹਾਸ ਦੀ ਜ਼ਿੱਦ ਨੂੰ ਹਰਾਉਂਦਿਆਂ ਢਹਿ-ਢੇਰੀ ਹੋ ਰਿਹਾ ਸੀ। ਉਹ ਘੁਸਮੁਸੇ ਵਿੱਚ ਕਿਲ੍ਹੇ ਦੇ ਪਿਛਲੇ ਪਾਸੇ ਦੀਆਂ ਪੌੜੀਆਂ 'ਤੇ ਸ਼ੇਖਰ ਦੇ ਮੋਢੇ ਨਾਲ ਲੱਗ ਕੇ ਚੁੱਪ ਬੈਠੀ ਸੀ। ਉਹ ਦੋਵੇਂ ਜਾਣਦੇ ਸਨ ਕਿ ਉਨ੍ਹਾਂ ਦਾ ਛੋਟਾ ਅਤੇ ਸੁੰਦਰ ਭਵਿੱਖ ਵੀ ਇਸ ਹਨੇਰੇ ਵਿੱਚ ਢਹਿ-ਢੇਰੀ ਹੋ ਰਿਹਾ ਹੈ। ਦੋਵੇਂ ਆਪਣੇ ਸੁਪਨਿਆਂ ਦੀਆਂ ਟੁੱਟੀਆਂ ਹੋਈਆਂ ਪੌੜੀਆਂ 'ਤੇ ਬੈਠੇ ਸਨ। ਕਿਲ੍ਹੇ 'ਤੇ ਕਾਈ ਜੰਮ ਚੁੱਕੀ ਸੀ, ਪਰ ਹੁਣ ਸਮੇਂ ਦੀ ਕਾਈ ਉਸਦੇ ਸੁਪਨਿਆਂ ਦੀਆਂ ਪੌੜੀਆਂ 'ਤੇ ਜੰਮਣ ਵਾਲੀ ਸੀ। ਉਸਨੇ ਸ਼ੇਖਰ ਵੱਲ ਦੇਖਿਆ। ਪਰ ਉਥੇ ਕਿਲ੍ਹੇ ਤੋਂ ਉੱਤਰਦਾ ਹਨੇਰਾ ਸੀ। ਜਦੋਂ ਸ਼ੇਖਰ ਉਸ ਵੱਲ ਝੁਕਿਆ ਤਾਂ ਉਸਨੂੰ ਲੱਗਾ ਕਿ ਹਨੇਰਾ ਉਸ ਵੱਲ ਝੁਕ ਰਿਹਾ ਹੈ। ਉਹ ਹਨੇਰੇ ਵਿੱਚ ਥੋੜਾ ਜਿਹਾ ਝੁਕਿਆ ਅਤੇ ਉਸਦੇ ਬੁੱਲ੍ਹ ਹਨੇਰੇ ਦੇ ਨਾਲ ਉਸਦੇ ਬੁੱਲ੍ਹਾਂ 'ਤੇ ਆ ਕੇ ਠਹਿਰ ਗਏ। ਇਹੀ ਇਕ ਸਮਾਂ ਸੀ ਜਦੋਂ ਸਮਾਂ ਰੁਕ ਗਿਆ ਸੀ। ਉਹ ਆਪਣੇ ਸ਼ਹਿਰ ਤੋਂ ਇਹੀ ਇੱਕ ਠਹਿਰੇ ਹੋਈ ਸਮੇਂ ਨੂੰ ਨਾਲ ਲੈ ਕੇ ਮੁੰਬਈ ਆਈ ਸੀ। ਬਹੁਤ ਦੇਰ ਬਾਅਦ ਦਫ਼ਤਰ ਵਿੱਚ ਉਸਦੇ ਸਾਥੀਆਂ ਨੇ ਉਸਨੂੰ ਦੱਸਿਆ ਸੀ, "ਮੁੰਬਈ ਸਿਰਫ਼ ਸੁਪਨਿਆਂ ਨੂੰ ਹੀ ਨਹੀਂ ਸਗੋਂ ਬੰਦਿਆਂ ਨੂੰ ਵੀ ਨਿਗਲ ਜਾਂਦੀ ਹੈ। ਇੱਥੇ ਜੋ ਆਉਂਦੇ ਅਤੇ ਰਹਿੰਦੇ ਹਨ, ਇਹ ਉਹ ਲੋਕ ਨਹੀਂ ਜੋ ਆਪਣੇ-ਆਪਣੇ ਸ਼ਹਿਰਾਂ ਤੋਂ ਆਏ ਸਨ।"

ਇੱਕ ਦਿਨ ਦੇਸ਼ ਦੇ ਇੱਕ ਮਸ਼ਹੂਰ ਚੈੱਨਲ ਤੋਂ ਫੋਨ ਆਇਆ। ਐਵਾਰਡ ਫੰਕਸ਼ਨ ਦਾ ਸੱਦਾ ਸੀ। ਉਸਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਦੇਣਾ ਤੈਅ ਕੀਤਾ ਸੀ। ਉਹ ਇਸ ਲਈ ਸਹਿਮਤੀ ਚਾਹੁੰਦੇ ਸਨ। ਥੋੜੀ ਜਿਹੀ ਖੁਸ਼ੀ ਅਤੇ ਆਪਣੀ ਬਿਮਾਰੀ ਸਬੰਧੀ ਕੁਝ ਝਿਜਕ ਤੋਂ ਬਾਅਦ, ਸਾਹਾ ਨੇ ਪੁਰਸਕਾਰ ਸਮਾਰੋਹ ਵਿਚ ਸ਼ਾਮਲ ਹੋਣ ਲਈ ਸਹਿਮਤੀ ਦੇ ਦਿੱਤੀ। ਉਸਨੂੰ ਅਸਚਰਜ ਹੋਇਆ ਕਿ ਉਹ ਅੱਜ ਵੀ ਫਿਲਮੀ ਦੁਨੀਆ ਦੀ ਯਾਦ ਵਿਚ ਬਣੀ ਹੋਈ ਹੈ। ਲੋਕ ਭੁੱਲੇ ਨਹੀਂ, ਵਰਨਾ ਉਹ ਤਾਂ ਕਈ ਸਾਲਾਂ ਤੋਂ ਫਿਲਮਾਂ ਤੋਂ ਦੂਰ ਹੈ। ਫਿਲਮਾਂ ਤੋਂ ਪੂਰੀ ਤਰ੍ਹਾਂ ਨਾਲ ਨਾਤਾ ਤੋੜ ਲਿਆ ਸੀ। ਇਸ ਸਨਮਾਨ ਸਮਾਰੋਹ ਦੇ ਸੱਦੇ ਨੇ ਪੁਰਾਣੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ। ਅਜਿਹਾ ਨਹੀਂ ਹੈ ਕਿ ਉਸਨੂੰ ਸਫ਼ਲਤਾ ਦੇ ਦਿਨਾਂ ਦੌਰਾਨ ਪੁਰਸਕਾਰ ਨਹੀਂ ਸਨ ਮਿਲੇ! ਮਿਲੇ ਸਨ, ਦੋ ਫਿਲਮਫੇਅਰ ਐਵਾਰਡ ਅਤੇ ਪਦਮਸ਼੍ਰੀ ਵੀ। ਹੋਰ ਪਤਾ ਨਹੀਂ ਕਿੰਨੇ ਕੁ ਪੁਰਸਕਾਰ ਅਤੇ ਸਨਮਾਨ ਮਿਲੇ ਹਨ, ਪਰ ਇਹ ਸਭ ਲੰਘੇ ਸਮੇਂ ਦੀ ਗੱਲ ਹੈ। ਅੱਜ ਇਸ ਸੱਦੇ ਨੇ ਉਸਦੇ

ਅੰਦਰ ਆਪਣੇ ਕਮਰੇ 'ਚੋਂ, ਘਰ 'ਚੋਂ ਬਾਹਰ ਜਾਣ ਦੀ ਇੱਛਾ ਪੈਦਾ ਕਰ ਦਿੱਤੀ। ਅਲਮਾਰੀ ਵਿੱਚ ਭਰੇ ਕੱਪੜੇ ਵਰਤਣ ਦਾ ਮੌਕਾ ਆ ਗਿਆ ਸੀ।

ਜਿਸ ਦਿਨ ਉਸ ਨੇ ਐਵਾਰਡ ਫੰਕਸ਼ਨ ਵਿਚ ਜਾਣਾ ਸੀ, ਉਸ ਨੇ ਸਵੇਰੇ ਹੀ ਫੈਸਲਾ ਕਰ ਲਿਆ ਕਿ ਉਹ ਪਾਰਲਰ ਜਾ ਕੇ ਹੀ ਐਵਾਰਡ ਫੰਕਸ਼ਨ ਵਿਚ ਜਾਵੇਗੀ। ਇਹ ਖਰਚੀਲਾ ਕੰਮ ਸੀ ਪਰ ਅੱਜ ਉਸਨੂੰ ਜ਼ਰੂਰੀ ਲੱਗਾ। ਬਿਊਟੀ ਪਾਰਲਰ 'ਚ ਕਾਫੀ ਚਿਰ ਤੱਕ ਬੈਠਣਾ ਪਿਆ। ਥਕਾਵਟ ਮਹਿਸੂਸ ਹੋਣ ਲੱਗੀ। ਸਾਹ ਤੇਜ਼ ਹੋ ਗਿਆ। ਉਸਨੂੰ ਲੱਗਿਆ ਕਿ ਬਲੱਡ ਪ੍ਰੈਸ਼ਰ ਕਾਰਨ ਅਜਿਹਾ ਹੋ ਰਿਹਾ। ਫਿਰ ਵੀ ਉਹ ਬਿਊਟੀ ਪਾਰਲਰ 'ਚੋਂ ਨਿਕਲਦਿਆਂ ਸੰਤੁਸ਼ਟ ਸੀ। ਉਸਨੇ ਮਹਿਸੂਸ ਕੀਤਾ ਕਿ ਉਹ ਆਪਣੀ ਸਫ਼ਲਤਾ ਦੇ ਦਿਨਾਂ ਵਾਂਗ ਹੀ ਚਮਕ ਰਹੀ ਹੈ। ਉਹ ਕਾਰ 'ਚ ਸੀਟ ਦੇ ਨਾਲ ਢੋਅ ਲਾ ਕੇ ਅਰਾਮਦੇਹ ਆਸਣ ਵਿੱਚ ਬੈਠ ਗਈ। ਥੋੜਾ ਜਿਹਾ ਪਾਣੀ ਪੀਤਾ। ਹੁਣ ਥੋੜਾ ਜਿਹਾ ਸਹਿਜ ਮਹਿਸੂਸ ਹੋਇਆ।

ਫੰਕਸ਼ਨ ਵਿੱਚ ਉਸਨੂੰ ਬੜੇ ਵਧੀਆ ਢੰਗ ਨਾਲ ਜੀ ਆਇਆਂ ਆਖਿਆ ਗਿਆ। ਉਦੋਂ ਥੋੜੀ ਜਿਹੀ ਅਸਹਿਜ ਹੋਈ ਤੇ ਬੁਰਾ ਮਹਿਸੂਸ ਹੋਇਆ ਜਦੋਂ ਉਸਨੂੰ ਪਹਿਲੀ ਕਤਾਰ ਵਿਚ ਆਖਰੀ ਕੁਰਸੀ ਦਿੱਤੀ ਗਈ, ਜਿੱਥੇ ਫੋਟੋਗ੍ਰਾਫ਼ਰਾਂ ਦੀ ਭੀੜ ਲੱਗੀ ਰਹਿੰਦੀ ਹੈ। ਪਹਿਲੀ ਕਤਾਰ 'ਚ ਅੱਜ ਦੇ ਵੱਡੇ ਅਤੇ ਚਮਕਦੇ ਸਿਤਾਰੇ ਸਟੇਜ ਦੇ ਸਾਹਮਣੇ ਵਾਲੀਆਂ ਕੁਰਸੀਆਂ 'ਤੇ ਬੈਠੇ ਸਨ। ਉਹਨਾਂ ਸਿਤਾਰਿਆਂ ਦੇ ਨਾਲ ਹੀ ਉਸਦੀਆਂ ਸਮਕਾਲੀ ਅਤੇ ਲਗਭਗ ਹਮਉਮਰ ਅਭਿਨੇਤਰੀਆਂ ਮਾਧੁਰੀ ਦੀਕਸ਼ਿਤ, ਕਾਜੋਲ, ਕਰਿਸ਼ਮਾ ਕਪੂਰ ਅਤੇ ਜੂਹੀ ਚਾਵਲਾ ਵੀ ਬੈਠੀਆਂ ਸਨ। ਪ੍ਰਬੰਧਕਾਂ ਦੀ ਇਸ ਹਰਕਤ ਨੇ ਉਸਨੂੰ ਠੇਸ ਪਹੁੰਚਾਈ। ਉਸਨੇ ਮਾਧੁਰੀ ਦੀਕਸ਼ਿਤ, ਕਾਜੋਲ ਅਤੇ ਜੂਹੀ ਚਾਵਲਾ ਤੋਂ ਘੱਟ ਸਫ਼ਲ ਫਿਲਮਾਂ ਤਾਂ ਨਹੀਂ ਦਿੱਤੀਆਂ। ਪਰ ਉਸਨੂੰ ਕੋਨੇ ਵਿੱਚ ਆਖਰੀ ਕੁਰਸੀ ਦਿੱਤੀ ਗਈ ਹੈ। ਸਾਹਾ ਸਿਰਫ ਇੰਨਾ ਜਾਣਦੀ ਸੀ ਕਿ ਮਾਧੁਰੀ ਦੀਕਸ਼ਿਤ, ਕਰਿਸ਼ਮਾ ਕਪੂਰ ਅਤੇ ਜੂਹੀ ਚਾਵਲਾ ਅੱਜ ਦੇ ਸਫ਼ਲ ਅਭਿਨੇਤਰੀਆਂ ਨਹੀਂ ਬਲਕਿ ਅਮੀਰ ਅਤੇ ਸਫ਼ਲ ਘਰਾਣਿਆਂ ਨਾਲ ਜੁੜੀਆਂ ਹੋਈਆਂ ਨੇ। ਕਾਜਲ ਅੱਜ ਦੇ ਸਫ਼ਲ ਸਟਾਰ ਅਜੇ ਦੇਵਗਨ ਦੀ ਪਤਨੀ ਹੈ। ਉਸਨੂੰ ਭਲਾ ਮੂਹਰਲੀ ਕਤਾਰ ਵਿੱਚ ਸਟੇਜ ਦੇ ਸਾਹਮਣੇ ਵਾਲੀ ਕੁਰਸੀ ਤੋਂ ਵਾਂਝੀ ਕਿਵੇਂ ਰੱਖਿਆ ਜਾ ਸਕਦਾ ਹੈ? ਪਰ ਕੁੜੱਤਣ ਅਤੇ ਈਰਖਾ ਸਾਨੂੰ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਸੋਚਣ ਦਾ ਮੌਕਾ ਹੀ ਨਹੀਂ ਦਿੰਦੀ। ਈਰਖਾ ਸਭ ਤੋਂ ਪਹਿਲਾਂ ਤਰਕ ਨੂੰ ਰੱਦ ਕਰਦੀ ਹੈ। ਇੰਨੇ ਸਾਲਾਂ ਤੱਕ ਫਿਲਮੀ ਦੁਨੀਆ ਵਿੱਚ ਰਹਿਣ ਦੇ ਅਨੁਭਵ ਕਰਕੇ ਉਹ ਸਟੇਜ ਦੇ ਸਾਹਮਣੇ ਵਾਲੀ ਕੁਰਸੀ ਤੋਂ ਵਾਂਝੀ ਨਹੀਂ ਸੀ ਰਹਿ ਸਕਦੀ। ਪਰ ਇੱਥੇ ਸਭ ਕੁਝ ਪਹਿਲਾਂ ਤੋਂ ਤੈਅ ਹੁੰਦਾ ਹੈ। ਪਹਿਲੀ ਕਤਾਰ ਤੋਂ ਆਖਰੀ ਕਤਾਰ ਤੱਕ ਦੀ ਹਾਜ਼ਰੀ ਨਿਸ਼ਚਿਤ ਹੁੰਦੀ ਹੈ। ਇੱਥੇ ਲੋਕ ਜੇ ਇੱਕ ਦੂਜੇ ਨੂੰ ਮਿਲਦੇ ਅਤੇ ਬੋਲਦੇ ਵੀ ਨੇ— ਤਾਂ ਮਿਣ ਤੋਲ ਕੇ। ਇਸ ਹਾਲ ਵਿੱਚ ਅਣਗਿਣਤ ਅਦਿੱਖ ਤਰਾਜ਼ੂ ਡੋਲ ਰਹੇ ਹਨ, ਜਿਨ੍ਹਾਂ ਵਿੱਚ ਲੋਕਾਂ ਦੇ ਬੋਲੇ ਗਏ ਵਾਕ, ਸ਼ਬਦ, ਇੱਥੋਂ ਤੱਕ ਕਿ ਮੁਸਕਰਾਹਟ ਅਤੇ ਹਾਸਾ ਵੀ ਰੱਖਿਆ ਹੋਇਆ ਹੈ। ਕਿਸਨੂੰ ਹੱਸ ਕੇ ਮਿਲਣਾ ਹੈ? ਕਿਸਨੂੰ ਮੁਸਕਰਾਹਟ ਨਾਲ ਮਿਲਣਾ ਹੈ, ਇਸਦਾ ਮਾਪਦੰਡ ਪਹਿਲਾਂ ਹੀ ਤੈਅ ਹੁੰਦਾ ਹੈ। ਕਿਸੇ ਨੂੰ ਕਿੰਨਾ ਹੱਸ ਕੇ ਮਿਲਣਾ ਹੈ ਜਾਂ ਸਿਰਫ਼ ਮੁਸਕਰਾ ਕੇ ਦੇਖਣਾ ਹੈ ਤੇ ਜੇ ਕਿਸੇ ਨੂੰ ਮੁਸਕਰਾ ਕੇ ਦੇਖਣਾ ਹੈ ਤਾਂ ਮੁਸਕਰਾਹਟ ਕਿੰਨੀ ਵੱਡੀ ਹੋਣੀ ਚਾਹੀਦੀ ਹੈ। ਅੱਧਾ ਇੰਚ, ਇੱਕ ਇੰਚ, ਡੇਢ ਇੰਚ ਜਾਂ ਬਿਲਕੁਲ ਫਿੱਕੀ ਜਿਹੀ ਪੰਜ ਮਿਲੀਮੀਟਰ ਦੀ ਮੁਸਕਰਾਹਟ। ਉਸਨੂੰ ਸਾਰਾ ਪਤਾ ਸੀ ਪਰ ਇਸ ਸਮੇਂ ਆਹਤ ਹੋਇਆ ਮਨ ਯਾਦ ਨਹੀਂ ਰੱਖ ਸਕਿਆ ਸੀ।

ਸਟੇਜ ਤੋਂ ਉਸ ਦਾ ਨਾਂ ਬੋਲਿਆ ਗਿਆ। ਇੱਕ ਪੁਰਾਣੇ ਚਰਿੱਤਰ ਅਭਿਨੇਤਾ ਅਤੇ ਪਾਨ ਮਸਾਲਾ ਕੰਪਨੀ ਦੇ ਸੀਈ?, ਜੋ ਕਿ ਸਮਾਗਮ ਦੇ ਸਪਾਂਸਰਾਂ ਵਿੱਚੋਂ ਇੱਕ ਸੀ, ਨੇ ਉਸਨੂੰ ਪੁਰਸਕਾਰ ਪ੍ਰਦਾਨ ਕੀਤਾ। ਉਸ ਬਾਰੇ ਦੋ ਲਾਈਨਾਂ ਬੋਲੀਆਂ ਗਈਆਂ।

ਉਹ ਕੁਝ ਕਹਿਣਾ ਚਾਹੁੰਦੀ ਸੀ ਪਰ ਮਾਈਕ ਉਸਦੇ ਹੱਥ 'ਚ ਨਹੀਂ ਸੀ। ਉਹ ਕੁਝ ਕਹਿਣ ਲਈ ਅੱਗੇ ਵਧੀ ਪਰ ਫਿਰ ਅਜਿਹੇ ਮੌਕਿਆਂ ਲਈ ਮਾਹਿਰ ਐਂਕਰ ਨੇ ਉਸਨੂੰ ਇਸ ਤਰ੍ਹਾਂ ਫੜ ਲਿਆ ਜਿਵੇਂ ਕਿਸੇ ਸੀਨੀਅਰ ਅਦਾਕਾਰਾ ਨੂੰ ਬਹੁਤ ਹੀ ਸਤਿਕਾਰ ਦਿੱਤਾ ਜਾ ਰਿਹਾ ਹੋਵੇ। ਐਂਕਰ ਨੇ ਬੜੀ ਚੁਸਤੀ ਨਾਲ ਉਸਨੂੰ ਹੇਠਾਂ ਜਾਣ ਲਈ ਮੋੜ ਦਿੱਤਾ। ਉਸਨੇ ਸਟੇਜ ਦੇ ਹੇਠਾਂ ਬੈਠੇ ਫਿਲਮੀ ਦੁਨੀਆ ਦੇ ਲੋਕਾਂ ਨੂੰ ਵੇਖਿਆ ਜੋ ਐਂਕਰ ਦੀ ਇਸ ਹਰਕਤ ਵੱਲ ਦੇਖ ਕੇ ਮੁਸਕਰਾ ਰਹੇ ਸਨ। ਅਪਮਾਨ ਦੀ ਇੱਕ ਲਾਟ ਉਸਦੇ ਅੰਦਰੋਂ ਲੰਘੀ। ਇੱਕ ਹੁਨਰਮੰਦ ਬਿਊਟੀਸ਼ੀਅਨ ਦੁਆਰਾ ਕੀਤੇ ਮੇਕਅੱਪ ਦੇ ਬਾਵਜੂਦ, ਉਸਦਾ ਚਿਹਰਾ ਸਫੈਦ ਹੋ ਗਿਆ। ਸਾਹਾ ਨੇ ਮਹਿਸੂਸ ਕੀਤਾ ਕਿ ਇੱਕ ਚਮਕਦਾਰ ਸਟੇਜ 'ਤੇ ਇੱਕ ਸੀਨੀਅਰ ਅਭਿਨੇਤਰੀ ਨੂੰ ਅਪਮਾਨ ਇਸ ਤਰ੍ਹਾਂ ਵੀ ਨੰਗਾ ਕੀਤਾ ਜਾ ਸਕਦਾ ਹੈ। ਐਂਕਰ ਦੇ ਚਿਹਰੇ 'ਤੇ ਅਜਿਹੇ ਮੌਕਿਆਂ ਲਈ ਸੁਰੱਖਿਅਤ ਤੇ ਸਥਾਈ ਪੇਸ਼ੇਵਰ ਮੁਸਕਰਾਹਟ ਸੀ। ਉਸਨੂੰ ਮੋੜ ਕੇ ਸਟੇਜ ਦੇ ਹੇਠਾਂ ਲਿਆਉਂਦਿਆਂ  ਐਂਕਰ ਦੇ ਚਿਹਰੇ 'ਤੇ ਅਜੇ ਵੀ ਪੂਰੀ ਮੁਸਕਰਾਹਟ ਸੀ ਅਤੇ ਸਤਿਕਾਰ ਨਾਲ ਝੁਕਿਆ ਉਹ ਪੂਰੀ ਤਰ੍ਹਾਂ ਬਣਾਉਟੀ  ਲੱਗ ਰਿਹਾ ਸੀ।

ਦੂਜਾ ਐਂਕਰ ਸਟੇਜ ਤੋਂ ਹੇਠਾਂ ਨਹੀਂ ਉਤਰਿਆ। ਉਹ ਇੱਕ ਵੱਡਾ ਨਿਰਮਾਤਾ-ਨਿਰਦੇਸ਼ਕ ਹੈ। ਸਾਹਾ ਨੂੰ ਕਿਸੇ ਨੇ ਦੱਸਿਆ ਕਿ ਉਹ ਗੇਅ ਹੈ ਅਤੇ ਉਸਦਾ ਇੱਕ ਵੱਡੇ, ਮਹਿੰਗੇ ਅਤੇ ਸਫਲ ਅਦਾਕਾਰ ਨਾਲ ਸਬੰਧ ਹੈ। ਫਿਲਮੀ ਦੁਨੀਆ ਤੇ ਫਿਲਮੀ ਦੁਨੀਆ ਤੋਂ ਬਾਹਰ ਵੀ ਲੋਕ ਇਸ ਗੱਲ ਬਾਰੇ ਜਾਣਦੇ ਹਨ ਪਰ ਨਿੱਜੀ ਤੌਰ 'ਤੇ ਭਾਵੇਂ ਕੁਝ ਵੀ ਘੁਸਰ ਮੁਸਰ ਕਰਨ, ਜਨਤਕ ਤੌਰ 'ਤੇ ਕੋਈ ਕੁਝ ਨਹੀਂ ਕਹਿੰਦਾ। ਇਹ ਫਿਲਮੀ ਦੁਨੀਆਂ ਦੀ ਚੰਗੀ ਗੱਲ ਹੈ। ਇੱਥੇ ਹਰ ਕਿਸੇ ਦਾ ਚੰਗਾ-ਮਾੜਾ ਹਰ ਕਿਸੇ ਨੂੰ ਪਤਾ ਹੈ। ਅਪਵਾਦਾਂ ਨੂੰ ਛੱਡ ਦਿੱਤਾ ਜਾਵੇ ਤਾਂ ਇੱਥੇ ਕੋਈ ਵੀ ਅਜਿਹੀ ਅਭਿਨੇਤਰੀ ਨਹੀਂ ਜੋ ਕਾਸਟਿੰਗ ਕਾਊਚ 'ਚੋਂ ਲੰਘਣ ਤੋਂ ਬਾਅਦ ਅੱਗੇ ਨਹੀਂ ਆਈ। ਹਰ ਅਭਿਨੇਤਰੀ ਇਕ-ਦੂਜੇ ਦੇ ਰਾਜ਼ ਜਾਣਦੀ ਹੈ। ਕਿਸ ਅਦਾਕਾਰਾ ਦੇ ਕਿਸ ਨਿਰਮਾਤਾ, ਨਿਰਦੇਸ਼ਕ ਜਾਂ ਅਦਾਕਾਰ ਨਾਲ ਗੁਪਤ ਸਬੰਧ ਹਨ? ਵਿਦੇਸ਼ ਵਿੱਚ ਸ਼ੂਟਿੰਗ ਦੇ ਬਹਾਨੇ ਕਿਹੜੀ ਅਦਾਕਾਰਾ ਆਪਣੀਆਂ ਰਾਤਾਂ ਕਿਸ ਅਦਾਕਾਰ ਜਾਂ ਨਿਰਦੇਸ਼ਕ ਦੇ ਕਮਰੇ ਵਿੱਚ ਗੁਜ਼ਾਰਦੀ ਹੈ? ਕਿਹੜੀ ਅਭਿਨੇਤਰੀ ਕਿਸ ਐਕਟਰ ਦੇ ਫਾਰਮ ਹਾਊਸ ਵਿੱਚ ਰਾਤਾਂ ਕੱਟ ਕੇ ਫਿਲਮਾਂ ਹਾਸਲ ਕਰਦੀ ਹੈ, ਸਾਰੀਆਂ ਗੱਲਾਂ ਸਾਰੇ ਜਾਣਦੇ ਹਨ। ਪਰ ਇੱਕ ਅਦਿੱਖ ਅਣਲਿਖਤ ਇਕਰਾਰਨਾਮਾ ਹੈ ਜਿਸ ਕਾਰਨ ਕੋਈ ਵੀ ਕਿਸੇ ਨੂੰ ਤਾਅਨਾ ਨਹੀਂ ਮਾਰਦੀ। ਕਿਸੇ ਨੂੰ ਉਲਾਹਮਾ ਨਹੀਂ ਦਿੰਦੀ। ਸਾਹਮਣਾ ਹੋਣ 'ਤੇ ਭੋਰਾ ਵੀ ਚਰਚਾ ਨਹੀਂ ਕਰਦੀ। ਨਜਾਇਜ਼ ਅਤੇ ਗਲੀਚ ਸਬੰਧਾਂ ਨਾਲ ਭਰੀ ਪੂਰੀ ਦੁਨੀਆ ਹੈ। ਇਸਦੇ ਬਾਹਰ ਨਿਹਾਇਤ ਹੀ ਖੂਬਸੂਰਤ, ਰੰਗੀਨ ਅਤੇ ਅਦਿੱਖ ਪਰਦਾ ਲਟਕਿਆ ਹੋਇਆ ਹੈ। ਪਰਦੇ ਦੇ ਪਿੱਛੇ ਦੀ ਸੱਚਾਈ ਹਰ ਕੋਈ ਜਾਣਦਾ ਹੈ ਪਰ ਇਸਨੂੰ ਛੂੰਹਦਾ ਕੋਈ ਨਹੀਂ।

ਉਸਨੇ ਨੇੜੇ ਬੈਠੀ ਔਰਤ ਵੱਲ ਵੇਖਿਆ ਤਾਂ ਵੇਖਦੀ ਹੀ ਰਹਿ ਗਈ। ਸੱਤਰ ਦੇ ਦਹਾਕੇ ਦੀ ਗਲੈਮਰਸ ਅਤੇ ਕਾਮਯਾਬ ਹੀਰੋਇਨ ਬੈਠੀ ਸੀ, ਜਿਸਨੂੰ ਦੇਵ ਆਨੰਦ ਦੀ ਖ਼ੋਜ ਕਿਹਾ ਜਾਂਦਾ ਸੀ। ਅਜੇ ਵੀ ਆਕਰਸ਼ਕ ਲੱਗ ਰਹੀ ਹੈ। ਵਾਲ ਰੰਗੇ ਨਹੀਂ ਸਨ। ਕਰੀਨੇ ਨਾਲ ਕੱਟੇ ਹੋਏ ਮੋਢਿਆਂ 'ਤੇ ਲਟਕਦੇ ਚਿੱਟੇ ਮਿਸਟੀ ਵਾਲ ਰੇਸ਼ਮ ਵਾਂਗ ਚਮਕ ਰਹੇ ਸਨ। ਐਨਕਾਂ ਲੱਗੀਆਂ ਹੋਈਆਂ। ਮਿੰਨੀ

ਸਕਰਟ ਉੱਪਰ ਲੇਡੀਜ਼ ਕੋਟ ਪਾਇਆ ਹੋਇਆ ਸੀ। ਉਹ ਉਸਨੂੰ ਦੇਖ ਕੇ ਹੱਸ ਪਈ। ਉਸਦੀ ਮੁਸਕਰਾਹਟ ਵਿਚ ਅਜੇ ਵੀ 'ਦਮ ਮਾਰੋ ਦਮ' ਵਾਲੀ ਕੁੜੀ ਵਰਗੀ ਖਿੱਚ ਸੀ। ਸਾਹਾ ਨੇ ਉਸਨੂੰ ਹੈਲੋ ਆਖਿਆ। ਫਿਰ ਦੋਵੇਂ ਹੌਲੀ-ਹੌਲੀ ਗੱਲਾਂ ਕਰਨ ਲੱਗੀਆਂ। ਉੱਥੇ ਕਈ ਲੋਕ ਬੈਠੇ ਸਨ ਜਿਨ੍ਹਾਂ ਦੇ ਖਿਲਾਫ਼ ਨਾਰਕੋਟਿਕਸ, ਇਨਕਮ ਟੈਕਸ ਅਤੇ ਸੀਬੀਆਈ ਦੇ ਕੇਸ ਚੱਲ ਰਹੇ ਸਨ। ਅਕਸਰ ਉਹਨਾਂ ਨੂੰ ਘੰਟਿਆਂ ਬੱਧੀ ਪੁੱਛ-ਪੜਤਾਲ ਲਈ ਬੈਠਾਇਆ ਜਾਂਦਾ। ਪਰ ਇੱਥੇ ਉਹ ਇੱਕ ਸਨਮਾਨਿਤ ਮਹਿਮਾਨ ਸਨ। ਉਸਨੇ ਕੋਲ ਬੈਠੀ ਸੀਨੀਅਰ ਅਦਾਕਾਰਾ ਨੂੰ ਇਸ਼ਾਰਾ ਕਰਕੇ ਇਹ ਗੱਲ ਦੱਸੀ। ਉਹ ਮੁਸਕਰਾਈ। ਜਿਵੇਂ-ਜਿਵੇਂ ਗੱਲਬਾਤ ਅੱਗੇ ਵਧੀ ਤਾਂ ਅਦਾਕਾਰਾ ਨੇ ਕਈ ਗੱਲਾਂ ਦੱਸੀਆਂ। ਦੱਸਿਆ ਕਿ ਫਿਲਮ ਇੰਡਸਟਰੀ 'ਚ ਵੀ ਖੁਸ਼ਹਾਲੀ ਦੇ ਉਹੀ ਆਦਰਸ਼ ਹਨ ਜੋ ਬਾਹਰੀ ਦੁਨੀਆ 'ਚ ਹਨ, ਯਾਨੀ ਜੋ ਖੁਸ਼ਹਾਲ ਤੇ ਸਫ਼ਲ ਹੈ, ਉਹ ਅਪਰਾਧੀ ਨਹੀਂ। ਭਾਵੇਂ ਉਸਨੇ ਇੱਕ ਮਾਸੂਮ ਹਿਰਨ ਨੂੰ ਮਾਰਿਆ ਹੋਵੇ। ਚਾਹੇ ਨਸ਼ੇ 'ਚ ਚੂਰ ਹੋ ਕੇ ਆਪਣੀ ਮਹਿੰਗੀ ਕਾਰ ਥੱਲੇ ਬੇਕਸੂਰ ਲੋਕਾਂ ਨੂੰ ਕੁਚਲਿਆ ਹੋਵੇ। ਕਾਰ ਮਹਿੰਗੀ ਹੈ, ਅਭਿਨੇਤਾ ਵੱਡਾ ਅਤੇ ਅਮੀਰ ਹੈ, ਤਾਂ ਵਕੀਲਾਂ ਦੀ ਫੌਜ ਖੜੀ ਹੋ ਜਾਂਦੀ ਹੈ। ਅਦਾਲਤਾਂ ਵਿੱਚ ਕੇਸ ਸਾਲਾਂ ਦੇ ਸਾਲ ਖਿੱਚ ਲਏ ਜਾਂਦੇ ਹਨ। ਇਹ ਲੋਕ ਵਾਹਯਾਤੀ, ਹੰਕਾਰ ਅਤੇ ਮਕਾਰੀ ਨੂੰ ਸਫ਼ਲ ਅਦਾਕਾਰ ਲਈ ਜ਼ਰੂਰੀ ਸਮਝਦੇ ਨੇ। ਫਿਰ ਅਪਰਾਧੀ ਨੂੰ ਮਾਸੂਮ ਬੱਚੇ ਵਜੋਂ ਪੇਸ਼ ਕਰਨ ਦੀ ਕਵਾਇਦ ਸ਼ੁਰੂ ਹੋ ਜਾਂਦੀ ਹੈ। ਉਸਨੂੰ ਮਾਸੂਮ ਬਣਾਉਣ ਲਈ ਉਸਦੇ ਪਟਕਥਾ ਲੇਖਕ ਮਾਪੇ ਜਾਂ ਰਿਸ਼ਤੇਦਾਰ ਮੀਡੀਆ ਦੇ ਮਾਧਿਅਮ ਰਾਹੀਂ ਅਜਿਹੀ ਸਕ੍ਰਿਪਟ ਤਿਆਰ ਕਰਦੇ ਹਨ ਜੋ ਅਪਰਾਧੀ ਨੂੰ ਬੱਚਾ ਸਾਬਤ ਕਰ ਦਿੰਦੇ ਹਨ। ਗੋਇਆ ਉਸਨੇ ਕੋਈ ਕਤਲ ਨਹੀਂ ਕੀਤਾ ਸਗੋਂ ਆਪਣੇ ਬਚਪਨੇ 'ਚ ਕੋਈ ਛੋਟਾ ਜਿਹਾ ਖਿਡੌਣਾ ਤੋੜਿਆ ਹੈ। ਫਿਰ ਉਸਦੇ ਰਹਿਮ ਅਤੇ ਦਾਨ ਦੀਆਂ ਕਹਾਣੀਆਂ ਰਚੀਆਂ ਜਾਂਦੀਆਂ ਹਨ। ਉਸਦੀ ਛਵੀ ਹਾਤਿਮਤਾਈ ਵਾਲੀ ਘੜੀ ਜਾਂਦੀ ਹੈ। ਜੋ ਲੋਕ ਇਸ ਕਹਾਵਤ 'ਤੇ ਭਰੋਸਾ ਕਰਦੇ ਹਨ ਕਿ ਪੈਸਾ ਸਭ ਕੁਝ ਨਹੀਂ ਹੈ, ਉਨ੍ਹਾਂ ਨੂੰ ਪੈਸੇ ਦੀ ਤਾਕਤ ਫਿਲਮ ਜਗਤ 'ਚ ਆ ਕੇ ਦੇਖਣੀ ਚਾਹੀਦੀ ਹੈ।ਅਵਾਰਾ, ਵਿਗੜੈਲ ਅਤੇ ਨਸ਼ੇੜੀ ਅਦਾਕਾਰ ਬੁਢਾਪੇ ਤੱਕ ਬੇਬੀ ਜਾਂ ਬਾਬਾ ਅਖਵਾਉਂਦੇ ਹਨ। ਬਾਹਰਲੇ ਸੱਭਿਅਕ ਸੰਸਾਰ ਵਿੱਚ ਜਿੰਨਾ ਨੂੰ ਲੋਕ ਆਪਣੇ ਘਰਾਂ ਵਿੱਚ ਨਾ ਵੜਨ ਦੇਣ, ਅਜਿਹੇ ਲੋਕਾਂ ਨੂੰ ਏਥੇ ਵੱਡੇ-ਵੱਡੇ ਸਮਾਗਮਾਂ ਅਤੇ ਪਾਰਟੀਆਂ ਵਿੱਚ ਪੂਰੇ ਮਾਨ ਸਨਮਾਨ ਅਤੇ ਸ਼ਿੱਦਤ ਨਾਲ ਬੁਲਾਇਆ ਜਾਂਦਾ ਹੈ।

ਸਾਹਾ ਇਹ ਵੀ ਜਾਣਦੀ ਹੈ ਕਿ ਫਿਲਮੀ ਦੁਨੀਆ 'ਚ ਬਾਹਰੋਂ ਆਉਣ ਵਾਲੇ ਕਲਾਕਾਰਾਂ ਨੂੰ ਛੇਤੀ ਛੇਤੀ ਜਨਤਕ ਪ੍ਰਵਾਨਗੀ ਦਾ ਮਾਣ ਨਹੀਂ ਮਿਲਦਾ। ਹੁਣ ਤਾਂ ਕਰਨ ਜੌਹਰ ਵਰਗੇ ਲੋਕ ਹਨ ਜੋ ਖੁੱਲ੍ਹ ਕੇ ਭਾਈ-ਭਤੀਜਾਵਾਦ ਦੀ ਵਕਾਲਤ ਕਰਦੇ ਹਨ। ਖੁੱਲ੍ਹੀ ਵਕਾਲਤ ਕਰਦਿਆਂ ਆਪਣੀ ਮਕਾਰੀ ਕਾਰਨ ਉਹ ਬਾਹਰਲੇ ਲੋਕਾਂ ਪ੍ਰਤੀ ਆਪਣੀ ਨਫ਼ਰਤ ਨੂੰ ਵੀ ਨਹੀਂ ਲਕਾਉਂਦੇ। ਫਿਲਮੀ ਦੁਨੀਆ ਦੇ ਇਸ ਅਸੀਮ ਗਲੈਮਰ ਵਿੱਚ ਵੱਡੀ ਹੋ ਰਹੀ ਸਟਾਰ ਔਲਾਦ ਅੰਦਰ ਅਦਾਕਾਰ ਬਣਨ ਦੀ ਇੱਛਾ ਬਚਪਨ ਤੋਂ ਹੀ ਪੈਦਾ ਹੋ ਜਾਂਦੀ ਹੈ। ਜਿਹੜੇ ਕਹਿੰਦੇ ਕਿ ਸਟਾਰ ਬੱਚਿਆਂ ਨੂੰ ਵੀ ਸੰਘਰਸ਼ ਕਰਨਾ ਪੈਂਦਾ ਹੈ, ਉਨ੍ਹਾਂ ਨੂੰ ਕੋਈ ਨਹੀਂ ਪੁੱਛਦਾ ਕਿ ਸਟਾਰ ਬੱਚਿਆਂ ਨੂੰ ਹੋਸ਼ ਆਉਂਦੇ ਹੀ ਮਹਿੰਗੇ ਬਜਟ ਵਾਲੀ ਵੱਡੀ ਫ਼ਿਲਮ ਕਿਵੇਂ ਮਿਲ ਜਾਂਦੀ ਹੈ? ਇਹ ਸਟਾਰ ਬੱਚੇ ਕੱਚੀ ਉਮਰ ਵਿੱਚ ਸਕੂਲ ਛੱਡ ਕੇ ਗਲੈਮਰ ਦੀ ਦੁਨੀਆ ਵਿੱਚ ਦਾਖਲ ਹੋ ਜਾਂਦੇ ਹਨ। ਸਾਹਾ ਭਲੀਭਾਂਤ ਜਾਣਦੀ ਹੈ ਕਿ ਹੰਕਾਰ ਨਾਲ ਭਰੇ ਬਹੁਤੇ ਅਦਾਕਾਰ ਲਗਪਗ ਅਨਪੜ੍ਹ ਹਨ। ਇਨ੍ਹਾਂ ਵਿੱਚੋਂ ਮਿਡਲ ਸਕੂਲ ਤੋਂ

ਅੱਗੇ ਜਾਣ ਵਾਲੇ ਤਾਂ ਉਂਗਲਾਂ ਤੇ ਹੀ ਗਿਣੇ ਜਾ ਸਕਦੇ ਹਨ। ਸਟਾਰ ਔਲਾਦ ਸੋਚਦੀ ਹੈ ਕਿ ਜਦੋਂ ਫਿਲਮਾਂ 'ਚ ਹੀ ਆਉਣਾ ਹੈ ਤਾਂ ਪੜ੍ਹਾਈ ਦੀ ਕੀ ਲੋੜ ? ਉਹ ਡਿਗਰੀ ਅਤੇ ਗਿਆਨ ਨੂੰ ਇੱਕੋ ਸਮਝਦੇ ਨੇ। ਇਹ ਨਹੀਂ ਜਾਣਦੇ ਕਿ ਅਨਪੜ੍ਹ ਰਹਿ ਜਾਣ ਨਾਲ ਹੰਕਾਰ ਆਉਂਦਾ ਤੇ ਗਿਆਨ ਨਾਲ ਨਿਮਰਤਾ।

ਉਸਨੇ ਦੱਬੀ ਨਜ਼ਰ ਨਾਲ ਅਭਿਨੇਤਰੀ ਵੱਲ ਦੇਖਿਆ ਤਾਂ ਉਸਦੇ ਚਿਹਰੇ 'ਤੇ ਮੁਸਕਰਾਹਟ ਸੀ। ਸਾਹਾ ਨੂੰ ਇਹ ਗੱਲ ਚੰਗੀ ਲੱਗੀ ਕਿ ਅਭਿਨੇਤਰੀ ਇਹ ਮੁਸਕਰਾਹਟ ਕੋਸ਼ਿਸ਼ ਨਾਲ ਨਹੀਂ ਲਿਆਉਂਦੀ। ਇਹ ਮੁਸਕਾਣ ਉਸਦੇ ਚਿਹਰੇ ਦੀ ਸਥਾਈ ਹਰਕਤ ਹੈ। ਉਹ ਦੂਸਰੀ ਕਤਾਰ 'ਚ ਸਟੇਜ ਦੇ ਸਾਹਮਣੇ ਕੋਨੇ ਦੀ ਕੁਰਸੀ 'ਤੇ ਬੈਠੇ ਮਹੇਸ਼ ਭੱਟ ਨੂੰ ਧਿਆਨ ਨਾਲ ਦੇਖ ਰਹੀ ਸੀ। ਜਦੋਂ ਉਸ ਦੀ ਨਜ਼ਰ ਮਹੇਸ਼ ਭੱਟ ਤੋਂ ਹਟੀ ਤਾਂ ਸਾਹਾ ਨਾਲ ਮਿਲ ਗਈ। ਸਾਹਾ ਮੁਸਕਰਾਈ। ਫਿਰ ਸਾਹਾ ਵੱਲ ਝੁਕਦਿਆਂ ਬੋਲੀ, "ਜਦੋਂ ਮਹੇਸ਼ ਭੱਟ ਨੇ 'ਅਰਥ' ਬਣਾਈ ਸੀ ਤਾਂ ਲੋਕਾਂ ਨੇ ਫ਼ਿਲਮ ਦੇ ਅੰਤ ਦੀ ਆਲੋਚਨਾ ਕੀਤੀ ਸੀ। ਫ਼ਿਲਮ ਦੀ ਹੀਰੋਇਨ ਵੱਲੋਂ ਆਪਣੇ ਬੇਵਫ਼ਾ ਪਤੀ ਅਤੇ ਨੇਕ ਪ੍ਰੇਮੀ ਦੋਵਾਂ ਨੂੰ ਨਕਾਰਨ ਦੀ ਗੱਲ ਆਲੋਚਕ ਪਚਾ ਨਹੀਂ ਸੀ ਸਕੇ। ਆਲੋਚਕਾਂ ਲਿਖਿਆ ਕਿ ਮਰਦ ਤੋਂ ਬਿਨਾਂ ਔਰਤ ਇਕੱਲੀ ਕਿਵੇਂ ਰਹੇਗੀ?" ਇਹ ਕਹਿ ਕੇ ਉਹ ਚੁੱਪ ਹੋਈ ਤਾਂ ਉਸਦੇ ਚਿਹਰੇ 'ਤੇ ਫਿਰ ਮੁਸਕਾਣ ਉਭਰ ਆਈ। ਸਾਹਾ ਨੇ ਉਸ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਿਆ ਤਾਂ ਉਹ ਅੱਗੋਂ ਬੋਲੀ, –"ਸਮਾਂ ਹੁਣ ਅੱਗੇ ਨਿਕਲ ਗਿਆ। ਵੋਮੈਨ–ਲਿਬ ਦੇ ਨਵੇਂ ਅਰਥ ਸਾਹਮਣੇ ਆ ਗਏ ਹਨ। ਮਾਮਲਾ ਹੁਣ ਲਿਵ–ਇਨ ਤੋਂ ਵੀ ਅੱਗੇ ਨਿਕਲ ਗਿਆ ਹੈ। ਕੁੜੀਆਂ ਹੁਣ ਕੁੜੀਆਂ ਨਾਲ ਸ਼ਾਦੀ ਕਰਕੇ ਜਾਂ ਲਿਵ ਇਨ 'ਚ ਰਹਿਣ ਲੱਗੀਆਂ। ਲੜਕੇ ਲਿਵ ਇਨ 'ਚ ਰਹਿਣ ਲੱਗੇ ਨੇ। ਗੇ ਅਤੇ ਲੈਸਬੀਅਨ ਨੂੰ ਸਮਾਜਿਕ ਪ੍ਰਵਾਨਗੀ ਮਿਲਣ ਲੱਗੀ ਹੈ।"

ਸਾਹਾ ਉਸ ਵੱਲ ਝੁਕੀ, "ਤੁਸੀਂ ਠੀਕ ਕਹਿ ਰਹੇ ਓਂ। ਮੈਂ ਵੀ ਇਕੱਲੀ ਰਹਿੰਦੀ ਹਾਂ।"

ਉਸਨੇ ਸਹਿਮਤੀ ਵਿੱਚ ਸਿਰ ਹਿਲਾਇਆ ਅਤੇ ਕੁਝ ਸੋਚਦਿਆਂ ਬੋਲੀ, – "ਵਿਆਹ ਹਰ ਕਿਸੇ ਦੀ ਇਕੱਲਤਾ ਦਾ ਇਲਾਜ਼ ਨਹੀਂ ਹੈ। ਮੈਂ ਤਿੰਨ ਵਿਆਹ ਕੀਤੇ। ਦੋ ਮਰ ਗਏ। ਇੱਕ ਨਾਲ ਤਲਾਕ ਹੋ ਗਿਆ। ਹੁਣ ਖੁਸ਼ ਹਾਂ।" ਉਸਦੇ ਚਿਹਰੇ ਦੀ ਮੁਸਕਰਾਹਟ ਇਕ ਕੋਨੇ 'ਚੋਂ ਥੋੜ੍ਹੀ ਜਿਹੀ ਤਿੜਕੀ, ਫਿਰ ਤੁਰੰਤ ਸੰਭਲੀ, "ਆਪਣੀ ਇਕੱਲਤਾ ਨੂੰ ਥੋੜਾ ਜਿਹਾ ਮੈਨੇਜ ਕਰ ਲਵੋ ਤਾਂ ਇਕੱਲਤਾ ਦਾ ਵੀ ਇਕ ਸੁੱਖ ਹੁੰਦਾ ਹੈ।"

ਸਾਧਨਾ !

ਉਸਨੂੰ ਯਾਦ ਆ ਗਿਆ। ਸਾਧਨਾ ਨੇ ਵੀ ਇਹੀ ਕਿਹਾ ਸੀ। ਉਹ ਸਾਧਨਾ, ਜੋ ਪਹਿਲਾਂ ਇਕੱਲਤਾ ਨਾਲ ਮਰੀ, ਬਾਅਦ ਵਿਚ ਬਿਮਾਰੀ ਕਾਰਨ। ਭਾਵ ਇੱਥੇ ਸਾਰੀਆਂ ਬੁੱਢੀਆਂ ਔਰਤਾਂ ਇੱਕੋ ਜਿਹਾ ਸੋਚਦੀਆਂ ਹਨ। ਖੁਦ ਨੂੰ ਇਕੋ ਜਿਹੀਆਂ ਗੱਲਾਂ ਨਾਲ ਦਿਲਾਸਾ ਦਿੰਦੀਆਂ ਹਨ।

ਉਹ ਸਾਹਮਣੇ ਸਟੇਜ ਵੱਲ ਦੇਖ ਰਹੀ ਸੀ। ਸਾਹਾ ਵੀ ਸਟੇਜ ਵੱਲ ਦੇਖਣ ਲੱਗੀ

ਐਵਾਰਡ ਫੰਕਸ਼ਨ ਤੋਂ ਬਾਅਦ ਸ਼ਾਨਦਾਰ ਕਾਕਟੇਲ ਪਾਰਟੀ ਸੀ। ਉਹ ਕਾਫੀ ਸਮੇਂ ਬਾਅਦ ਕਿਸੇ ਪਾਰਟੀ 'ਚ ਆਈ ਸੀ। ਅੱਜਕੱਲ੍ਹ ਦੀਆਂ ਫ਼ਿਲਮੀ ਕਾਕਟੇਲ ਪਾਰਟੀਆਂ ਬਾਰੇ ਥੋੜ੍ਹਾ–ਬਹੁਤ ਜਾਣਦੀ ਤਾਂ ਸੀ, ਪਰ ਜੋ ਦ੍ਰਿਸ਼ ਸਾਹਮਣੇ ਸੀ ਉਸਨੂੰ ਦੇਖ ਕੇ ਹੈਰਾਨ ਰਹਿ ਗਈ। ਵੇਟਰ ਸ਼ਰਾਬ ਦੇ ਭਰੇ ਗਲਾਸ ਲੈ ਕੇ ਹਾਲ ਵਿੱਚ ਘੁੰਮ ਰਹੇ ਸਨ। ਸਾਰੇ ਲੋਕ ਜਿੰਨਾ 'ਚ ਨਵੀਆਂ ਅਭਿਨੇਤਰੀਆਂ ਵੀ ਸ਼ਾਮਿਲ ਸਨ, ਬੇਝਿਜਕ ਅਤੇ ਪੂਰੇ ਉਤਸ਼ਾਹ ਨਾਲ ਸ਼ਰਾਬ ਪੀ ਰਹੇ ਸਨ। ਅਜਿਹਾ ਨਹੀਂ ਕਿ

ਉਸਦੇ ਸਮੇਂ ਵਿਚ ਅਭਿਨੇਤਰੀਆਂ ਸ਼ਰਾਬ ਨਹੀਂ ਸਨ ਪੀਂਦੀਆਂ-ਪੀਂਦੀਆਂ ਸਨ ਪਰ ਕੋਕ ਦੇ ਗਲਾਸ ਵਿਚ ਵਿਸਕੀ ਮਿਲਾ ਕੇ ਪੀਂਦੀਆਂ ਸਨ। ਪਾਣੀ ਵਾਲੇ ਗਲਾਸ ਵਿੱਚ ਵੋਦਕਾ ਪਾ ਕੇ ਪੀਤੀ ਜਾਂਦੀ ਸੀ। ਪਰ ਇੱਥੇ ਤਾਂ ਕੋਈ ਝਿਜਕ ਹੀ ਨਹੀਂ ਸੀ। ਕੁਝ ਵੀ ਲੁਕਿਆ ਨਹੀਂ ਸੀ। ਸਭ ਕੁਝ ਖੁੱਲ੍ਹਾ। ਨਵੀਆਂ ਅਭਿਨੇਤਰੀਆਂ ਸ਼ਰੇਆਮ ਸ਼ਰਾਬ ਪੀ ਰਹੀਆਂ ਸਨ। ਬੜੀ ਬੇਤਕੱਲਫ਼ੀ ਨਾਲ ਨਿਰਮਾਤਾਵਾਂ ਨਿਰਦੇਸ਼ਕਾਂ ਅਤੇ ਅਦਾਕਾਰਾਂ ਨਾਲ ਇਉਂ ਬੈਠੀਆਂ ਸਨ, ਜਿਵੇਂ ਲੇਟੀਆਂ ਹੋਣ। ਬੜੀ ਕੁਸ਼ਲਤਾ ਨਾਲ ਬੇਧਿਆਨੀ ਦਾ ਅਭਿਨੈ ਕਰਦਿਆਂ ਉਹਨਾਂ ਦੀ ਗੋਦੀ ਵਿਚ ਡਿੱਗ ਰਹੀਆਂ ਸਨ। ਇਹ ਦ੍ਰਿਸ਼ ਸਾਹਾ ਲਈ ਨਵੇਂ ਸਨ। ਫਿਰ ਇਕ ਲੜਖੜਾਉਂਦੀ ਤੇ ਡਿੱਕ ਡੋਲੇ ਖਾਂਦੀ ਇਕ ਕੁੜੀ ਉਸਦੇ ਕੋਲ ਆ ਕੇ ਬੈਠ ਗਈ। ਕੁੜੀ ਨੇ ਚਿੱਟੇ ਰੰਗ ਦੀ ਸਮੋਕ ਸ਼ਰਟ ਅਤੇ ਸਵੈਟ ਕਾਰਗੋ ਪੈਂਟ ਪਾਈ ਹੋਈ ਸੀ। ਸ਼ਰਟ ਦੇ ਦੋਵੇਂ ਮੋਢਿਆਂ 'ਤੇ ਕੱਟ ਲੱਗੇ ਹੋਏ ਸਨ ਜੋ ਹੇਠਾਂ ਮੋਢਿਆਂ ਤੱਕ ਆ ਗਏ ਸਨ। ਸ਼ਰਟ ਉਪਰਲੇ ਦੋ ਬਟਨ ਖੁੱਲ੍ਹੇ ਹੋਏ ਸਨ। ਸਾਫ਼ ਸੀ ਕਿ ਲੜਕੀ ਨੇ ਕਮੀਜ਼ ਦੇ ਹੇਠਾਂ ਕੁਝ ਵੀ ਨਹੀਂ ਸੀ ਪਾਇਆ ਹੋਇਆ। ਜੇ ਕਮੀਜ਼ ਦੇ ਹੇਠਾਂ ਕੁਝ ਸੀ, ਤਾਂ ਉਹ ਬ੍ਰਾਅ ਅੰਦਰ ਉਬਲਦਾ ਉਤਸ਼ਾਹ ਸੀ। ਕੁੜੀ ਦੇ ਇੱਕ ਹੱਥ ਵਿੱਚ ਵਿਸਕੀ ਦਾ ਗਲਾਸ ਅਤੇ ਦੂਜੇ ਦੀਆਂ ਉਂਗਲਾਂ ਵਿੱਚ ਸਿਗਰਟ ਫਸੀ ਹੋਈ ਸੀ। ਉਸਨੇ ਜਿਸ ਤਰੀਕੇ ਨਾਲ ਕਸ਼ ਖਿੱਚਿਆ ਉਸ ਤੋਂ ਸਾਹਾ ਸਮਝ ਗਈ ਕਿ ਕੁੜੀ ਸਿਗਰਟ ਪੀਣ ਦੀ ਖਾਸੀ ਆਦੀ ਹੈ। ਕੁੜੀ ਨੇ ਸਾਹਾ ਵੱਲ ਦੇਖਿਆ ਤੇ ਨਸ਼ੇ ਦੇ ਭਾਰ ਹੇਠ ਦੱਬੀਆਂ ਜਾ ਰਹੀਆਂ ਅੱਖਾਂ ਨੂੰ ਮੁਸ਼ਕਲ ਨਾਲ ਖੋਲ੍ਹਿਦਿਆਂ ਬੋਲੀ - "ਤੁਹਾਡੇ ਹੱਥ ਖਾਲੀ ਨੇ !" ਇਸ ਤੋਂ ਪਹਿਲਾਂ ਕਿ ਸਾਹਾ ਕੁਝ ਬੋਲਦੀ, ਉਸ ਨੇ ਕੋਲੋ ਲੰਘ ਰਹੇ ਵੇਟਰ ਨੂੰ ਰੋਕਿਆ ਅਤੇ ਟਰੇਅ ਵਿਚੋਂ ਵੋਦਕਾ ਦਾ ਗਲਾਸ ਚੁੱਕ ਉਸਦੇ ਹੱਥਾਂ 'ਚ ਦੇ ਦਿੱਤਾ। ਜਦੋਂ ਕੁੜੀ ਨੇ ਅਗਲਾ ਕਸ਼ ਖਿੱਚਿਆ ਤਾਂ ਸਾਹਾ ਨੇ ਇਸਦੀ ਗੰਧ ਤੋਂ ਸਮਝ ਲਿਆ ਕਿ ਕੁੜੀ ਸਧਾਰਨ ਸਿਗਰਟ ਨਹੀਂ ਪੀ ਰਹੀ। ਉਹ ਸਿਗਰਟ ਦੀ ਹੀ ਨਹੀਂ ਸਗੋਂ ਡਰੱਗਜ਼ ਦੀ ਵੀ ਆਦੀ ਸੀ। ਸਾਹਾ ਹੌਲੀ-ਹੌਲੀ ਵੋਦਕਾ ਪੀਂਦੀ ਰਹੀ। ਸਾਹਾ ਨੇ ਰੇਵ ਪਾਰਟੀਆਂ ਬਾਰੇ ਸੁਣਿਆ ਹੋਇਆ ਸੀ ਪਰ ਇਹ ਪਾਰਟੀ ਉਸ ਤਰ੍ਹਾਂ ਦੀ ਨਹੀਂ ਸੀ। ਫਿਲਮੀ ਦੁਨੀਆ ਪਹਿਲਾਂ ਆਧੁਨਿਕਤਾ ਅਤੇ ਫਿਰ ਉੱਤਰ-ਆਧੁਨਿਕਤਾ ਦੇ ਦੌਰ ਵਿੱਚ ਆ ਗਈ ਹੈ, ਪਰ ਅਜੇ ਵੀ ਅਜਿਹੀਆਂ ਪਾਰਟੀਆਂ ਵਿੱਚ ਨਸ਼ਿਆਂ ਦਾ ਰਿਵਾਜ ਨਹੀਂ ਚੱਲਿਆ। ਕਿਉਂਕਿ ਪਾਰਟੀ ਵਿੱਚ ਵੱਡੇ-ਵੱਡੇ ਸੈਲੇਬਰਿਟੀਜ਼ ਵੀ ਸਨ ਅਤੇ ਉਹ ਇੰਨੇ ਵੱਡੇ ਸਨ ਕਿ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਆਪਣੇ ਆਪ ਨੂੰ ਦੂਰ ਰੱਖਣ ਦਾ ਅਕਸ ਸਥਾਪਤ ਕਰਨ ਲਈ ਬਹੁਤ ਮਿਹਨਤ ਕਰਦੇ ਨੇ। ਕੁੜੀ ਜ਼ਰੂਰ ਕਿਤੇ ਬਾਹਰੋਂ ਨਸ਼ਾ ਲਿਆਈ ਹੋਵੇਗੀ।

ਪਾਰਟੀ 'ਚ ਕਈ ਅਜਿਹੀਆਂ ਵੀ ਲੜਕੀਆਂ ਮੌਜੂਦ ਸਨ ਜੋ ਮਾਡਲਿੰਗ ਕਰ ਰਹੀਆਂ ਸਨ। ਕੁੜੀ ਨੇ ਉਸਦੀਆਂ ਨਜ਼ਰਾਂ ਦਾ ਪਿੱਛਾ ਕਰਦਿਆਂ ਕਿਹਾ, "ਇਹਨਾਂ ਵਿੱਚੋਂ ਕਈ ਕੁੜੀਆਂ ਤਾਂ ਬਹੁਤ ਪੜ੍ਹੀਆਂ-ਲਿਖੀਆਂ ਹਨ। ਮੈਂ ਖੁਦ ਐਮ, ਬੀ. ਏ.। ਕੀਤੀ ਹੈ।" ਸਾਹਾ ਨੇ ਉਸਨੂੰ ਪੁੱਛਿਆ ਕਿ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਇੰਨੀ ਪੜ੍ਹਾਈ ਕਰਨ ਤੋਂ ਬਾਅਦ ਤਾਂ ਕਿਸੇ ਚੰਗੀ ਵੱਡੀ ਕੰਪਨੀ ਵਿੱਚ ਨੌਕਰੀ ਮਿਲ ਜਾਂਦੀ ਹੋਵੇਗੀ। ਕੁੜੀ ਹੱਸੀ, "ਵਿਸ਼ਵੀਕਰਨ ਕਾਰਨ ਦੇਸ਼ ਅਤੇ ਦੁਨੀਆ ਵਿਚ ਵੱਡੀਆਂ ਵੱਡੀਆਂ ਕੰਪਨੀਆਂ ਸਾਹਮਣੇ ਆਈਆਂ ਹਨ। ਬਾਜ਼ਾਰ ਨੇ ਇਨ੍ਹਾਂ ਕੰਪਨੀਆਂ ਲਈ ਇਸ਼ਤਿਹਾਰਬਾਜ਼ੀ ਦੀ ਲੋੜ ਪੈਦਾ ਕਰ ਦਿੱਤੀ ਹੈ। ਲੋਕ ਬਾਜ਼ਾਰ ਨੂੰ ਲੱਖ ਗਾਲ੍ਹਾਂ ਕੱਢਣ, ਪਰ ਅੱਜ ਬਹੁਤ ਸਾਰੀਆਂ ਕੁੜੀਆਂ ਨੂੰ ਇਸ ਮਾਰਕੀਟ ਤੋਂ ਮਾਡਲਿੰਗ ਦੇ ਮੌਕੇ ਮਿਲੇ ਹਨ। ਕੱਲ੍ਹ ਨੂੰ ਫਿਲਮਾਂ 'ਚ ਵੀ ਕੰਮ ਮਿਲੂਗਾ। ਮੈਨੂੰ ਖੁਦ ਨੂੰ ਮਿਲਿਆ। ਮੇਰੇ ਕੋਲ ਵੀ ਕੁਝ ਬ੍ਰਾਂਡ

ਐਂਡੋਰਸਮੈਂਟ ਹਨ।" ਉਸਦੀ ਆਵਾਜ਼ ਵਿੱਚ ਖੁਸ਼ੀ ਸੀ। ਮਾਣ ਸੀ। ਬਜ਼ਾਰ ਬਾਰੇ ਉਸ ਦਾ ਆਪਣਾ ਇਕ ਵੱਖਰਾ ਦਰਸ਼ਨ ਸੀ। ਸਾਹਾ ਨੇ ਇਕ ਨਜ਼ਰ ਹਾਲ 'ਚ ਘੁੰਮਾਈ। ਪਾਰਟੀ ਹੁਣ ਜਵਾਨ ਹੋ ਰਹੀ ਸੀ। ਪਾਰਟੀ 'ਚ ਸ਼ਰਾਬ, ਸੁਹੱਪਣ ਅਤੇ ਲਾਲਸਾਵਾਂ ਵਹਿ ਰਹੀਆਂ ਸਨ।

ਕੁੜੀ ਨੇ ਉਸਨੂੰ ਅੱਖਾਂ ਦੇ ਇਸ਼ਾਰਿਆਂ ਨਾਲ ਸਾਹਮਣੇ ਦੇਖਣ ਲਈ ਕਿਹਾ। ਸਾਹਾ ਨੇ ਦੇਖਿਆ ਕਿ ਖਿਚੜੀ ਦਾੜ੍ਹੀ ਵਾਲਾ ਇਕ ਅਧਖੜ ਉਮਰ ਦਾ ਆਦਮੀ, ਮਿੰਨੀ ਸਕਰਟ ਤੇ ਛੋਟੀ ਬ੍ਰਾ ਵਰਗਾ ਬਲਾਊਜ਼ ਪਹਿਨੀ ਇੱਕ ਕੁੜੀ ਨਾਲ ਚਿਪਕਿਆ ਬੈਠਾ ਗੱਲਾਂ ਮਾਰ ਰਿਹਾ ਸੀ।

"ਐੱਡ ਵਰਲਡ ਦਾ ਕਿੰਗ ਹੈ!" ਲੜਕੀ ਨੇ ਦੱਸਿਆ ਤਾਂ ਉਹ ਲੜਕੀ ਵੱਲ ਹੈਰਾਨੀ ਨਾਲ ਦੇਖਣ ਲੱਗੀ। ਕੁੜੀ ਨੇ ਬੜੇ ਆਰਾਮ ਨਾਲ ਸਿਰ ਹਿਲਾਇਆ। ਸਾਹਾ ਉਸ ਦਾਹੜੀ ਵਾਲੇ ਬੰਦੇ ਦੇ ਸਾਹਮਣੇ ਬੈਠੀ ਕੁੜੀ ਵੱਲ ਦੇਖਣ ਲੱਗੀ।

"ਇਸ ਕੁੜੀ ਦਾ ਨਾਂ ਮਾਇਆ ਹੈ!" ਸਾਹਾ ਦੇ ਕੋਲ ਬੈਠੀ ਲੜਕੀ ਨੇ ਦੱਸਿਆ ਪਰ ਅਜੇ ਤੱਕ ਉਸਨੇ ਆਪਣਾ ਨਾਂ ਨਹੀਂ ਸੀ ਦੱਸਿਆ। ਫਿਰ ਉਸਨੇ ਮੁਸਕਰਾਉਂਦੇ ਹੋਏ ਕਿਹਾ, "ਮਾਇਆ ਨੇ ਅਜੇ ਜਵਾਨੀ ਦੀ ਦਹਿਲੀਜ਼ ਪਾਰ ਨਹੀਂ ਕੀਤੀ, ਪਰ ਇੱਕ ਪੂਰਨ ਔਰਤ ਬਣ ਵੀ ਗਈ ਐ।" ਸਾਹਾ ਨੂੰ ਆਪਣੇ ਵੱਲ ਗਹੁ ਨਾਲ ਵੇਖਦਿਆਂ ਤੱਕ ਕੇ ਕੁੜੀ ਨੇ ਕਿਹਾ, "ਅੱਜ ਕੱਲ੍ਹ ਮੈਡੀਕਲ ਇੰਡਸਟਰੀ ਨੇ ਬਹੁਤ ਤਰੱਕੀ ਕਰ ਲਈ ਹੈ। ਇੱਥੇ ਛੇਤੀ ਜਵਾਨ ਬਣਾਉਣ ਲਈ ਹੀ ਨਹੀਂ, ਸਗੋਂ ਇੱਕ ਭਰੀ ਪੂਰੀ ਔਰਤ ਬਣਾਉਣ ਲਈ ਵੀ ਸਭ ਕੁੱਝ ਹੈ।"

ਸਾਹਾ ਨੇ ਨੋਟ ਕੀਤਾ, ਕੁੜੀ ਨੇ ਮੈਡੀਕਲ ਸਾਇੰਸ ਦੀ ਥਾਂ ਮੈਡੀਕਲ ਇੰਡਸਟਰੀ ਕਿਹਾ। ਕੁੜੀ ਬਾਜ਼ਾਰ ਦੀ ਭਾਸ਼ਾ ਸਮਝ ਵੀ ਰਹੀ ਸੀ ਅਤੇ ਇਸਦਾ ਇਸਤੇਮਾਲ ਵੀ ਕਰ ਰਹੀ ਸੀ। ਸਾਹਾ ਨੂੰ ਯਾਦ ਆਇਆ ਕਿ ਕਿਸੇ ਸਮੇਂ ਫਿਲਮ ਇੰਡਸਟਰੀ ਵਿੱਚ ਇਹ ਅਫਵਾਹ ਸੀ ਕਿ ਨੀਤੂ ਸਿੰਘ ਦੀ ਮਾਂ ਰਾਜੀ ਸਿੰਘ ਨੇ ਬੇਟੀ ਨੂੰ ਫਿਲਮ ਵਿੱਚ ਕੰਮ ਦਿਵਾਉਣ ਦੀ ਕਾਹਲ 'ਚ ਧੀ ਨੂੰ ਜਵਾਨ ਬਣਾਉਣ ਲਈ ਇਸ ਤਰ੍ਹਾਂ ਦੀਆਂ ਦਵਾਈਆਂ ਜਾਂ ਇੰਜੈਕਸ਼ਨ ਦਿੱਤੇ ਸਨ।

ਕੁੜੀ ਨੂੰ ਅਚਾਨਕ ਜਿਵੇਂ ਕੁਝ ਖਿਆਲ ਆਇਆ। ਉਹ ਮੁੜੀ ਅਤੇ ਸਿਗਰਟ ਉਸ ਵੱਲ ਵਧਾਈ – "ਤੁਸੀਂ ਵੀ ਲਵੋ!" ਫਿਰ ਹੋਰ ਵੀ ਬੇਤਕੱਲੁਫ਼ ਹੋ ਗਈ, "ਲਓ ਨਾ ਯਾਰ!" ਲੜਕੀ ਜਾਂ ਤਾਂ ਸਾਹਾ ਨੂੰ ਪਛਾਣ ਸਕਣ ਤੋਂ ਅਸਮਰੱਥ ਦਿਖਾਈ ਦੇਣਾ ਚਾਹੁੰਦੀ ਸੀ ਜਾਂ ਉਸਨੂੰ ਪਛਾਣਨ ਦੀ ਸਥਿਤੀ ਵਿਚ ਨਹੀਂ ਸੀ।

"ਮੈਂ ਸਮੋਕਿੰਗ ਨਹੀਂ ਕਰਦੀ।" ਸਾਹਾ ਨੇ ਹੌਲੀ ਜਿਹੀ ਕਿਹਾ।

"ਲੈ ਲਓ ਇਕ ਕਸ਼–ਇਹ ਕੋਈ ਮਾਮੂਲੀ ਸਿਗਰਟ ਨਹੀਂ।" ਫਿਰ ਆਪਣੇ ਕਸ਼ ਦੇ ਅਨੰਦ ਦੇ ਝੂਲੇ 'ਤੇ ਝੂਲਦਿਆਂ ਕਹਿਣ ਲੱਗੀ, "ਕਦੇ ਸਿਤਾਰਿਆਂ ਦੀ ਦੁਨੀਆ ਦੀ ਸੈਰ ਕੀਤੀ ਹੈ? ਇੱਕ ਸੂਟਾ ਲਾ? ਤਾਂ ਇਉਂ ਲੱਗੂ ਜਿਵੇਂ ਉੱਡਦਿਆਂ ਤਾਰਿਆਂ ਤੱਕ ਪਹੁੰਚ ਗਏ ਹੋਵੋਂ। ਅੱਗੇ, ਸਿਤਾਰਿਆਂ ਤੋਂ ਵੀ ਅੱਗੇ। ਚੰਨ ਤੱਕ। ਅਨੰਦ ਦੀ ਦੁਨੀਆ 'ਚ।" ਉਹ ਕੁਝ ਦੇਰ ਲਈ ਚੁੱਪ ਹੋ ਗਈ ਅਤੇ ਆਪਣਾ ਹੱਥ ਪਿੱਛੇ ਖਿੱਚਦਿਆਂ ਬੋਲੀ–"ਮੈਂ ਸੂਟੇ ਨਾਲ ਚੰਨ 'ਤੇ ਜਾ ਰਹੀ ਹਾਂ। ਏਨੀ ਛੇਤੀ ਤਾਂ ਸਾਲਾ ਦੁਨੀਆ ਦਾ ਕੋਈ ਪੁਲਾੜ ਜਹਾਜ਼ ਵੀ ਨਹੀਂ ਲੈ ਕੇ ਜਾਵੇਗਾ।" ਇਹ ਕਹਿ ਕੇ ਉਹ ਹੱਸਣ ਲੱਗ ਪਈ।

ਇਸ ਦੌਰਾਨ ਸਾਹਾ ਦਾ ਗਲਾਸ ਖਾਲੀ ਹੋ ਗਿਆ ਸੀ। ਇਸ ਵਾਰ ਕੁੜੀ ਨੇ ਨਹੀਂ ਸਗੋਂ ਉਸਨੇ ਖੁਦ ਵੇਟਰ ਤੋਂ ਅਗਲਾ ਗਲਾਸ ਲੈ ਲਿਆ ਸੀ। ਆਪਣੇ ਇਕੱਲੇਪਣ ਦੀ ਥਕਾਣ ਤੋਂ ਪੈਦਾ

ਹੋਈ ਉਦਾਸੀ ਨੂੰ ਹਰਾਉਣ ਲਈ, ਉਸਨੇ ਗਲਾਸ ਇਕੋ ਵਾਰ 'ਚ ਖਾਲੀ ਕਰ ਦਿੱਤਾ।

ਪਾਰਟੀ ਆਪਣੇ ਪੂਰੇ ਸ਼ਬਾਬ 'ਤੇ ਸੀ। ਹਾਲ ਹਾਸੇ ਅਤੇ ਠਹਾਕਿਆਂ ਨਾਲ ਭਰਿਆ ਹੋਇਆ ਸੀ। ਇੰਨੇ ਰੌਲੇ-ਰੱਪੇ ਵਿਚ ਲੋਕ ਗੁਪਤ ਗੱਲਾਂ ਵੀ ਬਹੁਤ ਉੱਚੀ-ਉੱਚੀ ਕਰ ਰਹੇ ਸਨ। ਕਿਸੇ ਕੋਲ ਦੂਜੇ ਦੀ ਗੱਲ ਸੁਣਨ ਦੀ ਫੁਰਸਤ ਹੀ ਨਹੀਂ ਸੀ। ਸਾਰੇ ਆਪਣੀ ਆਪਣੀ ਪਸੰਦ ਦੇ ਲੋਕਾਂ ਨਾਲ ਬੈਠੇ ਖਾ ਪੀ ਰਹੇ ਸਨ। ਸਾਹਾ ਕੋਲ ਕੋਈ ਨਾ ਆਇਆ। ਐਵਾਰਡ ਫੰਕਸ਼ਨ ਦੀ ਰਸਮ ਪੂਰੀ ਹੋ ਚੁੱਕੀ ਸੀ। ਹੁਣ ਲੋਕ ਆਪੋ ਆਪਣੇ ਦੋਸਤਾਂ 'ਚ ਰੁੱਝ ਗਏ ਸਨ। ਸਾਹਾ ਨੂੰ ਲੱਗਿਆ ਇਸ ਭਰੀ ਭੁਕੰਨੀ ਪਾਰਟੀ 'ਚ ਉਹ ਹੌਲੀ-ਹੌਲੀ ਇਕੱਲੀ ਹੁੰਦੀ ਜਾ ਰਹੀ ਹੈ। ਪ੍ਰਸਿੱਧੀ ਦੀ ਉਮਰ ਕਿੰਨੀ ਛੋਟੀ ਹੁੰਦੀ ਹੈ? ਹੁਣ ਉਹ ਪਛਤਾ ਰਹੀ ਸੀ ਕਿ ਇੰਨੇ ਸਾਲਾਂ ਦੇ ਇਕੱਲੇਪਣ ਦੇ ਹਨੇਰੇ ਦੀ ਸੁਰੱਖਿਆ ਤੋਂ ਬਾਹਰ ਕਿਉਂ ਆਈ? ਇਕੱਲੇਪਣ ਦੀ ਤਾਂ ਉਸਨੂੰ ਆਦਤ ਪੈ ਗਈ ਸੀ। ਇੱਥੇ ਆ ਕੇ ਇਹ ਅਹਿਸਾਸ ਹੋਰ ਵੀ ਵਧ ਗਿਆ ਸੀ। ਇਸ ਰੌਲੇ-ਰੱਪੇ ਨਾਲ ਭਰੀ ਪਾਰਟੀ ਵਿੱਚ ਵੀ ਉਸਨੂੰ ਗਹਿਰਾ ਸੰਨਾਟਾ ਮਹਿਸੂਸ ਹੋਇਆ। ਉਦਾਸੀ ਦੀ ਨਮੀ ਛੂਹਣ ਲੱਗੀ। ਰੌਸ਼ਨੀ ਨਾਲ ਜਗਮਗਾਉਂਦੀ ਇਸ ਪਾਰਟੀ 'ਚ ਇਕੱਲਤਾ ਦੇ ਹਨੇਰੇ ਦਾ ਸਮੁੰਦਰ ਏਧਰੋਂ-ਓਧਰ ਥਾਂ ਬਣਾਉਂਦਾ ਹੋਇਆ ਪੂਰੇ ਵੇਗ ਨਾਲ ਉਸ ਤੱਕ ਆ ਰਿਹਾ ਸੀ। ਅਚਾਨਕ ਉਸਨੂੰ ਮਹਿਸੂਸ ਹੋਇਆ ਕਿ ਸਾਰੇ ਹਾਲ 'ਚ ਹਨੇਰਾ ਹੋ ਗਿਆ ਹੈ ਅਤੇ ਉਹ ਬਾਹਰ ਨਿਕਲਣ ਲਈ ਪਾਗਲਾਂ ਵਾਂਗ ਭੱਜ ਰਹੀ ਹੈ। ਕਿਤੇ ਵੀ ਕੋਈ ਦਰਵਾਜ਼ਾ ਨਜ਼ਰ ਨਹੀਂ ਸੀ ਆ ਰਿਹਾ। ਉਹ ਹਰ ਵਾਰ ਕਠੋਰ ਹਨੇਰੇ ਨਾਲ ਟਕਰਾ ਕੇ ਡਿੱਗ ਪੈਂਦੀ। ਉਹ ਫਿਰ ਉੱਠੀ,ਡਿੱਗੀ ਅਤੇ ਹਫ਼ਣ ਲੱਗੀ।

ਹਫ਼ਦਿਆ ਹਫ਼ਦਿਆਂ ਉਸਨੇ ਹੌਲੀ-ਹੌਲੀ ਆਪਣੀਆਂ ਅੱਖਾਂ ਖੋਲ੍ਹੀਆਂ ਤਾਂ ਦੇਖਿਆ ਕਿ ਕੁੜੀ ਉਸ ਵੱਲ ਹੀ ਦੇਖ ਰਹੀ ਹੈ। ਉਸਨੇ ਅੱਖਾਂ ਦੇ ਇਸ਼ਾਰੇ ਨਾਲ ਪੁੱਛਿਆ-ਠੀਕ ਹੋ ਤੁਸੀਂ ? ਸਾਹਾ ਨੇ ਸਹਿਮਤੀ 'ਚ ਸਿਰ ਹਿਲਾਇਆ ਅਤੇ ਨਾਰਮਲ ਹੋਣ ਦੀ ਕੋਸ਼ਿਸ਼ ਕਰਨ ਲੱਗੀ। ਕੁੜੀ ਨੇ ਉਸਦੇ ਹੱਥਾਂ 'ਚ ਵਿਸਕੀ ਦਾ ਅਗਲਾ ਗਲਾਸ ਫੜਾ ਦਿੱਤਾ। ਸਾਹਾ ਨੇ ਇੱਕ ਲੰਮੀ ਚੁਸਕੀ ਲਈ ਅਤੇ ਆਪਣੇ ਆਪ ਨੂੰ ਕਾਫੀ ਹੱਦ ਤੱਕ ਨੌਰਮਲ ਕਰ ਲਿਆ। ਉਸਨੂੰ ਲੱਗਿਆ ਸ਼ਰਾਬ ਉਸਨੂੰ ਇਕੱਲਤਾ ਦੇ ਹਨੇਰੇ ਤੋਂ ਬਚਾ ਰਹੀ ਹੈ। ਥੋੜ੍ਹਾ ਸਹਿਜ ਹੋਣ ਦੀ ਕੋਸ਼ਿਸ਼ ਕਰਦਿਆਂ ਕੁੜੀ ਨੂੰ ਪੁੱਛਿਆ – "ਤੁਸੀਂ ਫਿਲਮਾਂ 'ਚ ਕੰਮ ਕਰਦੇ ਓ?" ਮਾਫ ਕਰਨਾ, ਮੈਂ ਕਾਫੀ ਸਮੇਂ ਤੋਂ ਕੋਈ ਨਵੀਂ ਫਿਲਮ ਨਹੀਂ ਦੇਖੀ।"

"ਮੈਂ ਸਾਊਥ ਦੀਆਂ ਦੋ ਫ਼ਿਲਮਾਂ ਕੀਤੀਆਂ। ਹੁਣ ਤਾਂ ਸਾਊਥ ਦੀਆਂ ਫ਼ਿਲਮਾਂ ਤੋਂ ਵੀ ਬਥੇਰੀ ਪਬਲੀਸਿਟੀ ਮਿਲ ਜਾਂਦੀ ਹੈ। ਪੈਸਾ ਤਾਂ ਖ਼ੂਬ ਮਿਲਦਾ ਹੀ ਹੈ।" ਸਾਹਾ ਨੂੰ ਚੁੱਪ ਦੇਖ ਉਹ ਅੱਗੇ ਬੋਲੀ, "ਮੇਰੀ ਇੱਕ ਹਿੰਦੀ ਫ਼ਿਲਮ ਰਿਲੀਜ਼ ਹੋ ਚੁੱਕੀ ਹੈ। ਇਸ 'ਚ ਛੋਟਾ ਜਿਹਾ ਰੋਲ ਸੀ ਪਰ ਹੁਣ ਦੋ ਵੱਡੀਆਂ ਫ਼ਿਲਮਾਂ ਫਲੋਰ 'ਤੇ ਜਾਣ ਵਾਲੀਆਂ ਨੇ। ਫਿਲਹਾਲ ਮੈਂ ਇੱਕ ਓ ਟੀ ਟੀ ਸੀਰੀਜ਼ ਵਿੱਚ ਕੰਮ ਕਰ ਰਹੀ ਹਾਂ।"

ਅੱਤ ਦੀ ਇਸ ਥਕਾਵਟ ਦੇ ਬਾਵਜੂਦ ਸਾਹਾ ਮਨ ਹੀ ਮਨ ਮੁਸਕਰਾਈ। ਇਹ ਫਿਲਮ ਇੰਡਸਟਰੀ ਦੀਆਂ ਨਵੀਆਂ ਹੀਰੋਇਨਾਂ ਦੀ ਰੁਟੀਨ ਦੀ ਭਾਸ਼ਾ ਹੈ। 'ਦੋ ਫਿਲਮਾਂ ਫਲੋਰ 'ਤੇ ਜਾਣ ਵਾਲੀਆਂ ਹਨ। ਕੁਝ ਨਿਰਮਾਤਾਵਾਂ ਨਾਲ ਗੱਲਬਾਤ ਚੱਲ ਰਹੀ ਹੈ। ਦਰਅਸਲ ਮੈਂ ਬਹੁਤ ਚੂਜ਼ੀ ਹਾਂ। ਰੋਲ ਪਸੰਦ ਆਉਣ 'ਤੇ ਹੀ ਫਿਲਮ ਕਰਦੀ ਹਾਂ। ਜਦੋਂ ਮੈਨੂੰ ਸਬਜੈਕਟ ਪਸੰਦ ਹੁੰਦਾ ਉਦੋਂ ਹੀ ਫਿਲਮ ਕਰਦੀ ਹਾਂ।' ਇਹ ਫਿਲਮ ਇੰਡਸਟਰੀ ਦੇ ਪਿੱਟ ਡਾਇਲਾਗ ਹਨ। ਕੁਝ ਵੀ ਨਹੀਂ ਬਦਲਿਆ।

ਵਰਿਆਂ ਤੋਂ ਇਹੀ ਵਾਕ ਬੋਲੇ ਜਾ ਰਹੇ ਹਨ। ਦੂਜਿਆਂ ਨੂੰ ਭਰਮਾਉਣ ਲਈ। ਖੁਦ ਨੂੰ ਤਸੱਲੀ ਦੇਣ ਲਈ। ਹਰ ਨਵੀਂ ਪੀੜ੍ਹੀ ਦੀ ਜ਼ੁਬਾਨ 'ਤੇ ਰਹਿੰਦੇ ਹਨ। ਉਹ ਸਮਝ ਗਈ ਕੁੜੀ ਓ ਟੀ ਟੀ ਸੀਰੀਜ਼ ਵਿੱਚ ਹੀ ਕੰਮ ਕਰ ਰਹੀ ਹੈ।

"ਤੁਸੀਂ ਓ ਟੀ ਪੀ 'ਤੇ ਸੀਰੀਜ ਦੇਖਦੇ ਹੋ?" ਉਸਨੇ ਸਾਹਾ ਨੂੰ ਪੁੱਛਿਆ–"ਮਿਰਜ਼ਾਪੁਰ ਜਾਂ ਸੈਕਰਡ ਗੇਮਜ਼ ਵੇਖੀ ਹੈ? ਆਸ਼ਰਮ ਦੇਖੀ ਹੈ?"

"ਤੂੰ ਹੈਂ ਇਸ ਸੀਰੀਜ ਵਿਚ?" ਸਾਹਾ ਧਿਆਨ ਨਾਲ ਉਸ ਵੱਲ ਦੇਖਣ ਲੱਗੀ। ਸ਼ਾਇਦ ਇਹਨਾਂ ਲੜੀਵਾਰਾਂ ਵਿੱਚੋਂ ਇਸ ਚਿਹਰੇ ਨੂੰ ਪਛਾਣ ਕੇ ਅਲੱਗ ਕਰ ਸਕੇ! ਕੁੜੀ ਕੁਝ ਨਾ ਬੋਲੀ। ਚੁੱਪ ਹੋ ਗਈ। ਕੁੜੀ ਦੀ ਸ਼ਰਟ ਦਾ ਤੀਜਾ ਬਟਨ ਵੀ ਖੁੱਲ੍ਹ ਗਿਆ ਸੀ। ਸਾਹਾ ਨੇ ਬੰਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕੁੜੀ ਨੇ ਉਸਨੂੰ ਰੋਕ ਦਿੱਤਾ, – "ਰਹਿਣ ਦਿਓ। ਹੁਣੇ ਉਸਦੇ ਨਾਲ ਬੰਗਲੇ 'ਤੇ ਗਈ ਤਾਂ ਬਟਨ ਕੀ ਪੂਰੀ ਸ਼ਰਟ ਹੀ ਲਾਹੁਣੀ ਪੈਣੀ ਹੈ।" ਸਾਹਾ ਨੇ ਉਸ ਦਿਸ਼ਾ ਵੱਲ ਦੇਖਿਆ ਜਿਧਰ ਕੁੜੀ ਨੇ ਇਸ਼ਾਰਾ ਕੀਤਾ ਸੀ। ਉਹ ਇੱਕ ਬੁੱਢਾ ਅਤੇ ਵੱਡਾ ਨਿਰਦੇਸ਼ਕ ਸੀ। ਸਾਹਾ ਨੇ ਮੁੜ ਕੇ ਕੁੜੀ ਵੱਲ ਦੇਖਿਆ ਤਾਂ ਕੁੜੀ ਨੇ ਅੱਖ ਮਾਰਦਿਆਂ ਕਿਹਾ, "ਮੇਰਾ ਸ਼ੂਗਰ ਡੈਡੀ!"

ਸਾਹਾ ਨੇ ਉਸ ਨਿਰਦੇਸ਼ਕ ਨੂੰ ਧਿਆਨ ਨਾਲ ਦੇਖਿਆ। ਇਹ ਉਸਦੀ ਸਫਲਤਾ ਅਤੇ ਦੌਲਤ ਦਾ ਹੀ ਜਲੌਅ ਸੀ ਕਿ ਉਸਨੇ ਆਪਣੀ ਉਮਰ ਲਕੋਣ ਦੀ ਵੀ ਕੋਈ ਕੋਸ਼ਿਸ਼ ਨਹੀਂ ਸੀ ਕੀਤੀ। ਅਮੀਰੀ ਨੇ ਉਸਨੂੰ ਇਸ ਗੱਲੋਂ ਬੇਪਰਵਾਹ ਕਰ ਦਿੱਤਾ ਸੀ ਕਿ ਉਹਦੀ ਉਮਰ ਬੁਢਾਪੇ ਦੀ ਕਬਰ ਵਿਚ ਪੈਰ ਲਟਕਾ ਕੇ ਬੈਠੀ ਹੈ।

"ਇਹ? ਪੈਰ ਤਾਂ ਇਹਦੇ ਕਬਰਾਂ 'ਚ ਨੇ।" ਸਾਹਾ ਨੇ ਪੁੱਛਿਆ।

"ਇਹੋ ਜਿਹੇ ਲੋਕਾਂ ਕਾਰਨ ਹੀ ਵਿਆਗਰਾ ਦਾ ਸੇਵਨ ਵਧਿਆ।" ਕੁੜੀ ਹੱਸੀ। ਫਿਰ ਉਸਨੇ ਸਾਹਾ ਨੂੰ ਦੱਸਿਆ ਕਿ ਇਸ ਨਿਰਦੇਸ਼ਕ ਨੇ ਥੋੜਾ ਚਿਰ ਪਹਿਲਾਂ ਹੀ ਇੱਕ ਸਫਲ ਫ਼ਿਲਮ ਬਣਾਈ ਹੈ, ਜਿਸ ਨੇ ਦੋ ਸੌ ਕਰੋੜ ਦਾ ਕਾਰੋਬਾਰ ਕੀਤਾ।

"ਹੁਣ ਤੁਸੀਂ ਆਪ ਹੀ ਦੱਸੋ, ਮੈਂ ਆਪਣੇ ਲਈ ਫ਼ਿਲਮ ਦੀ ਲੋੜ ਵੇਖਾਂ ਜਾਂ ਆਪਣੇ ਸਰੀਰ ਦੀ ਲੋੜ ਵੇਖਾਂ। ਮੌਜ ਮਸਤੀ ਕਰਨ ਲਈ ਇੰਡਸਟਰੀ ਵਿੱਚ ਹੋਰ ਬਥੇਰੇ ਲੋਕ ਹੈਗੇ। ਨਾਲੇ ਮੇਰਾ ਬੁਆਏਫ੍ਰੈਂਡ ਵੀ ਤਾਂ ਹੈਗਾ।" ਇਸ ਇੰਡਸਟਰੀ 'ਚ ਰਹਿੰਦਿਆਂ ਛੋਟੀ ਉਮਰ ਵਿੱਚ ਹੀ ਜੋ ਤਜ਼ਰਬਾ ਹਾਸਲ ਕੀਤਾ ਸੀ, ਉਸ ਨਾਲ ਲੜਕੀ ਦਾ ਚਿਹਰਾ ਚਮਕ ਰਿਹਾ ਸੀ। ਸਾਹਾ ਨੇ ਠੰਡਾ ਸਾਹ ਲਿਆ ਅਤੇ ਗਲਾਸ ਵਿੱਚੋਂ ਇੱਕ ਵੱਡਾ ਘੁੱਟ ਭਰਿਆ।

"ਥੋੜੇ ਵੇਲੇ ਵੀ ਤਾਂ ਇਹ ਕੁਝ ਹੁੰਦਾ ਹੋਊ!"

"ਹੁੰਦਾ ਤਾਂ ਸੀ ਪਰ ਇਸ ਹੱਦ ਤੱਕ ਨਹੀਂ।" ਫਿਰ ਉਸਨੇ ਲੜਕੀ ਨੂੰ ਸਵਿਟਜ਼ਰਲੈਂਡ ਵਿੱਚ ਆਪਣੀ ਫਿਲਮ ਦੀ ਸ਼ੂਟਿੰਗ ਸਮੇਂ ਦਾ ਕਿੱਸਾ ਸੁਣਾਇਆ ਕਿ ਕਿਵੇਂ ਨਿਰਦੇਸ਼ਕ ਅਤੇ ਹੀਰੋ ਉਹਦੀ ਖਾਤਰ ਲੜਨ ਲੱਗੇ ਸਨ ਤੇ ਉਹ ਡਰਦੀ ਮਾਰੀ ਆਪਣੇ ਭੱਜ ਕੇ ਕਮਰੇ "ਚ ਆ ਗਈ ਸੀ

"ਡਰਨ ਦੀ ਕੀ ਗੱਲ ਸੀ? ਤੇਰੇ ਕੋਲ ਇਕ ਹੀ ਕੰਡੋਮ ਸੀ? ਮੈਂ ਤਾਂ ਘਰੋਂ ਨਿਕਲਣ ਤੋਂ ਪਹਿਲਾਂ ਪੂਰਾ ਪੈਕੇਟ ਆਪਣੇ ਪਰਸ 'ਚ ਰੱਖ ਲੈਂਦੀ ਹਾਂ।" ਕੁੜੀ ਨੇ ਇਹ ਗੱਲ ਇਉਂ ਦੱਸੀ ਜਿਵੇਂ ਇਹ ਉਸਦੀ ਜਨਰੇਸ਼ਨ ਦੀ ਕੋਈ ਬਹੁਤ ਵੱਡੀ ਸਿਆਣਪ ਹੋਵੇ। ਸਾਹਾ ਸੋਚਣ ਲੱਗੀ, ਫਿਲਮਾਂ 'ਚ ਆਉਣ ਲਈ ਕੁੜੀਆਂ ਦੀ ਜ਼ਿੰਦਗੀ 'ਚ ਤਰੀਕਾ ਇਕ ਹੀ ਹੁੰਦਾ। ਬਸ ਹੁਣ ਸਕ੍ਰਿਪਟ ਬਦਲ ਗਈ ਹੈ। ਇੰਨਾ ਕੁ ਬਦਲੀ ਹੈ ਕਿ ਹੁਣ ਕੁੜੀ ਨੂੰ ਇਸ ਗੱਲ ਨਾਲ ਕੋਈ ਫ਼ਰਕ ਹੀ ਨਹੀਂ ਸੀ ਪੈ

ਰਿਹਾ। ਉਸਦੀਆਂ ਗੱਲਾਂ ਤੋਂ ਲੱਗਦਾ ਸੀ ਕਿ ਇਹ ਉਸ ਲਈ ਐਵੇਂ ਮਾਮੂਲੀ ਜਿਹੀ ਗੱਲ ਹੈ। ਕੁੜੀ ਨੇ ਸਾਹਾ ਵੱਲ ਦੇਖਿਆ ਜਿਵੇਂ ਉਸਦੇ ਮਨ ਵਿਚਲੀ ਗੱਲ ਤਾੜ ਗਈ ਹੋਵੇ। ਕੁੜੀ ਨੇ ਮੁਸਕਰਾਉਂਦਿਆਂ ਇੱਕ ਵੱਡਾ ਕਸ਼ ਖਿੱਚਿਆ ਅਤੇ ਧੂੰਏਂ ਦੇ ਬੱਦਲਾਂ 'ਚੋਂ ਬੋਲੀ, "ਜਦੋਂ ਮੈਂ ਪਹਾੜਾਂ ਵਿੱਚਲਾ ਆਪਣਾ ਛੋਟਾ ਜਿਹਾ ਸ਼ਹਿਰ ਛੱਡ ਕੇ ਇੱਥੇ ਆਈ ਤਾਂ ਪਿਤਾ ਜੀ ਨਰਾਜ ਹੋ ਰਹੇ ਸਨ। ਮਾਂ ਘਬਰਾ ਰਹੀ ਸੀ। ਉਹਨਾਂ ਨੂੰ ਲੱਗਿਆ ਕਿਤੇ ਮੈਂ ਕੁਝ ਗ਼ਲਤ ਨਾ ਕਰਨ ਲੱਗ ਪਵਾਂ?" ਕਹਿ ਕੇ ਉਹ ਚੁੱਪ ਹੋ ਗਈ। ਚਿਹਰੇ ਸਾਹਮਣਿਓਂ ਧੂੰਆਂ ਥੋੜਾ ਜਿਹਾ ਘੱਟ ਹੋਇਆ ਤਾਂ ਉਸਨੇ ਇੱਕੋ ਸਾਹ ਵਿੱਚ ਵਿਸਕੀ ਦਾ ਗਲਾਸ ਖਾਲੀ ਕਰ ਦਿੱਤਾ। ਫਿਰ ਜਿਵੇਂ ਉਹ ਨਹੀਂ, ਵਿਸਕੀ ਦੀ ਮਹਿਕ ਦੇ ਪਿੱਛਿਓਂ ਉਸਦੀਂ ਪੀੜ ਅਤੇ ਨਿਰਾਸ਼ਾ ਬੋਲੀ,"ਮਾਂ ਪਾਪ ਅਤੇ ਪੁੰਨ ਦੀਆਂ ਬੜੀਆਂ ਗੱਲਾਂ ਕਰਦੀ ਕਿ ਕੁੜੀ ਨੂੰ ਵਿਆਹ ਤੋਂ ਪਹਿਲਾਂ ਅਜਿਹੀਆਂ ਗੱਲਾਂ ਬਾਰੇ ਸੋਚਣਾ ਵੀ ਨਹੀਂ ਚਾਹੀਦਾ। ਪਰ ਇਹਦੇ 'ਚ ਗਲਤ ਕੀ ਹੈ?"

ਸਾਹਾ ਨੂੰ ਲੱਗਿਆ ਕਿ ਸਵਾਲ ਉਸ ਕੋਲੋਂ ਪੁੱਛਿਆ ਗਿਆ ਹੈ ਪਰ ਫਿਰ ਉਹ ਸਮਝ ਗਈ ਕਿ ਕੁੜੀ ਤਾਂ ਆਪਣੀ ਹੀ ਧੁਨ ਵਿਚ ਬੋਲ ਰਹੀ ਹੈ, "ਵਿਆਹ ਤੋਂ ਪਹਿਲਾਂ ਕਿਸੇ ਨਾਲ ਸੌਂ ਜਾ? ਤਾਂ ਇਹਦੇ 'ਚ ਕੀ ਬੁਰਾਈ ਹੈ? ਡਾਕਟਰ ਇੰਜੈਕਸ਼ਨ ਲਾਉਂਦਾ। ਕੀ ਸਰਿੰਜ ਅੰਦਰ ਨਹੀਂ ਜਾਂਦੀ? ਡਾਕਟਰ ਚੈਕਅੱਪ ਕਰਦਿਆਂ ਜਨਣ ਅੰਗ ਦੇ ਅੰਦਰ ਵੀ ਤਾਂ ਹੱਥ ਪਾਉਂਦਾ ਹੀ ਐ। ਦਿੱਕਤ ਕੀ ਹੈ ? ਹੱਥ ਅੰਦਰ ਜਾ ਸਕਦਾ ਤਾਂ ਜੇ ਸਰੀਰ ਦਾ ਕੋਈ ਹੋਰ ਅੰਗ ਚਲਾ ਗਿਆ ਤਾਂ ਕੀ ਹਰਜ ਹੈ ? ਹੈ ਤਾਂ ਦੋਵੇਂ ਮਨੁੱਖੀ ਸਰੀਰ ਦੇ ਅੰਗ ਈ? ਸਾਰੀ ਹਿਪੋਕਰੇਸੀ ਹੈ ਸਾਲੀ।" ਉਸਦੀ ਆਵਾਜ਼ ਤੇ ਚਿਹਰੇ 'ਤੇ ਘਿਰਣਾ ਆ ਗਈ ਸੀ। ਫਿਰ ਉਸਨੇ ਸਾਹਾ ਦਾ ਹੱਥ ਆਪਣੇ ਹੱਥਾਂ ਵਿੱਚ ਲੈ ਲਿਆ, "ਚਲੋ ਦੱਸੋ, ਜੇਕਰ ਕਿਸੇ ਨਾਲ ਸੌਂ ਲਿਆ ਤਾਂ ਇਹਦੇ ਨਾਲ ਤੁਹਾਡੇ ਸਰੀਰ 'ਚ ਕੋਈ ਬਦਲਾਅ ਆਉਂਦਾ? ਜੇ ਪਤੀ ਥੋਡੇ ਨਾਲ ਬਾਅਦ 'ਚ ਸੌਂ ਜਾਊ, ਇਹਦੇ ਨਾਲ ਉਸਨੂੰ ਮਿਲਣ ਵਾਲੇ ਸੁਆਦ 'ਚ ਕੀ ਫਰਕ ਪਊ ?" ਕੁੜੀ ਨੇ ਉਸਦਾ ਹੱਥ ਛੱਡਿਆ ਤੇ ਆਖਿਆ, "ਜਿਨਸੀ ਅਨੰਦ ਸਰੀਰਕ ਅਤੇ ਮਾਨਸਿਕ ਸਥਿਤੀ ਦੇ ਸੰਤੁਲਨ ਦਾ ਨਾਂ ਹੈ।"

ਫਿਰ ਕੁੜੀ ਨੇ ਹੱਥ ਦੇ ਇਸ਼ਾਰੇ ਨਾਲ ਵੇਟਰ ਨੂੰ ਬੁਲਾਇਆ ਅਤੇ ਵਿਸਕੀ ਦਾ ਅਗਲਾ ਗਿਲਾਸ ਚੁੱਕਿਆ। ਵੇਟਰ ਨੇ ਪਾਣੀ ਪਾਉਣ ਲਈ ਜੱਗ ਚੁੱਕਿਆ, ਉਦੋਂ ਤੱਕ ਉਸਨੇ ਨੀਟ ਵਿਸਕੀ ਦਾ ਗਿਲਾਸ ਖਾਲੀ ਕਰ ਦਿੱਤਾ ਸੀ। ਸਾਹਾ ਨੇ ਬੜੇ ਨਰਮ ਲਹਿਜੇ ਵਿੱਚ ਕੁੜੀ ਨੂੰ ਪੁੱਛਿਆ, "ਕੀ ਤੂੰ ਅਜਿਹੀਆਂ ਪਾਰਟੀਆਂ ਦੀ ਰੈਗੂਲਰ ਮਹਿਮਾਨ ਏਂ ?"

ਕੁੜੀ ਦੇ ਚਿਹਰੇ 'ਤੇ ਮੁਸਕਰਾਹਟ ਆ ਗਈ, "ਮੇਰੇ ਬਿਨਾਂ ਤਾਂ ਐਹੋ ਜਿਹੀਆਂ ਪਾਰਟੀਆਂ 'ਚ ਰੌਣਕ ਈ ਨਹੀਂ ਬਣਦੀ!"

ਹੌਲੀ-ਹੌਲੀ ਕੁੜੀ ਦੇ ਚਿਹਰੇ 'ਤੇ ਮੁਸਕਰਾਹਟ ਦੇ ਨਾਲ-ਨਾਲ ਇਕ ਅਜੀਬ ਜਿਹਾ ਮਾਣ ਵੀ ਆ ਕੇ ਠਹਿਰ ਗਿਆ। ਸਾਹਾ ਨੇ ਥੋੜ੍ਹਾ ਜਿਹਾ ਝਿਜਕਦਿਆਂ ਪੁੱਛਿਆ, "ਨਸ਼ੇ ਦੀ ਲੱਤ ਇਨ੍ਹਾਂ ਪਾਰਟੀਆਂ 'ਚ ਆਉਣ ਨਾਲ ਲੱਗੀ ?"

"ਨਹੀਂ! ਇਹਨਾਂ ਪਾਰਟੀਆਂ ਨੇ ਮੈਨੂੰ ਅਮੀਰੀ ਦੀ ਲੱਤ ਲਾ ਦਿੱਤੀ।" ਉਸਦੀ ਆਵਾਜ਼ ਵਿਚ ਥੋੜੀ ਜਿਹੀ ਉਦਾਸੀ ਆਈ ਪਰ ਤੁਰੰਤ ਸਹਿਜ ਹੋ ਗਈ। ਫਿਰ ਕੁੜੀ ਨੂੰ ਯਾਦ ਆਇਆ ਕਿ ਉਸਦੇ ਹੱਥ 'ਚ ਵਿਸਕੀ ਦਾ ਗਲਾਸ ਨਹੀਂ ਹੈ। ਉਸਨੇ ਇਸ਼ਾਰੇ ਨਾਲ ਵੇਟਰ ਨੂੰ ਬੁਲਾਇਆ। ਇਸ ਵਾਰ ਉਸਨੇ ਵੇਟਰ ਨੂੰ ਵਿਸਕੀ ਵਿੱਚ ਪਾਣੀ ਪਾਉਣ ਦਾ ਮੌਕਾ ਦਿੱਤਾ। ਬੜੇ ਅਰਾਮ ਨਾਲ

ਵਿਸਕੀ ਦਾ ਘੁੱਟ ਭਰਿਆ ਅਤੇ ਫਿਰ ਕੁਝ ਦੂਰ ਖੜ੍ਹੇ ਮੁੰਡੇ ਵੱਲ ਵੇਖਣ ਲੱਗੀ ਜੋ ਇਕ ਵੱਡੀ ਅਭਿਨੇਤਰੀ ਨਾਲ ਗੱਲਾਂ ਕਰ ਰਿਹਾ ਸੀ।

"ਬਹੁਤ ਖੂਬਸੂਰਤ ਤੇ ਆਕਰਸ਼ਕ ਮੁੰਡਾ।" ਸਾਹਾ ਨੇ ਉਸ ਵੱਲ ਭੇਤ ਭਰੀ ਤੱਕਣੀ ਭਰਦਿਆਂ ਕਿਹਾ।

"ਹਾਂ! ਬੜਾ ਖੂਬਸੂਰਤ ਐ-ਏਸੇ ਕਰਕੇ ਤਾ ਇਹਦਾ ਰੇਟ ਜਿਆਦਾ ਐ।" ਕੁੜੀ ਉਸ ਮੁੰਡੇ ਨੂੰ ਘੂਰਦਿਆਂ ਬੋਲੀ। ਸਾਹਾ ਦੇ ਚਿਹਰੇ 'ਤੇ ਹੈਰਾਨੀ ਦੇਖ ਉਸਨੇ ਸਹਿਮਤੀ 'ਚ ਸਿਰ ਹਿਲਾਇਆ, "ਜੀ ਹਾਂ! ਜਿਗੇਲੋ ਹੈ!" ਉਹ ਸਾਧਾਰਨ ਸੁਰ 'ਚ ਬੋਲੀ ਜਿਵੇਂ ਇਹ ਕੋਈ ਮਾਮੂਲੀ ਜਿਹੀ ਗੱਲ ਹੋਵੇ।

"ਬਿਲਕੁਲ ਮਾਮੂਲੀ ਗੱਲ ਐ!" ਕੁੜੀ ਜਿਵੇਂ ਉਸਦੇ ਮਨ ਅੰਦਰਲੀ ਗੱਲ ਸਮਝ ਗਈ।

"ਬਹੁਤ ਸਾਰੇ ਖੂਬਸੂਰਤ ਅਤੇ ਬਾਡੀ ਬਿਲਡਰ ਮੁੰਡੇ ਫਿਲਮਾਂ ਵਿੱਚ ਕੰਮ ਦੀ ਭਾਲ ਵਿੱਚ ਇਥੇ ਆਉਂਦੇ ਨੇ। ਜੇਕਰ ਫਿਲਮਾਂ ਨਹੀਂ ਮਿਲਦੀਆਂ ਤਾਂ ਮੁੰਬਈ 'ਚ ਟਿਕੇ ਰਹਿਣ ਲਈ ਏਹੀ ਕੰਮ ਕਰਦੇ।"

"ਅਦਾਕਾਰਾ ਕੋਲ ਏਸੇ ਕਰਕੇ ਖੜ੍ਹਾ ਐ?" ਸਾਹਾ ਹੈਰਾਨੀ ਨਾਲ ਉਸ ਵੱਡੀ ਅਦਾਕਾਰਾ ਵੱਲ ਦੇਖ ਰਹੀ ਸੀ।

"ਹੋ ਸਕਦਾ!" ਕੁੜੀ ਨੇ ਆਪਣੇ ਮੋਢੇ ਚੁੱਕੇ।

"ਵੈਸੇ ਇਹ ਪਾਰਟੀ ਇਸ ਤਰ੍ਹਾਂ ਦੀ ਨਹੀਂ ਹੈ। ਵੱਡੇ ਅਤੇ ਸਫਲ ਸੈਲੇਬਰਿਟੀਜ਼ ਉਸ ਤਰ੍ਹਾਂ ਦੀਆਂ ਪਾਰਟੀਆਂ ਤੋਂ ਪਰਹੇਜ਼ ਈ ਕਰਦੇ। ਪਰ ਮੁੰਬਈ ਵਿੱਚ ਅੱਜਕੱਲ੍ਹ ਕਈ ਤਰ੍ਹਾਂ ਦੀਆਂ ਪਾਰਟੀਆਂ ਹੁੰਦੀਆਂ, ਜਿੱਥੇ ਗੇ ਵੀ ਆਉਂਦੇ।"

"ਤੇ ਡਾਈਕ? ਸਾਹਾ ਨੇ ਕਿਤੇ ਸੁਣਿਆ ਹੋਇਆ ਇਹ ਵਿਸ਼ੇਸ਼ਣ ਦੁਹਰਾਇਆ।

"ਡਾਈਕ ਨਹੀਂ, ਇਹ ਅਪਮਾਨਜਨਕ ਸ਼ਬਦ ਹੈ। ਲੈਸਬੀਅਨ ਠੀਕ ਐ। ਇਹ ਸਾਰੇ ਆਪਣੇ ਸਾਥੀਆਂ ਨਾਲ ਆਉਂਦੇ ਜਾਂ ਪਾਰਟੀ ਵਿੱਚ ਆ ਕੇ ਆਪਣੇ ਸਾਥੀਆਂ ਨੂੰ ਲੱਭ ਲੈਂਦੇ। ਜਿਗੇਲੋ ਵੀ ਆਉਂਦੇ ਨੇ ਜਾਂ ਬੁਲਾ ਲਏ ਜਾਂਦੇ।" ਸਾਹਾ ਇਸ ਖ਼ਬਰ ਤੋਂ ਜਿੰਨੀ ਹੈਰਾਨ ਹੋਈ ਸੀ, ਓਨੀ ਹੀ ਇਸ ਗੱਲੋਂ ਵੀ ਹੈਰਾਨ ਸੀ ਕਿ ਕੁੜੀ ਨੂੰ ਕਿੰਨੀ ਜਾਣਕਾਰੀ ਹੈ। ਇਸ ਦੌਰਾਨ ਲੜਕੀ ਦਾ ਗਲਾਸ ਖਾਲੀ ਹੋ ਗਿਆ ਸੀ। ਉਸਨੇ ਫਿਰ ਵੇਟਰ ਨੂੰ ਬੁਲਾਇਆ। ਇੱਕ ਗਲਾਸ ਆਪਣੇ ਲਈ ਚੁੱਕਿਆ ਅਤੇ ਦੂਜਾ ਗਲਾਸ ਸਾਹਾ ਦੇ ਹਵਾਲੇ ਕਰ ਦਿੱਤਾ। ਕੁੜੀ ਨੇ ਅਗਲੀ ਖ਼ਬਰ ਨਾਲ ਉਸਨੂੰ ਲਗਪਗ ਚਿੱਤ ਈ ਕਰ ਦਿੱਤਾ, "ਮੁੰਬਈ ਵਿੱਚ ਅੱਜਕੱਲ੍ਹ ਨਿਓ ਰਿਚ ਵਰਲਡ ਉਭਰ ਆਇਆ। ਇਸ ਦੁਨੀਆਂ ਦੇ ਮੁੰਡੇ-ਕੁੜੀਆਂ ਪਾਰਟੀਆਂ 'ਚ ਨਵੇਂ-ਨਵੇਂ ਤਜਰਬੇ ਕਰਦੇ ਨੇ।"

"ਵਾਈਫ ਸਵੈਪਿੰਗ ?" ਸਾਹਾ ਨੇ ਆਪਣੀ ਜਾਣਕਾਰੀ ਨੂੰ ਸਵਾਲ ਬਣਾਇਆ।

"ਇਹ ਤਾਂ ਪੁਰਾਣੀ ਗੱਲ ਹੋਗੀ—ਹੁਣ ਉਹ ਲੋਕ 'ਆੱਜੀ ਪਾਰਟੀਆਂ' ਕਰਦੇ ਐ।" ਸਾਹਾ ਨੇ ਉਲਝਣ ਨਾਲ ਉਸ ਵੱਲ ਦੇਖਿਆ।

"ਨਹੀ ਸਮਝੀ?" ਉਸਨੇ ਛੋਟਾ ਜਿਹਾ ਠਹਾਕਾ ਮਾਰਿਆ, "ਗਰੁੱਪ ਸੈਕਸ!"

"ਕਿਹੋ ਜਿਹੇ ਲੋਕ ਐ!" ਸਾਹਾ ਨੇ ਹੈਰਾਨੀ ਨਾਲ ਪੁੱਛਿਆ।

"ਅਮੀਰ! ਭੱਦੇ ਅਮੀਰ!" ਕੁੜੀ ਨੇ ਉਸਦੀ ਹੈਰਾਨੀ ਨੂੰ ਸਵਾਲ ਸਮਝਦਿਆਂ ਜਵਾਬ ਦਿੱਤਾ।

ਇਸ ਕਾਰਨ ਜਾਂ ਆਪਣੀ ਬੀਮਾਰੀ ਕਾਰਨ ਸਾਹਾ ਨੂੰ ਘਬਰਾਹਟ ਹੋਣ ਲੱਗੀ। ਉਸਨੇ

ਆਪਣੀ ਘਬਰਾਹਟ ਨੂੰ ਕਾਬੂ ਕੀਤਾ ਅਤੇ ਆਪਣਾ ਭਰਿਆ ਗਲਾਸ ਥੋੜ੍ਹਾ ਜਿਹਾ ਖਾਲੀ ਕੀਤਾ। ਕੁੜੀ ਮੁਸਕਰਾ ਕੇ ਉਸ ਵੱਲ ਦੇਖ ਰਹੀ ਸੀ। ਉਸਦੀਆਂ ਅੱਖਾਂ ਵਿੱਚ ਇੱਕ ਉਲਾਹਮਾ ਸੀ—ਕੀ ਸੋਚਦੇ ਹੋ ਤੁਸੀਂ ? ਤੂੰ ਸਾਲਾਂ ਤੋਂ ਬਾਹਰ ਨਹੀਂ ਨਿਕਲੀ ਤਾਂ ਕੀ ਦੁਨੀਆਂ ਉੱਥੇ ਈ ਰੁਕੀ ਹੋਈ ਐ? ਦੁਨੀਆਂ ਤੁਹਾਡੀ ਕਲਪਨਾ ਅਤੇ ਉਮੀਦ ਨਾਲੋਂ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਉਹ ਇਕ ਟਕ ਕੁੜੀ ਵੱਲ ਦੇਖ ਰਹੀ ਸੀ। ਕੁੜੀ ਨੂੰ ਲੱਗਿਆ ਕਿਤੇ ਉਸਨੂੰ ਪਾਰਟੀ ਦਾ ਖਿਡੌਣਾ ਈ ਨਾ ਸਮਝ ਲਿਆ ਜਾਵੇ।

"ਇਸ ਵੇਲੇ ਮੇਰੇ ਕੋਲ ਇੱਕ ਓ ਟੀ ਟੀ ਸੀਰੀਜ਼ ਹੈ ਅਤੇ ਇਕ ਓ ਟੀ ਟੀ ਫਿਲਮ ਦੀ ਸ਼ੂਟਿੰਗ ਚੱਲਦੀ ਪਈ ਹੈ।" ਉਹ ਦੱਸਣ ਦੀ ਕੋਸ਼ਿਸ਼ ਕਰ ਰਹੀ ਸੀ ਕਿ ਉਹਦੇ ਕੋਲ ਕੰਮ ਹੈ।

ਸਾਹਾ ਨੂੰ ਤਸੱਲੀ ਹੋਈ ਕਿ ਕੁੜੀ ਨੂੰ ਕੰਮ ਮਿਲ ਰਿਹਾ। ਓ ਟੀ ਟੀ ਪਲੇਟਫਾਰਮ ਦੇ ਆਉਣ ਨਾਲ ਇੱਕ ਗੱਲ ਤਾਂ ਚੰਗੀ ਹੋਈ ਕਿ ਨਿਰਮਾਣ, ਨਿਰਦੇਸ਼ਨ, ਅਦਾਕਾਰੀ ਅਤੇ ਫਿਲਮ ਦੇ ਵੱਖ ਵੱਖ ਖੇਤਰਾਂ ਨਾਲ ਸਬੰਧਿਤ ਸੰਘਰਸ਼ ਕਰ ਰਹੇ ਬਹੁਤ ਸਾਰੇ ਪ੍ਰਤਿਭਾਸ਼ਾਲੀ ਮੁੰਡੇ ਕੁੜੀਆਂ, ਜਿੰਨਾ ਨੂੰ ਵੱਡੇ ਪਰਦੇ ਦੀਆਂ ਫਿਲਮਾਂ ਲਈ ਮੌਕੇ ਨਹੀਂ ਸਨ ਮਿਲ ਰਹੇ, ਉਨ੍ਹਾਂ ਨੂੰ ਨਾ ਸਿਰਫ਼ ਮੌਕਾ ਮਿਲ ਰਿਹਾ ਬਲਕਿ ਪ੍ਰਸਿੱਧੀ ਅਤੇ ਪੈਸਾ ਵੀ ਮਿਲ ਰਿਹਾ। ਹੁਣ ਓ ਟੀ ਟੀ 'ਤੇ ਆਉਣ ਵਾਲੀਆਂ ਫਿਲਮਾਂ ਅਤੇ ਸੀਰੀਜ਼ ਸਿਨੇਮਾ ਘਰਾਂ 'ਚ ਆਉਣ ਵਾਲੀਆਂ ਫਿਲਮਾਂ ਤੋਂ ਘੱਟ ਸਫ਼ਲ ਨਹੀਂ ਹੋ ਰਹੀਆਂ। ਇਹ ਸਭ ਸੋਚ ਤੋਂ ਬਾਹਰ ਹੋਇਆ ਹੈ। ਓ ਟੀ ਟੀ ਦੀ ਆਰਥਿਕ ਸਫ਼ਲਤਾ ਅਤੇ ਪ੍ਰਸਿੱਧੀ ਨੂੰ ਦੇਖਦਿਆਂ, ਹੁਣ ਵੱਡੇ ਸਿਤਾਰੇ ਵੀ ਇਸ ਵੱਲ ਖਿੱਚੇ ਗਏ ਹਨ। ਇੱਥੋਂ ਤੱਕ ਕਿ ਸੈਫ ਅਲੀ ਖਾਨ, ਅਜੇ ਦੇਵਗਨ, ਕਰਿਸ਼ਮਾ ਕਪੂਰ, ਕਰੀਨਾ ਕਪੂਰ ਅਤੇ ਮਾਧੁਰੀ ਦੀਕਸ਼ਿਤ ਵੀ ਓ ਟੀ ਟੀ 'ਤੇ ਪ੍ਰਗਟ ਹੋ ਗਏ ਹਨ। ਸੁਣਿਆ ਜਾ ਰਿਹਾ ਕਿ ਸ਼ਾਹਰੁਖ ਖਾਨ ਅਤੇ ਸਲਮਾਨ ਖਾਨ ਵੀ ਓ ਟੀ ਟੀ। ਲਈ ਯੋਜਨਾ ਬਣਾ ਰਹੇ। ਓ ਟੀ ਟੀ 'ਤੇ ਘੱਟ ਕੀਮਤ ਅਤੇ ਵੱਡੀ ਸਫ਼ਲਤਾ ਕਾਰਨ, ਹੁਣ ਕੰਟੈਂਟ ਨੂੰ ਲੈ ਕੇ ਵੀ ਨਵੇਂ ਪ੍ਰਯੋਗ ਹੋਣ ਲੱਗੇ ਹਨ। ਬੋਲਡ ਦ੍ਰਿਸ਼ਾਂ ਅਤੇ ਬੋਲਡ ਕੰਟੈਂਟ ਲਈ ਕੋਈ ਸੈਂਸਰਸ਼ਿਪ ਨਾ ਹੋਣ ਕਾਰਨ ਨਿਰਮਾਤਾ, ਨਿਰਦੇਸ਼ਕ ਅਤੇ ਲੇਖਕ ਬੇਲਗਾਮ ਹੋ ਗਏ ਹਨ। ਤਜਰਬੇਕਾਰੀ ਵਧੀ ਹੈ। ਪ੍ਰਯੋਗ ਇੰਨਾ ਵਧ ਗਿਆ ਹੈ ਕਿ ਬੈੱਡਰੂਮ ਦੇ ਦ੍ਰਿਸ਼ਾਂ 'ਚ ਖੁੱਲ੍ਹਾਪਨ ਆ ਗਿਆ। ਇੰਨਾ ਖੁੱਲ੍ਹਾਪਨ ਕਿ ਅਸਲ ਜ਼ਿੰਦਗੀ ਦੇ ਬੈੱਡਰੂਮ ਅਤੇ ਫਿਲਮ ਜਾਂ ਸੀਰੀਜ਼ ਦੇ ਬੈੱਡਰੂਮ ਸੀਨ ਵਿੱਚ ਕੋਈ ਫਰਕ ਹੀ ਨਹੀਂ ਰਹਿ ਗਿਆ। ਸੈਕਸ ਸੀਨ ਪੂਰੀ ਖੁੱਲ੍ਹ ਨਾਲ ਆਏ ਹਨ। ਹਾਲਾਂਕਿ ਇਸ ਨਾਲ ਉਹਲੇ ਦਾ ਸਾਰਾ ਰੋਮਾਂਚ ਖ਼ਤਮ ਹੋ ਗਿਆ ਹੈ।

ਸਾਹਾ ਨੇ ਸਾਹਮਣੇ ਦੇਖਿਆ। ਇੱਕ ਮਹਿੰਗਾ ਸੂਟ ਪਹਿਨੀ ਸਲੀਕੇ ਵਾਲਾ ਬੰਦਾ ਇੱਕ ਨਾਮੀ ਹੀਰੋਇਨ ਕੋਲ ਖੜ੍ਹਾ ਗੱਲਾਂ ਕਰ ਰਿਹਾ ਸੀ। ਗੱਲਾਂ ਕਰਦਿਆਂ ਉਸਨੇ ਹੀਰੋਇਨ ਦੇ ਮੋਢੇ 'ਤੇ ਹੱਥ ਰੱਖ ਦਿੱਤਾ। ਹੀਰੋਇਨ ਨੇ ਇਤਰਾਜ਼ ਨਾ ਕੀਤਾ ਤਾਂ ਉਸਦਾ ਹੱਥ ਤਿਲਕ ਕੇ ਉਸ ਦੀ ਕਮਰ 'ਤੇ ਆ ਗਿਆ। ਬਿਲਕੁਲ ਇਉਂ ਜਿਵੇਂ ਵਿਅਕਤੀ ਨੂੰ ਆਪਣੇ ਹੱਥ ਦੀ ਇਸ ਹਰਕਤ ਦਾ ਪਤਾ ਹੀ ਨਾ ਹੋਵੇ। ਸਾਹਾ ਨੇ ਦੇਖਿਆ ਕਿ ਕੁੜੀ ਵੀ ਉਸ ਆਦਮੀ ਦੀਆਂ ਹਰਕਤਾਂ ਨੂੰ ਦੇਖ ਰਹੀ ਸੀ। ਫਿਰ ਕੁੜੀ ਨੇ ਉਸ ਵੱਲ ਦੇਖੇ ਬਿਨਾਂ ਕਿਹਾ, "ਇਹ ਇੱਕ ਵੱਡੀ ਕੰਪਨੀ ਦਾ ਮਾਲਕ ਹੈ। ਅਮੀਰ, ਬਹੁਤ ਅਮੀਰ। ਆਮ ਤੌਰ 'ਤੇ ਵੱਡੀਆਂ ਕੰਪਨੀਆਂ ਦੇ ਮਾਲਕ ਅਜਿਹੀਆਂ ਪਾਰਟੀਆਂ ਵਿੱਚ ਨਹੀਂ ਆਉਂਦੇ। ਪਰ ਇਹ ਆਉਂਦੈ। ਆ ਕੇ ਮਸ਼ਹੂਰ ਅਭਿਨੇਤਰੀਆਂ ਦੇ ਆਲੇ ਦੁਆਲੇ ਘੁੰਮਦਾ-ਗੱਲ ਬਣ ਜਾਵੇ ਤਾਂ ਨਾਲ ਲੈ ਜਾਵਾਂ।

"ਚਲੀਆਂ ਜਾਂਦੀਆਂ ਇਹਦੇ ਨਾਲ ?" ਸਾਹਾ ਨੇ ਅਦਾਕਾਰਾ ਵੱਲ ਦੇਖਦਿਆਂ ਪੁੱਛਿਆ।

"ਚਲੀਆਂ ਜਾਂਦੀਐ। ਇਕ ਪਤੀ ਜਾਂ ਬੁਆਏ ਫਰੈਂਡ ਨਾਲ ਕਿਸਦਾ ਢਿੱਡ ਭਰਦਾ? ਸਵਾਦ ਬਦਲਣ ਦਾ ਚਸਕਾ ਈ ਐਹੋ ਜਿਹਾ ਹੁੰਦਾ ਐ। ਫੇਰ ਨੌਂ ਲੱਖ ਦੀ ਪਰਸ਼ੀਅਨ ਬਿੱਲੀ ਤੇ ਪੰਜਾਹ ਲੱਖ ਦਾ ਘੋੜਾ ਆਪਣੇ ਪੈਸੇ ਨਾਲ ਭਲਾ ਕੌਣ ਖਰੀਦਦਾ?" ਕੁੜੀ ਮੋਢੇ ਸੰਗੇੜਦਿਆਂ ਬੋਲੀ, "ਬਾਲੀਵੁੱਡ ਵਿੱਚ ਮਾਲ ਦੀ ਕੀ ਕਮੀ ਹੈ?" ਉਹ ਸ਼ਾਇਦ ਅਜਿਹੀਆਂ ਗੱਲਾਂ ਕਹਿਣ ਲਈ ਹੀ ਮੋਢੇ ਚੜ੍ਹਾਉਂਦੀ ਸੀ। ਸਾਹਾ ਨੇ ਅਫਸੋਸ ਨਾਲ ਸੋਚਿਆ, ਕਿੰਨਾ ਸਮਾਂ ਬੀਤ ਗਿਆ ਹੈ ਪਰ ਬਾਲੀਵੁੱਡ ਵਿੱਚ ਕੁੜੀਆਂ ਅਜੇ ਵੀ ਮਾਲ ਹਨ।

ਅਚਾਨਕ ਉਸਨੂੰ ਮਹਿਸੂਸ ਹੋਇਆ ਕਿ ਕੋਈ ਉਸਦੇ ਦੂਜੇ ਪਾਸੇ ਵੀ ਬੈਠਾ ਹੈ। ਉਸਨੇ ਪਿੱਛੇ ਮੁੜ ਕੇ ਦੇਖਿਆ ਤਾਂ ਹੈਰਾਨ ਰਹਿ ਗਈ। ਪਰਵੀਨ ਬੌਬੀ ਬੈਠੀ ਸੀ। ਉਹੀ ਪਤਲਾ ਅਤੇ ਆਕਰਸ਼ਕ ਸਰੀਰ। ਉਹੀ ਚਿਹਰਾ, ਉਹੀ ਗੋਰਾ ਰੰਗ ਤੇ ਉਹੀ ਮਾਰੂ ਮੁਸਕਰਾਹਟ! ਸਾਹਾ ਹੈਰਾਨ ਸੀ ਪਰ ਡਰੀ ਨਹੀਂ। ਪਰਵੀਨ ਬੌਬੀ ਦੇ ਹੱਥ ਵਿੱਚ ਵਿਸਕੀ ਦਾ ਗਲਾਸ ਸੀ। ਸਾਹਾ ਦੀ ਪੁੱਛਣ ਦੀ ਹਿੰਮਤ ਨਾ ਪਈ ਕਿ ਤੂੰ ਤਾਂ ਮਰ ਚੁਕੀ ਏਂ! ਅਸਲ 'ਚ ਗੱਲ ਹਿੰਮਤ ਦੀ ਨਹੀਂ ਸੀ। ਉਸਨੂੰ ਇਹ ਪੁੱਛਣਾ ਚੰਗਾ ਨਹੀਂ ਸੀ ਲੱਗਾ। ਪਰਵੀਨ ਬੌਬੀ ਵੀ ਇਸ ਕੁੜੀ ਵੱਲ ਦੇਖ ਰਹੀ ਸੀ।

"ਕਿਵੇਂ ਲੱਗ ਰਿਹਾ ਨਵੀਂ ਪੀੜ੍ਹੀ ਨੂੰ ਦੇਖ ਕੇ ?" ਸਾਹਾ ਨੇ ਅਚਾਨਕ ਬੌਬੀ ਨੂੰ ਪੁੱਛਿਆ।

"ਚੰਗਾ ਲੱਗਦੈ। ਸਮਾਂ ਇਉਂ ਈ ਬਦਲਦਾ। ਸਾਡੇ ਜ਼ਮਾਨੇ 'ਚ ਵੀ ਤਾਂ ਪੈਸੇ ਨੂੰ ਪਹਿਲ ਹੁੰਦੀ ਸੀ। ਅਸੀਂ ਬੋਲਡ ਸੀਨ ਕੀਤੇ ਕਿਉਂਕਿ ਮੋਟੀਆਂ ਫੀਸਾਂ ਮਿਲ ਰਹੀਆਂ ਸੀ। ਅੱਜ ਵੀ ਬਥੇਰਾ ਪੈਸਾ ਮਿਲ ਰਿਹਾ। ਅੱਜ ਦੀਆਂ ਹੀਰੋਇਨਾਂ ਦੀ ਪਹਿਲ ਵੀ ਪੈਸੇ ਦੀ ਹੈ। ਫਰਕ ਏਨਾ ਹੈ ਕਿ ਅਸੀਂ ਬੋਲਡ ਸੀਨ ਕਰਦੇ ਸੀ ਤਾਂ ਸਾਡੇ ਅੰਦਰ ਗੁਨਾਹ ਦਾ ਅਹਿਸਾਸ ਹੁੰਦਾ ਰਹਿੰਦਾ ਸੀ ਪਰ ਹੁਣ ਇਨ੍ਹਾਂ ਕੁੜੀਆਂ ਦੇ ਮਨ 'ਚ ਐਸੀ ਕੋਈ ਗੱਲ ਨਹੀਂ ਹੈ।" ਏਨਾ ਕਹਿ ਉਹ ਚੁੱਪ ਹੋ ਗਈ ਅਤੇ ਵਿਸਕੀ ਵਾਲਾ ਗਲਾਸ ਖਾਲੀ ਕਰਨ ਲੱਗੀ। ਸਾਹਾ ਪਰਵੀਨ ਬੌਬੀ ਨੂੰ ਦੇਖਣ 'ਚ ਇੰਨੀ ਗੁਆਚੀ ਕਿ ਭੁੱਲ ਹੀ ਗਈ ਕਿ ਉਸਦੀ ਮੌਤ ਹੋਈ ਨੂੰ ਤਾਂ ਕਈ ਸਾਲ ਬੀਤ ਚੁੱਕੇ ਹਨ। ਬਹੁਤ ਹੀ ਦਰਦਨਾਕ ਅੰਤ ਹੋਇਆ ਸੀ ਉਸਦਾ। ਇਕੱਲੀ ਰਹਿੰਦੀ ਸੀ। ਫਲੈਟ ਦੇ ਬੰਦ ਕਮਰੇ ਵਿੱਚ ਉਸਦੀ ਲਾਸ਼ ਤਿੰਨ ਦਿਨ ਸੜਦੀ ਰਹੀ। ਸਾਹਾ ਮੰਤਰ ਮੁਗਧ ਹੋ ਕੇ ਪਰਵੀਨ ਬੌਬੀ ਵੱਲ ਦੇਖ ਰਹੀ ਸੀ। ਪਰਵੀਨ ਛੱਤ ਵੱਲ ਦੇਖ ਰਹੀ ਸੀ ਬਲਕਿ ਸਾਹਾ ਨੂੰ ਲੱਗਾ ਕਿ ਉਹ ਛੱਤ ਤੋਂ ਪਾਰ ਕਿਤੇ ਦੇਖ ਰਹੀ ਹੈ। ਬੌਬੀ ਕੁਝ ਦੇਰ ਚੁੱਪ ਰਹੀ, ਫਿਰ ਬੋਲੀ, "ਇਉਂ ਨਹੀਂ ਸੀ ਕਿ ਸਾਡੇ ਸਮੇਂ ਨਿਰਮਾਤਾਵਾਂ ਅਤੇ ਨਿਰਦੇਸ਼ਕਾਂ ਨਾਲ ਰਿਸ਼ਤੇ ਨਹੀਂ ਸਨ ਬਣਦੇ। ਮੈਂ ਖੁਦ ਲਿਵ-ਇਨ 'ਚ ਰਹੀ। ਮੇਰੇ ਕਬੀਰ ਬੇਦੀ, ਡੈਨੀ ਅਤੇ ਮਹੇਸ਼ ਭੱਟ ਨਾਲ ਰਿਸ਼ਤੇ ਰਹੇ। ਪਰ ਉਸ ਸਮੇਂ ਪਿਆਰ ਲਈ ਗੁੰਜਾਇਸ਼ ਸੀ। ਹੁਣ ਸਾਰਾ ਕੁੱਝ ਖ਼ਤਮ ਹੋ ਰਿਹਾ। ਪਿਆਰ ਨਾਮ ਦੀ ਕੋਈ ਚੀਜ਼ ਨਹੀਂ ਰਹੀ। ਇੱਕ ਨਾਲ ਰਿਸ਼ਤਾ ਰੱਖੋ, ਦੂਸਰੇ ਤੋਂ ਜਿਆਦਾ ਸੰਭਾਵਨਾ ਲੱਗੇ ਤਾਂ ਪਹਿਲੇ ਨੂੰ ਛੱਡ ਕੇ ਦੂਜੇ ਨੂੰ ਫੜ ਲਓ। ਫਿਲਮ ਸੰਸਾਰ ਦਾ ਏਹੀ ਉੱਤਰ-ਆਧੁਨਿਕਤਾਵਾਦ ਹੈ।" ਪਰਵੀਨ ਬੌਬੀ ਇਹ ਕਹਿ ਕੇ ਉਸ ਵੱਲ ਦੇਖਣ ਲੱਗੀ। ਸਾਹਾ ਫਿਰ ਵੀ ਚੁੱਪ ਰਹੀ ਤਾਂ ਉਸਨੇ ਮੁਸਕਰਾਉਂਦੇ ਹੋਏ ਕਿਹਾ, "ਰਿਸ਼ਤੇ ਤਾਂ ਸਿਰਫ਼ ਬਾਇ?ਲੋਜੀਕਲ ਟਰੀਟਮੈਂਟ ਹੋ ਗਏ ਹਨ। ਅੱਜ-ਕੱਲ੍ਹ ਕੁੜੀਆਂ ਪਿਆਰ ਦੇ ਤਣਾਅ ਨਾਲ ਨਹੀਂ, ਫ਼ਿਲਮਾਂ ਨਾ ਮਿਲਣ ਦੇ ਤਣਾਅ ਨਾਲ ਮਰਦੀਆਂ ਹਨ।" ਆਖਦਿਆਂ ਉਹ ਚੁੱਪ ਹੋ ਗਈ। ਸਾਹਾ ਨੇ ਦੇਖਿਆ ਕਿ ਸ਼ਰਾਬ ਉਸਦੇ ਗਲ਼ੇ ਤੋਂ ਹੇਠਾਂ ਉਤਰਦੀ ਸਾਫ ਦਿਖਾਈ ਦੇ ਰਹੀ ਸੀ।

"ਜਿਵੇਂ ਦੀ ਇਹ ਦੁਨੀਆਂ ਬਣ ਰਹੀ ਹੈ, ਮੈਂ ਤਾਂ ਸੋਚ ਸੋਚ ਕੇ ਪ੍ਰੇਸ਼ਾਨ ਹੋ ਜਾਂਦੀ ਹਾਂ।" ਸਾਹਾ ਨੇ ਕਿਹਾ

"ਤੈਨੂੰ ਬ੍ਰੇਨ ਹੈਮਰੇਜ ਹੋ ਸਕਦਾ!" ਉਹ ਉਸ ਵੱਲ ਮੁੜੀ ਅਤੇ ਉਸਦੇ ਮੋਢੇ 'ਤੇ ਹੱਥ ਰੱਖ ਕੇ ਬੋਲੀ, "ਏਨਾ ਨਹੀਂ ਸੋਚਣਾ ਬਿਲਕੁਲ ਵੀ। ਦਿਮਾਗ 'ਚ ਕਲੌਟ ਬਣ ਜਾਂਦਾ!"

"ਖ਼ੂਨ ਦਾ ਕਲੌਟ!" ਸਾਹਾ ਨੇ ਥੋੜ੍ਹੇ ਜਿਹੇ ਚਿੰਤਤ ਲਹਿਜੇ ਵਿੱਚ ਪੁੱਛਿਆ।

"ਨਹੀਂ, ਵਿਚਾਰਾਂ ਦਾ। ਕਲੌਟ ਆਫ ਥਾੱਟਸ। ਜਿਵੇਂ ਦਿਲ ਦੀਆਂ ਧਮਨੀਆਂ ਵਿੱਚ ਖ਼ੂਨ ਦੇ ਥੱਕੇ ਜੰਮ ਜਾਂਦੇ ਹਨ, ਉਸੇ ਤਰ੍ਹਾਂ ਦਿਮਾਗ ਵਿੱਚ ਖ਼ਿਆਲਾਂ ਦੇ ਥੱਕੇ ਜੰਮ ਜਾਂਦੇ।" ਸਾਹਾ ਡਰ ਗਈ। ਉਹ ਪਰਵੀਨ ਨੂੰ ਸ਼ੱਕ ਨਾਲ ਦੇਖਣ ਲੱਗੀ। ਅਚਾਨਕ ਪਰਵੀਨ ਉੱਠ ਕੇ ਕੁੜੀ ਕੋਲ ਗਈ, ਉਸਦੇ ਮੋਢੇ 'ਤੇ ਹੱਥ ਰੱਖ ਕੇ ਬੋਲੀ– "ਤੂੰ ਮੇਰੀ ਅਧੂਰੀ ਇੱਛਾ ਹੈਂ– ਮੇਰਾ ਅਧੂਰਾ ਭਵਿੱਖ!" ਇਹ ਕਹਿ ਕੇ ਉਹ ਚਲੀ ਗਈ। ਉਹ ਅੱਗੇ ਵਧੀ ਅਤੇ ਮਹਿਮਾਨਾਂ ਦੀ ਭੀੜ ਵਿੱਚ ਗਾਇਬ ਹੋ ਗਈ। ਸਾਹਾ ਨੂੰ ਮਹਿਸੂਸ ਹੋਇਆ ਕਿ ਪਰਵੀਨ ਬੌਬੀਆਂ ਮਰਦੀਆਂ ਨਹੀਂ। ਉਹ ਸਟੂਡੀਓ–ਦਰ–ਸਟੂਡੀਓ ਅਤੇ ਅਜਿਹੀਆਂ ਪਾਰਟੀਆਂ ਵਿਚ ਭਟਕਦੀਆਂ ਰਹਿੰਦੀਆਂ ਹਨ। ਉਸਨੇ ਕੁੜੀ ਨੂੰ ਪੁੱਛਿਆ, "ਤੂੰ ਸੁਣਿਆ ਉਹ ਕੀ ਕਹਿ ਰਹੀ ਸੀ? "ਕੁੜੀ ਦੀਆਂ ਅੱਖਾਂ ਹੁਣ ਨਸ਼ੇ ਨਾਲ ਹੋਰ ਬੋਝਲ ਹੋ ਗਈਆਂ ਸਨ। ਉਸਨੇ ਬੜੀ ਮੁਸ਼ਕਿਲ ਨਾਲ ਅੱਖਾਂ ਖੋਲ੍ਹੀਆਂ, "ਕੌਣ ? ਕੌਣ, ਕੀ ਕਹਿ ਰਹੀ ਸੀ? ਤੇਰੇ ਸਿਵਾਏ ਹੋਰ ਕੋਈ ਤਾ ਬੈਠਾ ਨਹੀਂ !"

ਸਾਹਾ ਨੇ ਕੁੜੀ ਦੇ ਹੱਥੋਂ ਸਿਗਰਟ ਲੈ ਕੇ ਲੰਮਾ ਕਸ਼ ਖਿੱਚਿਆ। ਉਸਦੀ ਥਕਾਵਟ, ਘਬਰਾਹਟ ਅਤੇ ਬੇਚੈਨੀ ਵਧ ਰਹੀ ਸੀ। ਉਹ ਪਸੀਨੇ ਨਾਲ ਨਹਾ ਰਹੀ ਸੀ। ਹੱਥ ਕੰਬ ਰਹੇ ਸਨ। ਅੱਖਾਂ ਪੂਰੀ ਤਰ੍ਹਾਂ ਖੁੱਲ੍ਹ ਨਹੀਂ ਸੀ ਰਹੀਆਂ। ਮਹਿਜ਼ ਪੰਜ ਕੁ ਮਿੰਟ ਪਹਿਲਾਂ ਹੱਥਾਂ 'ਚ ਆਇਆ ਵਿਸਕੀ ਦਾ ਗਲਾਸ ਖਾਲੀ ਹੋ ਚੁੱਕਾ ਸੀ। ਸਾਹਾ ਨੂੰ ਹੁਣ ਯਾਦ ਨਹੀਂ ਸੀ ਕਿ ਉਹ ਵੋਦਕਾ ਦੀ ਬਜਾਏ ਵਿਸਕੀ ਪੀ ਰਹੀ ਸੀ ਅਤੇ ਹੁਣ ਤੱਕ ਕਿੰਨੀ ਪੀ ਚੁੱਕੀ ਹੈ? ਉਸਨੇ ਅੱਖਾਂ ਚੁੱਕ ਕੇ ਦੇਖਿਆ, ਕੁੜੀਆਂ ਹੌਲੀ–ਹੌਲੀ ਆਪਣੀ ਪਸੰਦ ਦੇ ਅਤੇ ਕੰਮ ਆਉਣ ਵਾਲੇ ਲੋਕਾਂ ਨਾਲ, ਅਜਿਹੇ ਕੰਮਾਂ ਲਈ ਰਿਜ਼ਰਵ ਕੀਤੇ ਕਮਰਿਆਂ ਅੰਦਰ ਜਾ ਰਹੀਆਂ ਸਨ। ਹੁਣ ਉਸ 'ਚ ਉੱਠਣ ਦੀ ਹਿੰਮਤ ਨਹੀਂ ਸੀ ਰਹੀ। ਹੱਥ 'ਚ ਵਿਸਕੀ ਦਾ ਨਵਾਂ ਗਲਾਸ ਸੀ। ਜੀਅ ਕੀਤਾ ਕਿ ਗਲਾਸ ਰੱਖ ਦੇਵੇ, ਪਰ ਅਗਲੇ ਹੀ ਪਲ ਇੱਕ ਨਵੀਂ ਇੱਛਾ ਪੈਦਾ ਹੋਈ। ਉਸਨੇ ਗਲਾਸ ਹੌਲੀ ਹੌਲੀ ਖਾਲੀ ਕੀਤਾ ਅਤੇ ਕੁਰਸੀ 'ਤੇ ਢੋਅ ਲਾ ਕੇ ਨਿਢਾਲ ਹੋ ਗਈ। ਸਾਹ ਇੰਨੇ ਤੇਜ਼ੀ ਨਾਲ ਚੱਲ ਰਹੇ ਸੀ ਕਿ ਆਪਣੇ ਦਿਲ ਦੀ ਧੜਕਣ ਉਹਨੂੰ ਸਾਫ਼ ਸੁਣ ਰਹੀ ਸੀ। ਕੁੜੀ ਪਤਾ ਨਹੀਂ ਕਦੋਂ ਉਸ ਕੋਲੋਂ ਉੱਠ ਕੇ ਜਾ ਚੁੱਕੀ ਸੀ। ਉਹ ਸਮਝ ਗਈ। ਉਦਾਸੀ ਅਤੇ ਇਕੱਲਤਾ ਦਾ ਹਨੇਰਾ ਕਿਧਰੇ ਵੀ ਨਹੀਂ ਸੀ ਗਿਆ। ਉਹ ਸਿਰਫ਼ ਰੋਸ਼ਨੀ ਦੇ ਪਿੱਛੇ ਦੁਬਕਿਆ ਬੈਠਾ ਸੀ। ਮੌਕਾ ਮਿਲਦਿਆਂ ਹੀ ਉਸਨੂੰ ਘੇਰ ਲਿਆ ਗਿਆ ਸੀ। ਉਹ ਹਨੇਰੇ ਦੇ ਉਸ ਭੰਵਰ ਵਿਚ ਧੱਸਦੀ ਜਾ ਰਹੀ ਸੀ। ਉਸਦੀ ਘਬਰਾਹਟ ਵਧ ਰਹੀ ਸੀ।

ਉਸਨੂੰ ਯਾਦ ਨਹੀਂ ਕੌਣ ਚੁੱਕ ਕੇ ਬਾਹਰ ਤੱਕ ਲਿਆਇਆ ਸੀ। ਕਾਰ 'ਚ ਕਿਵੇਂ ਬੈਠੀ? ਡਰਾਈਵਰ ਉਸਨੂੰ ਘਰ ਤੱਕ ਲਿਆਇਆ ਤੇ ਉਪਰ ਫਲੈਟ ਅੰਦਰ ਤੱਕ ਛੱਡ ਕੇ ਗਿਆ।

ਡਰਾਈਵਰ ਜਾ ਚੁੱਕਾ ਸੀ। ਉਹ ਬਿਸਤਰੇ 'ਤੇ ਲੇਟੀ ਹੌਂਕ ਰਹੀ ਸੀ। ਸ਼ਾਇਦ ਡਰਾਈਵਰ ਨੇ ਡਾਕਟਰ ਬੁਲਾਉਣ ਬਾਰੇ ਵੀ ਪੁੱਛਿਆ ਸੀ। ਮਨ੍ਹਾ ਕਰ ਦਿੱਤਾ ਸੀ ਉਸਨੇ। ਕਦੋਂ ਅਤੇ ਕਿਵੇਂ ਮਨ੍ਹਾ ਕੀਤਾ, ਹੁਣ ਤਾਂ ਉਸਨੂੰ ਇਹ ਵੀ ਯਾਦ ਨਹੀਂ। ਉਹ ਬੜੀ ਮੁਸ਼ਕਲ ਨਾਲ ਉਠੀ ਅਤੇ ਬਾਲਕੋਨੀ

ਵਿਚ ਆ ਕੇ ਕੁਰਸੀ 'ਤੇ ਬੈਠ ਗਈ। ਸਾਹਮਣੀ ਸੜਕ 'ਤੇ ਹਲਕੀ ਜਿਹੀ ਰੌਸ਼ਨੀ ਸੀ ਜਿੱਥੋਂ ਸਮੁੰਦਰ ਨਜ਼ਰ ਆ ਰਿਹਾ ਸੀ। ਸ਼ਾਇਦ ਇਹ ਜਵਾਰ (ਲਹਿਰ ਦੇ ਉਪਰ ਜਾਣ) ਦਾ ਸਮਾਂ ਹੈ। ਸਮੁੰਦਰ ਦਾ ਵਿਰਲਾਪ ਵਧ ਗਿਆ ਸੀ। ਉਸਦਾ ਰੁਦਨ ਸਾਫ਼ ਸੁਣ ਰਹੀ ਸੀ। ਉਹ ਸੜਕ ਦੀ ਮੱਧਮ ਰੌਸ਼ਨੀ 'ਚ ਵੀ ਸਮੁੰਦਰ ਦੀਆਂ ਸਫੈਦ ਲਹਿਰਾਂ ਨੂੰ ਦੇਖ ਸਕਦੀ ਸੀ। ਸਮੁੰਦਰ ਦੇ ਕੰਢੇ ਤੱਕ ਰੌਸ਼ਨੀ ਸੀ। ਉਸ ਤੋਂ ਬਾਅਦ ਸਮੁੰਦਰ ਦੀ ਸਤ੍ਹਾ 'ਤੇ ਹਨੇਰਾ ਫੈਲਿਆ ਹੋਇਆ ਸੀ। ਉਸਨੂੰ ਲੱਗਿਆ ਜਿਵੇਂ ਸਮੁੰਦਰ ਦੀਆਂ ਲਹਿਰਾਂ ਸਮੁੰਦਰ ਦੇ ਪਾਣੀ ਦੇ ਅੰਦਰੋਂ ਨਹੀਂ, ਹਨੇਰੇ ਦੇ ਪਾਣੀਆਂ ਦੇ ਅੰਦਰੋਂ ਆ ਰਹੀਆਂ ਹਨ। ਹਨੇਰੇ ਦਾ ਵੀ ਇੱਕ ਸਮੁੰਦਰ ਹੈ। ਫਿਰ ਅਚਾਨਕ ਸਮੁੰਦਰ ਆਪਣੀਆਂ ਲਹਿਰਾਂ ਨਾਲ ਅੱਗੇ ਵਧਣ ਲੱਗਾ ਅਤੇ ਸੜਕ ਪਾਰ ਕਰਕੇ ਉਸ ਦੇ ਕਮਰੇ ਵਿਚ ਦਾਖਲ ਹੋ ਗਿਆ। ਸਾਰਾ ਕਮਰਾ ਪਾਣੀ ਨਾਲ ਭਰ ਗਿਆ ਸੀ। ਇੱਕ ਅਜੀਬ ਜਿਹੀ ਠੰਡਕ ਉਸਦੇ ਅੰਦਰ ਵੜ ਰਹੀ ਸੀ। ਉਸਦਾ ਸਿਰ ਭਾਰਾ ਮਹਿਸੂਸ ਹੋ ਰਿਹਾ ਸੀ। ਇੱਕ ਆਵਾਜ਼ ਆਉਂਦੀ ਹੈ।

ਲਾਈਟਸ। ਕੈਮਰਾ ! ਐਕਸ਼ਨ !!

ਸਮੁੰਦਰ ਦਾ ਪਾਣੀ ਪਾਰਦਰਸ਼ੀ ਹੋ ਜਾਂਦਾ ਹੈ ਅਤੇ ਉਹ ਪਾਣੀ ਤੋਂ ਪਾਰ ਦੇਖਦੀ ਹੈ। ਕਾਲਜ ਦੀ ਕੰਟੀਨ ਵਿੱਚ ਇੱਕ ਮੁੰਡਾ ਇੱਕ ਖੂਬਸੂਰਤ ਕੁੜੀ ਨੂੰ ਅਰਥ ਸ਼ਾਸਤਰ ਦੇ ਨੋਟਿਸ ਦੇ ਰਿਹਾ। ਕੁੜੀ ਦੇ ਚਿਹਰੇ 'ਤੇ ਸੁਖੀ ਭਵਿੱਖ ਦੇ ਸੁਪਨਿਆਂ ਦੀ ਨਮੀ ਹੈ। ਦੁਨੀਆਦਾਰੀ ਦੇ ਅਰਥ ਸ਼ਾਸਤਰ ਅਤੇ ਪਿਆਰ ਦੇ ਅਰਥ ਸ਼ਾਸਤਰ ਦੇ ਪਰਸਪਰ ਤਣਾਅ ਤੋਂ ਅਣਜਾਣ ਉਹ ਕੁੜੀ, ਮੋਹ ਭਰੀ ਨਜ਼ਰ ਨਾਲ ਮੁੰਡੇ ਵੱਲ ਦੇਖ ਰਹੀ ਹੈ।

ਉਹ ਪੂਰੀ ਤਰ੍ਹਾਂ ਪਾਣੀ 'ਚ ਡੁੱਬੀ ਹੋਈ ਸੀ ਪਰ ਫਿਰ ਵੀ ਉਹਨੂੰ ਸਾਫ਼ ਮਹਿਸੂਸ ਹੋ ਰਿਹਾ ਸੀ ਕਿ ਉਹ ਪਸੀਨੇ ਨਾਲ ਤਰ ਬਤਰ ਹੈ। ਉਸਦੇ ਸਾਹ ਸਮੁੰਦਰ ਦੀਆਂ ਲਹਿਰਾਂ ਨਾਲੋਂ ਵੀ ਤੇਜ਼ ਹੋ ਕੇ ਉਸਦੇ ਅੰਦਰ ਛੜਾਕੇ ਮਾਰ ਰਹੇ ਸਨ। ਜਿਵੇਂ ਕੋਈ ਡੂੰਘਾ ਕਾਲਾ ਸਾਗਰ ਉਸਦੇ ਅੰਦਰ ਵੀ ਹੈ। ਇਸਦੀਆਂ ਲਹਿਰਾਂ ਰਹਿ ਰਹਿ ਕੇ ਉਸਦੇ ਜਿਸਮ ਦੇ ਹਰ ਹਿੱਸੇ ਨਾਲ ਟਕਰਾ ਰਹੀਆਂ ਹਨ। ਉਹ ਆਪਣੇ ਅੰਦਰ ਦੇ ਸਮੁੰਦਰ ਦਾ ਰੁਦਨ ਸੁਣ ਰਹੀ ਸੀ। ਅੱਖਾਂ ਹੌਲੀ-ਹੌਲੀ ਬੰਦ ਹੋ ਰਹੀਆਂ ਸਨ। ਉਹੀ ਆਵਾਜ਼ ਫਿਰ ਆਉਂਦੀ ਹੈ।

ਲਾਈਟਸ ! ਕੈਮਰਾ ! ਐਕਸ਼ਨ !!

ਫਿਰ ਉਸਨੇ ਦੇਖਿਆ, ਆਪਣਾ ਪਿੰਡ, ਆਪਣੀਆਂ ਗਲੀਆਂ। ਪਿੰਡ ਵਿੱਚ ਆਪਣੇ ਘਰ ਦੀ ਗਲੀ ਵੱਲ ਮੁੜ ਰਹੀ ਹੈ। ਉਦੋਂ ਹੀ ਇੱਕ ਕੁੜੀ ਉਸ ਨਾਲ ਟਕਰਾਉਂਦੀ ਹੈ। ਨੀਲੀ ਫਰਾਕ ਪਹਿਨੀ। ਲਾਲ ਰਿਬਨ ਨਾਲ ਗੁੰਦੀਆਂ ਦੋ ਮੀਡੀਆਂ। ਉਸਦੇ ਗਲ਼ੇ 'ਚ ਬਸਤਾ ਲਟਕ ਰਿਹਾ। ਉਹ ਛੋਟੀ ਜਿਹੀ ਕੁੜੀ ਉਸਦੀ ਸਾੜੀ ਖਿੱਚਦਿਆਂ ਕਹਿ ਰਹੀ ਹੈ - "ਮੈਂ ਸਮੁੰਦਰ ਦੇਖਣਾ ਹੈ!"

ਉਹ ਸਮੁੰਦਰ ਦੇ ਥੱਲੇ, ਬਹੁਤ ਥੱਲੇ ਡੁੱਬੀ ਹੋਈ ਹੈ ਅਤੇ ਦੂਰੋਂ ਉਸ ਕੁੜੀ ਦੀ ਭਿੱਜੀ ਹੋਈ ਆਵਾਜ਼ ਸੁਣ ਰਹੀ ਹੈ। ਇੱਕ ਅਜਿਹਾ ਗਿੱਲਾਪਨ ਜੋ ਇਸ ਪਾਣੀ ਦੇ ਗਿੱਲੇਪਨ ਤੋਂ ਬਿਲਕੁਲ ਵੱਖਰਾ ਹੈ। ਇਹ ਗਿੱਲੀ ਆਵਾਜ਼ ਉਸ ਦੇ ਮਨ ਦੇ ਹਰ ਹਿੱਸੇ 'ਚ ਉੱਤਰ ਰਹੀ ਹੈ। ਹੁਣ ਉਸਨੂੰ ਕੋਈ ਘਬਰਾਹਟ ਨਹੀਂ ਸੀ। ਪਸੀਨਾ ਨਹੀਂ ਸੀ ਆ ਰਿਹਾ। ਬੇਚੈਨੀ ਖਤਮ ਹੋ ਗਈ ਸੀ। ਅੰਦਰਲਾ ਸਮੁੰਦਰ ਸ਼ਾਂਤ ਹੋ ਰਿਹਾ ਸੀ। ਉਸਦੀ ਦੇਹ ਉਸਦੇ ਅੰਦਰਲੇ ਸਮੁੰਦਰ ਦੇ ਜਲ ਦੀ ਸਤ੍ਹਾ 'ਤੇ ਆ ਗਈ ਸੀ। ਬਿਲਕੁਲ ਸਥਿਰ ਅਤੇ ਸ਼ਾਂਤ।

( Bhal Chander Joshi 89894-32087 )

**(ਸੰਪਰਕ ਅਨੁਵਾਦਕ-98726-40994)**

**ਲਹਿੰਦੇ ਪੰਜਾਬ ਤੋਂ ਕਹਾਣੀ**

# ਚੂ... ਹ... ਹ... ੜ ... ੜ...

**ਅੰਬਰ ਹੁਸੈਨੀ**

**ਲਿਪੀਅੰਤਰ : ਇਰਫ਼ਾਨ ਮਜੀਦ**



ਨਾਸਿਰ ਰਾਤੀਂ ਘਰ ਪਹੁੰਚਿਆ ਤਾਂ ਉਹਦਾ ਥਕੇਵੇਂ ਨਾਲ਼ ਬੁਰਾ ਹਾਲ ਸੀ।

ਅੱਜ ਦਫ਼ਤਰ ਦੇ ਵੱਡੇ ਸਾਹਿਬ ਦੀ ਧੀ ਦੀ ਸਾਲ-ਗਿਰ੍ਹਾ ਸੀ। ਉਹਦੇ ਸਵੇਰੇ ਦਫ਼ਤਰ ਅੱਪੜਦੇ ਸਾਰ ਹੀ ਸਾਹਿਬ ਨੇ ਉਹਨੂੰ ਆਫ਼ਿਸ 'ਚ ਸੱਦਿਆ, ਤੇ ਆਪਣੇ ਘਰ ਜਾ ਕੇ ਕੰਮ ਕਾਰ 'ਚ ਹੱਥ ਵੰਡਾਉਣ ਨੂੰ ਕਿਹਾ। ਉਹ ਅੱਜ ਤੋਂ ਪਹਿਲਾਂ ਵੀ ਬਹੁਤ ਵਾਰੀ ਨਿੱਕੇ ਮੋਟੇ ਕੰਮਾਂ ਲਈ ਸਾਹਿਬ ਦੇ ਘਰ ਜਾ ਚੁੱਕਿਆ ਸੀ। ਇਨ੍ਹਾਂ ਕਦੀ-ਕਦਾਰ ਦੇ ਕੰਮਾਂ ਤੋਂ ਵੱਖ, ਹਫ਼ਤੇ ਬਾਅਦ ਸਾਹਿਬ ਦੇ ਘਰ ਦੇ ਲਾਨ ਅਤੇ ਕਿਆਰੀਆਂ ਦੀ ਸਫ਼ਾਈ ਤਾਂ ਉਂਜ ਵੀ ਖ਼ੌਰੇ ਕਦ ਦੀ ਨਾਸਿਰ ਦੇ ਜ਼ਿੰਮੇ ਸੀ। ਕਦੀ ਤੇ ਸਰ ਉਹਨੂੰ ਆਫ਼ਿਸ ਦੇ ਟਾਈਮ 'ਚੋਂ ਘਰ ਜਾ ਕੇ ਇਹ ਕੰਮ ਕਰਨ ਨੂੰ ਕਹਿ ਦਿੰਦੇ, ਪਰ ਕਦੀ-ਕਦੀ ਤੇ ਉਹਨੂੰ ਆਫ਼ਿਸ ਟਾਈਮ ਤੋਂ ਬਾਅਦ ਵੀ ਦੋ ਤਿੰਨ ਘੰਟੇ ਲਾਣੇ ਪੈ ਜਾਂਦੇ ਸਨ। ਪਰ ਉਹ ਵਿਚਾਰਾ ਨਾਂਹ ਵੀ ਨਹੀਂ ਸੀ ਕਰ ਸਕਦਾ, ਨੌਕਰੀ ਬੇਸ਼ੱਕ ਸਰਕਾਰੀ ਨਾ ਸਹੀ, ਪਰ ਉਹਦੇ ਨੌਕਰੀ ਤੇ ਰਹਿਣ ਜਾਂ ਨਾ ਰਹਿਣ ਦਾ ਫ਼ੈਸਲਾ ਤੇ ਸਾਹਿਬ ਨੇ ਹੀ ਕਰਨਾ ਸੀ। ਉਂਜ ਵੀ ਨਾਸਿਰ ਨੂੰ ਇਹ ਦੋ ਕੂ ਸਾਲ ਪਹਿਲਾਂ ਟਰਾਂਸਫ਼ਰ ਹੋ ਕੇ ਆਏ ਸਾਹਿਬ ਪਸੰਦ ਸਨ। ਇਸ ਲਈ ਹੁਣ ਉਹਨੂੰ ਇਨ੍ਹਾਂ ਦੇ ਉਤਲੇ ਕੰਮ ਵਗਾਰ ਨਹੀਂ ਸਨ ਲਗਦੇ।

ਇਨ੍ਹਾਂ ਤੋਂ ਪਹਿਲੇ ਵਾਲਾ ਸਾਹਿਬ ਤਾਂ ਨਾਸਿਰ ਤੂੰ ਰੋਜ਼ ਘਰ ਦੇ ਕੰਮ ਤੇ ਕਰਵਾਉਂਦਾ ਹੀ ਸੀ, ਸਗੋਂ ਸੱਚ ਕਹੋ ਤੇ ਇਹ ਤਾਂ ਚੌਥੇ ਦਰਜੇ ਤੇ ਉਸ ਤੋਂ ਥੱਲੇ ਦੇ ਹਰ ਮੁਲਾਜ਼ਮ ਲਈ ਬਿੰਨ ਕਿਹਾ ਅਸੂਲ ਹੁੰਦਾ... ਜੋ ਸਾਹਿਬ ਕਹੇ, ਜਦ ਸਾਹਿਬ ਕਹੇ... ਕਰਨਾ। ਪਰ ਇਸ ਦੇ ਨਾਲ਼-ਨਾਲ਼ ਉਹ ਪੁਰਾਣੇ ਸਾਹਿਬ ਬੜੀ ਵਾਰ ਨਾਸਿਰ ਦੀ ਬਿਲ੍ਹਾ-ਵਜ੍ਹਾ ਬਿਜ਼ਤੀ ਵੀ ਕਰਦੇ ਰਹਿੰਦੇ ਸਨ। ਤੇ ਜਿਸ ਦਿਨ ਕਿਤੇ ਉਨ੍ਹਾਂ ਦੀ ਮੇਜ਼ ਸਾਫ਼ ਕਰਦੇ, ਗ਼ਲਤੀ ਨਾਲ਼ ਨਾਸਿਰ ਦਾ ਹੱਥ ਉਨ੍ਹਾਂ ਦੇ ਚਾਹ ਦੇ ਕੱਪ ਜਾਂ ਕਿਸੇ ਬਰਤਨ ਨੂੰ ਲੱਗ ਜਾਂਦਾ, ਉਸ ਦਿਨ ਤਾਂ ਉਨ੍ਹਾਂ ਦੇ ਗ਼ੁੱਸੇ ਦੀ ਕੋਈ ਹੱਦ ਹੀ ਨਾ ਰਹਿੰਦੀ। ਉਨ੍ਹਾਂ ਦੇ ਭਾਅ ਨੂੰ ਈਸਾਈ ਨਾਪਾਕ (ਅਪਵਿਤਰ) ਸਨ ਤੇ ਨਾਸਿਰ ਦਾ ਹੱਥ ਲੱਗਣ ਨਾਲ਼ ਉਨ੍ਹਾਂ ਲਈ ਇਸ ਭਾਂਡੇ ਚ ਖਾਣਾ-ਪੀਣਾ ਜਾਇਜ਼ ਨਹੀਂ ਸੀ ਰਹਿੰਦਾ। ਇਸ ਤਰ੍ਹਾਂ ਦੇ ਰਵਈਏ ਤੋਂ ਨਾਸਿਰ ਦਾ ਦਿਲ ਬਹੁਤ ਦੁਖਦਾ ਸੀ। ਉਂਜ ਤੇ ਨਾਸਿਰ ਦੇ ਦਫ਼ਤਰ 'ਚ ਚਾਹ-ਪਾਣੀ ਦੇ ਭਾਂਡੇ ਵੱਖ ਹੀ ਸਨ। ਪਰ ਪੁਰਾਣੇ ਸਾਹਿਬ ਤਰ੍ਹਾਂ ਇਸ ਗੱਲ ਦਾ ਇਜ਼ਹਾਰ ਬਾਰ-ਬਾਰ ਹੋਰ ਕੋਈ ਨਹੀਂ ਸੀ ਕਰਦਾ। ਸਗੋਂ ਉਨ੍ਹਾਂ ਤਰ੍ਹਾਂ ਗ਼ੁੱਸੇ ਚ ਉਹਨੂੰ 'ਚੂ...ਹ...ੜ... ਵੀ ਹੋਰ ਕੋਈ ਨਹੀਂ ਸੀ ਆਖਦਾ। ਜੇ ਕਦੇ ਉਸ ਦੇ ਮਜ਼ਹਬ ਬਾਰੇ ਗੱਲ ਕਰਨੀ ਵੀ ਹੁੰਦੀ ਤਾਂ ਉਹਨੂੰ ਈਸਾਈ ਕਹਿ ਦਿੱਤਾ ਜਾਂਦਾ ਸੀ। ਤੇ ਇਸ ਤੋਂ ਉੱਪਰ ਸਭ ਤੋਂ ਮਜ਼ੇ ਦੀ ਗੱਲ ਇਹ ਸੀ ਕਿ ਏਨੀ ਨਫ਼ਰਤ ਤੋਂ ਬਾਅਦ ਵੀ ਹਰ ਦੂਜੇ ਤੀਜੇ ਦਿਨ ਉਸ ਸਾਹਿਬ ਨੂੰ ਨਾਸਿਰ 'ਤੇ ਟੁੱਟ ਕੇ ਪਿਆਰ ਵੀ ਆ ਜਾਂਦਾ। ਤੇ ਉਹ ਉਹਨੂੰ ਦੋਜ਼ਖ਼ (ਨਰਕ) ਦੀ ਅੱਗ ਤੋਂ ਬਚਾਉਣ ਲਈ, ਉਹਨੂੰ ਆਪਣੇ ਮਜ਼੍ਹਬ 'ਚ ਆਉਣ ਦੀ ਦਾਅਵਤ ਦੇਣ ਲੱਗ ਪੈਂਦੇ। ਨਾਸਿਰ ਸਿਰ ਸੁੱਟ ਕੇ ਚੁੱਪ-ਚਾਪ ਉਨ੍ਹਾਂ ਦੀ ਗੱਲ ਸੁਣ ਲੈਂਦਾ। ਕਦੀ-ਕਦੀ ਉਹਦਾ ਦਿਲ ਜ਼ਰੂਰ ਕਰਦਾ ਕਿ ਸਾਹਿਬ ਨੂੰ ਪੁੱਛੇ ਕਿ ਸਰ ਤੁਸੀਂ ਜੇ ਈਸਾਈਆਂ ਨੂੰ ਨਾਪਾਕ ਸਮਝਦੇ ਹੋ, ਉਨ੍ਹਾਂ ਦਾ ਹੱਥ ਕਿਸੇ ਭਾਂਡੇ

ਨੂੰ ਲੱਗ ਜਾਵੇ ਤੇ ਉਸ ਭਾਂਡੇ ਨੂੰ ਕਲਮਾ ਪੜ੍ਹ-ਪੜ੍ਹ ਧੁਆਉਂਦੇ ਹੋ... ਫਿਰ ਤੁਸਾਂ ਆਪਣੇ ਦੋਹੇਂ ਬੱਚੇ ਇੰਗਲੈਂਡ ਕਿਉਂ ਭੇਜ ਦਿੱਤੇ? ਉੱਥੇ ਕਿੰਝ ਉਹ ਦਿਨ ਰਾਤ ਈਸਾਈਆਂ ਨਾਲ਼ ਰਹਿੰਦੇ ਹੋਣਗੇ?... ਪਰ ਕਹਿਣ ਦੀ ਹਿੰਮਤ ਤੇ ਔਕਾਤ ਕੋਈ ਨਹੀਂ ਸੀ। ਸੋ ਗਰਦਨ ਨੀਵੀਂ ਪਾਈ 'ਜੀ ਸਰ, ਜੀ ਸਰ' ਕਹਿੰਦਾ ਰਹਿੰਦਾ, ਤੇ ਜਦ



ਕਦੀ ਸਾਹਿਬ ਤੋਂ ਕਿਸੇ ਮਦਦ ਦੀ ਲੋੜ ਹੁੰਦੀ, ਤੇ ਉਸ ਵੇਲੇ ਇਸੇ ਪੈਂਤੜੇ ਨੂੰ ਪੁੱਠਾ ਵਰਤਣ ਦੀ ਕੋਸ਼ਿਸ਼ ਵੀ ਕਰਦਾ। ਉਨ੍ਹਾਂ ਦਿਨਾਂ 'ਚ ਸਰ ਦਾ ਦਰਸ (ਭਾਸ਼ਨ) ਸੁਣਦੇ ਸਿਰ ਹੋਰ ਜ਼ੋਰ-ਜ਼ੋਰ ਨਾਲ਼ ਹਿਲਾਉਂਦਿਆਂ "ਕਹਿੰਦੇ ਤੇ ਤੁਸੀਂ ਠੀਕ ਹੋ" ਦੀ ਤਸਬੀ ਕਰਦਾ। ਤੇ ਸਾਹਿਬ ਖ਼ੁਸ਼ ਹੋ ਕੇ, ਕਿ ਨਾਸਿਰ ਦੇ ਦਿਲ 'ਤੇ ਮੇਰੀ ਦਾਅਵਤ ਅਸਰ ਕਰਨ ਲੱਗ ਪਈ ਹੈ, ਉਹਦੀ ਛੁੱਟੀ ਦੀ ਅਰਜ਼ੀ ਮਨਜ਼ੂਰ ਕਰ ਲੈਂਦੇ। ਬਾਦੋਂ ਨਾਸਿਰ ਵੀ ਭੁੱਲ ਜਾਂਦਾ ਕਿ ਸਰ ਠੀਕ ਕਹਿੰਦੇ ਸੀ, ਤੇ ਸਾਹਿਬ ਦਾ ਵੀ ਦਰਸ ਦਾ ਸ਼ੌਕ ਮੱਠਾ ਪੈ ਜਾਂਦਾ ਤੇ ਨਾਸਿਰ ਮੁੜ ਕੇ ਚੂਹੜਾ ਕਹਾਉਣ ਲਗਦਾ।

ਦੋ ਸਾਲ ਪਹਿਲਾਂ ਉਸ ਸਾਹਿਬ ਦਾ ਟਰਾਂਸਫ਼ਰ ਹੋ ਗਿਆ ਤੇ ਉਨ੍ਹਾਂ ਦੀ ਜਗ੍ਹਾ ਇਹ ਨਵੇਂ ਸਾਹਿਬ ਆ ਗਏ। ਇਹ ਜ਼ਰਾ ਘੱਟ ਉਮਰ ਤੇ ਨਵੇਂ ਜ਼ਮਾਨੇ ਦੇ ਸਨ। ਦੂਜੀ ਤੀਜੀ ਟਰਾਂਸਫ਼ਰ ਸੀ ਤੇ ਨਾਸਿਰ ਨੂੰ ਕਦੀ ਗ਼ੁੱਸੇ 'ਚ ਵੀ ਚੂ...ਹ...ੜ... ਨਹੀਂ ਸੀ ਕਹਿੰਦੇ। ਹੁਣ ਰੱਬ ਜਾਣੇ, ਇਹ ਇਹਤਿਆਤ (ਸਾਵਧਾਨੀ) ਨਾਸਿਰ ਦਾ ਦਿਲ ਨਾ ਦੁਖਾਉਣ ਲਈ ਸੀ ਕਿ ਆਪਣਾ ਸੋਹਣਾ ਅਖ਼ਲਾਕ (ਸਦਾਚਾਰ) ਬਚਾਉਣ ਲਈ। ਨਾਸਿਰ ਨੂੰ ਆਪਣੇ ਘਰ ਦੇ ਕੰਮ ਕਾਰ ਲਈ ਭੇਜਦੇ ਤੇ ਆਉਣ-ਜਾਣ ਦਾ ਖ਼ਰਚਾ ਵੀ ਦੇ ਦਿੰਦੇ, ਇਸੇ ਲਈ ਉਹ ਉਨ੍ਹਾਂ ਦਾ ਕੰਮ ਖ਼ੁਸ਼ੀ ਨਾਲ਼ ਕਰਦਾ ਸੀ।

ਪਰ ਅੱਜ ਸਾਰਾ ਦਿਨ ਲਾਨ ਦੀ ਸਫ਼ਾਈ, ਟੈਂਟ ਕੁਰਸੀਆਂ ਲਵਾਉਣ ਤੋਂ ਲੈ ਕੇ, ਦਿਨ ਭਰ "ਨਾਸਿਰ! ਨਾਸਿਰ!" ਦੀ ਅਵਾਜ਼ ਨੇ ਉਹਨੂੰ ਥਕਾ ਮਾਰਿਆ ਸੀ। ਕੇਕ ਕੱਟਣ ਅਤੇ ਰੋਟੀ ਖੁੱਲ੍ਹਣ ਤੋਂ ਬਹੁਤ ਬਾਅਦ, ਜਦ ਸਾਹਿਬ ਦੀ ਘਰਵਾਲੀ ਨੇ ਸ਼ਾਪਰ 'ਚ ਖਾਣਾ ਪਾ ਕੇ ਨਾਸਿਰ ਨੂੰ ਫੜਾਇਆ ਤਾਂ ਉਹਦੇ ਜ਼ਿਹਨ 'ਚ ਬਾਰ-ਬਾਰ ਸਰ ਮਾਈਕਲ ਆਉਂਦੇ ਰਹੇ। ਅਕਲੀਅਤੀ (ਘੱਟ-ਗਿਣਤੀ) ਸੀਟ MPA ਸਰ ਮਾਈਕਲ ਜੋ ਨਾਸਿਰ ਦੀ ਕਾਲੋਨੀ 'ਚ ਹੀ ਰਹਿੰਦੇ ਸਨ, ਤੇ ਅੱਜ ਦੇ ਇਸ ਬਰਥ-ਡੇ ਪਾਰਟੀ ਦੇ ਖ਼ਾਸ ਪ੍ਰਾਹੁਣੇ ਵੀ। ਜਦ ਉਹ ਤੇ ਉਨ੍ਹਾਂ ਦੀ ਘਰ ਵਾਲੀ ਆਈ ਤਾਂ ਸਰ ਤੇ ਉਨ੍ਹਾਂ ਦੀ ਬੇਗਮ ਬਾਹਰ ਤੀਕਰ ਉਨ੍ਹਾਂ ਨੂੰ ਰਿਸੀਵ ਕਰਨ ਆਏ। ਕਦੀ-ਕਦੀ ਨਾਸਿਰ ਨੂੰ ਲਗਦਾ ਸੀ ਕਿ ਮਜ਼੍ਹਬਾਂ ਦੇ ਨਾਂ 'ਤੇ ਵੰਡ ਤਾਂ ਬੱਸ ਇੱਕ ਪਰਦਾ ਹੈ, ਅਸਲ 'ਚ ਸਾਰੀ ਖ਼ਲਕਤ ਪੈਸੇ ਦੀ ਲਕੀਰ ਨਾਲ਼ ਵੰਡੀ ਗਈ ਹੈ। ਬਹੁਤੇ ਪੈਸੇ ਵਾਲੇ ਜਿਸ ਵੀ ਮਜ਼੍ਹਬ ਤੋਂ ਹੋਣ, ਉਨ੍ਹਾਂ ਦੀ ਜ਼ਾਤ ਉੱਚੀ ਹੋ ਜਾਂਦੀ। ਤੇ ਮਾੜੇ ਬੰਦੇ ਦੀ ਜ਼ਾਤ ਨੀਵੀਂ ਰਹਿੰਦੀ ਫਿਰ ਉਹ ਭਾਵੇਂ ਜਿਸ ਵੀ ਮਜ਼੍ਹਬ ਤੋਂ ਹੋਵੇ। ਜਿਵੇਂ

ਸਰ ਮਾਈਕਲ, ਸਾਹਿਬ ਦੇ ਦੋਸਤ ਹਨ ਤੇ ਨਾਸਿਰ...

ਇਨ੍ਹਾਂ ਸੋਚਾਂ 'ਚ ਡੁੱਬਿਆ ਨਾਸਿਰ ਕਦ ਆਪਣੇ ਮੁਹੱਲੇ ਤੀਕਰ ਪਹੁੰਚ ਗਿਆ, ਉਹਨੂੰ ਖ਼ਬਰ ਹੀ ਨਾ ਹੋਈ। ਉਹਨੇ ਇੱਕ ਪਲ ਨੂੰ ਸਾਈਕਲ ਧੱਕ ਕੇ ਗੂੜ੍ਹੀ ਸਾਹ ਲਈ। ਇਨ੍ਹਾਂ ਦਿਲ ਦੁਖਾਉਣ ਵਾਲੀਆਂ ਸੋਚਾਂ ਅਤੇ ਥਕੇਵੇਂ ਨੂੰ ਜਿਵੇਂ ਸਿਰ ਹਿਲਾ ਕੇ ਦਿਮਾਗ਼ 'ਚੋਂ ਕੱਢਣ ਦੀ ਕੋਸ਼ਿਸ਼ ਕੀਤੀ ਤੇ ਆਪਣੀ ਘਰ ਵਾਲੀ ਤੇ ਬੱਚਿਆਂ ਬਾਰੇ ਸੋਚ ਕੇ ਮੁਸਕਰਾਉਣ ਲੱਗ ਪਿਆ।

ਨਾਸਿਰ ਦੀ ਘਰ ਵਾਲੀ ਮਰੀਅਮ, ਇਸੇ ਕਾਲੋਨੀ 'ਚ ਹੀ ਰਹਿੰਦੀ ਹੁੰਦੀ ਸੀ, ਜਦੋਂ ਨਾਸਿਰ ਦੀ ਮਾਂ ਨੇ ਮਰੀਅਮ ਅਤੇ ਉਹਦੇ ਰਿਸ਼ਤੇ ਦੀ ਗੱਲ ਕੀਤੀ ਤਾਂ ਪਹਿਲੀ ਵਾਰ ਨਾਸਿਰ ਨੇ ਉਹਦੇ ਬਾਰੇ ਸੋਚਣਾ ਸ਼ੁਰੂ ਕੀਤਾ। ਤੇ ਹੁਣ ਵਿਆਹ ਦੇ ਦਸ ਸਾਲਾਂ ਬਾਅਦ ਵੀ ਨਾਸਿਰ ਉਹਦੇ ਬਾਰੇ ਸੋਚ ਕੇ ਮੁਸਕਾ ਉਠਦਾ ਸੀ। ਬਾਹਰ ਦੇ ਹਾਲਾਤ ਜਿੰਨੇ ਵੀ ਸਖ਼ਤ ਹੋਣ, ਨਾਸਿਰ ਦਾ ਘਰ ਉਹਦੇ ਲਈ ਕਿਸੇ ਜੰਨਤ ਤੋਂ ਘੱਟ ਨਹੀਂ ਸੀ। ਜਿਵੇਂ ਨਾਸਿਰ ਨੂੰ ਮਰੀਅਮ ਪਸੰਦ ਆਈ, ਮਰੀਅਮ ਦਾ ਦਿਲ ਵੀ ਨਾਸਿਰ ਨੂੰ ਵੇਖ ਕੇ ਧੜਕਦਾ ਸੀ। ਬਾਅਦ 'ਚ ਉਨ੍ਹਾਂ ਦੀ ਜ਼ਿੰਦਗੀ 'ਚ ਗੁੜੀਆ ਤੇ ਬਬਲੂ ਨੇ ਉਨ੍ਹਾਂ ਦੇ ਘਰ ਨੂੰ ਪੂਰਾ ਕਰ ਦਿੱਤਾ ਸੀ। ਨਾਸਿਰ ਬਾਹਰਲੀ ਦੁਨੀਆ ਲਈ ਤੀਜੇ ਦਰਜੇ ਦਾ ਸ਼ਹਿਰੀ ਸਹੀ, ਪਰ ਆਪਣੇ ਘਰ 'ਚ ਉਹ ਮਰੀਅਮ ਦਾ ਮਹਿਬੂਬ ਤੇ ਆਪਣੇ ਬੱਚਿਆਂ ਦਾ ਹੀਰੋ ਸੀ। ਤੇ ਉਹ ਕਦੀ ਬਾਹਰ ਦੀਆਂ ਪ੍ਰੇਸ਼ਾਨੀਆਂ ਤੇ ਬੇਇੱਜ਼ਤੀ ਦਾ ਅਹਿਸਾਸ ਘਰ ਨਹੀਂ ਸੀ ਲੈ ਕੇ ਗਿਆ। ਉਹ ਆਪਣੇ ਬੱਚਿਆਂ ਨੂੰ ਕਦੀ ਵੀ ਕਿਸੇ ਤੋਂ ਘੱਟ ਹੋਣ ਦਾ ਅਹਿਸਾਸ ਨਹੀਂ ਸੀ ਦਿਵਾਉਣਾ ਚਾਹੁੰਦਾ। ਇਸੇ ਕਰ ਕੇ ਬੱਚਿਆਂ ਨੂੰ ਔਖਾ ਹੋ ਕੇ ਕਾਨਵੈਂਟ ਸਕੂਲ 'ਚ ਪੜ੍ਹਾ ਵੀ ਰਿਹਾ ਸੀ। ਉਹ ਜਿੰਨਾ ਵੀ ਥੱਕਿਆ ਹੁੰਦਾ, ਘਰ ਜਾਣ ਤੋਂ ਪਹਿਲਾਂ ਸਾਹ ਲੈ ਕੇ, ਆਪਣੇ ਆਪ ਨੂੰ ਦੁਬਾਰਾ ਤੋਂ ਤਾਜ਼ਾ ਕਰ ਹੀ ਘਰ ਵੜਦਾ ਸੀ।

ਘਰ ਮੂਹਰੇ ਅੱਪੜ ਅਜੇ ਉਹਨੇ ਬੂਹਾ ਵੀ ਨਹੀਂ ਸੀ ਖੜਕਾਇਆ ਕਿ ਬਬਲੂ ਭੱਜਦਾ ਹੋਇਆ ਕੁੰਡੀ ਖੋਲ੍ਹਣ ਆ ਗਿਆ।

"ਪਾਪਾ ਆ ਗਏ... ਪਾਪਾ ਆ ਗਏ!" ਉਹ ਖ਼ੁਸ਼ੀ ਨਾਲ਼ ਛਾਲਾਂ ਮਾਰ-ਮਾਰ ਕਹਿ ਰਿਹਾ ਸੀ।

ਨਾਸਿਰ ਨੇ ਸਾਈਕਲ ਘਰ ਦੀ ਕੰਧ ਨਾਲ਼ ਲਾ ਕੇ ਖੜ੍ਹਾ ਕੀਤਾ ਤੇ ਗੋਡਿਆਂ ਤੇ ਹੋ ਕੇ ਬਬਲੂ ਨੂੰ ਜੱਫੀ ਪਾ ਲਈ।

"ਕਿੱਦਾਂ ਏ ਮੇਰਾ ਸ਼ੇਰ ਜਵਾਨ?...ਸਕੂਲ ਕਿਵੇਂ ਰਿਹਾ?" ਉਹਨੇ ਬਬਲੂ ਨੂੰ ਪੁੱਛਦੇ ਹੋਏ ਸਾਹਿਬ ਘਰੋਂ ਲਿਆਂਦੇ ਰੋਟੀ ਦੇ ਸ਼ਾਪਰ ਮਰੀਅਮ ਵੱਲ ਨੂੰ ਵਧਾਏ, ਜੋ ਕੋਲ਼ ਆ ਕੇ ਖੜ ਗਈ ਸੀ।

"ਪਾਪਾ ਮੇਰਾ ਦਿਨ ਤੇ ਬਹੁਤ ਵਧੀਆ ਸੀ, ਪਰ ਆਪੀ ਅੱਜ ਬਹੁਤ ਰੋਈ?"

"ਕਿਉਂ?... ਕੀ ਹੋ ਗਿਆ?" ਉਸ ਪ੍ਰੇਸ਼ਾਨ ਹੋ ਕੇ ਬਬਲੂ ਨੂੰ ਪਾਸੇ ਕੀਤਾ ਤੇ ਗੁੜੀਆ ਨੂੰ ਲੱਭਣ ਲਈ ਘਰ ਦੇ ਇਕਲੌਤੇ ਕਮਰੇ ਨੂੰ ਗਿਆ।

ਮਰੀਅਮ ਨੇ ਅੱਖਾਂ-ਅੱਖਾਂ 'ਚ ਬਬਲੂ ਨੂੰ ਘੂਰ ਕੇ ਵੇਖਿਆ ਤੇ ਚੁੱਪ ਰਹਿਣ ਦਾ ਇਸ਼ਾਰਾ ਕਰਦੇ ਹੋਏ, ਨਾਸਿਰ ਦੇ ਪਿੱਛੇ ਕਮਰੇ ਵੱਲ ਨੂੰ ਟੁਰ ਪਈ।

ਕਮਰੇ 'ਚ ਨਾਸਿਰ ਗੁੜੀਆ ਨੂੰ ਪੁੱਛ ਰਿਹਾ ਸੀ, "ਕੀ ਹੋਇਆ, ਕੀ ਗੱਲ ਏ? ਅੱਜ ਸਕੂਲੇ ਤੂੰ ਰੋਈ ਕਿਉਂ ਸੈਂ?"

ਗੁੜੀਆ ਨੇ ਪ੍ਰੇਸ਼ਾਨ ਹੋ ਕੇ ਮਾਂ ਵੱਲ ਵੇਖਿਆ ਪਰ ਨਾਸਿਰ ਨੇ ਫਿਰ ਉਹਦਾ ਧਿਆਨ ਆਪਣੇ ਵੱਲ ਕਰਦਿਆਂ ਦੁਬਾਰਾ ਉਹਨੂੰ ਪੁੱਛਿਆ, "ਕੀ ਗੱਲ ਹੋਈ ਸੀ ਗੁੜੀਆ? ਦੱਸ ਮੈਨੂੰ!"

ਗੁੜੀਆ ਨੇ ਝਕਦੇ ਹੋਏ ਅੱਖਾਂ ਨੀਵੀਂਆਂ ਪਾ ਕੇ ਦੱਸਿਆ ਕਿ ਕਿੰਜ ਉਹਦੀ ਨਵੀਂ ਬਣੀ ਸਹੇਲੀ ਨੇ ਅੱਜ ਉਹਦੇ ਨਾਲ਼ ਬੈਠਣ ਤੋਂ ਇਨਕਾਰ ਕਰ ਦਿੱਤਾ, ਕਿਉਂਜੇ ਉਹਨੂੰ ਕਲਾਸ ਦੀਆਂ ਬਾਕੀ ਕੁੜੀਆਂ ਨੇ ਦੱਸ ਦਿੱਤਾ ਸੀ ਕਿ ਗੁੜੀਆ ਈਸਾਇਨ ਹੈ।

ਨਾਸਿਰ ਇਹ ਗੱਲ ਸੁਣ ਕੇ ਚੁੱਪ ਦਾ ਚੁੱਪ ਰਹਿ ਗਿਆ।

ਉਹਨੇ ਔਖਿਆਂ ਹੋ ਕੇ ਗੁੜੀਆ ਨੂੰ ਕਾਨਵੈਂਟ ਘੱਲਿਆ ਸੀ। ਉਹਦਾ ਖ਼ਿਆਲ ਸੀ ਕਿ ਉੱਥੇ ਕਦੀ ਉਹਦੇ ਬੱਚਿਆਂ ਨੂੰ ਇਸ ਛੂਤ–ਛਾਤ ਦਾ ਸਾਮ੍ਹਣਾ ਨਹੀਂ ਕਰਨਾ ਪਵੇਗਾ, ਜਿਸ ਨਾਲ਼ ਹਰ ਦੂਜੇ ਤੀਜੇ ਦਿਹਾੜੇ ਉਹਨੂੰ ਵਾਹ ਪੈਂਦਾ ਸੀ। ਪਰ ਉਹ ਇਹ ਗੱਲ ਭੁੱਲ ਗਿਆ ਕਿ ਸਕੂਲ ਦੀਆਂ ਬਹੁਤੀਆਂ ਉਸਤਾਨੀਆਂ ਤੇ ਬੱਚੀਆਂ ਉਸੇ ਥਾਂ ਤੋਂ ਆਉਂਦੀਆਂ, ਜਿੱਥੇ ਨਾ–ਨਾ ਕਰਨ ਦੇ ਬਾਵਜੂਦ ਛੂਤ–ਛਾਤ ਰਿਵਾਜ 'ਚ ਰਚੀ ਵਸੀ ਹੈ।

ਗੁੜੀਆ ਇਹ ਗੱਲ ਦੱਸਣ ਤੋਂ ਬਾਅਦ ਇੰਝ ਸ਼ਰਮਿੰਦਾ ਜਿਹੀ ਖੜ੍ਹੀ ਸੀ ਜਿਵੇਂ ਉਹਨੂੰ ਈਸਾਇਨ ਕਹੇ ਜਾਣ 'ਚ, ਕਸੂਰ ਕਹਿਣ ਵਾਲੀ ਦਾ ਨਹੀਂ, ਸਗੋਂ ਉਹਦਾ ਆਪਣਾ ਹੋਵੇ। ਨਾਸਿਰ ਨੇ ਟੁੱਟੀ ਜਿਹੀ ਅਵਾਜ਼ 'ਚ ਉਹਨੂੰ ਤਸੱਲੀ ਦਿੰਦੇ ਹੋਏ ਕਿਹਾ:

"ਕੋਈ ਗੱਲ ਨਹੀਂ। ਕੱਲ੍ਹ ਤੇਰੀ ਉਸਤਾਨੀ ਨਾਲ਼ ਗੱਲ ਕਰਾਂਗੇ। ਫ਼ਿਰ ਉਹ ਬਾਕੀ ਕੁੜੀਆਂ ਨੂੰ ਝਾੜੇਗੀ ਤੇ ਕੋਈ ਮੁੜ ਕੇ ਤੈਨੂੰ ਇਹੋ ਜਿਹੀ ਗੱਲ ਨਹੀਂ ਕਹੇਗਾ।"

"ਨਹੀਂ ਪਾਪਾ! ਕੋਈ ਗੱਲ ਨਹੀਂ...ਉਂਜ ਵੀ ਮੈਂ ਹੁਣ ਆਪ ਵੀ ਉਸ ਕੁੜੀ ਨਾਲ਼ ਦੋਸਤੀ ਨਹੀਂ ਰੱਖਣੀ।" ਗੁੜੀਆ ਛੇਤੀ ਨਾਲ਼ ਬੋਲੀ। ਉਮਰ ਭਾਵੇਂ ਉਹਦੀ ਨੌਂ ਸਾਲ ਸੀ ਪਰ ਸਕੂਲ ਦੇ ਚਾਰ ਸਾਲਾਂ 'ਚ ਉਹ ਇਹ ਗੱਲ ਚੰਗੀ ਤਰ੍ਹਾਂ ਸਮਝ ਚੁੱਕੀ ਸੀ ਕਿ ਸਿਰਫ਼ ਕੁੜੀਆਂ ਹੀ ਨਹੀਂ, ਈਸਾਈ ਬੱਚਿਆਂ ਨਾਲ਼ ਫ਼ਰਕ ਉਸਤਾਨੀਆਂ ਵੀ ਕਰ ਜਾਂਦੀਆਂ ਹਨ। ਇੱਥੋਂ ਤੀਕ ਕਿ ਪੜ੍ਹਾਈ ਦੇ ਵਿਚ ਹੋਣ ਵਾਲੀ ਕਿਸੇ ਵਾਧੀ–ਘਾਟੀ ਨੂੰ ਵੀ, ਉਨ੍ਹਾਂ ਦੇ ਮਜ਼੍ਹਬ ਨਾਲ਼ ਜੋੜ ਦਿੱਤਾ ਜਾਂਦਾ ਕਿ ਇਹ ਬੱਚੇ ਤਾਂ ਹੁੰਦੇ ਹੀ ਨਿਕੰਮੇ ਹਨ। ਹਾਲਾਂ ਜੇ ਇਹਦੀ ਵਜ੍ਹਾ ਸਿਰਫ਼ ਇਹ ਸੀ ਕਿ ਵਧੇਰੇ ਬੱਚਿਆਂ ਦੇ ਮਾਪੇ ਪੜ੍ਹੇ–ਲਿਖੇ ਨਹੀਂ ਸਨ। ਉਨ੍ਹਾਂ ਨੂੰ ਤੇ ਹੋਮ–ਵਰਕ ਕਰਨ 'ਚ ਕੋਈ ਮੁਸ਼ਕਿਲ ਆਉਂਦੀ ਤਾਂ ਘਰੀਂ ਅਜਿਹਾ ਕੋਈ ਨਹੀਂ ਸੀ ਹੁੰਦਾ ਜਿਹਦੇ ਤੋਂ ਉਹ ਪੁੱਛ ਸਕਣ, ਪੜ੍ਹਾਈ 'ਚ ਕੋਈ ਮਦਦ ਲੈ ਸਕਣ।

ਉਹ ਪਹਿਲਾਂ ਹੀ ਆਪਣੀ ਦੋਸਤ ਵਾਲੀ ਗੱਲ ਦੱਸਣ ਕਰਕੇ ਸ਼ਰਮਿੰਦਾ ਸੀ, ਹੁਣ ਇਸ ਬਾਰੇ ਗੱਲ ਕਰ ਕੇ ਆਪਣੇ ਪਾਪਾ ਨੂੰ ਹੋਰ ਪ੍ਰੇਸ਼ਾਨ ਨਹੀਂ ਸੀ ਕਰਨਾ ਚਾਹੁੰਦੀ, ਨਾਲੇ ਇਹ ਵੀ ਡਰ ਕਿ ਜੇ ਪਾਪਾ ਸਕੂਲ ਗਏ ਤਾਂ ਕਿਤੇ ਟੀਚਰ ਘਰ ਸ਼ਿਕਾਇਤ ਲਾਣ 'ਤੇ ਉਹਨੂੰ ਈ ਨਾ ਡਾਂਟਣ। ਸੋ ਉਹਨੇ ਆਪਣੇ ਪਾਪਾ ਨੂੰ ਸਕੂਲ ਆਉਣੋਂ ਰੋਕਣ ਦੀ ਕੋਸ਼ਿਸ਼ ਕੀਤੀ।

ਮਰੀਅਮ ਵੀ ਇਸ ਗੱਲ ਨੂੰ ਛੇਤੀ ਤੋਂ ਛੇਤੀ ਰਫ਼ਾ–ਦਫ਼ਾ ਕਰਨਾ ਚਾਹੁੰਦੀ ਸੀ, ਇਸ ਲਈ ਉਹਨੇ ਵੀ ਧੀ ਦੀ ਮਦਦ ਨੂੰ ਅਗਾਂਹ ਵਧਦੇ ਹੋਏ ਕਿਹਾ:

"ਤੁਸੀਂ ਵੀ ਨਾਂ ਕਿਸੇ ਗੱਲ ਦੇ ਪਿੱਛੇ ਹੀ ਪੈ ਜਾਂਦੇ ਹੋ, ਹੁਣ ਨਿਆਣਿਆਂ ਦੀ ਲੜਾਈ ਪਿੱਛੇ ਸਕੂਲ ਜਾਓਗੇ। ਨਿਆਣੇ ਤੇ ਲੜਾਈ 'ਚ ਇੰਜ ਦੀਆਂ ਗੱਲਾਂ ਕਰ ਹੀ ਦਿੰਦੇ। ਕੱਲ੍ਹ ਨੂੰ ਦੋਹੇਂ ਕੁੜੀਆਂ ਨੇ ਫਿਰ ਲੜਾਈ ਭੁੱਲ ਕੇ ਇੱਕੋ ਜਿਹੇ ਹੋਏ ਹੋਣਾ ਤੇ ਤੁਸੀਂ ਐਵੇਂ ਸ਼ਿਕਾਇਤ ਲਾਉਂਦੇ ਰਹਿ ਜਾਣਾ।

ਨਾਲੇ ਸੱਚ, ਸ਼ਾਪਰ 'ਚੋਂ ਬਹੁਤ ਹੀ ਵਧੀਆ ਖ਼ੁਸ਼ਬੂ ਆ ਰਹੀ ਸੀ। ਲਗਦਾ ਸਾਲ–ਗਿਰ੍ਹਾ ਤੇ

ਚੰਗੇ ਖਾਣੇ ਪੱਕੇ ਹੋਏ ਸਨ।"

ਨਾਸਿਰ ਦੁਪਹਿਰ ਵੇਲੇ ਹੀ ਮਰੀਅਮ ਨੂੰ ਫ਼ੋਨ ਕਰ ਕੇ ਦੱਸ ਚੁੱਕਿਆ ਸੀ ਕਿ ਅੱਜ ਉਹਨੂੰ ਘਰ ਆਉਣ ਨੂੰ ਦੇਰ ਹੋ ਜਾਣੀ। ਉਹ ਸਾਹਿਬ ਦੀ ਧੀ ਦੀ ਸਾਲ-ਗਿਰ੍ਹਾ ਦੇ ਪ੍ਰਬੰਧ ਕਰਾਉਣ ਲਈ ਉਨ੍ਹਾਂ ਦੇ ਘਰ ਆਇਆ ਹੋਇਆ, ਇਸ ਲਈ ਉਹਨੂੰ ਅੰਦਾਜ਼ਾ ਸੀ ਕਿ ਸ਼ਾਪਰ 'ਚ ਖਾਣਾ ਹੋਣਾ। ਫਿਰ ਉਹ ਗੜੀਆ ਵੱਲ ਮੂੰਹ ਕਰ ਕੇ ਬੋਲੀ, "ਤੂੰ ਵੀ ਛੇਤੀ ਦੇਣੀ ਮੂੰਹ ਧੋ ਕੇ ਆ ਜ਼ਰਾ। ਮੈਨੂੰ ਲਗਦਾ ਤੇਰੀ ਪਸੰਦ ਦੀ ਬਰਿਆਨੀ ਵੀ ਹੈ।"

ਮਰੀਅਮ ਕਹਿ ਕੇ ਕਿਚਨ ਵੱਲ ਨੂੰ ਖਾਣਾ ਤੇ ਬਰਤਨ ਲੈਣ ਚਲੀ ਗਈ, ਜਦ ਕਿ ਨਾਸਿਰ ਨਲ਼ਕਾ ਗੇੜ ਕੇ ਗੁੜੀਆ ਦੇ ਹੱਥ ਮੂੰਹ ਧੋਣ 'ਚ ਉਹਦੀ ਮਦਦ ਕਰਨ ਲੱਗ ਗਿਆ।

ਸਾਰੇ ਰੋਟੀ ਖਾਣ ਲਈ ਬੈਠੇ ਤੇ ਬੱਚੇ ਰੰਗ-ਰੰਗ ਦੇ ਪਕਵਾਨ ਵੇਖ ਕੇ ਬਹੁਤ ਖ਼ੁਸ਼ ਹੋਏ। ਖਾਣਾ ਚੋਖਾ ਬਚ ਗਿਆ ਸੀ, ਇਸੇ ਲਈ ਸਾਹਿਬ ਦੀ ਬੇਗਮ ਨੇ ਕਾਫ਼ੀ ਖੁੱਲ੍ਹੇ ਹੱਥ ਨਾਲ਼ ਸਾਰੀਆਂ ਚੀਜ਼ਾਂ ਪਾ ਕੇ ਦਿੱਤੀਆਂ ਹੋਈਆਂ ਸਨ।

"ਪਾਪਾ ਜਦ ਵੀ ਤੁਹਾਡੇ ਸਾਹਿਬ ਦੇ ਘਰ ਕੋਈ ਦਾਅਵਤ ਹੁੰਦੀ, ਉਹ ਸਾਰੇ ਕੰਮਾਂ ਲਈ ਤੁਹਾਨੂੰ ਹੀ ਕਿਉਂ ਕਹਿੰਦੇ?" ਬਬਲੂ ਪੁੱਛ ਲਿਆ।

ਨਾਸਿਰ ਦੇ ਕੁੱਝ ਬੋਲਣ ਤੋਂ ਪਹਿਲਾਂ ਮਰੀਅਮ ਫ਼ਖ਼ਰ ਨਾਲ਼ ਨਾਸਿਰ ਵੱਲ ਵੇਖਦੇ ਹੋਏ ਕਹਿਣ ਲੱਗੀ: "ਤੇਰੇ ਪਾਪਾ ਸਾਰਾ ਕੰਮ ਚੰਗੇ ਤਰੀਕੇ ਨਾਲ਼ ਸਾਂਭ ਜੁ ਲੈਂਦੇ, ਫਿਰ ਇਮਾਨਦਾਰ ਨੇਂ, ਕਿਸੇ ਕੰਮ ਚ ਇੱਕ ਆਨੇ ਦੀ ਵਾਧ-ਘਾਟ ਨਹੀਂ ਕਰਦੇ। ਉੱਪਰੋਂ ਕੰਮ ਬੇਗਾਨਾ ਨਹੀਂ, ਆਪਣਾ ਸਮਝ ਕੇ ਪੂਰੀ ਨੀਯਤ ਨਾਲ਼ ਕਰਦੇ। ਇਸੇ ਲਈ ਤੇ ਸਾਰੇ ਸਾਹਿਬ ਕੰਮ ਦੇ ਮਾਮਲੇ 'ਚ ਤੇਰੇ ਪਾਪਾ 'ਤੇ ਇਤਬਾਰ ਕਰਦੇ।"

ਬਬਲੂ ਨੇ ਅੱਖਾਂ 'ਚ ਮਾਣ ਭਰ ਕੇ ਆਪਣੇ ਪਾਪਾ ਵੱਲ ਵੇਖਿਆ ਤੇ ਪੁੱਛਿਆ:

"ਹੈਂ ਪਾਪਾ?..."

"ਜੀ ਪੁੱਤਰ ਜੀ!" ਨਾਸਿਰ ਨੇ ਜਵਾਬ 'ਚ ਕਿਹਾ। ਬੀਵੀ ਦੀ ਗੱਲ ਸੁਣ ਤੇ ਪੁੱਤ ਦੀਆਂ ਮਾਣ ਨਾਲ਼ ਚਮਕਦੀਆਂ ਅੱਖਾਂ ਵੇਖ, ਉਹਨੂੰ ਆਪਣਾ ਆਪ ਮੋਅਤਬਰ ਜਿਹਾ ਲੱਗਣ ਲੱਗ ਪਿਆ। ਦੁਨੀਆ ਲਈ ਉਹ ਜੋ ਮਰਜ਼ੀ ਸਹੀ, ਆਪਣੇ ਘਰ ਵਾਲਿਆਂ ਲਈ ਉਹ ਹੀਰੋ ਸੀ।

ਅਗਲੇ ਦਿਨ ਉਹ ਉੱਠਿਆ ਤਾਂ ਅਸਮਾਨ ਬੱਦਲਾਂ ਨਾਲ਼ ਭਰਿਆ ਹੋਇਆ ਸੀ। ਮਰੀਅਮ ਨੇ ਘਰੋਂ ਨਿਕਲਣ ਲੱਗੇ ਉਹਨੂੰ ਛਤਰੀ ਫੜਾਈ।

"ਛਤਰੀ ਮੈਨੂੰ ਦੇਈ ਜਾਂਦੀ ਏਂ, ਆਪ ਤੂੰ ਕੀ ਲੈ ਕੇ ਜਾਏਂਗੀ।" ਮਰੀਅਮ ਇਲਾਕੇ ਦੀ ਸਰਕਾਰੀ ਡਿਸਪੈਂਸਰੀ 'ਚ ਨਰਸ ਸੀ। ਘਰੀਂ ਛਤਰੀ ਇੱਕੋ ਸੀ, ਇਸ ਲਈ ਉਹਨੇ ਪੁੱਛ ਲਿਆ।

"ਲੈ... ਇਹ ਦੋ ਪੈਰਾਂ ਤੇ ਡਿਸਪੈਂਸਰੀ ਏ। ਜੇ ਮੀਂਹ ਆਇਆ ਤੇ ਮੈਂ ਮਿੰਟ 'ਚ ਘਰ ਆ ਜਾਣਾ। ਨਹੀਂ ਤੇ ਜੇ ਤੁਸੀਂ ਪਹਿਲੇ ਆ ਗਏ ਤਾਂ ਮੈਨੂੰ ਲੈਣ ਆ ਜਾਇਓ।" ਮਰੀਅਮ ਨੇ ਆਖਦਿਆਂ ਉਹਨੂੰ ਜ਼ਬਰਦਸਤੀ ਛਤਰੀ ਫੜਾ ਦਿੱਤੀ।

ਬੱਚੇ ਪਹਿਲਾਂ ਹੀ ਸਕੂਲ ਜਾ ਚੁੱਕੇ ਸਨ। ਨਾਸਿਰ ਤੇ ਮਰੀਅਮ ਇਕੱਠੇ ਘਰੋਂ ਨਿਕਲੇ ਤੇ ਆਪਣੇ-ਆਪਣੇ ਕੰਮ ਦੀ ਥਾਂ ਵੱਲ ਟੁਰ ਪਏ।

ਬੱਦਲ਼ ਕਾਲੇ ਤੋਂ ਕਾਲੇ ਹੁੰਦੇ ਗਏ। ਮਰੀਅਮ ਡਾਕਟਰਨੀ ਦੇ ਉੱਠਣ ਦੇ ਇੰਤਜ਼ਾਰ 'ਚ ਸੀ ਕਿ ਮੈਡਮ ਉੱਠ ਕੇ ਜਾਵੇ ਤੇ ਮੈਂ ਵੀ ਘਰ ਵੱਲ ਨੂੰ ਟੁਰਦੀ ਹੋਵਾਂ। ਡਾਕਟਰਨੀ ਬੱਸ ਆਪਣਾ ਪਰਸ,

ਮੋਬਾਇਲ ਚੁੱਕਦੀ ਤੇਜ਼ੀ ਨਾਲ਼ ਘਰ ਜਾਣ ਨੂੰ ਸੀ ਕਿ ਬਾਹਰੋਂ ਸ਼ੋਰ ਦੀ ਅਵਾਜ਼ ਆਈ। ਇਹ ਇੱਕ ਜ਼ਚਗੀ (ਡਿਲਿਵਰੀ) ਦਾ ਵਿਗੜਿਆ ਹੋਇਆ ਕੇਸ ਸੀ। ਡਾਕਟਰ ਸਾਹਿਬ ਬੀਬੀ ਨਾਲ਼ ਆਏ ਵਾਰਸਾਂ ਨੂੰ ਉਨ੍ਹਾਂ ਦੀ ਲਾਪਰਵਾਹੀ 'ਤੇ ਚਾਰ ਸੁਣਾਉਂਦੀ ਉਸ ਵੱਲ ਧਿਆਨ ਕਰਨ ਲੱਗ ਗਈ ਤੇ ਨਾਲ਼ ਹੀ ਉਹਨੇ ਮਰੀਅਮ ਨੂੰ ਲੇਬਰ ਰੂਮ ਤਿਆਰ ਕਰਨ ਦਾ ਕਿਹਾ। ਬਾਲ ਜੰਮਣ ਵਾਲੀ ਬੀਬੀ ਨੂੰ ਵੇਖਦੇ ਕਰਦਿਆਂ ਬਹੁਤ ਦੇਰ ਲੱਗ ਗਈ। ਡਾਕਟਰਨੀ ਤਾਂ ਕੇਸ ਕਰਾ ਕੇ ਆਪਣੀ ਕਾਰ 'ਚ ਬੈਠੀ ਤੇ ਉਹ ਗਈ, ਪਰ ਮਰੀਅਮ ਨੂੰ ਘੱਟੋ-ਘੱਟ ਅਗਲੇ ਦੋ ਘੰਟੇ ਤੀਕ ਬੀਬੀ ਨਾਲ਼ ਰਹਿਣ ਅਤੇ ਫਿਰ ਉਹਨੂੰ ਘਰ ਜਾਣ ਦੀ ਇਜਾਜ਼ਤ ਦੇਣ ਦਾ ਕਹਿ ਗਈ। ਮਰੀਅਮ ਨੂੰ ਮੌਸਮ ਦਾ ਹਾਲ ਵੇਖ ਕੇ ਬੱਚਿਆਂ ਦੀ ਵੀ ਫ਼ਿਕਰ ਹੋ ਰਹੀ ਸੀ, ਖ਼ੋਰੇ ਕਿਧਰੇ ਮੀਂਹ 'ਚ ਭਿੱਜ ਕੇ ਬਿਮਾਰ ਨਾ ਹੋ ਜਾਵਣ। ਗੁੜੀਆ ਤੇ ਸਮਝਦਾਰ ਸੀ ਪਰ ਬਬਲੂ ਟਿਕ ਕੇ ਬੈਠਣ ਵਾਲਿਆਂ 'ਚੋਂ ਨਹੀਂ ਸੀ। ਮਰੀਅਮ ਘਰ ਹੁੰਦੀ ਤੇ ਉਹਨੂੰ ਬਬਲੂ ਨੂੰ ਘਰ ਟਿੱਕਾ ਕੇ ਬਿਠਾਉਣਾ ਮੁਮਕਿਨ (ਸੰਭਵ) ਨਹੀਂ ਸੀ, ਗੁੜੀਆ ਦਾ ਤੇ ਉਹਨੇ ਉੱਕਾ ਕਹਿਣਾ ਨਹੀਂ ਸੀ ਮੰਨਣਾ।

ਉਹਨੇ ਨਾਸਿਰ ਨੂੰ ਫ਼ੋਨ ਕਰ ਕੇ ਸਾਰੀ ਗੱਲ ਦੱਸੀ ਤੇ ਛੇਤੀ ਘਰ ਪਹੁੰਚਣ ਲਈ ਆਖਿਆ। ਰੱਬ ਦੀ ਮਿਹਰ ਹੋਈ, ਮੌਸਮ ਦਾ ਹਾਲ ਵੇਖ ਨਾਸਿਰ ਦੇ ਦਫ਼ਤਰ 'ਚੋਂ ਸਾਰੇ ਹੀ ਛੇਤੀ ਖਿਸਕਣ ਲੱਗ ਪਏ। ਸਾਹਿਬ ਦੇ ਜਾਣ ਦੀ ਦੇਰ ਸੀ, ਉਹਨੇ ਚਾਚੇ ਚੌਕੀਦਾਰ ਨੂੰ ਘਰ ਬੱਚਿਆਂ ਦੇ ਇਕੱਲੇ ਹੋਣ ਦਾ ਦੱਸ ਕੇ ਪੁੱਛਿਆ: "ਚਾਚਾ ਜੀ ਕੀ ਮੈਂ ਛੇਤੀ ਚਲਾ ਜਾਵਾਂ? ਜੇ ਕਿਸੇ ਨੇ ਵਾਜ ਮਾਰੀ ਤਾਂ ਵੇਖ ਲੈਣਾ।"

ਆਪਣੇ ਮਜ਼੍ਹਬ ਵਾਲਾ ਤੁਹਾਡਾ ਦੁੱਖ ਸਮਝੇ ਨਾ ਸਮਝੇ... ਆਪਣੇ ਜਿਹੇ ਮਸਲਿਆਂ ਵਾਲਾ, ਆਪਣੀ ਜਿਹੀ ਗ਼ੁਰਬਤ ਤੇ ਭੁੱਖ ਵਾਲਾ, ਤੁਹਾਡੀ ਤਕਲੀਫ਼ ਜ਼ਰੂਰ ਸਮਝ ਜਾਂਦਾ। ਚਾਚੇ ਨੇ ਨਾਸਿਰ ਨੂੰ ਬੇਫ਼ਿਕਰ ਹੋ ਕੇ ਘਰ ਜਾ ਬੱਚਿਆਂ ਨੂੰ ਵੇਖਣ ਦਾ ਕਿਹਾ।

ਨਾਸਿਰ ਨੇ ਇੱਕ ਹੱਥ ਨਾਲ਼ ਛਤਰੀ ਸਿਰ 'ਤੇ ਤਾਣੀ ਤੇ ਦੂਜੇ ਹੱਥ ਨਾਲ਼ ਸਾਈਕਲ ਦਾ ਹੈਂਡਲ ਫੜ ਪੈਡਲ ਮਾਰਨੇ ਸ਼ੁਰੂ ਕਰ ਦਿੱਤੇ। ਆਪਣੀ ਕਾਲੋਨੀ ਪਹੁੰਚ ਕੇ ਉਹਨੇ ਘਰ ਵੱਲ ਜਾਵਣ ਦੀ ਥਾਂ ਡਿਸਪੈਂਸਰੀ ਵੱਲ ਨੂੰ ਸਾਈਕਲ ਮੋੜ ਲਿਆ। ਉਸ ਸੋਚਿਆ...'ਜੇ ਮਰੀਅਮ ਵਿਹਲੀ ਹੋਣ ਵਾਲੀ ਹੋਈ ਤਾਂ ਉਹਨੂੰ ਨਾਲ਼ ਲੈ ਕੇ ਹੀ ਘਰ ਚਲਾ ਜਾਊਂ। ਨਹੀਂ ਤੇ ਘੱਟੋ-ਘੱਟ ਉਹਨੂੰ ਛਤਰੀ ਹੀ ਦੇ ਜਾਊਂ। ਏਨੇ ਮੀਂਹ 'ਚ ਕਿੰਜ ਵਿਚਾਰੀ ਭੱਜਦੀ ਆਵੇਗੀ।

ਹਾਲੇ ਉਹ ਡਿਸਪੈਂਸਰੀ 'ਚ ਵੜਨ ਹੀ ਲੱਗਾ ਸੀ ਕਿ ਉਹਨੇ ਮਰੀਅਮ ਦੀ 'ਵਾਜ਼ ਸੁਣੀ। ਉਹ ਲੇਬਰ ਰੂਮ 'ਚ ਖੜੀ ਖ਼ੋਰੇ ਕਿਸ ਨੂੰ ਆਪਣਾ ਹੱਥ ਛੱਡਣ ਲਈ ਕਹਿ ਰਹੀ ਸੀ, ਨਾਲੇ ਧਮਕੀ ਦੇ ਰਹੀ ਸੀ ਕਿ ਜੇ ਮੇਰਾ ਹੱਥ ਨਾ ਛੱਡਿਆ ਤਾਂ ਮੈਂ ਰੌਲ਼ਾ ਪਾ ਦਿਆਂਗੀ।

ਸਾਹਮਣੇ ਵਾਲੇ ਨੇ ਕਿਹਾ, "ਮੈਂ ਕਿਹੜਾ ਤੈਨੂੰ ਮੂੰਹ 'ਚ ਪਾਣ ਲੱਗਾ ਵਾਂ, ਮਾੜਾ ਜਿਹਾ ਹੱਥ ਹੀ ਫੜਿਆ ਏ... ਏਨਾ ਗ਼ੁੱਸਾ ਕਿਉਂ ਕਰਦੀ ਏਂ?"

ਨਾਸਿਰ ਗ਼ੁੱਸੇ ਦਾ ਭਰਿਆ ਲੇਬਰ ਰੂਮ 'ਚ ਵੜਿਆ। ਇਹਦੇ ਤੋਂ ਪਹਿਲਾਂ ਕਿ ਉਹ ਗ਼ੁੱਸੇ ਨਾਲ਼ ਕੁੱਝ ਕਹਿੰਦਾ, ਮਰੀਅਮ ਕੋਲ਼ ਖਲੋਤਾ ਨਿੱਕਾ ਡਾਕਟਰ (ਡਿਸਪੈਂਸਰ) ਉਹਨੂੰ ਵੇਖ ਕੇ ਡਰਨ ਜਾਂ ਘਬਰਾਉਣ ਦੀ ਥਾਂ ਗ਼ੁੱਸੇ ਨਾਲ਼ ਬੋਲਿਆ: "ਓਏ ਤੂੰ ਇੱਥੇ ਕਿੱਥੇ ਵੜਿਆ ਆਉਂਦਾ ਏਂ?...ਇਹ ਲੇਬਰ ਰੂਮ ਏ, ਇੱਥੇ ਹਰ ਕੋਈ ਮੂੰਹ ਚੁੱਕ ਕੇ ਨਹੀਂ ਆ ਸਕਦਾ।"

"ਮੈਂ ਓਹ... ਮੈਂ ਮਰੀਅਮ ਦਾ ਘਰ ਵਾਲਾ ਹਾਂ ਜੀ...।" ਨਾਸਿਰ ਦੇ ਮੂੰਹੋਂ ਬੱਸ ਇਹ ਹੀ ਲਫ਼ਜ਼

ਨਿਕਲੇ ਸਨ।

"ਘਰ ਵਾਲਾ ਏਂ ਤੇ ਬਾਹਰ ਬੈਠ, ਇੱਥੇ ਕਿੱਥੇ ਵੜਿਆ ਆਉਂਦਾ ਏਂ?"

"ਸਰ ਜੀ ਤੁਸੀਂ?" ਨਾਸਿਰ ਨੇ ਬੋਲਣ ਦੀ ਕੋਸ਼ਿਸ਼ ਕੀਤੀ।

"ਕੀ ਮੈਂ? ਕੀ ਮੈਂ? "

ਡਿਸਪੈਂਸਰ ਫਿਰ ਗ਼ੁੱਸੇ ਨਾਲ਼ ਬੋਲਿਆ, "ਓਏ ਰਸ਼ੀਦ !" ਉਹਨੇ ਡਿਸਪੈਂਸਰੀ ਦੇ ਚੌਕੀਦਾਰ ਨੂੰ ਅਵਾਜ਼ ਦਿੱਤੀ, "ਕੱਢ ਇਹਨੂੰ ਬਾਹਰ !...ਤੇ ਮਰੀਅਮ ਤੂੰ ਲੇਬਰ ਰੂਮ ਸਾਫ਼ ਕਰ ਕੇ ਜਾਣਾ। ਸਮਝੀ ਏਂ।"

"ਨਾਸਿਰ ਤੂੰ ਬਾਹਰ ਬੈਠ, ਮੈਂ ਆਉਂਦੀ ਹਾਂ।" ਇਸ ਤੋਂ ਪਹਿਲਾਂ ਕਿ ਹੱਟਾ-ਕੱਟਾ ਰਸ਼ੀਦ ਨਾਸਿਰ ਨੂੰ ਹੱਥ ਲਾਉਂਦਾ, ਮਰੀਅਮ ਨੇ ਉਹਨੂੰ ਹੱਥ ਨਾਲ਼ ਪਰੇ ਹੋਣ ਦਾ ਇਸ਼ਾਰਾ ਕਰਦਿਆਂ ਨਾਸਿਰ ਨੂੰ ਆਖਿਆ।

"ਮਰੀਅਮ !..." ਨਾਸਿਰ ਦੇ ਮੂੰਹੋਂ ਬੱਸ ਇਹੋ ਹੀ ਨਿਕਲਿਆ।

"ਮੈਂ ਆਉਂਦੀ ਹਾਂ, ਤੂੰ ਬਾਹਰ ਚੱਲ।" ਮਰੀਅਮ ਆਪਣੇ ਬੰਦੇ ਨਾਲ਼ ਅੱਖ ਮਿਲਾਏ ਬਿਨਾ ਲੇਬਰ ਰੂਮ ਸਾਫ਼ ਕਰਨ ਲੱਗ ਪਈ।

ਵਾਪਸੀ ਦੇ ਸਫ਼ਰ 'ਚ ਦੋਹੇਂ ਚੁੱਪ-ਚਾਪ ਰਹੇ। ਕਿਸੇ ਨੇ ਵੀ ਇੱਕ ਲਫ਼ਜ਼ ਨਾ ਬੋਲਿਆ ਸੀ। ਰਾਤ ਨੂੰ ਨਾਸਿਰ ਨੇ ਬੱਸ ਏਨਾ ਕਿਹਾ ਕਿ ਕੱਲ੍ਹ ਤੋਂ ਤੂੰ ਨੌਕਰੀ 'ਤੇ ਨਾ ਜਾਈਂ।

"ਇਹ ਬੱਸ ਐਵੇਂ ਬਕਵਾਸ ਜਿਹੀ ਕਰਦੇ ਰਹਿੰਦੇ ਨੇਂ, ਤੂੰ ਦਿਲ ਤੇ ਨਾ ਲੈ, ਨਾ ਫ਼ਿਕਰ ਕਰ।" ਮਰੀਅਮ ਬੋਲੀ।

"ਮਰੀਅਮ ! ਮੈਂ ਕਿਹਾ ਕੱਲ੍ਹ ਤੋਂ, ਤੂੰ ਨਾ ਜਾਈਂ।" ਨਾਸਿਰ ਇਸ ਵਾਰ ਉੱਚੀ ਬੋਲਿਆ।

"ਮੈਂ ਨੌਕਰੀ ਛੱਡ ਦਿੱਤੀ ਤੇ ਘਰ ਦਾ ਖ਼ਰਚਾ ਤੇ ਇੱਕ ਪਾਸੇ, ਨਿਆਣਿਆਂ ਦੀਆਂ ਫ਼ੀਸਾਂ ਵੀ ਨਹੀਂ ਦੇ ਹੋਣੀਆਂ।" ਇਹ ਕਹਿ ਕੇ ਮਰੀਅਮ ਪਾਸਾ ਲੈ ਕੇ ਪੈ ਗਈ।

ਸਾਰੀ ਰਾਤ ਦੋਹੇਂ ਇੱਕ ਦੂਜੇ ਤੋਂ ਸ਼ਰਮਿੰਦਾ ਜਿਹੇ ਜਾਗਦੇ ਰਹੇ ਤੇ ਸਵੇਰੇ ਆਪਣੇ-ਆਪਣੇ ਕੰਮ ਤੇ ਟੁਰ ਗਏ।

ਉਸ ਦਿਨ ਤੋਂ ਬਾਅਦ ਨਾ ਕਦੀ ਮਰੀਅਮ ਇਸ ਵਾਕੇ (ਘਟਨਾ) ਜਾਂ ਅੱਗੋਂ ਆਪਣੇ ਨਾਲ਼ ਹੋਈ ਕਿਸੇ ਉੱਚ-ਨੀਚ ਬਾਰੇ ਕਦੀ ਕੋਈ ਗੱਲ ਕੀਤੀ ਨਾ ਨਾਸਿਰ ਨੇ ਪੁੱਛਿਆ, ਦੋਹੇਂ ਉੱਕਾ ਭੁੱਲ ਗਏ।

ਦਿਨ ਲੰਘਦੇ ਗਏ ਤੇ ਪਹਿਲੀ ਆ ਗਈ। ਹਰ ਪਹਿਲੀ ਨੂੰ ਨਾਸਿਰ ਤੇ ਮਰੀਅਮ ਬੱਚਿਆਂ ਨੂੰ ਲੈ ਕੇ ਕਾਲੋਨੀ ਦੇ ਕੋਲ਼ ਬਣੇ ਪਾਰਕ 'ਚ ਜਾਂਦੇ ਸਨ। ਬੱਚੇ ਝੂਲੇ ਵਗ਼ੈਰਾ ਲੈ ਲੈਂਦੇ ਤੇ ਉਹ ਮੀਆਂ ਬੀਵੀ ਘਾਹ ਤੇ ਬੈਠ ਕੇ ਗੱਲਾਂ ਕਰਦੇ, ਨੀਲਾ ਅਸਮਾਨ ਵੇਖਦੇ ਤੇ ਬੱਚਿਆਂ ਨੂੰ ਖ਼ੁਸ਼ ਤੇ ਖੇਡਦਾ ਵੇਖ ਕੇ ਆਪ ਵੀ ਖ਼ੁਸ਼ ਹੁੰਦੇ ਸਨ। ਫਿਰ ਉਹ ਪਾਰਕ ਦੇ ਬਾਹਰ ਖੜ੍ਹੇ ਰੇੜ੍ਹੀ ਵਾਲਿਆਂ ਤੋਂ ਗੋਲ ਗੱਪੇ, ਦਹੀਂ ਭੱਲੇ ਜਾਂ ਜੋ ਵੀ ਸ਼ੈ ਬੱਚੇ ਕਹਿੰਦੇ, ਉਹ ਲੈ ਕੇ ਖਾਂਦੇ ਤੇ ਘਰੀਂ ਮੁੜ ਆਉਂਦੇ। ਇਹ ਉਨ੍ਹਾਂ ਦੀ ਹਰ ਮਹੀਨੇ ਦੀ ਇਕਲੌਤੀ ਤਫ਼ਰੀਹ (ਮਨੋਰੰਜਣ) ਸੀ। ਇਸ ਵਾਰ ਵੀ ਉਹ ਬੱਚਿਆਂ ਨੂੰ ਲੈ ਕੇ ਪਾਰਕ ਆ ਗਏ। ਪਾਰਕ ਦਾ ਮਾਹੌਲ ਤੇ ਬੱਚਿਆਂ ਦੀ ਖ਼ੁਸ਼ੀ ਵੇਖ, ਮਰੀਅਮ ਤੇ ਨਾਸਿਰ ਦੇ ਵਿਚ ਉਸ ਮੀਂਹ ਵਾਲੇ ਦਿਨ ਤੋਂ ਆਈ ਚੁੱਪ ਵੀ ਹੌਲੀ-ਹੌਲੀ ਖੁਰਨ ਲੱਗ ਗਈ। ਬੱਚਿਆਂ ਨੇ ਜੀ ਭਰ ਕੇ ਝੂਟੇ ਲੈ ਲਏ ਤੇ ਉਹ ਬਾਹਰ ਸੜਕ ਤੇ ਕੁਝ ਖਾਣ ਲਈ ਆ ਗਏ। ਅੱਜ ਬੱਚਿਆਂ ਨੇ ਦਹੀਂ ਭੱਲਿਆਂ ਦੀ

ਫ਼ਰਮਾਇਸ਼ ਕੀਤੀ ਸੀ। ਬੱਚੇ ਤੇ ਮਰੀਅਮ ਰੇੜ੍ਹੀ ਪਿੱਛੇ ਘਾਹ ਤੇ ਲੱਗੀਆਂ ਕੁਰਸੀਆਂ 'ਤੇ ਬੈਠ ਗਏ ਤੇ ਨਾਸਿਰ ਰੇੜ੍ਹੀ ਵਾਲੇ ਕੋਲ਼ ਖੜ੍ਹਾ ਦਹੀਂ ਭੱਲਿਆਂ ਦੀਆਂ ਪਲੇਟਾਂ ਬਣਵਾ ਰਿਹਾ ਸੀ ਕਿ ਉਹਦੇ ਕੋਲ਼ ਇੱਕ ਕਾਰ ਆ ਕੇ ਰੁਕੀ। ਕਾਰ ਉਨ੍ਹਾਂ ਦੀ ਕਾਲੋਨੀ ਦੇ ਨਾਲ਼ ਲਗਦੀ ਕੰਧ ਵਾਲੇ ਟਾਊਨ ਦੇ ਮਲਿਕ ਸਾਹਿਬ ਦੀ ਸੀ। ਮਲਿਕ ਸਾਹਿਬ ਇਲਾਕੇ ਦੇ ਸਭ ਤੋਂ ਅੱਥਰੇ ਅਤੇ ਉੱਚੀ ਪਹੁੰਚ ਵਾਲੇ ਬੰਦੇ ਸਨ।

ਕਾਰ ਰੋਕਦੇ ਮਲਿਕ ਸਾਹਿਬ ਨੇ ਸ਼ੀਸ਼ਾ ਨੀਵਾਂ ਕਰ ਕੇ ਗ਼ੁੱਸੇ ਨਾਲ਼ ਨਾਸਿਰ ਨੂੰ ਅਵਾਜ਼ ਦਿੱਤੀ।

"ਨਾਸਿਰ ਓ ਨਾਸਿਰ!"

ਨਾਸਿਰ "ਜੀ ਮਲਿਕ ਸਾਹਿਬ" ਕਹਿੰਦੇ ਹੋਏ ਉਨ੍ਹਾਂ ਦੇ ਨੀਵੇਂ ਹੋਏ ਸ਼ੀਸ਼ੇ ਕੋਲ਼ ਨੱਸਿਆ ਗਿਆ।

"ਕੀ ਗੱਲ ਏ, ਅੱਜ ਕੱਲ੍ਹ ਤੈਨੂੰ ਬੜੀ ਆਕੜ ਆ ਗਈ ਏ।" ਮਲਿਕ ਸਾਹਿਬ ਗ਼ੁੱਸੇ ਨਾਲ਼ ਬੋਲੇ।

"ਨਹੀਂ ਮਲਿਕ ਸਾਹਿਬ!" ਉਹ ਫ਼ੌਰਨ ਮੀਸਣੀ ਸੂਰਤ ਬਣਾ, ਜੀ ਹਜ਼ੂਰੀ ਵਾਲੀ ਅਵਾਜ਼ 'ਚ ਬੋਲਿਆ, "ਮੈਂ ਕਿੱਥੇ ਤੇ ਆਕੜ ਕਿੱਥੇ?"

"ਤੇ ਫ਼ਿਰ ਦੋ ਦਿਨ ਹੋ ਗਏ ਤੈਨੂੰ ਸੁਨੇਹਾ ਘੱਲੇ ਹੋਏ। ਤੂੰ ਆਇਆ ਕਿਉਂ ਨਹੀਂ?"

"ਓਹ ਮਲਿਕ ਸਾਹਿਬ ਦੋ ਦਿਨ ਨਹੀਂ, ਮੈਨੂੰ ਕੱਲ੍ਹ ਹੀ ਫ਼ੀਕੇ ਨੇ ਦੱਸਿਆ। ਤੇ ਉਸ ਵੇਲੇ ਮੈਂ ਦਫ਼ਤਰੋਂ ਆਇਆ ਸੀ, ਬੜਾ ਹੀ ਥੱਕਿਆ ਹੋਇਆ ਸਾਂ। ਮੈਂ ਸੋਚਿਆ ਤੁਸੀਂ ਐਤਵਾਰ ਨੂੰ ਹੋਣ ਵਾਲੇ ਜਲਸੇ 'ਚ ਕੰਮ-ਕਾਰ ਲਈ ਸੱਦਿਆ ਹੋਣਾ, ਸੋ ਐਤਵਾਰ ਨੂੰ ਹੀ ਆ ਜਾਵਾਂ।"

"ਅੱਛਾ ਲਾਟ ਸਾਹਿਬ! ਹੁਣ ਤੋਂ ਸਾਰਾ ਕੁੱਝ ਆਪੋ-ਆਪ ਹੀ ਸੋਚਣ ਲੱਗ ਗਿਆ ਏਂ।"

"ਕਿਉਂ ਨਾ ਮਲਿਕ ਸਾਹਿਬ ਇਹਦੀ ਤਬੀਅਤ ਇੱਕ ਵਾਰ ਸਿੱਧੀ ਕਰ ਦੇਈਏ।" ਮਲਿਕ ਦਾ ਗਾਰਡ ਗੱਡੀ ਤੋਂ ਉੱਤਰਦੇ ਹੋਏ ਬੋਲਿਆ।

"ਓਏ ਛੰਮੇ ਨਹੀਂ, ਜਾਂਦੀ ਕਰ, ਚੰਗਾ ਬੰਦਾ ਏ ਨਾਸਿਰ।" ਮਲਿਕ ਸਾਹਿਬ ਹੱਸਦੇ ਹੋਏ ਬੋਲੇ।

ਪਰ ਉਨ੍ਹਾਂ ਦੇ ਗਾਰਡ ਨੇ ਫ਼ਿਰ ਵੀ ਮਜ਼ਾਕ 'ਚ ਘਸੁੰਨ ਨਾਸਿਰ ਵੱਲ ਚੁੱਕਦੇ ਹੋਏ ਉਹਦੀ ਬਾਂਹ ਫੜ ਲਈ।

ਦੂਰ ਬੈਠੇ ਬਬਲੂ ਨੂੰ ਇਸ ਮਜ਼ਾਕ ਦੀ ਸਮਝ ਨਹੀਂ ਆਈ ਤੇ ਉਹ ਰੋਂਦਾ ਹੋਇਆ ਨੱਸਿਆ ਆਇਆ ਤੇ ਕਹਿਣ ਲੱਗਿਆ:

"ਅੰਕਲ ਮੇਰੇ ਪਾਪਾ ਨੂੰ ਨਾ ਮਾਰਿਓ
ਅੰਕਲ ਮੇਰੇ ਪਾਪਾ ਨੂੰ ਨਾ ਮਾਰਿਓ।"

"ਅੱਛਾ ਤੂੰ ਕਹਿੰਦਾ ਏਂ ਤੇ ਨਹੀਂ ਮਾਰਦਾ।" ਗਾਰਡ ਹੱਸਦਾ ਹੋਇਆ ਨਾਸਿਰ ਦੀ ਬਾਂਹ ਛੱਡ ਕੇ ਕਾਰ 'ਚ ਬੈਠ ਗਿਆ।

ਨਾਸਿਰ ਆਪਣੀਆਂ ਲੱਤਾਂ ਨਾਲ਼ ਚੰਬੜੇ ਡਰੇ ਸਹਿਮੇ ਬਬਲੂ ਨੂੰ ਚੁੱਕਣ ਲਈ ਨੀਵਾਂ ਹੋਇਆ ਪਰ ਉਹਦੀਆਂ ਅੱਖਾਂ 'ਚੋਂ ਡੁੱਲ੍ਹਦੇ ਡਰ ਤੇ ਕੰਬਦੇ ਬੁੱਲ੍ਹਾਂ 'ਤੇ "ਮੇਰੇ ਪਾਪਾ ਨੂੰ ਨਾ ਮਾਰਿਓ" ਸੁਣਨ ਕੇ ਹੌਸਲਾ ਹਾਰ ਬੈਠਾ, ਤੇ ਫ਼ੁੱਟ-ਪਾਥ ਤੇ ਬੈਠ ਕੇ ਰੌਣ ਲੱਗ ਪਿਆ।

ਅੱਜ ਜਿਵੇਂ ਸਾਰੇ ਜਹਾਨ ਦੇ ਨਾਲ਼-ਨਾਲ਼ ਉਹ ਆਪਣੇ ਬਬਲੂ ਲਈ ਵੀ ਇੱਕ ਹੀਰੋ ਤੋਂ ਚੂ... ਹ...ਹ...ੜ...ੜ ਹੋ ਗਿਆ ਸੀ। (**ਸੰਪਰਕ: ਲਿਪੀਅੰਤਰ ਇਰਫ਼ਾਨ ਮਜੀਦ : 92-30972-87121**)

**ਕਹਾਣੀ**

# ਜਿਹਨੇ ਮੇਰਾ ਦਿਲ ਲੁੱਟਿਆ

**ਜੋਗੇ ਭੰਗਲ**



ਲੰਚ ਟਾਈਮ 'ਤੇ ਗੀਤਾ ਮੈਨੂੰ ਕਹਿੰਦੀ, "ਕੁੜੇ ਗੱਲ ਸੁਣ ! ਇਹ ਤੇਰਾ ਖ਼ਸਮ ਭਾਈ ਜੋਧ ਮਰਾਣਾ, ਤੈਨੂੰ ਛੱਡਣ-ਲਿਜਾਣ ਤੋਂ ਬਿਨਾਂ ਹੋਰ ਵੀ ਕੋਈ ਕੰਮ ਕਰਦਾ ਕਿ ...?"

"ਬੜਾ ਕੁਛ ਕਰਦੈ। ...ਪਰ ਤੈਨੂੰ ਕਿਉਂ ਦੱਸਾਂ ?" 'ਕੁਛ-ਕਰਦੈ' ਬਾਰੇ ਸੋਚਦਿਆਂ, ਮੈਂ ਆਪਣੇ-ਆਪ 'ਚ ਲਾਜਵੰਤੀ ਬਣੀ ਹੱਸ ਪਈ।

"ਅੱਛਾ ਜੀ, ਇਹ ਗੱਲ ਏ ! ਮੈਨੂੰ ਕਰੇਦ-ਕਰੇਦ ਮੇਰੇ 'ਚੋਂ ਕੱਢੀ ਜਾਨੀਂ ਰਹਿੰਨੀਂ। ਚੱਲ ਇਹਦੀ ਤਾਂ ਫੇਰ ਸਹੀ, ਪਹਿਲਾਂ ਪਹਿਲੇ ਧਗੜਿਆਂ ਦੀ ਦੱਸ, ਜਿਨ੍ਹਾਂ ਬਾਰੇ ਦੱਸਣ ਦੇ ਲਾਰੇ ਲਾਈ ਜਾਨੀਂ-ਅੱਜ ਦਸਦੀ, ਕਲ੍ਹ ਦਸਦੀ। 'ਅੱਜ ਦਸਦੀ, ਕਲ੍ਹ ਦਸਦੀ' ਕਹਿ ਕਹਿ ਮਹੀਨਾ ਲੰਘਾਤਾ।

"ਅੱਛਾ, ਲੈ ਸੁਣਾ ਈ ਦਿੰਨੀ, ਤੂੰ ਮਗਰ ਪਈ ਨੇ ਕਿੱਥੇ ਉਦ ਤੱਕ ਮੇਰਾ ਪਿੱਛਾ ਛੱਡਣਾ। ਮੈਂ ਵੀ ਫੇ ਅੱਜ ਸੁਣਾਣ ਲਈ ਮੂਡ ਬਣਾ ਈ ਲਿਆ। ... ਹਾਂ, ਉਹਦੀ ਦੂਸਰੇ ਦੀ ਸੁਣਾ ਦਿੰਨੀ ਪਹਿਲਾਂ।" ਸੁਣਾਉਣ ਲੱਗਿਆਂ, ਮੇਰਾ ਹਉਕਾ ਨਿਕਲ਼ ਗਿਆ।

"ਚੱਲ ਸੁਣਾ ਜਿਹਦੀ ਸੁਣਾਣੀ। ਤੈਂ ਖੱਬੋ ਨੇ ਉਲਟ ਈ ਸ਼ੁਰੂ ਕਰਨਾ।" ਕਹਿੰਦਿਆਂ ਗੀਤਾ ਨੇ ਪੋਲੀ ਜਿਹੀ ਕੂਣ੍ਹੀ ਮੇਰੀ ਵੱਖੀ 'ਚ ਖੋਭ ਦਿੱਤੀ।

-ਭੂਆ ਦੇ ਮੁੰਡੇ ਦਾ ਵਿਆਹ। ਇਕ ਹੋਰ ਭੂਆ ਦੇ ਜੇਠ ਦਾ ਮੁੰਡਾ। ਕਹਿੰਦੇ ਸ਼ੂਗਰ ਮਿਲ੍ਹ 'ਚ ਮਕੈਨਿਕ ਲੱਗਾ। ...ਉਹ ਤਾਂ ਪਹਿਲੇ ਦਿਨੋਂ ਈ ਐਸਾ ਮੇਰੇ 'ਤੇ ਲੱਟੂ ਹੋਇਆ, ਜਿੱਥੇ ਜਾਮਾਂ ਮਗਰੇ-ਮਗਰ...। ਸਾਰੇ ਵਿਆਹ 'ਚ ਇਹਦੀਆਂ ਅੱਖਾਂ ਮੇਰਾ ਪਿੱਛਾ ਕਰਨੋ ਨਾ ਟਲ਼ੀਆਂ। ਖ਼ੈਰ, ਕਦੇ-ਕਦੇ ਮੈਂ ਵੀ ਨਜ਼ਰ ਘੁਮਾ ਕੇ ...। ਉਂ ਨੈਣ-ਨਕਸ਼ਾਂ ਪੱਖੋਂ ਸੁਨੱਖਾ ਪਰ ਰੰਗੋ ਤਾਂ ਠੀਕ-ਠਾਕ ਈ ਪਰ ਉਂਞ ਜਚੇ ਬੜਾ। ਜਿਸ ਵਿਆਹ ਆਏ, ਉਹ ਵੀ ਮੁੱਕ ਗਿਆ ਪਰ ਉਹਦਾ ਪਿੱਛਾ ਕਰਨਾ ਨਾ ਮੁੱਕਿਆ। ਮੈਂ ਤੇ ਨਿੱਕੋ ਵਾਪਸ ਪਿੰਡ ਜਾਣ ਲਈ ਅੱਡੇ ਖੜ੍ਹੀਆਂ। ਇਹ ਉੱਥੇ ਵੀ ਮਗਰ ...। ਮੈਂ ਮਨ 'ਚ ਸੋਚਾਂ ਪਈ ਘੁੱਗੂਆ ਜਿਹਾ, ਕੁਛ ਮੂੰਹੋਂ ਫੁੱਟੇਂਗਾ ਵੀ ਕਿ ਐਂ ਹੀ ਮੇਰੀ ਪੈੜ ਦੱਬੀ ਰੱਖਣੀ।

"ਨਾ ਤੂੰ ਫੁੱਟ ਪੈਂਦੀ ਫੇ।"

"ਨਾ, ਮੈਂ ਕਿਉਂ ... ? ਵੈਸੇ ਕਹਿਣ ਨੂੰ ਜੀ ਤਾਂ ਬਹੁਤ ਕਰੇ। ... ਪਰ ਪਹਿਲ ਤਾਂ ਉਹਦੀ ਕਰਨੀ ਹੀ। ਮੈਂਖਿਆ ਤੜਫਣ ਦਿਉ ਅਜੇਂ। ਨਾਲ਼ੇ ਮੇਰੀ ਮਾਂ ਤਿੱਖੋ ਵੀ ਤਾਂ ਪਰਛਾਮੇ ਵਾਂਗ ਨਾਲ਼-ਨਾਲ਼।"

ਲਉ ਜੀ, ਉਹ ਤਾਂ ਕੁਝ ਜਿਆਦਾ ਈ ..., ਮੇਰੇ ਪਿੰਡ ਤੱਕ ਆ ਪਹੁੰਚਾ। ਵੇਲੇ-ਕੁਵੇਲੇ ਘਰ ਦੇ ਦੁਆਲ਼ੇ ਗੇੜੀ ਵੀ ਦੇਣ ਲੱਗਾ ਪਰ ਉਹਤੋਂ ਅੰਦਰ ਵੜਨ ਦੀ ਹਿੰਮਤ ਨਾ ਜੁਟਾ ਹੋਏ। ਇਕ ਦਿਨ ਦੋਮੇਂ ਭੈਣਾਂ ਅਸੀਂ ਘਰੇ। ਛੁਟਕੀ ਤੇਜੋ- ਜਿਹਨੂੰ ਮੈਂ ਆਪਣੀ ਮਾਂ ਸਮਝਦੀ, ਨੂੰ ਉਹਦੇ 'ਤੇ ਤਰਸ ਆ ਗਿਆ। ਅੰਦਰੋ-ਅੰਦਰੀ ਉਹ ਸਭ ਸਮਝਦੀ ਸੀ। ਮਾਂ-ਬਾਪ ਤਾਂ ਦੋ ਕੁ ਸਾਲ ਪਹਿਲਾਂ ਚੜ੍ਹਾਈ ਕਰ ਗਏ। ਗਲ਼ੇ 'ਚ ਕੈਂਸਰ ਕਰਕੇ ਪਹਿਲਾਂ ਮਾਂ ਮਰ ਗਈ। ਮੰਮੀ-ਡੈਡੀ ਦਾ ਆਪਸ 'ਚ ਮੋਹ ਬੜਾ ਸੀ। ਕਈ ਦਿਨ ਤਾਂ ਡੈਡੀ ਬੋਲੇ ਨਈਂ। ਪਤਾ ਨਈਂ ਮਾਂ ਦੇ ਵਿਯੋਗ 'ਚ ਉਹਦਾ ਹਉਕਾ ਕਰ ਗਏ ਜਾਂ

ਕਿਵੇਂ, ਬੱਸ ਕੁਛ ਦਿਨਾਂ ਬਾਅਦ, ਉਹ ਵੀ ਸੁੱਤੇ ਪਏ ਰਹਿ ਗਏ। ਅਟੈਕ ਆ ਗਿਆ ਜਾਂ ਕੀ ਗੱਲ, ਕਹਿ ਨਈਂ ਸਕਦੇ।

ਨਾਂ ਤਾਂ ਇਹਦਾ ਤਜਿੰਦਰ। ਤੇਜੋ, ਉਰਫ਼ ਤਿੱਖੋ, ਉਰਫ਼ ਛੁਟਕੋ, ਉਰਫ ਨਿੱਕੋ, ਉਂਝ ਮੈਥੋਂ ਕਾਫ਼ੀ ਨਿੱਕੀ ਪਰ ਬੜੀ ਤਿੱਖੀ, ਬੜੀ ਚੰਟ। ਇਹ ਇਹਦੇ ਸਭ ਨਾਂ ਮੇਰੇ ਰੱਖੇ ਹੋਏ। ਅੱਜ ਤੱਕ ਓਹੀ ਮੇਰੀ 'ਮਾਂ' ਆਂ। ਉਹ ਮੇਰੀ ਤੜਫ ਦਾ ਵੀ ਅੰਦਾਜਾ ਲਾ ਗਈ। ਉਹਨੇ ਮੈਨੂੰ ਪੁੱਛਿਆ ਨਾ ਗਿੱਛਿਆ। ਪਤਾ ਨਈਂ, ਕਦੋਂ ਉਹਦੇ ਨਾਲ਼ ਸੀਟੀ ਮੇਲ਼ ਕੇ, ਉਹਨੂੰ ਘਰੇ ਸੱਦ ਲਿਆ। ਬਹਾਨੇ ਨਾਲ਼ ਮੈਨੂੰ ਬੈਠਕ 'ਚ ਭੇਜ ਦਿੱਤਾ ਤੇ ਆਪ ਖਿਸਕ ਗਈ ਗੁਆਂਢੀਆਂ ਦੇ।

ਮੈਂ ਤਾਂ ਉਹਨੂੰ ਇੰਝ ਸਾਹਮਣੇ ਦੇਖ ਕੇ, ਪਹਿਲਾਂ ਘਬਰਾਹਟ 'ਚ ਬੌਂਦਲ਼ ਈ ਗਈ। ਤੇਲ਼ੀਓ-ਤੇਲ਼ੀ ਉਹ ਵੀ ਹੋਇਆ ਪਿਆ। ਲੜਖੜਾਂਦੀ ਜ਼ੁਬਾਨੇ, ਉਹਤੋਂ ਸੁਭਾਵਕੇ ਕਿਹਾ ਗਿਆ– "ਆਈ ਲਵ ਯੂ।" ਜਿਵੇਂ ਇਹ ਕਹਿਣ ਲਈ ਹੀ ਮਨ 'ਚ ਗੁਣਗਣਾ ਰਿਹਾ ਹੋਵੇ।

"ਮੈਂਖਿਆ ਜੀ, ਬੱਸ ਐਨੀ ਗੱਲ ਕਹਿਣ ਨੂੰ ... ਐਨਾ ਟੈਮ!"

ਕਹਿੰਦਾ ਇਹ ਐਨੀ ਕੁ ਗੱਲ ਆ। ਇਹਦੇ 'ਤੇ ਤਾਂ ਸਾਰੀ ਜ਼ਿੰਦਗੀ ਟਿਕੀ। ਇਹ ਤਾਂ ਨੀਂਹ ...।" ਜਿਸ ਭੋਲ਼ੇ ਜਿਹੇ ਅੰਦਾਜ 'ਚ, ਸੀਰੀਅਸ ਹੋ ਕੇ ਕੰਬਦਿਆਂ ਉਹਨੇ ਕਿਹਾ, ਮੈਨੂੰ ਉਹਦੇ 'ਤੇ ਤਰਸ ਆ ਗਿਆ। ਤਰਸ-ਤਰਸ ਵਿੱਚ ਮੈਂ ...।

"ਦਿਲ ਦੇ ਬੈਠੀ। ਮੰਨ ਲਿਆ। ਹੋਰ ਘਰਦਿਆਂ ਦੀ ਰਾਏ ...?"

"ਉਹ ਤਾਂ ਮੈਥੋਂ ਵੀ ਕਾਹਲ਼ੇ ਤੇ ਤਿੱਖੋ ਉਨ੍ਹਾਂ ਤੋਂ ਵੀ ਕਾਹਲ਼ੀ, ਪਈ ਇਹ ਦਫ਼ਾ ਹੋਵੇ ਤਾਂ ਮੇਰਾ ਨੰਬਰ ਲੱਗੇ।"

–ਕੈ ਤੇ ਕੈ ਉਹਦੀ 'ਮਜ਼ਨੂੰ' ਦੀ ਬੋਲਤੀ ਬੰਦ ਹੋਈ ਪਈ। ਪਤਾ ਨਈਂ ਕਿਮੇਂ ..., ਮੇਰਾ ਹੱਥ ਉਹਦੇ ਹੱਥ ਨੂੰ ਕਿਤੇ ਟੱਚ ਕੀ ਕਰ ਗਿਆ, ਉਹਨੇ ਲਾਈਨ ਕਲੀਅਰ ਸਮਝ ਕੇ, ਮੇਰਾ ਹੱਥ ਈ ਫੜ ਲਿਆ। ਮੈਥੋਂ ਉਹਦੇ ਵੱਲ ਨੂੰ ਘੂਰ ਵੱਟੀ ਗਈ। ਫੇਰ ਜਲ਼ਜਣਾ ਮੇਰਾ ਨਾਲ਼ ਈ ਹਾਸਾ ਨਿਕਲ਼ ਗਿਆ ਕਿਤੇ। ਉਹਦੀਆਂ ਤਾਂ ਜਿਮੇਂ ਬਾਗਾਂ ਖੁੱਲ੍ਹ ਗਈਆਂ। ਉਸ ਮੀਸਣੇ ਜਿਹੇ ਨੂੰ ਮੇਰਾ ਹੱਥ ਘੁੱਟਣ ਦਾ ਐਸਾ ਸੁਆਦ ਪਿਆ ਕਿ ਛੱਡਣਾ ਭੁੱਲ ਗਿਆ। ਮਸਾਂ ਰੋਕਿਆ, ਹੋਰ ਅੱਗੇ ਤੋਂ ਅੱਗੇ ਵਧਦੇ ਨੂੰ। ਨਾ ਰੋਕਦੀ ਤਾਂ ਸ਼ੈਦ ਲਾਲ ਲਕੀਰ ਵੀ ...।

ਉਹਤੋਂ ਬਾਅਦ, ਗੱਲ ਸੈਟ ਆਉਣ ਦੀ ਦੇਰ, ਦਿਨਾਂ 'ਚ ਹੀ ਵਿਆਹ ਹੋ ਗਿਆ। ਦੋ ਮਹੀਨੇ ਹੱਸਣਾ-ਖੇਡਣਾ ਵਾਹਵਾ ਰਿਹਾ। ... ਫੇਰ ਇਕ ਦਿਨ ਪਤਾ ਨਈਂ, ਸੁੱਤੇ ਪਿਆਂ ਉਹਨੂੰ ਕੀ ਹੋਇਆ ਜਾਂ ਕਿਮੇਂ ..., ਰੱਬ ਜਾਣੇ! ਸਵੇਰੇ ਮੁੱਕਿਆ ਦੇਖਿਆ। ਮੇਰਾ ਤਾਂ ਆਪਣਾ ਰੋ-ਰੋ ਬੁਰਾ ਹਾਲ ..., ਸੱਸ ਮੇਰੇ ਵੱਲ ਨੂੰ ਅੱਖਾਂ ਕੱਢ-ਕੱਢ ਦੇਖਦੀ ਅੱਖ ਈ ਨਾ ਝਪਕੇ। ਜਿਮੇਂ ਮੈਂ ਕੁਛ ਪੁੱਠਾ-ਸਿੱਧਾ...। ਮੇਰੇ 'ਤੇ ਸ਼ੱਕ ਕਰਕੇ, ਉਹਦੇ ਘਰਦਿਆਂ ਨੇ ਉਹਦਾ ਪੋਸਟ ਮਾਰਟਮ ਕਰਵਾ ਲਿਆ। ਉਹ ਤਾਂ ਸ਼ੁਕਰ ਹੋਇਆ ਕਿ ਡਾਕਟਰਾਂ ਨੇ ਹਾਰਟ ਅਟੈਕ ਐਲਾਨ ਤਾ। ਨਹੀਂ ਉਹ ਮੈਨੂੰ ਅੰਦਰ ਕਰਾਣ ਨੂੰ ਫਿਰਨ।

"ਹੈਂ, ...ਹਾਏ !"

"ਬੱਸ, ਉਹ ਟਾਈਮ ਈ ਇਹੋ-ਜਿਹਾ ਸੀ ਕਿ ...।"

ਤੇ ਉਹਨਾਂ ਸਹੁਰਿਆਂ ਨੇ, ਮੈਨੂੰ ਕੋਈ ਡੈਣ ਸਮਝ ਕੇ, ਉੱਥੋਂ ਕੱਢਣ ਲਈ, ਦੂਜੀ ਵਾਰ ਵੀ ਨਾ ਸੋਚਿਆ।

ਜਦੋਂ ਮੈਂ ਵਿਆਹ ਕੇ, ਆਪਣੇ ਹੁਣ ਵਾਲ਼ੇ 'ਇਹਦੇ' ਕੋ ਆਈ ਤਾਂ ਮੈਂ ਆਪਣੀਆਂ ਹੱਡ-

ਬੀਤੀਆਂ ਸੁਣਾ ਕੇ ਕਿਤੇ ਰੋਈ, ਕਿਤੇ ਰੋਈ ...। ਪਰ ਉਹਨਾਂ ਮੈਨੂੰ ਲਾਡੀਆਂ ਲਾ-ਲਾ ਚੁੱਪ ਕਰਾਉਂਦਿਆਂ ਕਿਹਾ- ਅੱਜ ਰੋ ਲਿਆ, ਮੁੜ ਕੇ ਮੈਨੂੰ ਹੰਝੂ ਦਿਸ ਪਿਆ ਨਾ, ਵੱਢੂੰ ਬੜਾ।

"ਹੈਂ ! ਵੱਢਿਆ ਫੇ ਤੈਨੂੰ ਕਦੇ ਕਿ...?"

"ਇਹੀ ਤਾਂ ...। ਵੱਢਿਆ ਛੱਡਿਆ, ਝਰੀਟ ਨਾ ਲਾਈ ਨਾ ਆਣ ਦਿੱਤੀ ਕਦੇ।"

"ਅੱਛਾ-ਅੱਛਾ ! ਬੌਤ੍ਹੀਆਂ ਫੁਕਰੀਆਂ ਨਾ ਮਾਰ।" ਹੱਸ ਕੇ ਕਹਿੰਦਿਆਂ, ਗੀਤਾ ਨੇ ਮੇਰੇ ਚੂੰਡੀ ਵੱਢ ਦਿੱਤੀ।

ਅਗਲੇ ਦਿਨ ਲੰਚ 'ਤੇ ਮੈਂ ਗੀਤਾ ਨੂੰ ਪਹਿਲੇ ਵਿਆਹ ਦੇ 'ਜੱਬਲਨਾਥ' ਦੀ ਸੁਣਾਉਣ ਲੱਗ ਪਈ। ਉਂਝ ਇਸ ਜੱਬਲ਼ ਦਾ ਨਾਂ ਭੋਲ਼ਾ ਸਿੰਘ। ਇਹ ਮੇਰੀ ਅਰੇਜ ਮੈਰਿਜ ਸੀ। ਮਾਂ ਨਾ ਹੋਣ ਕਰਕੇ, ਭਰਾ-ਭਰਜਾਈ ਜਿਆਦੇ ਕਾਹਲ਼ੇ ਮੈਨੂੰ ਕੱਢਣ ਨੂੰ। ਬੰਦੇ ਦੀ ਸ਼ਕਲ-ਸੂਰਤ, ਉੱਚਾ-ਲੰਮਾ ਦੇਖ ਲਿਆ ਪਰ ਉਹਦੇ ਬਾਰੇ ਕਮ ਸੇ ਕਮ ਕਿਸੇ ਨੂੰ ਪੁੱਛ-ਗਿੱਛ ਤਾਂ ਲੈਂਦੇ। ਉਦੋਂ ਛੁਟਕੀ ਤਿੱਖੋ ਊਂ ਤਾਂ ਦਸਮੀਂ 'ਚ ਸੀ ਪਰ ਅਜੇ ਬਹੁਤੇ ਉੱਚੀ ਉਡਾਰੀ ਵਾਲ਼ੇ ਪਰ ਨਈਂ ਸੀ ਨਿਕਲ਼ੇ। ਨਿਕਲ਼ੇ ਹੁੰਦੇ ਤਾਂ ਇਹਨੇ ਕਿਸੇ ਨਾ ਕਿਸੇ ਤਰ੍ਹਾਂ ਕਬੂਤਰ ਬਣ ਕੇ ਖ਼ਬਰ ਕੱਢ ਲਿਆਣੀ ਸੀ। ...ਭਰਾ-ਭਰਜਾਈ ਨੇ ਦਿਨਾਂ 'ਚ ਵਿਆਹ ਰੱਖ ਕੇ, ਮੇਰਾ ਫ਼ਾਹਾ ਵੱਢਣ ਦੀ ਕੀਤੀ।

ਅਜੇ ਪਹਿਲੀ ਰਾਤ ! ...ਅੱਜ ਵੀ ਸੋਚ ਕੇ ਕਾਂਬਾ ਛਿੜ ਜਾਂਦਾ। ਮੈਨੂੰ ਤਾਂ ਉੱਦਣ, ਇਕ ਪਹਿਲੇ ਵਿਆਹ ਵਾਲ਼ੀ ਫੀਲਿੰਗ, ਮਿੱਠੀ ਜਿਹੀ ਉਡੀਕ, ਤਾਂਘ, ਚਾਅ, ਨਾਲ਼ ਪਿਆਰਾ ਜਿਹਾ ਡਰ। ਡਰ 'ਚ ਲਪੇਟੀ ਸੰਗ। ਉਹ ਉਸ 'ਮਜ਼ਨੂੰ' ਦੀਆਂ ਯਾਦਾਂ, ਗੱਲਾਂ-ਬਾਤਾਂ, ਜਿਵੇਂ ਸਵਰਗ ਦੇ ਕਿਸੇ ਬਾਗ ਵਿਚ ਕੰਙਣੀਆਂ ਪਾ ਕੇ ਮਿਚਕ-ਮਿਚਕ ਤੁਰਦੇ ਹੋਈਏ। ਉਹਨਾਂ ਸੁਪਨਿਆਂ 'ਚ ਗੁਆਚੀ ਨੂੰ ਇਕ ਵਜੇ ਤੱਕ ਦੇ ਵਖ਼ਤ ਦਾ ਪਤਾ ਵੀ ਨਾ ਚੱਲਿਆ। ਸੋਚਦੀ- ਕਾਸ਼ ! ਇਹ ਵੀ ਓਹੋ-ਜੇਹਾ ਈ ...। ਉਸ ਤੋਂ ਬਾਅਦ, ਮੈਨੂੰ ਹੁਣ ਦੇ ਸੱਜਣ ਦੀ ਉਡੀਕ 'ਚ, ਉਹਦੇ ਨਾ ਆਉਣ ਦਾ ਫ਼ਿਕਰ ਸਤਾਉਣ ਲੱਗਾ। ਇਕ ਵਜੇ ਤੋਂ ਵੀ ਸੂਈ ਅਗਾਂਹ ਲੰਘ ਗਈ ਪਰ 'ਉਹ' ਆਏ ਈ ਨਾ। ...ਜਦ ਡੇਢ ਕੁ ਵਜੇ ਦੇ ਕਰੀਬ ਆਏ ਤਾਂ ਨਸ਼ੇ 'ਚ ਟੁੰਨ। ਲੰਮਾ, ਭਾਰਾ ਕਰਕੇ ਦੈਂਤ ਈ ਲੱਗਣ। ਉਦੋਂ ਅੱਧਾ ਕੁ ਸਵਰਗ ਤਾਂ ਮੇਰਾ ਉਹਨੂੰ ਦੇਖਦਿਆਂ ਹੀ ਢਹਿ ਗਿਆ।

"ਕਿਮੇਂ ਓ ਸੋਹ੍ਣਿਹਿਉਂ ! ...ਕਰੀਏ ਫੇ ਘੋਲ਼ ਸ਼ੁਰੂ ?" ਜਿਮੇਂ ਉਹ ਬਾਰ੍ਹੋਂ ਡੰਡ-ਬੈਠਕਾਂ ਕੱਢ ਕੇ, ਮੈਦਾਨ 'ਚ ਥਾਪੀ ਮਾਰਦਾ, ਅੱਖ ਦੇ ਫੋਰ 'ਚ ਆ ਵੜਿਆ ਹੋਵੇ। ਮੇਰੇ ਅੰਦਰ ਦੇ ਚਾਅ-ਮਲਾਰ੍ਹ ਸਭ ਗਾਇਬ। ਮੈਂ ਅਜੇ ਪਹਿਲੇ ਦਿਨ ਉਹਨੂੰ ਕੀ ਕਹਿਣਾ ਸੀ।

ਪਰ ਸ਼ਰਾਬ ਨਾਲ਼ ਮੈਨੂੰ ਇਲਰਜੀ ਕਰਕੇ, ਕਿਤੇ ਕੰਬਦੀ-ਕੰਬਦੀ ਕਹਿ ਬੈਠੀ- "ਜੀ ! ਮੈਂ ਤਾਂ ਸੁਣਿਆ ਸੀ ਕਿ ਤੁਸੀਂ ਸ਼ਰਾਬ ਨੂੰ ਮੂੰਹ ਨਈਂ ..., ਏਸੇ ਕਰਕੇ ਮੈਂ ਵਿਆਹ ਲਈ 'ਹਾਂ' ...। ਮੈਨੂੰ ਇਹਦੀ ਬੋਅ ਤੋਂ ਇਲਰਜੀ... ਪਲੀਜ਼, ਮੇਰੇ ਨਜਦੀਕ ਨਾ ...।" ਡਰਦੀਉ 'ਕੱਠੀ ਹੋਈ ਜਾਵਾਂ। ਮੈਂ ਤਾਂ ਜਿਵੇਂ ਸਵਰਗ ਤੋਂ ਹੇਠਾਂ ਆ ਡਿਗੀ।

"ਹੈਂ ! ਪਹਿਲੇ ਦਿਨ ਈ ਨਜਦੀਕ ਨਾ ਆਮਾਂ ? ...ਨਾਲ਼ੇ ਮੈਂ ਇਹਨੂੰ ਕਾਹਨੂੰ ਹੱਥ ਲਾਨਾ, ਮੂੰਹ ਹੀ ਲਾਈਦਾ ਸਿੱਧਾ। ... ਇਹ ਅੰਗੂਰਾਂ ਤੋਂ ਬਣੀ ਕਮਲ਼ੀਏ, ਕੀ ਅੰਗੂਰਾਂ ਦੀ ਬੋਅ ਹੁੰਦੀ ?" ਕਹਿ ਕੇ ਉਹਨੇ ਮੇਰੀ ਬਾਂਹ 'ਤੇ ਚੂੰਢੀ ਭਰ ਲਈ। ਜਦ ਮੇਰੀ ਚੀਕ ਨਿਕਲ਼ਣ 'ਤੇ ਆਈ ਤਾਂ ਮੈਂ 'ਹਾਂ' ਕਹਿ ਕੇ ਛੁਡਾਈ। ਅਗਲੀ ਕਾਰਵਾਈ ਦਾ ਮੈਨੂੰ ਉਦੇ ਪਤਾ ਲੱਗਾ ਜਦ ਉਹਨੇ ਫਾਊਲ-ਘੋਲ਼ ਸ਼ੁਰੂ ਕਰਕੇ ਮੈਨੂੰ...।

ਜੀ, ਮੇਰਾ ਮੂਡ ਠੀਕ ਨਈਂ, ਪਲੀਜ਼ ...।"

"ਮੂਡ ਠੀਕ ਕਰਨ ਲਈ ਹੀ ਮੈਂ ਕਰ ਰਿਹਾਂ ਇਹ ਸਭ...। ਬੌਂਤ੍ਹੇ ਜ਼ਨਾਨੀਆਂ ਆਲ਼ੇ ਨਖ਼ਰੇ ਨਾ ਕਰ। ਮੈਂ ਅਜੇ ਤੈਨੂੰ ਪਿਆਰ ਨਾਲ਼ ਕੈਨ੍ਹਾਂ। ... ਪਹਿਲੇ ਦਿਨ ਈ ਮੂਡ ਨਈਂ ਤੇਰਾ, ਕਮਾਲ ਆ ! ... ਕਦੋਂ ਬਣਨਾ ਤੇਰਾ ਮੂਡ, ਮੈਂ ਹੁਣ ਇੰਤਜ਼ਾਰ ਕਰਦਾ ਰਹਾਂ ?" ਕਹਿੰਦਿਆਂ ਉਹਨੇ ਮੈਨੂੰ ਜ਼ਬਰਦਸਤੀ ਘੁੱਟ ਕੇ, ਹਲ਼ਕਿਆਂ ਵਾਂਗ ...।

"ਫੋਟ, ਏਹੋ-ਜੇਹੇ ਉਬਲ਼ਿਆ ਚੱਟਣ ਵਾਲ਼ੇ ਦੇ ! ਕਿਤੇ ਮੈਂ ਹੁੰਦੀ ਨਾ, ਥੱਪੜ ਮਾਰਦੀ ਘੁਮਾ ਕੇ ਮੂੰਹ 'ਤੇ।"

ਹੋਰ ਕੋਈ ਪਿਆਰ-ਸ਼ਿਆਰ ਦੀ ਗੱਲ ਨਾ ਬਾਤ...। ਬੇਅਕਲੇ, ਹਾਫ਼ਲ਼ੇ ਨੇ, ਮੇਰਾ ਖਿੱਚ ਕੇ ਜੈਂਪਰ ਈ ਉਧੇੜ ਦਿੱਤਾ।

"ਹੈਂ ! ਬੇਵਕੂਫ਼, ਜਾਨਵਰ !!"

ਨਾਲ਼ ਦੇ ਕਮਰਿਆਂ 'ਚ ਪਰਿਵਾਰ ਦੇ ਹੋਰ ਮੈਂਬਰ ਸੁੱਤੇ ਪਏ। ਅੰਦਰੋਂ ਚੀਕ ਨਿਕਲ਼ਣਾ ਚਾਹੇ ਪਰ ਨਿਕਲ਼ੇ ਕਿੱਦਾਂ ! ਮੂੰਹ ਹੀ ਸੀਂਤਾ ਗਿਆ ਜਿਉਂ। ਉਹ ਤਾਂ ਮੈਨੂੰ ਹਲ਼ਕੇ ਕੁੱਤੇ ਵਾਂਗ ਐਸਾ ਟੁੱਟ ਕੇ ਪਿਆ ਕਿ ...। ਦਸ-ਪੰਦਰਾਂ ਮਿੰਟ ਖਿੱਚ-ਧੂ, ਖ਼ੌਰੂ ਪਾਉਂਦਿਆਂ, ਮੈਨੂੰ ਤਾਂ ਉਹਨੇ ਹਾਲੋਂ-ਬੇਹਾਲ ਕਰ ਤਾ। ਮੇਰਾ ਸਾਹ ਨਿਕਲ਼ਣ ਨੂੰ ਫਿਰੇ ਪਰ ਉਹਨੂੰ ਤਰਸ ਕੋਈ ਨਾ।... ਸ਼ੁਕਰ ਕਿਤੇ, ਉਹਦੇ ਅੰਦਰਲਾ ਜਾਨਵਰ ਢਿਆ। ਢਹਿ ਕੇ ਘੁਰਾੜੇ ਵੱਜਣ ਲੱਗ ਪਏ। ... ਪਰ ਮੇਰਾ ਦਮ-ਖ਼ਮ ਜਾਂਦਾ ਰਿਹਾ।

ਸਵੇਰੇ ਦਸ ਵਜੇ ਮਸਾਂ ਉੱਠਿਆ ਗਿਆ। ਸ਼ੁਕਰ ਕਿ ਸਵੇਰੇ-ਸਵੇਰੇ ਮੈਨੂੰ ਇਸ ਜਾਨਵਰ ਦੇ ਦਰਸ਼ਨ ਨਾ ਹੋਏ। ਮੈਥੋਂ ਬਾਹਾਂ, ਹੱਥ ਚੁੱਕੇ ਨਾ ਜਾਣ ਤੇ ਸ਼ੀਸ਼ਾ ਦੇਖਣ ਦੀ ਹਿੰਮਤ ਨਾ। ਮੈਂ ਲੰਙਾ-ਡੋਰੀਆ ਕਰਦੀ, ਮਸਾਂ ਵਾਸ਼-ਰੂਮ ਤੱਕ ਗਈ।

"ਹੈਂ ! ਏਹੋ-ਜੇਹੇ ਵੀ ਬੰਦੇ ਹੁੰਦੇ, ਜਿਹਨਾਂ ਨੂੰ ਫੁੱਲਾਂ ਦੀ ਸੁਗੰਧ ਲੈਣੀ ਵੀ ...। ਇਹ ਵੀ ਤਾਂ ਬਲਾਤਕਾਰ ਈ ਹੋਇਆ ਫੇ ਕਿ ....!"

-ਜਿੱਦਾਂ ਦਾ ਮੁੰਡਾ, ਉੱਦਾਂ ਦੀ ਮਾਂ। ਸਗੋਂ ਮੈਨੂੰ ਉੱਧੜਿਆ ਦੇਖ, ਮਿੰਨ੍ਹਾ-ਮਿੰਨ੍ਹਾ ਹੱਸਦੀ ਕਹਿੰਦੀ- "ਕੋਈ ਨਾ ਪੁੱਤ, ਇਹਦੇ ਪਿਉ ਨੇ ਵੀ ਮੇਰੇ ਨਾਲ਼ ਪਹਿਲੀ ਰਾਤ ਐਂ ਈ ... ਪਰ ਮੈਂ ਦਿਨਾਂ 'ਚ ਸਿੱਧਾ ਕਰ ਲਿਆ। ... ਤੈਨੂੰ ਜਿਗਰਾ ਬੜਾ ਕਰਨਾ ਪੈਣਾ, ਇਹਨੇ ਵੀ ਸਿੱਧਾ ਤਾਂ ਹੋ ਜਾਣਾ ਆਖਰ...।"

ਮੈਂ ਗੁੱਸੇ 'ਚ ਉਛਲਣ ਨੂੰ ਫਿਰਾਂ ਪਰ ਆਪਣੇ-ਆਪ ਨੂੰ ਕਾਬੂ ਕਰਦਿਆਂ-ਕਰਦਿਆਂ ਵੀ ਮੇਰੇ ਮੂੰਹੋਂ ਨਿਕਲ਼ ਗਿਆ- ਮੈਂਖਿਆ ਮਾਂਜੀ, ਏਦਾਂ ਦੇ ਨੂੰ ਵਿਆਹ੍ਣ ਦੀ ਲੋੜ ਕੀ ...। ਦੁਖਦੇ ਮੂੰਹ ਕਰਕੇ, ਮੈਥੋਂ ਕੰਬਦਿਆਂ-ਕੰਬਦਿਆਂ ਐਨਾ ਕੁ ਈ ਬੋਲਿਆ ਗਿਆ। ਉਹ ਕਹਿੰਦੀ, ਅਖੇ ਪੁੱਠੇ ਲੱਛਣੀ, ਕਈ ਵਾਰ ਤਾਂ ਜੁੱਤੀਆਂ ਵੀ ...। ਅਸੀਂ ਸੋਚਿਆ ਪਈ ਕਿੰਨਾ ਕੁ ਚਿਰ ਆਪਣੀ ਵੀ ਨਾਲ਼ ਲਾਹ-ਪਾਹ ਕਰਾਈ ਜਾਣੀ। ਵਿਆਹ ਤੋਂ ਬਾਅਦ ਆਪੇ ...। ਮਾਂ ਨੇ ਉਹਦੇ ਲੱਛਣ ਦੱਸਦਿਆਂ, ਆਪਣਾ ਪੱਲਾ ਝਾੜ ਦਿੱਤਾ।

ਮੈਥੋਂ ਹੋਰ ਨਾ ਕੁਛ ਕਿਹਾ ਗਿਆ। ਅੰਦਰ ਆਪਣੇ ਕਮਰੇ 'ਚ ਗਈ। ਤੇਜੋ ਨੂੰ ਫ਼ੋਨ ਕਰਦੀ-ਕਰਦੀ ਰੁਕ ਗਈ, ਪਈ ਕਾਹਨੂੰ ਅਜੇ...। ਅੰਦਰ ਵੜੀ ਰੋਂਦੀ ਰਹੀ। ਮੋੜ੍ਹੇ ਦੂਜੀ ਆ ਰਹੀ ਨਾਗ ਜਿਹੀ ਫ਼ੁੰਕਾਰੇ ਮਾਰਦੀ ਰਾਤ ਨੇ, ਮੈਨੂੰ ਅਲਗ ਕਾਂਬਾ ਛੇੜਿਆ ਹੋਇਆ।

ਫੇਰ ਓਹੀ ਡੇਢ ਵਜੇ ਦਾ ਟਾਈਮ। ਪਤਾ ਨਈਂ ਕਿੱਥੋਂ ਡੱਫ਼ ਕੇ ਲਲਕਾਰੇ ਮਾਰਦਾ ਆ ਵੜਿਆ।

"ਅੱਜ ਫੇ ਮੂਡ ਕਿਮੇ ਸਰਕਾਰ ਦਾ ?"

ਮੇਰੀਆਂ ਨਿਕਲ਼ ਰਹੀਆਂ ਸਿਸਕੀਆਂ ਦਾ ਵੀ ਉਹਦੇ 'ਤੇ ਕੋਈ ਅਸਰ ਨਾ। "ਊਠ ਉੜਾਂਦੇ ਲੱਦਣੇ ਪੈਂਦੇ , ਕਹਿ ਕੇ ਉਹਨੇ ਫੇਰ ਓਹੀ ਖਿਚ-ਧੂ, ਸ਼ੌਰੂ ...। ਮੈਂ ਮਿੱਟੀ ਬਣੀ ਗੁੰਨ ਹੁੰਦੀ ਰਹੀ। ਦਿਨੇ ਅੰਦਰ ਵੜੀ ਆਪਣੇ-ਆਪ ਨਾਲ਼ ਲੜਦੀ-ਘੁਲ਼ਦੀ ਹੰਝੂਓ-ਹੰਝੂ .....।

ਤੀਸਰੀ ਰਾਤ ...। ਨੀਂਦ ਨਾਲ਼ ਮੇਰੀਆਂ ਅੱਖਾਂ ਪਾਟਣ ਨੂੰ ਫਿਰਨ। ਨੌਂ ਕੁ ਵਜੇ ਪੈਂਦਿਆਂ ਸਾਰ , ਕਦੋਂ ਮੈਨੂੰ ਨੀਂਦ ਨੇ ਢਾਅ ਲਿਆ, ਮੈਨੂੰ ਇਹਦੀ ਕੋਈ ਸੁਰਤ ਨਾ। ... ਡੇਢ ਵਜੇ ਮੇਰੀ ਚੀਕ ਈ ਵੱਜੀ। ਜਦ ਬਾਹਰੋਂ ਦਰਵਾਜੇ ਦੀ ਖਾੜ-ਖਾੜ ਨਾਲ਼ ਰੌਲ਼ਾ ਕੰਨੀ ਪਿਆ ਤਾਂ ਮੈਂ ਇਕਦਮ ਤ੍ਰਬਕੀ। ਮੇਰੇ ਡੇਰੇ ਕੋਈ ਖ਼ਬਰ ਨਾ, ਕਦੋਂ ਉਹਨੇ ਆ ਕੇ ਮੇਰਾ ਰੇਪ ਕਰਨਾ ਸ਼ੁਰੂ ਕੀਤਾ।

"ਮੈਨੂੰ ਈ ਕੋਈ ਡਰਾਉਣਾ ਸੁਪਨਾ," ਦੱਸ ਕੇ ਮੈਂ ਬਾਕੀ ਘਰਦਿਆਂ ਨੂੰ ਸ਼ਾਂਤ ਕੀਤਾ। ਮੈਨੂੰ ਚੇਲੇ ਵਾਂਗ ਕੰਬਦਾ ਦੇਖ ਕੇ, ਦੈਂਤ ਕੁਛ ਪੈਰੋਂ ਨਿਕਲ਼ਿਆ ਤੇ ਚੁੱਪ-ਚਾਪ ਵੱਖ ਲੈਂਦਾ ਹੀ, ਘਰਾੜੇ ਮਾਰਨ ਲੱਗ ਪਿਆ। ਮੈਨੂੰ ਸਵੇਰ ਮਸਾਂ ਚੜ੍ਹੀ। ਮੈਂ ਸਿਸਕੀਆਂ ਲੈਂਦੀ, ਆਪਣੇ-ਆਪ ਨੂੰ ਸੰਭਾਲਦਿਆਂ, ਤੇਜੋ ਨੂੰ ਫ਼ੋਨ 'ਤੇ ਮਸਾਂ ਸੰਖੇਪ ਜਿਹਾ ਦੱਸ ਸਕੀ। ਨਾਲ਼ ਹੀ ਉਹਨੂੰ ਸਕੂਟਰੀ ਲਿਆਉਣ ਨੂੰ ਕਹਿ ਦਿੱਤਾ।

ਸੁਣਦਿਆਂ ਸਾਰ ਹੀ, ਤੇਜੋ ਤਿੱਖੀ ਧਾਰ ਬਣੀ, ਘੜੂੰ-ਘੜੂੰ ਕਰਦੀ ਆ ਧਮਕੀ। ਮੈਂ ਪਹਿਲੋਂ ਹੀ ਆਪਣਾ ਖ਼ਾਸ ਸਮਾਨ ਸਾਂਭੀ ਬੈਠੀ। ਮੈਨੂੰ ਇਹ ਡਰ ਕਿ ਤਿੱਖੋ ਜੇ ਸਿੱਧੀ ਹੋ ਗਈ ਤਾਂ ਪਤਾ ਨਈਂ ਕਿੰਨਿਆਂ ਨੂੰ ਪੁੱਠੇ ਕਰ ਦਊ। ਸਕੂਟਰੀ ਦੀ 'ਵਾਜ਼ ਸੁਣਦਿਆਂ ਹੀ ਮੈਂ ਬੈਗ ਚੁੱਕਿਆ। ਮੈਖਿਆ ਮਾਂ, ਮੈਂ ਆਈ ਜਰਾ, ਦਵਾਈ ਲਿਆਣੀ। ਮੇਰੀ ਹਾਲਤ ਦੇਖ ਕੇ, ਉਹਨੂੰ ਬਹੁਤਾ ਸ਼ੱਕ ਨਾ ਹੋਇਆ। ਤਿੱਖੋ ਨੂੰ ਸਕੂਟਰੀ ਦਾ ਸਟੈਂਡ ਲਾਉਣ ਤੋਂ ਪਹਿਲਾਂ ਹੀ, ਮੈਂ ਬੈਗ ਅੱਗੇ ਰੱਖ ਕੇ ਚਾਬੀ ਘੁਮਾਈ, ਸਕੂਟਰੀ ਦੁਬਾਰਾ ਸਟਾਰਟ ਕਰ ਤੀ। ਤਿੱਖੋ ਦੇ ਨੱਕ 'ਚੋਂ ਤਾਂ ਠੂੰਹੇਂ ਡਿਗਣ। ਮੈਂ ਮਸਾਂ ਉਹਦੇ ਮੂੰਹ 'ਤੇ ਹੱਥ ਰੱਖ ਕੇ ਉਹਨੂੰ ਰੋਕਿਆ। ਉਹ ਤਾਂ ਛੁਟ-ਛੁਟ ਜਾਵੇ ਕਿ ਮੈਂ ਕੀ ਕਰ ਦਿਆਂ। ਮੇਰੇ ਕੰਨ 'ਚ ਕਹਿੰਦੀ, ਮੈਂ ਇਹਨੂੰ ਹੁਣੇ ਬਲਾਤਕਾਰ ਦੇ ਕੇਸ 'ਚ ਅੰਦਰ ਕਰਾਣਾ। ਮੈਂ ਉਹਦੇ ਮੂੰਹ 'ਤੇ ਦੁਬਾਰਾ ਹੱਥ ਰੱਖ ਕੇ ਉਹਨੂੰ ਸ਼ਾਂਤ ਕਰਨਾ ਚਾਹਿਆ। ਮਸਾਂ ਉਹਨੂੰ ਚੰਡੀ ਬਣੀ ਨੂੰ ਰੋਕਿਆ।

ਪਰ ਤਿੱਖੋ, ਨਿੱਕੋ ਹੁੰਦੀ ਵੀ ਨਾ ਟਲ਼ੀ। ਕੁਦਰਤੀ ਸਾਡੇ ਪਿੰਡ ਦੀ ਸਰਪੰਚ ਲੇਡੀ। ਉਹਨੂੰ, ਨਾਲ਼ ਭਰਾ ਨੂੰ ਲਿਜਾ ਕੇ 'ਸ੍ਹਾਬ ਬਰਾਬਰ ਕਰ ਕੇ ਆਈ। ਸਾਰਾ ਵਿਆਹ 'ਤੇ ਹੋਇਆ ਖ਼ਰਚਾ ਉਸੇ ਵੇਲੇ ਉਹਨਾਂ ਤੋਂ ਕਢਾ ਕੇ ਸਾਹ ਲਿਆ। ਵਾਰਨਿੰਗ ਦੇ ਕੇ ਆਈ– ਅਖੇ ਇਸ ਗਰੀਲੇ ਨੂੰ ਸੰਗਲ਼ ਪਾ ਕੇ ਰੱਖੋ। ਮੇਰੀ ਦੁੱਧ-ਚਿੱਟੀ ਭੈਣ ਦੀ ਇਹਨੇ ਲੱਸੀ ਕਰ ਕੇ ਰੱਖ 'ਤੀ। ...ਮੁੜ ਕੇ ਮੈਂ ਨਾ ਉਸ ਵਣਮਾਨਸ ਦਾ ਪਰਛਾਮਾਂ ਵੀ ਲਿਆ। ਤਲਾਕ ਲੈ ਕੇ ਹੀ ਮੈਨੂੰ ਸਬਰ ਆਇਆ।

"ਮੈਨੂੰ ਤੂੰ ਬਾਲ਼ੀ ਭੋਲ਼ੀ ਲਗਦੀ। ਅਸਲ 'ਚ ਇਹ ਨਿੱਕੋ ਈ ਮੈਨੂੰ ਤੇਰਾ ਸੁਰੱਖਿਆ ਕਬਚ ਲੱਗਿਆ। ...ਅੱਛਾ, ਜੇ ਤੇਰੀ ਜਗ੍ਹਾ ਇਹ ਤਿੱਖੋ ਹੁੰਦੀ, ਇਹਨੇ ਗਰੀਲਾ ਉਧੇੜ ਸੁੱਟਣਾ ਸੀ। ...ਕੁੜੇ ਝੱਲੀਏ ! ਤੂੰਹੀਂ ਝੱਲ ਗਈ ਇਹ ਸਭ ਕੁਛ। ਮੈਂ ਤਾਂ ਸੁਣ ਕੇ ਹੀ...। ਤੂੰ ਤਾਂ ਆਪਣੀ ਹੱਡ-ਬੀਤੀ ਸੁਣਾਂਦੀ ਵੀ ਨਾਰਮਲੇ...।

ਮੈਂ ਗੀਤਾ ਨੂੰ ਹੌਸਲਾ ਦੇ ਕੇ ਮਸਾਂ ਖੜ੍ਹਾ ਕੀਤਾ। ..."ਕੀ ਕਰਾਂ, ਉਨ੍ਹਾਂ ਨੇ ਜੁ ਮੈਨੂੰ ਕਿਹਾ ਹੋਇਆ ਕਿ ਜੇ ...।

"ਅੱਛਾ-ਅੱਛਾ, ਖਚਰੀ ਜਈ ਨਾ ਹੋਵੇ , ਕਹਿ ਕੇ ਗੀਤਾ ਆਪਣੀਆਂ ਅੱਖਾਂ ਪੂੰਝਣ ਲੱਗ

ਪਈ। ...ਹਾਂ, ਕੁੜੇ ਗੱਲ ਸੁਣ, ਇਹ ਤੇਰਾ 'ਯੋਧਾ' ਪਹਿਲ਼ੀ ਰਾਤੇ ਕਿਮੇ ...?"

–ਇਹਨਾਂ ਵੀ ਪਹਿਲੀ ਰਾਤੇ, ਆਪਣਾ ਮਰਦਪੁਣਾ ਦਿਖਾਉਣ ਲਈ ਛਿੱਟ ਕੁ ਲਾਈ ਹੋਈ। ਜਦੋਂ ਮੈਂ ਆਪਣੀ ਇਲਰਜੀ ਵਾਲ਼ੀ ਗੱਲ ...। ਤਾਂ ਇਹਨਾਂ ਕੰਨਾਂ ਨੂੰ ਹੱਥ ਲਾਂਦਿਆਂ ਸਿਰ ਝੁਕਾ ਦਿੱਤਾ। ਦੂਜੇ ਦਿਨ ਮੈਨੂੰ ਫੁੱਲਾਂ ਦਾ ਗੁਲਦਸਤਾ ਦਿੰਦੇ ਕਹਿਦੇ– ਫੁੱਲਾਂ ਤੋਂ ਤਾਂ ਇਲਰਜੀ ਨਈਂ! ਪਰ ਮੈਖਿਆ ਮੈਨੂੰ ਫੁੱਲ ਤੋੜਨ ਤੋਂ ਏ। ਇਹਨਾਂ ਨੂੰ ਲੱਗਿਆਂ ਨੂੰ ਹੀ ਖ਼ੁਸ਼ਬੋਆਂ ਵੰਡਣ ਦਿਉ। ਉਹਨਾਂ ਮੇਰੀ ਗੱਲ ਸਿਰ–ਮੱਥੇ ਰੱਖਦਿਆਂ, ਸਵੀਕਾਰ ਕਰ ਲਈ।

"ਅਗਾਂਹ ਮੈਂ ਦੱਸ ਨਈਂ ਸਕਦੀ। ਦੋ ਦਿਲਾਂ ਦਾ ਰਾਜ...। ਰਾਜ ਕੋ ਰਾਜ ਰਹਿਨੇ ਦੋ।" ਕਹਿ ਕੇ ਮੈਂ ਗੀਤਾ ਨੂੰ ਸ਼ਰਮ ਦੀ ਬੁੱਕਲ਼ 'ਚ ਘੁੱਟ ਲਿਆ। ਇਕ ਦਿਨ ਛੁੱਟੀ ਤੋਂ ਬਾਅਦ, ਮੈਂ ਤੇ ਗੀਤਾ ਬਾਰ੍ਹ ਆ ਕੇ ਖੜ੍ਹੀਆਂ ਤਾਂ ਇਹਨੇ ਆਪਣੀ ਸੂਈ ਘੁੰਮਾ ਕੇ, ਮੇਰੇ 'ਉਹਦੇ' 'ਤੇ ਲਿਆ ਟਿਕਾਈ। ..."ਵੈਸੇ ਤਾਂ ਐਂ ਵੀ ਠੀਕ ਆ। ਤੂੰ ਬਾਰ੍ਹ ਕਰੀ ਜਾਂਦੀ, 'ਉਹ' ਘਰ ਦਾ।

"ਘਰ–ਘੁਰ ਦਾ ਵੀ ਕੋਈ ਨਈਂ ਕਰਦੇ ਇਹ। ...ਬੱਸ ਘਰੇ ਆਪਣੀ ਬਾਗਵਾਨੀ ਬਗੈਰਾ...। ਦੇਖੀਂ ਕਿਤੇ ਆ ਕੇ, ਕਿਮੇਂ ਸਬਜੀਆਂ, ਫੁੱਲ, ਫਲ਼ ਮਹਿਕਣ ਲਾਏ ਇਹਨਾਂ। ਅਖੇ ਮੈਂ ਤੈਨੂੰ ਆਰਗੈਨਿਕ ਫ਼ਲ਼–ਸਬਜੀਆਂ ਖਿਲਾਣੇ।"

"ਇਹ ਤਾਂ ਚਲੋ ਸ਼ੌਕੀਆ ਤੌਰ 'ਤੇ ਕਰੀ ਜਾਂਦੇ ਪਰ ਤੂੰ ਬਾਰ੍ਹ ਵੀ ਕਰੇਂ ਤੇ ਘਰਦਾ ਵੀ, ਇਹ ਤਾਂ ਜ਼ਨਾਨੀ 'ਤੇ ਜੁਲਮ ਹੋਇਆ। ...ਮੈਂ ਤਾਂ ਕਹਿਨੀ ਆਂ, ਉਹਨੂੰ ਤੇਰੇ ਪੈਰ ਧੋ ਕੇ ਪੀਣੇ ਚਾਹੀਦੇ ਤੇ ਤੇਰੇ ਮੂੰਹ 'ਚ ਬੁਰਕੀਆਂ ...।"

"ਉਹਦੇ ਪੈਰ ਵੀ ਮੈਂ ਹੀ ਧੋਨੀਂ ਆਂ ਤੇ ਬੁਰਕੀਆਂ ਵੀ ਮੈਂ ਹੀ ਉਹਦੇ ਮੂੰਹ 'ਚ ...।"

"ਹੈਂ, ਫਿੱਟੇ ਮੂੰਹ ਤੇਰੇ! ਇਹ ਤਾਂ ਉਲਟੀ ਗੰਗਾ ਵਹਿਣ ਡਹੀ। ਮੈਂ ਦੇਖ ਲਿਆ, ਤੇਰਾ ਕੁਛ ਨਈਂ ਹੋ ਸਕਦਾ। ... ਨਾਲ਼ੇ ਗੱਲ ਸੁਣ– ਤੂੰ ਕਿਉਂ ਇਹਦੇ ਸਿਰ 'ਤੇ ਬੈਠੀ। ਐਟੋਮੈਟਿਕ ਗੱਡੀਆਂ ਅੱਜ ਕਲ। ਚਲਾਣੀਆਂ ਬੜੀਆਂ ਸੌਖੀਆਂ, ਸਿੱਖ ਕਿਉਂ ਨਈਂ ਲੈਂਦੀ? ਮੈਨੂੰ ਲਗਦੈ, ਗੱਡੀ ਨਾ ਆਣ ਕਰਕੇ, ਤੈਨੂੰ ਉਹਨੇ ਆਪਣਾ ਗੁਲਾਮ ਬਣਾਇਆ ਹੋਇਆ।

"ਕੀ ਕਰਾਂ, ਨਈਂ ਸਿੱਖਣ ਦਿੰਦੇ। ਕਹਿੰਦੇ ਤੈਨੂੰ ਚੁੱਕ ਕੇ ਲਿਆਣ 'ਚ ਮੈਨੂੰ ਮਜ਼ਾ ਈ ਬੌਤ੍ਹ ਆਂਦਾ।

"ਰਹਿਣ ਦੇ ਰਹਿਣ ਦੇ, ਸਮਝ ਗਈ ਆਂ। ...ਅੱਛਾ, ਉਂ ਇਸ 'ਪ੍ਰਿਥਵੀ ਰਾਜ' ਨਾਲ਼ ਤੇਰਾ ਪੇਚਾ ਕਿਮੇਂ ਪਿਆ ?"

"ਆਹੀ, ਤੇਜੋ ਮੇਰੀ 'ਮਾਂ' ! ਜੋ ਕਰ ਲਏ ਥੋੜ੍ਹਾ।"

"ਨਈਂ, ਨਾਲ਼ੇ ਤੂੰ ਕਹਿੰਦੀ ਸੀ ਕਿ ਮੈਂ ਉਹਨੂੰ ਲਿਖ ਕੇ ਦੇ ਦਿੱਤਾ ਸੀ– ਹੁਣ ਮੁੜ ਮੈਂ ਵਿਆਹ ਨਈਂ ਕਰਾਣਾ, ਫੇ ...?"

"ਆਹੋ ਲਿਖ ਕੇ ਦਿੱਤਾ ਸੀ ਪਰ ਇਹ ਤਿੱਖੋ ਮਰਾਣੀ, ਮੇਰੇ ਵਿਆਹ ਤੋਂ ਪਹਿਲਾਂ, ਆਪਣਾ ਵਿਆਹ ਨਾ ਕਰਾਣ ਲਈ ਅੜੀ ਬੈਠੀ ਸੀ, ਤਾਂ ਮੈਨੂੰ ...। ਅਖੇ ਪਹਿਲਾਂ ਤੂੰ। 'ਤੂੰ–ਤੂੰ' ਕਰਦੀ ਆਪਣੀ ਗੱਡੀ ਵੀ ਲੇਟ ਕਰੀ ਜਾਂਦੀ। ਇਸ 'ਤੂੰ–ਤੂੰ' ਦੇ ਚੱਕਰ 'ਚ ਮੈਨੂੰ ਲਿਖ ਕੇ ਦੇਣਾ ਪਿਆ ਕਿ ਮੈਂ ਮੁੜ ਵਿਆਹ ਨਈਂ ਕਰਾਣਾ। ਤਾਂ ਜਾ ਕੇ ਆਪਣੇ ਵਿਆਹ ਨੂੰ ਮੰਨੀ।"

"ਫੇ ਤੂੰ ਇਸ 'ਡਰੈਵਰ' ਨਾਲ਼ ਕਰਾਣ ਨੂੰ ਕਿਉਂ ਮੰਨੀ ?"

"ਮੈਂ ਕਾਹਨੂੰ ਮੰਨੀ। ਇਹ ਤੇਜੋ ਨੂੰ ਤੂੰ ਨੇੜੇ ਸਮਝਦੀ। ਆਪਣੇ ਸ਼ਰਾਰਤੀ ਜਿਹੇ ਪਤੀ ਨੂੰ ਇਹਨੇ

ਨਕੇਲ ਪਾ ਕੇ ਰੱਖਿਆ ਹੋਇਆ।"

ਇਹ ਮੇਰੇ 'ਡਰੈਵਰ' ਸਾਬ੍ਹ, ਭਾਈ ਜੋਧ ਸਿੰਘ, ਮੇਰੀ ਤਿੱਖੋ ਦੇ ਜੇਠ ਈ ਆ। ਪਹਿਲਾਂ ਪੰਦਰਾਂ ਸਾਲ ਬਿਦੇਸ਼ਾਂ 'ਚ ਧੱਕੇ ਖਾਧੇ ਪਰ ਵਿਆਹ ਨਈਂ ਕਰਵਾਇਆ। ਜਦ ਕਿਤੇ ਇੱਧਰ ਆਏ ਤਾਂ ਤੇਜੋ ਨੂੰ ਕਹਿੰਦੇ, ਮੈਨੂੰ ਤੇਰੀ ਭੈਣ ਯੋਗਤਾ ਬੌਤ੍ਹ ਸੋਹਣੀ ਲਗਦੀ। ਇਹਨੇ ਮੇਰੀ 'ਮਾਂ' ਤਿੱਖੋ, ਚਲਾਕੋ ਦਰਾਣੀ ਨੇ ਇਹਨੂੰ ਮੇਰੇ ਮਗਰ ਤੁਣ-ਤੁਣ ਕਰਨ ਲਾ ਤਾ। ਮੈਂ ਨਾ-ਨਾ ਕਰਦੀ ਅੱਗੇ-ਅੱਗੇ, ਇਹ ਮੇਰਾ ਅਲਾਪ ਕਰਦਾ ਪਿੱਛੇ-ਪਿੱਛੇ। ਇਹਨੂੰ ਤਾਂ ਨਾ ਭੁੱਖ ਨਾ ਥਿਆ। ਜਦ ਅਲਾਪ ਕਰਦੇ ਦਾ ਗਲ਼ਾ ਸੁੱਕਣ 'ਤੇ ਆਇਆ ਤਾਂ ਤਿੱਖੋ ਨੇ ਮੇਰਾ 'ਦਾਵ੍ਹਾ ਲ਼ਿਖਿਆ ਪਾੜ ਦਿੱਤਾ ਅਤੇ ਧਾਹਾਂ ਮਾਰਦੀ ਮੇਰੇ ਗਲ਼ ਆ ਲੱਗੀ- ਅਖੇ ਮਰ ਜਾਣੀਏਂ, ਮੇਰੇ ਜੇਠ ਦੀ ਜਾਨ ਲੈ ਕੇ ਹਾਂ ਕਰੇਂਗੀ। ... ਇਸੇ ਦੌਰਾਨ, ਕਿਤੇ ਭਰਾ-ਭਰਜਾਈ ਨੂੰ ਭਿਣਕ ਪੈ ਗਈ। ਉਹ ਕੈਣ ਇਹ ਹੋ ਈ ਨਈਂ ਸਕਦਾ। ਸਾਨੂੰ ਬਾਰ੍ਹਲਿਆਂ 'ਤੇ ਭਰੋਸਾ ਕੋਈ ਨਈਂ। ਅਖੇ ਇਹਦੀ ਤਾਂ ਵੈਸੇ ਵੀ ਉਮਰ ਪੱਕੀ ਵੀ, ਇਹ ਤਾਂ ਪੱਕਾ ਵਿਆਇਆ ਵਰ੍ਹਿਆ ਹਊ, ਸਾਥੋਂ ਲਿਖਾ ਲਉ। ਪਰ ਮੈਨੂੰ ਆਪਣੀ 'ਮਾਂ' ਤੇਜੋ 'ਤੇ ਭਰੋਸਾ ਜਿਆਦਾ। ਮੈਂ ਆਪਣੀ ਪਤੰਗ ਦੀ ਡੋਰ ਉਹਦੇ 'ਤੇ ਸੁੱਟੀ ਹੋਈ। ਭਰਾ-ਭਰਜਾਈ, ਦੋਹਾਂ ਨੇ ਕਿਸੇ ਨੂੰ ਪੁੱਛਿਆ ਨਾ ਗਿੱਛਿਆ। ਆਪੇ ਇਕ ਹੋਰ ਅਧਖੜ੍ਹ, ਤਲਾਕਸ਼ੁਦਾ ਲੱਭ ਕੇ ਪੱਕੀਆਂ ਵੀ ਪਕਾ ਲਈਆਂ। ਮੈਨੂੰ ਉਦੋਂ ਪਤਾ ਲੱਗਾ ਜਦੋਂ ਬਿਨਾਂ ਕੋਈ ਧੂੰ ਕੱਢਿਆਂ, ਸਿੱਧਾ ਲਾਵਾਂ 'ਤੇ ਬਿਠਾਉਣ ਦਾ ਪ੍ਰੋਗਰਾਮ ਬਣਾ ਲਿਆ। ਮੇਰੀ ਤਿੱਖੋ ਨੂੰ ਵੀ ਉਦੋਂ ਤੱਕ ਕੋਈ ਖ਼ਬਰ ਨਾ। ...ਬੱਸ, ਉਹਨੂੰ ਖ਼ਬਰ ਪਹੁੰਚਾਉਣ ਦੀ ਦੇਰ, ਉਹਨੇ ਘੜੀ-ਘੰਟੇ 'ਚ ਐਸਾ ਜਾਲ਼ ਬੁਣਿਆਂ ਕਿ...। ਮੇਰੇ 'ਇਹ' ਆਪਣੀ ਗੱਡੀ ਲੈ ਕੇ ਆਏ, ਨਾਲ਼ ਤਿੱਖੋ ਮਰਾਣੀ, ਮੇਰੀ ਦਰਾਣੀ। ਕਦੋਂ ਮੈਨੂੰ ਉਹ ਪ੍ਰਿਥਵੀ ਰਾਜ ਵਾਂਗ ਉੜਾ ਕੇ ਲੈ ਗਏ, ਭਰਾ-ਭਰਜਾਈ ਇਕ-ਦੂਜੇ ਦਾ ਮੂੰਹ ਦੇਖਦੇ ਰਹਿ ਗਏ। ਤੇ ਇਹਨਾਂ ਨੇ ਬਣਾਏ ਪ੍ਰੋਗਰਾਮ ਅਨੁਸਾਰ, ਮੈਨੂੰ ਸਿੱਧਾ ਲਾਵਾਂ 'ਤੇ ਜਾ ਬਿਠਾਇਆ।

"ਰੈਣ੍ਹ ਦੇ ਰੈਣ੍ਹ ਦੇ, ਕਿਸੇ ਹੋਰ ਨੂੰ ਚਾਰੀਂ। ਤੂੰ ਕੋਈ ਬੌਤ ਹੂਰ ਪਰੀ ਸੀ। ਜਿਹੜਾ ਬਾਰ੍ਹ ਰਿਹਾ, ਉਹਦੇ ਮਗਰ ਹੋਰ .....।"

"ਹਾਂ, ਇਕ ਦੀ ਥਾਂ ਵੀ ਤਿੰਨ-ਤਿੰਨ ...। ਪਹਿਲਾਂ ਇਕ ਗੋਰੀ, ਫਿਰ ਕਾਲ਼ੀ, ਹੋਰ ਇਕ ਫਿਲਪੀਨਣ ਪਰ ਟਿਕਾ ਆਇਆ ਮੇਰੇ ਜਿਹੀ ਦੇਸੀ ਦੀ ਬੁੱਕਲ਼ 'ਚ। ਗੋਰੀ, ਕਾਲ਼ੀ, ਫੀਨ੍ਹੀ, ਸਭ ਮੇਰੇ ਅੱਗੇ ਫਿੱਕੀਆਂ ਪੈ ਗਈਆਂ। ਹੁਣ ਤਾਂ ਤੂੰਬਾ ਲੈ ਕੇ ਮੇਰੇ ਦੁਆਲ਼ੇ ਹੀ ਤੁਣ-ਤੁਣ ...।"

"ਆਹੋ, ਤੈਨੂੰ ਫੂਕ ਦੇ ਕੇ, ਤੈਥੋਂ ਝੱਲੀ ਜਿਹੀ ਤੋਂ ਬਾਰ੍ਹ ਫੈਕਟਰੀਆਂ 'ਚ ਕੰਮ ਕਰਵਾਈ ਜਾਂਦਾ, ਆਪ ਤੂੰਬੇਂ ਵਜਾਈ ਜਾਂਦਾ।"

"ਪਰ ਸਿਰਫ਼ ਮੇਰੇ ਨਾਂ ਦੇ। ਇਹਨੂੰ ਹੀ ਤਾਂ ...।"

"ਪਿਆਰ ਕਹਿੰਦੇ।" ਆਖਿਰ ਗੀਤਾ ਦੇ ਮੂੰਹੋਂ ਨਿਕਲ਼ ਹੀ ਗਿਆ ਜੋ ਮੈਂ ਕਢਾਉਣਾ ਚਾਹੁੰਦੀ ਸੀ। ਅਸੀਂ ਦੋਵੇਂ ਇਕ-ਦੂਜੇ ਨੂੰ ਕੰਙੜੀਆਂ ਪਾ ਕੇ ਹੱਸਦੀਆਂ, ਫੈਕਟਰੀ 'ਚੋਂ ਬਾਰ੍ਹ ਨੂੰ ਆਉਣ ਹੀ ਲੱਗੀਆਂ ਸਾਂ ਕਿ ਮੇਰੇ 'ਡਰੈਵਰ' ਸਾਬ੍ਹ ਨੇ ਪਰਿਉਂ ਇਸ਼ਾਰਾ ਕੀਤਾ। ਮੈਂ ਗੀਤਾ ਨੂੰ 'ਬਾਏ-ਬਾਏ' ਕਰਦੀ ਚਲਦੀ ਬਣੀ। ਮੇਰੇ ਦਿਲ ਦੇ ਰਾਜਾ ਸਾਬ੍ਹ ਨੇ ਮੁਸਕਰਾਦਿਆਂ ਬਾਰੀ ਖੋਲ੍ਹੀ। ਮੈਂ ਉਹਦੇ ਵੱਲ ਨੂੰ ਆਪਣੀ ਜ਼ੁਲਫ਼ ਲਹਿਰਾਈ ਤੇ ਖਹਿ ਕੇ ਨਾਲ਼ ਆ ਬੈਠੀ। ਗੀਤਾ ਉਦੋਂ ਤੱਕ ਦੇਖਦੀ ਰਹੀ, ਜਦ ਤੱਕ ਮੇਰੇ 'ਪ੍ਰਿਥਵੀ' ਮੈਨੂੰ ਉਡਾ ਕੇ ਲਿਜਾਂਦੇ, ਉਹਦੀਆਂ ਅੱਖਾਂ ਤੋਂ ਓਲ੍ਹੇ ਨਾ ਹੋ ਗਏ।

**(ਸੰਪਰਕ-94659-52938)**

ਕਹਾਣੀ

# ਮੂਰਤਾਂ ਜਦ ਬੋਲੀਆਂ



**ਹਰਮੇਸ਼ ਮਾਲੜੀ**

ਫਿਰਨੀ ਤੋਂ ਛੱਪੜ੍ਹ ਵੱਲ ਨੂੰ ਰੇੜ੍ਹ ਉੱਤਰਦਿਆਂ ਹੀ ਜਿੰਦਰ ਪੰਚਣੀ ਦੀ ਨਿਗ੍ਹਾ ਦੂਜੇ ਕੰਢੇ 'ਤੇ ਢੂਣ ਮਟਾਣੇ ਜਿਹੇ ਬੈਠੇ ਧੀਰੇ 'ਤੇ ਜਾ ਪਈ, ਮਖੌਲਣ ਜਿੰਦਰ ਨੇ ਸਵੇਰ ਵਾਲੇ ਰੌਂਅ 'ਚ ਹੀ ਬੰਦੂਕ ਦੀ ਗੋਲੀ ਵਰਗਾ ਬੋਲ ਸਿੱਧਾ, ਧੀਰੇ ਵੱਲ ਵਗਾਤਾ ਮਾਰਿਆ "ਵੇ ਠਾਂਹ ਆ...ਜਾ... ਗੱਡੀਆਂ ਦੀ ਪੀਂ ਪੀਂ 'ਅਈਥੋਂ ਵੀ ਸੁਣਦੀ ਆ...ਐਵੇਂ ਕਿਤੇ.. ਕੋਈ ਡੋਲੀ ਵਾਲੀ ਗੱਡੀ ਦੇਖ ਕੇ ... ਗਸ਼ੀ ਨਾ ਪੁਵਾ ਲਈ.." ... ਜਿੰਦਰ ਪੰਚਣੀ ਦੀ ਗੱਲ ਸੁਣਕੇ, ਨਰੇਗਾ ਵਰਕਰ ਬੀਬੀਆਂ ਖਿੜਖਿੜਾ ਕੇ ਹੱਸ ਪਈਆਂ। ਪਰ ਛੱਪੜ੍ਹ ਦੇ ਦੂਜੇ ਕੰਢੇ, ਮਿੱਟੀ ਦੀ ਢੇਰੀ 'ਤੇ ਬੈਠਾ ਧੀਰਾ ਉਵੇਂ ਜਿਵੇਂ ਚੁਪ ਰਿਹਾ...ਉਸ ਨਾ ਜਿੰਦਰ ਵੱਲ ਦੇਖਿਆ...ਨਾ ਉਹਦੀ ਗੱਲ ਦਾ ਹੁੰਗਾਰਾ ਭਰਿਆ।

ਜਿੰਦਰ ਨੂੰ ਕੁਝ ਅੱਚਵੀ ਜਿਹੀ ਹੋਈ "ਹੈਂ! ਇਹ ਤਾਂ ਮੈਨੂੰ ਦੇਖ ਕੇ ਫੁੰਮਣੀਆਂ ਪਾਉਂਦਾ ਹੁੰਦਾ...ਅੱਜ ਇਹਨੂੰ ਕੀ ਹੋਇਆ?...ਬੈਠਾ ਤਾਂ ਦੇਖ! ਜਿੱਦਾਂ ਕੁੜੀ ਦੱਬ ਕੇ ਆਇਆ ਹੁੰਦਾ..." ਆਪਣੇ ਆਪ ਨਾਲ ਹੀ ਗੱਲਾਂ ਕਰਦੀ ਕਰਦੀ, ਉਹ ਹੇਠਾਂ ਤਲ 'ਤੇ ਪਹੁੰਚ ਗਈ, ਜਿਥੇ ਨਰੇਗਾ ਵਰਕਰ ਬੀਬੀਆਂ ਉਸੇ ਨੂੰ ਹੀ ਉਡੀਕਦੀਆਂ ਸਨ।

ਦਸਾਂ ਬਾਰ੍ਹਾਂ ਦਿਨਾਂ ਤੋਂ, ਪਿੰਡ ਦੀ ਬਾਹਰਲੀ ਫਿਰਨੀ ਲਾਗਲੇ; ਮੱਲਕਿਆਂ ਵਾਲੇ ਛੱਪੜ੍ਹ ਨੂੰ ਡੂੰਘਾ ਕਰਨ ਦਾ ਕੰਮ ਚੱਲ ਰਿਹਾ ਸੀ।...ਦਰਅਸਲ, ਪਿੰਡ ਦੇ ਬਾਹਰ-ਬਾਹਰ ਦੀ ਨਵੇਂ ਬਣੇ ਹਾਈਵੇ ਵਿਚ ਛੱਪੜ ਦਾ ਵਾਹਵਾ ਹਿਸਾ ਆਉਣ ਕਰਕੇ, ਛੱਪੜ ਦਾ ਰਕਬਾ ਘੱਟ ਗਿਆ ਸੀ ਤੇ ਹੁਣ ਰਹਿੰਦੇ ਹਿੱਸੇ ਨੂੰ ਡੂੰਘਾ ਕਰਨਾ ਪੰਚਾਇਤ ਦੀ ਫੌਰੀ ਲੋੜ ਬਣ ਗਈ ਸੀ।

...ਬਹੁਤਾ ਕੰਮ ਤਾਂ ਜੇਸੀਬੀ ਮਸ਼ੀਨ ਨਾਲ ਹੋ ਚੁੱਕਿਆ ਸੀ, ਰਹਿੰਦਾ ਕੰਮ ਨਿਬੇੜਨ ਲਈ, ਫਕੀਰ ਕਾ ਸੱਤੂ, ਮੱਲਕਿਆਂ ਦਾ ਧੀਰਾ ਤੇ ਪੰਦਰਾਂ ਸੋਲਾਂ ਔਰਤਾਂ ਲੱਗੀਆਂ ਹੋਈਆਂ ਸਨ, ਜਿੰਦਰ ਪੰਚਣੀ ਇਹਨਾਂ ਸਾਰਿਆਂ 'ਤੇ ਪੰਚਾਇਤ ਵਲੋਂ ਨਿਗਰਾਨ ਸੀ।

ਭਾਵੇਂ 'ਕਾਗਜ਼ਾਂ' ਵਿਚ ਜਿੰਦਰ ਵੀ ਨਰੇਗਾ ਮਜ਼ਦੂਰ ਹੀ ਸੀ ਪਰ ਉਹ ਕੰਮ ਨਹੀਂ ਸੀ ਕਰਦੀ...ਸਵੇਰੇ ਕੰਮ ਸ਼ੁਰੂ ਕਰਵਾ ਜਾਂਦੀ ਤੇ ਸ਼ਾਮ ਨੂੰ ਆ ਕੇ ਛੁੱਟੀ ਕਰ ਦੇਂਦੀ, ਬਸ! ਉਹਦਾ ਇਹੋ ਕੰਮ ਸੀ।...ਤੇ ਹੁਣ ਉਹ ਆਪਣੀ ਇਹੋ ਡਿਊਟੀ ਨਿਭਾਉਣ ਆਈ ਸੀ।...ਪਰ ਜਿਵੇਂ ਅਕਸਰ ਹੁੰਦਾ ਸੀ...ਉਹ ਆਉਂਦਿਆਂ ਹੀ ਧੀਰੇ ਨੂੰ ਚੇਡਾਂ ਕਰਨ ਲੱਗ ਪਈ, ਪਰ ਧੀਰਾ ਤਾਂ ਅੱਜ ਇਉਂ ਚੁੱਪ ਸੀ...ਜਿਵੇਂ ਉਹਨੂੰ ਦੇਖਣੋਂ ਸੁਣਨੋਂ ਹਟ ਗਿਆ ਹੋਵੇ। ਧੀਰੇ ਦੇ ਇਸ ਵਤੀਰੇ ਬਾਰੇ ਆਪਣੇ ਮਨ 'ਚ ਕੋਈ ਜਾਇਜਾ ਬਣਾਉਂਦਿਆਂ-ਬਣਾਉਂਦਿਆਂ ਜਿੰਦਰ ਹੇਠਾਂ ਤਲ ਤੱਕ ਪਹੁੰਚ ਗਈ ਜਿੱਥੇ ਬੀਬੀਆਂ ਬੜੀ ਬੇਸਬਰੀ ਨਾਲ ਉਸੇ ਨੂੰ ਉਡੀਕਦੀਆਂ ਸਨ।

ਅੱਸੂ ਦਾ ਆਖ਼ਰੀ ਪਾਹ ਹੋਣ ਕਰਕੇ, ਦਿਨ ਵੀ ਛੇਤੀ ਢਲਣ ਲੱਗ ਪਏ ਸਨ, ਘਰ ਜਾ ਕੇ ਚੁੱਲ੍ਹਾ ਚੌਂਕਾ ਕਰਨ ਦੀ ਕਾਹਲ਼ ਕਾਰਨ ਬੀਬੀਆਂ ਨੇ ਜਿੰਦਰ ਨੂੰ ਦੇਖਦਿਆਂ ਸਾਰ ਹੀ ਆਪਣੇ

ਬੱਠਲ ਸਾਫ਼ ਕਰਕੇ ਤਿਆਰੀ ਫੜ ਲਈ...ਉਹਦੇ ਤਲ 'ਤੇ ਪਹੁੰਚਦਿਆਂ ਹੀ, ਉਹਨਾਂ ਆਪੋ-ਆਪਣੇ ਈਨੂੰ ਬਗ਼ਲਾਂ 'ਚ ਲਏ ਤੇ ਖ਼ਾਲੀ ਬੱਠਲ ਹੱਥਾਂ 'ਚ ਫੜਕੇ ਉਹ ਫਿਰਨੀ ਵੱਲ ਨੂੰ ਰੇੜ੍ਹ ਚੜ੍ਹ ਗਈਆਂ। ਕਿਸੇ ਨੇ ਵੀ ਜਿੰਦਰ ਨੂੰ ਨਹੀਂ ਦੱਸਿਆ ਕਿ ਧੀਰਾ ਤਾਂ ਉਹਦੇ ਜਾਣ ਸਾਰ ਸਵੇਰ ਦਾ ਹੀ ਕੰਢੇ 'ਤੇ ਇਉਂ ਢੂਣ ਮਿਟਾਣਾ ਬੈਠਾ। ...ਫਕੀਰ ਕਾ ਸੱਤੂ, ਉਂ ਸਿੱਧਰਾ ਜਿਹਾ ਬੰਦਾ ਸੀ ਉਹ ਤਾਂ ਉਂ ਵੀ ਘੱਟ ਬੋਲਦਾ ਸੀ ਸਭ ਤੋਂ ਮਗਰੋਂ; ਮੋਢੇ 'ਤੇ ਕਹੀ ਰੱਖ ਉਹ ਰੇੜ੍ਹ ਚੜ੍ਹਿਆ। ਜਿੰਦਰ ਨੇ ਇਕ ਵਾਰ ਫਿਰ ਮੂੰਹ ਉਤਾਂਹ ਕਰਕੇ ਆਵਾਜ਼ ਦਿੱਤੀ "ਵੇ ਤੂੰ ਵੀ ਆਜਾ...ਕਿ ਤੇਰੇ ਲਈ ਹੁਣ ਵਾਜਾ ਲਿਆਵਾਂ..."

ਪਰ ਧੀਰਾ ਚੁਪ! ਨਾ ਹੂੰ ਨਾ ਹਾਂ...!!

"ਇਹ ਉਥੇ ਕੀਹਨੂੰ, ਬੈਠਾ ਤਾੜਦਾ? ਪਲ ਦੀ ਪਲ ਜਿੰਦਰ ਨੇ ਸੋਚਿਆਂ, ਪਰ ਦੂਜੇ ਹੀ ਪਲ ਉਸ ਆਪਣੇ ਆਪ ਨੂੰ ਆਪੇ ਜਵਾਬ ਦਿੱਤਾ 'ਬੈਠਾ ਹੋਣਾ ਕਿਸੇ ਮਾਰ 'ਤੇ..." ਕਹਿਕੇ ਜਿੰਦਰ ਉੱਠ ਖਲੋਈ...ਤੇ ਸੱਤੂ ਦੇ ਮਗਰੇ ਹੀ ਰੇੜ੍ਹ ਚੜ੍ਹ ਕੇ ਕੱਚੀ ਫਿਰਨੀ 'ਤੇ ਜਾ ਚੜ੍ਹੀ...ਸ਼ੋਹਲ਼ੇ ਕਦਮੀਂ ਤੁਰਦੀ ਉਹ ਛੇਤੀ ਹੀ ਅੱਖਾਂ ਤੋਂ ਓਝਲ ਹੋ ਗਈ! ....ਪਰ ਧੀਰਾ 'ਹਜੇ ਵੀ ਉਥੇ ਹੀ ਬੈਠਾ, ਆਪਣੇ ਆਲੇ-ਦੁਆਲੇ ਨੂੰ ਇਉਂ ਦੇਖੀ ਜਾ ਰਿਹਾ ਸੀ, ਜਿਵੇਂ ਕਿਸੇ ਓਪਰੀ ਤੇ ਡਰਾਉਣੀ ਜਗ੍ਹਾ ਨੂੰ ਪਹਿਲੀ ਵਾਰ ਦੇਖ ਰਿਹਾ ਹੋਵੇ!

...ਉਹਦੀ ਇਹ ਮਨੋਦਸ਼ਾ ਅੱਜ ਸਵੇਰ ਤੋਂ ਹੀ ਬਣੀ ਹੋਈ ਸੀ।...ਅੱਜ ਸਵੇਰੇ ਵਾਪਰੀ ਘਟਨਾ ਨੇ ਉਹਨੂੰ ਅੰਤਾਂ ਦਾ ਉਦਾਸ ਕਰ ਦਿੱਤਾ ਸੀ...ਏਨਾ ਉਦਾਸ ਕਿ ਹਰ ਪਲ ਔਰਤ ਜਾਤ ਦਾ ਸਾਥ ਲੋਚਣ ਵਾਲਾ ਧੀਰਾ, ਅੱਜ ਔਰਤਾਂ ਤੋਂ ਵਿੱਥ ਬਣਾ ਕੇ...ਪਰਾਂ ਮਿੱਟੀ ਦੀ ਉੱਚੀ ਢੇਰੀ 'ਤੇ ਬੈਠਿਆਂ ਬੈਠਿਆਂ, ਮਿੱਟੀ ਵਾਂਗ ਬੇਜਾਨ ਹੋ ਗਿਆ ਸੀ...ਚਾਹ ਕੇ ਉਹ ਉਥੋਂ ਉੱਠ ਨਹੀਂ ਸੀ ਸਕਿਆ। ਹੁਣ ਜਿਉਂ ਜਿਉਂ ਸਮਾਂ ਬੀਤਦਾ ਜਾ ਰਿਹਾ ਸੀ ਉਹਦੀ ਅਵਾਜ਼ਾਰੀ ਵਧਦੀ ਜਾਂਦੀ ਸੀ। ਉਮਰ ਦੇ ਛੇਵੇਂ ਦਹਾਕੇ 'ਚ ਜੀਅ ਰਹੇ ਧੀਰੇ ਨੇ ਪਹਿਲਾਂ ਕਦੇ ਅਜਿਹੀ ਆਵਾਜ਼ਾਰੀ ਨਹੀਂ ਹੰਢਾਈ... ਉਸ ਹੁਣ ਤਕ ਜ਼ਿੰਦਗੀ ਵਿਚ ਰੰਗ ਤਮਾਸ਼ੇ ਹੀ ਦੇਖੇ ਸਨ। ...ਹਾਲਾਤ ਨੇ ਭਾਵੇਂ ਉਹਨੂੰ ਜ਼ਮੀਨ ਮਾਲਕ ਤੋਂ ਨਰੇਗਾ ਮਜ਼ਦੂਰ ਬਣਾ ਦਿੱਤਾ ਸੀ ਪਰ ਉਹ ਇਸ 'ਜੌਬ' ਨੂੰ ਵੀ ਰੰਗ ਤਮਾਸ਼ਾ ਹੀ ਸਮਝਦਾ ਸੀ।...ਅੱਜ ਸਵੇਰ ਤੱਕ ਵੀ, ਉਹ 'ਤੀਆਂ, ਵਾਂਗ ਦਿਨ ਕੱਟ ਰਿਹਾ ਸੀ।...ਪਰ ਅੱਜ ਸਵੇਰੇ ਗਿਆਰਾਂ ਵਜੇ ਵਾਲੀ ਚਾਹ ਪੀਂਦਿਆਂ...ਜਿੰਦਰ ਨੇ ਜਿਹੜਾ ਉਹਦੇ ਨਾਲ ਮਜ਼ਾਕ 'ਖੇਡਿਆ' ਸੀ ਉਹਨੇ ਧੀਰੇ ਦੀ 'ਅਸਮਾਨੇ ਚੜ੍ਹੀ ਖ਼ਿਆਲੀ ਪੀਂਘ' ਦਾ ਰੱਸਾ ਅੱਧ ਵਿਚਕਾਰੋਂ ਵੱਢ ਸੁੱਟਿਆ ਸੀ। ਸੁਤੇ ਸਿਧ, ਹਾਸੇ ਮਜ਼ਾਕ ਵਿਚ ਹੋਈ ਇਸ ਖੇਡ ਨੇ ਉਹਦੇ ਪੂਰੇ ਵਜੂਦ ਨੂੰ ਝੰਜੋੜ ਸੁੱਟਿਆ ਸੀ, ਉਦੋਂ ਹੀ ਮਲਕੜੇ ਜਿਹੇ ਉੱਠਕੇ, ਉਹ ਛੱਪੜ ਦੇ ਦੂਜੇ ਕੰਢੇ 'ਤੇ ਜਾ ਬੈਠਿਆ ਸੀ।...ਜਿਥੇ ਉਹਦੇ ਮਨ 'ਚ...ਉਹਦਾ ਅਤੀਤ ਤੇ ਵਰਤਮਾਨ ਗੁੱਥਮ ਗੁੱਥਾ ਹੋ ਰਹੇ ਸਨ।

ਇਕੋ ਗੱਲ 'ਬਰਮੇ ਵਾਂਗੂੰ ਉਹਦੇ ਮਨ 'ਤੇ ਝਰੀ' ਪਾਈ ਜਾਂਦੀ ਸੀ "ਆਖ਼ਰ, ਜਿੰਦਰ ਨੂੰ ਇਹ ਕੀ ਸੁੱਝੀ?...ਉਹਨੇ ਮੇਰੇ ਨਾਲ ਏਦਾਂ ਕਿਉਂ ਕੀਤੀ?" ਘਟਨਾ ਦੇ ਉਸ ਪਲ ਨੂੰ ਯਾਦ ਕਰਕੇ, ਉਹਦੇ ਧੁਰ ਅੰਦਰੋਂ ਚੀਕ ਉੱਠਦੀ ਪਰ ਸੰਘ ਤਾਈਂ ਆ ਕੇ ਰੁਕ ਜਾਂਦੀ...ਪਰ ਉਹ ਰੋ ਨਾ ਸਕਿਆ!

ਡੇੜ ਪੌਣੇ ਦੋ ਸਾਲ ਹੋਗੇ ਸਨ ਨਵੀਂ ਪੰਚਾਇਤ ਬਣੀ ਨੂੰ, ਉਦੋਂ ਤੋਂ ਹੀ, ਇਹੋ ਵੀਹ ਬਾਈ ਬੰਦੇ ਬੁੜੀਆਂ ਦੀ ਟੋਲੀ ਨਰੇਗਾ ਸਕੀਮ ਤਹਿਤ ਕੰਮ ਕਰਦੀ ਸੀ।...ਕੁਝ ਬੰਦੇ ਜਮ੍ਹਾਂ ਈ ਹੰਭੇ ਹੋਏ ਬੁੱਢੇ ਕਾਮੇ ਸਨ ਜਿਹਨਾਂ ਨੂੰ ਸਰਪੰਚ ਨੇ ਬੂਟਿਆਂ ਨੂੰ ਪਾਣੀ ਦੇਣ ਲਈ ਰੱਖਿਆ ਹੋਇਆ ਸੀ, ਬਾਕੀ

ਔਰਤਾਂ ਤੇ ਧੀਰੇ ਹੋਰੀ-ਕਦੇ ਸੜਕਾਂ ਕੰਢੇ ਬਰਮਾਂ 'ਤੇ ਮਿੱਟੀ ਪਾਉਂਦੇ, ਕਦੇ ਖ਼ਾਲ ਘੜਦੇ...ਤੇ ਕਦੇ ਬੂਟੇ ਲਾਉਂਦੇ।...ਵਿਚ ਵਿਚ ਕਈ ਕਈ ਮਹੀਨੇ ਕੰਮ ਬੰਦ ਵੀ ਹੋ ਜਾਂਦਾ ਸੀ...ਫਿਰ ਸ਼ੁਰੂ ਹੋ ਜਾਂਦਾ। ਧੀਰਾ, ਆਪੂੰ ਪ੍ਰਧਾਨ ਬਣਿਆ ਇਉਂ ਵਿਹਾਰ ਕਰਦਾ ਜਿਵੇਂ ਉਹ ਪੰਚਾਇਤੀਆ ਹੋਏ...ਮਤੇ ਕੰਮ ਉਹਦੀ ਨਿਗਰਾਨੀ ਹੇਠ ਹੋ ਰਿਹਾ ਹੋਵੇ...ਬਦੋਬਦੀ ਔਰਤਾਂ ਦੀਆਂ ਗੱਲਾਂ 'ਚ ਹੁੰਗਾਰੇ ਭਰਦਾ...ਠਰਕ ਭੋਰਦਾ...ਗੁੱਝੀਆਂ ਲਪੇਟਮੀਆਂ ਮਸ਼ਕਰੀਆਂ ਕਰਦਾ...ਪਰ ਕਿਸੇ ਵੀ ਔਰਤ ਨੇ ਉਹਨੂੰ ਕਦੇ 'ਘਾਹ' ਨਹੀਂ ਸੀ ਪਾਇਆ।




...ਇਕ ਜਿੰਦਰ ਹੀ ਸੀ, ਜਿਹੜੀ ਉਹਦੇ ਨਾਲ ਖੁੱਲ੍ਹੀ ਹੋਈ ਸੀ।...ਹੈ ਤੇ ਭਾਵੇਂ ਜਿੰਦਰ ਵੀ ਉਹਦੇ ਨਾਲੋਂ ਉਮਰ 'ਚ ਵਾਹਵਾ ਛੋਟੀ ਸੀ, ਪਰ ਜਦ ਉਹ ਧੀਰੇ ਨੂੰ, 'ਵੇ ਧੀਰਿਆ' ਕਹਿ ਕੇ ਬੁਲਾਉਂਦੀ ਤਾਂ ਧੀਰੇ ਨੂੰ ਆਪਣਾ-ਆਪ ਜਵਾਨ-ਜਵਾਨ ਲੱਗਦਾ। ਖੁੱਲ੍ਹੇ ਸੁਭਾਅ ਤੇ ਬੇਪ੍ਰਵਾਹ ਤਬੀਅਤ ਵਾਲੀ ਜਿੰਦਰ ਦੀ, ਧੀਰੇ ਨੂੰ ਇਸੇ ਕਰਕੇ ਦੋਏ ਵੇਲੇ ਉਡੀਕ ਹੁੰਦੀ ਸੀ।

ਗੱਲ ਬੜੀ ਅਜੀਬ ਸੀ ਬਾਕੀ ਦੀਆਂ ਔਰਤਾਂ ਧੀਰੇ ਦੀਆਂ ਛੋਟੀਆਂ ਵੱਡੀਆਂ ਭਰਜਾਈਆਂ ਲਗਦੀਆਂ ਸਨ ਪਰ ਜਿੰਦਰ ਤਾਂ ਇਸ ਪਿੰਡ ਦੀ ਕੁੜੀ ਸੀ। ਚਿਰ ਹੋਇਆ, ਉਹ ਆਪਣੇ ਸ਼ਰਾਬੀ ਪਤੀ ਨੂੰ ਛੱਡ, ਆਪਣੇ ਦੋਏ ਬੱਚੇ ਲੈ ਕੇ ਪੇਕੀਂ ਆ ਗਈ ਸੀ, ਮੁੜ ਉਸ ਸਹੁਰਿਆਂ ਦੇ ਪਿੰਡ ਵੰਨੀ ਮੂੰਹ ਨਹੀਂ ਸੀ ਕੀਤਾ। ਪੇਕੀਂ ਆ ਕੇ, ਉਹ ਮਾਪਿਆਂ 'ਤੇ ਬੋਝ ਨਹੀਂ ਸੀ ਬਣੀ, ਮਿਹਨਤ ਮੁਸ਼ੱਕਤ ਕਰਦਿਆਂ, ਉਸ ਆਪਣੇ ਬੱਚੇ ਵੀ ਪਾਲ਼ੇ ਸਨ ਤੇ ਆਪਣੇ ਚਾਅ ਮਲ੍ਹਾਰ ਵੀ ਮਰਨ ਨਹੀਂ ਸੀ ਦਿੱਤੇ। ਮੁੰਡੇ ਕੁੜੀਆਂ ਦੇ ਰਿਸ਼ਤੇ ਕਰਾਉਂਦਿਆਂ ਕਰਾਉਂਦਿਆਂ, ਵਿਆਹਾਂ ਸ਼ਾਦੀਆਂ 'ਚ ਨੱਚਣ ਗਾਉਣ ਦੀ ਉਹਨੂੰ ਏਨੀ ਮੁਹਾਰਤ ਹੋ ਗਈ ਸੀ...ਬਈ ਮੁਹੱਲੇ ਦੇ ਕਿਸੇ ਵੀ ਵਿਆਹ ਦਾ 'ਪਿੜ੍ਹ ਉਹਤੋਂ ਬਿਨ੍ਹਾਂ ਬੱਝਦਾ ਈ ਨਹੀਂ ਸੀ...ਖ਼ਾਸ ਕਰ, ਜਦੋਂ ਉਹ ਠਰਕੀ ਬੰਦਿਆਂ ਦਾ ਸਾਂਗ ਧਾਰ ਕੇ ਨੱਚਦੀ ਗਾਉਂਦੀ ਤੇ ਨਾਲ ਨਾਲ ਐਕਟਿੰਗ ਕਰਦੀ ਤਾਂ ਔਰਤਾਂ ਵੀ ਦੰਦਾਂ ਥੱਲੇ ਜੀਭ ਦੇ ਲੈਂਦੀਆ।

...ਰੰਗ ਤੇ ਭਾਵੇਂ ਜਿੰਦਰ ਦਾ ਵੀ ਸਾਂਵਲਾ ਹੀ ਸੀ ਪਰ ਉਹਦੇ ਗੋਲ ਮਟੋਲ ਚਿਹਰਾ ਤੇ ਵੱਡੀਆਂ ਕਾਲੀਆਂ, ਹਸੂੰ ਹਸੂੰ ਕਰਦੀਆਂ ਅੱਖਾਂ, ਝੱਟ ਦੇਖਣ ਵਾਲੇ ਨੂੰ ਮੋਹ ਲੈਂਦੀਆਂ ਸਨ, ਭਰਵੇਂ ਗੁੰਦਵੇਂ ਸਰੀਰ 'ਤੇ ਛਾਤੀਆਂ ਦੇ ਉੱਭਰੇ ਉਭਾਰਾਂ ਕਰਕੇ, ਉਹਦੀ ਵੱਟਤ, ਚਾਲ਼ੀਆਂ ਦੀ ਹੋ ਕੇ ਵੀ ਜਵਾਨ ਕੁੜੀਆਂ ਵਰਗੀ ਸੀ।

...ਇਹ ਨਰੇਗਾ ਵਾਲਾ ਕੰਮ ਤਾਂ ਹੁਣ ਉਹਦੇ ਵਾਧੂ ਦੇ ਕੰਮਾਂ ਵਿਚ ਸੀ...ਉਹਦਾ ਅਸਲ ਕੰਮ ਤਾਂ ਹੁਣ, ਪਿੰਡੋਂ ਵਿਦੇਸ਼ੀਂ ਗਏ ਕੁਝ ਪਰਿਵਾਰਾਂ ਦੇ ਘਰਾਂ ਦੀ ਦੇਖ ਭਾਲ ਕਰਨਾ ਸੀ...ਜਦੋਂ ਵਲੈਤੀਏ ਇਧਰ ਆਉਂਦੇ ਤਾਂ ਜਿੰਦਰ 'ਮੀਨ੍ਹਾ 'ਮੀਨ੍ਹਾ ਉਹਨਾਂ ਦੇ ਘਰੀਂ ਰਹਿੰਦੀ, ਇਸ ਗੱਲੋਂ ਬਿਲਕੁਲ ਬੇਪ੍ਰਵਾਹ... ਬਈ ਲੋਕ ਉਹਦੇ ਬਾਰੇ ਕੀ ਸੋਚਦੇ ਹਨ... ਫਿਰ ਵੀ ...ਐਤਕੀਂ ਪੰਚੀ ਦੀ ਚੋਣ, ਉਸ 'ਲੜ੍ਹਕੇ' ਜਿੱਤੀ ਸੀ!

...ਧੀਰੇ ਦੀ ਉਹਦੇ ਨਾਲ ਬੋਲ ਚਾਲ, ਪੰਚਾਇਤੀ ਚੋਣਾਂ ਵੇਲੇ ਹੀ ਹੋਈ ਸੀ। ਅਸਲ 'ਚ ਜਿੰਦਰ ਨੂੰ, ਜੀਤੇ ਸਰਪੰਚ ਦੇ ਧੜੇ ਨੇ 'ਖੜ੍ਹਾ' ਕੀਤਾ ਸੀ...ਤੇ ਧੀਰਾ ਉਦੋਂ ਜੀਤੇ ਸਰਪੰਚ ਨਾਲ 'ਗੰਨਮੈਨ' ਵਾਂਗ ਰਹਿੰਦਾ ਸੀ। ਜੀਤੇ ਦੇ ਨਾਲ ਆਉਂਦਿਆ ਜਾਂਦਿਆ ਹੀ ਧੀਰੇ ਨੇ ਜਿੰਦਰ ਨਾਲ

ਵਾਹਵਾ ਬੋਲ ਚਾਲ ਵਧਾ ਲਈ ਸੀ। ਖ਼ੈਰ ਜਿੰਦਰ ਲਈ ਇਹ ਕੋਈ ਖਾਸ ਗੱਲ ਨਹੀਂ ਸੀ ਪਰ ਧੀਰੇ ਲਈ ਇਹ ਬੜੀ ਖ਼ਾਸ ਗੱਲ ਸੀ। 'ਵੱਡੀ ਉਮਰ ਦੇ ਛੜੇ ਬੰਦੇ ਦੀ ਜਵਾਨ ਕੁੜੀ ਨਾਲ ਬੋਲਚਾਲ...'

ਵੈਸੇ ਧੀਰਾ ਵਿਆਹੋਂ ਖੁੰਝਿਆ ਹੋਇਆ ਨਹੀਂ ਸੀ। ਇਹ ਤਾਂ ਉਹਦੇ ਮਾਂ-ਬਾਪ ਦੇ ਜਿਉਂਦਿਆ ਹੀ ਤਹਿ ਸੀ, ਬਈ ਧੀਰੇ ਹੋਰਾਂ ਦੇ ਵਿਆਹ ਹੋਣੇ ਹੀ ਨਹੀਂ। ਇਸ ਨਾਉਮੀਦੀ ਨੂੰ ਧੀਰੇ ਨੇ ਸਵੀਕਾਰ ਤਾਂ ਕਰ ਲਿਆ ਸੀ ਪਰ ਔਰਤ ਜਾਤ ਦਾ ਸਾਥ ਮਾਨਣ ਦੀ ਉਹਦੀ ਤਮ੍ਹਾ ਅਜੇ ਵੀ ਮੱਠੀ ਨਹੀਂ ਸੀ ਪਈ। ਨਰੇਗਾ ਮਜ਼ਦੂਰੀ ਵਾਲੀ ਇਹ 'ਜੌਬ' ਉਸ ਔਰਤਾਂ ਨਾਲ ਕੰਮ ਕਰਨ ਖ਼ਾਤਿਰ ਹੀ ਸਵੀਕਾਰੀ ਸੀ, ਉਂਝ ਤੇ ਸਾਰੀ ਉਮਰ ਉਸ ਕੰਮ ਨੂੰ 'ਹੱਥ' ਨਹੀਂ ਸੀ ਲਾਇਆ। ਉਦੋਂ ਜੀਤੇ ਨੇ ਉਹਨੂੰ ਚਮ੍ਹਲਾਉਣ ਲਈ ਕਿਹਾ ਸੀ "ਤੂੰ ਕੋਈ ਕੰਮ ਥੋੜੋਂ ਕਰਨਾ...ਤੂੰ ਤਾਂ ਨਿਗ੍ਹਾ ਸ਼ਾਨੀ ਕਰਨੀ ਆ" ਪਰ ਪਿਛੋਂ, ਪੰਚਾਇਤ ਦੀ ਧੜੇਬੰਦੀ ਕਾਰਨ ਸਰਪੰਚ ਨੇ ਇਹ ਕੰਮ ਜਿੰਦਰ ਨੂੰ ਸੌਂਪ ਦਿੱਤਾ ਸੀ। ਧੀਰੇ ਲਈ ਇਹ ਵੀ ਗਨੀਮਤ ਸੀ, ਇਸ ਬਹਾਨੇ, ਸਵੇਰੇ ਸ਼ਾਮ ਜਿੰਦਰ ਨਾਲ 'ਮਿੱਠੀਆਂ ਸਲੂਣੀਆਂ' ਹੋ ਜਾਂਦੀਆਂ ਸਨ!

ਪਿਛਲੇ ਡੇੜ ਪੌਣੇ ਦੋ ਸਾਲਾਂ ਤੋਂ ਇਵੇਂ ਹੀ ਚਲਦਾ ਆ ਰਿਹਾ ਸੀ। ਪਰ ਜਿੱਦਣ ਦਾ ਮੱਲਕਿਆ ਵਾਲੇ ਛੱਪੜ ਨੂੰ ਡੂੰਘਾ ਕਰਨ ਦਾ ਕੰਮ ਸ਼ੁਰੂ ਹੋਇਆ ਸੀ...ਧੀਰਾ ਕਿਸੇ ਹੋਰ ਈ ਵਿਸਮਾਦੀ ਰੌਂਅ ਵਿਚ ਵਿਚਰ ਰਿਹਾ ਸੀ...ਉਹਦੇ ਮਨ ਵਿਚ, ਕਿਤੇ ਇਹ ਡੂੰਘਾ ਅਹਿਸਾਸ ਜਾਗਿਆ ਹੋਇਆ ਸੀ, ਬਈ; ਜਿਵੇਂ ਕਿਤੇ ਇਹ ਛੱਪੜ ਹੁਣ ਵੀ ਉਹਨਾਂ ਦੀਆਂ ਪੈਲੀਆਂ ਵਿਚ ਹੋਵੇ...ਤੇ ਇਹ ਮਜ਼ਦੂਰ ਔਰਤਾਂ ਉਹਨਾਂ ਦੇ ਛੱਪੜ 'ਚੋਂ ਕਾਲੀ ਚੀਕਣੀ ਮਿੱਟੀ ਲੈਣ ਆਈਆਂ ਹੋਣ।...ਗਲ਼ ਇਕੱਲੀ ਬੁਨੈਣ ਪਾਈ ਤੇ ਤੇੜ ਸਾਫ਼ਾ ਲਾਈ, ਉਹ ਔਰਤਾਂ ਦੇ ਬੱਠਲਾਂ 'ਚ ਮਿੱਟੀ ਦੀਆਂ ਕਹੀਆਂ ਭਰ ਭਰ ਉਲੱਦਿਆਂ...ਇਸੇ ਮਾਲਕੀ ਰੌਂਅ 'ਚ ਉਹਨਾਂ ਦੇ ਹੋਰ ਨੇੜੇ ਹੋ ਹੋ...ਉਹਨਾਂ ਦੇ ਗਲ਼ਮਿਆਂ ਵੰਨੀ ਝਾਕਦਾ...ਬਦੋਬਦੀ ਉਹਨਾਂ ਦੇ ਸਿਰਾਂ 'ਤੇ ਬੱਠਲ ਧਰਨ ਤੱਕ ਜਾਂਦਾ!

...ਦਰਅਸਲ, ਮੱਲ ਸਿੰਘ ਧੀਰੇ ਦਾ ਦਾਦਾ ਸੀ, ਜੀਹਦੇ ਨਾਂ 'ਤੇ ਇਹ ਛੱਪੜ ਮੱਲਕਿਆਂ ਵਾਲਾ ਛੱਪੜ ਵੱਜਦਾ ਸੀ। ਵਾਹਵਾ ਕਿੱਲੇ ਸਵਾ ਕਿੱਲੇ 'ਚ ਫੈਲਰਿਆ ਇਹ ਛੱਪੜ ਹੈ ਤਾਂ ਪੰਚਾਇਤੀ ਰਕਬੇ ਵਿਚ ਸੀ ਪਰ ਆਲੇ ਦੁਆਲੇ ਪੰਦਰਾਂ ਸੋਲਾਂ ਕਿੱਲੇ, ਮੱਲ ਸਿੰਘ ਦੀ ਮਾਲਕੀ ਹੋਣ ਕਰਕੇ, ਛੱਪੜ 'ਤੇ ਵੀ ਉਹਨਾਂ ਦਾ ਹੀ ਕਬਜ਼ਾ ਸੀ। ਜਦੋਂ ਤੱਕ ਮੱਲ ਸਿੰਘ ਤੇ ਉਹਦਾ ਪੁੱਤਰ ਹਜੂਰਾ ਸਿੰਘ ਜਿਉਂਦੇ ਰਹੇ ਉਹਨਾਂ ਪਿੰਡ ਦੀਆਂ ਨਾਲ਼ੀਆਂ ਦਾ ਪਾਣੀ, ਛੱਪੜ ਵਿਚ ਨਹੀਂ ਸੀ ਪੈਣ ਦਿੱਤਾ।...

ਖ਼ੈਰ, ਹੁਣ ਨਾ ਮੱਲ ਸਿੰਘ ਰਿਹਾ ਸੀ ਨਾ ਹਜੂਰਾ ਸਿੰਘ, ਇਹ ਪੈਲ਼ੀਆਂ ਵੀ ਹੁਣ ਕਿਸੇ ਹੋਰ ਦੇ ਨਾਂਵੇ ਸਨ....ਪਰ ਛੱਪੜ 'ਤੇ ਕੰਮ ਕਰਦਿਆਂ ਧੀਰੇ ਦੇ ਧੁਰ ਮਨ ਵਿਚ ਕਿਧਰੇ ਮਾਲਕੀ ਜਾਗ ਪਈ ਸੀ!

ਧੀਰੇ ਦੇ ਜਵਾਨ ਹੁੰਦਿਆ ਤੱਕ ਵੀ ਇਸ ਛੱਪੜ 'ਤੇ ਉਹਨਾਂ ਦਾ ਹੀ ਕਬਜ਼ਾ ਸੀ।....ਛੱਪੜ ਦੀ ਕਾਲੀ ਚੀਕਣੀ ਮਿੱਟੀ ਨੂੰ, ਮਜ਼ਦੂਰ ਔਰਤਾਂ ਕੋਠਿਆਂ ਦੀਆਂ ਛੱਤਾਂ ਲਿੱਪਣ ਤੇ ਚੁੱਲ੍ਹੇ ਭੱਠੀਆਂ ਬਣਾਉਣ ਲਈ...ਚੋਰੀ ਛਿਪੇ ਇਥੋਂ ਹੀ ਪੁੱਟਦੀਆਂ ਸਨ!

...ਉਦੋਂ ਇਹ ਛੱਪੜ, ਬਰਸਾਤੀ ਛੱਪੜ ਹੁੰਦਾ ਸੀ। ਫਿਰਨੀ ਵਾਲੇ ਪਾਸਿਓਂ ਤਾਂ ਛੱਪੜ ਬੇਮਾਲੂਮਾਂ ਜਿਹਾ ਹੀ ਡੂੰਘਾ ਸੀ ਪਰ ਚੜ੍ਹਦੇ ਤੇ 'ਪਹਾੜ' ਵਾਲੇ ਪਾਸੇ, ਜਿਧਰ, ਧੀਰੇ ਕੇ ਖੇਤ ਸਨ, ਛੱਪੜ ਵਾਹਵਾ ਡੂੰਘਾ ਸੀ।....ਉੱਚੇ ਖੇਤਾਂ 'ਚੋਂ ਪਾਣੀ ਦੇ ਲਗਾਤਾਰ ਰਿਸਾਅ ਕਰਕੇ, ਇਧਰਲੇ ਪਾਸੇ ਨੜ੍ਹਿਆਂ ਦੇ ਵਾਹਵਾ ਸੰਘਣੇ ਜਾੜ੍ਹੇ ਸਨ ਜਿਹੜੇ ਸਾਰਾ ਸਾਲ ਹਰੇ ਰਹਿੰਦੇ ਸਨ, ਮਿੱਟੀ 'ਚ ਸਿਲ੍ਹ

ਹੋਣ ਕਰਕੇ ਔਰਤਾਂ, ਇਧਰਲੇ ਪਾਸਿਓਂ ਹੀ ਮਿੱਟੀ ਪੁੱਟਦੀਆਂ ਸਨ। ਜਦ ਉਹਨਾਂ ਮਿੱਟੀ ਲੈਣ ਆਉਣਾ ਤਾਂ ਨੜ੍ਹਿਆਂ ਦੇ ਸੰਘਣੇ ਜਾੜਾਂ ਪਿੱਛਿਓਂ ਧੀਰਾ ਜਾਂ ਉਹਦੇ ਭਰਾ 'ਛਲੇਡੇ' ਵਾਂਗ ਪ੍ਰਗਟ ਹੋ ਜਾਂਦੇ ਸਨ...ਔਰਤਾਂ, ਇਹਨਾਂ ਨੂੰ ਦੇਖ ਕੇ ਹਿਰਨੀ ਵਾਂਗੂੰ ਸਹਿਮ ਜਾਂਦੀਆਂ! ਅਗੋਂ ਇਹ ਧੀਰੇ ਹੋਰਾਂ ਦੀ ਮਰਜ਼ੀ 'ਤੇ ਨਿਰਭਰ ਸੀ...ਉਹ ਚਾਹੁੰਣ ਤਾਂ ਆਪ ਪੁੱਟ ਕੇ ਮਿੱਟੀ ਦੇਣ...ਉਹ ਚਾਹੁੰਣ ਤਾਂ ਭਰੇ ਭਰਾਏ...ਬੱਠਲ ਮੂਧੇ ਕਰਵਾ ਲੈਣ... ਇਸੇ ਗੱਲੋਂ ਕਈ ਵਾਰ ਉਹਨਾਂ ਦੀ ਵਿਹੜੇ ਵਾਲਿਆਂ ਨਾਲ ਲੜਾਈ ਵੀ ਹੋਈ ਸੀ ਤੇ ਪੰਚਾਇਤਾਂ ਵੀ ਹੋਈਆਂ ਸਨ... ਪਰ ਧੀਰੇ ਹੋਰੀਂ ਛੱਪੜ 'ਤੇ ਆਪਣਾ ਹੱਕ ਜਤਾਉਂਦੇ ਕਿਸੇ ਨੂੰ ਦਵਾਲ਼ ਨਹੀਂ ਸੀ।

ਹਜੂਰਾ ਸਿੰਘ ਆਪਦੇ ਮੁੰਡਿਆਂ ਨੂੰ ਗਾਲ੍ਹਾਂ ਕੱਢਦਾ, ਝੱਈਆਂ ਲੈ ਲੈ ਪੈਂਦਾ... "ਓਏ ਕੰਜਰੋ ਉਹ ਵੇਹਲੜੋਂ ਜਿਹੜੇ ਚਾਰ ਸਿਆੜ੍ਹ ਬਚੇ ਆ...ਸਾਂਭ ਲਓਂ...ਅੱਗੇ 'ਤਾਡੇ ਬਾਬੇ ਨੇ...."

ਹੁਣ ਹਜੂਰਾ ਸਿੰਘ ਆਪਣੇ ਪੁੱਤਾਂ ਨੂੰ ਕੀ ਦੱਸੇ ਬਈ...ਇਹਨਾਂ ਸਿਆੜਾਂ ਨੂੰ ਬਚਾਉਣ ਲਈ ਤਾਂ ਉਸ ਆਪਣੇ ਬਾਪ ਨੂੰ ਆਪ ਮਾਰਿਆ ਸੀ।

ਉਂਝ ਇਹ ਗੱਲ ਸਾਰਾ ਪਿੰਡ ਜਾਣਦਾ ਸੀ... ਮੱਲ ਸਿੰਘ ਵੈਲੀ ਬੰਦਾ ਸੀ। ਸੰਤਾਲੀ ਦੇ ਰੌਲ਼ਿਆ ਵੇਲੇ, ਭਾਵੇਂ ਉਹਦੀ ਉਮਰ ਹੱਟਵੀਂ ਸੀ....ਪਰ ਜਦ ਪੰਜਾਬ 'ਚ ਦੋਈਂ ਪਾਸੀਂ ਵੱਢ ਮਾਰ ਦਾ ਮਾਹੌਲ ਬਣਿਆਂ ਤਾਂ ਮੱਲ ਸਿੰਘ ਨੇ...ਆਪਣੇ ਵੈਲੀ ਯਾਰਾਂ ਨੂੰ ਕੱਠੇ ਕਰਕੇ ਆਵਦਾ ਇਕ ਟੋਲਾ ਬਣਾ ਲਿਆ, ਇਸ ਟੋਲੇ ਨੇ ਉੱਜੜ ਰਹੇ ਮੁਸਲਮਾਨਾਂ ਦੀ ਵੱਢ ਟੁਕ ਵੀ ਕੀਤੀ ਤੇ ਉਹਨਾਂ ਦਾ ਮਾਲ ਅਸਵਾਬ੍ਹ ਵੀ ਲੁੱਟਿਆ, ਕਈ ਮੁਸਲਮਾਨ ਤੀਵੀਂਆਂ ਇਸ ਟੋਲੇ ਨੇ ਉਧਾਲੀਆ ਸਨ!

ਉਦੋਂ ਦੋਹੀਂ ਪਾਸੀਂ ਹੋ ਰਹੀ ਕਤਲੋਗਾਰਦ ਕਾਰਨ, ਅਜਿਹੇ ਬੰਦਿਆਂ ਨੂੰ ਧਰਮੀ ਬੰਦੇ ਹੀ ਸਮਝਿਆ ਜਾਂਦਾ ਸੀ! ਤੇ ਮੱਲ ਸਿੰਘ ਦੀ ਵੀ ਉਦੋਂ ਨੇੜਲੇ ਪਿੰਡਾਂ ਵਿਚ ਧਾਂਕ ਪੈ ਗਈ ਸੀ!

...ਮਾਹੌਲ ਸ਼ਾਂਤ ਹੋਇਆ ਤੋਂ ਵੀ ਮੱਲ ਸਿੰਘ ਦੇ ਇਹੋ ਚਾਲੇ ਸਨ...ਉਹਦੀ ਡੰਗਰਾਂ ਵਾਲੀ ਹਵੇਲੀ 'ਚ ਰੋਜ਼, ਮੁਰਗੇ ਰਿੱਝਦੇ ਤੇ ਸ਼ਰਾਬਾਂ ਪੀਤੀਆਂ ਜਾਂਦੀਆਂ।

....ਆਪਣੇ ਮਾਂ-ਪਿਉ ਦੀ ਇਕਲੌਤੀ ਔਲਾਦ ਹੋਣ ਕਰਕੇ...ਮੱਲ ਸਿਹੁੰ ਨੇ ਖੇਤੀ ਕੰਮ ਨੂੰ ਤਾਂ ਕਦੇ ਹੱਥ ਨਹੀਂ ਸੀ ਲਾਇਆ, ਆਪਣੀ ਜ਼ਮੀਨ ਉਸ ਸ਼ੁਰੂ ਤੋਂ ਹੀ ਪ੍ਰੀਤਮ ਸਿੰਘ ਕਿਆ ਨੂੰ ਹਾਲ਼ੇ 'ਤੇ ਦੇ ਛੱਡੀ ਸੀ ਤੇ ਆਪ ਕਲੀਆ ਵਾਲੇ ਕੁੜਤੇ ਤੇ ਧੂਵੇਂ ਚਾਦਰੇ ਬੰਨ੍ਹੀਂ, ਉਹ ਮੇਲੇ ਛਿੰਝਾਂ ਦੇਖਦਾ...!

ਹੌਲੀ ਹੌਲੀ ਲੁੱਟ ਦਾ ਮਾਲ ਖ਼ਤਮ ਹੋ ਗਿਆ।...ਕੁਝ ਵੈਲ਼ ਪੁਣੇ 'ਚ ਕੀਤੇ ਲੜਾਈਆਂ ਝਗੜਿਆਂ ਕਾਰਨ, ਅਦਾਲਤੀ ਗੇੜਿਆਂ ਨੇ ਮੱਲ ਸਿੰਘ ਦੀ ਜੇਬ ਖ਼ਾਲੀ ਕਰਤੀ ਤੇ ਬਾਕੀ, 'ਮੋਟੀ' ਅਫ਼ੀਮ ਖਾਣ ਦੀ ਉਹਦੀ ਆਦਤ ਨੇ ਅੱਧੀ ਜ਼ਮੀਨ ਵਿਲੇ ਲਾ ਦਿੱਤੀ ਸੀ!

ਅੱਗੋਂ ਹਜੂਰਾ ਸਿੰਘ ਵੀ, ਮੱਲ ਸਿੰਘ ਦਾ 'ਕੱਲਾ 'ਕੱਲਾ ਪੁੱਤ ਸੀ ਪਰ ਹਜੂਰੇ ਦੀ ਆਵਦੀ ਕਬੀਲਦਾਰੀ ਵੱਡੀ ਸੀ...ਦੋ ਕੁੜੀਆਂ ਤੇ ਤਿੰਨ ਮੁੰਡੇ...ਮੱਲ ਸਿੰਘ ਤਾਂ ਤੇਜੀ ਨਾਲ ਜ਼ਮੀਨ 'ਫੂਕੀ' ਜਾ ਰਿਹਾ ਸੀ, ਪ੍ਰੀਤਮ ਸਿੰਘ ਉਹਦੀ ਡੱਬੀ 'ਚੋਂ ਅਫ਼ੀਮ ਮੁੱਕਣ ਨਹੀਂ ਸੀ ਦਿੰਦਾ।...ਹਜੂਰਾ ਸਿੰਘ ਨੇ ਆਪਣੀ ਘਰਵਾਲੀ ਨਾਲ ਰਾਇ ਕਰਕੇ ਇਕ ਰਾਤ ਦਾਲ-ਸਬਜ਼ੀ ਵਿਚ ਪਾ ਕੇ ਕੁਝ ਅਜਿਹਾ ਦਿੱਤਾ ਬਈ ਮੱਲ ਸਿੰਘ, ਸਵੇਰੇ ਉੱਠਿਆ ਨਾ।

...ਇਕ ਅਰਸਾ ਬੀਤ ਗਿਆ ਸੀ। ਬਚੇ ਸੱਤ ਕਿੱਲਿਆਂ 'ਚ ਵਾਹੀ ਬੀਜੀ ਕਰਕੇ ਹਜੂਰੇ ਨੇ ਬੱਚੇ ਤਾਂ ਪਾਲ਼ ਲਏ ਸਨ ਪਰ ਅੱਗੋਂ ਉਹਨੂੰ ਜ਼ਮੀਨ ਬਚਦੀ ਨਹੀਂ ਸੀ ਦਿੱਸਦੀ!...ਉਹਦੇ ਮੁੰਡੇ ਤਾਂ

ਕੰਮ ਨੂੰ ਹੱਥ ਨਹੀਂ ਸੀ ਲਾਉਂਦੇ...ਵੱਡਾ ਦਿਆਲ ਤਾਂ ਆਪਣੇ ਦਾਦੇ ਤੋਂ ਵੀ 'ਦੋ ਰੱਤੀਆਂ' ਉਤਾਂਹ ਨਿਕਲਿਆ ਸੀ, ਧੀਰੇ 'ਤੇ ਉਦੋਂ ਕੌਡੀ ਖੇਡਣ ਦਾ ਭੂਤ ਸਵ੍ਹਾਰ ਸੀ। ਵਿਚਕਾਰਲਾ ਮਨਜੀਤ ਪਿਉ ਨਾਲ ਕੁਝ 'ਹੱਥ ਪੱਲਾ' ਪਵਾਉਂਦਾ ਸੀ ਜੀਹਦੇ ਆਸਰੇ ਹਜ਼ੂਰਾ ਸਿੰਘ ਘਰ ਦਾ ਗੁਜਾਰਾ ਤੋਰੀ ਜਾਂਦਾ ਸੀ....ਪਰ ਦੋਏ ਕੁੜੀਆਂ ਬੂਹਿਓਂ 'ਠਾਲਣ ਲਈ ਉਹਨੂੰ ਦੋ ਕਿੱਲੇ ਹੋਰ ਬੈਅ ਕਰਨੇ ਪਏ ਸਨ!

ਹਜ਼ੂਰਾ ਸਿੰਘ ਜਾਣਦਾ ਸੀ ਬਈ ਬਚੇ ਪੰਜ ਕਿੱਲਿਆਂ ਨਾਲ ਤਿੰਨੇ ਮੁੰਡੇ ਵਿਆਹੇ ਨੀ ਜਾਣੇ, ਇਸੇ ਕਰਕੇ ਉਸ ਵਿਚਕਾਰਲੇ ਮਨਜੀਤ 'ਤੇ ਇਕ ਦਾਅ ਖੇਡਿਆ ਸੀ!

ਮਨਜੀਤ ਲਈ ਇਕ ਐਸੇ ਘਰੋਂ ਰਿਸ਼ਤਾ ਆਇਆ ਸੀ। ਜਿਹਨਾਂ, ਘਰ ਜਵਾਈ ਬਣਨ ਦੀ ਸ਼ਰਤ 'ਤੇ ਕੁੜੀ ਵਿਆ੍ਹਉਣੀ ਮੰਨੀ ਸੀ।...ਕੁੜੀ ਦੀਆਂ ਦੋ ਭੈਣਾਂ ਹੋਰ ਸਨ ਤੇ ਨੌਂ ਕਿੱਲੇ ਪੈਲੀ ਸੀ!

ਹਜ਼ੂਰਾ ਸਿੰਘ ਨੇ ਸੋਚਿਆ ਸੀ ਬਈ ਸਾਲ ਖੰਡ ਉਥੇ ਰਹਿ ਕੇ ਮਨਜੀਤ ਮੁੜ ਆਊਗਾ...ਤਿੰਨ ਕਿੱਲੇ ਨੂੰਹ ਵਾਲੇ ਤਾਂ ਪੱਕੇ ਆ...ਜੇ ਕਿਤੇ ਉਹ ਛੋਟੀ ਕੁੜੀ ਦਾ ਰਿਸ਼ਤਾ ਧੀਰੇ ਨੂੰ ਕਰਨਾ ਮੰਨ ਗਏ, ਫਿਰ ਤਾਂ 'ਪੰਜੇ ਘਿਓ 'ਚ!....

ਪਰ ਹੋਇਆ, ਬਿਲਕੁਲ ਹਜ਼ੂਰੇ ਦੀ ਸੋਚ ਦੇ ਉਲਟ...ਮਨਜੀਤ ਸਹੁਰੀਂ ਜਾ ਕੇ...ਸਹੁਰਿਆਂ ਦਾ ਹੀ ਹੋ ਗਿਆ, ਅਜੇ ਦੋ ਕੁ ਸਾਲ ਬੀਤੇ ਸਨ ਮਨਜੀਤ ਦੀਆਂ ਕਾਲਜ ਪੜ੍ਹਦੀਆਂ ਦੋਏ ਸਾਲੀਆਂ ਦੇ ਰਿਸ਼ਤੇ ਇਕੋ ਘਰੇ ਇੰਗਲੈਂਡ 'ਚ ਹੋ ਗਏ।...ਉਹਦੇ ਸੱਸ ਸਹੁਰੇ ਨੇ ਬੜੀ ਆਜਜੀ ਨਾਲ ਮਨਜੀਤ ਨੂੰ ਕਿਹਾ "ਮਨਜੀਤ ਸਿੰਹਾਂ...'ਬਾਹਰਲਿਆਂ' ਨੇ ਪੈਲੀਆਂ ਕੀ ਕਰਨੀਆਂ, ਉਹਨਾਂ ਕੋਲ ਤਾਂ ਆਵਦੀ 'ਜੈਦਾਤ ਬਥੇਰੀ ਆ...ਹੁਣ ਸਭ ਕੁਝ ਤੇਰਾ ਈ ਆ...ਬਸ ਸਾਡੀ ਸੇਵਾ ਕਰ..."

ਮਨਜੀਤ ਨੂੰ ਇਹ ਪੱਕ ਸੀ ਬਈ ਕੁਝ ਸਾਲਾਂ ਤਾਈਂ ਸੱਸ ਸਹੁਰੇ ਨੇ ਵੀ ਵਲੈਤ ਜਾ ਵੜਨਾ, ਫੇਰ ਤੇ ਪੱਕਾ ਸਭ ਕੁਝ ਉਸੇ ਦਾ ਹੀ ਸੀ...ਇਧਰ, ਉਹਨੂੰ ਆਪਣੇ ਭਰਾਵਾਂ ਦੇ 'ਚਾਲੇ' ਪਤਾ ਹੀ ਸੀ, ਉਸ ਘਰ ਪਰਤਣ ਦੀ ਬਜਾਏ...ਆਪਣੇ ਵਾਲਾ ਹਿੱਸਾ ਲੈ ਕੇ ਵੀ ਪ੍ਰੀਤਮ ਕਿਆ ਨੂੰ ਬੈਅ 'ਕਰਾਤਾ!

ਮੁੜ ਉਸ ਪਿੰਡ ਵੱਲ ਕਦੇ 'ਮੂੰਹ' ਨਾ ਕੀਤਾ। ਮਨਜੀਤ ਦੇ ਇਉਂ ਪਰਾਇਆ ਹੋ ਜਾਣ 'ਤੇ ਹਜ਼ੂਰਾ ਸਿੰਘ ਨੇ ਮੰਜਾ ਮੱਲ ਲਿਆ..ਇਕ ਮਨਜੀਤ ਹੀ ਉਸ ਦਾ ਕਮਾਊ ਪੁੱਤ ਸੀ ਉਸੇ ਦਾ ਹੀ ਉਹਨੂੰ ਸਹਾਰਾ ਸੀ...ਉਹ ਵੀ ਬੇਮੁਖ ਹੋ ਗਿਆ...। ਕੁਝ ਮਹੀਨਿਆਂ ਵਿਚ ਹੀ ਸੁੱਕ ਕੇ ਤਾਂਬਾ ਬਣਿਆ ਹਜ਼ੂਰਾ, ਜਹਾਨੋ ਕੂਚ ਕਰ ਗਿਆ!

ਹਜ਼ੂਰੇ ਦੇ ਅੱਖਾਂ 'ਮੀਟਦਿਆਂ' ਹੀ ਦਿਆਲ ਨੇ ਸਕੀਮਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ, ਸਭ ਤੋਂ ਪਹਿਲਾਂ ਉਸ ਸਾਰੇ ਡੰਗਰ ਪਸ਼ੂ ਵੇਚੇ...ਫਿਰ ਉਸ ਧੀਰੇ ਨੂੰ ਮਨਾਉਣਾ ਸ਼ੁਰੂ ਕੀਤਾ..."ਧੀਰਿਆ ਹੁਣ...ਏਨੀ ਕੁ ਪੈਲੀ 'ਚ ਕੀ ਵਾਹੀ ਕਰਾਂਗੇ...ਵੇਚ ਕੇ ਕਿਤੇ ਮੰਡ ਵੱਲ 'ਜਾਦੀ ਪੈਲੀ ਲੈ ਲਈਏ..."

ਧੀਰਾ ਕਿਹੜਾ ਕੰਮ ਕਰਨਾ ਚਾਹੁੰਦਾ ਸੀ...ਉਸ ਝੱਟ ਹਾਂ ਕਰ ਦਿੱਤੀ।...ਪ੍ਰੀਤਮ ਸਿੰਘ ਕਿਆਂ ਨੇ ਪਾਧਾ ਨਾ ਪੁੱਛਿਆ, ਸਣੇ ਖੂਹ ਰੈਣੇ ਉਹਨਾਂ ਬਚਦੀ ਸਾਰੀ ਪੈਲੀ ਖਰੀਦ ਲਈ!

ਪੈਸੇ ਹੱਥ ਆਉਂਦਿਆ ਹੀ ਦਿਆਲ ਨੇ ਪਹਿਲਾ ਜੀਪ ਖਰੀਦੀ...ਪੰਜ ਛੀ ਮਹੀਨੇ ਉਹ ਆਪਣੇ ਯਾਰਾਂ ਬੇਲੀਆ ਨੂੰ ਨਾਲ ਲੈ ਕੇ ਇਧਰ ਓਧਰ ਜੀਪ ਭਜਾਈ ਫਿਰਦਾ ਰਿਹਾ, ਇਧਰ ਧੀਰਾ ਵੀ ਨਿੱਤ ਨਵੇਂ ਕੱਪੜੇ ਪਾਈ ਆਪਣੇ ਯਾਰਾਂ ਬੇਲੀਆਂ ਨਾਲ ਗਲੀਆਂ 'ਚ ਹੇਲੀਆਂ ਦਿੰਦਾ ਫਿਰਦਾ!...

ਛਈਂ ਕੁ ਮਹੀਨੀਂ ਦਿਆਲ ਨੇ ਨਵੀਂ ਸਕੀਮ ਕੱਢ ਲਈ..."ਧੀਰਿਆ ਮੈਂ ਤਾਂ ਫਿਰ ਫਿਰ ਹੰਭ ਗਿਆ...ਮੰਡ 'ਚ ਕਿਹੜਾ ਜ਼ਮੀਨਾਂ ਸਸਤੀਆਂ, ਆਪਾਂ ਸ਼ਹਿਰ 'ਚ ਪਲਾਟ ਲੈ ਲਈਏ...ਸੁੱਕਾ

ਸਾਵਾਂ ਕੰਮ ਆ...ਲੋਹੜੇ ਦੇ ਪੈਸੇ...”

ਧੀਰੇ ਨੂੰ ਏਦਾਂ ਦਾ ਕੰਮ ਹੀ ਚਾਹੀਦਾ ਸੀ...ਜਿਥੇ ਹੱਥੀਂ ਕੰਮ ਨਾ ਕਰਨਾ ਪਵੇ ਉਸ ਝੱਟ ਹਾਮੀ ਭਰ ਦਿੱਤੀ।

ਦਿਆਲ ਨੇ ਕੁਝ ਪਲਾਟ ਖਰੀਦੇ ਵੇਚੇ...ਜਿਹਨਾਂ ’ਚੋਂ ਉਹਨੂੰ ਚੰਗੇ ਪੈਸੇ ਬਚ ਗਏ...ਪਰ ਸਭ ਤੋਂ ਵੱਧ, ਉਹਨੂੰ ਇਹ ਫਾਇਦਾ ਹੋਇਆ ਵੀ ਇਸ ਕਾਰੋਬਾਰ ਵਿਚ ਉਹਨੂੰ ਏਦਾਂ ਦੇ ਬੰਦੇ ‘ਟੱਕਰ’ ਪਏ, ਜਿੱਦਾਂ ਦੇ ਉਹ ਭਾਲਦਾ ਸੀ।...ਇਹਨਾਂ ਬੰਦਿਆਂ ਦੀ ਪੁਲੀਸ ਅਫ਼ਸਰਾਂ ਤੇ ਸਰਕਾਰੇ ਦਰਬਾਰੇ ਪਹੁੰਚ ਸੀ। ਕਬਜ਼ਿਆ, ਰੌਲ਼ੇ ਗੌਲੇ ਵਾਲੀਆਂ ਜ਼ਮੀਨਾਂ ਪਲਾਟਾਂ ਦੇ ਸੌਦੇ ਕਰਕੇ...ਉਹ ਪੁਲੀਸ ਤੇ ਅਫ਼ਸਰਸ਼ਾਹੀ ਨੂੰ ਭੇਟਾ ਦਿੰਦੇ ਤੇ ਚੰਗੇ ਪੈਸੇ ਕਮਾਉਂਦੇ...ਪੈਸੇ ਦਿਆਲ ਕੋਲ ਹੈਗੇ ਸੀ...ਵਾਕਫ਼ੀ ਉਹਨਾਂ ਬੰਦਿਆ ਦੀ ਹੈਗੀ ਸੀ! ਦਿਆਲ ਰੌਲ਼ੇ ਗੌਲੇ, ਕਬਜਿਆਂ ਵਾਲੇ, ਪਲਾਟ ਹੀ ਖਰੀਦਦਾ ਜਿਹਨਾਂ ’ਚ ਵੱਧ ਮੁਨਾਫ਼ਾ ਹੁੰਦਾ! ‘ਸ਼ਹਿਰ’ ਦਿਆਲ ਦੇ ‘ਰਾਸ’ ਆ ਗਿਆ ਸੀ। ਪਿੰਡ ’ਚ ਉਹਦੀ ‘ਗੁੱਡੀ’ ਚੜ੍ਹ ਗਈ ਸੀ।

ਦਿਆਲ ਸੱਥ ’ਚ ਫੜਾਂ ਮਾਰਦਾ...ਅੱਜ ਮੇਰੀ ਫਲਾਂ ਥਾਣੇਦਾਰ ਨਾਲ ਪਾਰਟੀ ਸੀ...ਓਹ ਫ਼ਲਾਣਾ ਅਫ਼ਸਰ ਤਾਂ ਮੈਥੋਂ ਬਿਨਾਂ ਦਾਰੂ ਨ੍ਹੀਂ ਪੀਂਦਾ!

ਦਿਆਲ ਨੇ ਤਾਂ ਪ੍ਰੀਤਮ ਸਿੰਘ ਕਿਆਂ ਨੂੰ ਵੀ ਅੱਖਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਸੀ...ਆਖੇ ਇਹਨਾਂ ਸਾਡੇ ਦਾਦੇ ਤੋਂ ਧੋਖੇ ਨਾਲ ਪੈਲੀ ਲਿਖਾਈ ਸੀ...ਹੁਣ ਮੈਂ ਕਢਾਊਂ!’

ਪਰ ਓਦੂੰ ਪਹਿਲਾ ਹੀ ਉਹਨਾਂ ਦਾ ਮੋਹਣੇ ਭੀਰੀ ਨਾਲ ਪੰਗਾ ਪੈ ਗਿਆ...ਜੀਹਦੇ ਕਰਕੇ ਦਿਆਲ ਤੇ ਧੀਰੇ ਨੂੰ ਸਾਲ ਭਰ ‘ਅੰਦਰ’ ਰਹਿਣਾ ਪਿਆ!

ਕੌਡੀ ਦਾ ਖਿਡਾਰੀ ਹੋਣ ਕਰਕੇ ਧੀਰੇ ’ਚ ਅੰਨ੍ਹਾ ਜ਼ੋਰ ਤਾਂ ਹੈ ਸੀ ਉਤੋਂ ਜਵਾਨੀ ਦਾ ਗੁਮਾਨ...ਪਿੰਡ ’ਚ ਦਿਆਲ ਦਾ ਤਹਿਲਕਾ ਸੀ...ਧੀਰੇ ਦੇ ਪੱਕੇ ਬੇਲੀ, ਮੁਖਤਿਆਰ ਨਿਹੰਗ ਦਾ ਮੁੰਡਾ ਜੱਸਾ ਤੇ ਹਰੀ ਸਿੰਘ ਪਿੱਪਲੀ ਦਾ ਮੁੰਡਾ ਤਾਰੀ...ਸਾਰੀ ਸਾਰੀ ਦਿਹਾੜੀ ਗਲੀਆਂ ’ਚ ਗੇੜੀਆਂ ਕੱਢਦੇ...ਫਿਰਦੇ....ਓਦਣ ਬਾਬੇ ਰੋਡੇ ਸ਼ਾਹ ਦੀ ਖ਼ਾਨਗਾਹ ’ਤੇ ਉਹਨਾਂ ਮੋਹਣੇ ਦੀਆਂ ਕੁੜੀਆਂ ਦੇ ਨਾਂ ਲੈ ਕੇ ਨਚਾਰਾਂ ਨੂੰ ਵੇਲਾਂ ਕਰਾਉਣੀਆਂ ਸ਼ੁਰੂ ਕਰ ਦਿੱਤੀਆਂ, ਇਸੇ ਲੜਾਈ ’ਚ ਉਹਨਾਂ ਕੁੱਟ ਕੁੱਟ ਕੇ ਮੋਹਣੇ ਨੂੰ ਅਧ ਮੋਇਆ ਕਰ ਦਿੱਤਾ ਸੀ!

ਵਿਹੜੇ ’ਚੋਂ ਮੋਹਣਾ ਭੀਰੀ, ਪਹਿਲਾਂ ਪਹਿਲ ਮਸਕਟ ਗਿਆ ਸੀ...ਪੰਜਾਂ ਸੱਤਾਂ ਸਾਲਾਂ ਵਿਚ ਹੀ ਉਹਨੇ ਚੰਗੀ ਕਮਾਈ ਕਰਕੇ ਧਰਮਸ਼ਾਲਾ ਦੇ ਲਾਗੇ ਪੱਕੇ ਕੋਠੇ ਛੱਤ ਲਏ ਸਨ। ਉਹਦਾ ਕੰਮ ਵਧੀਆ ਸੀ...ਪਰ ਪਿਛੋਂ ਉਹਦੇ ਭਰਾਵਾਂ ਨੇ ਉਹਨੂੰ ਚਿੱਠੀ ਪਾ ਕੇ ਸੱਦ ਲਿਆ ਸੀ...ਪੱਜ ਤਾਂ ਉਹਨਾਂ, ਉਹਦੀ ਬਿਮਾਰ ਘਰਵਾਲੀ ਦਾ ਪਾਇਆ ਸੀ ਪਰ ਅਸਲ ਵਜਾ ਉਹਦੀਆਂ ਕੁੜੀਆਂ ਸਨ!

ਮੋਹਣੇ ਨੇ ਆਉਂਦਿਆਂ ਹੀ ਕੁੜੀਆਂ ਦਾ ਘਰੋਂ ਨਿਕਲਣਾ ਬੰਦ ਕਰ ਦਿੱਤਾ ਤੇ ਬੂਹੇ ਅੱਗੇ ਡੇਕਾਂ ਥੱਲੇ ਮੰਜਾ ਡਾਹ ਕੇ ਬਹਿ ਜਾਂਦਾ! ਬੀਹੀ ’ਚ ਗੇੜੀਆਂ ਕੱਢਦੇ ਧੀਰੇ ਹੋਰਾਂ ਵੱਲ ਉਹ ਕਹਿਰੀ ਅੱਖ ਵੇਖਦਾ... ਪਰ ਸਿੱਧੀ ਲੜਾਈ ਤੋਂ ਹਾਲੇ ਤੀਕ ਬਚਾਅ ਸੀ। ਹਫ਼ਤਾ ਦਸ ਦਿਨ ਇਵੇਂ ਹੀ ਚੱਲਦਾ ਰਿਹਾ।

ਬਾਬੇ ਰੋਡੇ ਸ਼ਾਹ ਦੀ ਖ਼ਾਨਗਾਹ ਧਰਮਸ਼ਾਲਾ ਦੇ ਨੇੜੇ ਹੀ ਸੀ। ਪੰਝੀ ਹਾੜ ਨੂੰ ਬਾਬੇ ਦਾ ਮੇਲਾ ਮੁਸਲਮਾਨਾਂ ਦੇ ਹੁੰਦਿਆਂ ਤੋਂ ਹੀ ਹੁੰਦਾ ਆਇਆ। ਦਿਨੇ ਬੱਕਰੇ ਵੱਢ ਹੁੰਦੇ, ਨਿਆਜ਼ਾਂ ਵੰਡ ਹੁੰਦੀਆਂ,

ਬੁੜ੍ਹੀਆਂ ਤੇ ਬੱਚੇ ਕਬਰ 'ਤੇ ਮੱਥਾ ਟੇਕਦੇ, ਮੰਨਤਾਂ ਮੰਨਦੇ। ਰਾਤ ਨੂੰ ਨਕਲਾਂ ਹੁੰਦੀਆਂ ਜੀਹਦੇ 'ਚ ਬੰਦੇ ਹੀ ਜਾਂਦੇ ਸਨ। ਰਾਤ ਦੇ ਕੋਈ ਗਿਆਰ੍ਹਾਂ ਕੁ ਵੱਜੇ ਹੋਣਗੇ...ਰਾਗ ਰੰਗ ਚਲ ਰਿਹਾ ਸੀ...ਨਕਲੀਏ ਨੱਚ ਨੱਚ ਲੋਕਾਂ ਕੋਲੋਂ ਵੇਲਾਂ ਫੜ੍ਹ ਰਹੇ ਸਨ...ਮਡੀਰ...ਇਕ ਦੂਜੇ ਨੇ ਨਾਂ ਕੁਨਾਂ...ਲੈ ਕੇ ਵੇਲਾਂ ਕਰਾ ਰਹੀ ਸੀ, ਨਸ਼ੇ 'ਚ ਟੁੰਨ ਧੀਰੇ ਹੋਰੀ...ਛਿੰਨੋ ਤੇ ਬੀਰੀ ਦੇ ਨਾਂ ਦੀਆਂ ਵੇਲਾ 'ਕਰਾਉਣ ਲੱਗ ਪਏ!

ਹਾਲੇ ਪੰਜ ਸੱਤ ਮਿੰਟ ਹੀ ਹੋਏ ਹੋਣਗੇ...ਮੋਹਣਾ ਡਾਂਗ ਚੱਕੀ ਅਖਾੜੇ 'ਚ ਆ ਵੜਿਆ...ਪਹਿਲੀ ਡਾਂਗ ਉਸ ਨਚਾਰ ਦੇ ਮੌਰਾਂ 'ਚ ਮਾਰੀ ਜਿਹੜਾ ਕੁੜੀਆਂ ਦਾ ਨਾਂ ਲੈ ਰਿਹਾ ਸੀ, ਨਕਲੀਏ ਤਬਲੇ ਵਾਜੇ ਛੱਡ ਕੇ ਭੱਜ ਤੁਰੇ....ਦੂਜੀ ਉਸ ਧੀਰੇ ਦੇ ਮਾਰੀ ... ਧੀਰਾ ਗੇੜੀ ਖਾ ਕੇ ਡਿੱਗ ਪਿਆ ... ਪਰ ਪਿੱਛੋਂ ਦਿਆਲ ਨੇ ਕਿਰਪਾਨ ਦਾ ਵਾਰ ਕਰਕੇ ਮੋਹਣੇ ਨੂੰ ਸੁੱਟ ਲਿਆ....ਹੇਠਾਂ ਡਿੱਗੇ ਪਏ ਮੋਹਣੇ 'ਤੇ ਦਿਆਲ ਹੋਰਾਂ ਕਈ ਵਾਰ ਕਰਕੇ ਉਸਨੂੰ ਫੱਟੜ ਕਰ ਦਿੱਤਾ...ਮੋਹਣਾ ਮੁੜਕੇ ਉੱਠ ਨਾ ਸਕਿਆ, ਚੀਕਾਂ ਲਲਕਾਰੇ ਸੁਣਕੇ ਮੋਹਣੇ ਦੇ ਭਰਾ ਭਤੀਜੇ ਵੀ ਡਾਗਾਂ ਸੋਟੇ ਲੈ ਕੇ...ਆ ਗਏ, ਕੁਝ ਹੋਰ ਲੋਕ ਵੀ ਵਿਚ ਬਚਾਅ ਕਰਨ ਲੱਗ ਪਏ... ਏਨੇ ਨੂੰ ਧੀਰੇ ਹੋਰੀ ਹਰੀ ਸਿੰਘ ਕੇ ਖੂਹ ਵੱਲ ਭੱਜ ਤੁਰੇ...!

ਮੋਹਣੇ ਦੀ ਹਮਾਇਤ 'ਤੇ ਸਾਰਾ ਵਿਹੜਾ ਆਣ ਢੁੱਕਿਆ ਸੀ! ਧੀਰੇ ਹੋਰੀ ਕਈ ਦਿਨ ਪਿੰਡੋਂ ਬਾਹਰ ਰਹੇ!...ਏਨੇ ਸਮੇਂ 'ਚ ਹੀ ਦਿਆਲ ਦੇ ਬੰਦਿਆਂ ਨੇ ਪੈਸੇ ਨਾਲ ਸਾਰੇ 'ਰਾਹ' ਬੰਦ ਕਰ ਦਿੱਤੇ! ਮੋਹਣਾ...ਮਰਨੋਂ, ਮਸੀਂ ਬਚਿਆ ਸੀ-ਪਰ ਥਾਣੇਦਾਰ ਨੇ ਪਰਚਾ ਹੀ ਏਦਾਂ ਬਣਾਇਆ ਸੀ...ਬਈ ਧੀਰੇ ਤੇ ਦਿਆਲ ਨੂੰ ਮਸੀਂ ਇਕ ਸਾਲ ਜੇਲ੍ਹ ਹੋਈ ਸੀ! ਬਾਕੀ ਉਹਨਾਂ ਦੇ ਯਾਰ ਬੇਲੀ ਛੁਟ ਗਏ ਸਨ... ਜੇਲ੍ਹੋਂ ਆਉਂਦਿਆ ਹੀ...ਦਿਆਲ ਸਗੋਂ, ਮੁੱਛਾਂ ਨੂੰ ਹੋਰ ਤਾਅ ਦੇਣ ਲੱਗ ਪਿਆ ਸੀ!...ਜੇਲ੍ਹ 'ਚ ਬਣੇ...ਨਵੇਂ ਯਾਰਾਂ ਬੇਲੀਆਂ ਦੇ ਕਿੱਸੇ ਸੁਣਾ ਕੇ ਉਹ ਹਵਾ ਨੂੰ 'ਗੰਢਾਂ' ਦੇਣ ਲੱਗ ਪਿਆ!...ਉਹਦੇ ਜੇਲ੍ਹ ਵਾਲੇ ਯਾਰਾਂ ਬੇਲੀਆਂ ਨੇ ਉਹਨੂੰ ਦੱਸ ਪਾਈ ਸੀ...ਬਈ ਤਰਨ ਤਾਰਨ ਸ਼ਹਿਰ ਦੇ ਬਿਲਕੁਲ ਨੇੜੇ ਇਕ ਕਬਜ਼ੇ ਵਾਲੀ ਜ਼ਮੀਨ ਸੀ...ਸਸਤੀ ਮਿਲਦੀ ਸੀ...ਜੇ ਕਬਜ਼ਾ ਲੈ ਲਿਆ ਤਾਂ...ਲੱਖਾਂ ਦੀ ਗੇਮ ਸੀ!

ਦਿਆਲ ਨੇ ਆਪਣੇ ਭਾਈਵਾਲਾਂ ਨੂੰ ਨਾਲ ਲੈ ਕੇ...ਅਸਲੀ ਮਾਲਕਾਂ ਤੱਕ ਰਸਾਈ ਕਰ ਲਈ...! ਮਾਲਕਾਂ ਨਾਲ ਸੌਦਾ ਤਹਿ ਹੋ ਗਿਆ...ਉਹਨਾਂ ਸ਼ਰਤ ਰੱਖ ਦਿੱਤੀ ਕਿ...ਸਾਰੇ ਪੈਸੇ ਲੈ ਕੇ, ਰਜਿਸਟਰੀ ਉਹ 'ਕਰਾ ਦੇਣਗੇ ਪਰ ਕਬਜ਼ਾ ਤੁਹਾਨੂੰ ਲੈਣਾ ਪੈਣਾ!'

...ਲੱਖਾਂ ਦੀ ਜ਼ਮੀਨ...ਕੌਡੀਆਂ ਦੇ ਭਾਅ ਸੀ...ਦਿਆਲ ਹੋਰਾਂ ਪਹਿਲਾ...ਕਈ ਅਜਿਹੇ ਕਬਜ਼ੇ ਲਏ ਸਨ!...ਉਹਨਾਂ ਉਧਰਲੇ ਇਲਾਕੇ ਦੇ 'ਕਾਢੂ' ਬੰਦੇ ਲੱਭੇ.....ਪੁਲੀਸ ਨਾਲ ਗਿਟਮਿਟ ਕਰਕੇ...ਇਕ ਦਿਨ, ਦਿਨ ਢਲੇ ਜਿਹੇ...ਜ਼ਮੀਨ 'ਚ ਟਰੈਕਟਰ ਵਾੜ ਦਿੱਤੇ...! ਦੋਹ ਕੁ ਘੰਟਿਆਂ ਵਿਚ ਹੀ ਉਹਨਾਂ ਸਾਰੀ ਜ਼ਮੀਨ ਵਾਹ ਦਿੱਤੀ....ਦਿਆਲ ਆਪਣੇ ਡੱਬ ਵਿਚਲੇ ਰਿਵਾਲਵਰ 'ਤੇ ਵਾਰ ਵਾਰ ਹੱਥ ਫੇਰਦਾ....ਹੱਲਾ ਸ਼ੇਰੀ ਦੇਈ ਜਾਂਦਾ, "ਹੁਣ ਕੀਹਨੇ ਆਉਣਾ...ਰਜਿਸਟਰੀ ਸਾਡੇ ਕੋਲ ਆ...ਪੁਲੀਸ ਨੇ ਆਉਣਾ ਨੀ...ਢੁੱਕੀ ਪੰਜੀ ਨੂੰ ਆਪਾਂ ਫੜਕਣ ਨੀ ਦੇਣਾ..." ਧੀਰੇ ਹੋਰੀ ਦਸ ਕੁ ਬੰਦੇ ਸਨ...ਸਾਰੀ ਰਾਤ ਖਾਂਦਿਆਂ ਪੀਂਦਿਆਂ ਉਹਨਾਂ ਆਪਣੀ ਜਿੱਤ ਦੇ ਜਸ਼ਨ ਮਨਾਏ...ਪਰ ਤੜਕਸਾਰ...ਜੀਪਾਂ ਟਰੈਕਟਰ 'ਤੇ ਚੜ੍ਹਕੇ ਆਈ ਵਾਹਰ ਦੇ ਹਵਾਈ ਫਾਇਰਾਂ ਤੇ ਲਲਕਾਰਿਆਂ ਨੇ ਸੁੱਤ ਨੀਂਦੇ ਜਿਹੇ ਦਿਆਲ ਹੋਰਾਂ ਨੂੰ ਜਗ੍ਹਾ ਦਿੱਤਾ!

ਅਸਲ 'ਚ ਦਿਆਲ ਹੋਰਾਂ ਨੂੰ ਪਤਾ ਹੀ ਨਹੀਂ ਸੀ...ਕਾਬਜਕਾਰ, ਮਾਝੇ ਦੇ ਧੜਵੈਲ ਜੱਟ

ਸਨ, ਜਿਹਨਾਂ ਦੀ ਸਰਕਾਰੇ ਦਰਬਾਰੇ ਪੂਰੀ ਪਹੁੰਚ ਸੀ...ਉਹਨਾਂ ਰਾਤੋ-ਰਾਤ ਹੀ ਸਾਰੇ ਪ੍ਰਬੰਧ ਕਰ ਲਏ ਸਨ, ਤੇ ਤੜਕੇ ਆ ਕੇ ਧਾਵਾ ਬੋਲ ਦਿਤਾ।

...ਦਿਆਲ ਨੇ ਅੱਗੇ ਹੋ ਕੇ...ਰਿਵਾਲਵਰ ਨਾਲ ਅਜੇ ਦੋ ਤਿੰਨ ਫਾਇਰ ਹੀ ਕੀਤੇ ਸਨ...ਦੂਜੇ ਪਾਸਿਓਂ ਪੱਕੀ ਰਫਲ ਦੀ ਛੂ ਕਰਕੇ ਆਈ ਸਿੱਧੀ ਗੋਲੀ ਦਿਆਲ ਦੇ ਮਿੱਥੇ 'ਚ ਆ ਵੱਜੀ...ਦਿਆਲ ਥਾਂਏ ਢੇਰੀ ਹੋ ਗਿਆ...ਦੁਨਾਲੀਆਂ, ਰਫਲਾਂ ਦੇ ਫਾਇਰ...ਕੁਕੜਾਂ ਵਾਲੇ ਪਟਾਕਿਆਂ ਵਾਂਗ ਚੱਲਣ ਲੱਗ ਪਏ...ਧੀਰੇ ਹੋਰੀ ਡਿੱਗੇ ਪਏ ਦਿਆਲ ਨੂੰ ਛੱਡ ਕੇ ਭੱਜ ਤੁਰੇ...ਦੁਪਹਿਰ ਤਾਈਂ ਜਾ ਕੇ ਕਿਤੇ....ਪੁਲੀਸ ਲਾਸ਼ ਚੱਕ ਕੇ ਲਿਆਈ!

ਦਿਆਲ ਦੇ ਮਰਦਿਆਂ ਹੀ ਉਹਦੇ ਭਾਈਵਾਲਾਂ ਦੇ ਹੌਸਲੇ ਪਸਤ ਹੋ ਗਏ!...ਪਿੱਛੋਂ ਕੋਟ ਕਚਹਿਰੀਆਂ 'ਚ ਚੱਲੇ ਕੇਸਾਂ 'ਚ ਫੜੋ ਫੜਾਈ ਹੋਈ, ਜੋ ਕੁਝ ਧੀਰੇ ਦੇ ਕੋਲ ਬਚਿਆ ਸੀ....ਕਈ ਸਾਲ ਚੱਲੇ ਕੇਸਾਂ 'ਚ ਲੱਗ ਗਿਆ...ਉਂਝ ਵੀ ਸਾਰੀ ਪੂੰਜੀ ਤਾਂ ਦਿਆਲ ਨੇ...ਜ਼ਮੀਨ 'ਤੇ ਲਾ ਦਿੱਤੀ ਸੀ... ਧੀਰਾ ਦਿਆਲ ਵਾਂਗੂੰ ਚੁਸਤ ਚਲਾਕ ਨਹੀਂ ਸੀ.... ਇਸੇ ਕਰਕੇ ਦਿਆਲ ਦੇ ਭਾਈਵਾਲਾਂ ਨੇ ਉਹਨੂੰ ਗੌਲ਼ਿਆ ਨਹੀਂ ਸੀ... ਵਰ੍ਹਿਆਂ ਬੱਧੀ ਕੇਸ ਤਾਂ ਚੱਲਿਆ, ਪਰ ਧੀਰੇ ਦੇ ਹੱਥ ਪੱਲਾ ਕੁਝ ਨਾ ਪਿਆ।

ਕਈ ਸਾਲ ਬੀਤ ਗਏ ਸਨ...ਇਕ ਬੁੱਢੀ ਮਾਂ ਸੀ...ਉਹ ਵੀ ਜਹਾਨੋਂ ਤੁਰ ਗਈ ਸੀ...ਧੀਰੇ ਕੋਲ ਵੇਚਣ ਲਈ ਹੁਣ ਕੁਝ ਨਹੀਂ ਸੀ ਬਚਿਆ...ਘਰ ਦਾ ਇਕ ਪੁਰਾਣਾ ਦਲਾਨ ਸੀ ਜੀਹਦੇ ਅੱਗੇ ਬਰਾਡਾਂ ਸੀ...ਤੇ ਇਕ ਪਾਸੇ ਧੂੰਏ ਦੀ ਧੁਆਂਖੀ ਨਿੱਕੀ ਜਿਹੀ ਰਸੋਈ ਸੀ!...ਬਸ ਇਹੋ ਹੁਣ ਧੀਰੇ ਦਾ ਆਸ਼ਿਆਨਾ ਸੀ!....ਉਹਦੇ ਯਾਰ ਬੇਲੀ ਵੀ ਬਾਲ ਬੱਚਿਆਂ ਵਾਲੇ ਹੋ ਗਏ ਸਨ...ਉਹਨਾਂ ਦੀ ਆਪਣੀ ਕਬੀਲਦਾਰੀ ਨੇ ਹੀ ਉਹਨਾਂ ਨੂੰ ਮਧੋਲਿਆ ਹੋਇਆ ਸੀ...ਧੀਰੇ ਦੀ ਉਹਨਾਂ ਕੀ ਮੱਦਦ ਕਰਨੀ ਸੀ!...ਸਗੋਂ ਉਹ ਧੀਰੇ ਨੂੰ ਸਮਝਾਉਂਦੇ ਸਨ..."ਧੀਰਿਆ ਹੁਣ ਤਾਂ ਕਦੋਂ ਦੀ ਜ਼ਮੀਨ ਉਹਨਾਂ ਆਪਣੇ ਨਾਂ 'ਕਰਾ ਲਈ ਹੋਣੀ ਆ...ਤਕੜੇ ਬੰਦੇ...ਸਭ ਕੁਝ ਕਰ ਲੈਂਦੇ ਆ..."

ਪਰ ਧੀਰਾ ਹਜੇ ਵੀ ਕਹਿੰਦਾ ਰਹਿੰਦਾ ਸੀ..."ਓਧਰ ਮਾਝੇ ਵਿਚ ਸਾਡੀ ਜ਼ਮੀਨ ਆ"

ਇਹਨਾਂ ਪੰਚਾਇਤੀ ਚੋਣਾਂ ਵਿਚ ਵੀ ਜੀਤੇ ਸਰਪੰਚ ਦਾ ਖਾਸਮ ਖਾਸ ਬਣਨ ਪਿੱਛੋ ਉਹਦੇ ਮਨ ਵਿਚ ਕਿਧਰੇ ਧੁੰਦਲੀ ਜਿਹੀ ਆਸ ਸੀ ਬਈ...ਸ਼ਾਇਦ ਸਰਪੰਚ ਮਾਝੇ ਵਾਲੀ ਜ਼ਮੀਨ ਛੁਡਾ ਹੀ ਦੇਵੇ...ਪਰ ਸਰਪੰਚ ਨੇ ਉਹਦਾ ਨਰੇਗਾ ਜੌਬ ਕਾਰਡ ਬਣਾ ਕੇ ਕਿਹਾ ਸੀ..."ਲੈ ਬਈ ਰਣਧੀਰ ਸਿਹਾਂ...ਹੁਣ ਪੰਜ ਸਾਲ ਐਸ਼ ਕਰ..."

ਡੇਢ ਪੌਣੇ ਦੋ ਸਾਲਾਂ ਵਿਚ ਕਈ ਮਹੀਨੇ...ਨਰੇਗਾ "ਚ ਕੰਮ ਕਰਦਿਆਂ ਕੋਈ ਅਜਿਹੀ ਘਟਨਾ ਨਹੀਂ ਸੀ ਵਾਪਰੀ...ਧੀਰਾ ਨਾਲ ਕੰਮ ਕਰਦੀਆਂ ਜਨਾਨੀਆਂ 'ਚੋਂ ਕਿਸੇ ਨੂੰ ਭਾਬੀ...ਕਿਸੇ ਨੂੰ ਕੁੜੇ ਕੁੜੀਏ ਕਹਿ ਕੇ...ਆਪਣੀ ਤਮ੍ਹਾ ਠਾਰ ਲੈਂਦਾ ਸੀ...ਜੇ ਕੋਈ ਜਵਾਨ ਔਰਤ ਉਹ ਨੂੰ ਬੱਠਲ ਚਕਾਉਣ ਨੂੰ ਕਹਿ ਦੇਂਦੀ ਤਾਂ ਉਹਦੀ ਰੂਹ ਖਿੜ ਜਾਂਦੀ...ਪਰ ਜਿੰਦਣ ਦਾ ਮੱਲਕਿਆਂ ਵਾਲੇ ਛੱਪੜ ਨੂੰ ਡੂੰਘਾ ਕਰਨ ਦਾ ਕੰਮ ਸ਼ੁਰੂ ਹੋਇਆ ਸੀ....ਧੀਰੇ ਦੀ ਮਨੋ ਦਸ਼ਾ ਬੜੀ ਅਜੀਬ ਬਣੀ ਹੋਈ ਸੀ!...ਅਜੇ ਕੱਲ੍ਹ ਹੀ ਜਦੋਂ ਜਿੰਦਰ ਆਈ ਤਾਂ...ਧੀਰਾ, ਗਿੱਲ੍ਹੀ ਮਿੱਟੀ ਦਾ ਥੋਬਾ ਦੋਹਾਂ ਹੱਥਾਂ 'ਚ ਫੜੀ ਹੀਂ ਹੀਂ ਕਰਦਾ ਜਿੰਦਰ ਵੱਲ ਇਉਂ ਵਧਿਆ ਜਿਵੇਂ ਜਿੰਦਰ ਨੂੰ ਫੁੱਲਾਂ ਦਾ ਗੁਲਦਸਤਾ ਦੇਣਾ ਹੋਵੇ!...

ਜਿੰਦਰ ਨੂੰ ਕਚਿਐਣ ਜਿਹੀ ਵੀ ਆਈ ਤੇ ਹਾਸਾ ਵੀ ਆਇਆ।"ਕਰਦਾਂ ਦੇਖ ਕੀ ਆ..."

"ਮਖ ਜਿੰਦਰੇ...ਆਹ ਦੇਖ...ਚੀਕਣੀ ਮਿੱਟੀ ਤਾਂ ਹੁਣ ਨਿਕਲਦੀ ਆ..."

"ਫੇਰ ਤੂੰ ਕੀ...ਚੁੱਲ੍ਹੇ ਭੱਠੀਆਂ ਬਣਾਉਣੀਆਂ...ਨਾ ਰੰਨ ਨਾ ਕੰਨ..."

"ਚੁੱਲ੍ਹੇ ਭੱਠੀਆਂ ਨੂੰ ਮਾਰ ਗੋਲੀ...ਇਹ ਮਿੱਟੀ ਤਾਂ ਮੂਰਤਾਂ ਵਾਲੀ ਆ....ਕਾਲੀ ਚੀਕਣੀ..."

ਮਗਰਲੀ ਗੱਲ ਉਸ ਚੀਨੇ ਤੋਤਲੇ ਦੀ ਘਰਵਾਲੀ ਵੱਲ ਦੇਖ ਕੇ ਘਰੋੜ ਕੇ ਕਹੀ ਸੀ...ਜੀਹਦਾ ਰੰਗ ਤਾਂ ਕਾਲਾ ਸੀ ਪਰ ਬਦਨ ਮਿੱਟੀ ਵਰਗਾ ਚੀਕਣਾ ਤੇ ਨੈਣ ਨਕਸ਼ ਕਿਸੇ ਮੂਰਤੀ ਵਾਂਗ ਤਰਾਸ਼ੇ ਹੋਏ ਸਨ!

ਚੀਨੇ ਦੀ ਵਹੁੱਟੀ ਕੁਝ ਨਹੀਂ ਸੀ ਬੋਲੀ ਜਿਵੇਂ ਉਸ ਕੁਝ ਸੁਣਿਆ ਹੀ ਨਾ ਹੋਵੇ ਪਰ ਜਿੰਦਰ ਚਮਕ ਪਈ, "ਵੇ ਜਾਹ ਵੇ ਜਾਹ...ਤੈਥੋਂ ਮੂਰਤਾਂ ਵੀ ਨੀ ਬਣਨੀਆਂ....ਏਦਾਂ ਕਰ...ਸ਼ਹਿਰੋ...ਬਜਾਜੀ ਵਾਲਿਆਂ ਦਿਓਂ, ਉਹ ਲੈ ਆ...ਉਹ ਜਿਹੜੀਆਂ ਬਾਹਰ ਨੀ ਖੜੀਆਂ ਕੀਤੀਆਂ ਹੁੰਦੀਆਂ...ਨਾਲੇ..."

"ਨਾਲੇ ਕੀ...? ਉਹ ਵੀ ਦੱਸਦੇ..." ਧੀਰਾ ਛਿੱਥਾ ਪੈਣ ਦੀ ਬਜਾਇ ਹੋਰ ਚਾਂਬਲ ਗਿਆ!

"ਨਾਲੇ ਉਹਨੂੰ ਨਾਲ ਪਾ ਲਿਆ ਕਰੀਂ...ਜਨਾਨੀ ਤਾਂ ਤੈਨੂੰ ਲੱਭਣੀ ਨੀ..." ਜਿੰਦਰ ਵੀ ਆਪਣੀ ਆਈ 'ਤੇ ਆ ਗਈ!

"ਲੈ ਲੱਭਣੀ ਕਿਉਂ ਨੀ...ਜੇ ਭਾਬੀਆਂ ਦੀ ਮੇਹਰਬਾਨੀ ਹੋ ਜਾਵੇ..." ਧੀਰੇ ਨੇ ਲਾਗੋਂ ਦੀ ਬੱਠਲ ਲੈ ਕੇ ਲੰਘੀ ਗਿਆਨੋ 'ਤੇ ਟਕੋਰ ਲਾ ਦਿੱਤੀ...ਪਰ ਗਿਆਨੋ ਨੇ ਵੀ ਉਹਦੇ ਵੱਲ ਦੇਖਿਆ ਤੱਕ ਨਾ, ਨਾ ਕੁਝ ਬੋਲੀ...! ਧੀਰੇ ਨੂੰ ਜਵਾਬ ਫੇਰ ਜਿੰਦਰ ਨੇ ਹੀ ਦਿੱਤਾ।

"ਜਾਉ ਨੀ...ਆਪੋ-ਆਪਣੇ ਪੇਕੀਂ...ਲੱਭੋ ਕੋਈ ਪੈਨਸ਼ਨ ਵਾਲੀ ਮਾਈ...ਦੰਦ ਦੂੰਦ ਨਾ ਵੀ ਹੋਣ ਤਾਂ ਚੱਲੂਗਾ..."

ਐਂਤਕੀ ਧੀਰੇ ਨੂੰ ਕੋਈ ਜਵਾਬ ਨਾ ਔੜਿਆ...ਉਹ ਕੁਝ ਪਲ ਚੁੱਪ ਰਿਹਾ...ਜਿੰਦਰ ਵੀ ਗੱਲ ਨਿਬੇੜਨ ਦੇ ਰੌਂਅ 'ਚ ਦੂਜੀਆਂ ਨੂੰ ਕਹਿਣ ਲੱਗ ਪਈ!

"ਚਲੋ ਨੀ ਚਲੋ...ਤੁਸੀਂ ਲੱਗੋ ਕੰਮੀਂ...ਇਹਨੂੰ ਬਣਾਉਣ ਦਿਓ ਮੂਰਤਾਂ..."

"ਲੈ ਐਂ ਕਿਵੇਂ ਬਣੂੰ ਮੂਰਤ...ਕੋਈ ਲਾਗੇ ਤਾਂ ਖਲੋਵੇ..." ਧੀਰਾ ਢੈਲਾ ਤਾਂ ਪੈ ਗਿਆ ਸੀ...ਪਰ ਸਾਰੀਆਂ ਹੀ ਜਨਾਨੀਆਂ ਦੇ ਇਉਂ ਪਰਾਂ ਜਾ ਖੜ੍ਹਨ ਨੂੰ ਉਸ ਆਪਣੀ ਹੇਠੀ ਮੰਨਿਆ ਸੀ!

ਹੁਣ ਜਿੰਦਰ ਚੁੱਪ ਸੀ...ਜਿਵੇਂ ਗੱਲ ਅੱਗੇ ਨਾ ਵਧਾਉਣਾ ਚਾਹੁੰਦੀ ਹੋਵੇ...ਧੀਰਾ ਵੀ ਜਨਾਨੀਆਂ ਦੇ ਪਰੇ ਚਲੇ ਜਾਣ ਕਾਰਨ...ਗੱਲ ਨੂੰ ਨਿਬੇੜੂ ਸੀ..."ਵੈਸੇ, ਜਿੰਦਰੇ...ਮੂਰਤਾਂ ਬਣਾਉਣ ਦੀ ਕੀ ਲੋੜ ਆ...ਇਹ ਬਣੀਆਂ ਬਣਾਈਆਂ ਈ ਆ ਇਹ ਕਿਹੜਾ ਬੋਲਦੀਆਂ..."

ਧੀਰੇ ਨੇ ਮੂੰਹ ਵਿਚ ਕੁਝ ਹੋਰ ਵੀ ਬੁੜਬੁੜ ਕੀਤਾ ਸੀ, ਜੀਹਨੂੰ ਜਿੰਦਰ ਨੇ ਗੌਲ਼ਿਆ ਨਹੀਂ ਸੀ...ਉਹਨੂੰ ਆਪਣੇ ਜਾਣ ਦੀ ਕਾਹਲੀ ਸੀ!

ਅੱਜ ਸਵੇਰੇ ਜਿੰਦਰ ਕੁਝ ਲੇਟ ਆਈ ਸੀ...ਸਾਰੇ ਜਣੇ ਬੈਠੇ ਗਿਆਰਾਂ ਵਜੇ ਵਾਲੀ ਚਾਹ ਪੀਂਦੇ ਸਨ...ਧੀਰਾ ਕੱਲ ਵਾਂਗੂੰ ਹੀ ਮਸਤਿਆ ਹੋਇਆ ਸੀ... ਜਿੰਦਰ ਦੇ ਮਨ ਵਿਚ ਪਤਾ ਨੀ ਕੀ ਆਈ....ਉਸ ਧੀਰੇ ਦੀ ਪਰਾਂ ਲਾਹ ਕੇ ਰੱਖੀ ਘਸੀ ਪੁਰਾਣੀ ਜਿਹੀ ਪੈਂਟ ਕਮੀਜ਼ ਆਪਣੇ ਪਾਏ ਹੋਏ ਕੱਪੜਿਆਂ ਦੇ ਉਤੋਂ ਦੀ ਪਾ ਲਈ....ਚੁੰਨੀ ਦਾ ਮੜਾਸਾ ਵੀ ਉਸ ਸਿਰ 'ਤੇ ਇਉਂ ਵਲ਼ ਲਿਆ....ਜਿਵੇਂ ਧੀਰਾ ਸਾਫ਼ਾ ਬੰਨ੍ਹਦਾ ਹੁੰਦਾ...ਤੇ ਧੀਰਾ ਬਣਕੇ, ਉਹ ਜਨਾਨੀਆਂ ਨੂੰ ਜੱਫੀਆਂ ਪਾਉਣ ਲੱਗ ਪਈ!

...ਹੱਸਦੀਆਂ ਸੰਗਦੀਆਂ ਜਨਾਨੀਆਂ ਜਿੰਦਰ ਦੇ ਅੱਗੇ ਅੱਗੇ ਭੱਜੀਆ ਫਿਰਨ...ਇਹਨਾਂ ਪਲਾਂ 'ਚ ਧੀਰੇ ਨੂੰ ਇਉਂ ਹੀ ਲੱਗਿਆ ਸੀ...ਜਿਵੇਂ ਆਪਣੇ ਕੱਪੜਿਆਂ 'ਚ ਉਹ ਆਪ ਹੀ ਹੋਵੇ ਪਰਾਂ ਖੜ੍ਹਾਂ ਉਹ ਮੁਸ਼ਕੜੀਆਂ 'ਚ ਹਸਦਾ ਰਿਹਾ... ਪਰ ਜਦ ਉਸ ਜਨਾਨੀਆਂ ਦੇ ਮੂੰਹਾਂ ਅੱਗੇ ਰੱਖੀਆਂ ਚੁੰਨੀਆਂ ਦੇਖੀਆਂ ਤਾਂ ਧੀਰੇ ਦਾ ਇਕਦਮ ਚਿਹਰਾ ਉਤਰ ਗਿਆ..."ਹੈਂ...! ਇਹ ਤਾਂ ਮੈਥੋਂ ਸੁਅਗ ਮੰਨਦੀਆਂ...ਜਿਵੇਂ ਗੰਦੇ ਪੁਸ਼ੂ ਤੋਂ ਮੰਨੀ ਦੀ ਆ..."

ਜਿੰਦਰ ਜਿਹੜੀ ਜਨਾਨੀ ਨੂੰ ਜੱਫੀ ਪਾਏ...ਓਹੀ ਉਹਨੂੰ....ਧੱਕਾ ਦੇ ਕੇ ਪਰਾਂ ਧੱਕ ਦੇਵੇ..."ਪਰਾਂ ਰਹਿ ਨੀ ਮਰਨੀਏ...ਮੁਸ਼ਕ ਬੜਾ ਆਉਂਦਾ...."

ਧੀਰੇ ਦੇ ਕੰਨਾਂ 'ਚ ਸਾਂ ਸਾਂ ਹੋਣ ਲੱਗ ਪਈ....ਉਹਦੇ ਹੱਥੋਂ ਚਾਹ ਵਾਲਾ ਗਲਾਸ ਹੇਠਾਂ ਡਿੱਗ ਪਿਆ "ਹੈਂ ਜੇ ਮੇਰੇ ਕੱਪੜਿਆਂ 'ਚੋਂ ਹੀ ਇਹਨਾਂ ਨੂੰ ਏਨਾ ਮੁਸ਼ਕ ਆਉਂਦਾ ਤਾਂ ਮੈਥੋਂ...!" ਮਲਕੜੇ ਜਿਹੇ...ਉਹ ਰੇੜ੍ਹ ਚੜ੍ਹਕੇ ਛੱਪੜ ਦੇ ਦੂਜੇ ਕੰਢੇ 'ਤੇ ਜਾ ਬੈਠਿਆ ਸੀ!

ਜਿੰਦਰ ਵਾਹਵਾ ਚਿਰ ਔਰਤਾਂ ਨਾਲ ਹਾਸਾ ਠੱਠਾ ਕਰਕੇ ਚਲੀ ਗਈ... ਔਰਤਾਂ ਆਪੋ-ਆਪਣੇ ਕੰਮੀਂ ਲੱਗ ਗਈਆਂ... ਮੁੜ ਕਿਸੇ ਨੇ ਧੀਰੇ ਵੱਲ ਦੇਖਿਆ ਵੀ ਨਾ...

...ਦੁਪਹਿਰ ਢਲੀ...ਸ਼ਾਮ ਹੋਈ...ਜਿੰਦਰ ਵੀ ਆ ਕੇ ਚਲੀ ਗਈ...ਪਰ ਧੀਰਾ ਉਥੋਂ ਨਹੀਂ ਸੀ ਉਠਿਆ!

ਸੂਰਜ ਦਾ ਲਾਲ ਗੋਲਾ...ਭੂਸਲੀ ਭਾਅ ਮਾਰਦਿਆਂ...ਆਖਿਰ ਲਹਿੰਦੇ ਵੱਲ ਲਹਿ ਗਿਆ...ਸੜਕ ਤੋਂ ਲੰਘਦੀਆਂ ਗੱਡੀਆਂ ਮੋਟਰਾਂ ਤੇਜ ਰਫ਼ਤਾਰ ਨਾਲ ਆਪਣੀ ਮੰਜ਼ਿਲ ਵੱਲ ਭੱਜੀਆਂ ਜਾਂਦੀਆਂ ਸਨ....ਸਭ ਪਸ਼ੂ ਪਰਿੰਦੇ ਵੀ ਆਪੋ-ਆਪਣੇ ਰੈਣ ਬਸੇਰਿਆਂ ਵੱਲ ਚਲ ਪਏ ਸਨ...ਪਰ ਧੀਰੇ ਨੇ ਤਾਂ ਜਿਵੇਂ ਕਿਤੇ ਜਾਣਾ ਈ ਨਹੀਂ ਸੀ।

....ਸੰਘਣੇ ਹਨੇਰੇ ਦੀ ਬੁੱਕਲ, ਉਹਦੇ ਚੁਫੇਰੇ ਨੂੰ ਘੇਰਾ ਪਾਈ ਜਾਂਦੀ ਸੀ...ਫਿਰਨੀਓ ਪਾਰਲੇ ਪਾਰ, ਪ੍ਰੀਤਮ ਸਿੰਘ ਦੇ ਮੁੰਡਿਆਂ ਦੀਆਂ ਜੌੜੀਆਂ ਕੋਠੀਆਂ 'ਤੇ ਇਕੋ ਦਮ ਜਗੇ ਦਰਜਨਾਂ ਬੱਲਬਾਂ ਦੀ ਰੋਸ਼ਨੀ ਨੇ ਉਹਦੀ ਬਿਰਤੀ ਤੋੜ ਦਿੱਤੀ...ਉਹਦੇ ਧੁਰ ਅੰਦਰੋਂ ਹੌਕਾ ਉੱਠਿਆ..."ਕਾਸ਼ ਕਿਤੇ ਇਹਨਾਂ ਜਨਾਨੀਆਂ ਨੂੰ ਪਤਾ ਹੁੰਦਾ ਕਿ ਕਿਸੇ ਵੇਲੇ ਇਹ ਛੱਪੜ, ਇਹ ਪੈਲੀਆਂ ਸਾਡੀਆਂ ਹੁੰਦੀਆਂ ਸਨ..."

ਧੀਰੇ ਨਾਲ ਨਰੇਗਾ ਮਜ਼ਦੂਰੀ ਕਰਦੀਆਂ ਸਾਰੀਆਂ ਔਰਤਾਂ, ਪਿੰਡ ਦੀਆਂ ਨੂੰਹਆਂ ਸਨ, ਕੋਈ ਵੀਹ ਸਾਲ ਪਹਿਲਾ ਵਿਆਹ ਕੇ ਆਈ ਸੀ ਤੇ ਕੋਈ ਦਸ ਸਾਲ ਪਹਿਲਾ...ਉਹਨਾਂ ਨੇ ਤਾਂ....ਧੀਰੇ ਨੂੰ ਇਸੇ ਤਰ੍ਹਾਂ ਦੀ ਨੰਗ-ਮਲੰਗ ਹਾਲਤ ਵਿਚ ਹੀ ਦੇਖਿਆ ਸੀ! ...ਇਕ ਹੋਰ ਹੌਕਾ ਉਸ ਲਿਆ... ਹੁਣ ਕਿਸ ਆਉਣ, ਕਹਿਕੇ ਧੀਰਾ ਮਿੱਟੀ ਦੀ ਢੇਰੀ ਤੋਂ ਉੱਠ ਖਲੋਇਆ, ਬਦੋਬਦੀ ਉਹਦੇ ਪੈਰ੍ਹ ਵੱਡੀ ਵੱਟ ਵੱਲ ਨੂੰ ਹੋ ਤੁਰੇ...ਜਿਹੜੀ ਛੱਪੜ ਤੋਂ ਉਹਨਾਂ ਦੇ ਖੂਹ ਰੈਣੇ ਨੂੰ ਜਾਂਦੀ ਸੀ....ਵੱਟ ਹੁਣ...ਓਨੀ ਵੱਡੀ ਤਾਂ ਨਹੀਂ ਸੀ...ਪਰ ਤੁਰਿਆ ਜਾ ਸਕਦਾ ਸੀ!...ਵੱਟ 'ਤੇ ਤੁਰਦਿਆਂ ਉਸ ਨਿੱਸਰੇ ਝੋਨੇ ਦੀਆਂ ਮੁੰਜਰਾਂ ਨੂੰ ਕਈ ਵਾਰ ਛੂਹਿਆ ਪਰ ਆਪਣੀ ਫ਼ਸਲ ਵਰਗਾ ਅਹਿਸਾਸ, ਕਿਥੇ ? ਕਦਮਾਂ ਵਿਚ ਕੁਝ ਤੇਜੀ ਲਿਆਉਂਦਿਆ...ਉਹ ਝੱਟ ਖੂਹ 'ਤੇ ਪਹੁੰਚ ਗਿਆ!...ਸਭ ਪਾਸੇ ਚੁੱਪ ਚਾਂ ਸੀ...ਅਕਾਸ਼ ਵਿਚ, ਅੱਧਾ ਕੁ ਚੜ੍ਹਿਆ ਚੰਨ, ਧਰਤੀ 'ਤੇ ਚਾਨਣ ਕਰਨ ਲਈ ਪੂਰੀ ਵਾਹ ਲਾ ਰਿਹਾ ਸੀ। ਘਸਮੈਲ਼ੇ ਜਿਹੇ ਚਾਨਣੇ ਵਿਚ, ਉਹਦੀਆਂ ਅੱਖਾਂ ਚੁਫੇਰੇ ਘੁੰਮੀਆਂ...ਪੁਰਾਣੀਆਂ ਟਾਹਲੀਆਂ, ਡੇਕਾਂ ਤੇ ਸ਼ਹਿਤੂਤ ਕਿਤੇ ਨਹੀਂ ਸਨ...ਖੂਹ ਤਾਂ ਚਿਰੋਕਣਾ ਪੂਰ ਦਿੱਤਾ ਹੋਇਆ

ਸੀ...ਬਸ ਉਹਦੀ ਬਚੀ ਹੋਈ ਮੌਣ 'ਤੇ ਉਗਿਆ ਹੋਇਆ ਪਿੱਪਲ, ਅਜੇ ਵੀ ਖਲੋਤਾ ਸੀ, ਜੀਹਦੀਆਂ ਜੜ੍ਹਾਂ 'ਚ ਖੂਹ ਦੀਆਂ ਨਾਨਕ ਸ਼ਾਹੀ ਇੱਟਾਂ ਹਾਲੇ ਵੀ ਫਸੀਆਂ ਹੋਈਆਂ ਸਨ। ਧੀਰੇ ਨੇ ਮੂੰਹ ਉਤਾਂਹ ਕਰਕੇ ਵੇਖਿਆ...ਪਿੱਪਲ ਰੁੰਡ ਮਰੁੰਡ ਸੀ...ਕਾਲੂ ਬੱਕਰੀਆਂ ਵਾਲੇ ਦੀ ਢਾਂਗੀ ਹਾਲੇ ਤਾਜਾ ਹੀ ਚੱਲੀ ਸੀ! ...ਪਿੱਪਲ ਦੀਆਂ ਥਾਂ ਥਾਂ ਖਿੱਲਰੀਆਂ ਟਾਹਣੀਆਂ, ਬੱਕਰੀਆਂ ਦੇ ਅੱਧ ਪਚੱਧੇ ਖਾਧੇ ਤੇ ਪੈਰ੍ਹਾਂ ਹੇਠ ਲਿਤਾੜੇ ਪੱਤੇ, ਜਿਹਨਾਂ 'ਚ ਹੁਣ ਮੀਂਗਣਾ ਵੀ ਰਲ਼ ਗਈਆਂ ਸਨ...ਸਭ ਕੁਝ ਧੀਰੇ ਨੂੰ ਆਪਣੀ ਜ਼ਿੰਦਗੀ ਵਰਗਾ ਲੱਗਾ...ਉਹਦਾ ਮਨ ਪਹਿਲਾ ਨਾਲੋਂ ਵੀ ਉਚਾਟ ਹੋ ਗਿਆ!

ਪ੍ਰੀਤਮ ਸਿੰਘ ਕਿਆਂ ਨੇ ਜ਼ਮੀਨ ਅੱਗੋਂ ਕਿਸੇ ਹੋਰ ਨੂੰ ਠੇਕੇ 'ਤੇ ਦਿੱਤੀ ਹੋਈ ਸੀ...ਪੂਰੇ ਹੋਏ ਖੂਹ ਤੋਂ ਥੋੜ੍ਹਾ ਪਰਾਂ ਕਰਕੇ ਮੱਛੀ ਮੋਟਰ ਵਾਲਾ ਬੋਰ ਸੀ, ਥੋੜਾਂ ਪਰਾਂ ਕਰਕੇ ਛੋਟੀ ਜਿਹੀ ਕੰਧ ਕਰਕੇ ਸਟਾਟਰ ਲਾਇਆ ਹੋਇਆ ਸੀ ਜਿਹੜਾ ਉਪਰੋਂ ਲੋਹੇ ਦੇ ਬਕਸੇ ਨਾਲ ਢਕਿਆ ਹੋਇਆ ਸੀ...ਬਸ! 'ਖੂਹ' ਹੁਣ ਏਨਾ ਕੁ ਹੀ ਸੀ!

ਧੀਰੇ ਦਾ ਉਚਾਟ ਮਨ ਬੀਤੇ ਨੂੰ ਤਲਾਸ਼ ਰਿਹਾ ਸੀ...! ਇਥੇ ਕੁ ਸਾਡੀਆਂ ਮੱਝਾਂ ਕੱਟੀਆਂ ਬੱਧੀਆ ਹੁੰਦੀਆਂ ਸਨ...ਇਥੇ ਖੁਰਲੀ 'ਤੇ ਬਲਦ... ਸ਼ੇਰੂ ਕਿਵੇਂ ਅੱਗੇ ਪਿੱਛੇ ਪੂਛ ਹਿਲਾਉਂਦਾ ਹੁੰਦਾ ਸੀ...! ਪਤਾ ਨੀ ਕੀ ਕੀ ਉਹਦੇ ਮਨ ਥਾਣੀਂ ਹੋ ਕੇ ਅੱਖਾਂ ਅੱਗੋਂ ਦੀ ਘੁੰਮਿਆ ਸੀ!

ਖੂਹ ਤੋਂ ਛੱਪੜ ਮਸੀਂ ਦੋ ਕਿੱਲਿਆਂ ਦੀ ਵਿੱਥ 'ਤੇ ਸੀ...ਨੀਵੇਂ ਥਾਂ ਹੋਣ ਕਰਕੇ ਥੋੜੀ ਉੱਚੀ ਥਾਂ ਖਲੋਅ ਕੇ ਦੇਖਿਆ ਵੀ ਛੱਪੜ ਵੱਲ ਆਉਣ ਵਾਲੇ ਇਥੋਂ ਦਿਖ ਜਾਂਦੇ ਸਨ ਇਸੇ ਕਰਕੇ ਧੀਰੇ ਹੋਰਾਂ ਦੀ ਨਿਗ੍ਹਾ ਇਧਰ ਹੀ ਲੱਗੀ ਹੁੰਦੀ ਸੀ... ਪਰ ਅੱਜ ਇਹੋ ਥਾਂ ਉਹਨੂੰ ਡਰਾਉਣੀ ਲੱਗਦੀ ਸੀ!

ਖੂਹ ਦੀ ਮੌਣ 'ਤੇ ਬੈਠਿਆ ਬੈਠਿਆਂ ਰਾਤ ਦਾ ਪਹਿਲਾ ਪਹਿਰ ਗੁਜ਼ਰ ਗਿਆ ਸੀ। ਪਰ ਧੀਰੇ ਨੂੰ ਲੱਗਾ ਜਿਵੇਂ ਉਹ ਮੁੱਦਤਾਂ ਤੋਂ ਇੱਥੇ ਹੀ ਬੈਠਾ ਹੋਵੇ। ...ਅਚਾਨਕ... ਰੁੰਡ ਮਰੁੰਡ ਪਿੱਪਲ 'ਤੇ...ਆ ਬੈਠੇ...ਉਲੂਆਂ ਦੇ ਜੋੜੇ ਨੇ ਬੜੀਆਂ ਅਜੀਬ ਜਿਹੀਆਂ ਆਵਾਜ਼ਾਂ ਕੱਢੀਆਂ ਤੇ ਧੀਰੇ ਦੀ ਬਿਰਤੀ ਭੰਗ ਹੋ ਗਈ। ਉਥੋਂ ਉੱਠ ਕੇ ਧੀਰਾ ਕੁਝ ਕਦਮ ਛੱਪੜ ਵੱਲ ਤੁਰਿਆ... ਜਦੋਂ ਉਹ ਛੱਪੜ ਦੇ ਨੇੜੇ ਪਹੁੰਚਾ ਤਾਂ... ਕਿਸੇ ਕੁੱਤੇ ਦੇ ਘਰਕਣ ਦੀ ਆਵਾਜ਼ ਆਈ...! ਧੀਰਾ ਇਕ ਦਮ ਚੋਕੰਨਾ ਹੋ ਗਿਆ..."ਐਸ ਵੇਲੇ ਛੱਪੜ ਵੱਲ ਕੌਣ ਹੋ ਸਕਦਾ?"...ਕਿਤੇ ਜਿੰਦਰ ਹੀ ਨਾ ਹੋਵੇ..." ਇਕ ਦਮ ਉਹਦੀਆਂ ਅੱਖਾਂ 'ਚ ਚਮਕ ਆ ਗਈ, ... ਤੇਜ ਕਦਮੀਂ ਉਹ ਛੱਪੜ ਵੱਲ ਨੂੰ ਹੋ ਤੁਰਿਆ, ਛੇਤੀ ਦੇਣੀਂ ਮਿੱਟੀ ਦੀ ਉੱਚੀ ਢੇਰੀ ਕੋਲ ਪਹੁੰਚ ਕੇ ਉਹਦੇ ਕਦਮ ਰੁਕ ਗਏ...ਕੁੱਤਿਆਂ ਦੇ ਘਰਕਣ ਦੀ ਆਵਾਜ਼ ਪਹਿਲਾਂ ਨਾਲੋਂ ਤੇਜ ਹੋ ਗਈ...ਪਰ ਘਸਮੈਲੇ ਜਿਹੇ ਚਾਨਣੇ ਕਾਰਨ ਓਹਨੂੰ ਕੁਝ ਦਿਖਾਈ ਨਾ ਦਿੱਤਾ...ਫਿਰਨੀ ਵਾਲੇ ਪਾਸਿਓਂ ਦੀ ਹੋ ਕੇ ਉਹ ਝੱਟ...ਤਲ 'ਤੇ ਪਹੁੰਚ ਗਿਆ...ਹਕਲਾਈ ਜਿਹੀ ਆਵਾਜ਼ ਵਿਚ ਉਸ ਕਿਹਾ "ਕੌਣ ਆ?"

ਇਕ ਪਲ ਲਈ ਘਰਕਣ ਦੀ ਆਵਾਜ਼ ਰੁਕ ਗਈ...ਧੀਰੇ ਨੇ ਗਹੁ ਨਾਲ ਦੇਖਿਆ, ਦੋ ਕੁੱਤੇ ਉਹਦੀ ਕਮੀਜ਼ ਨੂੰ ਦੋਹਾਂ ਸਿਰਿਆਂ ਤੋਂ ਫੜਕੇ...ਖਿੱਚ ਧੂਹੀ ਕਰਦੇ ਖੇਡ ਰਹੇ ਸਨ...ਧੀਰੇ ਨੇ ਨੀਵੇਂ ਹੋ ਕੇ ਹੇਠੋਂ ਠੀਮ ਚੁੱਕਣ ਦੀ ਕੋਸ਼ਿਸ਼ ਕਰਦਿਆਂ ਦਬਕਾ ਮਾਰਿਆ...."ਖੜੋ 'ਤਾਡੀ..." ਦੋਏ ਕੁੱਤੇ ਚਊਂ ਚਊਂ ਕਰਦੇ...ਭੱਜ ਤੁਰੇ...ਰਤਾ ਅਗਾਂਹ ਹੋ ਕੇ ਉਸ ਦੇਖਿਆ... ਉਹਦੀ ਪੈਂਟ ਦੀਆਂ ਵੀ ਲੀਰਾਂ ਹੋਈਆਂ ਪਈਆਂ ਸਨ! ... ਧੀਰੇ ਦਾ ਆਪਣੀ ਕਹੀ ਵੀ ਚੱਲਣ ਨੂੰ ਮਨ ਨਾ ਕੀਤਾ – ਤੇ ਉਹ ਅੱਧ ਨੰਗਾ ਹੀ ਲੜਖੜਾਉਂਦੇ ਕਦਮਾਂ ਨਾਲ ਫਿਰਨੀ ਵੱਲ ਨੂੰ ਰੇੜ੍ਹ ਚੜ੍ਹ ਗਿਆ।

**(ਸੰਪਰਕ: 98724 53246)**

ਕਹਾਣੀ

# ਦੀਪ



**ਰਵਿੰਦਰ ਰੁਪਾਲ ਕੌਲਗੜ੍ਹ**

ਇਨ੍ਹਾਂ ਪੌਣੇ ਦੋ ਸਾਲਾਂ ਤੋਂ ਪਹਿਲਾਂ ਵੀ, ਮੈਂ ਸੱਤ ਸਾਲ ਉਦੋਂ ਆਪਣੇ ਆਪ ਨਾਲ ਯੁੱਧ ਲੜਿਐ, ਜਦੋਂ ਮੇਰੇ ਹੱਥਾਂ 'ਚ ਪਾਪਾ ਆਲਾ ਸੈਕੰਡ ਹੈਂਡ ਟੱਚ ਸਕਰੀਨ ਫੋਨ ਆ ਗਿਆ ਸੀ ।

ਉਨ੍ਹਾਂ ਸਾਲਾਂ 'ਚ ਮੈਂ ਪੜ੍ਹਨ ਬਹਾਨੇ, ਨੈੱਟ ਉੱਤੇ ਅੱਧੀ ਅੱਧੀ ਰਾਤ ਤੱਕ 'ਨੀਲੀਆਂ' ਫਿਲਮਾਂ ਦੇਖਦਾ 'ਤੇ ਆਪਣੇ ਅੰਦਰਲੇ ਮਰਦ ਦਾ ਲਗਾਤਾਰ ਗਲਾ ਘੁੱਟਦਾ, ਕੁੜੀਆਂ ਨੂੰ ਆਨੰਦ ਦੀ ਅਵਸਥਾ 'ਚ ਦੇਖ ਕੇ, ਮੇਰੇ ਮਨ 'ਤੇ ਅਜਿਹਾ ਅਸਰ ਹੋਇਆ ਕਿ ਮੇਰਾ ਵੀ ਕੁੜੀ ਬਣਨ ਨੂੰ ਜੀਅ ਕਰਦਾ, ਜਦੋਂ ਕਿਸੇ ਦੋਸਤ ਨਾਲ ਇਹ ਗੱਲ ਸਾਂਝੀ ਕੀਤੀ ਤਾਂ ਉਸ ਨੇ ਦੱਸਿਆ ਕਿ ਇਹ ਕੰਮ ਕੋਈ ਡਾਕਟਰ ਹੀ ਕਰ ਸਕਦੈ ।

ਫਿਰ ਮੈਂ ਗੁਗਲ 'ਤੇ ਹੀ ਕਿਸੇ ਡਾਕਟਰ ਦੀ ਭਾਲ਼ ਕਰਨ ਲੱਗਿਆ, ਕੋਈ ਵਧੀਆ 'ਤੇ ਸਸਤਾ ਡਾਕਟਰ ਮਿਲੇ ਅਤੇ ਕੰਮ ਵੀ ਤਸੱਲੀ ਬਖਸ਼ ਕਰੇ। ਜਦੋਂ ਕੋਈ ਲੱਭ ਜਾਂਦਾ, ਫਿਰ ਉਹਦੇ ਨਾਲ ਸੰਪਰਕ ਕਰਦਾ, ਕਿਸੇ ਦੀ ਫ਼ੀਸ ਪੰਜ ਲੱਖ ਕਿਸੇ ਦੀ ਚਾਰ, ਐਨੀ ਫ਼ੀਸ ਦੇ ਬਾਵਜੂਦ, ਉਹ ਆਪਣੇ ਕੰਮ ਨੂੰ ਮੇਰੇ ਰਿਸਕ ਉੱਤੇ ਵੀ ਛੱਡ ਦਿੰਦੇ, ਪਰ ਮੈਂ ਪਿੱਛੇ ਹਟਣ ਵਾਲਾ ਨਹੀਂ ਸਾਂ ।

ਜਦੋਂ ਉਹ ਫਿੱਟ ਨਾ ਬੈਠਦਾ, ਫਿਰ ਕਿਸੇ ਹੋਰ ਡਾਕਟਰ ਦੀ ਭਾਲ਼ ਸ਼ੁਰੂ ਹੋ ਜਾਂਦੀ, ਕਿਉਂਕਿ ਮੈਨੂੰ ਹੁਣ ਇਸ ਦੂਹਰੀ ਜ਼ਿੰਦਗੀ ਜਿਊਣ ਨਾਲ ਨਫ਼ਰਤ ਹੋ ਗਈ ਸੀ, ਕਹਿਰੀ ਨੂੰ ਕਿਵੇਂ ਮਾਣਾ... ਕਿਵੇਂ ਜਾਣਾ...? ਕਿਵੇਂ ਆਪਣੇ ਆਪ ਨੂੰ ਸਮਝਾ ਕਿ ਮੈਂ ਅਸਲ ਵਿੱਚ ਹਾਂ ਕੌਣ...? ਇਹੀ ਸੀ ਮੇਰੀ ਜ਼ਿੰਦਗੀ ਦਾ ਸੱਤ ਸਾਢੇ ਸੱਤ ਸਾਲ ਲੰਬਾ ਚੱਲਣ ਵਾਲਾ ਯੁੱਧ, ਜਿਸ ਵਿੱਚ 'ਹਾਂ' ਮੇਰੇ 'ਤੇ ਲਗਾਤਾਰ ਭਾਰੂ ਹੁੰਦੀ ਗਈ, ਜਿਸ ਨੂੰ ਮੈਂ ਪੰਜਵੀਂ ਜਮਾਤ ਤੋਂ ਬਾਅਦ, ਦਸ ਸਾਢੇ ਦਸ ਸਾਲ ਦੀ ਉਮਰ ਵਿੱਚ ਲੜ੍ਹਨਾ ਸ਼ੁਰੂ ਕੀਤਾ ਸੀ ।

ਹਾਂ... ਜੇ ਮੈਨੂੰ ਰਾਜੂ ਧੋਖਾ ਨਾ ਦਿੰਦਾ... ਕਿਤੇ 'ਉਹ' ਮੰਨ ਜਾਂਦਾ, ਮੇਰੇ ਨਾਲ ਵਿਆਹ ਕਰਵਾਉਣ ਲਈ, ਫਿਰ ਕਿਹੜਾ ਇਸ ਸਮਾਜ 'ਚ 'ਇਹ' ਕੋਈ ਅਨੋਖੀ ਗੱਲ ਹੋਣੀ ਸੀ, ਕੁੜੀਆਂ, ਕੁੜੀਆਂ ਨਾਲ 'ਤੇ ਮੁੰਡਿਆਂ ਦਾ ਮੁੰਡਿਆਂ ਨਾਲ ਵਿਆਹ ਕਰਨ ਦੀ ਕਾਨੂੰਨ ਨੇ ਵੀ ਤਾਂ ਮਾਨਤਾ ਦਿੱਤੀ ਹੋਈ ਐ ।

ਰਾਜੂ ਵੀ ਮੈਨੂੰ ਅਜੀਬ ਇਤਫ਼ਾਕ ਨਾਲ ਮਿਲਿਆ, ਸਾਡੇ ਪਿੰਡ ਤੋਂ ਤੀਜੇ ਪਿੰਡ ਦਾ ਮੁੰਡੈ, ਉਹ ਮੇਰੀ ਵੱਡੀ ਭੈਣ ਨੂੰ ਦੇਖਣ ਆਇਆਂ ਦੇ ਨਾਲ ਆਇਆ ਸੀ, ਉਨ੍ਹਾਂ ਦੇ ਪਿੰਡ ਹੀ ਮੇਰਾ ਹਾਈ ਸਕੂਲ ਸੀ, ਰਾਜੂ ਨੂੰ ਦੇਖ ਕੇ ਮੈਂ ਐਨਾ ਪ੍ਰਭਾਵਿਤ ਹੋਇਆ ਕਿ ਵਿਆਹ ਕਰਵਾਵਾ ਤਾਂ ਇਸੇ ਨਾਲ, ਉਹਦੇ ਮਿਲਣ ਤੋਂ ਪਹਿਲਾਂ, ਸੱਤਵੀਂ ਜਮਾਤ ਤੱਕ ਤਾਂ ਜਿਵੇਂ ਕਿਵੇਂ ਚੱਲੀ ਗਿਆ, ਮਾਂ ਦੇ ਡਰ ਜਾਂ ਵਹਿਮ ਕਾਰਨ, ਕਿਉਂਕਿ ਮੈਥੋਂ ਵੱਡੇ ਦੋ ਭਰਾ ਹੋਰ ਵੀ ਨੇ, ਇਸੇ ਲਈ ਲੋਕਾਂ ਦੀ ਨਜ਼ਰਾਂ ਤੋਂ ਡਰਦੀ ਮਾਰੀ, ਮੇਰੀ ਵਹਿਮਣ ਮਾਂ ਨੇ ਕਦੇ ਆਪਣੀ ਜ਼ੁਬਾਨ ਨਾਲ ਕਿਸੇ ਨੂੰ ਨਹੀਂ ਸੀ ਕਿਹਾ ਕਿ ਦੀਪ ਮੇਰਾ ਤੀਜਾ ਮੁੰਡੈ, ਸਗੋਂ ਉਹ ਤਾਂ ਮੇਰੇ ਗੁੱਤ ਕਰਕੇ ਹੀ ਸਕੂਲ ਭੇਜਦੀ ਰਹੀ, ਸਕੂਲੇ ਮੈਂ ਕੁੜੀਆਂ 'ਚ ਹੀ

ਬੈਠਦਾ ਉੱਠਦਾ, ਉਨ੍ਹਾਂ ਨਾਲ ਹੀ ਰੋਟੀ ਖਾਂਦਾ, ਬੋਲਦਾ ਵੀ ਉਨ੍ਹਾਂ ਵਾਂਗ ਹੀ, ਕੁਦਰਤੀ ਮੇਰੇ ਸਰੀਰ ਦੀ ਬਣਤਰ ਕੁੜੀਆਂ ਵਰਗੀ ਹੀ ਬਣਦੀ ਚਲੀ ਗਈ ।

ਅੱਠਵੀਂ ਤੋਂ ਬਾਅਦ, ਪਿੰਡ ਦੀਆਂ ਕੁੜੀਆਂ ਦੇ ਮਾਪਿਆਂ ਨੇ ਮੇਰਾ ਉਨ੍ਹਾਂ ਦੇ ਘਰਾਂ ਵਿੱਚ ਜਾਣਾ ਆਉਣਾ ਬੰਦ ਕਰ ਦਿੱਤਾ, ਇੱਕ ਦਿਨ ਜਦੋਂ ਮੈਨੂੰ ਮੇਰੀ ਇੱਕ ਕਲਾਸ ਫੈਲੋ ਕੁੜੀ ਨੇ ਆਪਣੇ ਘਰੇ ਵੜਨੋਂ ਰੋਕਦਿਆਂ ਕਿਹਾ, "ਦੀਪ ਹੁਣ ਤੂੰ ਸਾਡੇ ਘਰੇ ਨਾ ਆਇਆ ਕਰ...।"

"ਘਰੇ ਨਾ ਆਇਆ ਕਰਾਂ...?"

"ਮੈਂ ਕੁੱਝ ਸਮਝਿਆ ਨਹੀਂ...?" ਮੈਂ ਹੈਰਾਨੀ ਜਿਹੀ 'ਚ ਉਸ ਤੋਂ ਪੁੱਛਿਆ।

"ਤੇਰੇ, ਏਥੇ ਆਉਣ 'ਤੇ ਬਾਪੂ ਗੁੱਸਾ ਕਰਦੈ।"

ਮੈਂ ਚੀਕਦਿਆਂ ਕਿਹਾ ਸੀ ਕਿ ਪਰ ਕਿਉਂ? ਤੇਰੇ 'ਤੇ ਮੇਰੇ 'ਚ ਕੀ ਫਰਕ ਐ? ਜਿਹੋ ਜਿਹੀ ਤੂੰ ਉਹੋ ਜਿਹਾ ਮੈਂ, ਤੂੰ ਸਮਝਦੀ ਕਿਉਂ ਨਹੀਂ? ਮੈਂ ਤੈਨੂੰ ਕਦੀ ਕਿਸੇ ਹੋਰ ਨਜ਼ਰ ਨਾਲ ਦੇਖਿਐ? ਕੀ ਮੈਂ ਸਕੂਲ ਦਾ ਕੰਮ ਵੀ ਨਾ ਪੁੱਛਣ ਆਇਆ ਕਰਾਂ? ਮੈਂ ਉਸ ਨੂੰ ਬਹੁਤ ਕੁੱਝ ਬੋਲਿਆ ਸਾਂ।

ਹਾਂ। ਉਸ ਨੇ ਮੇਰੀ ਕੋਈ ਗੱਲ ਨਹੀਂ ਸੀ ਸੁਣੀ, ਸਗੋਂ ਠੱਪ ਕਰਦਾ ਦਰਵਾਜ਼ਾ ਬੰਦ ਕਰ ਲਿਆ, ਉਦੋਂ ਪਹਿਲੀਂ ਵਾਰ ਮੈਨੂੰ ਆਪਣੇ ਸਰੀਰ ਨਾਲ ਐਨੀ ਜ਼ਿਆਦਾ ਨਫ਼ਰਤ ਹੋ ਗਈ ਸੀ ਕਿ ਮੈਂ ਆਪਣੇ ਆਪ ਨੂੰ ਖਤਮ ਹੀ ਕਰ ਲਵਾਂ ।

ਨੌਂਵੀਂ ਕਲਾਸ 'ਚ ਜਾਣ ਵੇਲੇ, ਸਾਡੇ ਸਕੂਲ ਬਦਲ ਗਏ ਸਨ, ਕਿਸੇ ਨੇ ਕੋਈ ਸਕੂਲ ਚੁਣ ਲਿਆ ਅਤੇ ਕਿਸੇ ਨੇ ਕੋਈ ।

ਮੈਨੂੰ ਦਾਖਲਾ ਮਿਲਿਆ ਰਾਜੂ ਦੇ ਪਿੰਡ, ਜਿੱਥੇ ਮੇਰੀ ਵੱਡੀ ਭੈਣ ਵਿਆਹੀ ਜਾ ਚੁੱਕੀ ਸੀ, ਬਲਕਿ ਉਸ ਦੇ ਸਹੁਰੇ ਦੇ ਕਹਿਣ 'ਤੇ ਹੀ, ਮੈਨੂੰ ਘੱਟ ਨੰਬਰਾਂ ਦੇ ਬਾਵਜੂਦ ਸਕੂਲ 'ਚ ਦਾਖ਼ਲਾ ਮਿਲਿਆ, ਘਰੋਂ ਮੈਂ ਆਪਣੇ ਸਾਈਕਲ ਤੇ ਪੜ੍ਹਨ ਜਾਣ ਲੱਗਿਆ, ਪਰ ਕਦੇ ਕਦੇ ਸਾਈਕਲ ਕਿਸੇ ਦੁਕਾਨ ਤੇ ਖੜ੍ਹਾ ਕਰ ਦੇਣਾ, ਬਸਤਾ ਵੀ ਓਅਥੀ ਛੱਡ ਦੇਣਾ ਤੇ ਰਾਜੂ ਨਾਲ ਮੋਟਰਸਾਈਕਲ 'ਤੇ ਗੇੜੀ ਕੱਢਣ ਚਲੇ ਜਾਣਾ, ਖੇਤਾਂ ਵੱਲ ਜਾ ਕੇ, ਕਿਸੇ ਸੁੰਨਮਸਾਨ ਜਿਹੀ ਥਾਂ ਨੂੰ ਦੇਖ ਕੇ ਮੇਰੇ ਮਨ ਵਿੱਚ ਉਥਲ ਪੁਥਲ ਸ਼ੁਰੂ ਹੋ ਜਾਣੀ, ਹਾਏ ਉਏ ਔਹ ਸਾਹਮਣੇ ਇੱਖ ਐ, ਕੋਈ ਦੇਖਦਾ ਵੀ ਨਹੀਂ, ਆਹ ਸਾਹਮਣੇ ਕਿਸੇ ਦਾ ਮੋਟਰ ਕਮਰਾ ਖੁੱਲੈ, ਰਾਜੂ ਨੂੰ ਬਾਥਰੂਮ ਕਰਨ ਦੇ ਬਹਾਨੇ ਮੈਂ ਮੋਟਰਸਾਈਕਲ ਰੋਕਣ ਲਈ ਕਹਿਣਾ, ਉਹਦੇ ਮਨ ਵਿੱਚ ਪਤਾ ਨਹੀਂ ਕੀ ਸੀ, ਉਸਨੇ ਕਹਿਣਾ ਯਾਰ ਤੈਨੂੰ ਸੁੰਨੀਆਂ ਥਾਵਾਂ ਦੇਖ ਕੇ ਹੀ ਮੂਤ ਕਿਉਂ ਉਤਰਦੈ? ਮੈਨੂੰ ਤਾਂ ਡਰ ਲੱਗਦੈ, ਰਹਿਣ ਦੇ ਤੂੰ ਸਿੱਧਾ ਹੋ ਕੇ ਚੱਲ, ਉਹ ਮੈਨੂੰ ਦੋਸਤਾਂ ਵਾਂਗ, ਭਰਾਵਾਂ ਵਾਂਗ ਸਮਝਦਾ, ਕਦੇ ਕਦੇ ਮੇਰੇ ਨਾਲ ਜਦੋਂ ਉਹ ਕਿਸੇ ਕੁੜੀ ਦੀ ਗੱਲ ਕਰਦਾ ਤਾਂ ਉਹ ਮੈਨੂੰ ਨਿਰਾ ਜ਼ਹਿਰ ਲੱਗਦਾ, ਮੈਂ ਉਹਦੇ ਨਾਲ ਬੈਠਾ ਆਪਣੇ ਆਪ ਨੂੰ ਕੁੜੀ ਹੀ ਸਮਝਦਾ, ਇਹੇ ਮੇਰੀ ਗੱਲ ਕਿਉਂ ਨਹੀਂ ਕਰਦਾ, ਮੈਨੂੰ ਛੇੜਦਾ ਕਿਉਂ ਨਹੀਂ? ਪਿੱਛੇ ਬੈਠਾ ਮੈਂ ਤੜਫ਼ਦਾ, ਮੈਂ ਉਸ ਨੂੰ ਕਹਿੰਦਾ ਕਿ ਤੂੰ ਮੈਨੂੰ ਮੋਟਰਸਾਈਕਲ ਸਿਖਾ, ਮੇਰਾ ਦਿਲ ਕਰਦਾ ਕਿ ਮੈਂ ਉਸ ਦੇ ਅੱਗੇ ਬੈਠਾ।

ਇਹ ਤੈਥੋਂ ਸੰਭਲਣਾ ਨੀਂ... ਇਹ ਛੋਟਾ ਜਿਹਾ ਜੁਆਬ ਉਸ ਦੇ ਮੂਹਰੇ ਬੈਠਣ ਵਾਲੀਆਂ ਮੇਰੀਆਂ ਰੀਝਾਂ ਮਾਰ ਦਿੰਦਾਂ, ਪਰ ਮੈਂ ਸੋਚਦਾ ਕਿ ਉਸ ਦੇ ਅੱਗੇ ਬੈਠਾ ਹੀ ਰਹਾਂ। ਫਿਰ ਪਤਾ ਨਹੀਂ ਕਾਹਤੋਂ, ਸ਼ਾਇਦ ਮੇਰੀਆਂ ਅਜਿਹੀਆਂ ਹਰਕਤਾਂ ਨੂੰ ਦੇਖ ਕੇ, ਉਹ ਮੈਥੋਂ ਥੋੜ੍ਹਾ ਥੋੜ੍ਹਾ ਪਰ੍ਹੇ ਪਰ੍ਹੇ ਰਹਿਣ ਲੱਗਿਆ, ਇੱਕ ਦਿਨ ਮੈਥੋਂ ਪਾਸਾ ਹੀ ਵੱਟ ਗਿਆ, ਸ਼ਾਇਦ ਉਹਦੇ ਵੱਡੇ ਭਰਾ ਦਾ ਸਾਲਾ

ਹੋਣਾ, ਸਾਡੇ ਵਿਚਾਲੇ ਅੜ੍ਹ ਖੜ੍ਹੋਇਆ ਹੋਣੈ, ਮੈਂ ਬਹੁਤ ਰੋਕਿਆ ਵੀ, ਹੱਥ ਵੀ ਜੋੜੇ, ਪਰ ਉਸ ਨੇ ਮੇਰੀ ਕੋਈ ਨਾ ਸੁਣੀ, ਮੇਰਾ ਦਿਲ ਟੁੱਟ ਗਿਆ, ਸੱਚੀਓ ਮੇਰਾ ਮਰਨ ਨੂੰ ਦਿਲ ਕਰਦਾ ਸੀ ਓਸ ਦਿਨ।



ਇਵੇਂ ਹੀ ਔਖੇ ਸੁਖਾਲੇ ਮੈਂ ਦਸਵੀਂ ਕਰ ਗਿਆ, ਹੁਣ ਚਿੰਤਾ ਸ਼ੁਰੂ ਹੋ ਗਈ ਸੀ ਦਾੜ੍ਹੀ ਮੁੱਛਾਂ ਦੀ, ਕਿਤੇ ਇਹ ਨਾਂਹ ਛੇਤੀ ਉਤਰ ਆਉਣ, ਉਦੋਂ ਵੀ ਮੇਰਾ ਯੁੱਧ ਜਾਰੀ ਸੀ, ਉਸ ਦਿਨ ਮੈਂ ਪੂਰੇ ਹੋਸ਼ ਹਵਾਸ 'ਚ ਸਾਂ, ਜਦੋਂ ਮੈਂ ਆਪਣੇ ਪਾਪਾ ਨੂੰ ਇਹ ਗੱਲ ਦੱਸੀ, ਪਰ ਉਹ ਤਾਂ ਇਹ ਗੱਲ ਬਰਦਾਸ਼ਤ ਨਹੀਂ ਕਰ ਸਕਿਆ, ਸਗੋਂ ਮੈਨੂੰ ਚਾਰੇ ਪੈਰ ਚੁੱਕ ਕੇ ਪੈ ਨਿਕਲਿਆ, ਤੂੰ ਇਹ ਸੋਚਿਆ ਵੀ ਕਿਵੇਂ? ਗਾਲ਼ਾਂ ਕੱਢਦੇ ਕੱਢਦੇ ਨੇ ਇੱਕ ਦੋ ਵਾਰ ਮੇਰੇ 'ਤੇ ਹੱਥ ਵੀ ਉਗਰਿਆ... ਮੈਂ ਵੀ ਉਨ੍ਹਾਂ ਦੀ ਗੱਲ ਸਹਿ ਨਾ ਸਕਿਆ, ਉਸੇ ਸ਼ਾਮ ਮੈਂ ਫਰਨਾਇਲ ਦੀਆਂ ਗੋਲੀਆਂ ਖਾ ਕੇ ਆਤਮ ਹੱਤਿਆਂ ਕਰਨ ਦੀ ਕੋਸ਼ਿਸ਼ ਕੀਤੀ, ਪਰ ਡੈਡੀ ਤੇ ਵੀਰੇ ਹੋਰਾਂ ਨੇ ਕਿਸੇ ਤਰੀਕੇ ਨਾਲ ਮੈਨੂੰ ਬਚਾ ਲਿਆ ਅਤੇ ਉਸ ਤੋਂ ਬਾਅਦ ਉਹ ਥੋੜ੍ਹਾ ਨਰਮ ਪੈ ਗਏ, ਪਰ ਮਾਂ ਨੂੰ ਗੱਲ ਦੀ ਸਮਝ ਨਹੀਂ ਆਈ, ਪਾਪਾ ਉਹਦੇ ਨਾਲ ਗੱਲ ਕਰਦਾ ਵੀ ਤਾਂ ਕੀ ਕਰਦਾ? ਉਂਝ ਮੇਰੇ ਉੱਤੇ ਸਖ਼ਤ ਪਹਿਰਾ ਲਾ ਦਿੱਤਾ, ਅੰਦਰ ਬਾਹਰ ਜਾਣ ਤੋਂ ਰੋਕ ਲਾ ਦਿੱਤੀ, ਅਗਲੇਰੀ ਪੜ੍ਹਾਈ ਤੇ ਪਾਬੰਦੀ ਲਾ ਦਿੱਤੀ, ਫੋਨ ਵੀ ਮੇਰੇ ਕੋਲੋਂ ਖੋਹ ਲਿਆ ਗਿਆ। ਹੁਣ ਮੈਨੂੰ ਘਰ ਅੰਦਰ ਰਹਿਣਾ ਮੁਸ਼ਕਲ ਹੋ ਗਿਆ, ਤਿੰਨ ਸਾਢੇ ਤਿੰਨ ਮਹੀਨੇ ਮੈਂ ਕੈਦੀਆਂ ਵਾਂਗ ਕੱਟੇ, ਹੁਣ ਕਾਹਦੇ ਖਾਤਰ ਜਿਉਣਾ ਹੈ, ਮੈਂ ਆਪਣੇ ਆਪ ਨੂੰ ਸੁਆਲ ਕਰਦਾ।

ਇੱਕ ਦਿਨ ਫੇਰ, ਮੈਂ ਪਲਾਨ ਜਿਹੀ ਬਣਾ ਕੇ ਪੱਖੇ ਨਾਲ ਬੀਬੀ ਆਲੀ ਚੁੰਨੀ ਬੰਨ੍ਹ ਲਈ, ਅਜੇ ਉਸ ਨਾਲ ਲਟਕਣ ਦੀ ਤਿਆਰੀ ਵਿੱਚ ਹੀ ਸਾਂ ਕਿ ਐਨੀ ਦੇਰ 'ਚ ਡੈਡੀ ਨੂੰ ਪਤਾ ਲੱਗ ਗਿਆ, ਉਨ੍ਹਾਂ ਮੈਨੂੰ ਦੁਬਾਰਾ ਫੇਰ ਮਰਨੋਂ ਬਚਾ ਲਿਆ, ਆਖਿਰ ਮੇਰੇ ਤੋਂ ਸਾਰੀਆਂ ਪਾਬੰਦੀਆਂ ਹਟਾ ਲਈਆਂ, ਮੈਨੂੰ ਥੋੜ੍ਹੀ ਬਹੁਤੀ ਰਾਹਤ ਮਿਲੀ 'ਤੇ ਵੱਖਰੀ ਖੁੱਲ੍ਹ ਵੀ, ਫੋਨ ਵੀ ਵਾਪਸ ਮਿਲ ਗਿਆ।

ਮੈਂ ਮਨੋਂ ਮਨੀ ਦਿਨ ਰਾਤ ਇਉਂ ਵਾਹਣਾਂ ਵਿੱਚ ਭੱਜਿਆ ਫਿਰਦਾ, ਜਿਵੇਂ ਮੇਰੇ ਪੈਰਾਂ ਥੱਲੇ ਅੱਗ ਬਲ੍ਹਦੀ ਹੋਵੇ, ਕੋਈ ਅਜਿਹੀ ਭਟਕਣ, ਜਿਸ ਦੀ ਮੈਂ ਬਹੁਤ ਤੇਜ਼ੀ ਨਾਲ ਭਾਲ੍ਹ ਕਰ ਰਿਹਾ ਹੋਵਾਂ, ਆਪਣੇ ਆਪ ਨਾਲ ਲੜਦਾ, ਇਹ ਪ੍ਰਭਾਵਿਤ ਹੋਣ ਦੀ ਬਿਮਾਰੀ ਭਲਾ ਮੈਨੂੰ ਹੀ ਕਿਉਂ ਚਿੰਬੜੀ? ਹਰੇਕ ਸੋਹਣੇ ਮੁੰਡੇ ਨੂੰ ਦੇਖ ਕੇ ਉਸ ਨਾਲ ਸੌਣ ਪੈਣ ਲਈ ਦਿਲ ਕਾਹਲਾ ਪੈ ਜਾਂਦਾ... ਹਾਏ ਰੱਬਾ

ਦਾ, ਹਾਉਕਾ ਨਿਕਲ਼ਦਾ ।

ਮਾਂ ਨੇ ਅਨੇਕਾਂ ਵਾਰ ਮੈਥੋਂ ਪੁੱਛਿਆ, ਪੁੱਤ ਮੈਂ ਤੇਰੀ ਮਾਂ ਆਂ, ਮੈਨੂੰ ਤਾਂ ਆਪਣੇ ਦਿਲ ਦੀ ਗੱਲ ਦੱਸ ਈ ਸਕਦੈ, ਤੈਨੂੰ ਇਹੋ ਜਿਹੀ ਕਿਹੜੀ ਬਿਮਾਰੀ ਐ ਕਿ ਤੂੰ ਜੀਣਾ ਈਂ ਨੀਂ ਚਾਹੁੰਦਾ? ਕਿੰਨੀ ਵਾਰੀ ਤੈਨੂੰ ਮਰਨੋਂ ਬਚਾ ਲਿਆ, ਤੂੰ ਮੈਨੂੰ ਆਪਦੇ ਦਿਲ ਦੀ ਗੱਲ ਦੱਸ ਦੇ ਕੇਰਾਂ, ਮੈਂ ਦੁਨੀਆਂ ਦੀ ਹਰੇਕ ਚੀਜ਼ ਤੇਰੇ ਅੱਗੇ ਢੇਰੀ ਕਰਦੂ, ਤੇਰੇ ਬਾਪੂ ਨੂੰ ਬਥੇਰਾ ਪੁੱਛ ਲਿਆ, ਉਹ ਵੀ ਨੀਂ ਕੁਸ਼ ਦੱਸਦਾ, ਤੁਸੀਂ ਇਹੋ ਜਿਹੀ ਕਿਹੜੀ ਸੌਂਹ ਖਾ ਲਈ ਕਿ ਮਾਂ ਨੂੰ ਦੱਸਣਾ ਈ ਕੁਸ਼ ਨਹੀਂ, ਨਾਂਹ ਮੇਰਾ ਕੋਈ ਹੱਕ ਨਹੀਂ ਪੁੱਛਣ ਦਾ? ਮਾਂ ਮੇਰੀਆਂ ਮਿੰਨਤਾਂ ਕਰਦੀ, ਹਾੜੇ ਕੱਢਦੀ ਕੱਢਦੀ ਆਪਦੀਆਂ ਅੱਖਾਂ ਭਰ ਕੇ ਬੈਠ ਜਾਂਦੀ ।

ਕੀ ਦੱਸਦਾ ਮੈਂ ਮਾਂ ਨੂੰ, ਇਸ ਲਈ ਮੈਂ ਮਾਂ ਮੂਹਰੇ ਮੈਂ ਗੂੰਗਾ ਬਣ ਜਾਂਦਾ।

"ਉਹੋ... ਉਹ ਜਾਣੇ... ਰੱਬ ਤੈਨੂੰ ਤੰਦਰੁਸਤੀਆਂ ਬਖਸ਼ੇ...ਅਕਲ ਤੇ ਲੰਮੀਆਂ ਉਮਰਾਂ ਬਖਸ਼ੇ...।" ਕਹਿਕੇ ਚੁੱਪ ਕਰ ਜਾਂਦੀ।

ਰਾਤੀਂ ਬਿਸਤਰੇ 'ਤੇ ਪੈਣ ਲੱਗੇ ਨੈੱਟ 'ਤੇ ਖੋਜ ਜਾਰੀ ਰਹਿੰਦੀ, ਆਖਿਰ ਦਿੱਲੀ ਦੇ ਇੱਕ ਡਾਕਟਰ ਨਾਲ ਤਿਨ ਲੱਖ 'ਚ ਗੱਲ ਤਹਿ ਹੋ ਗਈ, ਉਸ ਨੇ ਮੈਨੂੰ ਇਕੱਲੇ ਨੂੰ ਨਹੀਂ, ਬਲਕਿ ਪੂਰੇ ਪਰਿਵਾਰ ਸਮੇਤ ਸੱਦਿਆ ਆਪਦੇ ਕੋਲ, ਉਸ ਨੇ ਫੋਨ ਤੇ ਕਿਹਾ ਕਿ ਪਰਿਵਾਰ ਸਮੇਤ ਆਉਣਾ, ਪੂਰੇ ਦੋ ਘੰਟੇ ਤੇਰੀ ਕੌਊਂਸਲਿੰਗ ਕਰਾਂਗਾ, ਮੈਂ ਉਸ ਤੋਂ ਅਪਾਰਟਮੈਂਟ ਲਈ ਅਤੇ ਪਿਤਾ ਦੀ ਥਾਂ ਚਾਚਾ ਜੀ ਨੂੰ ਆਪਣੇ ਨਾਲ ਲੈ ਕੇ ਗਿਆ ਦਿੱਲੀ ਨੂੰ, ਰਾਹ ਵਿਚ ਮੈਂ ਉਨ੍ਹਾਂ ਨੂੰ ਜਦੋਂ ਆਹ ਗੱਲ ਦੱਸਣ ਲੱਗਿਆ ਤਾਂ ਉਹ ਕਹਿਣ ਲੱਗੇ, ਤੇਰੇ ਡੈਡੀ ਨੇ ਕਰੀਂ ਸੀ ਮੇਰੇ ਨਾਲ ਗੱਲ ਥੋੜ੍ਹੀ ਜਿਹੀ ... ਕਹਿੰਦੇ ਸੀ ਕਿਸੇ ਦਿਨ ਦੀਪ ਨੂੰ ਸਮਝਾ ਕਿ ਉਹ ਬੰਦਾ ਬਣੇ, ਕਿਉਂਕਿ ਡੈਡੀ ਨੂੰ ਪਤੈ ਕਿ ਮੈਂ ਚਾਚੇ ਤੋਂ ਬਿਨਾਂ ਕਿਸੇ ਹੋਰ ਦੀ ਗੱਲ ਨਈਂ ਸੁਣਦਾ, ਉਹ ਕਹਿਣ ਲੱਗੇ ਇਹ ਸਾਰੀ ਗੱਲ ਦਾ, ਪਹਿਲਾ ਹੀ ਮੈਨੂੰ ਪਤਾ ਐ... ਇਹ ਸੁਣ ਕੇ ਮੈਨੂੰ ਮਹਿਸੂਸ ਹੋਇਆ ਕਿ ਮੇਰੇ ਪਿਉ ਨੇ ਤਾਂ ਸਮਝੋ ਮਨਜ਼ੂਰੀ ਦੇ ਹੀ ਦਿੱਤੀ ਹੈ ।

ਉਥੇ ਡਾਕਟਰ ਦੀ ਦੋ ਘੰਟਿਆਂ ਦੀ ਕਾਊਂਸਲਿੰਗ ਸੀ, ਪਰ ਡਾਕਟਰ ਤੋਂ ਤਾਂ ਚਾਲ਼ੀ ਮਿੰਟ ਵੀ ਝੱਲ ਨਹੀਂ ਹੋਏ, ਉਹ ਮੇਰੇ ਸਖ਼ਤ ਫ਼ੈਸਲੇ ਕਰਕੇ ਆਪਣੇ ਹੱਥ ਖੜ੍ਹੇ ਕਰ ਗਿਆ, ਫਿਰ ਢਿੱਲਾ ਜਿਹਾ ਮੂੰਹ ਬਣਾ ਕੇ ਬੋਲਿਆ "ਤੁਹਾਡੀ ਮਰਜ਼ੀ ਐ, ਊਂ ਹੈ ਇਹ ਕੁਦਰਤ ਦੇ ਖ਼ਿਲਾਫ਼ ਈ... ਪਰ ਮੇਰਾ ਤਾਂ ਧੰਦੈ, ਮੈਂ ਤਾਂ ਪੈਸੇ ਲੈਣੇ ਨੇ, ਆਪਣਾ ਕੰਮ ਕਰ ਦੇਣੈ।", ਭਾਵੇਂ ਸਾਰੇ ਮੁਲਕ ਦੇ ਮਰਦ, ਔਰਤਾਂ ਬਣ ਜਾਣ...। ਉਸ ਤੋਂ ਤੁਰੰਤ ਬਾਅਦ ਉਹ ਮੇਰੇ ਸਰੀਰ ਦਾ ਮੁਆਇਨਾ ਕਰਨ ਲੱਗ ਪਿਆ, ਸਭ ਤੋਂ ਪਹਿਲਾਂ ਉਸ ਨੇ ਮੇਰਾ ਭਾਰ ਤੋਲਿਆ, ਉਸ ਨੇ ਕਿਹਾ, ਤੁਹਾਡਾ ਵਜ਼ਨ ਬਹੁਤ ਘੱਟ ਹੈ ਇਸ ਨੂੰ ਵਧਾਓ, ਇਹ ਵਧਣਾ ਬਹੁਤ ਜ਼ਰੂਰੀ ਐ, ਵੈੱਜ ਨਾਨ ਵੈੱਜ, ਜਿਵੇਂ ਵੀ ਤੁਸੀਂ ਠੀਕ ਸਮਝੋ, ਕਿਉਂਕਿ ਇਹ ਦਵਾਈ ਸਰੀਰ ਨੂੰ ਹੋਰ ਪਤਲਾ ਅਤੇ ਅੰਦਰੋਂ ਕਮਜ਼ੋਰ ਵੀ ਕਰਦੀ ਐ, ਬਾਕੀ ਰਹੀ ਗੱਲ ਪੈਸੇ ਦੀ, ਪੈਸਾ ਵੀ ਮੈਂ ਇਕੱਠਾ ਨਹੀਂ ਲੈਣਾ, ਡੇਢ ਸਾਲ ਵਿੱਚ ਲੈਣਾ ਹੈ, ਲੇਕਿਨ ਦਵਾਈਆਂ ਅੱਜ ਤੋਂ ਹੀ ਸ਼ੁਰੂ ਕਰ ਦੇਣੀ ਹਨ, ਫਿਰ ਜਦੋਂ ਆਪਣੇ ਆਪ ਫ਼ਰਕ ਪੈਣਾ ਸ਼ੁਰੂ ਹੋ ਜਾਵੇਗਾ ਉਦੋਂ ਤੱਕ ਪੈਸੇ ਵੀ ਪੂਰੇ ਹੋ ਜਾਣਗੇ ਅਤੇ ਕੰਮ ਵੀ ਸਾਰਾ ਮੁਕੰਮਲ ਹੋ ਜਾਵੇਗਾ।

ਹਰ ਪੰਦਰਾਂ ਦਿਨਾਂ ਬਾਅਦ ਤੁਹਾਨੂੰ ਮੇਰੇ ਕੋਲ ਆਉਣਾ ਪਊ, ਸਾਲ ਤੋਂ ਡੇਢ ਸਾਲ ਆਪਣੀ ਟਰੀਟਮੈਂਟ ਚਲਦੀ ਰਹੂ ਅੱਜ ਪਹਿਲੇ ਟੀਕੇ ਦੀ ਸ਼ੁਰੂਆਤ ਕਰ ਲੈਂਦੇ ਹਾਂ, ਜਿਸ ਦੇ ਲੱਗਣ ਨਾਲ

ਕੀ ਕੀ ਹੋਣਾ ਐ, ਜਦੋਂ ਡਾਕਟਰ ਨੇ ਇਹ ਦੱਸਿਆ ਤਾਂ ਮੇਰੇ ਅੰਦਰਲਾ ਮਰਦ ਧੁੜ ਧੜੀ ਜਿਹੀ ਲੈਣ ਲੱਗਿਆ ਪਰ ਮੈਂ ਉਸ ਦਾ ਇਨਾਂ ਬੋਲਾਂ ਨਾਲ 'ਗਲਾਂ' ਘੁੱਟ ਦਿੱਤਾ, ਡਾਕਟਰ ਸਾਬ੍ਹ ਪਲੀਜ਼ ਪਹਿਲਾਂ ਪੈਮਿੰਟ ਜਮਾਂ ਕਰੋ।

ਕਾਊਂਟਰ 'ਤੇ ਬੈਠੀ ਕੁੜੀ ਕੋਲ, ਚਾਚਾ ਜੀ ਵੱਲੋਂ ਪੈਮੇਂਟ ਜਮ੍ਹਾਂ ਹੋ ਜਾਣ ਤੋਂ ਬਾਅਦ, ਡਾਕਟਰ ਆਪਣੀ ਫਰਿਜ਼ ਵੱਲ ਵਧਿਆ, ਉਸ ਨੇ ਉਸ ਵਿੱਚੋਂ ਇੱਕ ਸ਼ੀਸ਼ੀ ਕੱਢ ਕੇ ਜ਼ੋਰ ਜ਼ੋਰ ਦੀ ਦੋ ਤਿੰਨ ਵਾਰ ਹਿਲਾਈ ਅਤੇ ਫਿਰ ਸਰਿੰਜ਼ ਭਰਨ ਲੱਗਿਆ, ਚਾਚਾ ਜੀ ਸਾਹਮਣੀ ਕੁਰਸੀ 'ਤੇ ਬੈਠਾ ਸੀ, ਟੀਕਾ ਮੇਰੇ ਲੱਗ ਰਿਹਾ ਸੀ, ਤਕਲੀਫ ਉਸ ਨੂੰ ਹੋ ਰਹੀ ਸੀ, ਟੀਕੇ ਤੋਂ ਬਾਅਦ ਡਾਕਟਰ ਨੇ ਪੰਦਰਾਂ ਦਿਨਾਂ ਦੀਆਂ ਗੋਲੀਆਂ ਦਿੰਦੇ ਹੋਏ ਕਿਹਾ ਸੀ ਕਿ ਇਹ ਇੱਕ ਗੋਲੀ ਰੋਜ਼ ਰਾਤ ਨੂੰ ਪੈਣ ਲੱਗੇ ਲੈਣੀ ਐ, ਮੇਰੀ ਇਕ ਗੱਲ ਧਿਆਨ ਨਾਲ ਸੁਣ ਲਵੋ, ਜਿੰਨੀ ਦੇਰ ਦਵਾਈਆਂ ਚੱਲਣਗੀਆਂ, ਓਨੀ ਦੇਰ ਵਜ਼ਨ ਵਧਣਾ ਅਤੀ ਜ਼ਰੂਰੀ ਐ ਅਤੇ ਠੀਕ ਹਰੇਕ ਪੰਦਰਾਂ ਦਿਨਾਂ ਬਾਅਦ ਮੇਰੇ ਕੋਲ ਆਉਣੈ ਉਸ ਤੋਂ ਵੀ ਵੱਧ ਜ਼ਰੂਰੀ ਐ, ਅਗਰ ਤੁਸੀਂ ਆਪਣੇ ਫ਼ੈਸਲੇ ਉੱਤੇ ਅਟੱਲ ਹੋ।

ਵਾਪਸੀ ਤੇ ਪੂਰੇ ਰਸਤੇ ਮੈਂ ਅਤੇ ਚਾਚਾ ਜੀ ਨੇ ਆਪਸ ਵਿੱਚ ਅੱਖਾਂ ਨਹੀਂ ਸਨ ਮਿਲਾਈਆਂ, ਪਰ ਮੈਨੂੰ ਟੀਕਾ ਲੱਗਣ ਤੋਂ ਬਾਅਦ, ਕੁੱਝ ਵੀ ਮਹਿਸੂਸ ਨਹੀਂ ਸੀ ਹੋ ਰਿਹਾ, ਲੱਗਦਾ ਸੀ ਪੰਦਰਾਂ ਹਜ਼ਾਰ ਭਰਵਾ ਕੇ ਲੁੱਟੇ ਗਏ ਹਾਂ, ਘਰ ਆ ਕੇ ਮੈਂ ਰੋਜ਼ ਰਾਤ ਨੂੰ ਗੋਲੀ ਖਾ ਕੇ ਸੌਂਦਾ, ਮੈਂ ਵਾਰ ਵਾਰ ਆਪਣੇ ਲਿੰਗ ਨੂੰ ਹੱਥ ਲਾ ਕੇ ਦੇਖਦਾ ਰਹਿੰਦਾ, ਉਂਝ ਉਸ ਨੂੰ ਛੂਹਣ ਨੂੰ ਵੀ ਮੇਰਾ ਦਿਲ ਨਾ ਕਰਦਾ, ਜਿਵੇਂ ਮੈਨੂੰ ਉਸ ਨਾਲ ਨਫ਼ਰਤ ਹੋ ਗਈ ਹੋਵੇ, ਜੀ ਕਰਦਾ ਵੱਢ ਕੇ ਸੁੱਟ ਦਿਆਂ, ਪਰ ਹੋਣ ਵਾਲੀ ਤਕਲੀਫ਼ ਤੋਂ ਡਰਦਾ ਇਸ ਲਈ ਹੌਂਸਲਾ ਨਾ ਪੈਂਦਾ, ਚਲੋ ਸੋਚਦਾ ਥੋੜ੍ਹੀ ਦੇਰ ਹੋਰ ਐ।

ਉਂਝ ਭਾਵੇਂ ਮੇਰੇ ਸਰੀਰ ਦੀ ਬਣਤਰ ਪਹਿਲੇ ਦਿਨੋਂ ਹੀ ਕੁੜੀਆਂ ਵਰਗੀ ਹੈ, ਪਤਲਾ ਸਰੀਰ, ਪਤਲੀਆਂ ਪਤਲੀਆਂ ਉਂਗਲੀਆਂ ਤੇ ਬਾਹਵਾਂ, ਮੈਂ ਆਪਣਾ ਬਚਪਨ ਕਿਵੇਂ ਜੀਵਿਐ?, ਮੈਨੂੰ ਹੀ ਪਤੈ, ਮੈਨੂੰ ਕੁੜੀਆਂ ਛੇੜਦੀਆਂ ਮੁੰਡਾ ਹੋਣ ਕਰਕੇ, ਪਰ ਮੈਂ ਕੁੜੀਆਂ ਨੂੰ ਨਹੀਂ, ਮੁੰਡਿਆਂ ਨੂੰ ਦੇਖ ਕੇ ਪ੍ਰਭਾਵਿਤ ਹੁੰਦਾ, ਸ਼ੁਰੂ ਤੋਂ ਹੀ ਸੁਪਨਿਆਂ 'ਚ ਮੁੰਡੇ ਦਿਖਾਈ ਦਿੰਦੇ, ਪਰ ਹੁਣ ਡਾਕਟਰ ਵੱਲੋਂ ਦਿੱਤੀਆਂ ਗੋਲੀਆਂ ਜਦੋਂ ਮੈਂ ਖਾ ਕੇ ਸੌਂਦਾ ਤਾਂ ਐਨੀ ਗੂੜ੍ਹੀ ਨੀਂਦ ਆਉਂਦੀ ਕਿ ਕੁੱਝ ਵੀ ਸੋਚਣ ਤੋਂ ਅਸਮਰਥ ਹੋ ਜਾਂਦਾ।

ਸਵੇਰੇ ਉੱਠ ਕੇ ਕੁੜੀਆਂ ਵਾਲੇ ਕੱਪੜੇ ਪਾਉਣ ਨੂੰ ਜੀ ਕਰਨਾ, ਪਰ ਕਿੱਦਾਂ ਪਾਉਂਦਾ, ਮਾਂ ਨੂੰ ਤਾਂ ਇਸ ਬਾਰੇ ਖਬਰ ਈ ਕੋਈ ਨਹੀਂ ਸੀ, ਕੁੜੀਆਂ ਵੀ ਸਕੂਲ ਨੂੰ ਜ਼ੀਨਾਂ ਤੇ ਟੀ ਸ਼ਰਟਾਂ ਪਾ ਕੇ ਜਾਂਦੀਆਂ ਅਤੇ ਮੈਂ ਵੀ, ਬਸ ਫ਼ਰਕ ਐਨਾ ਕੁ ਕਿ ਕੁੜੀਆਂ ਗੁੱਤਾਂ ਕਰਦੀਆਂ ਮੈਂ ਵਾਲਾਂ ਵਿੱਚ ਰਬੜ ਪਾ ਕੇ ਜਾਂਦਾ ਰਿਹਾ, ਮੇਰੇ ਬਾਰੇ 'ਚ ਜਿੰਨਾਂ ਮੁੰਡਿਆਂ ਨੂੰ ਪਤਾ ਸੀ, ਉਹ ਮੇਰਾ ਇਹੇ ਇੱਕ ਸਟਾਇਲ ਸਮਝਦੇ ਤੇ ਜਿਨਾਂ ਨੂੰ ਨਹੀਂ ਪਤਾ ਸੀ ਉਹ ਸੀਟੀਆਂ ਮਾਰਦੇ ਅੱਖਾਂ ਮਾਰਦੇ, ਉਦੋਂ ਮੈਂ ਗੁੱਸੇ ਨਹੀਂ ਸੀ ਹੁੰਦਾ, ਸਗੋਂ ਅੰਦਰੋਂ ਮੇਰੀ ਰੂਹ ਖਿੜਦੀ, ਮੈਨੂੰ ਚੰਗਾ ਚੰਗਾ ਲੱਗਦਾ, ਪਰ ਪਾਰਖੂ ਮੁੰਡੇ ਛੇਤੀ ਸਮਝ ਜਾਂਦੇ, ਉਹ ਰਾਹ ਬਦਲ ਲੈਂਦੇ।

ਠੀਕ ਪੰਦਰਾਂ ਦਿਨ ਬਾਅਦ ਦੂਜੀ ਡੋਜ਼ ਲੱਗਣੀ ਸੀ, ਉਸ ਦਿਨ ਮੈਂ ਕੱਲਾ ਗਿਆ ਸਾਂ, ਦੂਜੀ ਡੋਜ਼ ਲਾਉਣ ਵੇਲੇ ਡਾਕਟਰ ਨੇ ਦੱਸਿਆ ਸੀ ਕਿ ਭਾਵੇਂ ਇਕ ਟੀਕਾ ਦਸ ਦਿਨ ਆਪਣਾ ਅਸਰ ਰੱਖਦੈ, ਪਰ ਅਸੀਂ ਪੰਦਰਾਂ ਦਿਨ ਲੈ ਕੇ ਚੱਲਦੇ ਹਾਂ, ਇਸ ਨੇ ਤੁਹਾਡੇ ਹਾਰਮੋਨ ਚੇਜ਼ ਕਰਨੇ ਹਨ, ਪਹਿਲਾਂ ਤੁਹਾਡੇ ਦਾੜ੍ਹੀ ਮੁੱਛਾਂ ਆਉਣੀਆਂ ਰੁਕਣਗੀਆਂ, ਫਿਰ ਤੁਹਾਡੀ ਛਾਤੀ ਵਧਣੀ ਸ਼ੁਰੂ

ਹੋਵੇਗੀ, ਇਹ ਨਹੀਂ ਕਿ ਇਹ ਸਭ ਕੁਝ, ਦਿਨਾਂ ਵਿੱਚ ਹੀ ਹੋਣਾ ਸ਼ੁਰੂ ਹੋ ਜਾਵੇਗਾ, ਇਸ ਦੀ ਗਤੀ ਬੜੀ ਹੌਲੀ ਹੁੰਦੀ ਐ? ਪਹਿਲਾਂ ਤੁਹਾਡੇ ਅੰਦਰ ਬਦਲਾਅ ਆਵੇਗਾ ।

ਹਾਂ... ਅਗਰ ਤੁਸੀਂ ਇੱਕ ਸਾਲ ਦੇ ਅੰਦਰ ਅੰਦਰ ਆਪਣੇ ਵਿਚਾਰ ਬਦਲ ਲੈਂਦੇ ਹੋ ਤੇ ਅਸੀਂ ਆਪਣੀ ਟਰੀਟਮੈਂਟ ਬੰਦ ਕਰ ਦੇਈਏ ਤਾਂ ਕੁੱਝ ਕੁ ਮਹੀਨਿਆਂ ਵਿਚ ਆਦਮੀ ਫਿਰ ਤੋਂ ਨਾਰਮਲ ਅਵਸਥਾ ਵਿਚ ਆ ਸਕਦਾ ਹੈ, ਪਰ ਮੇਰੇ ਤੇ ਡਾਕਟਰ ਦੀਆਂ ਇਨ੍ਹਾਂ ਗੱਲਾਂ ਦਾ ਕੋਈ ਵੀ ਅਸਰ ਨਹੀਂ ਸੀ ਹੋਇਆ ।

ਅਗਲੇ ਮਹੀਨੇ ਹੀ ਪੜ੍ਹਾਈ ਪਾਰ ਕਰਕੇ ਮੈਂ ਇੱਕ ਅਕੈਡਮੀ ਜੁਆਇੰਨ ਕਰ ਲਈ, ਜਿੱਥੇ ਫੈਸ਼ਨ ਸ਼ੋਅ ਵਿਚ ਜਾਣ ਵਾਲੀਆਂ ਕੁੜੀਆਂ ਨੂੰ ਤਿਆਰ ਕੀਤਾ ਜਾਦੈ, ਜੁਆਇਨ ਕਰਨ ਵੇਲੇ ਮੈਨੇਜਰ ਸਰਟੀਫਿਕੇਟ ਦੇਖ ਕੇ ਹੈਰਾਨ ਹੋਇਆ, ਕਹਿੰਦਾ ਏਥੇ ਤਾਂ ਸਿੰਘ ਲਿਖਿਆ ਹੋਇਐ? ਸਾਨੂੰ ਤਾਂ ਲੇਡੀਜ਼ ਵਰਕਰਾਂ ਦੀ ਲੋੜ ਐ ।

ਮੈਂ ਕਿਹਾ ਸਰ ਇਹ ਸਿੰਘ ਤਾਂ ਮੇਰੀ ਜਾਤ ਐ, ਮੇਰੀਆਂ ਸਾਰੀਆਂ ਭੈਣਾਂ ਦੇ ਸਰਟੀਫਿਕੇਟਾਂ ਉਤੇ ਵੀ ਸਿੰਘ ਲਿਖਿਆ ਹੋਇਐ, ਇਸ ਗੱਲੋਂ ਨਾ ਘਬਰਾਓ ਤੁਸੀਂ, ਫਿਰ ਪਹਿਲੇ ਮਹੀਨੇ ਮੈਂ ਕੰਮ ਸਿੱਖਿਆ, ਦੂਜੇ ਮਹੀਨੇ ਤੋਂ ਤਨਖਾਹ ਵੀ ਚੰਗੀ ਮਿਲਣ ਲੱਗੀ, ਥੋੜ੍ਹੀ ਦੇਰ ਵਿੱਚ ਹੀ ਮੈਂ ਆਪਣੇ ਕੰਮ ਦਾ ਮਾਸਟਰ ਬਣ ਗਿਆ ਸੀ, ਹੁਣ ਮੈਨੂੰ ਡਾਕਟਰ ਦੀ ਫ਼ੀਸ ਦਾ ਵੀ ਕੋਈ ਡਰ ਨਹੀਂ ਸੀ, ਹਰ ਪੰਦਰਵਾੜੇ ਮੈਂ ਦਿੱਲੀ ਜਾਂਦਾ, ਟੀਕਾ ਲੱਗਵਾਉਂਦਾ ਪੈਸਿਆਂ ਦਾ ਟਾਰਗੇਟ ਪੂਰਾ ਕਰਦਾ, ਵਾਪਸ ਮੁੜ ਆਉਂਦਾ।

ਮੈਂ ਆਪਣਾ ਸਰੀਰ ਚੈਕ ਕਰਦਾ, ਦੇਖਦਾ ਗੋਲੀਆਂ ਨਾਲ ਜਾਨ ਨਿਕਲ ਰਹੀ ਐ, ਸੁੰਗੜ ਰਹੀਆਂ ਨੇ, ਹੁਣ ਕਦੀ ਕਦੀ ਬਾਥਰੂਮ ਵਿੱਚ ਜਾ ਕੇ ਹੱਥ ਹਿਲਾਉਣ ਤੇ ਵੀ ਸੁਆਦ ਆਉਣੋਂ ਘਟਦਾ ਜਾ ਰਿਹਾ ਸੀ, ਭਾਵੇਂ ਡਾਕਟਰ ਨੇ ਵਰਜਿਆ ਸੀ, ਪਰ ਕਾਮ ਤਾਂ ਸਿਰ ਨੂੰ ਚੜ੍ਹਿਆ ਰਹਿੰਦੈ, ਸਗੋਂ ਹੁਣ ਤਾਂ ਉਸ ਦੀ ਗਤੀ ਹੋਰ ਵੀ ਤੇਜ਼ ਹੋ ਗਈ ਐ, ਮੈਂ ਕੀ ਚੀਜ਼ ਹਾਂ, ਮੈਨੂੰ ਕਿਹੜੀ ਅੱਗ ਵਿੱਚ ਰੱਬ ਨੇ ਝੁਲਸ ਕੇ ਭੇਜਿਆ ਹੈ, ਪਤਾ ਨਹੀਂ...?

ਐਨੇ ਸਾਲਾਂ ਵਿੱਚ ਮੇਰੇ ਦੋਵੇਂ ਵੱਡੇ ਭਰਾਵਾਂ ਦੇ ਵਿਆਹ ਹੋ ਚੁੱਕੇ ਸਨ, ਭਰਜਾਈਆਂ ਦੋਵੇਂ ਚੱਜਦੀਆ ਨਹੀਂ ਸੀ ਆਈਆਂ, ਬੀਬੀ, ਬਾਪੂ ਨਾਲ ਪਹਿਲੀ ਨੇ ਲੜ੍ਹਨ ਲਈ ਰਾਹ ਖੋਲ੍ਹ ਲਿਆ ਸੀ, ਅਤੇ ਦੂਜੀ ਨੂੰ ਆਉਂਦਿਆਂ ਹੀ ਮੌਕਾ ਮਿਲ ਗਿਆ, ਉਹ ਵੀ ਉਸੇ ਲੀਹ 'ਤੇ ਚਲ ਪਈ ਸੀ, ਮੰਮੀ ਡੈਡੀ ਓਧਰ ਹੀ ਉਲਝੇ ਰਹਿੰਦੇ, ਮੇਰੇ ਵੱਲ ਉਨ੍ਹਾਂ ਦਾ ਕਦੀ ਧਿਆਨ ਈ ਨਾ ਜਾਂਦਾ, ਵੀਰੇ ਅੱਡ ਹੋਣ ਦੀਆਂ ਗੱਲਾਂ ਕਰਦੇ, ਮੰਮੀ ਡੈਡੀ ਇੱਕੋ ਗੱਲ ਤੇ ਅੜ੍ਹੇ ਰਹੇ, ਕਹਿੰਦੇ ਜਿੰਨੀ ਦੇਰ ਅਸੀਂ ਜਿਉਂਦੇ ਬੈਠੇ ਹਾਂ ਘਰ ਵਿੱਚ ਤੀਹੋ ਕਾਲ ਦੋ ਚੁੱਲ੍ਹੇ ਨਹੀਂ ਹੋਣ ਦੇਣੇ, ਹਾਲੇ ਦੀਪ ਦਾ ਵਿਆਹ ਕਰਨੈ, ਸੁਬਾ ਸ਼ਾਮ ਘਰ ਵਿੱਚ ਇਹੀ ਘਸਮਾਣ ਚੱਲਦਾ, ਪਰ ਮੈਨੂੰ ਕੋਈ ਫ਼ਿਕਰ ਨਹੀਂ ਸੀ, ਜੋ ਹੁੰਦੈ, ਹੁੰਦਾ ਰਵੇ, ਮੈਂ ਆਪਣੀ ਮਸਤ ਚਾਲੇ ਚੱਲ ਰਿਹਾ ਸੀ।

ਇਵੇਂ ਹੀ ਅੱਠ ਮਹੀਨੇ ਲੰਘ ਗਏ ਸਨ, ਮੈਨੂੰ ਮੇਰੀਆਂ ਛਾਤੀਆਂ ਵਿਚ ਬਦਲਾਅ ਆਉਂਦਾ ਦਿਖਾਈ ਦੇਣ ਲੱਗਿਆ, ਨਹਾਣ ਵੇਲੇ ਮੈਂ ਆਪਣੀਆਂ ਛਾਤੀਆਂ ਨੂੰ ਪਿਆਰ ਕਰਨ ਲੱਗਿਆਂ, ਲਿੰਗ ਦੇ ਉਠਾਅ 'ਚ ਵੀ ਕਮੀ ਆ ਰਹੀ ਸੀ, ਉਹ ਦਿਨੋਂ ਦਿਨ ਸੁੰਗੜਦਾ, ਸੁੱਕਦਾ ਜਾ ਰਿਹਾ ਸੀ, ਡਾਕਟਰ ਦੀ ਫ਼ੀਸ ਵੀ ਲੱਗਭਗ ਨੇੜੇ ਲੱਗ ਗਈ ਸੀ, ਅਕਾਡਮੀ ਵੱਲੋਂ, ਮੈਨੂੰ ਕਦੀ ਏਧਰ ਅਤੇ ਕਦੀ ਓਧਰ ਭੇਜਿਆ ਜਾਂਦਾ, ਇਸ ਕੰਮ ਨੂੰ ਕਈ ਕਈ ਦਿਨ ਘਰੋਂ ਬਾਹਰ ਲੱਗ ਜਾਂਦੇ, ਜਿੰਨੇ ਦਿਨ

ਫੈਸ਼ਨ ਸ਼ੋਅ ਚੱਲਦਾ, ਓਨੇ ਦਿਨ ਮੈਨੂੰ ਵੀ ਉਨ੍ਹਾਂ ਦੇ ਨਾਲ ਹੀ ਘਰੋਂ ਬਾਹਰ ਰਹਿਣਾ ਪੈਂਦਾ।

ਘਰੇ ਅਜੇ ਤੱਕ ਮਾਂ ਨੂੰ ਮੇਰੇ ਬਾਰੇ ਕੋਈ ਸ਼ੱਕ ਵੀ ਨਹੀਂ ਸੀ ਹੋਇਆ ਕਿ ਮੈਂ ਕੀ ਤੋਂ ਕੀ ਬਣ ਰਿਹਾ ਹਾਂ, ਆਪਣੀ ਡਿਊਟੀ ’ਤੇ ਜਾਣ ਵੇਲੇ ਮੈਂ ਖੁੱਲ੍ਹੀਆਂ ਟੀ ਸ਼ਰਟਾਂ ਪਾ ਕੇ ਜਾਂਦਾ, ਉਂਝ ਮੈਂ ਸ਼ੁਰੂ ਤੋਂ ਹੀ ਕੁੜੀਆਂ ਵਾਂਗ ਬੋਲਦਾ, ਮੈਂ ਇਹ ਕਰੂਗੀ, ਮੈਂ ਉਹ ਕਰੂਗੀ, ਮਾਂ ਨੇ ਇਸ ਗੱਲ ਨੂੰ ਬਹੁਤਾ ਕਦੀ ਗੌਲਿਆ ਨਹੀਂ ਸੀ, ਉਹ ਇਨ੍ਹਾਂ ਗੱਲਾਂ ਨੂੰ ਮੇਰੀ ਚੌੜ, ਨਿਆਣ ਮੱਤ ਹੀ ਸਮਝਦੀ, ਉਹੋ ਦੋਵੇਂ ਭਾਬੀਆਂ ਤੋਂ ਅੱਕੀ ਹੋਈ, ਕਦੀ ਕਦੀ ਮੇਰੇ ਵਿਆਹ ਦੀ ਗੱਲ ਛੇੜ ਲੈਂਦੀ, ਮੇਰੇ ਪੁੱਤ ਦੀਪ ਦੀ ਬਹੁਟੀ ਲਿਆਊ ਚੰਨ ਵਰਗੀ ਸੋਹਣੀ, ਜਦੋਂ ਦੀਪ ਮੇਰੇ ਅੱਗੇ ਅੱਜ ਤਾਈਂ ਕਦੀ ਬੋਲਿਆ ਨਹੀਂ, ਇਹੇ ਫਿਰ ਆਪਣੀ ਬਹੁਟੀ ਨੂੰ ਕਿਵੇਂ ਬੋਲਣ ਦੇ ਦਿਊਂ ਮੇਰੇ ਅੱਗੇ, ਹੁਣ ਮਾਂ ਹਰ ਵਕਤ ਮੇਰੇ ਵਿਆਹ ਬਾਰੇ ਸੋਚਣ ਲੱਗ ਪਈ ਸੀ, ਉਸ ਦੀ ਗੱਲ ਸੁਣ ਕੇ ਮੈਂ ਮੁਸਕਰਾ ਛੱਡ ਦਾ ।

ਪੂਰਾ ਸਾਲ ਨਿਕਲ ਗਿਆ ਸੀ ਦਵਾਈਆਂ ਖਾਂਦੇ ਨੂੰ ਅਤੇ ਟੀਕੇ ਲੱਗਵਾਉਂਦੇ ਨੂੰ, ਦੂਜਾ ਸਾਲ ਸ਼ੁਰੂ ਹੋ ਚੁੱਕਿਆ ਸੀ, ਮੇਰੇ ਦੋਵੇਂ ਮਾਇਨਰ ਅਪਰੇਸ਼ਨ ਹੋ ਚੁੱਕੇ ਹਨ, ਦਵਾਈਆਂ ਤੋਂ ਮੈਂ ਅੱਕਿਆ ਨਹੀਂ ਸੀ ਨਾ ਥੱਕਿਆ ਸੀ, ਮੈਨੂੰ ਤਾਂ ਚਾਅ ਚੜ੍ਹਿਆ ਰਹਿੰਦਾਂ, ਦਵਾਈ ਅਤੇ ਟੀਕੇ ਲੱਗਵਾਉਣ ’ਚ ਕਦੀ ਨਾਗਾ ਨਹੀਂ ਸੀ ਪੈਣ ਦਿੱਤਾ, ਡਾਕਟਰ ਵੀ ਛੋਟੇ ਰੱਬ ਹੀ ਹੁੰਦੇ ਨੇ, ਕਿਵੇਂ ਉਸ ਨੇ ਲਮਕ ਰਹੀਆਂ ਗੋਲੀਆਂ ਵਿੱਚੋਂ ਜਾਨ ਕੱਢੀ ਤੇ ਮੇਰੀ ਜਾਨ ਵੀ ਨਿਕਲਣ ਨਹੀਂ ਸੀ ਦਿੱਤੀ ।

ਇਹ ਪੌਣੇ ਦੋ ਸਾਲ ਅਤੇ ਪਹਿਲੇ ਸੱਤ ਸਾਲਾਂ ਨੂੰ ਮਿਲਾ ਕੇ ਪੌਣੇ ਨੌਂ ਸਾਲ ਬਣ ਗਏ, ਬੱਚਾ ਨੌਂ ਮਹੀਨਿਆਂ ਵਿਚ ਜਨਮ ਲੈਂਦੈ, ਪਰ ਮੈਨੂੰ ਇਹ ਜਨਮ ਲੈਣ ਲਈ ਨੌ ਸਾਲ ਲੱਗ ਗਏ, ਮੇਰਾ ਨਵਾਂ ਜਨਮ ਹੋ ਗਿਆ ।ਹੁਣ ਮੈਂ ਔਰਤ ਹਾਂ। ਇਸ ਦੁਬਿਧਾ ਵਾਲੀ ਜ਼ਿੰਦਗੀ ਦਾ ਭੋਗ ਪਾ ਚੁੱਕਿਆ ਹਾਂ ।

ਅੱਜ, ਮੈਂ ਆਪਣੇ ਘਰ ਆਈ ਹੋਈ ਸਾਂ, ਭਰਾ ਦੋਵੇਂ ਗੱਡੀਆਂ ਲੈ ਕੇ ਕਿਤੇ ਬਾਹਰ ਗਏ ਹੋਏ ਸਨ, ਪਿਤਾ ਜੀ ਬੈਂਕ ਦੀ ਮਨੈਜਰੀ ਤੋਂ ਲਗਭਗ ਰਿਟਾਇਰ ਹੋਣ ਵਾਲੇ ਨੇ, ਮੈਂ ਸ਼ੀਸ਼ੇ ਮੂਹਰੇ ਖੜ੍ਹ ਕੇ ਤਿਆਰ ਹੋਣ ਲੱਗੀ, ਲਾਗੇ ਹੀ ਮਾਂ, ਦੁਕਾਨ ਤੋਂ ਕੋਈ ਸਾਮਾਨ ਖਰੀਦਣ ਲਈ ਜਾਣ ਲੱਗੀ ਨੇ ਮੈਨੂੰ ਪੁੱਛਿਆ, “ਦੀਪ ਮੈਂ ਜੌੜੀਆਂ ਹੱਟੀਆ ਤੇ ਚੱਲੀ ਆ, ਤੂੰ ਕੁੱਝ ਮਗਵਾਉਣੈ? ਮੈਂ ਲਿਆ ਦਾਂਗੀ।

ਹੁਣ ਮੈਂ ਕੁਝ ਵੀ ਮਾਂ ਕੋਲੋਂ ਲੁਕਾਉਣਾ ਨਹੀਂ ਸੀ ਚਾਹੁੰਦਾ, ਮੈਂ ਆਪਣੇ ਆਪ ਨੂੰ ਦੱਸਣ ਦਾ ਇੱਕ ਨਿਵੇਕਲਾ ਢੰਗ ਵਰਤਿਆ, “ਬੀਬੀ ਮੇਰੇ ਲਈ ਨਾ ਤੂੰ ਇੱਕ ਨੇਲ ਪਾਲਿਸ਼ ਲੈ ਆਉਣਾ ਬੈਂਗਣੀ ਰੰਗ ਦੀ।”

ਸੁਣ ਕੇ ਮਾਂ ਦੀ ਚੀਕ ਨਿਕਲ ਗਈ, “ਦੀਪ ਤੇਰੀ ਸੁਰਤ ਠਿਕਾਣੇ ਐ ਕਿ ਨਹੀਂ? ਕੀ ਕਰਨੀ ਐ ਤੂੰ ਨੇਲ ਪਾਲਿਸ਼? ਉਹ ਤਾਂ ਕੁੜੀਆਂ...।” ਮਾਂ ਤੋਂ ਗੱਲ ਪੂਰੀ ਨਹੀਂ ਸੀ ਹੋਈ।

ਮੈਂ ਉਸ ਨੂੰ ਬਹੁਤ ਸਹਿਜਤਾ ’ਚ ਜੁਆਬ ਦਿੱਤਾ, ਬੀਬੀ ਮੈਂ ਆਪਣੇ ਆਪ ਨੂੰ ਮਿਲਣਾ ਸੀ ਇਸ ਲਈ ਤੇਰਾ ਉਹ ‘ਦੀਪ’ ਹੁਣ ਸਦਾ ਲਈ ਬੁਝ ਗਿਐ। ਜਿਸ ਤੋਂ ਤੂੰ ਚਾਨਣ ਦੀ ‘ਕੋਈ’ ਆਸ ਰੱਖੀ ਬੈਠੀ ਸੀ।

ਬੀਬੀ ਥਮਲੇ ਨੂੰ ਪਿੱਠ ਲਾ, ਘਸੜ੍ਹਕੇ ਇਉਂ ਥੱਲੇ ਨੂੰ ਬਹਿ ਗਈ, ਜਿਵੇਂ ਉਸ ਦੀਆਂ ਲੱਤਾਂ ਨਿਰਜਿੰਦ ਹੋ ਗਈਆ ਹੋਣ । (**ਸੰਪਰਕ : 93162-88955**)

ਕਹਾਣੀ

# ਜਿਤੁ ਦਿਹਾੜੈ ਧਨ ਵਰੀ

ਲਖਵਿੰਦਰ ਵਿਰਕ



"ਨਿੰਦੀ, ਤੇਰੀ ਮਾਸੀ ਪੂਰੀ ਹੋ ਗਈ ਏ।" ਆਥਣੇ ਡੈਡੀ ਦਾ ਫੋਨ ਆਇਆ।

"ਹੈਂ! ਮਾਸੀ ਨੂੰ ਕੀ ਹੋ ਗਿਆ?" ਮੇਰੀ ਭੁੱਬ ਨਿਕਲ ਗਈ।

"ਬੁਖਾਰ ਹੀ ਹੋਇਆ ਤਿੰਨ ਚਾਰ ਦਿਨ ਬਸ ਸਵੇਰੇ ਸੰਸਕਾਰ ਕਰਨਗੇ। ਪਹੁੰਚ ਜਾਵੀਂ।" ਆਖ ਕੇ ਡੈਡੀ ਨੇ ਫੋਨ ਰੱਖ ਦਿੱਤਾ।

ਸਵੇਰ ਦਾ ਪਿੰਡਾ ਟੁੱਟਦਾ ਪਿਆ ਸੀ, ਅੰਦੇਸ਼ਾ ਸੀ ਕੁਝ ਅਣਹੋਣੀ ਹੋਣ ਵਾਲੀ ਏ। ਦਿਲ ਕੀਤਾ ਹੁਣੇ ਹੀ ਉੱਡ ਕੇ ਤੁਰ ਜਾਵਾਂ, ਜਾ ਕੇ ਵੇਖਾਂ ਕਿਤੇ ਖ਼ਬਰ ਝੂਠੀ ਹੋਵੇ। ਕੀ ਪਤਾ ਮਾਸੀ ਠੀਕ ਹੀ ਹੋਵੇ। ਕਈ ਖ਼ਬਰਾਂ ਆਉਂਦੀਆਂ ਨੇ ਕਿ ਮਰਨ ਵਾਲਾ ਕਈ ਘੰਟਿਆਂ ਬਾਅਦ ਜਿੰਦਾ ਹੋ ਗਿਆ। ਕੀ ਪਤਾ ਮਾਸੀ ਵੀ ।

ਸਭ ਲਈ ਰੋਟੀ ਬਣਾ ਕੇ ਰੱਖ ਦਿੱਤੀ ਪਰ ਇੱਕ ਬੁਰਕੀ ਮੇਰੇ ਸੰਘੋਂ ਨਾ ਲੱਥੀ। ਬਚਪਨ ਦੇ ਉਹ ਪਲ ਜਿਹੜੇ ਮਾਸੀ ਨਾਲ ਜੀਵੇ ਸਨ, ਚਲਚਿੱਤਰ ਵਾਂਗੂੰ ਮੇਰੀਆਂ ਅੱਖਾਂ ਸਾਹਵੇਂ ਘੁੰਮਣ ਲੱਗੇ।

ਮੇਰੇ ਤੋਂ ਡੇਢ ਕੁ ਸਾਲ ਬਾਅਦ ਜਦੋਂ ਛੋਟੀ ਭੈਣ ਹੋਈ, ਮਾਸੀ ਨੇ ਵੇਖਿਆ ਕਿ ਮੈਂ ਰੁਲ ਗਈ ਹਾਂ ਤੇ ਉਹ ਮੈਨੂੰ ਆਪਣੇ ਨਾਲ ਲੈ ਗਈ। ਮੈਨੂੰ ਜਦੋਂ ਸੂਰਤ ਆਈ ਮੈਂ ਓਦੋਂ ਮਾਸੀ ਦੇ ਘਰ ਹੀ ਪਲ ਰਹੀ ਸਾਂ। ਜਦ ਕਦੀ ਮਾਸੀ ਮੈਨੂੰ ਮਾਂ ਨੂੰ ਮਿਲਵਾਉਣ ਲੈ ਕੇ ਆਉਂਦੀ ਤਾਂ ਮੈਨੂੰ ਕਾਹਲ ਪੈਂਦੀ ਕਿ ਜਲਦੀ ਵਾਪਸ ਚੱਲੀਏ।

ਜਦੋਂ ਸਕੂਲ ਜਾਣ ਜੋਗੀ ਹੋਈ ਤਾਂ ਮਾਸੀ ਮੈਨੂੰ ਛੱਡ ਗਈ। ਬਹੁਤ ਸਮਾਂ ਮੇਰਾ ਦਿਲ ਨਾ ਲੱਗਿਆ। ਮਾਸੀ ਦੇ ਛੋਟੇ ਜਿਹੇ ਘਰ 'ਚ ਸਾਰੇ ਟੱਬਰ ਦੇ ਜੀਅ 'ਕੱਠੇ ਇੱਕੋ ਥਾਂ ਸੌਂਦੇ ਸਨ। ਹਰ ਰਾਤ ਸੌਣ ਤੋਂ ਪਹਿਲਾਂ ਉਹ ਬਾਤਾਂ ਪਾਉਂਦੇ। ਮਾਸੀ ਅਕਸਰ ਇਕ ਬਾਤ ਸੁਣਾਉਂਦੀ ਸੀ "ਇੱਕ ਰਾਜੇ ਦੀਆਂ ਸੱਤ ਧੀਆਂ ਸਨ। ਇੱਕ ਦਿਨ ਸਾਰੀਆਂ ਧੀਆਂ ਖੇਡਦੀਆਂ-ਖੇਡਦੀਆਂ ਬਾਹਰੋਂ ਆਈਆਂ। ਰਾਜੇ ਨੇ ਇਕ ਇਕ ਧੀ ਨੂੰ ਆਪਣੇ ਕੋਲ ਸੱਦਿਆ ਤੇ ਪੁੱਛਿਆ ਤੁਸੀਂ ਕਿਸ ਦਾ ਦਿੱਤਾ ਖਾਂਦੀਆਂ ਹੋ? ਛੇ ਧੀਆਂ ਆਖਣ ਲੱਗੀਆਂ, ਪਿਤਾ ਜੀ, ਅਸੀਂ ਤੁਹਾਡਾ ਦਿੱਤਾ ਖਾਂਦੀਆਂ ਹਾਂ। ਰਾਜਾ ਬੜਾ ਖੁਸ਼ ਹੋਇਆ। ਸੱਤਵੀਂ ਧੀ ਆਂਹਦੀ ਏ, ਮੈਂ ਤੇ ਪਰਮਾਤਮਾ ਦਾ ਦਿੱਤਾ ਖਾਂਦੀ ਆਂ। ਰਾਜੇ ਨੂੰ ਬੜਾ ਗੁੱਸਾ ਚੜ੍ਹਿਆ। ਉਹਨੇ ਉਸੇ ਵੇਲੇ ਆਪਣੇ ਮੰਤਰੀਆਂ ਨੂੰ ਹੁਕਮ ਦਿੱਤਾ ਤੇ ਉਹ ਸ਼ਹਿਰ ਦਾ ਸਭ ਤੋਂ ਗਰੀਬ ਪਿੰਗਲਾ ਫੜ ਲਿਆਏ। ਆਪਣੀ ਉਸ ਧੀ ਨੂੰ ਰਾਜੇ ਨੇ ਪਿੰਗਲੇ ਨਾਲ ਵਿਆਹ ਦਿੱਤਾ। ਡੋਲੀ ਤੋਰਦਿਆਂ ਆਖਣ ਲੱਗਾ, ਹੁਣ ਵੇਖਦੇ ਆਂ ਕਿਹੜਾ ਪਰਮਾਤਮਾ ਤੈਨੂੰ ਰੋਟੀ ਦੇ ਕੇ ਜਾਂਦਾ ਏ।"

ਇਹ ਬਾਤ ਜਦੋਂ ਮੈਂ ਜੀਤੋ ਭੈਣ ਨੂੰ ਸੁਣਾਈ ਤਾਂ ਉਹ ਅੱਗੋਂ ਆਖਦੀ, "ਇਹ ਤੇ ਬਾਤਾਂ ਵਿੱਚ ਹੀ ਹੁੰਦਾ ਏ। ਐਵੇਂ ਥੋੜ੍ਹਾ ਕਰਦਾ ਕੋਈ ਆਪਣੀ ਧੀ ਨਾਲ।"

ਘਰ ਵਿੱਚ ਅਸੀਂ ਚਾਰ ਕੁੜੀਆਂ ਸੀ, ਮੁੰਡਾ ਨਹੀਂ ਸੀ ਤੇ ਚੱਤੋ ਪਹਿਰ ਹਰ ਕੋਈ ਮਾਂ ਨੂੰ ਮੁੰਡਾ



ਜੰਮਣ ਦੀਆਂ ਅਸੀਸਾਂ ਦਿੰਦਾ ਰਹਿੰਦਾ। ਮਾਂ ਫਿਰ ਦਿਨਾਂ 'ਤੇ ਸੀ। ਸਭ ਨੂੰ ਆਸ ਸੀ ਇਸ ਵਾਰੀ ਰੱਬ ਬਹੁੜੇਗਾ। ਇੱਕ ਦਿਨ ਤੜਕ ਸਵੇਰੇ ਮੈਂ ਆਪਣੇ ਨਾਲ ਸੁੱਤੀ ਵੱਡੀ ਭੈਣ ਸਰਬੀ ਨੂੰ ਜਦ ਡੁਸਕਦੇ ਵੇਖਿਆ ਤਾਂ ਮੈਂ ਉਸ ਤੋਂ ਪੁੱਛਿਆ, "ਫਿਰ ਕੁੜੀ ਹੋ ਗਈ?"

ਉਹਨੇ ਝਿੜਕਿਆ, "ਚੁੱਪ ਕਰ।"

ਮੈਂ ਚੁੱਪ ਕਰਕੇ ਜਾਗਦੀ ਹੋਈ ਵੀ ਰਜਾਈ ਵਿੱਚ ਸਿਰ ਦੇ ਕੇ ਉਥੇ ਹੀ ਲੇਟੀ ਰਹੀ।

ਘਰ ਦੇ ਤਣਾਓ ਪੂਰਨ ਮਾਹੌਲ ਵਿੱਚ ਤਣਾਓ ਹੋਰ ਵਧ ਗਿਆ ਸੀ। ਲੋਕ ਇੰਝ ਘਰ ਆਉਂਦੇ ਜਿਵੇਂ ਮੇਰੀ ਨਵੀਂ ਜੰਮੀ ਭੈਣ ਦਾ ਅਫਸੋਸ ਕਰਨ ਆਏ ਹੋਣ। ਉਹ ਉੱਤੋਂ ਲੈ ਕੇ ਹੇਠਾਂ ਤੱਕ ਸਾਨੂੰ ਸਾਰੀਆਂ ਨੂੰ ਪੁਣ ਪੁਣ ਜਾਂਦੇ। ਮੇਰੀ ਗੁਲਾਬ ਵਰਗੀ ਸੁਹਣੀ ਭੈਣ ਦਾ ਨਾਂ ਅੱਕੀ ਰੱਖਿਆ ਗਿਆ। ਇਹ ਨਾਂ ਮੈਨੂੰ ਭੋਰਾ ਚੰਗਾ ਨਾ ਲੱਗਿਆ।

"ਭੈਣੇ ਆਪਾਂ ਇਹਦਾ ਨਾ ਰੋਜ਼ੀ ਰੱਖੀਏ ਖਾਂ, ਇਹ ਤੇ ਕਿੰਨੀ ਸੋਹਣੀ ਏ।" ਮੈਂ ਸਰਬੀ ਭੈਣ ਨੂੰ ਆਖਿਆ ਸੀ। ਰੋਜ਼ੀ ਨਾਂ ਮੈਂ ਟੀ ਵੀ 'ਤੇ ਸੁਣਿਆ ਸੀ।

"ਅੱਕੀ ਦਾ ਮਤਲਬ ਬਈ ਅਸੀਂ ਹੁਣ ਅੱਕ ਗਏ ਆਂ ਕੁੜੀਆਂ ਤੋਂ, ਅਗਲੀ ਵਾਰੀ ਰੱਬ ਮੁੰਡਾ ਘੱਲੇ।" ਭੈਣ ਮੈਨੂੰ ਸਮਝਾਉਂਦੀ। "ਵੀਰ ਚਾਹੀਦਾ ਕਿ ਨ੍ਹੀਂ ਤੈਨੂੰ?"

"ਹੂੰ!" ਮੈਨੂੰ ਵੀ ਵੀਰ ਤੇ ਚਾਹੀਦਾ ਸੀ ਰੱਖੜੀ ਬਨ੍ਹਣ ਨੂੰ।"

ਮਾਸੀ ਦੀ ਵੱਡੀ ਕੁੜੀ ਰਾਣੋ ਦਾ ਵਿਆਹ ਜਦੋਂ ਸਾਡੇ ਪਿੰਡ ਹੀ ਹੋ ਗਿਆ ਤਾਂ ਮੈਨੂੰ ਬੜਾ ਚਾਅ ਚੜ੍ਹਿਆ। ਮੈਂ ਹੁਣ ਗਾਹੇ- ਬ- ਗਾਹੇ ਰਾਣੋ ਭੈਣ ਦੇ ਘਰ ਚਲੀ ਜਾਂਦੀ। ਭੈਣ ਸਾਨੂੰ ਗੁੱਡੀਆਂ ਪਟੋਲੇ ਬਣਾ ਕੇ ਦਿੰਦੀ ਪਰ ਮੇਰੀ ਵੱਡੀ ਭੈਣ ਜੀਤੋ ਸਾਥੋਂ ਖੋਹ ਕੇ ਸਾਰੇ ਚੁੱਲੇ ਵਿੱਚ ਸੁੱਟ ਦਿੰਦੀ।

"ਕਾਹਨੂੰ ਕਰਦੀ ਏਂ ਤੱਤੀਏ? ਖੇਡ ਲੈਣ ਦਿਆ ਕਰ ਘੜੀ ਨਿਆਣੀਆਂ ਨੂੰ।" ਭੈਣ ਰਾਣੋ ਆਖਦੀ।

"ਭੈਣ ਸਿਆਣੀ-ਬਿਆਣੀ ਹੋ ਕੇ ਤੂੰ ਇਹਨਾਂ ਨੂੰ ਗੁੱਡੀਆਂ ਪਟੋਲੇ ਬਣਾ ਬਣਾ ਕੇ ਦਿੰਦੀ ਏਂ। ਅੱਗੇ ਏਥੇ ਥੋੜ੍ਹੀਆਂ ਗੁੱਡੀਆਂ ਨੇ।" ਜੀਤੋ ਅਗੋਂ ਉਸ ਨਾਲ ਹਿਰਖਦੀ।

***

"ਨਰਿੰਦਰ, ਮੰਮੀ ਪੁੱਛਦੇ ਨੇ ਸੰਸਕਾਰ 'ਤੇ ਜਾਣਾ ਜ਼ਰੂਰੀ ਏ? ਫੁੱਲਾਂ 'ਤੇ ਤੁਰ ਜਾਵੀਂ। ਕੱਲ੍ਹ ਮਾਮੇ ਹੋਰਾਂ ਨੇ ਆਉਣਾ ਏ।" ਸੁਰਜਨ ਦੀ ਆਵਾਜ਼ ਨਾਲ ਮੈਂ ਕਿਤੋਂ ਦੂਰੋਂ ਪਰਤ ਆਉਂਦੀ ਹਾਂ।

"ਹਾਂਜੀ, ਜ਼ਰੂਰੀ ਏ ਮੇਰੇ ਲਈ। ਤੁਹਾਡੇ ਵਿੱਚੋਂ ਕੋਈ ਨਾ ਜਾਣਾ ਚਾਹੇ ਬੇਸ਼ੱਕ ਨਾ ਜਾਇਓ।" ਇਸ ਪ੍ਰਸ਼ਨ ਨੇ ਮੈਨੂੰ ਅੰਦਰ ਤਕ ਵਿੰਨ੍ਹ ਦਿੱਤਾ ਸੀ।

"ਕੋਈ ਸਾਹਾ ਏ ਕੱਲ੍ਹ ਦਾ? ਜੇ ਨਹੀਂ ਰੋਟੀ ਬਣਾ ਸਕਦੇ ਤੇ ਮਨ੍ਹਾਂ ਕਰ ਦਿਓ ਪ੍ਰਾਹੁਣਿਆਂ ਨੂੰ।" ਸੁਰਜਨ ਦਾ ਮਾਮਾ ਪਰਿਵਾਰ ਸਮੇਤ ਕੈਨੇਡਾ ਤੋਂ ਆਇਆ ਸੀ। ਪਿਛਲੇ ਸਾਲ ਉਹ ਮੁੰਡੇ ਦਾ

ਵਿਆਹ ਕਰਕੇ ਗਏ ਸਨ। ਨਵੀਂ ਜੋੜੀ ਸਮੇਤ, ਮਾਤਾ ਨੇ ਉਹਨਾਂ ਨੂੰ ਖਾਣੇ 'ਤੇ ਬੁਲਾਇਆ ਸੀ। ਹੁਣ ਮਾਤਾ ਨੂੰ ਫਿਕਰ ਸੀ ਕਿ ਕੰਮ ਵਾਲੀ ਘਰੋਂ ਤੁਰ ਗਈ ਤੇ ਸੰਭਾਲੇਗਾ ਕੌਣ ਉਹਨਾਂ ਨੂੰ?

ਸੁਰਜਨ ਕੁਝ ਦੇਰ ਖਲੋ ਕੇ ਮੈਨੂੰ ਘੂਰਦਾ ਰਿਹਾ ਤੇ ਫਿਰ ਬਾਹਰ ਚਲਾ ਗਿਆ।

ਪਿਛਲੇ ਸਾਲ ਜਦੋਂ ਮੇਰੇ ਮਾਮੇ ਦੇ ਪੁੱਤ ਦਾ ਵਿਆਹ ਸੀ ਉਹਨੀਂ ਦਿਨੀਂ ਮਾਤਾ ਦੀ ਭੈਣ ਪੂਰੀ ਹੋ ਗਈ। ਭੋਗ ਤੋਂ ਅਗਲੇ ਦਿਨ ਮੈਂ ਵਿਆਹ 'ਤੇ ਜਾਣਾ ਸੀ। ਮੈਨੂੰ ਵਿਆਹ ਦੀਆਂ ਤਿਆਰੀਆਂ ਕਰਦਿਆਂ ਵੇਖ ਕੇ ਮਾਤਾ ਦੀ ਬੁੜਬੁੜ ਸ਼ੁਰੂ ਹੋ ਗਈ ਸੀ, "ਕੱਲ੍ਹ ਅਜੇ ਮੇਰੀ ਭੈਣ ਦਾ ਭੋਗ ਪਿਆ, ਅੱਜ ਇਹਨੂੰ ਵਿਆਹਾਂ 'ਤੇ ਜਾਣ ਦੀ ਅੱਗ ਲੱਗੀ ਏ।"

ਬੜੀ ਛੇਤੀ ਭੁੱਲ ਗਈ, ਸੋਚ ਕੇ ਕਚਿਆਣ ਆਉਂਦੀ ਹੈ ਮੈਨੂੰ।

ਬੱਚੇ ਖਾ ਪੀ ਕੇ ਸੌਂ ਗਏ ਸਨ। ਮੇਰਾ ਮਨ ਕਰ ਰਿਹਾ ਸੀ ਕਿ ਕੋਈ ਮੇਰੇ ਕੋਲ ਬੈਠੇ ਤੇ ਮੈਂ ਸਾਰੀ ਰਾਤ ਮਾਸੀ ਦੀਆਂ ਗੱਲਾਂ ਹੀ ਕਰਦੀ ਰਹਾਂ। ਸੁਰਜਨ ਸ਼ਾਮ ਦਾ ਚੁਪਚਾਪ ਬਾਹਰ ਨਿਕਲ ਗਿਆ ਸੀ। ਮੈਂ ਕਿੰਨਾਂ ਚਿਰ ਉਹਨੂੰ ਉਡੀਕਦੀ ਰਹੀ ਪਰ ਜਦ ਉਹ ਮੁੜਿਆ ਤਾਂ ਨਸ਼ੇ 'ਚ ਸੀ। ਦੁੱਖ ਤਾਂ ਬਹੁਤ ਹੋਇਆ ਪਰ ਜਿਹਨੂੰ ਆਪਣੇ ਆਪ ਹੀ ਮਹਿਸੂਸ ਨਹੀਂ ਹੁੰਦਾ ਕਹਿ ਕੇ ਕੀ ਕਰਵਾਉਣਾ। ਉਹਦੇ ਘੁਰਾੜਿਆਂ ਦੀ ਆਵਾਜ਼ ਅੱਜ ਮੈਨੂੰ ਕੁਝ ਜ਼ਿਆਦਾ ਹੀ ਚੁੱਭ ਰਹੀ ਸੀ।

ਤੇਜ ਹਵਾ ਤੋਂ ਬਾਅਦ ਬਾਹਰ ਕਿਣ ਮਿਣ ਸ਼ੁਰੂ ਹੋ ਚੁੱਕੀ ਸੀ। ਨੀਂਦ ਮੇਰੀਆਂ ਅੱਖਾਂ ਤੋਂ ਕੋਹਾਂ ਦੂਰ ਸੀ।

***

ਮਾਸੀ ਦੇ ਕੱਚੇ ਚੌਂਕੇ ਦੀਆਂ ਬੰਨੀਆਂ 'ਚ ਬਣੀਆਂ ਮੋਰਨੀਆਂ ਮੈਨੂੰ ਬੜੀਆਂ ਸੋਹਣੀਆਂ ਲੱਗਦੀਆਂ ਸਨ। ਇਹਨਾਂ ਮੋਰਨੀਆਂ ਨੂੰ ਫਿਰੋਜ਼ੀ ਰੰਗ ਨਾਲ ਪੋਚਾ ਮਾਰਿਆ ਹੁੰਦਾ। ਮੈਂ ਟਿਕਟਕੀ ਲਾ ਕੇ ਇਹਨਾਂ ਨੂੰ ਵੇਖਦੀ ਰਹਿੰਦੀ। ਕਿਤੇ ਕਾਨਿਆਂ ਦੀਆਂ ਜਾਲੀਆਂ ਬਣਾਈਆਂ ਸਨ। ਜਿਨ੍ਹਾਂ 'ਚੋਂ ਮੈਂ ਆਰ-ਪਾਰ ਵੇਖਦੀ ਰਹਿੰਦੀ। ਕਮਰੇ 'ਚ ਬਣੀਆਂ ਲੱਕੜੀ ਦੀਆਂ ਪਰਛੱਤੀਆਂ 'ਤੇ ਪਿੱਤਲ ਦੇ ਭਾਂਡੇ ਲਿਸ਼ਕਾ ਕੇ ਰਖੇ ਹੁੰਦੇ। ਮਾਸੀ ਨੂੰ ਮੈਂ ਕਦੀ ਵਿਹਲੇ ਬੈਠਿਆਂ ਨਹੀਂ ਸੀ ਵੇਖਿਆ। ਉਹ ਹਮੇਸ਼ਾ ਕੋਈ ਨਾ ਕੋਈ ਕੰਮ ਕਰਦੀ ਰਹਿੰਦੀ। ਉਹਦਾ ਕੱਚਾ ਘਰ ਵੀ ਚਮਕਦਾ ਹੁੰਦਾ। ਚੁੱਲ੍ਹੇ ਚੌਂਕੇ ਤੋਂ ਵਿਹਲੀ ਹੋ ਕੇ ਮਾਸੀ ਸਲਾਈਆਂ ਬੁਣਦੀ ਰਹਿੰਦੀ। ਕੋਈ ਨਾ ਕੋਈ ਰਿਸ਼ਤੇਦਾਰ ਵੀ ਉਸ ਨੂੰ ਵੰਗਾਰ ਪਾਈ ਰੱਖਦਾ।

ਆਖਣ ਨੂੰ ਤੇ ਮਾਸੜ ਦੇ ਹਿੱਸੇ ਸੱਤ ਕਿੱਲੇ ਆਏ ਸਨ ਪਰ ਚੱਜ ਸਵਾਦ ਨਾਲ ਕੁਝ ਨਹੀਂ ਸੀ ਹੁੰਦਾ। ਮਾਸੜ ਬਹੁਤ ਸ਼ਰੀਫ ਸੀ ਸਭ ਤੋਂ ਮਾੜੀ, ਬਰਾਨੀ ਪੈਲੀ ਉਹਦੇ ਹਿੱਸੇ ਪਾਈ ਗਈ। ਸ਼ਰੀਕ ਪਾਣੀ ਨਾ ਲਾਉਣ ਦਿੰਦੇ, ਕਦੀ ਖੜ੍ਹੀ ਫ਼ਸਲ ਵੱਢ ਲੈਂਦੇ। ਅਖੀਰ ਸਾਰੇ ਰਿਸ਼ਤੇਦਾਰਾਂ ਰਲਮਿਲ ਕੇ ਓਥੋਂ ਵੇਚ ਕੇ ਮਾਮਿਆਂ ਦੇ ਨੇੜੇ ਜ਼ਮੀਨ ਲੈ ਦਿੱਤੀ। ਹੁਣ ਕਿੱਲੇ ਛੇ ਹੀ ਰਹਿ ਗਏ।

ਉਹਨਾਂ ਖੇਤਾਂ 'ਚ ਹੀ ਘਰ ਬਣਾ ਲਿਆ। ਸਾਰਾ ਟੱਬਰ ਮਿਲ ਕੇ ਮਿੱਟੀ ਦੀਆਂ ਇੱਟਾਂ ਬਣਾਉਂਦਾ ਤੇ ਫਿਰ ਇੱਕ ਕਮਰੇ ਨਾਲ ਟਾਗ੍ਹੀ ਤੇ ਇੱਕ ਡੰਗਰਾਂ ਦੀ ਛੰਨ ਬਣਾਈ। ਪੂਰੇ ਵਿਹੜੇ ਨੂੰ ਕੱਚੀ ਕੰਧ ਨਾਲ ਵਲਗਣ ਵੀ ਕੀਤੀ ਗਈ। ਮਾਮਿਆਂ ਦੇ ਨੇੜੇ ਆਉਣ ਦਾ ਮਾਸੀ ਨੂੰ ਤੇ ਪਤਾ ਨਹੀਂ ਫਾਇਦਾ ਹੋਇਆ ਕਿ ਨਾ ਪਰ ਮਾਮਿਆਂ ਨੂੰ ਬਹੁਤ ਹੋਇਆ। ਮਾਮੇ ਹੁਣ ਹਰ ਕੰਮ ਲਈ ਮਾਸੀ ਨੂੰ ਜਾਂ ਮਾਸੀ ਦੇ ਨਿਆਣਿਆਂ ਨੂੰ ਸੱਦ ਲੈਂਦੇ। ਉਹਨਾਂ ਕੋਲ ਟਰੈਕਟਰ ਦੀ ਗੁੰਜਾਇਸ਼ ਨਹੀਂ ਸੀ। ਮਾਸੜ ਢੱਗਿਆਂ ਦੀ ਵਾਹੀ ਕਰਦਾ। ਇਹਨੀਂ ਦਿਨੀਂ ਹੀ ਮਾਸੀ ਦੇ ਵੱਡੇ ਮੁੰਡੇ ਦੀ ਅੱਖ 'ਚ

ਇਕ ਤਾਰ ਵੱਜ ਕੇ ਉਹਦਾ ਆਨਾ ਵਗ ਗਿਆ। ਬੜਾ 'ਲਾਜ ਕਰਵਾਇਆ ਪਰ ਅੱਖ ਦੀ ਰੋਸ਼ਨੀ ਜਾ ਚੁੱਕੀ ਸੀ। ਇਸ ਸਭ ਵਿੱਚ ਹੀ ਉਸਦੀ ਪੜ੍ਹਾਈ ਵੀ ਛੁੱਟ ਗਈ।

ਮਾਸੀ ਦਾ ਛੋਟਾ ਮੁੰਡਾ ਨਿੰਮਾਂ ਸਕੂਲ ਪੜ੍ਹਦਾ ਸੀ ਹੁਣ ਬਸ ਮਾਸੀ ਨੂੰ ਉਹਦੇ ਤੋਂ ਹੀ ਆਸ ਸੀ ਪਰ ਉਹਦਾ ਵੀ ਪੜ੍ਹਾਈ ਵਿੱਚ ਜਮਾਂ ਮਨ ਨਹੀਂ ਲੱਗਦਾ ਸੀ। ਉਹਦੇ ਤੋਂ ਦਸਵੀਂ ਵੀ ਪਾਸ ਨਾ ਹੋਈ। ਕਈ ਵਾਰ ਫੇਲ ਹੋਣ ਤੋਂ ਬਾਅਦ ਅਖੀਰ ਉਹਨੇ ਸਕੂਲ ਛੱਡ ਦਿੱਤਾ ਤੇ ਕਿਸੇ ਟਰੈਕਟਰ ਮਕੈਨਿਕ ਕੋਲ ਕੰਮ ਸਿੱਖਣ ਲੱਗਾ ਪਰ ਉਸ ਤੋਂ ਉਹ ਵੀ ਨਾ ਹੋਇਆ। ਵਾਹੀ ਤੋਂ ਉਂਝ ਉਹ ਨੱਕ ਮੂੰਹ ਵੱਟਦਾ ਸੀ।

***

ਸਵੇਰੇ ਦਸ ਵੱਜਦਿਆਂ ਨੂੰ ਅਸੀਂ ਪਹੁੰਚ ਗਏ। ਨਿੰਮਾਂ ਵੀਰ ਅੱਗਿਓਂ ਆਣ ਮਿਲਿਆ। ਮੈਂ ਉਹਦੇ ਗਲ ਲੱਗ ਕੇ ਰੋਣ ਲੱਗੀ ਪਰ ਉਹਨੂੰ ਭਾਈਏ ਦੀ ਕਾਰ ਨੂੰ ਠੀਕ ਜਗ੍ਹਾ ਪਾਰਕ ਕਰਵਾਉਣ ਦਾ ਫਿਕਰ ਲੱਗਾ ਸੀ, ਕਿਤੇ ਨਿਆਣੇ ਝਰੀਟਾਂ ਨਾ ਮਾਰ ਦੇਣ।

ਮਾਸੀ ਨੂੰ ਇੱਕ ਮੰਜੀ 'ਤੇ ਪਾਇਆ ਹੋਇਆ ਸੀ। ਸਾਰੀਆਂ ਔਰਤਾਂ ਚਾਰ ਚੁਫੇਰੇ ਬੈਠੀਆਂ ਸਨ। ਮੈਂ ਚਾਦਰ ਲਾਹ ਕੇ ਮਾਸੀ ਦਾ ਚਿਹਰਾ ਵੇਖਿਆ। ਮੈਨੂੰ ਉਸ ਚਿਹਰੇ 'ਤੇ ਬੜਾ ਸਕੂਨ ਨਜ਼ਰ ਆਇਆ।

ਮੈ ਮੰਜੀ ਦੀ ਬਾਹੀ ਫੜ ਕੇ ਓਥੇ ਹੀ ਬਹਿ ਗਈ। ਔਰਤਾਂ ਮੇਰੇ ਬਾਰੇ ਹੀ ਗੱਲਾਂ ਕਰਨ ਲੱਗੀਆਂ।

"ਇਹਨੂੰ ਤੇ ਪਾਲਿਆ ਹੀ ਭਾਬੀ ਨੇ ਸੀ।" ਮਾਸੀ ਦੀ ਨਨਾਣ ਬੋਲੀ।

"ਆਹੋ, ਇਹ ਤੇ ਆਂਦੀ ਹੁੰਦੀ ਸੀ ਮੈਂ ਦੋ ਆਂਡਿਆਂ ਦਾ ਪੂੜਾ ਖਾਣਾ ਏ, ਭੈਣ ਵਿਚਾਰੀ ਬਣਾ ਕੇ ਦਿੰਦੀ।" ਮਾਸੀ ਦੀ ਦਰਾਣੀ ਨੇ ਹੱਸ ਕੇ ਆਖਿਆ।

ਮਾਸੀ ਦੇ ਅੰਤਿਮ ਸੰਸਕਾਰ ਦੀਆਂ ਤਿਆਰੀਆਂ ਹੋਣ ਲੱਗੀਆਂ। ਨੁਹਾ-ਧੁਆ ਕੇ ਪੇਕਿਆਂ ਦਾ ਲਿਆਂਦਾ ਗੁਲਾਬੀ ਰੰਗ ਦਾ ਸੂਟ ਪਾਇਆ ਗਿਆ। ਗੁਲਾਬੀ ਦੁਪੱਟੇ 'ਚ ਮਾਸੀ ਖਿੜ ਗਈ ਸੀ। ਲੱਗਦਾ ਸੀ ਹੁਣੇ ਉੱਠ ਕੇ ਗਲ ਨਾਲ ਲਾ ਲਵੇਗੀ।

"ਤੁਹਾਨੂੰ ਆਖਿਆ ਸੀ ਸੂਤੀ ਸੂਟ ਮੰਗਵਾਇਓ, ਸਿਲਕੀ ਸੂਟ ਵਿੱਚ ਸੰਸਕਾਰ ਠੀਕ ਤਰ੍ਹਾਂ ਨਹੀਂ ਹੁੰਦਾ।" ਮਾਮੇ ਨੇ ਮਾਮੀ ਨੂੰ ਝਿੜਕਿਆ।

"ਲੈ ਦਸਾ ਸੰਦੀ 'ਚ ਨੱਕ ਵਢਾਉਣੀ ਸੀ? ਸ਼ਰੀਕਾ ਵਿੰਹਦਾ ਏ ਬਈ ਪੇਕੇ ਚੱਜ ਦਾ ਖੱਫਣ ਵੀ ਨਹੀਂ ਪਾਉਣ ਜੋਗੇ।" ਮਾਮੀ ਨੇ ਘੂਰ ਕੇ ਮਾਮੇ ਨੂੰ ਚੁੱਪ ਕਰਾ ਦਿੱਤਾ।

"ਮੇਰੀਏ ਰਾਣੀਏ ਭੈਣੇ ਨੀਂ ਕਿਉਂ ਵਿਛੜ ਗਈ ਏਂ।" ਮਾਂ ਨੇ ਵੈਣ ਪਾਇਆ। ਸਾਰੀਆਂ ਔਰਤਾਂ ਓਹਦੇ ਬੋਲ ਚੁੱਕ, ਵੈਣ ਪਾਉਣ ਲੱਗੀਆਂ।

***

ਮੇਰੀ ਮਾਂ ਅਕਸਰ ਕਹਿੰਦੀ ਰਹਿੰਦੀ ਜਦੋਂ ਮੇਰਾ ਵਿਆਹ ਹੋਇਆ, ਕੱਖ ਨਹੀਂ ਸੀ ਇਸ ਘਰ ਵਿੱਚ। ਇਹ ਘਰ ਮੈਂ ਸਾਰਾ ਆਪਣੀਂ ਹੱਥੀਂ ਬਣਾਇਆ ਏ। ਸਾਡੇ ਘਰ ਤਾਂ ਬੋਰੀਆਂ ਦੀਆਂ ਬੋਰੀਆਂ ਖੰਡ ਆਉਂਦੀ ਸੀ। ਮੇਰੇ ਬਾਪੂ ਜੀ ਲੰਬੜਦਾਰ ਸਨ। ਇਹ ਲੋਕ ਤੇ ਗੁੜ ਦੀ ਚਾਹ ਪੀਂਦੇ ਸਨ। ਮੈਂ ਸਿਖਾਈ ਇਹਨਾਂ ਨੂੰ ਖੰਡ ਦੀ ਚਾਹ ਪੀਣੀ।" ਮੇਰੇ ਅਫਸਰ ਪਿਓ ਨੂੰ ਇਕ ਮਿਨਟ 'ਚ ਮਾਂ ਥੱਲੇ ਲਾਹ ਕੇ ਰੱਖ ਦਿੰਦੀ।

ਡੈਡੀ ਅੱਗੋਂ ਹੱਸ ਕੇ ਕਹਿੰਦੇ, "ਸ਼ੂਗਰ ਵੀ ਤੈਨੂੰ ਹੀ ਹੋਈ ਏ ਫਿਰ ਲੰਬੜਦਾਰ ਦੀਏ ਧੀਏ।"

"ਮੰਮੀ, ਤੂੰ ਲੰਬੜਦਾਰ ਦੀ ਧੀ ਇਥੇ ਕਿਥੇ ਅਨਪੜ ਲੋਕਾਂ 'ਚ ਆ ਗਈ?" ਅਸੀਂ ਜਾਣ ਕੇ ਛੇੜਦੇ ।

ਮਾਂ ਉਹੀ ਸੈਂਕੜੇ ਵਾਰ ਦੱਸੀ ਗੱਲ ਬੜੀ ਹੁੱਬ ਕੇ ਦੱਸਦੀ, "ਮੇਰੇ ਬਾਪੂ ਜੀ ਨੇ ਕਿੱਥੇ ਰਿਸ਼ਤਾ ਕਰਨਾ ਸੀ ਇੱਥੇ। ਉਹ ਤੇ ਐਵੇਂ ਗਰਦੌਰੀ ਤੇ ਨਿਕਲੇ ਸੀ। ਸਾਡੇ ਪਿੰਡ ਦੇ ਡਾਕਟਰ ਦਾ ਅੱਡੇ 'ਤੇ ਕਲੀਨਿਕ ਹੁੰਦਾ ਸੀ। ਬਾਪੂ ਜੀ ਓਥੇ ਦੁਪਹਿਰੇ ਆਰਾਮ ਕਰਨ ਬੈਠ ਗਏ। ਤੁਹਾਡੇ ਡੈਡੀ ਓਥੇ ਦਵਾਈ ਲੈਣ ਗਏ ਤਾਂ ਗੱਲਾਂ ਗੱਲਾਂ 'ਚ ਡਾਕਟਰ ਦੱਸਣ ਲੱਗਾ ਕਿ ਇਹ ਮੁੰਡਾ ਅਨਾਥ ਏ। ਇਹਦੇ ਛੋਟੇ ਹੁੰਦਿਆਂ ਹੀ ਮਾਂ ਬਾਪ ਮਰ ਗਏ ਨੇ। ਦਾਦੀ ਨੇ ਹੀ ਪਾਲਿਆ ਏ। ਸ਼ਰੀਕ ਤੇ ਜਾਨੋਂ ਮਾਰਨ ਤੱਕ ਗਏ। ਹੁਣ ਤੇ ਸੁੱਖ ਨਾਲ ਪੜ੍ਹ ਲਿਖ ਗਿਆ ਏ। ਬਾਪੂ ਜੀ ਨੇ ਪੁੱਛਿਆ, 'ਜਮੀਨ ਜਾਇਦਾਦ ਤੇ ਹੈ ਸੂ?' ਡਾਕਟਰ ਕਹਿੰਦਾ 'ਆਹੋ, ਜ਼ਮੀਨ ਤੇ ਵਾਧੂ ਏ।"

ਬਾਪੂ ਜੀ ਆਖਣ ਲੱਗੇ, "ਅੱਜ ਤੋਂ ਬਾਅਦ ਨਾ ਆਖੀਂ ਇਹਦਾ ਕੋਈ ਨਹੀਂ, ਆਹ ਲੈ ਫੜ ਪੰਜ ਰੁਪਈਏ ਤੇ ਮੇਰੇ ਵੱਲੋਂ ਸ਼ਗਨ ਲਾ ਆਵੀਂ ਸੂ' ਇਸ ਤਰ੍ਹਾਂ ਤੇ ਬਾਪੂ ਜੀ ਮੇਰਾ ਰਿਸ਼ਤਾ ਕਰ ਗਏ।" ਮਾਂ ਹੱਸ ਹੱਸ ਦੱਸਦੀ।

"ਤੇ ਮੰਮੀ, ਮਾਸੀ ਦਾ ਰਿਸ਼ਤਾ ਕਿਵੇਂ ਕੀਤਾ?" ਇਕ ਦਿਨ ਮੈਂ ਪੁੱਛਿਆ।

ਮੰਮੀ ਦਾ ਚਿਹਰਾ ਇਕ ਦਮ ਗੰਭੀਰ ਹੋ ਗਿਆ। ਮੰਮੀ ਨੇ ਲੰਮਾ ਹੌਕਾ ਲਿਆ ਤੇ ਕਿਹਾ, "ਭੈਣ ਦੀ ਤੇ ਕਿਸਮਤ ਹੀ ਮਾੜੀ ਸੀ। ਸਾਡੀ ਮਾਸੀ ਰਿਸ਼ਤਾ ਮੰਗਣ ਆਈ ਆਪਣੀ ਬਰਾਦਰੀ 'ਚ ਕਿਸੇ ਮੁੰਡੇ ਵੱਲ ਕਰਾਣ ਲਈ, ਬਾਪੂ ਜੀ ਨੇ ਅੱਗੋਂ ਹਾਂ ਹੂੰ ਕਰ ਛੱਡਿਆ। ਮਾਸੀ ਨਰਾਜ਼ ਹੋ ਕੇ ਤੁਰ ਗਈ। ਬਾਅਦ 'ਚ ਜਦੋਂ ਮੁੰਡੇ ਦਾ ਰਿਸ਼ਤਾ ਕਿਤੇ ਹੋਰ ਹੋ ਗਿਆ, ਆਪਣੇ ਮਨੋ ਬਾਪੂ ਜੀ ਮਾਸੀ ਨੂੰ ਮਨਾਣ ਲਈ ਆਖਣ ਲੱਗੇ, "ਪਰਸਿੰਨੀ ਮੈਂ ਤੇ ਰਿਸ਼ਤਾ ਕਰ ਦੇਣਾ ਸੀ, ਤੂੰ ਬਾਅਦ 'ਚ ਆਖਿਆ ਹੀ ਨਹੀਂ। ਭੈਣ ਦੇ ਮਾੜੇ ਭਾਗਾਂ ਨੂੰ ਭਾਈਆ ਜਿੱਧਰ ਮੰਗਿਆ ਸੀ, ਉਹ ਕੁੜੀ ਮਰ ਗਈ ਤੇ ਮਾਸੀ ਫਿਰ ਆ ਕੇ ਬਹਿ ਗਈ ਬਈ ਕਰੋ ਹੁਣ ਰਿਸ਼ਤਾ। ਬੇਬੇ ਜੀ ਮੰਨਣ ਨਾ ਅਖੇ ਮੈਂ ਨਹੀਂ ਕਰਨਾ, ਮੁੰਡੇ ਨੂੰ ਜ਼ਮੀਨ ਘੱਟ ਆਉਂਦੀ ਏ, ਏਡਾ ਵੱਡਾ ਟੱਬਰ ਏ। ਬਾਪੂ ਜੀ ਤੇ ਆਖਣ ਮੇਰੀ ਜੁਬਾਨ ਦਾ ਸਵਾਲ ਏ, ਰਿਸ਼ਤਾ ਤੇ ਹੁਣ ਕਰਨਾ ਹੀ ਪੈਣਾ ਏ। ਬਾਰ੍ਹਾਂ ਸਾਲਾਂ ਦੀ ਸੀ ਭੈਣ ਓਦੋਂ।"

"ਐਵੇਂ ਦੇ ਹੀ ਹੁੰਦੇ ਸਨ ਓਦੋਂ ਲੋਕ, ਜ਼ੁਬਾਨਾਂ ਪਿੱਛੇ ਤੇ ਜਾਨਾਂ ਦੇ ਦਿੰਦੇ ਸਨ।" ਮਾਂ ਫਿਰ ਨਾਨੇ ਨੂੰ ਵਡਿਆ ਗਈ।

"ਬਾਪੂ ਜੀ ਸਾਡਿਆਂ ਤੇ ਸ਼ਿਮਲੇ ਦੀ ਜ਼ਮੀਨ ਦੇ ਛੱਡੀ ਸੀ ਆਪਣੇ ਦੋਸਤ ਨੂੰ ਜ਼ੁਬਾਨ ਪਿੱਛੇ। ਅੱਠ ਕਿੱਲੇ ਸੇਬਾਂ ਦਾ ਬਾਗ ਸੀ ਸਾਡਾ ਕਨੌਰ। ਸਾਰੀਆਂ ਗਰਮੀਆਂ ਓਥੇ ਹੀ ਰਹਿੰਦੇ ਹੁੰਦੇ ਸਨ। ਉਹਨਾਂ ਦੇ ਦੋਸਤ ਦੀ ਵੀ ਥੋੜ੍ਹੀ ਜਿਹੀ ਜ਼ਮੀਨ ਸੀ ਓਥੇ। ਬਾਪੂ ਜੀ ਦਾ ਜਮਾਤੀ ਸੀ। ਬਾਪੂ ਜੀ ਨੇ ਨਾਲ ਹੀ ਰੱਖਿਆ ਸੀ ਓਥੇ। ਸਾਡੇ ਵਿਆਹਾਂ ਸਮੇਂ ਇੱਕ ਵਾਰੀ ਬਾਪੂ ਜੀ ਆਏ ਹੋਏ ਸਨ। ਦੋਸਤ ਦੀ ਮਗਰੋਂ ਚਿੱਠੀ ਆਈ ਕਿ ਬਾਗ ਮੈਨੂੰ ਵੇਚ ਛੱਡ। ਬਾਪੂ ਜੀ ਆਖਣ ਲੱਗੇ 'ਚੰਗਾ ਤੂੰ ਲੈ ਲੈ' ਉਹਦੀ ਚਿੱਠੀ ਆਈ 'ਕੀਮਤ ਦੱਸ' ਬਾਪੂ ਜੀ ਆਖਣ ਲੱਗੇ 'ਜੋ ਦੇਣਾ ਹੀ ਦੇ ਛੱਡ' ਮੁੜਦੇ ਹੱਥ ਉਹਨੇ ਪੰਜ ਸੌ ਰੁਪਿਆ ਮਨੀ ਆਰਡਰ ਦਾ ਘੱਲਿਆ।" ਮਾਂ ਹੱਸਦੀ, "ਵੱਡਾ ਵੀਰ ਆਂਹਦਾ, 'ਬਾਪੂ ਜੀ ਇਹ ਕੀ ਏ?' ਬਾਪੂ ਜੀ ਆਖਣ ਲੱਗੇ,'ਉਹ ਜਾਣੇ, ਜੋ ਉਹਨੇ ਦੇ ਛੱਡਿਆ। ਏਨਾ ਕੁਝ ਪਾਕਿਸਤਾਨ ਵੀ ਤੇ ਛੱਡ ਆਏ ਹਾਂ।"

ਵੀਰ ਆਖਣ ਲੱਗਾ, "ਫਿਰ ਇਹ ਵੀ ਰਹਿਣ ਦਿਓ। ਅਗਲੇ ਸਿਰ 'ਸਾਣ ਤੇ ਹੋਵੇ।"

ਬਾਪੂ ਜੀ ਅੱਗੋਂ ਖਰਵੇ ਹੋ ਗਏ, ਆਖਣ ਲੱਗੇ, "ਮਿੱਤਰਾਂ ਸਿਰ 'ਸਾਣ ਚਾੜ੍ਹੀਦਾ ਏ ਮੂਰਖਾ। ਜੇ ਮੈਂ ਪੈਸੇ ਵਾਪਸ ਘੱਲ ਛੱਡੇ ਤੇ ਉਹ ਸੋਚੇਗਾ ਮੈਂ ਗੁੱਸੇ ਹੋ ਗਿਆਂ'।" ਨਾਨੇ ਬਾਰੇ ਗੱਲ ਕਰਦਿਆਂ ਮਾਂ ਦੇ ਚਿਹਰੇ 'ਤੇ ਗੌਰਵਮਈ ਚਮਕ ਹੁੰਦੀ ਸੀ।

"ਆਪਣੇ ਦੋਸਤ ਨੂੰ ਜ਼ਮੀਨ ਦੇ ਦਿੱਤੀ, ਮਾਸੀ ਨੂੰ ਦੇ ਦਿੰਦੇ।" ਇਕ ਦਿਨ ਮੈਂ ਟੋਕ ਦਿੱਤਾ।

"ਲੈ, ਧੀਆਂ ਨੂੰ ਵੀ ਕੌਣ ਜ਼ਮੀਨਾਂ ਦਿੰਦਾ ਏ? ਪੁੱਠੀ ਪਿਰਤ ਪਾਉਣੀ ਸੀ?" ਮਾਂ ਨੂੰ ਇਹ ਗੱਲ ਚੰਗੀ ਨਹੀਂ ਲੱਗੀ ਸੀ।

"ਤਾਈ ਬੰਸੋ ਦਾ ਪਤਾ ਹੀ, ਨਿਆਣਿਆਂ ਦੇ ਆਖੇ ਲੱਗ, ਮਾਂਵੇਂ ਮਤਰਏ ਭਰਾਵਾਂ ਤੋਂ ਜ਼ਮੀਨ ਲੈ ਆਈ ਸੀ। ਓਦੋਂ ਬਾਅਦ ਪੇਕਿਆਂ ਤੋਂ ਬੰਦਾ ਤੇ ਕੀ ਜਨੌਰ ਤੱਕ ਨ੍ਹੀਂ ਵੜਿਆ ਸੀ। ਪੇਕਿਆਂ ਦੇ ਖੱਫ਼ਣ ਤੋਂ ਵੀ ਤਰਸਦੀ ਗਈ ਵਿਚਾਰੀ।"

ਮਾਂ ਦੇ ਮਨ 'ਚ ਸ਼ਾਇਦ ਇਹ ਸੰਸਾ ਆ ਗਿਆ ਸੀ ਕਿ ਉਹਦੀਆਂ ਕੁੜੀਆਂ ਵੀ ਪੁੱਤ ਦੀ ਜ਼ਮੀਨ ਵੱਲ ਮਨ ਮੈਲ਼ਾ ਨਾ ਕਰ ਲੈਣ ਕਿਤੇ।

"ਭੈਣਾਂ ਤੇ ਸਦਾ ਈ ਵੀਰਾਂ ਦੀ ਸੁੱਖ ਮੰਗਦੀਆਂ ਨੇ, ਵੀਰ ਵਸਦੇ ਰਹਿਣ ਤੇ ਉਹ ਪੇਕੇ ਘਰ ਆਉਂਦੀਆਂ ਰਹਿਣ।"

***

ਬੰਦੇ ਸੰਸਕਾਰ ਕਰਨ ਚਲੇ ਗਏ। ਔਰਤਾਂ ਮੜੀਆਂ ਤੋਂ ਥੋੜ੍ਹੀ ਪਹਿਲਾਂ ਹੀ ਵਣ ਥੱਲੇ ਬਹਿ ਗਈਆਂ। ਇਕ ਦੂਜੇ ਦੇ ਗਲ ਮਿਲਣ ਲੱਗੀਆਂ। ਜਦੋਂ ਲਾਂਬੂ ਲੱਗ ਗਿਆ ਤਾਂ ਉਹ ਉੱਠ ਕੇ ਵਾਪਸ ਘਰ ਨੂੰ ਤੁਰ ਪਈਆਂ। ਲਾਗਣਾਂ ਨੇ ਵੰਨ- ਸੁਵੰਨੇ ਸ਼ਾਲਾਂ ਦੀ ਪੰਡ ਬੰਨ੍ਹੀ ਹੋਈ ਸੀ।

ਮਾਂ ਦਾ ਕਲਪ- ਕਲਪ ਕੇ ਸਿਰ ਦਰਦ ਹੋ ਰਿਹਾ ਸੀ। ਉਹ ਮੰਜੀ 'ਤੇ ਲੇਟ ਗਈ ਤੇ ਮੈਂ ਉਹਦਾ ਸਿਰ ਘੁੱਟਣ ਲੱਗੀ। ਅਸੀਂ ਦੋਵੇਂ ਮਾਸੀ ਦੀਆਂ ਗੱਲਾਂ ਕਰਨ ਲੱਗੀਆਂ।

"ਸਭ ਨੇ ਹੀ ਜਾਣਾ ਏ ਪੁੱਤ, ਕਿਸੇ ਨੇ ਅੱਗੇ ਕਿਸੇ ਨੇ ਪਿੱਛੇ।"

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥

ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥

ਦੁੱਖ ਤੇ ਇਸ ਗੱਲ ਦਾ ਏ ਰਾਜੇ ਘਰ ਜਨਮ ਲੈ ਕੇ ਵੀ ਮੇਰੀ ਭੈਣ ਏਨੀਂ ਗਰੀਬੀ 'ਚ ਜ਼ਿੰਦਗੀ ਕੱਟੀ। ਪਾਕਿਸਤਾਨ 'ਚ ਸਾਡਾ ਦਾਦਾ ਜ਼ੈਲਦਾਰ ਸੀ। ਕਿਤੇ ਐਡਾ ਵੱਡਾ ਖਾਨਦਾਨ ਸੀ। ਮੁਰੱਬਿਆਂ ਦੇ ਮਾਲਕ ਸਾਂ ਅਸੀਂ। ਚਲ ਇਥੇ ਭਾਵੇਂ ਓਨਾਂ ਤੇ ਨਹੀਂ ਸੀ ਮਿਲਿਆ ਪਰ ਫਿਰ ਵੀ।"

ਮੈਨੂੰ ਲੱਗਿਆ ਮਾਤਾ ਦਾ ਪੇਕਾ ਪੁਰਾਣ ਫਿਰ ਸ਼ੁਰੂ ਹੋ ਗਿਆ। ਡੈਡੀ ਆਖਦੇ ਹੁੰਦੇ ਨੇ ਜ਼ਨਾਨੀ ਤੇ ਪੇਕਿਆਂ ਦੇ ਘਰ ਇੱਕ ਅਮਰੂਦਾਂ ਦਾ ਬੂਟਾ ਲੱਗਾ ਹੋਏ ਉਹਨੂੰ ਬਾਗ ਬਣਾ ਦਿੰਦੀ ਏ। ਇਹ ਤੇ ਫਿਰ।

"ਸਾਰੀ ਉਮਰ ਵਿਚਾਰੀ ਦੇ ਗਲ ਗਰੀਬੀ ਦਾ ਜੂਲਾ ਪਿਆ ਰਿਹਾ। ਪਤਾ ਨਹੀਂ ਸੌ ਕਿੱਲਿਆਂ ਦੇ ਮਾਲਕ ਮੇਰੇ ਪਿਓ ਨੂੰ ਨੀਂਦਰ ਕਿਵੇਂ ਆਉਂਦੀ ਹੋਏਗੀ। ਧੀ ਨੂੰ ਰੱਬ ਉਦੋਂ ਹੀ ਦੁਨੀਆਂ 'ਤੇ ਘੱਲੇ ਜਦੋਂ ਹਰ ਸ਼ੈਅ 'ਤੇ ਉਹਦਾ ਵੀ ਬਰਾਬਰ ਦਾ ਹੱਕ ਹੋਵੇ ਨਹੀਂ ਤੇ ਧੀ ਕਦੀ ਜੰਮੇ ਹੀ ਨਾ।"

ਮਾਂ ਦੀ ਗੱਲ ਸੁਣ ਕੇ ਮੈਂ ਅਵਾਕ ਉਹਦੇ ਚਿਹਰੇ ਵੱਲ ਵੇਖਦੀ ਰਹਿ ਗਈ।

**(ਸੰਪਰਕ-79867-86080)**

ਕਹਾਣੀ

# ਜਾਹ ! ਮੈਂ ਤੈਨੂੰ ਛੱਡਿਆ...



## ਮਨਦੀਪ ਰਿੰਪੀ

ਮਨ ਕਿਧਰੇ ਨ੍ਹੀਂ ਟਿਕਦਾ। ਦਫ਼ਤਰ 'ਚ ਕਿਸੇ ਨਾਲ਼ ਗੱਲ ਕਰਨ ਨੂੰ ਜੀਅ ਨ੍ਹੀਂ ਕਰਦਾ ਤੇ ਘਰ ਵੀ ਵੱਢ ਖਾਣ ਨੂੰ ਆਉਂਦਾ। ਹਾਂ, ਸੱਚ ! ਘਰ... ਘਰ ਤਾਂ ਜੀਆਂ ਨਾਲ਼ ਹੁੰਦੇ। 'ਕੱਲੀ ਜਾਨ... ਇੱਕ ਜੀਅ ਨਾਲ਼ ਘਰ ਥੋੜ੍ਹਾ ਬਣਦੈ ।'ਕੱਲਾ ਤਾਂ ਮੁਰਦਾ ਹੁੰਦਾ ਮੜ੍ਹੀਆਂ 'ਚ ਚਿਖਾ 'ਤੇ ਲੇਟਿਆ ਹੋਇਆ। ਮੈਨੂੰ ਵੀ ਸੁੱਤਿਆ- ਜਗਦਿਆਂ ਇੰਝ ਈ ਲੱਗਦਾ ਜਿਵੇਂ ਮੈਂ ਮੜ੍ਹੀਆਂ 'ਚ ਪਈ ਹੋਵਾਂ। ਹਰ ਵੇਲੇ ਮਨ ਉਦਾਸੀ ਨਾਲ਼ ਝੰਬਿਆਂ ਰਹਿੰਦਾ। ਨਾ ਕੁਝ ਖਾਣ ਨੂੰ ਚਿੱਤ ਕਰਦਾ ਨਾ ਕਿਸੇ ਨਾਲ਼ ਮਨ ਦੀਆਂ ਗੁੰਝਲਾਂ ਖੋਲ੍ਹਣ ਲਈ ਹਾਮੀ ਭਰਦਾ।

ਅੱਜ ਕੱਲ੍ਹ ਤਾਂ ਮੈਨੂੰ ਆਪਣੇ ਮਾਪੇ ਵੀ ਚੰਗੇ ਨ੍ਹੀਂ ਲੱਗਦੇ। ਕਹਿੰਦੇ ਧੀਆਂ ਦੇ ਦੋ ਘਰ ਹੁੰਦੇ। ਇੱਕ ਪੇਕੇ ਤੇ ਦੂਜਾ ਸਹੁਰੇ। ਪੇਕਿਆਂ ਦੇ ਘਰ, ਕੁਆਰੀ ਹੁੰਦੀ ਨੇ ਮਾਂ ਦੇ ਸਿਰ 'ਤੇ ਬਥੇਰੀ ਐਸ਼ ਕੀਤੀ। ਬਾਪੂ ਦੀ ਲਾਡਲੀ ਸਾਂ। ਜਦੋਂ ਵਿਆਹ ਕੇ ਸਹੁਰੇ ਘਰ ਗਈ, ਉਸ ਦਿਨ ਤੋਂ ਬਾਅਦ ਦਾਣਾ ਪਾਣੀ ਚੁੱਕਿਆ ਗਿਆ। ਜਦੋਂ ਮੁੜ ਕੇ ਆਈ ਤਾਂ ਪਹਿਲਾਂ ਵਾਲ਼ੀ ਗੱਲ ਨਾ ਬਣੀ। ਬਣਦੀ ਵੀ ਕਿਵੇਂ? ਆਂਢੀ-ਗੁਆਂਢੀ ਕੰਨਸੋਆਂ ਲੈਂਦੇ ਨ੍ਹੀਂ ਥੱਕਦੇ ਕੌਲਿਆ ਨਾਲ਼ ਚਿੰਬੜ - ਚਿੰਬੜ ਕੇ ਖੜ੍ਹਦੇ। ਰਿਸ਼ਤੇਦਾਰ ਉਂਝ ਬਿੜਕਾਂ ਲੈਂਦੇ... ਖਬਰੇ ! ਕੁੜੀ ਕਾਹਨੂੰ ਘਰੇ ਬਿਠਾਈ ਹੋਈ ਐ... ਹੁਣ ਅਸੀਂ ਕਾਹਤੇ 'ਕੱਲ੍ਹੇ- 'ਕੱਲ੍ਹੇ ਨੂੰ ਸਫ਼ਾਈਆਂ ਦਿੰਦੇ ਫਿਰੀਏ? ਰਹਿ-ਰਹਿ ਕੇ ਇਕੋ ਸ਼ਬਦ ਕੰਨਾਂ 'ਚ ਵੱਜਦਾ ਰਹਿੰਦਾ। 'ਤਲਾਕ' ਕਿੰਨਾ ਛੋਟਾ ਜਿਹਾ ਸ਼ਬਦ ਪਰ ਇਹਨੇ ਤਾਂ ਮੇਰੀ ਦੁਨੀਆ ਹੀ ਉਜਾੜ ਕੇ ਰੱਖ ਦਿੱਤੀ। ਲੋਕਾਂ ਦੀਆਂ ਨਜ਼ਰਾਂ ਤੋਂ ਡਰ ਲੱਗਦਾ। ਸੋਚਦੀ ਹਾਂ ਲੋਕਾਂ ਦੇ ਕਿਹੜੇ ਮੂੰਹ ਫੜ ਹੁੰਦੇ ... ਜਿਨ੍ਹਾਂ ਨੂੰ ਨੱਕ ਪੂੰਝਣ ਦਾ ਚੱਜ ਨ੍ਹੀਂ, ਉਹ ਵੀ ਮੂੰਹ ਜੋੜ ਕੇ ਗੱਲਾਂ ਕਰਨ ਲੱਗਦੇ...ਪਤਾ ਨ੍ਹੀਂ ਅਜਿਹੀ ਕਿਹੜੀ ਗੱਲ ਹੋਈ ਕਿ ਇਹਦੇ ਖਸਮ ਨੇ ਇਹਨੂੰ ਛੱਡ ਦਿੱਤਾ। ਹਾਏ ! ਕਿੰਨਾ ਭੈੜਾ ਸ਼ਬਦ,ਛੱਡਣਾ। ਕੀ ਮੈਂ ਕੋਈ ਗਾਂ ਜਾਂ ਮੱਝ ਹਾਂ ਜਿਹੜਾ ਮੇਰਾ ਰੱਸਾ ਖੋਲ੍ਹ ਦਿੱਤਾ। ਉਹ ਕੌਣ ਹੁੰਦਾ ਮੈਨੂੰ ਛੱਡਣ ਵਾਲ਼ਾ ! ਮੈਥੋਂ ਇਹ ਸਭ ਬਰਦਾਸ਼ਤ ਨਹੀਂ ਹੋ ਰਿਹਾ। ਕਦੇ-ਕਦੇ ਤਾਂ ਜੀਅ ਕਰਦਾ ਫਾਹਾ ਲਾ ਕੇ ਸਾਰੀ-ਕਹਾਣੀ ਈ ਖ਼ਤਮ ਕਰ ਦਿਆਂ। ਫੇਰ ਸੋਚਦੀ... ਮੈਂ ਉਹਨੂੰ ਸੌਖਿਆਂ ਕਿੰਝ ਛੱਡ ਦਿਆਂ। ਜੇ ਮੇਰੀ ਜ਼ਿੰਦਗੀ 'ਚ ਕੁਝ ਨ੍ਹੀਂ ਬਚਿਆ ਤਾਂ ਉਹਦੀ ਜ਼ਿੰਦਗੀ 'ਚ ਵੀ ਕਿਉਂ ਕੁਝ ਰਹਿਣ ਦਿਆਂ ! ਮਨ ਨੂੰ ਕਿਸੇ ਹੋਰ ਪਾਸੇ ਲਾਉਣ ਲਈ ਮੈਂ ਫ਼ੋਨ ਚੁੱਕ ਕੇ ਬੈਠ ਗਈ।

"ਹੈਲੋ ! ਕਿਵੇਂ ਹੋ ਜੀ?"

'ਤੁਸੀਂ ਰਿਕੁਐਸਟ ਮੰਜ਼ੂਰ, ਕੀਤੀ। ਸ਼ੁਕਰੀਆ ਜੀ।"

"ਤੁਸੀਂ ਕੀ ਕੰਮ ਕਰਦੇ ਹੋ ਜੀ? ਕਿੱਥੇ ਰਹਿੰਦੇ ਹੋ?"

ਮੈਸੇਂਜ਼ਰ ਦਾ ਬੂਹਾ ਖੋਲ੍ਹਿਆ ਤਾਂ ਨਵਾਂ-ਨਵਾਂ ਬਣਿਆ ਫੇਸਬੁੱਕ ਫਰੈਂਡ ਧੁੱਸ ਦੇਣੀ ਮੈਸੇਂਜ਼ਰ 'ਚ ਆ ਵੜਿਆ। ਕਿੰਨਾ ਕੁਝ ਇੱਕੋ ਸਾਹ ਪੁੱਛੀ ਜਾ ਰਿਹਾ ! ਮੈਂ ਉਹਦੇ ਆਖ਼ਰੀ ਸਵਾਲ ਦਾ ਜਵਾਬ ਦੋ ਸ਼ਬਦਾਂ 'ਚ ਲਿਖ ਭੇਜਿਆ।

“ਚੰਦ ’ਤੇ।”

ਅੱਗੋਂ ਉਹ ਵੀ ਸਵਾ ਸੇਰ।

“ਅੱਛਾ! ਇੱਕ ਪਲਾਟ ਮੇਰੇ ਲਈ ਵੀ ਬੁੱਕ ਕਰਵਾ ਦਿਓ। ਆਪਾਂ ਵੀ ਚੰਦ ’ਤੇ ਆ ਜਾਵਾਂਗੇ। ਉਂਝ ਵੀ ਧਰਤੀ ’ਤੇ ਹੁਣ ਕੀ ਰੱਖਿਆ ? ਸਰਕਾਰ ਵੀ ਹੁਣ ਚੰਦ ’ਤੇ ਭੇਜਣ ਦੀਆਂ ਦਲੀਲਾਂ ਦੇ ਰਹੀ। ਸ਼ਾਇਦ! ਪਲਾਟ ਲੈਣ ਲਈ ਲੋਨ ਸੈਂਕਸ਼ਨ ਕਰ ਦੇਣ।”




ਮੈਨੂੰ ਉਹਦੀ ਹਾਜ਼ਰ ਜਵਾਬੀ ਚੰਗੀ ਲੱਗੀ ਪਰ ਫੇਰ ਸੋਚਿਆ ਕਾਹਨੂੰ ਖਾ-ਮ- ਖਾਂ ਵਾਧੂ ਪੰਗਿਆਂ ’ਚ ਪੈਣਾ। ਉਹਦੇ ਜਵਾਬ ਦਾ ਬਿਨਾਂ ਕੋਈ ਹੁੰਘਾਰਾ ਭਰੇ, ਮੈਂ ਬਲਾਕ ’ਤੇ ਉਂਗਲ ਧਰ ਉਹਨੂੰ ਬਾਹਰ ਵਾਲੇ ਰਾਹ ਤੋਰ ਦਿੱਤਾ। ਅਗਲੇ ਮੈਸੇਜ ’ਤੇ ਨਿਗ੍ਹਾ ਜਾਂਦੀ, ਕੋਈ ਤਰਲੋਚਨ ਪਾਵਲਾ। ਡੀ. ਪੀ. ਵੇਖੀ ਅੱਧਖੜ ਉਮਰ ਦਾ ਸਰਦਾਰ ਬੰਦਾ। ਦੇਖਣ ਨੂੰ ਮੇਰੇ ਪਿਓ ਦੀ ਉਮਰ ਦਾ ਲੱਗਦਾ। ਹਾੜੇ ਕੱਢਦਾ ਜਾਪਦਾ... “ਮੈਡਮ ਜੀ! ਰਿਕੁਐਸਟ ਭੇਜੀ। ਮੰਜ਼ੂਰ ਕਰੋ ਪਲੀਜ਼।” ਪਹਿਲਾਂ ਵੀ ਕਈ ਵਾਰ ਇਸ ਬੰਦੇ ਦਾ ਇਸ ਤਰ੍ਹਾਂ ਦਾ, ਸੁਨੇਹਾ ਆ ਚੁੱਕਿਆ। ‘ਪਲੀਜ਼’ ਸ਼ਬਦ ਐਨਾ ਘੋਟ ਕੇ ਲਿਖਿਆ ਹੋਇਆ ਕਿ ਤਰਸ ਆ ਗਿਆ ਬੇਚਾਰੇ ਦੀ ਸ਼ਕਲ ’ਤੇ ਤੇ ਨਾਲ਼ ਹਾਸਾ ਵੀ।

ਮੈਂ ਆਪਣੇ ਆਪ ਨਾਲ਼ ਗੱਲਾਂ ਕਰਦੀ... ਲੈ! ਇਹਦੀ ਕਿਹੜੇ ਵੇਲਣੇ ’ਚ ਬਾਂਹ ਆਈ ਹੋਈ ਕਿ ਰਿਕੁਐਸਟ ਮੰਜ਼ੂਰ ਕਰਵਾ ਕੇ ਈ ਸਾਹ ਆਉਣਾ!

ਚਲੋ! ਵੇਖਦੀ ਹਾਂ। ਬੰਦਾ ਕੀ ਐ ਇਹ? ਜਿਹੜਾ ਐਨਾ ਕਾਹਲ਼ਾ ਹੋਇਆ ਪਿਆ ਫਰੈਂਡ ਲਿਸਟ ’ਚ ਆਉਣ ਲਈ। ਫੇਸਬੁੱਕ ’ਤੇ ਮੇਰਾ ਫਰੈਂਡ ਰਿਕੁਐਸਟਾਂ ਵਾਲਾ ਡੱਬਾ ਉਂਝ ਵੀ ਹਜ਼ਾਰ ਤੋਂ ਵੱਧ ਦੀਆਂ ਗਿਣਤੀਆਂ- ਮਿਣਤੀਆਂ ਦਿਖਾਉਂਦਾ ਰਹਿੰਦਾ। ਮੈਂ ਕਿਸੇ ਨੂੰ ਛੇਤੀ ਆਪਣੇ ਸਰਕਲ ’ਚ ਦਾਖ਼ਲ ਨਹੀਂ ਹੋਣ ਦਿੰਦੀ। ਪਹਿਲਾਂ ਅਗਲੇ ਦੀ ਕੰਧ ’ਤੇ ਜਾ ਕੇ, ਖੁੱਲ੍ਹਾ ਬੂਹਾ ਖੋਲ੍ਹ ਕੇ ਝਾਤੀ ਮਾਰਦੀ। ਪੋਸਟਾਂ ਵੇਖਦੀ,ਕਿੱਦਾਂ ਦਿਆਂ ਨਾਲ਼ ਰਾਸ ਰਲ਼ਦੀ ? ਜੇ ਮਨ ਨੂੰ ਜੱਚਦਾ ਤਾਂ ਆਪਣੀ ਫੇਸਬੁੱਕ ਦਾ ਬੂਹਾ ਖੋਲ੍ਹ ਦਿੰਦੀ ਜਾਂ ਫੇਰ ਰਿਮੋਵ ਰਾਹੀਂ ਕਹਾਣੀ ਖ਼ਤਮ। ਕਈ ਵਾਰ ਉਂਝ ਈ ਰੱਖੀ ਰੱਖਦੀ ਡੱਬੇ ’ਚ ਬੰਦ। ਕਈ ਮਹਾਰਥੀ ਤਾਂ ਅਜਿਹੇ ਹੁੰਦੇ ਜਿਹੜੇ ਆਪਣੇ ਘਰਾਂ ਨੂੰ ਜ਼ਿੰਦਰੇ ਮਾਰ , ਦੂਜਿਆਂ ਦੇ ਬੂਹੇ ਖੜ੍ਹਕਾਉਂਦੇ। ਐਦਾਂ ਦੇ ਤਾਂ ਮੈਨੂੰ ਉੱਕਾ ਈ ਚੰਗੇ ਨ੍ਹੀਂ ਲੱਗਦੇ ।

ਲਓ ਜੀ! ਤਰਲੋਚਨ ਪਾਬਲਾ ਜੀ ਮੇਰੀ ਫਰੈਂਡ ਲਿਸਟ ’ਚ ਹੋ ਗਏ ਬਿਰਾਜ਼ਮਾਨ। ਉਂਝ! ਜਦ

ਮੈਂ ਫੇਸਬੁੱਕ ’ਤੇ ਕੋਈ ਵੀ ਪੋਸਟ ਪਾਵਾਂ, ਨਾ ਕਦੇ ਹੂੰਅ, ਨਾ ਕਦੇ ਹਾਂ। ਮੈਸੇਂਜਰ ’ਤੇ ਸਵੇਰ ਦੀ ਗੁੱਡ ਮਾਰਨਿੰਗ ਨਾਲ਼ ਕਦੇ ਚਾਹ,ਕਦੇ ਕਾਫ਼ੀ ਤੇ ਨਾਲ਼ ਬਿਸਕੁਟ, ਮਿਠਾਈ ਭੇਜਣਾ ਕਦੇ ਨਾ ਭੁੱਲਦਾ । ਮੈਂ ਮਨ ਈ ਮਨ ਹੱਸਦੀ... ਭਾਈ! ਕਾਹਨੂੰ ਮੇਰਾ ਭਾਰ ਵਧਾਈ ਜਾਂਦਾ! ਮੈਨੂੰ ਤਾਂ ਅੱਗੇ ਈ ਡਾਇਟਿੰਗ ਕਰਨੀ ਪੈ ਰਹੀ। ਹਾਲੇ ਸਵੇਰ ਦੀ ਗੁੱਡ ਮਾਰਨਿੰਗ ਮੁੱਕੀ ਨ੍ਹੀਂ, ਦੁਪਹਿਰ ਦੀ ਗੁੱਡ ਆਫ਼ਟਰ-ਨੂਨ, ਸ਼ਾਮ ਦੀ ਗੁੱਡ ਈਵਨਿੰਗ ਤੇ ਰਾਤ ਦੀ ਗੁੱਡ ਨਾਈਟ ਦੀਆਂ ਲੋਰੀਆਂ ਤੱਕ, ਮੇਰੇ ’ਤੇ ਨਿਗ੍ਹਾ ਰੱਖਣੀ ਸ਼ੁਰੂ। ਉਂਝ ਈ ਫ਼ਾਲਤੂ ਗੱਲਾਂ ਲਈ ਮੇਰੇ ਕੋਲ਼ ਵਕਤ ਕਿੱਥੇ! ਮੈਂ ਸੋਚਿਆ ਕੋਈ ਹੁੰਘਾਰਾ ਨਾ ਮਿਲਣ ’ਤੇ, ਬੰਦਾ ਆਪ ਈ ਅੱਕ-ਥੱਕ ਕੇ ਬਹਿ ਜਾਊ, ਪਰ ਕਿੱਥੇ ? ਪਤਾ ਨ੍ਹੀਂ ਕਿਹੜੇ ਚੰਮ ਦਾ ਬਣਿਆ! ਉਹ ਆਪਣੀ ਸੇਵਾ ਦੀ ਡਿਊਟੀ ਨਾ ਭੁੱਲਦਾ ਪਰ ਮੈਂ ਅੱਕ ਗਈ। ਮੈਂ ਸੋਚਾਂ... ਜਦ ਇਹਨੂੰ ਕੋਈ ਸੁੰਘਦਾ ਵੀ ਨ੍ਹੀਂ। ਫੇਰ ਕਾਹਨੂੰ ਮਰੋ-ਮਰੋ ਕਰਦਾ । ਬਹਿ ਕੇ ਰੱਬ-ਰੱਬ ਕਰੇ।

ਇੱਕ ਦਿਨ ਖਿੱਝ ਕੇ,ਮੈਨੂੰ ਮੈਸੇਂਜ਼ਰ ’ਤੇ ਠੁੰਗਾਂ ਮਾਰਨੀਆਂ ਈ ਪਈਆਂ...“ਗੁੱਡ ਮੋਰਨਿੰਗ, ਈਵਨਿੰਗ, ਨਾਈਟ ਕਹਿਣ ਸੁਣਨ ਦਾ ਮੇਰੇ ਕੋਲ਼ ਵਾਧੂ ਟਾਇਮ ਨਹੀਂ ਹੁੰਦਾ। ਜੇ ਕੋਈ ਢੰਗ ਦੀ ਗੱਲ ਹੁੰਦੀ ਤਾਂ ਦੱਸਿਆ ਕਰੋ। ਤੁਹਾਡੇ ਕੋਲ਼ ਹੋਰ ਕੋਈ ਕੰਮ ਨ੍ਹੀਂ ਕਰਨ ਨੂੰ? ਤੁਸੀਂ ਵਿਹਲੇ ਈ ਹੁੰਦੇ!”

ਅੱਗੋਂ ਉਹ ਮੱਚ ਗਿਆ। ਮੈਂ ਥੋੜ੍ਹੇ ਪਲਾਂ ’ਚ ਈ ‘ਮੈਡਮ ਜੀ’ ਤੋਂ ‘ਓ ਮੈਡਮ’ ਹੋ ਗਈ।

“ਜੇ ਕਿਸੇ ਨੂੰ ‘ਸਤਿ ਸ੍ਰੀ ਅਕਾਲ’ ਕਹਿ ਦਿੱਤਾ ਤਾਂ ਵਿਹਲਾ ਲੱਗਦਾ! ਵਾਹ ਜੀ ਵਾਹ।”

ਮੈਂ ਹੈਰਾਨ...ਵੇਖੋ! ਮਿੰਟਾਂ ’ਚ ਬੰਦਾ ਬਦਲ ਗਿਆ, ਬੰਦੇ ਦੇ ਸ਼ਬਦ ਬਦਲ ਗਏ।

ਮੈਂ ਫ਼ਾਲਤੂ ਇਹਦੇ ਨਾਲ਼ ਉਲਝਣ ਨਾਲੋਂ, ਇਹਨੂੰ ਚਾਹ ’ਚੋਂ ਮੱਖੀ ਵਾਂਗੂੰ, ਆਪਣੇ ਮੈਸੇਂਜਰ ’ਚੋਂ ਕੱਢ ਪਰ੍ਹਾਂ ਵਗਾਹ ਮਾਰਿਆ।

ਇੱਕ ਦਿਨ ਹੋਰ ਕਿਸੇ ਸਿਰ ਫ਼ਿਰੇ ਦਾ ਮੈਸੇਜ ਆ ਗਿਆ... “ਤੁਸੀਂ ਆਨ ਲਾਇਨ ਬਹੁਤ ਰਹਿੰਦੇ?”

ਮੈਸੇਜ ਪੜ੍ਹਦਿਆਂ ਸਾਰ ਮੇਰਾ ਪਾਰਾ ਚੜ੍ਹ ਗਿਆ। ਮੇਰੇ ਮਨ ’ਚ ਉਬਾਲ ਉੱਠਿਆ...“ਕੰਜਰਾ! ਤੂੰ ਮੇਰਾ ਚੌਂਕੀਦਾਰ ਲੱਗਿਆ ? ਮੇਰੀ ਜਾਂਚ ਪੜਤਾਲ ਕਰਦਾ ਕਿ ਮੈਂ ਕਿੰਨੇ ਘੰਟੇ ਆਨ ਲਾਇਨ ਰਹਿੰਦੀ ਤੇ ਕਿੰਨੇ ਆਫ਼ ਲਾਇਨ? ਤੈਨੂੰ ਫਰੈਂਡ ਲਿਸਟ ’ਚ ਦਾਖ਼ਲ ਕੀਤਾ, ਆਪਣੀ ਨਿੱਜੀ ਜ਼ਿੰਦਗੀ ’ਚ ਨਹੀਂ।”

ਜੀਅ ਤਾਂ ਕਰਦਾ ਸੀ, ਇਹਦੀ ਚੰਗੀ ਰੇਲ ਬਣਾਵਾਂ। ਫੇਰ ਸੋਚਿਆ... ਛੱਡ ਮਨਾਂ... ਮਸਲੇ ਹੋਰ ਬਥੇਰੇ ਪਏ ਉਲਝਣ ਲਈ। ਮੈਂ ਉਹਨੂੰ ਫੇਸਬੁੱਕ ਤੇ ਮਸੈਂਜ਼ਰ ’ਚੋਂ ਸਬਜ਼ੀ ’ਚ ਡਿੱਗੇ ਵਾਲ਼ ਵਾਂਗੂੰ ਪਰ੍ਹਾਂ ਵਗਾਹ ਮਾਰਿਆ।

ਮੇਰੇ ਸਾਹਮਣੇ ਵਾਲੇ ਕਮਰੇ ’ਚ ਨਵੀਂ ਆਈ ਕੁੜੀ, ਬੜੀ ਬਣ-ਠਣ ਕੇ ਰਹਿੰਦੀ। ਟਾਇਟ ਜ਼ੀਨਸ ਤੇ ਉਪਰੋਂ ਉੱਚਾ ਜਿਹਾ ਟਾਪ। ਕੀ ਕਹਿੰਦੇ ਉਹਨੂੰ? ਕ੍ਰਾਪ ਟਾਪ। ਵਾਲ਼ਾਂ ਦਾ ਵੀ ਵੱਖਰਾ ਈ ਆਲ੍ਹਣਾ ਜਿਹਾ ਬਣਾਇਆ ਹੋਇਆ। ਜਦੋਂ ਕਮਰਿਓਂ ਬਾਹਰ ਨਿਕਲਦੀ, ਦੂਰ ਤੱਕ ਲਪਟਾਂ ਛੱਡਦੀ ਰਹਿੰਦੀ। ਜਦੋਂ ਮੈਂ ਉਹਨੂੰ ਵੇਖਦੀ ਤਾਂ ਆਪਣੇ ਆਪ ’ਤੇ ਤਰਸ ਜਿਹਾ ਆਉਣ ਲੱਗਦਾ। ਮੇਰੀ ਤੇ ਉਹਦੀ ਉਮਰ ’ਚ ਬਹੁਤਾ ਫ਼ਰਕ ਨ੍ਹੀਂ ਹੋਣਾ। ਜੇ ਮੈਨੂੰ ਪੈਂਤੀਵਾ ਲੱਗਿਆ ਹੋਇਆ ਉਹ ਕਿਹੜਾ ਤੀਹਾਂ -ਬੱਤੀਆਂ ਤੋਂ ਘੱਟ ਦੀ ਹੋਣੀ । ਹਾਂ, ਇੱਕ ਫ਼ਰਕ ਜ਼ਰੂਰ ਐ...ਮੈਂ ਪਿਛਲੇ ਦੋ ਸਾਲਾਂ

ਤੋਂ ਕੋਰਟ ਕਚਹਿਰੀਆਂ ਦੇ ਚੱਕਰਾਂ 'ਚ ਉਲਝੀ ਹੋਈ ਤੇ ਉਹਨੂੰ ਵੇਖ ਕੇ ਲੱਗਦਾ ਜਿਵੇਂ ਨਾ ਫ਼ਿਕਰ, ਨਾ ਫਾਕਾ ਕੋਈ। ਉਂਝ ਵੀ ਉਹ ਮੈਨੂੰ ਬੜੀ ਆਕੜ ਖੋਰ ਜਿਹੀ ਲੱਗਦੀ। ਕਈ ਵਾਰ ਸੋਚਦੀ ਮੈਨੂੰ ਜਲਣ ਤਾਂ ਨ੍ਹੀਂ ਹੋ ਰਹੀ ਉਹਦੇ ਨਾਲ਼? ਉਹਨੂੰ ਵੇਖ ਕੇ ਆਪਣੇ ਆਪ ਨਾਲ਼ ਸਵਾਲ ਕਰਦੀ...ਉਹਦੇ ਕੋਲ਼ ਐਨਾ ਖੁੱਲ੍ਹਾ ਖਰਚਾ ਕਿੱਥੋਂ ਆਉਂਦਾ ਹੋਣਾ? ਫੇਰ ਮਨ ਨੂੰ ਸਮਝਾਉਣ ਲੱਗਦੀ...ਤੈਂ ਕੀ ਲੈਣਾ ਕਿਸੇ ਤੋਂ? ਕੌਣ ਕੀ ਕਰਦਾ? ਕਿੱਥੇ ਜਾਂਦਾ?

ਡੋਰ ਬੈੱਲ ਨਾਲ਼ ਧਿਆਨ ਉੱਖੜ ਗਿਆ। ਟਨ-ਟਨ....ਏਸ ਵੇਲ਼ੇ ਕੌਣ ਆ ਗਿਆ ? ਭਰਾ ਟਿੰਕੂ ਤਾਂ ਨ੍ਹੀਂ ਆਇਆ ਘਰੋਂ! ਨਹੀ, ਉਹ ਪਰਸੋਂ ਤਾਂ ਲੜ ਕੇ ਗਿਆ ਮੇਰੇ ਨਾਲ਼। ਹੁਣ ਐਨੀ ਛੇਤੀ ਤਾਂ ਨ੍ਹੀਂ ਆ ਸਕਦਾ। ਉਹਨੂੰ ਪਤਾ ਹਾਲੇ ਕਿੱਥੇ ਦੀਦੀ ਕੋਲ਼ ਪੈਸੇ ਹੋਣੇ। ਉਹ ਤਾਂ ਅਕਸਰ ਉਦੋਂ ਆਪਣੀ ਸ਼ਕਲ ਦਿਖਾਉਂਦਾ, ਜਦੋਂ ਮੇਰੀ ਤਨਖ਼ਾਹ ਆਈ ਹੁੰਦੀ ਖਾਤੇ 'ਚ ਤਾਜ਼ੀ-ਤਾਜ਼ੀ। ਉਦੋਂ ਭੱਜਾ ਆਉਂਦਾ ਦੀਦੀ ਨੂੰ ਮਿਲਣ ਲਈ ਤੇ ਨਾਲ਼ੇ ਸਫ਼ਾਈਆਂ ਦਿੰਦਾ ਬਿਨਾਂ ਕੁਝ ਪੁੱਛਿਆ ਹੀ, " ਦੀਦੀ! ਮੈਂ ਤਾਂ ਹਸਪਤਾਲ ਡੈਡੀ ਜੀ ਦੀ ਦਵਾਈ ਦੀ ਪਰਚੀ ਕਟਵਾ ਕੇ ਆਇਆ। ਘੰਟੇ ਕੁ ਤੱਕ, ਡੈਡੀ ਜੀ ਨੂੰ ਲੈ ਕੇ ਜਾਵਾਂਗਾ । ਮੈਂ ਸੋਚਿਆ ਕਾਹਨੂੰ ਐਨੀ ਦੇਰ, ਭੀੜ 'ਚ ਉਹਨਾਂ ਨੂੰ ਖੱਜਲ ਕਰਨਾ। ਸੋਚਿਆ ਤੁਹਾਨੂੰ ਮਿਲਦਾ ਜਾਵਾਂ, ਜਾਂਦਾ-ਜਾਂਦਾ।"

ਮੈਨੂੰ ਉਹਦਾ ਘੜਿਆ-ਘੜਾਇਆ ਜਵਾਬ ਚੰਗੀ ਤਰ੍ਹਾਂ ਰਟਿਆ ਪਿਆ ਫੇਰ ਵੀ ਆਦਤ ਤੋਂ ਮਜ਼ਬੂਰ ਜਾਂ ਕਹਿ ਲਓ ਧੀ ਦਾ ਫਰਜ਼ ਨਿਭਾਉਂਦਿਆ, ਪੁੱਛਦੀ ਹਾਂ, "ਕੀ ਕਹਿੰਦੇ ਡਾਕਟਰ?"

"ਉਹਨਾਂ ਨੇ ਕੀ ਕਹਿਣਾ! ਟੈਸਟ ਲਿਖ ਦਿੱਤੇ ਪਰਚੀ 'ਤੇ। ਕਹਿੰਦੇ 'ਮਾਇਕ੍ਰੋ ਲੈਬ' ਤੋਂ ਕਰਵਾ ਲਓ। ਜਾ ਕੇ ਆਇਆ ਲੈਬ 'ਤੇ ਉਹਨਾਂ ਪੰਤਾਲੀ ਸੌ ਦੇ ਦੱਸੇ।"

ਮੈਂ ਭੁੜਕਦੀ, "ਡਾਕਟਰਾਂ ਨੂੰ ਕੀ ਕਹੇ ਬੰਦਾ? ਕਮਿਸ਼ਨ ਕੀਤਾ ਹੁੰਦਾ ਇਹਨਾਂ ਪਹਿਲਾਂ ਈ ਲੈਬ ਵਾਲਿਆਂ ਨਾਲ਼।"

ਉਹ ਸਫ਼ਾਈਆਂ ਦਿੰਦਾ, "ਡੌਲੀ ਦੀ ਫ਼ੀਸ ਲਈ ਪੈਸੇ ਰੱਖੇ ਸੀ, ਹੁਣ ਉਹਨਾਂ 'ਚੋਂ ਵੇਖਦਾ। "

ਮੈਂ ਅਲਮਾਰੀ 'ਚ ਹੱਥ ਮਾਰਦੀ। ਪੰਜ-ਸੱਤ ਹਜ਼ਾਰ ਉਹਦੇ ਹੱਥ 'ਤੇ ਧਰ ਦਿੰਦੀ। ਉਹ ਉੱਪਰੋਂ - ਉੱਪਰੋਂ, ਝੂਠੀ - ਮੁੱਠੀ ਨਾਂਹ- ਨੁੱਕਰ ਕਰਦਿਆਂ, ਫੜ ਜੇਬ 'ਚ ਪਾ ਲੈਂਦਾ ਤੇ ਮੁੜ ਮਹੀਨਾ ਭਰ ਮੇਰੇ ਘਰ ਦਾ ਰਾਹ ਭੁੱਲਿਆ ਰਹਿੰਦਾ। ਪਿੱਛੇ ਜਿਹੇ ਮੇਰੀ ਤਬੀਅਤ ਕੁਝ ਠੀਕ ਨਹੀਂ ਸੀ। ਮੈਂ ਫ਼ੋਨ ਕੀਤਾ, "ਟਿੰਕੂ! ਘਰ ਆਈਂ। ਆਉਂਦਾ ਹੋਇਆ ਪਾਈਆ ਕੁ ਭਿੰਡੀਆਂ, ਇੱਕ ਦਹੀਂ ਦਾ ਪੈਕੇਟ ਤੇ ਦੋ ਕਿਲੋ ਪਿਆਜ ਲੈ ਆਵੀਂ।"

ਉਹਨੇ ਬਹਾਨਾ ਮਾਰਿਆ, "ਮੈਂ ਤਾਂ ਹਾਲੇ ਦਫ਼ਤਰ 'ਚ ਹਾਂ। ਮੈਨੂੰ ਅੱਜ ਏਥੇ ਈ ਅੱਠ ਵੱਜ ਜਾਣੇ।"

ਉਹ ਹਮੇਸ਼ਾ ਇੰਝ ਈ ਕਰਦਾ। ਮੇਰੇ ਕਦੇ, ਕੋਈ ਕੰਮ ਨ੍ਹੀਂ ਆਇਆ। ਮੈਂ ਆਪਣੀ ਮਾਂ ਕੋਲ਼ ਰੋਸਾ ਕਰਦੀ। ਉਹ ਪੁੱਤ ਦਾ ਪੱਖ ਪੂਰਦੀ, "ਉਹ ਕੀ ਕਰੇ! ਦਫ਼ਤਰ 'ਚ ਤਾਂ ਸਿਰ ਖ਼ੁਰਕਣ ਦੀ ਵਿਹਲ ਨ੍ਹੀਂ ਹੁੰਦੀ । ਉਹ ਦੱਸਦਾ ਸੀ ... ਅਗਲੇ ਦਿਨ ਆਡਿੱਟ ਸੀ। ਤਾਂ ਲੱਗਿਆ ਹੋਇਆ ਸੀ ਉਹਦੇ ਕਾਗਜ਼-ਪੱਤਰ ਪੂਰੇ ਕਰਨ। "

ਹੁਣ ਮੈਂ ਕਦੇ ਹੀ, ਨਾ ਸਰਦੇ ਨੂੰ ਉਹਨੂੰ ਕੋਈ ਕੰਮ ਆਖਦੀ। ਉਹ ਬਿਨਾਂ ਕਿਸੇ ਸੰਕੋਚ ਤੋਂ ਝੱਟ-ਪਟੱਕ ਨਾਂਹ 'ਚ ਸਿਰ ਮਾਰਨ ਲੱਗਿਆ ਬਹੁਤੀ ਦੇਰ ਨਾ ਲਾਉਂਦਾ। ਫੇਰ ਸੋਚਦੀ ਛੱਡ ਪਰ੍ਹਾਂ। ਕੀਹਦੇ- ਕੀਹਦੇ ਨਾਲ਼ ਹਿਰਖ਼ ਕਰਾਂ? ਕੀਹਦਾ- ਕੀਹਦਾ ਪੱਤਾ ਕੱਟਾਂ ਆਪਣੀ ਜ਼ਿੰਦਗੀ 'ਚੋਂ!

ਇੱਕ ਸ਼ਰਮਾ ਬੈਠਾ ਰਹਿੰਦਾ ਮੇਰੀਆਂ ਜੜਾਂ 'ਚ ਕੁਰਸੀ ਡਾਹ ਕੇ। ਸਾਰਾ ਦਿਨ ਉਂਝ ਈ ਘੂਰ-ਘੂਰ ਕੇ ਵੇਖਦਾ ਰਹਿੰਦਾ। ਜਦੋਂ ਕਈ ਵਾਰ ਬਿਨਾਂ ਕਿਸੇ ਗੱਲ ਤੋਂ ਮੇਰੇ ਵੱਲ ਵੇਖ ਕੇ ਮੁਸਕੁਰਾਉਂਦਾ, ਮੈਨੂੰ ਜ਼ਹਿਰ ਵਰਗਾ ਲੱਗਦਾ।

ਰੰਜਨਾ ਮੈਡਮ ਨੇ ਤਾਂ ਇੱਕ ਦਿਨ ਕਹਿ ਵੀ ਦਿੱਤਾ, "ਦੇਖੀਂ! ਸ਼ਰਮੇ ਦੀ ਅੱਖ ਠੀਕ ਨ੍ਹੀਂ ਲੱਗਦੀ... ਜਦ ਦੇਖੋ, ਤੇਰੇ ਵੱਲ ਝਾਕਦਾ ਰਹਿੰਦਾ। ਇਹਤੋਂ ਬਚ ਕੇ ਰਹੀਂ।"

"ਲੈ! ਦੇਖ ਲੈਣ ਦੇ... ਲੈ ਲੈਣ ਦੇ ਨਜ਼ਾਰੇ ਅਗਲੇ ਨੂੰ... ਉਂਝ ਵੀ ਦੇਖਣ ਨਾਲ਼ ਕੀ ਹੁੰਦੈ!" ਮਾਲਤੀ ਹੱਸਦੀ ਹੋਈ ਮੈਨੂੰ ਛੇੜਦੀ।

ਉਹਦੀ ਟਿੱਚਰ ਸੁਣ ਮੈਨੂੰ ਹੋਰ ਖਿੱਝ ਚੜ੍ਹਦੀ। ਮੈਂ ਗੁੱਸੇ 'ਚ ਸੁਣਾਉਂਦੀ , "ਇਹਨੂੰ ਤਾਂ ਬਹੁਤੀਓ ਅੱਗ ਲੱਗੀ ਪਈ। ਠਰਕੀ ਬੁੜਾ, ਕਿਸੇ ਥਾਂ ਦਾ!"

ਜਦੋਂ ਦੂਜੀ ਵਾਰ ਡੋਰਬੈੱਲ ਦੀ ਆਵਾਜ਼ ਆਈ ਤਾਂ ਮੈਂ ਦਰਵਾਜ਼ੇ ਵੱਲ ਵਧੀ। ਦਰਵਾਜ਼ਾ ਖੋਲ੍ਹਿਆ। ਸਾਹਮਣੇ ਵਾਲ਼ੀ ਪੀ. ਜੀ. ਵਾਲ਼ੀ ਕੁੜੀ ਖੜ੍ਹੀ। ਉਹ ਅੱਜ ਕਾਲ਼ੇ ਰੰਗ ਦੇ ਸੂਟ 'ਚ ਇੰਝ ਲੱਗ ਰਹੀ ਐ ਜਿਵੇਂ ਕਾਲ਼ੇ ਬੱਦਲਾਂ 'ਚ ਚੰਦ। ਉਹ ਬਿਨਾਂ ਕਿਸੇ ਉਚੇਚ ਦੇ ਅੰਦਰ ਆ ਵੜੀ ।

"ਹੈਲੋ! ਮੇਰਾ ਫਿਲਟਰ ਖ਼ਰਾਬ ਹੋ ਗਿਆ। ਕੀ ਇੱਕ ਜੱਗ ਪਾਣੀ ਦਾ ਮਿਲ ਸਕਦਾ?"

"ਹਾਂ! ਹਾਂ! ਕਿਉਂ ਨਹੀਂ? ਲਿਆਓ! ਮੈਂ ਭਰ ਦਿੰਦੀ।" ਮੈਂ ਉਹਦੇ ਹੱਥ 'ਚੋਂ ਖਾਲੀ ਜੱਗ ਫੜ ਰਸੋਈ ਵੱਲ ਤੁਰ ਪਈ। ਉਹ ਲਾਬੀ 'ਚ ਖੜ੍ਹੀ ਕੁਝ ਗੁਣਗੁਣਾ ਰਹੀ ਐ।

"ਤੁਸੀਂ ਖੜ੍ਹੇ ਕਿਉਂ ਹੋ? ਬੈਠੋ।" ਆਖ ਓਪਰੋਂ-ਓਪਰੋਂ ਮੈਂ ਮਹਿਮਾਨ ਨਿਵਾਜ਼ੀ ਦਾ ਫਰਜ਼ ਨਿਭਾਇਆ। ਉਂਝ! ਮੈਨੂੰ ਕਾਹਲ਼ੀ ਪਈ ਹੋਈ ਕਿ ਇਹ ਕਦੋਂ ਇਥੋਂ ਜਾਵੇ ।

"ਅੱਜ ਤੁਸੀਂ ਤਿਆਰ ਨ੍ਹੀਂ ਹੋਏ! ਜਾਣਾ ਨ੍ਹੀਂ ਡਿਊਟੀ? " ਉਹ ਕੁਰਸੀ 'ਤੇ ਬੈਠਦਿਆਂ ਪੁੱਛਣ ਲੱਗੀ।

ਮੈਂ ਮਨ ਈ ਮਨ ਆਪਣੇ ਆਪ ਨੂੰ ਕੋਸਿਆ... ਕੀ ਲੋੜ ਪਈ ਸੀ ਇਹਨੂੰ ਬੈਠਣ ਲਈ ਕਹਿਣ ਦੀ? ਇਹ ਤਾਂ ਸੱਚੀਓਂ ਘਰ ਮੱਲ ਕੇ ਬਹਿ ਗਈ ।

ਮੈਂ ਮਸਾਂ ਈ ਮੂੰਹੋਂ ਕੱਢਿਆ,

"ਮੇਰੀ ਤਬੀਅਤ ਅੱਜ ਠੀਕ ਨਹੀਂ। ਮੈਂ ਛੁੱਟੀ ਲਈ।"

"ਮੇਰੀ ਕਿਸੇ ਹੈਲਪ ਦੀ ਲੋੜ ਹੋਈ ਤਾਂ ਬੇਝਿਜਕ ਦੱਸ ਦਿਓ। ਮੈਂ ਅੱਜ ਘਰ ਈ ਹਾਂ। ਅੱਜ ਆਪਣੇ ਆਪ ਨੂੰ ਆਰਾਮ ਦੇਣਾ ਚਾਹੁੰਦੀ ਸਾਂ, ਤਾਂ ਕਰਕੇ ਬਹਿ ਗਈ ਘਰ । ਕਾਹਦੇ ਲਈ ਮਰੋ-ਮਰੀ ਕਰੀਏ ? ਜਦ ਬੰਦੇ ਦਾ ਆਪਣਾ ਮਨ ਖੁਸ਼ ਨਹੀਂ ਤਾਂ ਕੀ ਫਾਇਦਾ ਬਹੁਤੀ ਨੱਠ-ਭੱਜ ਕਰਨ ਦਾ? ਪਹਿਲਾਂ ਆਪਣੇ ਆਪ ਨੂੰ ਵੇਖੋ, ਬਾਕੀ ਦੁਨੀਆ ਬਾਅਦ 'ਚ।" ਉਹਨੇ ਸ਼ਤਾਬਦੀ ਐਕਸਪ੍ਰੈਸ ਵਾਂਗੂੰ ਗੱਲਾਂ ਦੀ ਰਫ਼ਤਾਰ ਫੜੀ ਹੋਈ। ਮੈਨੂੰ ਬੋਲਣ ਦਾ ਮੌਕਾ ਹੀ ਨ੍ਹੀਂ ਦੇ ਰਹੀ।

"ਓ! ਮੈਂ ਤੁਹਾਡਾ ਨਾਂ ਤਾਂ ਪੁੱਛਿਆ ਈ ਨ੍ਹੀਂ!" ਮੈਂ ਉਹਦੀ ਸਪੀਡ ਘਟਾਉਣ ਦੇ ਮੰਨਸ਼ੇ ਨਾਲ਼ ਪੁੱਛਿਆ। ਉਹਨੂੰ ਮਹੀਨਾ ਕੁ ਤਾਂ ਹੋ ਈ ਗਿਆ ਸੀ ਇੱਥੇ ਆਇਆਂ, ਪਰ ਮੈਂ ਉਹਦੇ ਨਾਲ਼ 'ਹਾਏ! ਹੈਲੋ!'ਤੋਂ ਬਿਨਾਂ ਕਦੇ ਕੋਈ ਬੋਲ ਸਾਂਝਾ ਨਾ ਕੀਤਾ। ਹਾਏ! ਹੈਲੋ! ਵੀ ਉਹੀ ਅੱਗੇ ਹੋ ਕੇ ਆਖਦੀ। ਮੈਂ ਵੀ ਓਪਰੀ ਜਿਹੀ ਮੁਸਕੁਰਾਹਟ 'ਚ ਹਾਏ! ਹੈਲੋ!' ਲਪੇਟ ਵਾਪਿਸ ਕਰ ਦਿੰਦੀ।

ਉਹਨੇ ਆਪਣਾ ਨਾਂ ਮੁਸਕੁਰਾ ਕੇ ਦੱਸਿਆ, "ਸਵੀਟੀ।"

"ਵਾਹ! ਤੁਹਾਡਾ ਨਾਂ ਬੜਾ ਸਵੀਟ ਐ...ਤੁਹਾਡੇ ਵਰਗਾ ਈ।" ਮੈਂ ਨਾ- ਚਾਹੁੰਦਿਆਂ ਵੀ

ਉਹਦੀ ਤਾਰੀਫ਼ ਕੀਤੀ। ਉਹ ਹੱਸਦੀ ਹੋਈ ਪਾਣੀ ਦਾ ਜੱਗ ਲੈ ਕੇ ਚਲੀ ਗਈ।

ਥੋੜ੍ਹੀ ਦੇਰ ਪਹਿਲਾਂ ਜਿਹੜੀ ਕੁੜੀ ਮੈਨੂੰ ਬਹੁਤ ਨਖ਼ਰੇਲੋ ਲੱਗ ਰਹੀ ਸੀ, ਉਹ ਹੁਣ ਮੈਨੂੰ ਬਹੁਤ ਬੜਬੋਲੀ ਲੱਗਣ ਲੱਗੀ। ਸਵੀਟੀ ਦੇ ਜਾਣ ਤੋਂ ਬਾਅਦ, ਮੈਂ ਆਪਣੇ ਆਪ ਨੂੰ ਬੈੱਡਰੂਮ 'ਚ ਲੱਗੇ ਸ਼ੀਸ਼ੇ 'ਚ ਨਿਹਾਰਨ ਲੱਗੀ।

"ਮੈਂ ਵੀ ਕਦੇ ਖ਼ੂਬਸੂਰਤ ਸਾਂ। ਮੇਰੇ ਨੈਣ ਨਕਸ਼ ਸਵੀਟੀ ਨਾਲੋਂ ਕਿਤੇ ਵੱਧ ਸੋਹਣੇ। ਹੁਣ ਅੱਖਾਂ ਹੇਠਾਂ ਕਾਲ਼ੇ ਘੇਰਿਆਂ ਨੇ ਥਾਂ ਮੱਲ ਲਈ। ਆਪਣੇ ਵਾਲ਼ਾ ਵੱਲ ਵੇਖਦੀ ਹਾਂ। ਵਾਲ਼ਾਂ ਦੀ ਸਫ਼ੈਦੀ ਮੈਨੂੰ ਘੂਰਦੀ ਲੱਗਦੀ। ਭਰਵੱਟਿਆਂ ਦਾ ਵੀ ਕਿੱਦਾਂ ਜੰਗਲ ਉੱਗਿਆ ਹੋਇਆ। ਕਿੰਨਾ ਚਿਰ ਹੋ ਗਿਆ ਰੀਟਾ ਕੋਲ਼ ਨ੍ਹੀਂ ਜਾ ਹੋਇਆ। ਅੱਗੇ ਮਹੀਨੇ-ਦੋ ਮਹੀਨਿਆਂ ਬਾਅਦ ਉਹਦੇ ਪਾਰਲਰ 'ਚ ਗੇੜਾ ਮਾਰ ਆਉਂਦੀ ਸਾਂ। ਥੋੜ੍ਹਾ ਬਹੁਤਾ ਆਪਣਾ ਮੂੰਹ- ਮੱਥਾ ਸੁਆਰ ਲੈਂਦੀ। ਹੁਣ ਤਾਂ ਜਦੋਂ ਦੀ ਤਰੀਖਾਂ 'ਚ ਉਲਝੀ, ਭੋਰਾ ਜੀਅ ਨ੍ਹੀਂ ਕਰਦਾ ਆਪਣੇ ਆਪ ਨੂੰ ਸੋਹਣਾ ਬਣਾਉਣ ਨੂੰ। ਅੱਜ-ਕੱਲ੍ਹ ਤਾਂ ਸ਼ੀਸ਼ਾ ਵੇਖਣ ਨੂੰ ਵੀ ਰੂਹ ਨ੍ਹੀਂ ਕਰਦੀ। ਨਾ ਹੀ ਲੋਕਾਂ ਦੀਆਂ ਨਜ਼ਰਾਂ 'ਚ ਝਾਕਣ ਨੂੰ।

ਮੈਂ ਬਾਥਰੂਮ 'ਚ ਜਾ ਕੇ ਟੂਟੀ ਛੱਡੀ ਤੇ ਬਾਲਟੀ ਭਰਨ ਦੀ ਉਡੀਕ ਕਰਦਿਆਂ ਆਪਣਾ ਨੀਲੇ ਰੰਗ ਦਾ ਸੂਟ ਪ੍ਰੈੱਸ ਕਰਨ ਲੱਗੀ। ਪ੍ਰੈੱਸ ਕਰਦਿਆਂ ਸੋਚਾਂ 'ਚ ਧੱਸ ਗਈ। ਜਦੋਂ ਵੀ ਕੱਪੜੇ ਲੈਣ ਲਈ ਬਜ਼ਾਜੀ ਦੀ ਦੁਕਾਨ ਚੜ੍ਹਦੀ,ਉਹਨੂੰ ਕਾਲ਼ੇ ਰੰਗ ਦੇ ਸੂਟ ਦਿਖਾਉਣ ਲਈ ਕਹਿੰਦੀ। ਜਦੋਂ ਕੁੜੀਆਂ ਕਾਲਜ 'ਚ ਮੇਰੇ ਸੂਟਾਂ ਦੀਆਂ ਤਾਰੀਫ਼ਾਂ ਕਰਦੀਆਂ, ਮੈਂ ਤਿਤਲੀ ਵਾਂਗੂੰ ਇਤਰਾਉਂਦੀ। ਵਿਆਹ ਤੋਂ ਬਾਅਦ ਇੱਕ ਵਾਰ ਸ਼ਾਪਿੰਗ ਕਰਦਿਆਂ ਮੈਂ ਕਾਲ਼ੇ ਰੰਗ ਦੇ ਸੂਟ 'ਤੇ ਹੱਥ ਧਰ ਬੈਠੀ। ਸੁਧੀਰ ਨੇ ਮੂੰਹ ਜਿਹਾ ਬਣਾ ਨਾਂਹ 'ਚ ਸਿਰ ਮਾਰਿਆ।

"ਯਾਰ! ਸਾਡੇ ਕਾਲ਼ੇ ਰੰਗ ਦਾ ਕੱਪੜਾ ਨਹੀਂ ਪਾਉਂਦੇ। ਬਹੂਆਂ ਤਾਂ ਖਾਸ ਕਰਕੇ।"

ਮੈਂ ਸੂਟ ਥਾਏਂ ਰੱਖ ਦਿੱਤਾ। ਮੁੜ ਕੇ ਕਦੇ ਕਾਲ਼ੇ ਰੰਗ ਦਾ ਦੁਪੱਟਾ ਤੱਕ ਨਾ ਲੈ ਕੇ ਦੇਖਿਆ। ਆਪਣੀ ਪਸੰਦ ਨੂੰ ਸੁਧੀਰ ਦੀ ਪਸੰਦ ਹੇਠ ਦਰੜ ਦਿੱਤਾ। ਥੋੜ੍ਹੇ ਦਿਨਾਂ ਬਾਅਦ ਸੁਧੀਰ ਨੇ ਨੱਕ ਚੜ੍ਹਾਉਂਦਿਆ ਕਿਹਾ, "ਤੂੰ ਜਿਹੜੇ ਰੰਗ-ਬਰੰਗੇ ਝੁਮਕੇ ਪਾਉਂਦੀ ਸੂਟਾਂ ਦੇ ਰੰਗਾਂ ਨਾਲ਼ ਮਿਲਾ ਕੇ, ਨਾ ਪਾਇਆ ਕਰ। ਮੈਨੂੰ ਨ੍ਹੀਂ ਚੰਗੇ ਲੱਗਦੇ ਜਿਵੇਂ ਡਾਂਸਰਾਂ, ਨੇ ਪਾਏ ਹੁੰਦੇ।"

ਮੈਂ ਸਾਰੇ ਝੁਮਕੇ ਡੱਬੇ 'ਚ ਬੰਦ ਕਰਕੇ ਰੱਖ ਦਿੱਤੇ।

ਜਦੋਂ ਮੇਰੇ ਨਾਲ਼ ਆਫ਼ਿਸ 'ਚ ਮਿਸਿਜ਼ ਵਰਮਾ ਤੇ ਰਸ਼ਮੀ ਸੂਟਾਂ ਨਾਲ਼ ਮੈਚਿੰਗਾਂ ਕਰਕੇ,ਕੰਨਾਂ ਨੂੰ ਸ਼ਿੰਗਾਰ ਕੇ ਆਉਂਦੀਆਂ ਮੈਨੂੰ ਆਪਣੇ ਆਪ 'ਚ ਘੁਟਣ ਜਿਹੀ ਮਹਿਸੂਸ ਹੁੰਦੀ।

ਪਾਣੀ ਦੀ ਬਾਲਟੀ ਨੱਕੋ-ਨੱਕ ਭਰ ਕੇ ਡੁੱਲ੍ਹਣ ਲੱਗੀ। ਮੈਂ ਭੱਜ ਕੇ ਟੂਟੀ ਬੰਦ ਕਰ ਨ੍ਹਾਉਣ ਲਈ ਬਾਥਰੂਮ 'ਚ ਵੜ ਗਈ। ਠੰਡਾ-ਠੰਡਾ ਪਾਣੀ ਮੇਰੇ ਮਨ 'ਚ ਉੱਠਦੇ ਉਬਾਲ ਨੂੰ ਹੋਰ ਉਬਾਲਣ ਲੱਗਿਆ। ਵਾਲ਼ਾਂ 'ਚ ਪਾਣੀ ਪਾਉਂਦਿਆਂ ਮੈਂ ਬੀਤੇ ਸਮੇਂ ਦੀਆਂ ਕਿੰਨੀਆਂ ਕੰਨੀਆਂ ਫੜਨ ਲੱਗੀ ਹੋਈ ਹਾਂ। ਮੁੜ ਡੋਰ ਬੈੱਲ ਨਾਲ਼ ਮੇਰੇ ਮੱਥੇ 'ਤੇ ਤਿਊੜੀਆ ਉੱਭਰੀਆਂ, "ਹੁਣ ਕੌਣ ਆ ਗਿਆ?"

ਅਨਚਾਹੇ ਮਨ ਨਾਲ਼ ਬੂਹਾ ਖੋਲ੍ਹਦੀ ਹਾਂ। ਸਵੀਟੀ ਪਲੇਟ 'ਚ ਦੋ ਪਰੌਂਠੇ ਤੇ ਕਟੋਰੀ 'ਚ ਦਹੀਂ ਲੈ ਕੇ ਮੁੜ ਹਾਜ਼ਰ ਹੋਈ। ਪਰੌਂਠਿਆਂ ਤੇ ਚਾਹ 'ਚੋਂ ਗਰਮਾ-ਗਰਮ ਭਾਫ਼ਾਂ ਨਿਕਲਦੀਆਂ ਵੇਖ ਮੇਰੇ ਢਿੱਡ 'ਚ ਭੁੱਖ ਖੌਰੂ ਪਾਉਣ ਲੱਗੀ। ਮੈਨੂੰ ਧਿਆਨ ਆਇਆ ਕਿ ਅੱਜ ਤਾਂ ਮੈਂ ਸਵੇਰ ਦੀ ਚਾਹ ਤੱਕ ਨ੍ਹੀਂ ਪੀਤੀ।

ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ, ਉਹਦੇ ਬੜੇ ਮੋਹ ਭਿੱਜੇ ਸ਼ਬਦ ਮੇਰੇ ਕੰਨਾਂ 'ਚ ਪਏ, "ਹੁਣ

ਕਿਵੇਂ ਸਿਹਤ ਤੁਹਾਡੀ? ਆ ਲਓ! ਗਰਮਾ-ਗਰਮ ਨਾਸ਼ਤਾ।"

"ਤੁਸੀਂ ਖੇਚਲ ਕਿਉਂ ਕੀਤੀ? ਹੁਣ ਮੈਂ ਠੀਕ ਹਾਂ... ਮੈਂ ਆਪੇ ਪਕਾ- ਖਾ ਲੈਂਦੀ।"

ਉਂਝ! ਉਹਨੂੰ ਇੰਝ ਵੇਖ ਮੈਨੂੰ ਚੰਗਾ ਲੱਗਿਆ।

"ਦੀਦੀ! ਖੇਚਲ ਕਾਹਦੀ? ਮੈਂ ਆਪਣੇ ਲਈ ਵੀ ਪਕਾਉਣੇ ਈ ਸੀ, ਦੋ ਤੁਹਾਡੇ ਲਈ ਵੀ ਲਾਹ ਦਿੱਤੇ। ਉਥੇ ਕੀ? ਹੁਣ ਮੈਂ ਥੋੜ੍ਹਾ ਕੰਮ ਚੱਲੀ। ਆਪਾਂ ਸ਼ਾਮ ਨੂੰ ਮਿਲਦੇ।"

ਉਹ ਚਲੇ ਗਈ। ਮੈਂ ਨਾਸ਼ਤਾ ਕਰਦੀ ਹੋਈ ਸੋਚਦੀ ਹਾਂ...ਕੁੜੀ ਤਾਂ ਚੰਗੀ ਐ...ਨਹੀਂ, ਕੌਣ ਕਿਸੇ ਲਈ ਆਪਣੇ ਵਕਤ 'ਚੋਂ ਇੰਝ ਵਕਤ ਕੱਢਦਾ? ਫੇਰ ਸੋਚਾਂ ਦੀ ਸੂਈ ਪੁੱਠਾ ਗੇੜਾ ਕੱਢਦੀ ... ਕੀ ਪਤਾ ਇਹਨੇ ਮੇਰੇ ਕੋਲੋਂ ਆਪਣਾ ਕਿਹੜਾ ਮਤਲਬ ਕੱਢਣਾ ? ਅੱਜ-ਕੱਲ੍ਹ ਪਤਾ ਨ੍ਹੀਂ ਲੱਗਦਾ ਲੋਕ ਆਪਣੇ ਮਨਾਂ 'ਚ ਕੀ- ਕੀ ਚੁੱਕੀ ਫਿਰਦੇ? ਇਹ ਮਤਲਬ ਦੀ ਦੁਨੀਆਂ। ਇੱਥੇ ਕੋਈ ਭਰੋਸੇਯੋਗ ਨ੍ਹੀਂ।

ਮੈਂ ਬਜ਼ਾਰ ਤੇ ਬੈਂਕ ਦੇ ਰਹਿੰਦੇ ਕੰਮ ਨਿਪਟਾ ਛੇਤੀ ਹੀ ਘਰ ਆ ਗਈ। ਡੋਰਬੈੱਲ ਦੀ ਆਵਾਜ਼ ਕੰਨਾਂ 'ਚ ਪਈ । ਕੁੜ੍ਹਦੀ- ਕੁੜ੍ਹਦੀ ਨੇ ਬੂਹਾ ਖੋਲ੍ਹਿਆ।

"ਦੀਦੀ! ਮੈਂ ਹੁਣੇ ਘਰ ਆਈ ਸਾਂ । ਸੋਚਿਆ ਤੁਹਾਡੀ ਖ਼ਬਰ-ਸਾਰ ਲੈ ਆਵਾਂ।"

"ਹੁਣ ਠੀਕ ਹਾਂ। ਮੈਂ ਆਰਾਮ ਕਰਨਾ ਸੀ।" ਆਖ ਬਿਨਾਂ ਉਹਦਾ ਕੋਈ ਜੁਆਬ ਸੁਣੇ,ਬੂਹਾ ਬੰਦ ਕਰ ਦਿੱਤਾ। ਮੈਨੂੰ ਡਰ ਸੀ ਕਿ ਜੇ ਕਿਧਰੇ ਉਹ ਸਵੇਰ ਵਾਂਗੂੰ ਕੁਰਸੀ ਮੱਲ ਕੇ ਬਹਿ ਗਈ ਤਾਂ ਮੈਨੂੰ ਔਖਾ ਲੱਗਣਾ...ਮੈਨੂੰ ਨਹੀਂ ਚੰਗਾ ਲੱਗਦਾ ਕਿਸੇ ਨਾਲ਼ ਇੰਝ ਬਹੁਤਾ ਖੁੱਲ੍ਹਣਾ । ਮੈਂ 'ਕੱਲੀ ਰਹਿਣਾ ਚਾਹੁੰਦੀ ਹਾਂ। ਬਿਲਕੁਲ 'ਕੱਲੀ। ਜਦੋਂ ਦਾ ਸੁਧੀਰ ਨੇ ਮੈਥੋਂ ਖਹਿੜਾ ਛੁਡਾਉਣ ਲਈ,ਮੈਨੂੰ ਕੋਰਟ 'ਚ ਖਿੱਚਿਆ ਉਦੋਂ ਦਾ ਮੈਨੂੰ ਆਪਣੀਆਂ ਸੋਚਾਂ ਨਾਲ਼ ਇਕੱਮਿਕ ਹੋਣਾ ਤੇ ਆਪਣੇ ਆਪ ਨਾਲ਼ ਗੱਲਾਂ ਕਰਨਾ ਚੰਗਾ ਲੱਗਦਾ। ਮੈਨੂੰ ਨਹੀਂ ਚੰਗਾ ਲੱਗਦਾ ਕੋਈ ਮੇਰੀ ਨਿੱਜੀ ਜ਼ਿੰਦਗੀ 'ਚ ਝਾਕੇ। ਸਾਰੇ ਮਤਲਬ ਖ਼ੋਰ ਨੇ। ਆਪਣਾ ਮਤਲਬ ਕੱਢਣ ਵਾਲੇ ਖ਼ੁਦਗਰਜ਼। ਜੇ ਹੁਣ ਸੁਧੀਰ ਦੀ ਪਸੰਦ ਬਦਲ ਗਈ ਤਾਂ ਇਸ 'ਚ ਮੇਰਾ ਕੀ ਕਸੂਰ? ਉਹ ਮੈਨੂੰ ਕਿੰਝ ਹੁੱਬ-ਹੁੱਬ ਕੇ ਦੱਸਦਾ ਹੁੰਦਾ ਸੀ... ਫਲਾਣੀ ਕੁੜੀ ਕਦੇ ਮੇਰੇ ਵੱਲ ਵੇਖ- ਵੇਖ ਮੁਸਕੁਰਾਉਂਦੀ ਹੁੰਦੀ ਸੀ... ਫਲਾਣੀ ਕੁੜੀ ਨੂੰ ਕਦੇ ਮੈਂ ਪਿਆਰ ਦਾ ਇਜ਼ਹਾਰ ਕੀਤਾ ਸੀ ਤੇ ਉਹਨੇ ਹੱਸ ਕੇ ਹਾਮੀ ਭਰੀ ਸੀ... ਫਲਾਣੀ ਨੂੰ ਮੈਂ ਬਹੁਤ ਪਸੰਦ ਕਰਦਾ ਸਾਂ...।

ਮੈਂ ਮਨ ਈ ਮਨ ਆਖਦੀ...ਬਹੁਤਾ ਬਣਿਆ ਫਿਰਦਾ 'ਕਿਸ਼ਨ ਘਨਈਆ'

ਜਦੋਂ ਇੱਕ ਦਿਨ ਮੈਥੋਂ ਕਹਿ ਹੋ ਗਿਆ, "ਤੁਸੀਂ ਤਾਂ ਬਹੁਤ ਗੋਪੀਆਂ ਨਚਾਈਆਂ ਆਪਣੀਆਂ ਉਗਲ਼ਾਂ 'ਤੇ...ਜੇ ਕਦੇ ਮੈਂ ਕਿਸੇ ਦੀ ਰਾਧਾ ਬਣ ਗਈ... ਫੇਰ...?"

ਆਪਣੀ ਵਾਰੀ ਤੜਫ਼ ਉੱਠਿਆ... ਜਿਵੇਂ ਇੰਝ ਆਖ ਕੇ ਪਤਾ ਨ੍ਹੀਂ ਮੈਂ ਕਿਹੜਾ ਗੁਨਾਹ ਕਰ ਦਿੱਤਾ ਹੋਵੇ?... ਚਲੋ! ਮੈਂ ਤਾਂ ਫੇਰ ਵੀ ਚੁੱਪ ਈ ਰਹੀ... ਸੋਚਦੀ ਆਪਣਾ ਘਰ ਬਚਾਉਣਾ... ਮੇਰੀ ਮਾਂ ਦੇ ਬੋਲ ਕੰਨਾਂ 'ਚ ਪੈਂਦੇ... ਬੰਦੇ ਦਾ ਕੀ ਐ? ਬੰਦਾ ਭਾਵੇਂ ਜਿੱਥੇ ਮਰਜ਼ੀ ਮੂੰਹ ਮਾਰੇ? ਉਹਨੂੰ ਕੋਈ ਕੁਝ ਨ੍ਹੀਂ ਕਹਿੰਦਾ...ਉਹ ਤਾਂ ਨ੍ਹਾਤਾ-ਧੋਤਾ ਮੁੜ ਪਹਿਲਾਂ ਵਰਗਾ ਹੋ ਜਾਂਦਾ...ਜ਼ਨਾਨੀ ਦੀ ਬਦਨਾਮੀ ਨੂੰ ਕੋਈ ਗੰਗਾ ਜਲ ਨੀ ਧੋ ਸਕਦਾ...ਮੈਂ ਇਹਨਾਂ ਦੀ ਆਸ਼ਕੀ ਦੇ ਕਿੱਸੇ ਸੁਣ-ਸੁਣ ਕੇ ਅੰਦਰੋ-ਅੰਦਰੀ ਧੁੱਖਦੀ ਰਹਿੰਦੀ ਪਰ ਉਪਰੋਂ ਹੱਸਣ ਦੀ ਕੋਸ਼ਿਸ਼ ਕਰਦੀ... ਹਰ ਵਾਰ ਹਾਰ ਜਾਂਦੀ।

ਇੱਕ ਦਿਨ ਤਾਂ ਹੱਦ ਈ ਹੋ ਗਈ, ਜਦੋਂ ਆਖਣ ਲੱਗੇ, "ਮੇਰੀ ਪੁਰਾਣੀ ਸਹੇਲੀ ਵਾਪਿਸ ਆ

ਗਈ ਕੈਨੇਡਾ ਤੋਂ... ਕਦੇ ਅਸੀਂ ਵਿਆਹ ਕਰਾਉਣਾ ਚਾਹੁੰਦੇ ਸਾਂ... ਉਹਦੇ ਮਾਪਿਆਂ ਨੇ ਧੱਕੇ ਨਾਲ਼ ਉਹਦਾ ਵਿਆਹ ਬਾਹਰ ਕਰ ਦਿੱਤਾ... ਉਹਦੇ ਦਿਲ 'ਚੋਂ ਮੈਂ ਕਦੇ ਨਾ ਨਿਕਲਿਆ... ਹੁਣ ਉਹ ਵਾਪਿਸ ਆ ਰਹੀ ਐ ... ਉਹਦੇ ਘਰਵਾਲੇ ਨਾਲ਼ ਉਹਦੀ ਇੱਕ ਦਿਨ ਨਾ ਬਣੀ... ਉਹਦਾ ਤਲਾਕ ਹੋ ਗਿਆ। ''

''ਤੁਹਾਨੂੰ ਇਹ ਸਭ ਕੁਝ ਕਿਵੇਂ ਪਤਾ? ''

''ਹੱਦ ਐ ਯਾਰ! ਮੈਂ ਤੈਨੂੰ ਦੱਸਿਆ ਤਾਂ ਹੈ...ਅਸੀਂ ਇੱਕ - ਦੂਜੇ ਨੂੰ ਪਿਆਰ ਕਰਦੇ ਸਾਂ... ਹੁਣ ਫੇਸਬੁੱਕ ਨੇ ਸਾਨੂੰ ਮੁੜ ਮਿਲਾ ਦਿੱਤਾ...ਉਹ ਮੇਰੇ ਨਾਲ਼ ਰਹਿਣਾ ਚਾਹੁੰਦੀ ਐ।''

''ਤੇ ਤੁਸੀਂ ? ''

''ਇਹੋ ਤਾਂ ਸਮੱਸਿਆ... ਉਹਦਾ ਤਾਂ ਤਲਾਕ ਹੋ ਗਿਆ... ਉਹ ਤਾਂ ਆਜ਼ਾਦ ਐ ਹੁਣ... ਪਰ ਮੈਂ ਤੈਨੂੰ ਵੀ ਨ੍ਹੀਂ ਛੱਡ ਸਕਦਾ।''

ਉਹ ਬੜੀ ਬੇਸ਼ਰਮੀ ਨਾਲ਼ ਸਭ ਕੁਝ ਦੱਸ ਰਿਹਾ ਸੀ ਤੇ ਮੈਂ ਪੱਥਰ ਦੀ ਸਿੱਲ਼ ਬਣੀ ਸਭ ਕੁਝ ਸੁਣ ਰਹੀ ਸਾਂ। ਹੁਣ ਮੈਂ ਉਹਦੀ ਸਮੱਸਿਆ ਬਣ ਗਈ ਸੀ। ਮੈਥੋਂ ਕੁਝ ਨਹੀਂ ਸੀ ਬੋਲਿਆ ਜਾ ਰਿਹਾ।

''ਜੇ ਮੈਂ ਤੈਨੂੰ ਛੱਡ ਦਿਆਂ?'' ਮੇਰੇ ਮੂੰਹੋਂ ਨਾ ਚਾਹੁੰਦੇ ਹੋਏ ਵੀ ਨਿਕਲਿਆ।

ਇਹਨਾਂ ਸ਼ਬਦਾਂ ਨੇ ਮੈਂ ਉਹਦੇ ਪੱਛ ਲਾ ਦਿੱਤੇ।

ਉਹ ਭੁੜਕਿਆ, ''ਤੂੰ ਮੈਨੂੰ ਛੱਡ ਦਵੇਗੀ ? ਦਿਮਾਗ਼ ਤਾਂ ਠੀਕ ਐ ? ਲੋਕਾਂ 'ਚ ਮੈਨੂੰ ਬਦਨਾਮ ਕਰਨਾ ? ਲੋਕਾਂ ਨੇ ਮੇਰੇ 'ਤੇ ਹੱਸਣਾ... ਅਖੇ, ਪਤਾ ਨ੍ਹੀਂ ਇਹਦੀ ਘਰਵਾਲੀ ਇਹਨੂੰ ਕਿਉਂ ਛੱਡ ਗਈ ?''

ਮੈਂ ਮੁੜ ਚੁੱਪ, ਇਹ ਸੋਚ ਕੇ... ਇਹ ਕਿਹੋ-ਜਿਹਾ ਬੰਦਾ? ਜਿਹਨੂੰ ਮੇਰੀਆਂ ਭਾਵਨਾਵਾਂ ਦੀ ਕੋਈ ਕਦਰ ਨਹੀਂ... ਹੁਣ ਵੀ ਇਹੋ ਸੋਚ ਰਿਹਾ ਕੇ ਲੋਕ ਕੀ ਕਹਿਣਗੇ ?... ਮੇਰਾ ਦਿਲ ਕੀ ਕਹਿ ਰਿਹਾ ਇਸ ਵਕਤ?...ਇਹਨੂੰ ਕੋਈ ਪ੍ਰਵਾਹ ਨਹੀਂ... ਕਿੰਨਾ ਖ਼ੁਦਗਰਜ਼ ਇਨਸਾਨ! ਮੈਂ ਇੱਕ ਕਸੀਸ ਵੱਟੀ।

ਮੈਂ ਡੂੰਘਾ ਹੌਂਕਾ ਭਰਿਆ। ਤੇ ਮੁੜ ਆਪਣੇ ਬੈੱਡ 'ਤੇ ਆ ਕੇ ਡਿੱਗਣ ਦੀ ਕੀਤੀ ।ਪਹਿਲਾਂ ਦੀ 'ਕੱਠੀ ਹੋਈ ਚਾਦਰ ਹੋਰ ਵਲ਼ ਖਾ ਗਈ। ਸਾਹਮਣੇ ਕਲੰਡਰ 'ਤੇ ਨਿਗ੍ਹਾ ਅੜ੍ਹ ਕੇ ਖੜ ਗਈ । ਸੋਚਦੀ ਹਾਂ... ਨਵੰਬਰ ਮਹੀਨਾ ਖ਼ਤਮ ਹੋਣ ਦੇ ਕੰਢੇ ਆ ਖੜ੍ਹਿਆ। ਪਤਾ ਈ ਨ੍ਹੀਂ ਲੱਗਿਆ, ਕਿਵੇਂ ਸਾਲ ਲੰਘ ਚਲਿਆ। ਹਾਂ! ਸੱਚ ਮੈਂ ਨਵੰਬਰ ਮਹੀਨੇ ਨੂੰ ਕਿੰਝ ਭੁੱਲ ਸਕਦੀ? ਪਹਿਲੀ ਵਾਰ ਮੈਨੂੰ ਇਸੇ ਮਹੀਨੇ ਨੇ,ਸੱਚ ਦੇ ਰੂਬਰੂ ਕਰਵਾਇਆ ਸੀ। ਦੱਸਿਆ ਸੀ ਕਿ ਕਿਵੇਂ ਮੋਮੋਠੱਗਣੇ ਲੋਕ,ਲੂੰਬੜ ਚਾਲਾਂ ਖੇਡਦੇ! ਕਿਵੇਂ ਉਹ ਜ਼ਹਿਰ ਵਰਗੇ ਕੌੜੇ ਸੱਚ ਨੂੰ, ਫਰੇਬ ਦੀ ਚਾਸ਼ਣੀ 'ਚ ਰਿਨ੍ਹ ਕੇ ਸਾਡੇ ਸਾਹਮਣੇ ਸਜ਼ਾ ਦਿੰਦੇ ਤੇ ਅਸੀਂ ਸੁਆਦ ਨਾਲ਼ ਜੀਭ 'ਤੇ ਧਰ ਚੱਖ਼ਦੇ। ਜਦ ਤੱਕ ਉਹਦਾ ਨਤੀਜਾ ਸਾਹਮਣੇ ਆਉਂਦਾ ਉਦੋਂ ਤੱਕ ਅੱਡੀਆਂ ਅੱਖਾਂ ਤੋਂ ਬਿਨਾਂ, ਕੁਝ ਪੱਲੇ ਨਹੀਂ ਰਹਿੰਦਾ। ਇਸੇ ਮਹੀਨੇ ਇਸ ਡਰਾਮੇਬਾਜ਼ ਨੇ ਇਸ ਧਰਤੀ 'ਤੇ ਬੋਝ ਵਧਾਇਆ ਸੀ। ਜੋ ਮੈਂ ਕਦੇ ਨਹੀਂ ਸੀ ਸੋਚਿਆ, ਉਹ ਹੋ ਗਿਆ ਸੀ। ਉਹਨੇ ਸੱਚਮੁੱਚ ਮੇਰੇ ਸਾਹਮਣੇ ਲਿਆ ਕੇ ਖੜ੍ਹੀ ਕਰ ਦਿੱਤੀ ਸੀ ਆਪਣੀ ਕੈਨੇਡਾ ਵਾਲ਼ੀ। ਮੈਂ ਤਾਂ ਕਦੇ ਸੁਫ਼ਨੇ 'ਚ ਵੀ ਨਹੀਂ ਸੀ ਸੋਚਿਆ ਕੇ ਇੰਝ ਵੀ ਹੋ ਸਕਦਾ। ਉਹ ਵੀ ਬਸ਼ਰਮਾਂ ਵਾਂਗੂੰ, ਮੈਨੂੰ ਆਪਣੇ ਪਿਆਰ ਦੇ ਕਿੱਸੇ ਦੱਸ ਰਹੀ ਸੀ। ਇੱਕ ਵਾਰ ਤਾਂ ਮੇਰਾ ਜੀਅ ਕੀਤਾ ਇਹਨੂੰ ਬਾਹੋਂ ਫੜ ਬਾਹਰ ਦਾ ਰਾਹ ਦਿਖਾ ਦੇਵਾਂ। ਫੇਰ ਮਾਂ ਦੀ ਗੱਲ ਯਾਦ ਆਈ... ਧੀਏ! ਆਪਣਾ ਘਰ

ਬਚਾਉਣ ਲਈ ਤੀਵੀਆਂ ਨੂੰ ਬਹੁਤ ਕੁਝ ਜਰਨਾ ਪੈਂਦਾ।

ਮੈਂ ਚੁੱਪ-ਚਾਪ ਉਹਨਾਂ ਦੇ ਡਰਾਮੇ ਵੇਖਦੀ ਰਹੀ। ਉਹ ਚਲੇ ਗਈ। ਹੁਣ ਸੁਧੀਰ ਹਰ ਗੱਲ 'ਚ ਮੇਰੇ ਨਾਲ਼ ਉਹਦੀ ਤੁਲਨਾ ਕਰਦਾ। ਮੇਰੇ ਲਈ ਸਹਿਣਾ ਔਖਾ ਹੋ ਗਿਆ। ਇੱਕ ਦਿਨ ਮੈਂ ਰੁੱਸ ਕੇ ਪੇਕੇ ਆ ਬੈਠੀ। ਮੈਨੂੰ ਲੱਗਦਾ ਸੀ ਸੁਧੀਰ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਵੇਗਾ। ਉਹ ਮੈਨੂੰ ਮਨਾਉਣ ਆਵੇਗਾ, ਪਰ ਅਜਿਹਾ ਕੁਝ ਵੀ ਨ੍ਹੀਂ ਹੋਇਆ। ਮਹੀਨਾ ਬੀਤ ਗਿਆ। ਉਹਨੇ ਤਾਂ ਫ਼ੋਨ ਤੱਕ ਨਾ ਕੀਤਾ। ਮੈਂ ਆਪਣੀ ਮਾਂ ਨੂੰ ਸਾਰੀ ਗੱਲ ਦੱਸ ਦਿੱਤੀ। ਉਹ ਸੁਧੀਰ ਨੂੰ ਕੁਝ ਕਹਿਣ ਦੀ ਬਜਾਏ ਮੈਨੂੰ ਹੀ ਸਮਝਾਉਂਦੀ, "ਦੇਖ! ਐਦਾਂ ਦੀਆਂ ਗੱਲਾਂ ਦਾ ਬਹੁਤਾ ਖਲਾਰਾ ਨ੍ਹੀਂ ਪਾਈਦਾ... ਐਦਾਂ ਤਾਂ ਉਹਨੂੰ ਹੋਰ ਖੁੱਲ੍ਹ ਮਿਲ਼ ਜਾਣੀ.. ਤੂੰ ਆਪਣੇ ਘਰ ਜਾ... ਸਮੇਂ ਨਾਲ਼ ਆਪੇ ਸਭ ਠੀਕ ਹੋ ਜਾਣਾ।"

ਮੇਰਾ ਪਿਓ ਵੀ ਇਹੋ ਚਾਹੁੰਦਾ ਕੇ ਮੈਂ ਵਾਪਸ ਚਲੀ ਜਾਵਾਂ। ਬੰਦਾ ਇੱਕ ਵਾਰ ਤਾਂ ਪੁੱਛ ਈ ਸਕਦਾ ਆਪਣੇ ਜਵਾਈ ਨੂੰ ਕੇ ਮੇਰੀ ਧੀ 'ਚ ਕਾਹਦੀ ਕਮੀ ਐ ਜਿਹੜਾ ਤੂੰ ਏਧਰ-ਉੱਧਰ ਭੱਜਿਆ ਫਿਰਦਾ... ਪਰ ਸਾਰੇ ਹੱਥ 'ਤੇ ਹੱਥ ਧਰੀ ਬੈਠੇ ਹੋਏ ਮੈਨੂੰ ਈ ਮੱਤਾਂ ਦੇਣ ਲੱਗੇ ਹੋਏ। ਇੱਕ ਦਿਨ ਡੈਡੀ ਜੀ ਉਹਨੂੰ ਮਿਲ਼ ਕੇ ਆਏ ਤਾਂ ਪਤਾ ਨ੍ਹੀਂ ਉਹਨੇ ਕਿਹੜਾ ਮੰਤਰ ਮਾਰਿਆ ਕੇ ਉਹਨੂੰ ਨੂੰ ਉਹ ਦੁੱਧ ਦਾ ਧੋਤਾ ਨਜ਼ਰ ਆਉਣ ਲੱਗਿਆ ਤੇ ਸਾਰਾ ਕਸੂਰ ਉਹ ਮੇਰੇ ਸਿਰ ਮੜ੍ਹਨ ਲੱਗੇ। ਇੱਕ ਦਿਨ ਤਾਂ ਮੇਰੀ ਭਰਜਾਈ ਨੇ ਵੀ ਮੇਰੇ ਜ਼ਖ਼ਮਾਂ ਨੂੰ ਉਚੇੜ ਕੇ ਰੱਖ ਦਿਤਾ, "ਦੀਦੀ! ਤੁਸੀਂ ਆਪਣਾ ਘਰ ਸਾਂਭੋ ਜਾ ਕੇ... ਕਿਤੇ ਤੁਹਾਡੇ ਟੁੱਟੇ ਘਰ ਦਾ ਪਰਛਾਵਾਂ ਮੇਰੇ ਘਰ 'ਤੇ ਨਾ ਪੈ ਜਾਵੇ। ਤੁਹਾਡੇ ਕਰਕੇ, ਇਹ ਵੀ ਹਮੇਸ਼ਾ ਖਿਝੇ ਜਿਹੇ ਰਹਿੰਦੇ... ਤੁਹਾਡੇ ਏਥੇ ਆਉਣ ਤੋਂ ਪਹਿਲਾਂ ਇਹ ਮੇਰਾ ਬਹੁਤ ਖ਼ਿਆਲ ਰੱਖਦੇ ਸਨ... ਅੱਜ-ਕੱਲ੍ਹ ਮੈਨੂੰ ਇੰਝ ਲੱਗਦਾ ਜਿਵੇਂ ਇਹਨਾਂ ਦੀ ਜ਼ਿੰਦਗੀ 'ਚੋਂ ਕੋਈ ਅਹਿਮੀਅਤ ਈ ਖ਼ਤਮ ਹੋ ਗਈ ਹੋਵੇ।"

ਉਹਦੀਆਂ ਗੱਲਾਂ ਸੁਣ ਮੈਂ ਸੁੰਨ ਹੋ ਗਈ। ਮੈਂ ਪੀ. ਜੀ. ਰਹਿਣ ਦਾ ਫ਼ੈਸਲਾ ਕੀਤਾ। ਦਫ਼ਤਰ ਦੇ ਨੇੜੇ ਈ ਕਮਰਾ ਲੱਭ ਲਿਆ। ਮੰਮੀ-ਡੈਡੀ ਥੋੜ੍ਹਾ ਗੁੱਸੇ ਵੀ ਹੋਏ ਤੇ ਭਰਾ ਨੇ ਵੀ ਜਾਣ ਤੋਂ ਰੋਕਿਆ ਪਰ ਮੈਂ ਆਪਣੀ ਜ਼ਿੱਦ ਪੁਗਾ ਕੇ ਈ ਸਾਹ ਲਿਆ। ਆ ਗਈ ਆਪਣਾ ਬੈਗ ਚੁੱਕ ਏਸ ਕਮਰੇ 'ਚ।

ਮੈਂ ਫ਼ੋਨ ਵੇਖਣ ਲੱਗੀ ਗਈ। ਅਕਸ਼ੈ ਕੁਮਾਰ ਦੀ ਫ਼ਿਲਮ ਦਾ ਕੋਈ ਸੀਨ ਵੇਖ, ਮੇਰੀਆਂ ਉਂਗਲ਼ਾਂ ਥਾਂਏਂ ਈ ਰੁਕ ਗਈਆਂ। ਸੋਚਣ ਲੱਗੀ, ਸਮਾਂ ਤੇ ਬੰਦਾ ਕਿਵੇਂ ਬਦਲਦੇ! ਹੁਣ ਉਹੀ ਸੁਧੀਰ ਮੈਨੂੰ ਅਮਰੀਸ਼ ਪੁਰੀ ਤੋਂ ਘੱਟ ਨਹੀਂ ਜਾਪਦਾ ਜਿਹੜਾ ਕਦੇ ਉਹ ਮੈਨੂੰ ਅਕਸ਼ੈ ਕੁਮਾਰ ਜਾਪਦਾ ਸੀ। ਹੁਣ ਮੈਥੋਂ ਖਹਿੜਾ ਛੁਡਾਉਣ ਨੂੰ ਕਾਹਲ਼ਾ ਪਿਆ ਹੋਇਆ । ਮੈਂ ਕਿਉਂ ਉਹਨੂੰ ਖੁੱਲ੍ਹਾ ਛੱਡਾਂ ? ਮੈਂ ਤਾਂ ਉਹਦੇ ਲਈ ਸਭ ਕੁਝ ਛੱਡਿਆ, ਉਹ ਮੈਨੂੰ ਈ ਛੱਡ ਗਿਆ। ਇੱਕ ਉੱਚੀ ਠਹਾਕਾ ਮੇਰੇ ਕੰਨਾਂ 'ਚ ਪਿਆ। ਮੈਂ ਦੰਦ ਕਰੀਚਦੀ ਹਾਂ। ਇੱਕ ਚੀਕ ਹਨੇਰੇ 'ਚ ਮੇਰੇ ਕੰਨਾਂ ਨਾਲ਼ ਟਕਰਾਈ। ਮੈਂ ਉੱਠ ਕੇ ਬੱਤੀ ਜਗਾ ਦਿੱਤੀ। ਆਸੇ-ਪਾਸੇ ਵੇਖਦੀ ਹਾਂ। ਕੰਧਾਂ ਚੁੱਪ ਨੇ। ਮੈਂ ਸੋਚਦੀ ਹਾਂ ਹਾਸਾ ਤੇ ਚੀਕ ਦੋਵੇਂ ਮੇਰੇ ਅੰਦਰ ਹੀ ਕਿਧਰੇ ਗੁੰਮ ਹੋ ਗਏ।

ਸਵੇਰੇ ਉੱਠ ਤਿਆਰ ਹੋ ਆਪਣੇ ਦਫ਼ਤਰ ਤੁਰ ਪੈਂਦੀ ਹਾਂ। ਅੱਜ ਵੀ ਦਫ਼ਤਰ ਜਾਣ ਦਾ ਭੋਰਾ ਮਨ ਨ੍ਹੀਂ ਪਰ ਰੋਜ਼-ਰੋਜ਼ ਛੁੱਟੀ ਵੀ ਔਖੀ। ਐਦਾਂ ਈ ਜ਼ਿੰਦਗੀ ਰੁੜ੍ਹਣ ਲੱਗੀ ਪਹਿਲਾਂ ਵਾਂਗੂੰ। ਸਵੀਟੀ ਕਦੇ-ਕਦਾਈ ਮਿਲ ਜਾਂਦੀ ਪੌੜੀਆਂ ਚੜ੍ਹਦੀ-ਉਤਰਦੀ ਜਾਂ ਕਦੇ ਆਪਣੇ ਕਮਰੇ ਦੇ

ਬਾਹਰ। ਸਾਡੀ ਗੱਲ-ਬਾਤ 'ਹਾਏ', 'ਹੈਲੋ' ਤੱਕ ਈ ਸੀਮਿਤ ਐ । ਮੈਨੂੰ ਡਰ ਲੱਗਦਾ ਕਿ ਕਿਧਰੇ ਉਹ ਮੇਰੀ ਜ਼ਿੰਦਗੀ 'ਚ ਝਾਕਣ ਨਾ ਲੱਗ ਜਾਵੇ। ਇਸ ਲਈ ਮੈਂ ਉਹਨੂੰ 'ਹਾਏ!' ਹੈਲੋ! ਦਾ ਵੀ ਸੰਕੋਚਵਾਂ ਜਿਹਾ ਜਵਾਬ ਦਿੰਦੀ। ਸਵੀਟੀ ਹਮੇਸ਼ਾ ਮੁਸਕਰਾਉਂਦੀ ਹੀ ਨਜ਼ਰ ਆਉਂਦੀ।

ਮੈਂ ਸੋਚਦੀ ਇਹਨੂੰ ਜ਼ਿੰਦਗੀ 'ਚ ਸਭ ਕੁਝ ਬਣਿਆ- ਬਣਾਇਆ ਮਿਲਿਆ ਹੋਣਾ । ਇਹਨੂੰ ਕੀ ਪਤਾ ਜ਼ਿੰਦਗੀ ਦਾ? ਪਿਓ ਦੇ ਸਿਰ 'ਤੇ ਐਸ਼ ਕਰਦੀ ਜਾਂ ਪਤਾ ਨ੍ਹੀਂ ਕੀਹਦੇ-ਕੀਹਦੇ ਸਿਰ 'ਤੇ!

ਇੱਕ ਦਿਨ ਪੌੜੀਆਂ ਉਤਰਦਿਆਂ ਹੋਇਆ ਮੇਰਾ ਪੈਰ ਉੱਖੜ ਗਿਆ ਤੇ ਮੈਂ ਸੰਭਲਦੀ-ਸੰਭਲਦੀ ਵੀ ਪੰਜ-ਛੇ ਪੌੜੀਆਂ ਤੋਂ ਰੁੜਦੀ ਆਈ। ਸਬੱਬੀ ਸਵੀਟੀ ਵੀ ਆਪਣੇ ਕਮਰੇ ਵੱਲ ਜਾ ਰਹੀ ਸੀ ਉਹਨੇ ਈ ਸੰਭਾਲਿਆਂ ਮੈਨੂੰ। ਉਹ ਡਾਕਟਰ ਕੋਲ਼ ਲੈ ਗਈ। ਮੇਰੀ ਬਾਂਹ 'ਚ ਅਸਹਿ ਦਰਦ ਨਾਲ਼ ਮੇਰਾ ਬੁਰਾ ਹਾਲ ਹੋ ਗਿਆ। ਡਾਕਟਰ ਨੇ ਐਕਸਰੇ ਲੈ ਕੇ ਬਾਂਹ ਦੇ ਫਰੈਕਚਰ ਹੋਣ ਦੀ ਪੁਸ਼ਟੀ ਕਰ ਦਿੱਤੀ। ਮੈਨੂੰ ਹਸਪਤਾਲ ਐਡਮਿੱਟ ਹੋਣਾ ਪਿਆ। ਹਸਪਤਾਲ 'ਚ ਸਵੀਟੀ ਪ੍ਰਛਾਵੇਂ ਵਾਂਗੂੰ ਮੇਰੇ ਨਾਲ਼-ਨਾਲ਼ ਰਹੀ। ਮੈਂ ਆਪਣੀ ਮਾਂ ਨੂੰ ਖ਼ਬਰ ਤੱਕ ਨਾ ਕੀਤੀ ਆਪਣੇ ਹਸਪਤਾਲ 'ਚ ਹੋਣ ਬਾਰੇ। ਪਤਾ ਨੀ ਕਿਉਂ? ਮੇਰਾ ਆਪਣੇ ਮਾਪਿਆਂ ਤੋਂ ਵੀ ਭਰੋਸਾ ਜਿਹਾ ਉੱਠਦਾ ਜਾ ਰਿਹਾ। ਮੈਨੂੰ ਇੰਝ ਲੱਗਦਾ ਜਿਵੇਂ ਮੇਰੀ ਮਾਂ ਨੂੰ ਆਪਣੇ ਪੁੱਤ ਤੋਂ ਬਿਨਾਂ ਕੁਝ ਨ੍ਹੀਂ ਦਿਖਦਾ , ਮੇਰੇ ਨਾਲ਼ ਤਾਂ ਉਹਨੂੰ ਭੋਰਾ ਮੋਹ ਨ੍ਹੀਂ। ਮੇਰੇ ਮਰਨ ਜਾਂ ਜਿਉਣ ਦਾ ਉਹਨੂੰ ਕੋਈ ਫ਼ਰਕ ਨ੍ਹੀਂ ਪੈਣ ਲੱਗਿਆ। ਮੈਂ ਮੈਡੀਕਲ ਛੁੱਟੀ ਲੈ ਲਈ। ਡਾਕਟਰ ਨੇ ਤਾਂ ਹਫ਼ਤੇ ਭਰ ਲਈ ਹਸਪਤਾਲ ਦਾ ਬੈੱਡ ਬੁੱਕ ਕਰ ਦਿੱਤਾ ਮੇਰੇ ਲਈ ਪਰ ਮੈਂ ਦੋ ਦਿਨ ਬਾਅਦ ਛੁੱਟੀ ਕਰਵਾ ਕੇ ਆਪਣੇ ਘਰ ਦਾ ਬੂਹਾ ਖੋਲ੍ਹਿਆ।

ਸਵੀਟੀ ਮੇਰੀ ਹਰ ਜ਼ਰੂਰਤ ਦਾ ਖ਼ਿਆਲ ਰੱਖਦੀ। ਬੁਰਕੀਆਂ ਤੋੜ-ਤੋੜ ਮੇਰੇ ਮੂੰਹ 'ਚ ਪਾਉਂਦੀ। ਕਮਲੀ ਜਿਹੀ 'ਤੇ ਮੈਨੂੰ ਬਾਅਲਾ ਈ ਲਾਡ ਆਉਣ ਲੱਗਿਆ। ਮੇਰੇ ਬੈੱਡ ਕੋਲ਼ ਈ ਆਪਣਾ ਗੱਦਾ ਚੁੱਕ ਲਿਆਈ। ਅੱਧੀ-ਅੱਧੀ ਰਾਤ ਤੱਕ ਘਸੀ ਜਿਹੀ ਡਾਇਰੀ 'ਤੇ ਪਤਾ ਨ੍ਹੀਂ ਕਾਹਦੀਆਂ ਝਰੀਟਾਂ ਜਿਹੀਆਂ ਮਾਰਦੀ ਰਹਿੰਦੀ।

ਮੈਥੋਂ ਆਪਣੀ ਬਾਂਹ ਨਹੀਂ ਚੁੱਕੀ ਜਾਂਦੀ ਇਸ ਲਈ ਮੇਰਾ ਸਿਰ ਉਹੀ ਵਾਹੁੰਦੀ। ਉਹਨੇ ਤਾਂ ਮੇਰੇ ਵਾਲ਼ਾ ਦਾ ਰੰਗ ਰੂਪ ਈ ਬਦਲ ਕੇ ਰੱਖ ਦਿੱਤਾ। ਮੇਰੇ ਵਾਲ਼ਾ ਦੀ ਸਫੈਦੀ 'ਤੇ ਕਾਲ਼ੇ ਰੰਗ ਦਾ ਪਰਦਾ ਪਾ ਕੇ ਉਹਨਾਂ ਨੂੰ ਕੰਡੀਸ਼ਨਰ ਕਰ ਪਤਾ ਨਈ ਕੀ-ਕੀ ਕੀਤਾ। ਮੈਨੂੰ ਤਾਂ ਆਪਣੇ ਵਾਲ਼ਾ 'ਚ ਨਵੀਂ ਜਾਨ ਪੈ ਗਈ ਲੱਗਣ ਲੱਗ ਪਈ। ਇੱਕ ਦਿਨ ਧਾਗਾ ਚੁੱਕ ਕੇ ਬਹਿ ਗਈ ਤੇ ਮੇਰੇ ਭਰਵੱਟਿਆਂ 'ਚੋਂ ਵਾਧੂ ਵਾਲ਼ ਚੁਗਣ ਲੱਗਿਆ ਦੇਰ ਨਾ ਲਾਈ। ਫੇਰ ਮੇਰੇ ਫੇਸ਼ੀਅਲ, ਬਲੀਚ ਹੋਰ ਪਤਾ ਕਿਹੜੇ-ਕਿਹੜੇ ਮਾਸਕ ਲਾ ਮੇਰਾ ਚਿਹਰਾ ਚਮਕਾਉਣ ਲੱਗੀ । ਮੈਂ ਨਾਂਹ-ਨਾਂਹ ਕਰਦੀ ਰਹਿੰਦੀ ਪਰ ਉਹ ਮੇਰੀ ਕਿੱਥੇ ਸੁਣਦੀ? ਮੈਨੂੰ ਇੰਝ ਲੱਗਦਾ ਜਿਵੇਂ ਉਹ ਮੇਰੇ 'ਤੇ ਆਪਣੇ ਪਾਰਲਰ ਦੀ ਪ੍ਰੈਕਟਿਸ ਕਰਦੀ ਹੋਵੇ। ਉਹ ਸਵੇਰੇ ਦਸ ਕੁ ਵਜੇ ਪਾਰਲਰ ਜਾ ਕੇ, ਸ਼ਾਮੀ ਪੰਜ ਕੁ ਵਜੇ ਤੱਕ ਮੇਰੇ ਕੋਲ਼ ਹਾਜ਼ਰੀ ਭਰਨ ਆ ਜਾਂਦੀ। ਦਿਨ 'ਚ ਪਤਾ ਨ੍ਹੀਂ ਕਿੰਨੀ ਵਾਰ ਮੈਨੂੰ ਫ਼ੋਨ ਕਰ ਮੇਰੀ ਖ਼ਬਰ-ਸਾਰ ਲੈਂਦੀ।

ਹੁਣ ਪੰਦਰਾਂ ਦਿਨ ਹੋ ਚੱਲੇ ਉਹਨੂੰ ਮੇਰੇ ਘਰ 'ਚ। ਉਹਦਾ ਸਾਥ ਮੈਨੂੰ ਚੰਗਾ ਲੱਗਦਾ ਪਰ ਜਦ ਉਹ ਮੇਰੀ ਵਿਆਹੁਤਾ ਜ਼ਿੰਦਗੀ 'ਚ ਝਾਕਣ ਲੱਗਦੀ ਉਦੋਂ ਮੈਂ ਉਹਨੂੰ ਥਾਏਂ ਰੋਕ ਦਿੰਦੀ, "ਮੈਂ ਤੇਰੇ ਕੋਲੋਂ ਤੇਰੀ ਜ਼ਿੰਦਗੀ ਬਾਰੇ ਪੁੱਛਿਆ ਕਦੇ? ਨਹੀਂ ਨਾ... ਤੂੰ ਵੀ ਮੇਰੀ ਜ਼ਿੰਦਗੀ, ਮੇਰੀ ਹੀ ਰਹਿਣ ਦੇ... ਮੈਨੂੰ ਚੰਗਾ ਨਈ ਲੱਗਦਾ ਆਪਣੀ ਜ਼ਿੰਦਗੀ 'ਚ ਕਿਸੇ ਦਾ ਦਖ਼ਲ...।"

ਉਹ ਜੁਆਬ ਦਿੰਦੀ, "ਦੀਦੀ! ਦਿਲ 'ਤੇ ਬਹੁਤਾ ਬੋਝ ਨਈਂ ਰੱਖੀਦਾ। ਕਿਸੇ ਨਾਲ਼ ਆਪਣਾ

ਦੁੱਖ ਸਾਂਝਾ ਕੀਤਿਆਂ ਮਨ ਨੂੰ ਆਰਾਮ ਮਿਲਦਾ। ਅੱਧਾ ਦੁੱਖ ਘੱਟ ਜਾਂਦਾ।"

ਮੈਨੂੰ ਉਹਦੀਆਂ ਗੱਲਾਂ ਸੁਣ ਹਾਸਾ ਆਉਂਦਾ, "ਅੱਛਾ! ਬਹੁਤੀ ਸਿਆਣੀ ਬੇਬੇ ਨਾ ਬਣ।"

"ਦੀਦੀ! ਮੇਰਾ ਤਾਂ ਬਹੁਤ ਦਿਲ ਕਰਦਾ... ਮੈਂ ਆਪਣੇ ਮਨ ਨੂੰ ਫਰੋਲਾਂ ਕਿਸੇ ਮੂਹਰੇ। ਤੁਸੀਂ ਠੀਕ ਹੋ ਜਾਓ, ਫੇਰ ਮੈਂ ਤਾਂ ਤੁਹਾਡੇ ਕੋਲ਼ ਈ ਆਪਣਾ ਮਨ ਢੇਰੀ ਕਰ ਦਿਆ ਕਰਨਾ। ਸੁਣ ਲਿਆ ਕਰੋਗੇ ਮੇਰੀਆਂ ਝੱਲ- ਬਲੱਲੀਆਂ?" ਉਹ ਹੱਸਦੀ ਹੋਈ ਪੁੱਛਦੀ।

"ਆਹੋ! ਜਿਹੋ ਜਿਹੀ ਤੂੰ... ਉਹੋ ਜਿਹੀਆਂ ਤੇਰੀਆਂ ਕਮਲੀਆਂ ਗੱਲਾਂ ਹੋਣੀਆਂ।" ਹੁਣ ਅਸੀਂ ਦੋਵੇਂ ਆਪਣੇ ਮਨ 'ਚ ਆਈਆਂ ਇੱਕ-ਦੂਜੀ ਨੂੰ ਆਖ ਸੁਣਾਉਂਦੀਆਂ। ਉਹ ਮੇਰੀਆਂ ਝਿੜਕਾਂ ਨੂੰ ਵੀ ਹਾਸੇ 'ਚ ਟਾਲ ਦਿੰਦੀ।

ਇੱਕ ਗੱਲ ਐ... ਜਿੱਦਣ ਦੀ ਸਵੀਟੀ ਮੇਰੇ ਕੋਲ਼ ਆਈ, ਮੈਨੂੰ ਆਪਣੇ ਮਾਪਿਆਂ 'ਤੇ ਵੀ ਮੋਹ ਆਉਣ ਲੱਗਿਆ। ਆਪਣੇ ਪੇਕੇ ਘਰ 'ਚ ਬਿਤਾਏ ਬਚਪਨ ਦੇ ਦਿਨ ਮੁੜ ਮੁੜ ਮੇਰੀਆਂ ਯਾਦਾਂ 'ਚ ਗੇੜੇ ਮਾਰਨ ਲੱਗੇ। ਭਰਜਾਈ ਨਾਲ਼ ਵੀ ਹੁਣ ਕੋਈ ਰੋਸਾ ਨਹੀਂ... ਦੇਖਿਆ ਜਾਵੇ ਤਾਂ ਉਹ ਵੀ ਆਪਣੀ ਥਾਂ ਠੀਕ ਐ, ਮੇਰੇ ਉਸ ਘਰ 'ਚ ਹੋਣ ਕਾਰਨ ਸਭ ਦਾ ਧਿਆਨ ਤਾਂ ਮੇਰੇ 'ਚ ਈ ਉਲਝਿਆ ਰਹਿੰਦਾ ਸੀ...ਫ਼ਰਕ ਤਾਂ ਪੈਂਦਾ ਈ ਐ... ਪਰ ਹੁਣ ਉਹਦੇ ਨਾਲ਼ ਵੀ ਕੋਈ ਰੋਸਾ ਨ੍ਹੀਂ... ਉੱਥੋਂ ਆਈ, ਤਾਂ ਹੀ ਤਾਂ ਸਵੀਟੀ ਨਾਲ਼ ਮੇਰਾ ਮੇਲ਼ ਹੋਇਆ। ਕਦੇ - ਕਦਾਈਂ ਮੈਨੂੰ ਲੱਗਦਾ ਮੈਂ ਵੀ ਸਵੀਟੀ ਵਾਂਗੂੰ ਸੋਚਣ ਲੱਗ ਪਈ ਹਾਂ।

ਇੱਕ ਦਿਨ ਉਹ ਮੇਰੇ ਲਈ ਕਾਲ਼ੇ ਰੰਗ ਦਾ ਰੇਡੀਮੇਡ ਸੂਟ ਲਿਆ ਕੇ ਵਿਖਾਉਂਦੀ ਹੋਈ, "ਆ ਲਓ! ਹੁਣ ਦੇਖਿਓ! ਹੁਣ ਤਾਂ ਮੈਨੂੰ ਮਿਰਚਾਂ ਛੁਆਉਣੀਆਂ ਪੈਣੀਆਂ ਆਪਣੀ ਦੀਦੀ ਉਪਰੋਂ।"

"ਇਹ ਸੂਟ ਕਿਸ ਖੁਸ਼ੀ 'ਚ? ਨਾ ਮੇਰਾ ਜਨਮ ਦਿਨ ਦਿਨ, ਨਾ ਮਰਨ ਦਿਨ।"

ਮੇਰੇ 'ਮਰਨ ਦਿਨ' ਆਖਦਿਆਂ ਹੀ ਉਹ ਆਪਣਾ ਹੱਥ ਮੇਰੇ ਬੁੱਲ੍ਹਾਂ 'ਤੇ ਧਰਦੀ ਹੋਈ ਆਖਦੀ, "ਦੀਦੀ! ਆਪਣਿਆਂ ਨੂੰ ਤੋਹਫ਼ੇ ਦੇਣ ਲਈ ਕਿਸੇ ਖਾਸ ਦਿਨ ਦਾ ਹੋਣਾ ਜ਼ਰੂਰੀ ਨ੍ਹੀਂ ਹੁੰਦਾ। ਨਾਲ਼ੇ, ਆਪਾਂ ਤਾਂ ਹੁਣ ਬਹੁਤ ਜਨਮ ਦਿਨ ਮਨਾਉਣੇ...ਆਪਾਂ ਸਿਰਫ਼ ਜਿਉਣ ਦੀਆਂ ਗੱਲਾਂ ਕਰਨੀਆਂ... ਮਰਨ ਸਾਡੇ ਦੁਸ਼ਮਣ।" ਉਹਦੀਆਂ ਗੱਲਾਂ ਸੁਣ ਮੈਂ ਸੋਚਦੀ ਹਾਂ... ਕਿੰਨੀ ਜ਼ਿੰਦਾਦਿਲ ਐ ਇਹ ਕੁੜੀ...ਲੱਗਦਾ ਇਹਦਾ ਸਾਹਮਣਾ ਹਾਲੇ ਜ਼ਿੰਦਗੀ ਦੀਆਂ ਤਲਖ਼ੀਆਂ ਨਾਲ਼ ਨ੍ਹੀਂ ਹੋਇਆ...।

ਕਾਲ਼ੇ ਰੰਗ ਦਾ ਸੂਟ ਵੇਖ ਮੈਨੂੰ ਸਮਝ ਨ੍ਹੀਂ ਆ ਰਿਹਾ ਮੈਂ ਸਵੀਟੀ ਨੂੰ ਕੀ ਕਹਾਂ ? ਮੇਰੇ ਕੁਝ ਕਹਿਣ ਤੋਂ ਪਹਿਲਾਂ ਈ ਉਹ ਆਪਣੇ ਪਰਸ 'ਚੋਂ ਸੂਟ ਨਾਲ਼ ਮੈਚ ਕਰਦੇ ਬਹੁਤ ਖ਼ੂਬਸੂਰਤ ਝੁਮਕੇ ਦਿਖਾਉਂਦੀ ਹੋਈ ਹੁੱਬਦੀ, "ਦੀਦੀ! ਦੇਖੋ! ਮੈਨੂੰ ਤਾਂ ਲੱਗਦਾ, ਇਹ ਤਾਂ ਖਾਸ ਤੁਹਾਡੇ ਲਈ ਹੀ ਬਣੇ ਨੇ। ਤੁਹਾਡੇ ਕੰਨਾਂ 'ਚ ਬਹੁਤ ਜੱਚਣੇ।"

"ਤੈਨੂੰ ਕੀਹਨੇ ਕਿਹਾ ਮੇਰੇ ਲਈ ਸੂਟ ਲਿਆਉਣ ਲਈ?"

"ਕਿਉਂ? ਕੀ ਗੱਲ ਦੀਦੀ? ਇਹ ਪਾਇਆ ਤੁਹਾਡੇ ਬਹੁਤ ਜੱਚਣਾ...ਮੈਂ ਤਾਂ ਇਹਦੀ ਫਿਟਿੰਗ ਵੀ ਕਰਵਾ ਲਿਆਈ।"

"ਮੇਰੇ ਕੋਲ? ਬਹੁਤ ਕੱਪੜੇ...ਤੂੰ ਐਦਾਂ ਕਰ...ਤੂੰ ਰੱਖ ਲੈ...।"

"ਲੈ ਦੱਸ! ਦੀਦੀ! ਮੈਂ ਤਾਂ ਇਹਦੀ ਫਿਟਿੰਗ ਵੀ ਤੁਹਾਡੇ ਨਾਪ ਦੀ ਕਰਵਾ ਲਿਆਈ।"

ਉਹ ਮੇਰੇ ਖਹਿੜੇ ਪੈ ਗਈ... ਮੇਰੇ ਸੂਟ ਪਵਾ ਕੇ ਈ ਸਾਹ ਲੈਣਾ। ਮੇਰੇ ਮੁੜ- ਮੁੜ ਮਨ੍ਹਾ ਕਰਨ 'ਤੇ ਵੀ ਉਹ ਆਪਣੀ ਜ਼ਿੱਦ 'ਤੇ ਅੜੀ ਰਹੀ। ਮੈਨੂੰ ਕਾਲ਼ੇ ਰੰਗ ਨੂੰ ਵੇਖ ਸੁਧੀਰ ਇਹ ਕਹਿੰਦਾ ਯਾਦ

ਆਵੇ... ਸਾਡੇ ਕਾਲ਼ੇ ਰੰਗ ਦੇ ਕੱਪੜੇ ਦਾ ਵਿਚਾਰ ਕਰਦੇ... ਸਾਡੇ ਨਈ ਪਾਉਂਦੇ ਕਾਲਾ ਰੰਗ। ''

ਜਦੋਂ ਉਹ ਨਾ ਟਲੀ, ਮੈਂ ਆਪਾ ਭੁੱਲ ਬੈਠੀ, ''ਸਵੀਟੀ ! ਤੂੰ ਸਮਝਦੀ ਕੀ ਆਪਣੇ ਆਪ ਨੂੰ? ਜਦ ਤੈਨੂੰ ਇੱਕ ਵਾਰ ਕਹਿ ਦਿੱਤਾ...ਨਹੀਂ ਤਾਂ ਨਹੀਂ... ਤੈਨੂੰ ਕੀ ਪਤਾ ਦੁਨੀਆਦਾਰੀ ਦਾ? ਤੂੰ ਹਾਲੇ ਨਿਆਣੀ...ਮੈਨੂੰ ਨਾ ਛੇੜ...ਤੂੰ ਜਾਹ ਆਪਣੇ ਘਰ... ਫੇਰ ਗੱਲ ਕਰਦੇ।''

ਪਤਾ ਨ੍ਹੀਂ ਮੇਰੀ ਜ਼ੁਬਾਨ 'ਤੇ ਕੀ- ਕੀ ਉਲਟਾ-ਸਿੱਧਾ ਆ ਰਿਹਾ ਤੇ ਮੈਂ ਉਹਨੂੰ ਕੱਖਾਂ ਤੋਂ ਵੀ ਹੌਲ਼ੀ ਕਰ ਦਿੱਤਾ। ਉਹਨੇ ਬਿਨਾਂ ਕੋਈ ਹੋਰ ਸ਼ਬਦ ਮੂੰਹੋਂ ਕੱਢੇ ਉਥੋਂ ਜਾਣ ਦੀ ਕੀਤੀ।

ਉਹ ਚਲੀ ਗਈ। ਮੇਰੀ ਬੇਚੈਨੀ ਵੱਧ ਗਈ। ਮੈਂ ਬੈੱਡ 'ਤੇ ਬੈਠ ਗਈ। ਕਿੰਨਾ ਚਿਰ ਉਹਦੇ ਬਾਰੇ ਸੋਚਦੀ ਰਹੀ। ਅਚਾਨਕ ਮੇਰੀਆਂ ਸੋਚਾਂ 'ਚ ਸੁਧੀਰ ਆ ਖੜ੍ਹਿਆ... ਜਦੋਂ ਮੈਂ ਉਹਨੂੰ ਛੱਡਣ ਦੀ ਗੱਲ ਆਖੀ ਸੀ ਉਦੋਂ ਬੜੀ ਆਕੜ ਵਿਖਾਉਂਦਾ ਸੀ... ਹੁਣ ਆਪ ਈ ਮੇਰੇ 'ਤੇ ਤਲਾਕ ਦਾ ਕੇਸ ਪਾਈ ਫਿਰਦਾ, ਨਾਟਕਬਾਜ਼ ਕਿਸੇ ਥਾਂ ਦਾ।

ਮੈਂ ਲਾਈਟ ਬੰਦ ਕਰਨ ਲਈ ਬੈੱਡ ਤੋਂ ਉੱਠੀ ਤਾਂ ਮੇਰਾ ਧਿਆਨ ਕੋਲ਼ ਈ ਕੁਰਸੀ 'ਤੇ ਪਈ ਸਵੀਟੀ ਦੀ ਡਾਇਰੀ ਨੇ ਆਪਣੇ ਵੱਲ ਖਿੱਚਿਆ... ਵੇਖਾਂ ਤਾਂ ਸਹੀ ਕੀ ਮਗਜ਼-ਖਪਾਈ ਕਰਦੀ ਰਹਿੰਦੀ ਅੱਧੀ ਅੱਧੀ ਰਾਤ ਤੱਕ? ਮੈਂ ਡਾਇਰੀ ਦੇ ਪੰਨੇ ਫ਼ਰੋਲਦੀ ਹਾਂ।

ਮਿਤੀ 14/7/22...ਅੱਜ ਮੈਂ ਘਰ ਛੱਡ ਆਈ ਹਮੇਸ਼ਾ-ਹਮੇਸ਼ਾ ਲਈ। ਉਂਝ ਵੀ, ਉਹ ਘਰ, ਮੇਰਾ ਕਿੱਥੇ ਸੀ? ਘਰ ਤਾਂ ਮਾਪਿਆਂ ਨਾਲ਼ ਹੁੰਦੇ, ਭੈਣ-ਭਰਾਵਾਂ ਨਾਲ਼ ਹੁੰਦੇ। ਨਾ ਮੇਰੇ ਮਾਪੇ ਤੇ ਨਾ ਭੈਣ- ਭਰਾ। ਮਾਂ ! ਤੂੰ ਤਾਂ ਮੈਨੂੰ ਜੰਮਦੀ ਨੂੰ ਮਾਰ ਗਈ।

ਹਾਏ ! ਅੰਮੜੀਏ ! ਤੂੰ ਕਾਹਤੋਂ ਇਹ ਦੁਨੀਆ ਦਿਖਾਈ ਮੈਨੂੰ? ਜਦ ਤੂੰ ਇੱਥੇ ਰਹਿਣਾ ਈ ਨਹੀਂ ਸੀ। ਤੂੰ ਤਾਂ ਮੈਨੂੰ ਆਪਣਾ ਦੁੱਧ ਵੀ ਨਾ ਪਿਲਾਇਆ। ਲੋਕ ਕਹਿੰਦੇ ਮਾਵਾਂ ਕਦੇ ਧੀਆਂ ਦਾ ਦੁੱਖ ਨਹੀਂ ਝੱਲ ਸਕਦੀਆਂ... ਆਪਣੀਆਂ ਧੀਆਂ ਲਈ ਛਾਂ ਬਣ ਕੇ ਰਹਿੰਦੀਆਂ, ਪਰ ਮੈਨੂੰ ਕੀ ਪਤਾ ਜਦੋਂ ਮੇਰੀ ਮਾਂ ਮੈਨੂੰ ਤਪਦੀ ਦੁਨੀਆ 'ਚ ਛੱਡ ਗਈ। ਮੈਂ ਕਾਸ਼ ! ਮੈਂ ਵੀ ਜੰਮਦੀ ਸਾਰ ਤੇਰੇ ਨਾਲ਼ ਈ ਮਰ ਜਾਂਦੀ।

ਹਾਏ ! ਚੰਦਰੀ ! ਮਾਂ ਬਾਹਰੀ ! ਪੜ੍ਹ ਕੇ ਮੇਰੇ ਕਾਲਜੇ ਦਾ ਰੁੱਗ ਭਰ ਆਇਆ। ਧੁਰ ਅੰਦਰੋਂ ਇੱਕ ਚੀਸ ਉੱਠੀ। ਡਾਇਰੀ ਦਾ ਪੰਨਾ ਧੁੰਦਲਾ ਹੋ ਗਿਆ। ਭਰੀ ਅੱਖ 'ਚੋਂ ਇੱਕ ਹੰਝੂ ਛਲਕ ਕੇ ਅੱਖਰਾਂ 'ਤੇ ਡਿੱਗ ਗਿਆ ਤੇ ਅੱਖਰ ਫੈਲ ਗਏ।

ਪਿਛਲੇ ਪੰਨੇ ਫਰੋਲਦੀ ਹਾਂ।

15/5/22...

ਬੇਬੇ ! ਤੂੰ ਮੈਨੂੰ ਮਾਂ ਵਾਂਗੂੰ ਪਾਲ ਤਾਂ ਦਿੱਤਾ ਪਰ ਮੇਰੀ ਮਾਂ ਨਾ ਬਣ ਸਕੀ। ਜੇ ਮਾਂ ਬਣਦੀ ਤਾਂ ਚਾਚੇ ਦੇ ਪੁੱਤ ਦਾ ਹੱਥ ਨਾ ਵੱਢ ਦਿੰਦੀ, ਜਿਹਨੇ ਮੇਰੀ ਚੁੰਨੀ ਨੂੰ ਹੱਥ ਪਾਇਆ। ਤੂੰ ਤਾਂ ਉਲਟਾ ਮੈਨੂੰ ਈ ਚੁੱਪ ਕਰਵਾਉਂਦੀ ਰਹੀ, ''ਦੇਖੀ ! ਧੀਏ ! ਕਿਸੇ ਅੱਗੇ ਇਹ ਗੱਲ ਖੁੱਲ੍ਹ ਨਾ ਜਾਵੇ ...ਆਪਾਂ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨੀਂ ਰਹਿਣਾ।'' ਤੈਨੂੰ ਪੋਤੀ ਨਾਲੋਂ ਪੋਤਾ ਪਿਆਰਾ ਹੋ ਗਿਆ ।

ਚਾਚੀ ਨੇ ਤਾਂ ਆਪਣੇ ਪੁੱਤ ਦਾ ਈ ਪੱਖ ਪੂਰਨਾ ਸੀ। ਉਹਦੇ ਬੋਲ ਅੱਜ ਵੀ ਮੇਰੇ ਕੰਨਾਂ 'ਚ ਪਿਘਲੇ ਲੋਹੇ ਵਾਂਗੂੰ ਡਿੱਗਦੇ ਰਹਿੰਦੇ। ਮੇਰੀ ਰੂਹ ਮੱਚ ਜਾਂਦੀ ਪਰ ਮੈਂ ਕੀਹਦੇ ਮੋਢੇ 'ਤੇ ਸਿਰ ਰੱਖ ਕੇ ਰੋਵਾਂ ! ਕੌਣ ਐ ਐਨੀ ਵੱਡੀ ਦੁਨੀਆ 'ਚ ਮੇਰਾ? ਚਾਚੀ ਦੇ ਬੋਲ ਸਨ , ''ਜਦ ਪਤਾ ਮੁੰਡੇ ਨੇ ਖਾਧੀ-ਪੀਤੀ ਹੋਈ, ਇਹ ਮੁੰਡੇ ਕੋਲ਼ ਰੋਟੀ ਲੈ ਕੇ ਕਾਹਨੂੰ ਗਈ? ਉਹਦੇ ਕਮਰੇ 'ਚ ਜਾਣ ਦੀ ਕੀ

ਲੋੜ ਸੀ?''

ਹਾਏ! ਅੰਮੜੀਏ! ਮੈਂ ਤਾਂ ਬਚਪਨ ਤੋਂ ਉਹਨੂੰ ਰੱਖੜੀ ਬੰਨ੍ਹਦੀ ਆਈ ਸਾਂ। ਮੈਂ ਤਾਂ ਉਹਨੂੰ ਵੀਰਾ ਆਖਦੀ ਰਹੀ। ਬੇਬੇ ਵੀ ਤਾਂ ਮੈਨੂੰ ਇਹੋ ਆਖਦੀ ਸੀ ਕਿ ਤੇਰਾ ਵੀਰ ਐ ਇਹ। ਕੀ ਜਵਾਨੀ 'ਚ ਪੈਰ ਧਰਦਿਆਂ ਈ ਭੈਣ-ਭਰਾ ਦੇ ਰਿਸ਼ਤੇ ਦੀ ਮਰਿਆਦਾ ਇੰਝ ਭੰਗ ਹੋ ਜਾਂਦੀ ਐ! ਮੈਨੂੰ ਕੀ ਪਤਾ ਸੀ ਸਮੇਂ ਦੇ ਨਾਲ਼ ਵੀਰ ਕਹਾਉਣ ਵਾਲੇ ਦੇ ਮਨ 'ਚ ਕੋਈ ਚੋਰ ਆ ਬੈਠਿਆ!''

ਕਾਗਜ਼ 'ਤੇ ਫੈਲੀ ਹੋਈ ਸਿਆਹੀ ਦੁਹਾਈ ਪਾ ਰਹੀ ਐ, ਕੁੜੀ ਦੀਆਂ ਅੱਖਾਂ 'ਚੋਂ ਟਪਕੇ ਅੱਥਰੂਆਂ ਦੀ। ਮੇਰੇ ਅੱਥਰੂ ਵੀ ਉਸ ਕਾਗਜ਼ 'ਤੇ ਰਲ਼ਗੱਡ ਹੋ ਗਏ । ਹਾਏ! ਕਿੰਨਾ ਦਰਦ 'ਕੱਠਾ ਕਰੀ ਬੈਠੀ ਇਹ ਕੁੜੀ।

19/ 4/22...ਅੱਜ ਪਾਪਾ ਤੁਹਾਡੀ ਬਹੁਤ ਯਾਦ ਆ ਰਹੀ ਐ। ਤੁਹਾਨੂੰ ਮੇਰੀ ਮਾਂ ਕੋਲ਼ ਜਾਣ ਦੀ ਐਨੀ ਕੀ ਕਾਹਲ਼ੀ ਸੀ? ਤੁਸੀਂ ਮੈਨੂੰ ਕੀਹਦੇ ਆਸਰੇ ਛੱਡ ਗਏ ? ਮਾਂ ਤਾਂ ਰੱਬ ਨੇ ਪਹਿਲਾਂ ਈ ਖੋਹ ਲਈ... ਹੁਣ ਤੁਸੀਂ ਵੀ?

ਹਾਏ! ਪਿਓ ਵੀ...ਮੈਂ ਹੋਰ ਪੰਨੇ ਨਹੀਂ ਫਰੋਲ ਸਕਦੀ। ਏਸ ਕੁੜੀ ਨੇ ਨਿਆਣੀ ਉਮਰੇ ਈ ਕਿੰਨਾ ਕੁਝ ਝੱਲਿਆ! ਮੈਂ ਤਾਂ ਇੱਕ ਜੀਵਨ ਸਾਥੀ ਦੀ ਬੇਵਫ਼ਾਈ ਦਾ ਈ ਰੋਣਾ ਰੋਈ ਜਾਂਦੀ। ਇਹਨੇ ਤਾਂ ਜ਼ਿੰਦਗੀ 'ਚ ਕੋਈ ਖ਼ੁਸ਼ੀ ਵੀ ਨਾ ਚੱਜ ਨਾਲ਼ ਹੰਢਾਈ।

ਹੁਣ ਮੈਨੂੰ ਨੀਂਦ ਕਿੱਥੇ ਆਉਣੀ! ਮੈਂ ਫ਼ੋਨ ਚੁੱਕ ਕੇ ਬੈਠ ਗਈ। ਫ਼ੋਨ ਗੈਲਰੀ ਖੋਲ੍ਹ ਫੋਟੋਆਂ ਵੇਖਣ ਲੱਗੀ। ਉਹਦੀ ਲਈ ਹੋਈ ਇੱਕ ਸੈਲਫ਼ੀ ਦੇਖ,ਉਂਗਲਾਂ ਆਪ ਮੁਹਾਰੇ ਠਹਿਰ ਗਈਆਂ। ਕਿੰਨੀ ਖ਼ੁਸ਼ ਨਜ਼ਰ ਆ ਰਹੀ ਐ ਉਹ! ਅੱਖਾਂ 'ਚ ਜ਼ਿੰਦਗੀ ਜਿਉਣ ਦਾ ਚਾਅ ਤੇ ਦਗ਼- ਦਗ਼ ਕਰਦਾ ਚਿਹਰਾ ਵੇਖ, ਕੌਣ ਕਹਿ ਸਕਦਾ ਕਿ ਏਹ ਕੁੜੀ ਹੁਣ ਤੱਕ ਕਿੰਨੇ ਸੰਘਰਸ਼ 'ਚੋਂ ਲੰਘੀ! ਜਿਸ ਦਿਨ ਉਹਨੇ ਇਹ ਸੈਲਫੀ ਖਿੱਚੀ ਉਸ ਦਿਨ ਮੈਨੂੰ ਕਿਵੇਂ ਕਿਸੇ ਸਿਆਣੀ ਬੁੜੀ ਵਾਂਗੂੰ ਸਮਝਾਉਣ ਲੱਗੀ ਹੋਈ ਸੀ। ਮੇਰੇ ਲਈ ਵਾਲ਼ਾ 'ਚ ਲਾਉਣ ਲਈ ਕੋਈ ਕਲਰ ਲਿਆਈ ਤੇ ਮੈਂ ਬਥੇਰੇ ਬਹਾਨੇ ਬਣਾਏ, '' ਸਵੀਟੀ! ਮੈਨੂੰ ਪਸੰਦ ਨ੍ਹੀਂ ਵਾਲ ਰੰਗਣੇ... ਨਾ ਹੀ ਮੇਰਾ ਜੀਅ ਕਰਦਾ ਹੁਣ ਬਹੁਤਾ ਚਮਕਣ ਨੂੰ । ਮੈਂ ਤਾਂ ਉਂਝ ਈ ਜ਼ਿੰਦਗੀ ਤੋਂ ਤੰਗ ਆਈ ਪਈ। ਕੀਹਦੇ ਲਈ ਜਿਉਣਾ? ਕਿਹਨੂੰ ਦਿਖਾਉਣਾ ਸੱਜ-ਧੱਜ ਕੇ! ਮੈਂ ਜਿੱਦਾਂ ਦੀ ਹਾਂ ਠੀਕ ਐ।''

''ਲੈ! ਦੀਦੀ! ਤੁਸੀਂ ਇੰਝ ਕਿਉਂ ਸੋਚਦੇ? ਕਿਸੇ ਲਈ ਨ੍ਹੀ, ਆਪਣੇ ਲਈ ਜਿਉਣਾ। ਸੋਹਣਾ ਬਣ ਕੇ ਜਦ ਕੋਈ ਆਪਣੇ ਆਪ ਨੂੰ ਸ਼ੀਸ਼ੇ 'ਚ ਵੇਖਦਾ ਉਦੋਂ ਉਹਨੂੰ ਆਪਣੇ ਆਪ 'ਤੇ ਪਿਆਰ ਆਉਂਦਾ। ਆਪਣੇ ਆਪ ਨਾਲ਼ ਪਿਆਰ ਹੋਣ ਲੱਗਦਾ। ਤੁਸੀਂ ਆਪਣੇ ਆਪ ਨਾਲ਼ ਪਿਆਰ ਕਰੋ। ਕਿਸੇ ਹੋਰ ਤੋਂ ਕੀ ਲੈਣਾ? ਮੈਂ ਤਾਂ ਆਪ ਆਪਣੇ ਆਪ ਲਈ ਸੱਜਦੀ। ਮੈਨੂੰ ਵਧੀਆ ਲੱਗਦਾ ਆਪਣਾ ਨਿਖ਼ਰਿਆ ਚਿਹਰਾ।''

ਆਪਣੀਆਂ ਗੱਲਾਂ 'ਤੇ ਉਹ ਮੇਰੇ ਨਾਲੋਂ ਵੱਧ ਹੱਸਦੀ। ਮੈਂ ਸੋਚਦੀ... ਕੁੜੀਏ! ਹੁਣ ਤਾਂ ਤੇਰੇ ਹੱਸਣ ਦੇ ਦਿਨ ਨੇ... ਜਦ ਮੇਰੇ ਵਾਂਗੂੰ ਡਰਾਉਣੀਆਂ ਤਲਖ਼ ਹਕੀਕਤਾਂ ਦੇ ਘੇਰੇ 'ਚ ਫਸ ਗਈ, ਫੇਰ ਕੀ ਕਰੇਂਗੀ। ਫੇਰ ਮੈਂ ਰੱਬ ਕੋਲੋਂ ਮਾਫੀ ਵੀ ਮੰਗਦੀ, ''ਹਾਏ! ਰੱਬਾ... ਮੈਨੂੰ ਮਾਫ਼ ਕਰੀਂ ਮੇਰੇ ਮਨ 'ਚ ਸਵੀਟੀ ਬਾਰੇ ਸੋਚਦਿਆਂ-ਸੋਚਦਿਆਂ ਪਤਾ ਨ੍ਹੀਂ ਐਦਾਂ ਦੇ ਖ਼ਿਆਲ ਕਿਉਂ ਆਏ? ਏਸ ਕੁੜੀ ਨੂੰ ਹਮੇਸ਼ਾ ਐਦਾਂ ਈ ਖ਼ੁਸ਼ ਰੱਖੀਂ!''

ਮੈਨੂੰ ਕੀ ਪਤਾ ਸੀ ਇਹਦੀਆਂ ਹੱਸਦੀਆਂ ਅੱਖਾਂ ਪਿੱਛੇ ਲੁਕੇ ਦਰਦਾਂ ਦਾ। ਸੋਚਾਂ ਸੋਚਦਿਆਂ

ਕਦੋਂ ਨੀਂਦ ਨੇ ਘੇਰ ਲਿਆ, ਪਤਾ ਈ ਨਾ ਲੱਗਿਆ।

ਸਵੇਰੇ ਅੱਖ ਖੁੱਲ੍ਹਣ 'ਤੇ ਪਛਤਾਉਂਦੀ ਹਾਂ... ਮੈਂ ਸਵੀਟੀ ਨਾਲ਼ ਬਹੁਤ ਮਾੜਾ ਕੀਤਾ... ਮੈਨੂੰ ਉਹਦੇ ਕੋਲੋਂ ਮੁਆਫ਼ੀ ਮੰਗਣੀ ਚਾਹੀਦੀ ਐ। ਮੈਂ ਉਹਨੂੰ ਫ਼ੋਨ ਲਾਉਂਦੀ ਹਾਂ ਪਰ ਉਹਦਾ ਬੰਦ ਆ ਰਿਹਾ।

ਮੈਂ ਅੱਜ ਦਫ਼ਤਰ ਜਾਣਾ। ਤਿਆਰ ਹੋਣ ਲਈ ਉੱਠਦੀ ਹਾਂ ਤਾਂ ਕਾਲ਼ੇ ਸੂਟ 'ਤੇ ਅੱਖਾਂ ਗੱਡੀਆਂ ਗਈਆਂ। ਮੈਂ ਸੂਟ ਚੁੱਕ ਕੇ ਨਹਾਉਣ ਲਈ ਬਾਥਰੂਮ 'ਚ ਵੜ ਗਈ । ਤਿਆਰ ਹੁੰਦੀ ਹੋਈ, ਆਪਣੇ ਆਪ ਨੂੰ ਸ਼ੀਸ਼ੇ 'ਚ ਨਿਹਾਰਦੀ ਹਾਂ... ਅੱਜ ਮੈਂ ਸੱਚਮੁੱਚ ਬਹੁਤ ਖ਼ੂਬਸੂਰਤ ਲੱਗ ਰਹੀਂ ਹਾਂ। ਮੈਨੂੰ ਆਪਣੇ ਕਾਲਜ ਦੇ ਦਿਨ ਯਾਦ ਆ ਗਏ।

ਮੈਂ ਤੇ ਅੰਜਲੀ ਕਾਲਜ ਕੰਟੀਨ 'ਚੋਂ ਪਰਤ ਰਹੀਆਂ ਸਾਂ। ਮੀਂਹ ਦੀ ਕਿਣ – ਮਿਣ ਜਿਹੀ ਸਾਨੂੰ ਠਾਰ ਰਹੀ ਸੀ। ਸਾਹਮਣੇ ਵਿਕਾਸ ਤੇ ਅਨਿਲ ਤੁਰੇ ਆ ਰਹੇ ਸਨ। ਅਨਿਲ ਮੇਰੇ ਵੱਲ ਵੇਖ ਗਾਉਣ ਲੱਗਿਆ, "ਸੌਣ ਦੀ ਝੜੀ ਨ੍ਹੀਂ ਲੱਗੀ ਸੌਣ ਦੀ ਝੜੀ!"

ਮੈਂ ਘੂਰੀ ਵੱਟੀ ਤਾਂ ਵਿਕਾਸ ਮਸਕਰਾ ਪਿਆ ਤੇ ਅਨਿਲ ਵੱਲ ਵੇਖ ਆਖਣ ਲੱਗਿਆ , " ਇਹਨੇ ਆਪ ਵੀ ਛਿੱਤਰ ਖਾਣੇ ਤੇ ਮੇਰੇ ਵੀ ਪਵਾਉਣੇ।"

ਉਹਦੀ ਗੱਲ ਸੁਣ ਅਸੀਂ ਦੋਵੇਂ ਹੱਸ ਪਈਆਂ।

ਅੰਜਲੀ ਬੜੀ ਤੇਜ਼ ਤਰਾਰ ਸੀ ।ਉਹਨੇ ਝੱਟ ਨਹਿਲੇ 'ਤੇ ਦਹਿਲਾ ਕੱਢ ਮਾਰਿਆ, "ਨਾ! ਜੇ ਤੈਨੂੰ ਮੀਂਹ ਦਾ ਚਾਅ ਨ੍ਹੀਂ,ਉਹਨੂੰ ਕਾਹਨੂੰ ਡੱਕਦਾ? ਉਹਨੂੰ ਤਾਂ ਜੀਅ ਖ਼ੁਸ਼ ਕਰ ਲੈਣ ਦੇ। "

ਮੈਂ ਅੰਜਲੀ ਦੇ ਮੂੰਹ ਵੱਲ ਵੇਖਾਂ ਕਿ ਝੱਲੀ ਜਿਹੀ ਕੀ ਆਖ ਗਈ! ਵਿਕਾਸ ਤੇ ਅਨਿਲ ਹੱਸਦੇ ਹੋਏ ਕੋਲੋਂ ਲੰਘ ਗਏ। ਉਸ ਦਿਨ ਤੋਂ ਬਾਅਦ ਜਦੋਂ ਕਿਧਰੇ ਉਹ ਦੋਵੇਂ ਮਿਲਦੇ ਹੱਸ ਕੇ ਕੋਲੋਂ ਲੰਘ ਜਾਂਦੇ। ਕਾਲਜ ਦੀ ਪੜ੍ਹਾਈ ਖ਼ਤਮ ਹੋ ਗਈ ਤੇ ਇਸਦੇ ਨਾਲ਼ ਈ ਕਦੇ-ਕਦਾਈਂ ਇੰਝ ਰਾਹਾਂ 'ਚ ਅਚਾਨਕ ਮੇਲ-ਮਿਲਾਪ ਵੀ ਦਮ ਤੋੜ ਗਿਆ । ਮੈਨੂੰ ਬੈਂਕ 'ਚ ਨੌਕਰੀ ਮਿਲ ਗਈ ਤੇ ਮੇਰਾ ਵਿਆਹ ਹੋ ਗਿਆ ਸੁਧੀਰ ਨਾਲ਼।

ਅੱਜ ਜਦੋਂ ਮੈਂ ਦਫ਼ਤਰ ਪਹੁੰਚੀ, ਸਟਾਫ਼ ਵੱਲੋਂ ਹੱਸ ਕੇ ਕੀਤਾ ਗਿਆ ਸਵਾਗਤ ਮੈਨੂੰ ਆਪਣੇ ਆਪ ਨੂੰ ਬਹੁਤ ਖਾਸ ਹੋਣ ਦਾ ਅਹਿਸਾਸ ਕਰਵਾ ਰਿਹਾ ਹੈ । ਮਿਸਟਰ ਸ਼ਰਮਾ ਨੇ ਮੇਰੇ ਕੋਲ਼ ਆ ਕੇ ਜਦੋਂ ਮੁਸਕੁਰਾ ਕੇ ਕਿਹਾ, "ਨਿਰਮਲ ਮੈਮ! ਅੱਜ ਤੁਸੀਂ ਕਮਾਲ ਈ ਕਰ ਦਿੱਤੀ। ਤੁਸੀਂ ਤਾਂ ਲੱਗ ਈ ਨਈਂ ਰਹੇ, ਕੇ ਤੁਸੀਂ ਪਹਿਲਾਂ ਵਾਲੇ ਈ ਨਿਰਮਲ ਹੋ?"

ਮੈਂ ਵੀ ਆਪਣੀਆਂ ਅਗਲੀਆਂ-ਪਿਛਲੀਆਂ ਸਾਰੀਆਂ ਰੜਕਾਂ 'ਕਠੀਆਂ ਈ ਕੱਢ ਲਈਆਂ। ਮੇਰੇ ਦਿੱਤੇ ਜਵਾਬ ਨਾਲ਼ ਸਾਰਿਆਂ ਦੇ ਚਿਹਰੇ 'ਤੇ ਹਾਸਾ ਛਾ ਗਿਆ , "ਸ਼ਰਮਾ ਜੀ! ਗੱਲ ਕਰਨ ਲਈ, ਕੋਈ ਗੱਲ ਤਾਂ ਢੰਗ ਦੀ ਕਰ ਲਿਆ ਕਰੋ। ਹੁਣ ਤਾਂ ਉਮਰ ਵੀ ਲੰਘ ਚੱਲੀ। ਤੁਹਾਡੀ ਕੁੜੀ ਦੀ ਉਮਰ ਵੀ ਵਿਆਹ ਵਾਲ਼ੀ ਹੋ ਗਈ।"

ਉਹਨੂੰ ਅਜਿਹਾ ਜਵਾਬ ਦੇ ਕੇ ਅੱਜ ਮੇਰੇ ਮਨ ਨੂੰ ਬਹੁਤ ਸਕੂਨ ਮਿਲਿਆ। ਅੱਗੇ ਮੈਂ ਮਨ ਈ ਮਨ ਖੱਪਦੀ ਰਹਿੰਦੀ ਸਾਂ ਕੇ ਮੈਂ ਉਹਨੂੰ ਉਹਦੀ ਬਦਤਮੀਜ਼ੀ ਦਾ ਕੋਈ ਜਵਾਬ ਕਿਉਂ ਨਈਂ ਦਿੰਦੀ? ਅੱਜ ਮੈਂ ਖ਼ੁਸ਼ ਸਾਂ ਜਿਵੇਂ ਪਤਾ ਨਈਂ ਕਿਹੜਾ ਬੋਝ ਲੱਥ ਗਿਆ। ਮੈਨੂੰ ਸਵੀਟੀ ਦੀ ਗੱਲ ਯਾਦ ਆ ਗਈ, "ਦੀਦੀ! ਜੇ ਕਿਸੇ ਦੀ ਗੱਲ ਤੁਹਾਨੂੰ ਚੁੱਭਦੀ ਜਾਂ ਪ੍ਰੇਸ਼ਾਨ ਕਰਦੀ ਹੋਵੇ, ਉਹਦਾ ਨਾਲੋਂ-ਨਾਲ਼ ਨਿਪਟਾਰਾ ਕਰੋ। ਉਂਝ ਈ ਮਨ 'ਚ ਰੱਖਦੇ ਫਿਰੀ ਜਾਓ। ਸਾਡਾ ਮਨ ਰੱਦੀ 'ਕੱਠੀ ਕਰਨ ਲਈ

ਥੋੜ੍ਹਾ।"

ਮੈਂ ਹੱਸਦੀ ਹਾਂ, "ਸਵੀਟੀ! ਅੱਜ ਮੈਂ ਰੱਦੀ ਨੂੰ ਰੱਦੀ ਦੀ ਥਾਂ ਈ ਰੱਖਿਆ । ਕਾਸ਼! ਮੇਰੀ ਬੇਬੇ! ਤੂੰ ਮੈਨੂੰ ਕਿਤੇ ਪਹਿਲਾਂ ਮਿਲ ਜਾਂਦੀ। "

ਫ਼ੋਨ ਵੇਖਦੀ ਹਾਂ, ਸੁਧੀਰ ਦਾ ਮੈਸੇਜ ਆਇਆ ਹੋਇਆ।

...ਤੂੰ ਮੈਨੂੰ ਜਿਉਣ ਕਿਉਂ ਨਈਂ ਦਿੰਦੀ? ਜਦ ਤੈਨੂੰ ਪਤਾ ਆਪਣੀ ਦੋਵਾਂ ਦੀ ਨਹੀਂ ਨਿਭ ਸਕਦੀ, ਆਪਾਂ ਇੱਕ ਛੱਤ ਹੇਠ ਨਹੀਂ ਰਹਿ ਸਕਦੇ ਫੇਰ ਕੀ ਫਾਇਦਾ ਅਜਿਹੇ ਰਿਸ਼ਤੇ ਨੂੰ ਧੱਕੇ ਨਾਲ਼ ਢੋਣ ਦਾ? ਕਿਉਂ ਮੇਰਾ ਤੇ ਆਪਣਾ ਕੀਮਤੀ ਸਮਾਂ ਬਰਬਾਦ ਕਰ ਰਹੀ ਰਹੀ ਐ? ਮੈਂ ਤੈਨੂੰ ਖਰਚਾ ਦੇਣ ਲਈ ਤਿਆਰ ਹਾਂ। ਇਹਨਾਂ ਤਰੀਖਾਂ ਨੇ ਸਾਡੀ ਜ਼ਿੰਦਗੀ ਖਾ ਲੈਣੀ...।

ਮੈਸੇਜ ਵੇਖ ਅੱਜ ਮੈਨੂੰ ਅੱਗੇ ਵਾਂਗੂੰ ਭੋਰਾ ਵੀ ਗੁੱਸਾ ਨਈਂ ਆਇਆ। ਅੱਗੇ ਤਾਂ ਮੈਸੇਜ ਪੜ੍ਹਦਿਆਂ ਸਾਰ ਮੈਂ ਗੁੱਸੇ ਨਾਲ਼ ਭਰ ਜਾਂਦੀ । ਮੈਂ ਉਹਨੂੰ ਗਾਲ੍ਹਾਂ ਕੱਢਦੀ। ਮੇਰਾ ਜੀਅ ਕਰਦਾ, ਮੈਂ ਉਹਨੂੰ ਕਾਲਰ ਤੋਂ ਫੜ ਕੇ ਪੁੱਛਾਂ... ਤੂੰ ਤਾਂ ਮੇਰਾ ਬਦਲ ਲੱਭ ਲਿਆ... ਮੈਂ ਤੇਰਾ ਬਦਲ ਕਿੱਥੋਂ ਲੱਭਾਂ?... ਮੈਂ ਤਾਂ ਕਦੇ ਤੇਰੇ ਨਾਲ਼ ਕੋਈ ਧੋਖਾ ਨਈਂ ਕੀਤਾ... ਮੈਂ ਕਿਉਂ ਆਪਣੇ ਸਾਊਪੁਣੇ ਦੀ ਸਜ਼ਾ ਭੁਗਤਾ?

ਅੱਜ ਮੇਰੇ ਬੁਲ੍ਹਾਂ 'ਤੇ ਮੁਸਕਾਨ ਐ। ਉਹ ਅੱਗੇ ਵੀ ਤਰੀਖ 'ਤੇ ਆਉਣ ਤੋਂ ਦੋ-ਚਾਰ ਦਿਨ ਪਹਿਲਾਂ ਅਜਿਹੇ ਮੈਸੇਜ ਭੇਜਦਾ ਰਹਿੰਦਾ ਐ। ਉਹਦੇ ਇਸ ਤਰ੍ਹਾਂ ਦੇ ਸੁਨੇਹਿਆਂ ਨਾਲ਼ ਮੈਨੂੰ ਯਾਦ ਆ ਜਾਂਦਾ ਹੈ ਕਿ ਕਿਸ ਦਿਨ ਕੋਰਟ ਜਾਣਾ? ਮੈਂ ਕਦੇ ਉਹਦੇ ਕਿਸੇ ਸੁਨੇਹੇ ਦਾ ਜਵਾਬ ਨਈਂ ਦਿੰਦੀ। ਅੱਜ ਮੈਂ ਉਹਦੇ ਮੈਸੇਜ ਦਾ ਜਵਾਬ ਲਿਖ ਭੇਜਿਆ, "ਇਸ ਵਾਰ ਇਹ ਸਾਡੀ ਆਖ਼ਰੀ ਮੁਲਾਕਾਤ ਹੋਵੇਗੀ । ਜਾਹ! ਮੈਂ ਤੈਨੂੰ ਛੱਡ ਦਿੱਤਾ। ਜਦ ਮੈਂ ਤੈਨੂੰ ਛੱਡ ਹੀ ਰਹੀਂ ਹਾਂ ਤਾਂ ਤੇਰਾ ਪੈਸਾ ਕੀ ਕਰਨਾ? ਹੁਣ ਨਾ ਮੈਨੂੰ ਤੇਰੀ ਲੋੜ ਐ, ਨਾ ਤੇਰੇ ਪੈਸੇ ਦੀ। ਆਪਣਾ ਪੈਸਾ ਤੇ ਆਪਣੇ ਆਪ ਨੂੰ ਸਾਂਭ ਕੇ ਰੱਖ।"

ਮੈਸੇਜ ਲਿਖਣ ਤੋਂ ਬਾਅਦ ਇੰਝ ਲੱਗਿਆ ਜਿਵੇਂ ਮੈਨੂੰ ਨਵੀਂ ਜ਼ਿੰਦਗੀ ਮਿਲ ਗਈ ਹੋਵੇ। ਅੱਜ ਜਦੋਂ ਛੁੱਟੀ ਤੋਂ ਬਾਅਦ ਆਪਣੇ ਘਰ ਦਾ ਰਾਹ ਫੜਿਆ ਤਾਂ ਮਨ 'ਚ ਹੌਲ ਉੱਠਿਆ। ਮੇਰਾ ਜੀਅ ਕੀਤਾ, ਮੈਂ ਕਿਸੇ ਦੇ ਮੋਢੇ 'ਤੇ ਸਿਰ ਧਰ ਕੇ ਉੱਚੀ-ਉੱਚੀ ਰੋਵਾਂ। ਭਾਵੇਂ ਮੈਂ ਸੁਧੀਰ ਨੂੰ ਮਨੋਂ ਛੱਡ ਦਿੱਤਾ, ਕੱਢ ਦਿੱਤਾ ਆਪਣੀ ਜ਼ਿੰਦਗੀ 'ਚੋਂ ਪਰ ਫੇਰ ਵੀ ਇੱਕ ਅਧੂਰੇਪਣ ਦੇ ਅਹਿਸਾਸ ਨੇ, ਮੈਨੂੰ ਘੇਰ ਲਿਆ। ਮੇਰੇ ਕਦਮ ਆਪਣੇ ਆਪ ਈ ਮੇਰੇ ਪੇਕੇ ਘਰ ਵੱਲ ਨੂੰ ਮੁੜ ਪਏ।

ਜਦੋਂ ਡੋਰ-ਬੈੱਲ 'ਤੇ ਹੱਥ ਧਰਿਆ। ਗੇਟ ਖੋਲ੍ਹ ਮਾਂ ਨੇ ਕਲਾਵੇ 'ਚ ਲੈ ਲਿਆ। ਮੰਮੀ ਦੀਆਂ ਅੱਖਾਂ 'ਚ ਵੇਖਿਆ। ਅੱਖਾਂ 'ਚ ਤੈਰਦੇ ਹੰਝੂ ਕਿੰਨਾ ਚਿਰ ਗੱਲ੍ਹਾਂ 'ਤੇ ਫੈਲਦੇ ਰਹੇ। ਮੈਂ ਤਾਂ ਮਾਂ ਦੇ ਮੋਢੇ 'ਤੇ ਸਿਰ ਧਰ ਰੋਣ ਆਈ ਸਾਂ। ਮੈਨੂੰ ਕੀ ਪਤਾ ਸੀ, ਮੇਰੀ ਮਾਂ ਮੇਰਾ ਮੋਢਾ ਉਡੀਕਦੀ ਪਈ ਰੋਣ ਲਈ। ਮੈਂ ਮੰਮੀ ਨੂੰ ਜੱਕਦਿਆਂ ਹੋਇਆ ਪੁੱਛਦੀ ਹਾਂ, "ਕੀ ਗੱਲ ਮੰਮੀ? ਕਿਸੇ ਨੇ ਤੁਹਾਨੂੰ ਕਿਹਾ ਕੁਝ? "

ਮੰਮੀ ਹੰਝੂ ਪੂੰਝਦੀ- ਪੂੰਝਦੀ ਮੇਰੀ ਗੱਲ੍ਹ ਪਲੋਸਦੀ ਹੋਈ, " ਧੀਏ! ਤੈਨੂੰ ਕਿੰਨੇ ਦਿਨਾਂ ਬਾਅਦ ਯਾਦ ਆਈ ਆਪਣੀ ਮਾਂ ਦੀ? ਜੇ ਮੈਂ ਤੁਰਦੀ-ਫਿਰਦੀ ਹੁੰਦੀ ਤੇ ਤੇਰੇ ਡੈਡੀ ਦੀ ਸਿਹਤ ਠੀਕ ਹੁੰਦੀ, ਤਾਂ ਤੈਨੂੰ ਰੋਜ਼ ਭੱਜ ਕੇ ਮਿਲ ਆਉਂਦੀ। ਤੈਨੂੰ ਦੇਖਣ ਲਈ ਅੱਖਾਂ ਤਰਸੀਆਂ ਪਈਆਂ। ਫ਼ੋਨ 'ਤੇ ਤਾਂ ਤੂੰ ਸਿੱਧੇ ਮੂੰਹ ਗੱਲ ਨ੍ਹੀਂ ਕਰਦੀ। ਮੇਰੇ ਕਾਲਜੇ ਨੂੰ ਪੁੱਛ ਕੇ ਵੇਖ ਕਿਵੇਂ ਛਣਿਆ ਪਿਆ ਇਹ!

ਧੀਆਂ ਦੇ ਦੁੱਖ ਮਾਪਿਆਂ ਤੋਂ ਜ਼ਰਨੇ ਬੜੇ ਔਖੇ।"

ਮਾਂ ਦੀਆਂ ਗੱਲਾਂ ਸੁਣ ਮੇਰੇ ਕਾਲਜੇ 'ਚੋਂ ਵੀ ਇੱਕ ਲਾਟ ਜਿਹੀ ਉੱਠੀ। ਮੈਂ ਆਪਣੀ ਮਾਂ ਦੀ ਹਿੱਕ ਨਾਲ਼ ਲੱਗੀ ਹੋਈ, ਸੋਚ ਰਹੀਂ ਹਾਂ ਕਿਸੇ ਨੇ ਠੀਕ ਈ ਕਿਹਾ...ਮਾਪੇ, ਕੁਮਾਪੇ ਨਹੀਂ ਹੋ ਸਕਦੇ। ਮੈਂ ਆਪਣੀ ਕਿਸਮਤ ਦਾ ਬਦਲਾ ਵੀ ਆਪਣੇ ਮਾਪਿਆਂ ਤੋਂ ਲੈਂਦੀ ਰਹੀ। ਮਾਪੇ ਜਨਮ ਦਿੰਦੇ ਭਾਗ ਤਾਂ ਉੱਪਰ ਵਾਲਾ ਈ ਲਿਖਦਾ। ਰਿੰਕੂ ਤੇ ਭਰਜਾਈ ਵੀ ਮੈਨੂੰ ਤਲ਼ੀਆਂ 'ਤੇ ਚੁੱਕ ਰਹੇ ਨੇ। ਸਾਰਾ ਪਰਿਵਾਰ ਮੇਰੇ ਅੱਗੇ- ਪਿੱਛੇ ਲੱਗਿਆ ਹੋਇਆ ਮੇਰੀ ਖਾਤਰਦਾਰੀ 'ਚ। ਉਹ ਮੈਨੂੰ ਜ਼ੋਰ ਪਾ ਰਹੇ ਨੇ ਰਾਤ ਰਹਿਣ ਲਈ।

ਜਦ ਭਰਾ ਨੂੰ ਵੇਖਦੀ ਹਾਂ ਸੋਚ ਉੱਭਰਦੀ ਤੇ ਅੱਖਾਂ ਭਰ ਆਉਂਦੀਆਂ... ਇਹ ਵੀ ਕੀ ਕਰੇ? ਮਸਾਂ ਤਾਂ ਖਿੱਚ- ਧੂਹ ਕਰ ਘਰ ਦਾ ਗੁਜ਼ਾਰਾ ਤੁਰਦਾ... ਪੰਦਰਾਂ ਹਜ਼ਾਰ ਠੇਕੇ ਦੀ ਭਰਤੀ 'ਤੇ ਬੰਦਾ ਕੀ ਕਰੇ? ਪੱਕੇ ਹੋਣ ਦੀ ਆਸ ਦੇ ਤੰਦ ਫੜੀ ਬੈਠਾ... ਪਤਾ ਨ੍ਹੀਂ ਉਹਨਾਂ ਤੰਦਾਂ ਨੂੰ ਕਦੋਂ ਸਰਕਾਰ ਨੇ ਤੁਣਕਾ ਮਾਰ ਕੇ ਤੋੜ ਦੇਣਾ? ਇਹੋ ਤਾਂ ਕਰ ਰਹੀਆਂ ਸਰਕਾਰਾਂ ਅੱਜਕੱਲ੍ਹ। ਆਪਣੇ ਮਾਪਿਆਂ ਦੀ ਬਦੌਲਤ ਅੱਜ ਮੈਂ ਸਰਕਾਰੀ ਨੌਕਰੀ 'ਤੇ ਟੌਹਰ ਨਾਲ਼ ਸੱਤਰ ਹਜ਼ਾਰ ਤੋਂ ਉੱਪਰ ਆਪਣੇ ਖਾਤੇ 'ਚ ਗਿਣਦੀ। ਤਾਂ ਕੀ ਹੋਣ ਲੱਗਿਆ ਜੇ ਕਦੇ ਆਪਣੇ ਮਾਪਿਆਂ ਦੀਆਂ ਦਵਾਈਆਂ ਦਾ ਭਗਤਾਨ ਕਰ ਦਿਆਂ ਕਰਾਂ? ਅੱਜ ਮੈਨੂੰ ਆਪਣੇ ਭਰਾ ਤੇ ਆਪਣੇ ਮਾਪਿਆਂ 'ਤੇ ਬਹੁਤ ਮੋਹ ਆ ਰਿਹਾ। ਮੇਰੇ ਅੰਦਰ ਉਹਨਾਂ ਲਈ ਪਿਆਰ ਦਾ ਭਰਿਆ ਸਮੁੰਦਰ, ਅੱਖਾਂ ਦੇ ਕੋਇਆਂ ਰਾਹੀਂ ਲਗਾਤਾਰ ਵਹਿ ਰਿਹਾ ਐ।

ਸਵੀਟੀ ਨੂੰ ਮਿਲਣ ਦੀ ਤਾਂਘ ਨੇ ਉਬਾਲਾ ਮਾਰਿਆ । ਉਹਨੇ ਹੀ ਤਾਂ ਮੇਰੇ ਅੰਦਰ ਮੋਈਆਂ ਭਾਵਨਾਵਾਂ ਨੂੰ ਮੁੜ ਹਲੂਣਿਆਂ। ਮੰਮੀ ਦੇ ਮੂੰਹੋਂ ਨਿਕਲਦਾ, "ਤੂੰ ਅੱਜ ਏਥੇ ਈ ਰਹਿ... ਸਵੇਰੇ ਇਥੋਂ ਈ ਦਫ਼ਤਰ ਚਲੀ ਜਾਵੀਂ।"

ਝੱਟ ਮੇਰੇ ਮੂੰਹੋਂ ਨਿਕਲਦਾ, "ਓਹ ਮੇਰੀ ਬੇਬੇ ਜਿਹੜੀ ਆਪਣੇ ਘਰ ਬੈਠੀ ਰੁੱਸ ਕੇ , ਉਹਨੂੰ ਮਨਾਉਣਾ ਜਾ ਕੇ।"

ਮੈਂ ਗੇਟ 'ਚੋਂ ਬਾਹਰ ਨਿਕਲਦੀ ਹੋਈ ਝੱਟ ਸਵੀਟੀ ਨੂੰ ਫ਼ੋਨ ਲਾ ਲੈਂਦੀ ਹਾਂ ਤੇ ਉਹ ਫ਼ੋਨ ਚੁੱਕਦੇ ਸਾਰ ਹੈਲੋ! ਆਖਦਿਆਂ ਹੀ ਸ਼ੁਰੂ ਹੋ ਗਈ, "ਦੀਦੀ! ਕਿੱਥੇ ਹੋ ਤੁਸੀਂ? ਦੱਸ ਕੇ ਨ੍ਹੀਂ ਜਾ ਹੁੰਦਾ। ਕਿੰਨੀ ਵਾਰ ਤੁਹਾਡਾ ਬੰਦ ਬੂਹਾ ਦੇਖ ਕੇ ਮੁੜ ਆਈ! ਘਰ ਆਓ। ਫੇਰ ਲੈਂਦੀ ਤੁਹਾਡੀ ਖ਼ਬਰ।"

"ਮੈਂ ਤੈਨੂੰ ਫ਼ੋਨ ਕੀਤਾ ਤਾਂ ਸੀ। ਤੇਰਾ ਫ਼ੋਨ ਈ ਸਵਿੱਚ ਆਫ਼ ਆ ਰਿਹਾ ਸੀ ਭੈਣੇ। ਚੱਲ! ਹੁਣ ਆ ਕੇ ਗੱਲ ਕਰਦੀ ਕੁੜੀਏ।"

ਉਧਰੋਂ ਉਹਨੇ ਫ਼ੋਨ ਕੱਟ ਦਿੱਤਾ ਤੇ ਮੈਂ ਮੁਸਕੁਰਾ ਕੇ 'ਸ਼ਾਸ਼ਤਰੀ ਨਗਰ' ਆਖ ਆਟੋ 'ਚ ਬੈਠ ਗਈ। ਮੈਨੂੰ ਇੰਝ ਲੱਗ ਰਿਹਾ ਜਿਵੇਂ ਮੇਰੇ ਅੰਦਰਲਾ ਤੂਫ਼ਾਨ ਪਤਾ ਨਹੀਂ ਕਿੰਨੇ ਚਿਰ ਮਗਰੋਂ ਅੱਜ ਸ਼ਾਂਤ ਹੋ ਗਿਆ। ਮੈਂ ਆਟੋ 'ਚ ਬੈਠੀ ਸਵੀਟੀ ਦੀਆਂ ਗੱਲਾਂ ਯਾਦ ਕਰ ਮੁਸਕੁਰਾ ਪਈ... ਦੀਦੀ! ਰੱਦੀ ਨੂੰ ਰੱਦੀ ਦੀ ਥਾਂ ਰੱਖੀਦਾ... ਸਾਡਾ ਮਨ ਕੋਈ ਕਬਾੜੀਏ ਦਾ ਠੇਲਾ ਨ੍ਹੀਂ ਜਿਸ 'ਚ ਸਭ ਨੂੰ ਸਾਂਭਦੇ ਫਿਰੀਏ । ਹੂੰਝ ਸੁੱਟੋ ਉਹਨਾਂ ਦੀਆਂ ਯਾਦਾਂ ਨੂੰ ਜਿਹੜੇ ਸਾਨੂੰ ਦਰਦ ਤੋਂ ਇਲਾਵਾ ਕੁਝ ਨ੍ਹੀਂ ਦੇਣਾ ਜਾਣਦੇ। ਮੈਂ ਘਰ ਜਾਂਦਿਆਂ ਸਾਰ ਕਾਲ਼ੇ ਰੰਗ ਦਾ ਸੂਟ ਤੇ ਮੈਚਿੰਗ ਝੁਮਕੇ ਪਾ ਕੇ ਵੇਖਣ ਲੱਗੀ ਕਿਉਂ ਜੋ ਅਗਲੇ ਦਿਨ ਕੋਰਟ ਜਾਣਾ ਸੀ।

**(ਸੰਪਰਕ- 98143 85918)**

ਕਹਾਣੀ

# ਮੈਲ਼

**ਅਲ.ਫਾਜ਼**



ਪੂਰੀ ਬਰਫ਼ਬਾਰੀ ਦੇ ਦਿਨ...ਕਨੈਡਾ-ਅਮਰੀਕਾ ਦੇ ਬਾਰਡਰ ਤੇ ਕਨੈਡਾ ਦਾ ਸਟੇਟ ਸਕੈਚਵੈਨ... ਸਕੈਚਵੈਨ ਦਾ ਵੱਧ ਵੱਸੋ ਵਾਲੇ ਸ਼ਹਿਰਾਂ ਵਿੱਚੋਂ ਇੱਕ ਪ੍ਰਿੰਸ ਐਲਬਰਟ ਦੇ ਕਾਰਲਟਾਊਨ ਪਾਰਕ ਦੀ ਖੂਬਸੂਰਤ ਵੈਲਲੈਂਡ ਵੈਲੀ ਦੀ ਬੁੱਕਲ ਵਿੱਚ ਰੈਸਟੋਰੈਟ 'ਮਾਈ ਚੁਆਇਸ ਕੈਫੇ' . ਕੈਫੇ ਦਾ ਸੁਪਰਵਾਈਜ਼ਰ ਹਾਲੇ ਕੁਝ ਦਿਨ ਪਹਿਲਾ ਹੀ ਨਵਾਂ ਆਇਆ ਹੈ...ਪੰਜਾਬੀ ਮੁੰਡਾ ਲਵਇੰਦਰੈ... ਬਿਜਨੈਸ ਮੈਨਜਮੈਟ ਦੀ ਪੜ੍ਹਾਈ ਪੂਰੀ ਕੀਤੀ ਹੈ 'ਯੂਨੀਵਰਸਿਟੀ ਆਫ ਸਕੈਚਵਨ' ਤੋਂ ਹੁਣ ਫੁੱਲ ਟਾਇਮ ਵਰਕ ਪਰਮਿਟ ਹੈ ਚੰਗੇ ਭਾਗੀਂ , ਪੜ੍ਹਾਈ ਤੇ ਤਜੁਰਬੇ ਕਾਰਨ ਚੰਗੇ ਚੱਲਦੇ ਰੈਸਟੋਰੈਂਟ ਵਿੱਚ ਸ਼ਿਫਟ ਸੁਪਰਵਾਈਜ਼ਰ ਦੀ ਨੌਕਰੀ ਮਿਲੀ ਹੈ। ਸੁਬਹ ਦੀ ਸ਼ਿਫਟ ਸ਼ੁਰੂ ਹੋਣ ਵਾਲੀ ਹੈ...ਤਿੰਨ ਸਰਵਰ ਨੇ ਦੋ ਕੁੱਕ ਨੇ ਤੇ ਇੱਕ ਹੈਲਪਰ ਸਟਾਫ ਇੱਕ ਜਣੇ ਨੂੰ ਛੱਡ ਕੇ ਬਾਕੀ ਸਮੇਂ ਨਾਲ ਪਹੁੰਚ ਚੁੱਕੇ ਨੇ...। ਇਹ ਕੱਲ੍ਹ ਵੀ ਲੇਟ ਹੀ ਸੀ ਲਵਇੰਦਰ ਹੈਰਾਨ ਆ...ਉਹ ਸਰਵਰ ਦਾ ਫੋਨ ਟਰਾਈ ਕਰਦਾ ਆ ਫੋਨ ਆਊਟ ਆਫ ਰੀਚ ਆ ਰਿਹਾ ਹੈ...ਉਹ ਹੈਰਾਨ ਆ । ਵੈਸੇ ਤਾਂ ਇੱਥੇ ਹਰੇਕ ਬੰਦੇ ਨੂੰ ਆਪਣੇ ਕੰਮ ਨਾਲ ਮਤਲਬ ਹੁੰਦਾ ਆ ਤੇ ਬੰਦਾ ਜਾਨ ਤੋਂ ਪਹਿਲਾਂ ਕੰਮ ਰੱਖਦਾ ਆ ਪਰ ਲਵਇੰਦਰ ਦੀ ਹੈਰਾਨੀ ਦੇ ਕੁਝ ਹੋਰ ਵੀ ਅਰਥ ਨੇ ਤੀਜਾ ਸਰਵਰ ਵੀ ਉਹਦੇ ਵਾਂਗ ਪੰਜਾਬੀ ਹੀ ਆ ਤੇ ਉਸ ਤੋਂ ਵੱਡੀ ਗੱਲ ਉਸਦੇ ਪਿੰਡ ਦਾ ਹੈ...ਉਸਦਾ ਚਾਚਾ ਲੱਗਦਾ ਆ । ਮਹਿਸੂਸ ਤਾਂ ਕਈ ਦਿਨ ਤੋਂ ਕਰ ਰਿਹਾ ਸੀ ਕਿ ਚਾਚਾ ਜਿਵੇਂ ਸਹਿਜ ਜਿਹਾ ਨਾ ਹੋਵੇ ਕਿਸੇ ਵੀ ਗੱਲ ਦਾ ਸਹੀ ਜਵਾਬ ਨਹੀਂ ਸੀ ਦੇ ਰਿਹਾ ਤੇ ਕੋਈ ਕੰਮ ਕਹੇ ਤੇ ਔਖਾ ਜਿਹਾ ਹੋ ਕੇ ਕਰਦਾ ਸੀ । ਚਲੋ ਕੰਮ ਤਾਂ ਆਪਣੇ ਰੁਟੀਨ ਮੁਤਾਬਿਕ ਸ਼ੁਰੂ ਹੋ ਗਿਐ...ਬਰਫਬਾਰੀ ਦੇ ਦਿਨਾਂ ਵਿੱਚ ਏਥੇ ਕੌਫੀ ਪੀਣ ਵਾਲਿਆਂ ਦੀ ਤਦਾਦ ਕਾਫ਼ੀ ਵੱਧ ਜਾਂਦੀ ਹੈ ਵੈਸੇ ਵੀ ਇਥੋ ਦੀ ਸਪੈਸ਼ਲ ਕੌਫੀ ਪੀਣ ਸਥਾਨਿਕ ਲੋਕਾਂ ਦੇ ਨਾਲ ਨਾਲ ਸੈਲਾਨੀ ਵੀ ਵੱਧ ਆਉਂਦੇ ਨੇ। ਬਾਹਰ ਹਸੀਨ ਮਹਿਬੂਬ ਦੇ ਹੁਸਨ ਵਰਗੇ ਚਿੱਟੇ ਦੁੱਧ ਰੰਗਨਾਲ ਢਕੀ ਕੁਦਰਤ ਇੰਦਰ ਦੇਵਤਾ ਦੇ ਸਵਰਗ ਦਾ ਭੁਲੇਖਾ ਪਾ ਦਿੰਦੀ ਹੈ । ਲਵਇੰਦਰ ਨੇ ਫੇਰ ਫੋਨ ਡਾਇਲ ਕਰਿਆ , ਪਰ ਟੂੰ ਟੂੰ ਕਰਕੇ ਫੋਨ ਕੱਟ ਹੋ ਗਿਆ , ਪਰ ਚਾਚੇ ਦਾ ਕੋਈ ਥਹੁ ਪਤਾ ਨਹੀਂ ਸੀ । ਮਾਰਕ ਸਟੋਨੀ ਜਿਹੜਾ ਸਰਵਰ ਆ ... ਲਵਇੰਦਰ ਕੋਲ ਆ ਕੇ ਚਾਚੇ ਬਾਰੇ ਜਾਣਨ ਦੀ ਕੋਸ਼ਿਸ਼ ਕਰਦਾ ਆ ਪਰ ਲਵਇੰਦਰ ਨੂੰ ਕੁਝ ਪਤਾ ਹੋਵੇ ਤਾਂ ਦੱਸੇ । ਇਵੇਂ ਜਾਪ ਰਿਹਾ ਕਿ ਸਟੋਨੀ ਨੇ ਕੁਝ ਹੋਰ ਵੀ ਦੱਸਣਾ ਆ ਪਰ ਗ੍ਰਾਹਕਾਂ ਦੀ ਭੀੜ ਕਰਕੇ ਬਹੁਤੀ ਗੱਲ ਨਹੀਂ ਹੋ ਸਕੀ । ਲਵਇੰਦਰ ਹੈਰਾਨ ਆ ਉਹਦੇ ਦਿਮਾਗ ਵਿੱਚ ਵਾਰ ਵਾਰ ਚਾਚਾ ਹੀ ਘੁੰਮ ਰਿਹਾ ਹੈ ਕੰਮ ਦੀ ਤਲਾਸ਼ ਵਿੱਚ ਕੰਮ ਤੋਂ ਬਿਨਾ ਜਿਸਦਾ ਸਰਨਾ ਵੀ ਨਹੀਂ ਜਿਸ ਨੂੰ ਲੋੜ ਵੀ ਹੱਦੋਂ ਵੱਧ ਕੇ ਆ ਉਹ ਕੰਮ ਕਿਵੇਂ ਛੱਡ ਸਕਦਾ ਆ ਖਾਸ ਕਰ ਉਹਨਾ ਦਿਨਾਂ ਵਿੱਚ ਜਦੋਂ ਕੰਮ ਵੈਸੇ ਈ ਘੱਟ ਜਾਂਦੇ ਆ । ਕੋਈ ਕਾਰਨ ਵੀ ਨਹੀਂ ਦੱਸਿਆ...ਕੋਈ ਲੀਵ ਨਹੀਂ ਲਈ ਫੇਰ ਅਚਾਨਕ ਕੀ ਹੋ ਗਿਆ। ਸੋਚਿਆ ਐਚ. ਆਰ ਨੂੰ ਲਾ ਲਵਾਂ, ਪਰ ਫੇਰ ਇਹ ਸ਼ਿਕਾਇਤ ਜਿਹੀ ਵਾਲਾ ਕੰਮ ਹੋ ਜਾਣਾ। ਕੋਈ

ਕੰਮ ਵੀ ਔਖਾ ਭਾਰਾ ਨਹੀਂ ਆ  ਕਰ ਵੀ ਕੀ ਸਕਦਾ ਆ ? ਜਦੋਂ ਲੋੜ ਵਾਲਾ ਨਹੀਂ ਗੌਲ ਰਿਹਾ ਤਾਂ ਟੀਂਡੇ ਲੈਣੇ। ਸਾਰੀ ਸ਼ਿਫਟ ਅੱਚਵੀਂ 'ਚ ਖੁਦ ਨੂੰ ਕੁਰੇਦਦਿਆਂ ਲੰਘ ਗਈ।

ਚਾਚਾ ਜਦੋਂ ਦੋ ਚਾਰ ਦਿਨ ਕੰਮ ਤੋਂ ਗੈਰ ਹਾਜਿਰ ਰਿਹਾ, ਲਵਇੰਦਰ ਨੂੰ ਰੜਕ ਪੈਣ ਲੱਗੀ। ਸਟੋਨੀ ਨੂੰ ਉਸ ਤੋਂ ਵੀ ਵੱਧ ਚਾਚੇ ਬਾਰੇ ਜਾਣਨ ਦੀ ਕਾਹਲ? ਲੱਗਦੀ ਸੀ। ਕੋਈ ਸਪੰਰਕ ਨਹੀਂ ਸੀ,  ਕਿਸੇ ਸ਼ੋਸ਼ਲ ਐਪ ਤੇ ਵੀ ਐਡ ਨਹੀਂ ਸੀ। ਲੱਭਣ ਦੀ ਟਰਾਈ ਮਾਰੀ , ਪਰ ਸਭ ਵਿਅਰਥ ਲੱਗਿਆ।

ਅਗਲੇ ਦਿਨ ਸ਼ਿਫਟ ਤੇ ਜਾਣ ਤੋਂ ਪਹਿਲਾਂ ਘਰੇ ਗੱਲ ਕੀਤੀ , ਬਾਪੂ ਨੂੰ ਪੁੱਛਿਆ ਕਿ ਚਾਚਾ ਕੰਮ ਤੇ ਨਹੀਂ ਆ ਰਿਹਾ ਤੇ ਨਾ ਹੀ ਫੋਨ ਲੱਗ ਰਿਹਾ ਆ, ਤੁਸੀਂ ਘਰ ਜਾ ਕੇ ਪਤਾ ਤਾਂ ਕਰਕੇ ਆਵੋ। ਬਾਪੂ ਕਹਿੰਦਾ , ਕੋਈ ਨਾ ਪੁੱਤ , ਪਤਾ ਕਰਕੇ ਦੱਸਦਾ ਆ।

ਲਵਇੰਦਰ ਨੇ ਬਰੈਂਪਟਨ ਰਹਿੰਦੇ ਕੁਝ ਯਾਰਾਂ ਦੋਸਤਾਂ ਨੂੰ ਫੋਨ ਕੀਤੇ , ਚਾਚੇ ਦੇ ਦੱਸਣ ਮੁਤਾਬਿਕ ਪਹਿਲਾਂ ਉਹ ਮਿਸੀਸਾਗਾ ਵੀ ਰਿਹਾ ਹੈ ਤੇ ਵਿਆਹ ਉਪਰੰਤ ਵੀ ਉੱਥੇ ਹੀ ਸੀ ਪਰ ਫੇਰ ਉਹ ਛੇਤੀ ਪੀ. ਆਰ. ਲੈਣ ਲਈ ਸਕੈਚਵੈਨ ਆ ਗਿਆ ਸੀ ਤੇ ਏਥੇ ਹੁਣ ਲਵਇੰਦਰ ਨਾਲ ਮੇਲ ਹੋ ਗਿਆ ਸੀ। ਚਾਚਾ ਜੌਬ ਤੇ ਕੁਝ ਦਿਨ ਪਹਿਲਾਂ ਆਇਆ ਸੀ ਤੇ ਲਵਇੰਦਰ ਨੂੰ ਬਾਅਦ ਵਿੱਚ ਨੌਕਰੀ ਮਿਲੀ ਸੀ, ਪਹਿਲਾਂ ਪਹਿਲਾਂ ਤਾਂ ਚਾਚੇ ਨੇ ਬੜਾ ਚਾਅ ਕਰਿਆ ਸੀ ,ਫੇਰ ਅਚਾਨਕ ਚਾਚਾ ਰੁੱਖਾ ਜਿਹਾ ਰਹਿਣ ਲੱਗਾ ਸੀ। ਸਾਰਾ ਸਟਾਫ ਬਹਿ ਕੇ ਖਾਂਦਾ ਤਾਂ ਚਾਚਾ ਨਾਲ ਨਾ ਬਹਿੰਦਾ। ਜ਼ੋਰ ਦੇ ਕੇ ਬਿਠਾਉਣਾ ਤਾਂ ਭੁੱਖ ਨਹੀਂ, ਜਾਂ ਮੈਂ ਖਾ ਲਿਆ ਕਹਿ ਦਿੰਦਾ ਸੀ। ਹੁਣ ਚਾਚੇ ਦਾ ਗਾਇਬ ਹੋ ਜਾਣਾ ਬੜੀ ਜੱਗੋਂ ਤੇਰ੍ਹਵੀਂ ਗੱਲ ਸੀ।

ਸ਼ਾਇਦ ਚਾਚੇ ਦੇ ਦਿਮਾਗ਼ ਤੇ ਕੋਈ ਬੋਝ ਸੀ। ਉਹਨੇ ਆਪਣੀ ਬੇਵਕੂਫ਼ੀ ਤੇ ਗੁੱਸਾ ਆਇਆ, ਪੁੱਛਣਾ ਚਾਹੀਦਾ ਸੀ। ਕੋਈ ਸਮੱਸਿਆ ਵੀ ਤਾਂ ਹੋਸਕਦੀ। ਬੇਗਾਨੇ ਦੇਸ਼ 'ਚ ਪੰਜਾਬੀ ਪੰਜਾਬੀ ਦੇ ਕੰਮ ਆਉਂਦਾ , ਚਾਚਾ ਤਾਂ ਫੇਰ ਵੀ ਪਿੰਡੋ ਸੀ।

ਕਿਤੇ ਚਾਚਾ...ਨਾਨਾ... ਮੈਂ ਵੀ ਕਿੰਨਾ ਨੈਗੇਟਿਵ ਆ।

ਇਹ ਵੀ ਤਾਂ ਹੋ ਸਕਦਾ ਕਿ ਚਾਚੇ ਨੂੰ ਕੰਮ ਨਾ ਪਸੰਦ ਆਇਆ ਹੋਵੇ ਜਾਂ ਵਧੀਆ ਪੇਅ ਵਾਲਾ ਕੰਮ ਮਿਲ ਗਿਆ ਹੋਵੇ ?

ਹੋ ਸਕਦਾ ਕਿ ਚਾਚਾ ਟਰੱਕ ਤੇ ਚੜ੍ਹ ਗਿਆ ਹੋਵੇ ? ਪਰ ਐਨੇ ਬਰਫ਼ਬਾਰੀ ਵਿੱਚ ਜਦੋਂ ਸਾਰੇ ਈ ਜੀ ਜੌਬ ਲੱਭਦੇ ਆ ਫਿਰ ਚਾਚਾ ਕਿਵੇਂ ਛੱਡ ਸਕਦਾ ਆ ? ਇਹ ਵੀ ਹੋ ਸਕਦਾ ਚਾਚੇ ਨੇ ਆਵਦਾ ਕੰਮ ਤੋਰ ਲਿਆ ਹੋਵੇ ? ਕਿਹੜਾ ਮਾੜੇ ਮਰਦੇ। ਪਰ ਗੱਲ ਤਾਂ ਦੱਸਣੀ ਸੀ ਕੋਈ ?

ਵੈਸੇ ਚਾਚਾ ਸ਼ੈਅ ਭੈੜੀ ਆ, ਘਾਟ ਘਾਟ ਦਾ ਪਾਣੀ ਪੀ ਚੁੱਕਿਆ ਤੇ ਮੈਂ ਈ ਚਾਚੇ ਬਾਰੇ ਜਿਆਦਾ ਸੋਚ ਰਿਹਾ ਆ। ਉਹ ਸੋਚ ਕੇ ਹੱਸਿਆ,

ਉਸ ਦਿਨ ਘਰੇ ਗੱਲ ਹੋਈ ਤਾਂ ਚਾਚੇ ਬਾਰੇ ਬਾਪੂ ਕੋਲ ਫੇਰ ਗੱਲ ਤੁਰ ਪਈ।

"ਪੁੱਤ , ਇਹ ਤਾਂ ਜੁਗਾੜ ਲੋਟ ਆਇਆ ਆ ਬੱਸ। ਕੰਮ ਧੰਦੇ ਵਾਲਾ ਹੈ ਨਹੀਂ ਸੀ। ਏਥੇ ਲੜਾਈ ਆਂ ਝਗੜੇ ਕਰਦਾ , ਕਿਸੇ ਨੂੰ ਸਿੱਧੇ  ਮੂੰਹ ਨਹੀਂ ਸੀ ਬੋਲਦਾ। ਨੰਬਰਦਾਰ ਹੋਰੀਂ ਅੱਕੇ ਪਏ ਸੀ। ਪਿੰਡ ਵਿੱਚ ਕਿਸੇ ਦੀ ਬਹੂ ਨਾਲ ਖੇਹ ਖਾਂਦਾ ਫੜਿਆ ਗਿਆ ਸੀ ਤੇ ਉਹਨਾਂ ਨੇ ਪੇਟੀ ਵਿੱਚੋਂ ਲੁਕਿਆ ਕੱਢ ਕੇ ਤਹਿ ਫੇਰੀ ਸੀ। ਕਈ ਦਿਨ ਤਾਂ ਘਰੋਂ ਬਾਹਰ ਨਾ ਨਿਕਲਿਆ ਫੇਰ ਨੰਬਰਦਾਰ ਨੇ ਚੰਡੀਗੜ੍ਹ ਭੇਜ ਤਾਂ ਉੱਥੇ ਮੰਡੀਹਰ ਨਾਲ ਰਲਕੇ ਹੋਰ ਛੋਹਰਾਂ ਵਾਲੇ ਕੰਮਾਂ ਤੇ ਹੋ ਗਿਆ ਸੀ ਤੇ ਫੇਰ

ਨੰਬਰਦਾਰ ਨੇ ਜੁਗਾੜ ਲਾ ਕੇ ਕਨੈਡਾ ਤੋਰਿਆ ਸੀ ਤੇ ਉਦੋਂ ਦਾ ਵਾਹਵਾ ਟਿਕਿਆ ਆ।

ਬਾਪੂ ਨੇ ਚਾਚੇ ਦੀ ਕਹਾਣੀ ਬੜੀ ਸੰਖੇਪ ਵਿੱਚ ਸੁਣਾ ਦਿੱਤੀ ਸੀ , ਇਹ ਤਾਂ ਪਿੰਡੋਂ ਪਹਿਲਾਂ ਵੀ ਬਹੁਤਿਆਂ ਨੇ ਸੁਣਾਈ ਸੀ ਕਿਸੇ ਨੇ ਥੋੜੀ ਬਦਲ ਕੇ ਤੇ ਕਿਸੇ ਨੇ ਬਹੁਤੀ ਬਦਲ ਕੇ।

ਪਰ ਚਾਚੇ ਦੇ ਕਈ ਰੂਪ ਜਹੇ ਸੁਣੇ ਸੀ , ਜੋ ਉਹਨੂੰ ਕਦੇ ਵੀ ਸਮਝ ਵਿੱਚ ਨਾ ਆਏ। ਵੈਸੇ ਚਾਚੇ ਕਾ ਪਰਿਵਾਰ ਪਿੰਡ ਦਾ ਸਹਿੰਦਾ ਘਰ ਸੀ , ਜ਼ਮੀਨ ਜਾਇਦਾਦ ਖੁੱਲ੍ਹੀ ਸੀ ਤੇ ਨੰਬਰਦਾਰੀ ਵਿਰਾਸਤੀ ਸੀ। ਸਰਕਾਰੇ ਦਰਬਾਰੇ ਪਹੁੰਚ ਸੀ ਤੇ ਏਸੇ ਕਰਕੇ ਚਾਚੇ ਨੇ ਹੁਣ ਤੱਕ ਐਸ਼ ਹੀ ਕਰੀ ਸੀ। ਪਰ ਚਾਚਾ ਕਨੈਡਾ ਆ ਕੇ ਸੁਧਰਿਆ ਲੱਗਦਾ ਸੀ।

ਜਿਵੇਂ ਲਵਇੰਦਰ ਆਪਣੀ ਬੇਬੇ ਨੂੰ ਦੱਸ ਰਿਹਾ ਕਿ ਹੁਣ ਤਾਂ ਸਭ ਕੰਮ ਆਪ ਕਰਦਾ ਆ , ਮੁਲਕ ਹੀ ਏਦਾਂ ਦਾ ਕਿ ਕਹਿੰਦੇ ਕਹਾਉਂਦਿਆ ਨੂੰ ਤੀਰ ਵਾਂਗ ਸਿੱਧਾ ਕਰ ਦਿੰਦਾ ਆ।

ਲਵਇੰਦਰ ਦੇ ਬਾਪੂ ਨੂੰ ਜਦੋਂ ਚਾਚੇ ਬਾਰੇ ਪਤਾ ਲੱਗਾ ਸੀ ਕਿ ਬਾਪੂ ਨੇ ਚਿਤਾਵਨੀ ਦਿੰਦਿਆਂ ਕਿਹਾ ਵੀ ਸੀ ਕਿ ਪੁੱਤ ਵਾਰਿਸ ਸ਼ਾਹ ਅੱਜ ਤੱਕ ਕਦੇ ਗ਼ਲਤ ਨਹੀਂ ਹੋਇਆ ਤੇ ਹਾਲੇ ਵੀ ਆਪਣਾ ਤੇ ਉਹਨਾਂ ਦਾ ਕੋਈ ਮੇਲ ਨਹੀਂ ਆ , ਤੂੰ ਕੰਮ ਤੱਕ ਮਤਲਬ ਰੱਖੇ ਤਾਂ ਸਹੀ।

ਵੈਸੇ ਗੱਲ ਤਾਂ ਬਾਪੂ ਦੀ ਵੀ ਸਹੀ ਆ , ਮੇਲ ਤਾਂ ਸਾਲਾ ਸੱਚੀਓ ਕੋਈ ਨਹੀਂ। ਨੰਬਰਦਾਰਾਂ ਦਾ ਸਾਰਾ ਲਾਣਾ ਅਮਰੀਕਾ , ਕਨੈਡਾ ਬੈਠਾ ਤੇ ਇੰਡੀਆ ਵੀ ਕਿਸੇ ਸ਼ੈਅ-ਵਸਤ ਦੀ ਕਮੀ ਨਹੀਂ ਤੇ ਇੱਕ ਉਹ ਸੀ ਟੱਬਰ ਦਾ ਪਹਿਲਾ ਫਰਜ਼ੰਦ , ਜੋ ਕਨੈਡਾ ਲੈਂਡ ਕਰਿਆ ਸੀ। ਟੱਬਰ ਕੀ ਰਿਸ਼ਤੇਦਾਰੀ ਵਿੱਚੋਂ ਤੀਜਾ ਤੇ ਘਰਾਂ 'ਚੋਂ ਪਹਿਲਾ ਜਵਾਕ ਸੀ ਜਿਸਨੂੰ ਕਨੈਡਾ ਦਾ ਪਾਣੀ ਪੀਣਾ ਨਸੀਬ ਹੋਇਆ ਸੀ ਤੇ ਇਹਦਾ ਕਾਰਨ ਬਾਪੂ ਦੀ ਸਰਕਾਰੀ ਕਮਾਈ ਸੀ , ਨਹੀਂ ਤਾਂ ਸਾਰੇ ਪਰਿਵਾਰ ਲਈ ਕਨੈਡਾ ਬੁਝਾਰਤ ਸੀ।

ਪੜ੍ਹਾਈ ਵਿੱਚ ਹੁਸ਼ਿਆਰ ਲਵਇੰਦਰ ਲਈ ਕਨੈਡਾ ਦੂਰ ਦੀ ਕੌਡੀ ਨਾ ਰਹੀ, ਕਾਨਵੈਂਟ ਵਿੱਚ ਪੜ੍ਹੇ ਨੇ ਪਹਿਲੇ ਹੱਲੇ ਸਾਢੇ ਛੇ ਬੈਂਡ ਲੈ ਲਏ। ਪਤਾ ਉਹਨੇ ਪਹਿਲਾਂ ਈ ਸਭ ਕਰ ਰੱਖਿਆ ਸੀ ਤੇ ਕੋਰਸ ਵੀ ਉਹ ਚੁਣਿਆ ਜੋ ਅੱਗੇ ਜਾ ਕੇ ਰੈਲੈਂਵੈਂਟ ਹੋਵੇ ਤੇ ਨੌਕਰੀ ਕਰਨ ਵਿੱਚ ਮੁਸ਼ਕਿਲ ਨਾ ਹੋਵੇ ਤੇ ਉਦੋਂ ਤੋਂ ਲੈ ਕੇ ਹੁਣ ਤੱਕ ਸਭ ਸਹੀ ਸਹੀ ਹੀ ਚੱਲ ਰਿਹਾ ਸੀ।

ਲਵਇੰਦਰ ਨੂੰ ਬੱਸ ਐਨਾ ਸੀ ਕਿ ਚਾਚੇ ਦਾ ਜੌਬ ਤੇ ਨਾਲ ਹੋਣ ਦਾ ਆਸਰਾ ਜਿਹਾ ਹੋ ਗਿਆ ਸੀ ਤੇ ਇੱਕ ਪਿੰਡ ਦਾ ਹੋਣ ਕਰਕੇ ਸੁੱਖ ਵੀ ਸੀ , ਪਰ ਕਦੇ ਕਦੇ ਲੱਗਦਾ ਜ਼ਰੂਰ ਕਿ ਜਿੰਨਾ ਉਹ ਕਰਦਾ ਆ ਚਾਚਾ ਨਹੀਂ ਕਰਦਾ ਤੇ ਚਾਚੇ ਦੇ ਮਨ ਵਿੱਚ ਵੀ ਕੁਝ ਹੋਰ ਤੇ ਮੂੰਹ ਤੇ ਕੁਝ ਹੋਰ ਸੀ। ਉਸ ਦਿਨ ਜਦੋਂ ਚਾਚੇ ਨੇ ਕਿਹਾ ਕਿ ਯਾਰ ਤੇਰੀ ਜੈਕਟ ਬਹੁਤ ਸੋਹਣੀਆ , ਜਦੋਂ ਉਹਨੇ ਕਿਹਾ ਚਾਚਾ ਜੀ ਤੁਸੀਂ ਪਾਲ ਉਤਾਂ ਚਾਚਾ ਬੜਾ ਕਨੱਖਾ ਜਿਹਾ ਝਾਕਿਆ ਸੀ। ਹੋਵੇ ਨਾ ਹੋਵੇ ਚਾਚੇ ਦੇ ਦਿਮਾਗ਼ ਤੇ ਬੋਝ ਸੀ। ਕੀ ਪਤਾ ਚਾਚੀ ਕੱਬੀ ਟੱਕਰੀ ਹੋਵੇ।

ਦਿਨ ਲੰਘ ਰਹੇ ਸੀ ਤੇ ਲਵਇੰਦਰ ਦੇ ਮਨ ਵਿੱਚ ਕਿਤੇ ਨਾ ਕਿਤੇ ਚਾਚੇ ਦਾ ਜ਼ਿਕਰ ਆ ਹੀ ਜਾਂਦਾ ਸੀ। ਇੱਕ ਦਿਨ ਬਾਪੂ ਨਾਲ ਗੱਲ ਕਰਦਿਆਂ ਫੇਰ ਚਾਚੇ ਦਾ ਜ਼ਿਕਰ ਹੋਇਆ ਤਾਂ ਬਾਪੂ ਨੇ ਬੱਸ ਐਨਾ ਕੁ ਕਿਹਾ , "ਪੁੱਤ ਨਹੀਂ ਜਰਦਾ ਹੁੰਦਾ ਕੋਈ , ਤੂੰ ਆਪਣੇ ਕੰਮ ਤੇ ਧਿਆਨ ਦੇ, ਨਾਲੇ ਤੂੰ ਕਿਉ ਐਡੀ ਫ਼ਿਕਰ ਕਰਦਾ ਆ, ਹੈਗੇ ਉਹਨਾਂ ਦੇ ਬਥੇਰੇ ਪੁੱਛ ਦੱਸ ਨੂੰ।"

ਬਾਪੂ ਦੀ ਗੱਲ ਸਹੀ ਸ਼ਬਦਾਂ ਵਿੱਚ ਸਮਝ ਨਾ ਲੱਗੀ ਪਰ ਉਸ ਗੱਲ ਨੇ ਸਵਾਲ ਜ਼ਰੂਰ ਛੇੜ ਦਿੱਤੇ ਕਿ ਐਡਾ ਕੀ ਮਸਲਾ ਆ? ਪਹਿਲਾਂ ਤਾਂ ਬਾਪੂ ਹੋਰਾਂ ਨੇ ਆਪ ਹੀ ਚਾਚੇ ਬਾਰੇ ਦੱਸਿਆ ਸੀ

ਤੇ ਹੁਣ ਏਵੇਂ ਕਿਉਂ ਬੋਲ ਰਹੇ। ਨਾਲੇ ਚਾਚੇ ਕੇਸਰ ਦੇ ਵਰਦੇ ਆ ਉਹ ਸਭ ਕਿਉਂ ਨਾ ਜਰਨਗੇ।

ਬਾਪੂ ਹੋਰੀਂ ਵੀ ਆਵਦਾ ਪੁਰਾਣਾ ਦਿਮਾਗ਼ ਹੀ ਰੱਖਦੇ ਆ , ਉਹੀਓ ਪਿੰਡਾਂ ਵਾਲਾ। ਵੈਸੇ ਵੀ ਏਥੇ ਦੋ ਚਾਰ ਘੜੀਆਂ ਦੇ ਮੇਲ ਹੀ ਆ , ਮਤਲਬ ਤਾਂ ਕਿਸੇ ਨੂੰ ਕਿਸੇ ਨਾਲ ਨਹੀਂ।

ਹੁਣ ਘਰਿਦਆ ਨੂੰ ਕੀ ਸਮਝਾਵਾਂ ? ਚਲੋ ਖੈਰ ! ਇਸ ਵਾਰ ਕ੍ਰਿਸਮਿਸ ਦੀਆਂ ਕੁਝ ਛੁੱਟੀਆਂ 'ਸਾਲਟ ਲੇਕ 'ਤੇ ਬਿਤਾਉਣ ਦਾ ਮਨ ਬਣਾਇਆ ਸੀ ਤੇ ਪੰਜਾਬੀ ਮੁੰਡਿਆਂ ਦੇ ਨਾਲ ਮਾਰਕ ਸਟੋਨੀ ਵੀ ਜਾ ਰਿਹਾ ਸੀ, ਮਾਰਕ ਸਟੋਨੀ ਨੂੰ ਇੱਕ ਤਾਂ ਲੋਕੇਸ਼ਨ ਦਾ ਪਤਾ ਸੀ , ਇੱਕ ਉਹਦੇ ਨਾਲ ਬਹਿਣੀ ਉੱਠਣੀ ਬਣੀ ਹੋਈ ਸੀ ਤੇ ਦੂਜਾ ਇੰਡੀਆ ਨਾ ਹੋਣ ਕਰਕੇ ਉਹ ਲਵਇੰਦਰ ਵਰਗਿਆਂ ਨਾਲ ਆਪਣਾ ਖਾਸ ਰਿਸ਼ਤਾ ਮੰਨਦਾ ਸੀ , ਕਹਿੰਦਾ ਸੀ ਆਪਾਂ ਭਰਾ ਆ। ਨਾਲੇ ਮਾਰਕ ਸਟੋਨੀ ਦੀ ਗਰਲਫਰੈਂਡ ਵੀ ਪੰਜਾਬਣ ਕੁੜੀ ਹੋਣ ਕਰਕੇ , ਉਹਦਾ ਝੁਕਾਅ ਪੰਜਾਬ ਤੇ ਸਿੱਖਇਜ਼ਮ ਵੱਲ ਵੱਧ ਸੀ। ਸਾਸਕਾਤੂਨ ਤੋਂ ਲਵਇੰਦਰ ਦਾ ਭੂਆ ਦਾ ਮੁੰਡਾ ਆਪਣੇ ਇੱਕ ਹੋਰ ਮਿੱਤਰ ਨਾਲ ਵੀ ਉਹਨਾਂ ਦੇ ਕੋਲ ਆ ਗਿਆ ਸੀ।

ਸਾਰੇ ਸਫ਼ਰ ਵਿੱਚ ਮਾਰਕ ਸਟੋਨੀ ਆਪਣੀਆਂ ਗੱਲਾਂ ਨਾ ਮੁੱਕਣ ਦਿੱਤੀਆਂ। ਮਾਰਕ ਸਟੋਨੀ ਐਨਾ ਰੌਣਕੀ ਬੰਦਾ ਇਹ ਤਾਂ ਟੂਰ ਤੇ ਆਣ ਕੇ ਹੀ ਪਤਾ ਲੱਗਾ। ਉਹਦੀ ਕਮਿਊਨਟੀ ਦਾ ਨਸ਼ਿਆ ਵਿੱਚ ਗ੍ਰਸਤ ਹੋ ਜਾਣਾ ਤੇ ਸਰਕਾਰਾਂ ਦਾ ਫ਼ਿਕਰ ਨਾ ਕਰਨਾ ਤੇ ਉਹਨਾਂ ਤੇ ਹੋਏ ਤਸ਼ੱਦਦ ਸਭ ਫ਼ਿਲਮੀ ਕਹਾਣੀ ਵਰਗੇ ਸੀ, ਜਿਸ ਕਰਕੇ ਸਟੋਨੀ ਗੱਲ ਸੁਣਾਉਂਦਾ ਸੁਣਾਉਂਦਾ ਭਾਵੁਕ ਹੋ ਗਿਆ। ਸਾਲਾ ਐਨਾ ਸਿਆਣਾ ਵੀ ਆ, ਵੇਖਣ ਨੂੰ ਲੱਗਦਾ ਨਹੀਂ। ਪਰ ਕਾਲਿਆਂ ਬਾਰੇ ਪੰਜਾਬੀਆਂ ਦੇ ਮਨ ਵਿੱਚ ਹੋਰ ਈ ਇਮੇਜ ਆ। ਜਦੋਂ ਸਟੋਨੀ ਨੂੰ ਦੱਸਿਆ ਕਿ ਸਾਡੇ ਲੋਕਾਂ ਲਈ ਹਰੇਕ ਕਾਲੇ ਦਾ ਮਤਲਬ ਅਫਰੀਕੀ ਹੁੰਦਾ ਆ ਤਾਂ ਸਟੋਨੀ ਦਾ ਹਾਸਾ ਨਾ ਰੁਕਿਆ।

ਲਵਇੰਦਰ ਹੋਰੀਂ ਆਪਣੇ ਮੁਲਕ ਦਾ ਹਾਲ ਸੁਣਾਉਣ ਲੱਗ ਪਏ। ਬੱਸ ਘੱਟ ਕਿਤੇ ਨਹੀ ਸਭ ਜਗ੍ਹਾ ਇਹੀ ਹਾਲ ਆ। ਕਿਤੇ ਘੱਟ ਕਿਤੇ ਵੱਧ। ਪਰ ਸਟੋਨੀ ਨੂੰ ਲੱਗਦਾ ਸੀ ਪੰਜਾਬ ਕਨੈਡਾ ਤੋਂ ਵੀ ਖ਼ੂਬਸੂਰਤ ਆ।

ਐਨੇ ਨੂੰ ਫੋਨ ਤੇ ਇੱਕ ਵੀਡਿਉ ਆਈ ਜਿਸ ਵਿੱਚ ਲੋਕਲ ਪੁਲੀਸ ਨੂੰ ਅਣਪਛਾਤੀ ਲਾਸ਼ ਮਿਲੀ ਸੀ ਤੇ ਸ਼ਾਇਦ ਉਹ ਇੰਡੀਅਨ ਸੀ। ਪੁਲੀਸ ਨੇ ਪਛਾਣ ਲਈ ਵੀਡਿਉ ਜਾਰੀ ਕੀਤੀ ਸੀ। ਲਵਇੰਦਰ ਦਾ ਮੱਥਾ ਠਣਕਿਆ। ਉਹ ਘਬਰਾ ਗਿਆ। ਗੱਡੀ ਰੋਕ ਕੇ ਜਦੋਂ ਵੀਡਿਉ ਵੇਖੀ ਤਾਂ ਸਾਹ 'ਚ ਸਾਹ ਆਇਆ। ਦਿਮਾਗ ਵੀ ਪੁੱਠੇ ਪਾਸੇ ਨੂੰ ਪਹਿਲਾਂ ਚੱਲਦਾ। ਚਾਚਾ ਜਿੱਥੇ ਵੀ ਹੋਵੇ , ਰੱਬਾ ! ਸਹੀ ਸਲਾਮਤ ਹੋਵੇ। ਉਹਨੇ ਅਰਦਾਸ ਕਰਕੇ ਗੱਡੀ ਤੋਰ ਲਈ।

ਨਾਲ ਦਿਆਂ ਲਈ ਸਾਰਾ ਵਰਤਾਰਾ ਹੈਰਾਨੀ ਤੋਂ ਵੱਧ ਕੁਝ ਨਹੀਂ ਸੀ।

ਆਸੇ ਪਾਸੇ ਬਰਫ਼ ਦੀਆਂ ਚੋਟੀਆ 'ਚ ਘਿਰੀ ਸੜਕ ਨਾਗ਼ਵਲ਼ ਖਾਂਦੀ ਅਨੋਖਾ ਤਜੁਰਬਾ ਦੇ ਰਹੀ ਸੀ। ਸ਼ਾਇਦ ਚਾਚਾ ਹੁੰਦਾ ਤਾਂ ਉਹ ਵੀ ਨਾਲ ਆਉਂਦਾ। ਪਤਾ ਨਹੀਂ ਚਾਚੇ ਨੇ ਆਹ ਤਜਰਬਾ ਕਰਿਆ ਹੋਣਾ ਕਿ ਨਹੀਂ।

ਰਾਤ ਨੂੰ ਬੋਨ ਫਾਇਰ ਤੇ ਜਦੋਂ ਮਾਹੌਲ ਮਘਿਆ ਹੋਇਆ ਸੀ ਤਾਂ ਗੱਲਾਂ ਚੱਲ ਪਈਆਂ ਤੇ ਲਵਇੰਦਰ ਦੇ ਭੂਆ ਦੇ ਮੁੰਡੇ ਦਾ ਦੋਸਤ ਵੀ ਆਪਣੀ ਜਾਣ ਪਛਾਣ ਵਧਾਉਣ ਲੱਗ ਪਿਆ। ਤੁਰਦੀਆਂ ਗੱਲਾਂ ਪਿੰਡ, ਸਟੱਡੀ ਤੇ ਜੌਬ ਬਾਰੇ ਹੋਣ ਲੱਗੀਆਂ। ਲਵਇੰਦਰ ਤੋਂ ਏਥੇ ਵੀ ਉਹਦੇ ਕੋਲ ਮਿਸਿੰਗ ਚਾਚੇ ਦਾ ਜ਼ਿਕਰ ਹੋ ਗਿਆ। ਮੁੰਡੇ ਨੇ ਦੱਸਿਆ ਕਿ ਉਹਨਾਂ ਕੋਲ ਇੱਕ ਪੰਜਾਬੀ ਮੁੰਡਾ

ਆਇਆ ਜੋ ਉਮਰ 'ਚ ਆਪਣੇ ਤੋਂ ਵੱਡਾ ਆ , ਪਰ ਗਿਆ ਸਕੈਚਵੈਨ ਤੋਂ ਹੀ ਆ।

ਲਵਇੰਦਰ ਦੇ ਦਿਮਾਗ਼ ਵਿੱਚ ਵੱਜ ਗਈ ਕਿ ਹੋਵੇ ਨਾ ਹੋਵੇ ਚਾਚਾ ਈ ਆ। ਜਦੋਂ ਹੁਲੀਆ ਤੇ ਨਾਂ ਪੁੱਛਿਆ ਤਾਂ ਲੱਗਿਆ ਕਿ ਚਾਚਾ ਈ ਆ, ਉਹਨੇ ਜਦੋਂ ਜੌਬ 'ਤੇ ਪਹਿਲੇ ਦਿਨ ਵਾਲੀ ਚਾਚੇ ਨਾਲ ਫੋਟੋ ਮੁੰਡੇ ਨੂੰ ਦਿਖਾਈ ਤਾਂ ਉਹਨੇ ਕਨਫਰਮ ਕਰਨ 'ਚ ਸਮਾਂ ਨਾ ਲਾਇਆ , ਪਰ ਲਵਇੰਦਰ ਦੇ ਸਭ ਉੱਤੋਂ ਦੀ ਹੋ ਗਿਆ। ਚਾਚਾ ਮੂਵ ਕਰ ਗਿਆ ? ਚਾਚਾ ਮੂਵ ਕਿਉਂ ਕਰ ਗਿਆ ਤੇ ਉਹ ਵੀ ਦੂਜੇ ਸ਼ਹਿਰ ?

ਉਹਦੇ ਚਿਹਰੇ ਤੇ ਰਲਵੇਂ ਮਿਲਵੇਂ ਭਾਵ ਉੱਭਰ ਆਏ ਪਰ ਤਸੱਲੀ ਵੀ ਸੀ ਕਿ ਸਭ ਠੀਕ ਠਾਕ ਆ।

ਮੁੰਡੇ ਨੇ ਗੱਲ ਸੁਣਾਉਣੀ ਜਾਰੀ ਰੱਖੀ ਤੇ ਦੱਸਿਆ ਕਿ ਉਹਦਾ ਚਾਚਾ ਇੱਕ ਦਿਨ ਦੱਸ ਰਿਹਾ ਸੀ ਕਿ ਕੈਨੇਡਾ ਦਾ ਸਬੱਬ ਕਿਵੇਂ ਬਣਿਆ ਤੇ ਫੇਰ ਜੀਜੇ ਨਾਲ ਬਣੀ ਨਾ ਕਰਕੇ ਉਹਦੇ ਕੋਲ ਟਿਕ ਨਾ ਸਕਿਆ ਤੇ ਮਨ ਟਿਕਣ ਨਾ ਕਰਕੇ ਕਿਤੇ ਸੈੱਟ ਹੀ ਨਾ ਹੋ ਸਕਿਆ। ਵਿਆਹ ਹੋਇਆ ਸੀ ਤੇ ਉਹ ਥੋੜੇ ਕੁ ਦਿਨ ਨਿਭਿਆ ਤੇ ਫਿਰ ਕਈ ਟੱਕਰਾਂ ਮਾਰੀਆਂ ਗੱਲ ਨਾ ਬਣੀ , ਪਰ ਹੁਣ ਸ਼ਾਇਦ ਪੀ. ਆਰ ਕੁੜੀ ਨਾਲ ਗੱਲ ਬਣ ਗਈ ਆ।

"ਮੈਨੂੰ ਕੁਝ ਹੋਰ ਈ ਦੱਸੀ ਗਿਆ।" ਲਵ ਇੰਦਰ ਨੇ ਆਪਣੇ ਆਪ ਨੂੰ ਸਵਾਲ ਜਿਹਾ ਪਾਇਆ।

"ਪਰ ਉਹ ਬੰਦਾ ਮੈਨੂੰ ਹੰਕਾਰੀ ਜਿਹਾ ਲੱਗਾ।" ਮੁੰਡੇ ਨੇ ਜਦੋਂ ਇੱਹ ਗੱਲ ਕਹੀ ਤਾਂ ਸਟੋਨੀ ਨੇ ਹਾਮੀ ਭਰ ਦਿੱਤੀ।

"ਹਾਉ ਡੂ ਯੂ ਨੋ ?" ਲਵਇੰਦਰ ਨੇ ਬੜੀ ਹੈਰਾਨੀ ਨਾਲ ਸਟੋਨੀ ਤੋਂ ਪੁੱਛਿਆ।

"ਹੀ ਆਲਵੇਜ ਅਬਿਊਜ ਯੂ , ਐਨ ਮੇਂ ਬੀ ਹੀ ਡੱਜ ਨੌਟ ਲਾਇਕ ਯੂਅਰ ਪਰੈਜੈਂਸ।" ਸਟੋਨੀ ਨੇ ਜਵਾਬ ਇੱਟ ਵਾਂਗ ਮਾਰਿਆ।

"ਬੱਟ ਵਾਏ ? ਹੀ ਇੱਜ ਮਾਈ ਅੰਕਲ।" ਲਵਇੰਦਰ ਨੂੰ ਲੱਗਾ ਸਟੋਨੀ ਝੂਠ ਮਾਰ ਰਿਹਾ।

"ਬਾਈ ਮੈਂ ਦੱਸਾ...?" ਉਹ ਮੁੰਡਾ ਗੱਲ ਟੋਕਦਿਆਂ ਬੋਲਿਆ।

"ਕਿੱਦਾਂ...?"

"ਵੀਕ ਐਂਡ ਤੇ ਇੱਕ ਵਾਰ ਨਾਲ ਬੈਠਾ ਸੀ , ਨਾਲ ਦੇ ਸਟੋਰ ਤੇ ਕੰਮ ਕਰਕੇ ਜਾਣ ਪਛਾਣ ਹੋ ਗਈ ਸੀ। ਪਰ ਉਹਨੇ ਤਾਂ ਹੋਰ ਈ ਗੱਲ ਦੱਸੀ ਸੀ।"

"ਕੀ ? "

"ਬਾਈ, ਤੂੰ ਕਹਿੰਨਾਂ ਮੇਰਾ ਚਾਚਾ , ਪਰ ਉਹ ਤੇਰੇ ਸਕਾ ਚਾਚਾ ਨਹੀਂ , ਨਾਲੇ ਉਹ ਕੁਝ ਹੋਰ ਈ ਕਹਿੰਦਾ ਸੀ।"

"ਪਰ ਕੀ ..?"

ਲਵਇੰਦਰ ਦੀਆਂ ਨਸਾਂ ਤਣ ਗਈਆਂ, ਉਹ ਸੁਣਨ ਨੂੰ ਕਾਹਲਾਂ ਪੈਣ ਲੱਗਾ ਤੇ ਸ਼ਾਇਦ ਵੱਸ ਹੁੰਦਾ ਤਾਂ ਉਹ ਮੁੰਡੇ ਦੇ ਹਲਕ 'ਚੋਂ ਸਾਰੇ ਸ਼ਬਦ ਖਿੱਚ ਲੈਂਦਾ।

"ਤੁਹਾਡੇ ਵਿੱਚ ਕੋਈ ਗੱਲ ਹੋਈ ਸੀ ?" ਮੁੰਡੇ ਦੇ ਘੁੱਟ ਭਰ ਦਿਆਂ ਸਵਾਲ ਕੀਤਾ।

"ਨਹੀਂ...ਕਦੇ ਕੋਈ ਗੱਲ ਨਹੀਂ ਹੋਈ।"

"ਫੇਰ ਵੀ।"

"ਨਾਂ ਯਾਰ...ਕਦੇ ਵੀ ਨਹੀਂ।"

"ਪੱਕਾ।"

"ਹਾਂ ! ਪੱਕਾ।"

"ਆਈ ਨੋ , ਸਮਥਿੰਗ ਵਾਜ ਹੈਪਨ।" ਸਟੋਨੀ ਏਦਾਂ ਉੱਚੀ ਬੋਲਿਆ ਜਿਵੇਂ ਉਹਨੂੰ ਕੋਈ ਭੇਦ ਪਤਾ ਹੋਵੇ।

"ਵੱਟ ਸਟੋਨੀ, ਆਈ ਡੌਂਟ ਰਮੈਂਬਰ ਔਰ ਨਥਿੰਗ ਲਾਇਕ ਡੇਟ ਹੈਪਨ , ਯੂ ਨੋ ਵੈਰੀ ਵੈੱਲ , ਹਾਉ ਫੈਮੀਲੀਅਰ ਐਮ ਵਿੱਦ ਮਾਈ ਕੁਲੀਗਜ।"

"ਬੱਟ ਬਰੋ, ਟਰਾਈ ਟੂ ਮੈਮੋਰਾਈਜ।"

"ਯੈੱਸ ਬੱਟ...ਉਹ ਹ ਹ ਯੈੱਸ...ਹਾਂ ਹਾਂ ਯਾਦ ਆਇਆ ਪਰ ਉਹ ਤਾਂ ਜੌਬ ਤੇ ਸੀ ਉਦੋਂ ਈ ਕਿਹਾ ਤੇ ਉਹ ਤਾਂ ਭੁੱਲੀ ਭੁਲਾਈ ਬੈਠਾ ਸੀ। ਜੌਬ ਦੌਰਾਨ ਤਾਂ ਹੁਣ ਮਾੜੀ ਮੋਟੀ ਊਚ ਨੀਚ ਹੋ ਜਾਂਦੀਆ, ਪਰ ਸ਼ਿਫਟ ਖਤਮ ਹੁੰਦੇ ਭੁੱਲ ਜਾਈਦਾ।" ਲਵਇੰਦਰ ਨੇ ਸ਼ਪੱਸ਼ਟੀਕਰਨ ਜਿਹਾ ਦਿੱਤਾ।

"ਐਹੋ ਜੇਹੀ ਕੀ ਗੱਲ ਹੋ ਗਈ ਸੀ ?" ਭੂਆ ਦਾ ਮੁੰਡਾ ਤੇ ਉਹਦਾ ਦੋਸਤ ਇਕੱਠੇ ਹੀ ਬੋਲ ਪਏ।

"ਇੱਕ ਦਿਨ ਚਾਚਾ ਲੇਟ ਸੀ ਉਹ ਮੈਂ ਕਿਹਾ ਸੀ ਤੇ ਇੱਕ ਦਿਨ ਉਹਦੇ ਤੋਂ ਗਲਾਸ ਟੁੱਟ ਗਏ ਸੀ। ਮੈਂ ਕਿਹਾ ਸੰਭਾਲ ਕੇ ਤੇ ਉਹ ਕਹਿੰਦਾ ਐਡਾ ਕੀ ਬੰਬ ਡਿੱਗ ਪਿਆ।" ਉਹ ਬੁੜਬੁੜ ਕਰਦਾ ਪਰ੍ਹਾਂ ਨੂੰ ਚਲਾ ਗਿਆ ਸੀ।

ਫੇਰ ਇੱਕ ਦਿਨ ਸਰਵਿਸ ਕਿਹਾ ਸੀ ਕਰਦੇ ਤੇ ਉਹ ਪਤਾ ਨਹੀ ਕਾਹਦੇ ਤੇ ਖਿਝਿਆ ਪਿਆ ਸੀ , ਕਹਿੰਦਾ, "ਬਾਹਲਾ ਰੋਅਬ ਨਾ ਦੇ।"

ਮੈਂ ਹੱਸ ਕੇ ਕਿਹਾ , "ਮੇਰੀ ਜੌਬ ਆ ਚਾਚੇ।"

"ਬ੍ਰੋ ਹਿਜ ਬਹੇਵੀਅਰ ਚੇਂਜ ਫਰੌਮ ਡੇਟ ਡੇ , ਟਰਾਈ ਟੂ ਰੀਫਰੈਸ਼।" ਸਟੋਨੀ ਨੇ ਫੇਰ ਯਾਦ ਕਰਵਾਇਆ ਤਾਂ ਲਵਇੰਦਰ ਨੂੰ ਜਾਪਿਆ ਕਿ ਗੱਲ ਤਾਂ ਸਹੀ ਸੀ।

"ਬੱਸ ਯਾਰ ! ਆਹ ਹੀ ਗੱਲ ਹੋਈ ਸੀ, ਹੋਰ ਤਾਂ ਕੁਝ ਨਹੀ।" ਲਵਇੰਦਰ ਨੇ ਦੋਵਾਂ ਮੁੰਡਿਆਂ ਵੱਲ ਝਾਕ ਦਿਆਂ ਪੀਨਟ ਚੱਬਦਿਆ ਕਿਹਾ।

"ਬੱਸ ਫੇਰ ਬਾਈ , ਆਹੀ ਤਾਂ ਗੱਲ ਸੀ।"

"ਕਿਹੜੀ...?"

"ਤੂੰ ਗੱਲ ਮਨ 'ਚੋ ਕੱਢਤੀ ਤੇ ਉਹਨੇ ਮਨ ਤੇ ਲਾ ਲਈ।"

"ਬਾਈ ਤੂੰ ਤਾਂ ਪੀਤੀ ਦਾ ਵੀ ਨਸ਼ਾ ਲਾਹ ਰਿਹਾ , ਖੁੱਲ੍ਹ ਕੇ ਦੱਸ।"

"ਬਾਈ ਤੁਸੀਂ ਜੱਟ ਓ ?" ਮੁੰਡੇ ਦੇ ਅਜੀਬ ਸਵਾਲ ਤੇ ਲਵਇੰਦਰ ਨੂੰ ਖਿੱਝ ਆਈ।

ਉਹਨੇ ਹੌਲੇ ਜਹੇ 'ਨਾ' ਕਿਹਾ।

"ਬੱਸ ਫੇਰ ਬਾਈ।"

"ਉਹ ਖਾਨਦਾਨੀ ਨੰਬਰਦਾਰ, ਸਰਦਾਰ...।"

ਉੱਧਰੋਂ ਸਟੋਨੀ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, "ਆਈ ਰੈਮਬਰ ,ਆਈ ਰੈਮਬਰ...ਉਹ ਸਾਲਾ ਚੋੜਾ, ਸਾਲਾ ਚੋੜਾ 'ਵਾਜ ਸੇਇੰਗ ਸਮਥਿੰਗ ਲਾਇਕ ਦੇਟ, ਬੱਟ ਡੋਂਟ ਮਾਈਂਡ ਯੂਅਰ ਅੰਕਲ 'ਜ਼ ਬਿਹੇਵ ਜਸਟ ਲਾਇਕ ਦਿ ਵਾਇਟ ਸਕਿਨ ਪੀਪਲਜ਼ ਡੂ ਵਿੱਦ ਅੱਸ। ਹੀ ਇਜ

ਐਸਹੋਲ, ਆਈ ਆਲਵੇਜ ਵਾਂਟ ਟੂ ਟੈੱਲ ਯੂ ਮੈਨ। ਮੇ ਬੀ ਹੀ ਵਾਜ ਡੂਇੰਗ ਰੇਸ਼ਇਜਮ , ਜਸਟ ਲਾਇਕ ਵਾਈਟ ਪੀਪਲਜ਼।"

"ਆਰ ਯੂ ਮੈਡ ਬ੍ਰੋ , ਯੂ ਨੋ ਵੱਟ ਆਰ ਯੂ ਸੇਇੰਗ।" ਉਹ ਸਟੋਨੀ ਵੱਲ ਵੇਖ ਚੀਖਿਆ।

"ਆਈ ਨੋ ਬ੍ਰੋ, ਆਈ ਵੈੱਲ ਨੋ , ਆਈ ਐਮ ਫਰੋਮ ਦੀ ਕਮਿਊਨਟੀ , ਹੂ ਟੌਲਰੇਟ ਦਿ ਆਲ ਦਿਸ ਫਰੌਮ ਡੇਕਡਜ਼।" ਸਟੋਨੀ ਦੀਆਂ ਅੱਖਾਂ 'ਚ ਪਾਣੀ ਆ ਗਿਆ।

ਸਟੋਨੀ ਜਵਾਕਾਂ ਵਾਂਗ ਲਵਇੰਦਰ ਦੇ ਮੋਢੇ ਲੱਗ ਗਿਆ। ਉਹਨੇ ਸਟੋਨੀ ਨੂੰ ਚੁੱਪ ਕਰਾਉਣਾ ਚਾਹਿਆ।

"ਸਟੋਨੀ ,ਜਸਟ ਟੂ ਮਿੰਟ ਬ੍ਰੋ , ਪਲੀਜ਼ ਲਿਸਨ ਹਿਮ।"

ਮੁੰਡੇ ਨੇ ਗਲਾਸਾਂ 'ਚ ਵਾਈਨ ਪਾਉਂਦਿਆਂ ਗੱਲ ਸ਼ੁਰੂ ਕਰ ਲਈ।

"ਗੁੱਸਾ ਨਾ ਕਰੀਂ ਬਾਈ , ਮੈਂ ਜਾਤ-ਪਾਤ 'ਚ ਵਿਸ਼ਵਾਸ਼ ਨਹੀਂ ਰੱਖਦਾ ਪਰ ਬਾਈ ਤੇਰਾ ਪੜਦਾਦਾ ਤੇ ਦਾਦਾ ਜਿੰਨ੍ਹਾਂ ਦੇ ਕਾਮੇ ਰਹੇ ਹੋਣ , ਜਿੰਨ੍ਹਾਂ ਦੀਆਂ ਖੁਰਲੀਆਂ ਵਿੱਚ ਉਹਨਾਂ ਨੇ ਹੱਥ ਮਾਰੇ ਹੋਣ ਤੇ ਉਹਨਾਂ ਅੱਗੇ ਨੀਂਵੇ ਰਹੇ ਹੋਣ ਭਲਾ ! ਉਹ ਤੇਰੇ ਥੱਲੇ ਕੰਮ ਕਰਦਿਆਂ ਤੇਰਾ ਰੋਹਬ ਜਰ ਲਊ ? ਤੇਰਾ ਚਾਚਾ ਤਾਂ ਹੀ ਮੂਵ ਹੋਇਆ।" ਮੁੰਡੇ ਨੇ ਗੱਲ ਸ਼ੀਸ਼ੇ ਵਾਂਗ ਸਾਫ ਕੀਤੀ ਤਾਂ ਲਵਇੰਦਰ ਦੇ ਮੂੰਹ ਵਿੱਚੋ ਆਪ ਮੁਹਾਰੇ ਗਾਹਲ ਨਿਕਲੀ , ਉਹਨੇ ਲੱਗਾ ਧਰਤ ਵਿਹਲ ਨਹੀਂ ਦੇ ਰਹੀ, ਆਵਦਾ ਆਪ ਨਿੱਕਾ ਜਿਹਾ ਲੱਗਿਆ।

"ਮਤਲਬ ਮਨ ਦੀ ਮੈਲ਼ ਇੱਥੇ ਵੀ ਚੁੱਕੀ ਫਿਰਦੇ...?"

"ਪਤਾ ਨਹੀਂ ..ਪਰ।"

ਅੱਛਾ ਤਾਂ ਹੀ ਬਾਪੂ ਨੇ ਕਿਹਾ ਸੀ ਤੂੰ ਕੰਮ ਨਾਲ ਮਤਲਬ ਰੱਖ, ਕੀ ਲੈਣਾ ਕਿਸੇ ਤੋਂ।

"ਬ੍ਰਦਰ ਲਾਸਟ ਕਅੱਚਨ ਪਲੀਜ਼।" ਸਟੋਨੀ ਨੇ ਧਿਆਨ ਖਿੱਚਦਿਆਂ ਜਿਵੇਂ ਤਰਲਾ ਜਿਹਾ ਮਾਰਿਆ।

"ਕੈਰੀ ਆਨ।"

"ਬੱਟ ਆਈ ਨੋ, ਦਿਅਰ ਇਜ ਨੋ ਕਾਸਟਿਜਮ ਇੰਨ ਸਿੱਖ ਰਿਲੀਜਨ।"

ਸਟੋਨੀ ਨੇ ਸਵਾਲ ਪਾਇਆ ਤਾਂ ਸਾਰੇ ਅਵਾਕ ਰਹਿ ਗਏ। ਲਵਇੰਦਰ ਸੋਚਦਾ ਰਹਿ ਗਿਆ ਕਿ ਇਹਨੇ ਪਤਾ ਨਹੀਂ ਕਿੱਥੋ ਪੜ੍ਹ ਲਿਆ ਤੇ ਉਹਨਾਂ ਦੇ ਸਵਾਲਾਂ ਭਰੇ ਚਿਹਰੇ ਵੇਖ ਸਟੋਨੀ ਨੇ ਅੱਗੇ ਪੁੱਛਣ ਦਾ ਹੀਆ ਈ ਨਾਂ ਕਰਿਆ।

ਸਟੋਨੀ ਨੇ ਰੈਪ ਲਾ ਕੇ ਨੱਚਣਾ ਸ਼ੁਰ ਕਰ ਦਿੱਤਾ ਤੇ ਮਾਹੌਲ ਹਲਕਾ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਲਵਇੰਦਰ ਦੇ ਦਿਮਾਗ਼ ਤੇ ਕੇਰਾਂ ਤਾਂ ਬੋਝ ਜਿਹਾ ਬਣਿਆ ਪਰ ਉਹਨਾਂ ਦਾ ਧਿਆਨ ਚਾਂਗਰਾਂ ਮਾਰ ਰਹੇ ਸਟੋਨੀ 'ਤੇ ਚਲਾ ਗਿਆ ਤੇ ਉਹਨੂੰ ਆਵਦਾ ਆਪ ਸਟੋਨੀ ਵਰਗਾ ਲੱਗਿਆ। ਸ਼ਾਇਦ ਉਹਨੂੰ ਸਮਝ ਵੀ ਆ ਗਿਆ ਸੀ ਕਿ ਸਟੋਨੀ ਉਹਨਾਂ ਨੂੰ ਭਰਾ ਕਿਉ ਕਹਿੰਦਾ ਸੀ ਤੇ ਬਾਪੂ ਦੀ ਗੱਲ ਫਿਰ ਯਾਦ ਆ ਗਈ ਕਿ ਨਾ ਕਰਨਗੇ ਤਾਂ ਵਾਰਿਸ ਸ਼ਾਹ ਨਾ ਝੂਠਾ ਹੋਜੂ।

ਲਵਇੰਦਰ ਜ਼ੋਰ ਨਾਲ ਹੱਸਿਆ ਤੇ ਫੇਰ ਦਾਰੂ ਦਾ ਪੈੱਗ ਭਰ ਕੇ ਬੋਨ ਫਾਇਰ ਤੇ ਮਾਰਿਆ ਤੇ ਲਟਲਟ ਬਲਦੀ ਅੱਗ 'ਚ ਜਿਵੇਂ ਚਾਚੇ ਦੇ ਮਨ ਦੀ ਮੈਲ਼ ਸਾੜ ਕੇ ਆਪਣੇ ਆਪ ਨੂੰ ਪਾਕ ਕਰ ਲਿਆ।

(**ਸੰਪਰਕ 98884-08383**)


# ਜਨ ਬੋਧ

## ਕਰਾਰਦਾਦੇ-ਮਕਾਸਿਦ

**ਲੇਖਕ : ਟੀਪੂ ਸਲਮਾਨ ਮਖ਼ਦੂਮ**

***ਲਿਪੀ ਵਟਾਂਦਰਾ : ਪਰਮਜੀਤ ਮੀਸ਼ਾ***

ਜਦੋਂ ਲੋਕੀ ਚੀਕ ਚੀਕ ਕੇ ਕਹਿੰਦੇ ਨੇ ਕਿ ਮੇਰਾ ਬੀ 712 ਈਸਵੀ ਵਿੱਚ ਪਿਆ ਸੀ ਤੇ ਮੈਨੂੰ ਦੰਦਲ ਜੇਹੇ ਪੈ ਜਾਂਦੇ ਨੇਂ।ਮੈਂ ਤੇ 1949 ਈਸਵੀ ਵਿੱਚ ਬਹਿਰ–ਏ–ਅਰਬ ਦੇ ਕੰਢੇ ਜੰਮੀ ਸਾਂ , ਏਹ ਮੈਨੂੰ 1200 ਵਰ੍ਹੇ ਪਹਿਲਾਂ ਕਿੱਥੇ ਧਰੂਕੀ ਫ਼ਿਰਦੇ ਨੇਂ ? ਪਰ ਲੋਕੀ ਲਾਲ ਪੀਲੇ ਹੁੰਦੇ ਨੇਂ, ਗਾਲਾਂ ਵਗਾਂਦੇ ਨੇਂ ।ਏਹੋ ਜਈਆਂ ਲਾਲ ਲਾਲ ਤੇ ਗੋਲ ਗੋਲ ਅੱਖਾਂ ਕੱਢਦੇ ਨੇਂ ਕਿ ਮੈਂ ਘਾਬਰ ਜਾਨੀ ਆਂ। ਮੈਨੂੰ ਤੇ ਓਦੋਂ ਦੇ ਬਾਅਦ ਦਾ ਈ ਪਤਾ ਏ ਨਾ ਜਦੋਂ ਦੀ ਮੇਰੀ ਅੱਖ ਨੇ ਵੇਖਣਾ ਸ਼ੁਰੂ ਕੀਤਾ ਏ। ਪਹਿਲਾਂ ਦੀਆਂ ਤੇ ਮੈਂ ਬਸ ਗੱਲਾਂ ਈ ਸੁਣੀਆਂ ਨੇਂ।ਤੇ ਸਾਡਾ ਇਨਸਾਨਾਂ ਆਲਾ ਹਿਸਾਬ ਤਾਂ ਹੁੰਦਾ ਨਹੀਂ ਕਿ ਵੱਡੇ ਛੋਟਿਆਂ ਨੂੰ ਦੱਸਣ ਬਈ ਤੁਹਾਡੋਂ ਪਹਿਲਾਂ ਕੀ ਹੋਇਆ ਸੀ। ਮੈਨੂੰ ਤੇ ਲੋਕਾਈ ਦੱਸਦੇ ਨੇਂ ਬਈ ਮੇਰਾ ਸ਼ੱਜਰਾ ਕਿੱਥੇ ਤੀਕਰ ਜਾਂਦਾ ਏ।ਏਹ ਕਹਿੰਦੇ ਨੇਂ ਕਿ ਮੈਂ 12 ਮਾਰਚ 1949 ਈਸਵੀ ਨੂੰ ਤੇ ਬਸ ਅਪਣੀ ਅਜੋਕੀ ਸ਼ਕਲ ਵਿੱਚ ਜੰਮੀ ਸਾਂ। ਕਰਾਚੀ ਦੇ ਅਸੰਬਲੀ ਚੈਂਬਰ ਵਿੱਚ। ਮੇਰਾ ਬੀ ਦੇਬਲ ਦੇ ਸਾਹਿਲ ਉੱਤੇ ਉਸ ਵੇਲੇ ਹੀ ਪੈ ਗਿਆ ਸੀ ਜਦੋਂ 712 ਈਸਵੀ ਵਿੱਚ ਮੁਹੰਮਦ ਬਿਨ ਕਾਸਿਮ ਅਰਬੀ ਨੇ ਹਮਲੇ ਕਰਕੇ ਏਥੋਂ ਦੇ ਸਿੰਧੀ ਰਾਜੇ ਦਾਹਰ ਨੂੰ ਢਾਇਆ ਤੇ ਫ਼ੇਰ ਸਿੰਧੀ ਲੋਕੀ ਹਿੰਦੂਓਂ ਮੁਸਲਮਾਨ ਹੋਣ ਲੱਗ ਪਏ। ਓਹ ਕਹਿੰਦੇ ਨੇਂ ਬਈ ਕਬੀਲੇ ਖ਼ੂਨ ਨਾਲ ਬਣਦੇ ਨੇਂ ਪਰ ਕੌਮਾਂ ਖ਼ਿਆਲ ਨਾਲ ਬਣਦੀਆਂ ਨੇਂ।ਸੋ ਜਦੋਂ ਸਿੰਧੀਆਂ ਨੇ ਇਸਲਾਮ ਕਬੂਲ ਕਰ ਲਿਆ ਤੇ ਓਹਨਾਂ ਦਾ ਕਬੀਲਾ ਸਿੰਧੀ ਹੀ ਰਿਹਾ ਪਰ ਕੌਮ ਸਿੰਧਿਓਂ ਬਦਲ ਕੇ ਮੁਸਲਮਾਨ ਹੋ ਗਈ ਤੇ ਫ਼ੇਰ



ਸਿੰਧੀ ਕੌਮ ਖਿਆਲ ਦੀ ਤਾਕਤ ਨਾਲ ਵੰਡੀ ਗਈ....... ਵੱਢੀ ਗਈ। ਹੁਣ ਸਿੰਧ ਵਿੱਚ ਸਿੰਧੀ ਤੇ ਅਰਬੀ ਕੌਮਾਂ ਨਹੀਂ ਸਨ। ਬੁੱਧ, ਜੈਨ, ਹਿੰਦੂ ਤੇ ਮੁਸਲਮਾਨ ਕੌਮਾਂ ਵੀ ਨਹੀਂ ਸਨ। ਬਸ ਦੋ ਕੌਮਾਂ ਸਨ ਬਣ ਗਈਆਂ। ਮੁਸਲਿਮ ਕੌਮ ਤੇ ਕਾਫ਼ਿਰ ਕੌਮ।

ਮੇਰੇ ਤੇ ਜੰਮਣ 'ਤੇ ਵੀ ਵੱਡੀ ਖਿੱਚ ਧਰੂਕ ਹੋਈ ਸੀ। ਏਹਨਾਂ ਦੋਨਾਂ ਵਿੱਚ। ਮੁਸਲੇ ਤੇ ਕਾਫ਼ਿਰ। ਪਹਿਲਾਂ ਪਹਿਲ ਤੇ ਮੈਨੂੰ ਇੰਜ ਜਾਪਿਆ ਬਈ ਏਹ ਕਾਲੇ ਤੇ ਗੋਰੇ ਪਏ ਲੜਦੇ ਨੇਂ। ਕਾਲੇ ਕਾਤਲ ਮੈਨੂੰ ਜੰਮਣ ਤੋਂ ਪਹਿਲਾਂ ਹੀ ਦਫ਼ਨ ਕਰ ਦੇਣਾ ਚਾਹੁੰਦੇ ਸਨ ਤੇ ਗੋਰੇ ਤੇ ਮੇਰੀਆਂ ਐਨੀਆਂ ਤਆਰੀਫ਼ਾਂ ਪਏ ਕਰਦੇ ਸਨ ਕਿ ਮੈਂ ਤਾਂ ਲੱਜਾ ਨਾਲ ਲਾਲ ਬੋਟੀ ਹੋ ਗਈ ਪਰ ਫ਼ੇਰ ਜ਼ਰਾ ਕੁ ਆਕੜ ਲੈ ਕੇ ਜੂ ਮੈਂ ਕੰਨ ਕੀਤੇ ਤੇ ਪਤਾ ਲੱਗਾ ਕਾਲੇ ਗੋਰੇ ਦੋਵੇਂ ਪਾਸੇ ਹੀ ਰਲੇ ਮਿਲੇ ਸਨ। ਫ਼ੇਰ ਮੈਨੂੰ ਲੱਗਿਆ ਕਿ ਏਹ ਬੰਗਾਲੀਆਂ ਤੇ ਗ਼ੈਰ ਬੰਗਾਲੀਆਂ ਦੀ ਛਿੰਜ ਏ ਪਰ ਫ਼ੇਰ ਪਤਾ ਲੱਗਾ ਕਿ ਏਹ ਲਿਆਕਤ ਅਲੀ ਖ਼ਾਨ ਸਾਹਬ, ਬੜੇ ਗੋਰੇ ਤੇ ਸੋਹਣੇ, ਓਹ ਵੀ ਬੰਗਾਲ ਤੋਂ ਹੀ ਮਿੰਬਰ ਸਨ ਤੇ ਓਨ੍ਹਾਂ ਹੀ ਮੈਨੂੰ ਗੋਦੀ ਚੁੱਕਿਆ ਹੋਇਆ ਸੀ। ਚੜ੍ਹਦੇ ਪੰਜਾਬ ਦੇ ਵਲੈਤੋਂ ਪੜ੍ਹੇ ਨਵਾਬ ਪੂਰਬੀ ਬੰਗਾਲ ਤੋਂ ਕਿਓਂ ਮੈਂਬਰ ਸਨ, ਏਹ ਗੱਲ ਮੈਨੂੰ ਕਦੀ ਸਮਝ ਨਹੀਂ ਆਈ। ਕਈ ਲੋਕ ਤੇ ਕਹਿੰਦੇ ਨੇਂ ਕਿ ਨਵਾਬ ਸਾਹਬ ਲਹਿੰਦੇ ਤੇ ਕੀਹ ਚੜ੍ਹਦੇ ਪੰਜਾਬ ਤੋਂ ਵੀ ਇਲੈਕਸ਼ਨ ਨਹੀਂ ਸੀ ਲੜਿਆ। ਓਹ ਤੇ ਹਮੇਸ਼ਾ ਯੂ ਪੀ ਤੋਂ ਖਲੋਂਦੇ ਸਨ ਤੇ ਏਸ ਵਾਰੀ ਯਾਨੀ 1946 ਵਿੱਚ ਵੀ ਓਥੋਂ ਹੀ ਜਿੱਤੇ ਸਨ। ਓਹਨਾਂ ਦਾ ਹਲਕਾ ਪਾਕਿਸਤਾਨ ਵਿੱਚ ਨਾ ਆਇਆ, ਏਸ ਲਈ ਓਹਨਾਂ ਬੰਗਾਲੀ ਮਿੰਬਰ ਦੀ ਸੀਟ ਖੋਹ ਲਈ। ਤੌਬਾ ਤੌਬਾ ਏਹੋ ਜੇਹੀਆਂ ਖ਼ੌਫ਼ਨਾਕ ਗੱਲਾਂ ਆਮ ਤੌਰ 'ਤੇ ਸੁਰਖੇ ਕਰਦੇ ਸਨ। ਮੈਂ ਤੇ ਕੰਨ ਵੀ ਨਹੀਂ ਸੀ ਬੰਦ ਕਰ ਸਕਦੀ, ਏਸ ਲਈ ਮੈਨੂੰ ਤੇ ਸਭ ਕੁਝ ਈ ਸੁਣਨਾ ਪੈਂਦਾ ਹੈ। ਉਂਝ ਹੁਣ ਤੇ ਸੁਰਖਾ ਦਿੱਸਦਾ ਈ ਕੋਈ ਨਹੀਂ। ਕੋਈ ਮਾਰਕਸ ਜਾਂ ਮਾਓ ਦੀ ਗੱਲ ਕਰੇ ਵੀ ਤਾਂ ਸੰਗਤਰਾ ਜੇਹਾ ਈ ਲੱਗਦਾ ਏ। ਸੁਰਖੇ ਕੇਹੜੇ ਦਹਿਰੀਏ। ਮਰ ਗਏ ਮਰਦੂਦ, ਨਾ ਫ਼ਾਤਿਹਾ ਨਾ ਦਰੂਦ। ਤੇ ਫ਼ੇਰ ਕੁਝ ਅਰਸੇ ਬਾਅਦ ਵੇਖਿਆ ਕੁਝ ਮੁਸਲੇ ਵੀ ਕਾਫ਼ਿਰਾਂ ਨਾਲ ਰਲ਼ ਕੇ ਮੈਨੂੰ ਮਾਰਨ ਦਾ ਪ੍ਰਬੰਧ ਕਰਨ ਦੇ ਚੱਕਰਾਂ ਵਿੱਚ ਸਨ। ਮੈਂ ਤਾਂ ਜੰਮਦਿਆਂ ਭੌਂਤਰੀ ਆਂ।

ਅਸੰਬਲੀ ਚੈਂਬਰ ਵਿੱਚ ਪੰਜ ਦਿਨ ਏਹੋ ਛਿੰਜ ਪਈ ਰਹੀ ਕਿ ਮੈਨੂੰ ਦਫ਼ਨਾਣਾ ਏ ਕਿ ਮੇਰਾ ਅਕੀਕਾ ਕਰਨਾ ਏ। ਏਸੇ ਦੌਰਾਨ ਮੈਂ ਸੁਣਿਆ ਕਈ ਕਾਫ਼ਿਰ ਤੇ ਹਾਸਾ ਮਜ਼ਾਕ ਕਰਦੇ ਸਨ ਕਿ ਪਾਕਿਸਤਾਨ ਜੰਮ ਤੇ ਪਿਆ ਏ ਪਰ ਅਜੇ ਮੁਸਲਾ ਨਹੀਂ ਹੋਇਆ। ਇਸ ਲਈ ਨਵਾਬ ਸਾਹਬ ਮੈਨੂੰ ਨੌ ਮਾਲੂਦ ਪਾਕਿਸਤਾਨ ਕੰਨੀ ਅਜ਼ਾਨ ਦੇ ਤੌਰ ਉੱਤੇ ਵਰਤਣਾ ਚਾਹੁੰਦੇ ਨੇਂ।

ਪਹਿਲੇ ਦਿਨ ਹੀ 7 ਮਾਰਚ 1949 ਨੂੰ ਜਦੋਂ ਨਵਾਬ ਸਾਹਬ ਨੇ ਅਸੈਂਬਲੀ ਚੈਂਬਰ ਵਿੱਚ ਮੈਨੂੰ ਕੁੱਛੜ ਚੁੱਕ ਕੇ ਸਭ ਦੇ ਸਾਹਮਣੇ ਕੀਤਾ ਤੇ ਓਸ ਵੇਲੇ ਤੇ ਮੈਂ ਬਸ ਏਹੀ ਵੇਖਿਆ ਬਈ ਕੁਰਸੀਆਂ ਵਾਹਵਾ ਹੀ ਖਾਲੀ ਪਈਆਂ ਸਨ ਪਰ ਬਹੁਤ ਵਰ੍ਹਿਆਂ ਬਾਅਦ ਜਦੋਂ ਮੈਂ ਕਾਰਟੂਨ ਫ਼ਿਲਮ 'ਲਾਈਨ ਕਿੰਗ' ਪਈ ਤੱਕਦੀ ਸਾਂ ਤੇ ਓਹ ਵਾਲਾ ਸੀਨ ਵੇਖ ਕੇ ਮੈਨੂੰ ਬੜਾ ਹਾਸਾ ਆਇਆ ਜਿਸ ਵਿੱਚ ਸਿਆਣਾ ਬਾਂਦਰ ਰਫ਼ੀਕੀ ਸ਼ੇਰ ਦੇ ਬੱਚੇ ਸਿੰਬਾਂ ਨੂੰ ਚੁੰਜ ਵਾਲੀ ਚਟਾਨ 'ਤੇ ਲਿਆ ਕੇ ਗੋਦੀ ਚੁੱਕਦਾ ਏ ਤਾਂ ਜੋ ਸਾਰਾ ਬੇਲਾ ਓਹਨੂੰ ਵੇਖ ਲਵੇ। ਖ਼ਾਲੀ ਕੁਰਸੀਆਂ ਮੈਂ ਬਿਲਕੁਲ ਠੀਕ ਧਾਣੀਆਂ ਸਨ, ਕਿਓਂਜੇ ਮੇਰੇ 'ਤੇ ਸਭ ਤੋਂ ਪਹਿਲਾਂ ਇਤਰਾਜ਼ ਹੀ ਏਹੀ ਹੋਇਆ। ਇੱਕ ਬੰਗਾਲੀ ਮੈਂਬਰ ਸ਼੍ਰੀ ਪ੍ਰੇਮ ਹਰੀ ਬਰਮਾ ਨੇ ਸਭ ਤੋਂ ਪਹਿਲਾਂ ਉੱਠ ਕੇ ਕਿਹਾ ਜਨਾਬ-ਏ-ਸਦਰ ਮੈਨੂੰ ਇਤਰਾਜ਼ ਏ। ਅਸੈਂਬਲੀ ਦਾ ਸਦਰ ਯਾਨੀ ਸਪੀਕਰ ਉਸ ਵੇਲੇ ਮੌਲਵੀ ਤਮੀਜ਼-ਉੱਲ ਦੀਨ ਸੀ। ਉਹ ਤਮੀਜ਼-ਉੱਲ-ਦੀਨ

ਜਿਹਨੂੰ ਪਹਿਲਾਂ ਅਫ਼ਸਰ ਸ਼ਾਹੀ ਨੇ ਤੇ ਫ਼ੇਰ ਅਦਾਲਤ-ਏ-ਉਅਜ਼ਮਾ ਨੇ ਚੁੱਕ ਕੇ ਅਸੈਂਬਲੀਓਂ ਬਾਹਰ ਸੁੱਟਿਆ ਸੀ। ਹੁਣ ਮੈਂ ਓਹਨਾਂ ਵੇਲਿਆਂ ਬਾਰੇ ਸੋਚਨੀ ਆਂ ਤੇ ਸੁਪਨਾ ਜੇਹਾ ਲੱਗਦਾ ਏ। ਜਿਸਰਾਂ ਓਸ ਦਿਨ ਸੀ। ਅਸੈਂਬਲੀ ਦੀ ਸਦਾਰਤ ਇੱਕ ਬੰਗਾਲੀ ਮੁਸਲਮਾਨ ਕਰ ਰਿਹਾ ਸੀ, ਜੇਹੜਾ ਮੁਸਲਿਮ ਲੀਗ ਤੋਂ ਪਹਿਲਾਂ ਕਾਂਗਰਸ ਤੇ ਅੰਜੂਮਨ-ਏ-ਇਸਲਾਮੀਆ ਦਾ ਰੁਕਨ ਹੁੰਦਾ ਸੀ। ਓਸੇ ਦਿਨ ਸਰ ਜ਼ਫ਼ਰ ਉੱਲਾ ਖ਼ਾਨ ਨੇ ਮਿੰਬਰਾਂ ਦੇ ਰਜਿਸਟਰ ’ਤੇ ਸਾਈਨ ਕੀਤੇ ਸਨ। ਏਹ ਓਹੀ ਖ਼ਾਨ ਸਾਹਬ ਸਨ, ਜੇਹੜੇ ਲਹਿੰਦੇ ਪੰਜਾਬ ਤੋਂ ਮੁਸਲਿਮ ਲੀਗ ਦੀ ਟਿਕਟ ਤੋਂ ਇੰਤਖ਼ਾਬ ਜਿੱਤ ਕੇ ਏਸ ਅਸੈਂਬਲੀ ਅੱਪੜੇ ਸਨ। ਮੁਸਲਮਾਨਾਂ ਦੀ ਸੀਟ ਉੱਤੇ ਜਿੱਤੇ ਸਨ ਤੇ ਹੁਣ ਰਜਿਸਟਰ ’ਤੇਸਾਈਨਵੀਬਤੌਰਮੁਸਲਮਾਮੈਂਬਰਕੀਤੇ ਸਨ। ਜੇ ਅੱਜ ਅਸੈਂਬਲੀ ਦੇ ਰਜਿਸਟਰ ਉੱਤੇ ਸਾਈਨ ਕਰਦੇ ਤੇ ਬਤੌਰ ਮਜ਼ਹਬੀ ਅਕਲੀਤ ਕਰਦੇ ਨਹੀਂ ਤਾਂ ਜੇਲ੍ਹੇ ਜਾਂਦੇ, ਕਿਓਂ ਜੇ ਓਹ ਅਹਿਮਦੀ ਸਨ। ਏਸ ਤੋਂ ਪਹਿਲਾਂ ਮੁਸਲਿਮ ਲੀਗ ਦੇ ਸਦਰ ਤੇ ਹਿੰਦੋਸਤਾਨ ਦੀ ਫ਼ੈਡਰਲ ਕੋਰਟ ਦੇ ਜੱਜ ਵੀ ਰਹਿ ਚੁੱਕੇ ਸਨ। ਲੋਕੀ ਕਹਿੰਦੇ ਹਨ ਕਿ ਕਰਾਰਦਾਦ-ਏ-ਪਾਕਿਸਤਾਨ ਵੀ ਓਹਨਾਂ ਹੀ ਲਿਖੀ ਸੀ। ਪੰਜਾਬ ਦੇ ਵਿੱਚ ਬੰਗਾਲ ਦੀ ਵੰਡ ਅਤੇ ਬਾਓਂਡਰੀ ਕਮਿਸ਼ਨ ਦੇ ਅੱਗੇ ਪਾਕਿਸਤਾਨ ਦਾ ਕੇਸ ਪੇਸ਼ ਕਰਨ ਵਾਸਤੇ ਵੀ ਜਿਨਾਹ ਸਾਹਬ ਤੇ ਜਨਾਬ ਨਵਾਬ ਸਾਹਬ ਨੇ ਏਹਨਾਂ ਦਾ ਹੀ ਇੰਤਖ਼ਾਬ ਕੀਤਾ ਸੀ। ਪਾਕਿਸਤਾਨ ਬਣਨ ਤੋਂ ਬਾਅਦ ਖ਼ਾਨ ਸਾਹਿਬ ਪਾਕਿਸਤਾਨ ਦੇ ਵਜ਼ੀਰ-ਏ-ਖ਼ਾਰਜਾ ਬਣੇ ਤੇ ਓਹ ਪਹਿਲੇ ਏਸ਼ੀਆਈ ਸਨ, ਜੇਹੜੇ ਯੂਨਾਈਟਡ ਨੇਸ਼ਨ ਜਨਰਲ ਅਸੈਂਬਲੀ ਤੇ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ (ICJ) ਦੇ ਸਦਰ ਰਹੇ। ਓਸੀ ਦਿਨ ਨਵਾਬ ਸਾਹਬ ਆਈਨ-ਏ-ਪਾਕਿਸਤਾਨ ਨੂੰ ਇਸਲਾਮੀ ਬੁਨਿਆਦਾਂ ’ਤੇ ਬਨਾਣ ਲਈ ਮੈਨੂੰ ਪੇਸ਼ ਕਰਦੇ ਸਨ ਤੇ ਓਥੇ ਈ ਅਸੈਂਬਲੀ ਦੇ ਹਿੰਦੂ ਮਿੰਬਰ ਮੇਰੀ ਬੜੀ ਜ਼ੋਰਦਾਰ ਮੁਖ਼ਾਲਫ਼ਤ ਪਏ ਕਰਦੇ ਸਨ। ਮਗਰ ਏਹਨਾਂ ਹਿੰਦੂ ਮਿੰਬਰਾਂ ਨੂੰ ਮੂੰਹ ਤੋੜ ਜਵਾਬ ਦੇਣ ਲਈ ਨਵਾਬ ਸਾਹਬ ਜ਼ਮੀਨ ਤੋਂ ਵੱਟੇ ਨਹੀਂ ਬਲਕਿ ਕਿਤਾਬਾਂ ਤੋਂ ਦਲੀਲਾਂ ਲੱਭਦੇ ਸਨ।

ਸ਼੍ਰੀ ਪ੍ਰੇਮ ਹਰੀ ਬਰਮਾ, ਜੇਹੜੇ ਪਾਕਿਸਤਾਨ ਦੀ ਪਹਿਲੀ ਦਸਤੂਰ ਸਾਜ਼ ਅਸੈਂਬਲੀ ਦੇ ਬੰਗਾਲੀ ਹਿੰਦੂ ਮੈਂਬਰ ਸਨ ਓਹਨਾਂ ਨੇ ਮੇਰੇ ’ਤੇ ਸਭ ਤੋਂ ਪਹਿਲਾਂ ਇਤਰਾਜ਼ ਕੀਤਾ। ਇਤਰਾਜ਼ ਏਹ ਕੀਤਾ ਕਿ ਨਵਾਬ ਸਾਹਬ ਨੇ ਮੈਨੂੰ ਲੁਕੋ ਕੇ ਰੱਖਿਆ ਹੋਇਆ ਸੀ। ਕਹਿੰਦੇ ਪਏ ਸਨ ਕਿ ਏਹ ਤੇ ਬਜਟ ਸੈਸ਼ਨ ਸੀ ਤੇ ਬਜਟ ਦੀ ਬਹਿਸ ਖ਼ਤਮ ਕਰਕੇ ਬਹੁਤ ਸਾਰੇ ਮਿੰਬਰ ਪਿਛਾਂ ਬੰਗਾਲ ਟੁਰ ਗਏ ਸਨ ਕਿਓਂਜੇ ਓਹਨਾਂ ਨੂੰ ਤੇ ਪਤਾ ਹੀ ਨਹੀਂ ਸੀ ਕਿ ਕੋਈ ਕਰਾਰਦਾਦ-ਏ-ਮਕਾਸਿਦ ਵੀ ਏ ਜੇਹੜੀ ਕਿ ਮਨਜ਼ੂਰੀ ਲਈ ਅਸੈਂਬਲੀ ਵਿੱਚ ਪੇਸ਼ ਹੋਣੀ ਏ।

ਤੇ ਫ਼ੇਰ ਸਰਸ ਚੰਦਰਾ ਚਟੋਪਾਧਿਆ ਏਹ ਕਹਿਣ ਲੱਗੇ ਕਿ ਅਸਾਂ ਤਾਂ ਚੜ੍ਹਦੇ ਬੰਗਾਲ ਤੋਂ ਬਜਟ ’ਤੇ ਗੱਲ ਕਰਨ ਆਏ ਸਾਂ। ਏਜੰਡੇ ਵਿੱਚ ਤੇ ਏਹੋ ਜੇਹੀ ਕਿਸੇ ਕਰਾਰਦਾਦ ਦਾ ਨਾਂ ਨਿਸ਼ਾਨ ਵੀ ਨਹੀਂ ਸੀ। ਸਾਨੂੰ ਤੇ ਏਹ ਪਤਾ ਸੀ ਕਿ ਕਾਇਦੇ ਆਜ਼ਮ ਨੇ ਕਿਹਾ ਸੀ ਕਿ ਮਜ਼ਹਬ ਤੇ ਸਿਆਸਤ ਪਾਕਿਸਤਾਨ ਦੀ ਰਿਆਸਤ ਵਿੱਚ ਇੱਕ ਦੂਜੇ ਦੀ ਰਾਹ ਨਹੀਂ ਕੱਟਣਗੇ ਪਰ ਕਰਾਰਦਾਦ ਤੇ ਪਾਕਿਸਤਾਨੀ ਸਿਆਸਤ ਦੀ ਬੁਨਿਆਦ ਈ ਮਜ਼ਹਬ ’ਤੇ ਰੱਖ ਰਹੀ ਏ। ਏਹਨੂੰ ਅਸੈਂਬਲੀ ਦੇ ਅਗਲੇ ਸੈਸ਼ਨ ’ਤੇ ਰੱਖੋ ਤਾਂ ਅਸੀਂ ਵੀ ਪਿੱਛੇ ਜਾ ਕੇ ਲੋਕਾਂ ਨਾਲ ਸਲਾਹ ਮਸ਼ਵਰਾ ਕਰ ਲਈਏ ਤੇ ਬਾਕੀ ਸਾਰੇ ਮਿੰਬਰ ਵੀ ਆ ਕੇ ਅਪਣੀ ਰਾਏ ਦੇ ਸਕਣ। ਨਵਾਬ ਸਾਹਬ ਨਾ ਮੰਨੇ ਤੇ ਕਹਿਣ ਲੱਗੇ ਬਈ ਮੈਂ ਤੇ ਚਾਰ ਦਿਨ ਪਹਿਲਾਂ ਹੀ ਕਰਾਰਦਾਦ ਬਹਿਸ ਲਈ ਜਮਹ ਕਰਾ ਦਿੱਤੀ ਸੀ ਤਾਂ ਕਿ ਤੁਸੀਂ

ਏਸ ਬਾਰੇ ਸੋਚ ਵਿਚਾਰ ਕਰ ਲਓ ਤੇ ਜੇ ਤੁਹਾਨੂੰ ਹੋਰ ਵਕਤ ਚਾਹੀਦਾ ਏ ਤੇ ਅਸਾਂ ਕੱਲ੍ਹ ਤੀਕਰ ਦਾ ਟਾਈਮ ਦੇ ਸਕਦੇ ਆਂ। ਮੌਲਵੀ ਸਾਹਿਬ ਨੇ ਏਸ ਗੱਲ 'ਤੇ ਵੋਟਿੰਗ ਕਰਾ ਦਿੱਤੀ ਕਿ ਕਰਾਰਦਾਦ ਬਹਿਸ ਲਈ ਅਗਲੇ ਮਹੀਨੇ ਦੀ 20 ਤਰੀਕ ਨੂੰ ਰੱਖੀ ਜਾਵੇ ਜਾਂ ਕੱਲ੍ਹ। ਅਸੈਂਬਲੀ ਦੇ ਜ਼ਿਆਦਾ ਮੈਂਬਰਾਂ ਨੇ ਕਿਹਾ ਕਿ ਏਹਨੂੰ ਹੁਣੇ ਅੰਨੇ ਬੰਨੇ ਲਾਓ। ਸੋ ਮੌਲਵੀ ਸਾਹਿਬ ਨੇ ਬਾਕੀ ਬਹਿਸ ਅਗਲੇ ਦਿਨ ਯਾਨੀ 8 ਮਾਰਚ 1949 ਨੂੰ ਰੱਖ ਲਈ।

1992 ਵਿੱਚ ਲਾਹੌਰ ਦੀ ਅਦਾਲਤ-ਏ-ਆਲੀਆ ਦੇ ਤਿੰਨ ਮੈਂਬਰ ਫ਼ੁੱਲ ਬੈਂਚ ਨੇ ਮੇਰੇ ਬਾਰੇ ਇੱਕ ਫ਼ੈਸਲਾ ਕੀਤਾ। ਏਹ ਫ਼ੈਸਲਾ ਸਕੀਨਾ ਬੀਬੀ ਬਨਾਮ ਵਫਾਕ-ਏ-ਪਾਕਿਸਤਾਨ ਦੇ ਨਾਂ ਤੋਂ ਛਪਿਆ। ਏਸ ਫ਼ੈਸਲੇ ਨੇ ਤੇ ਮੈਨੂੰ ਆਇਨ ਦਾ ਪਿਓ ਹੀ ਬਣਾ ਦਿੱਤਾ। ਅਦਾਲਤ ਨੇ ਏਹ ਫ਼ੈਸਲਾ ਸੁਣਾਇਆ ਕਿ 1985 ਤੋਂ ਮੈਂ ਸਿਰਫ਼ ਇੱਕ ਕਰਾਰਦਾਦ ਨਹੀਂ ਬਲਕਿ ਆਈਨ ਦਾ ਹਿੱਸਾ ਬਣ ਚੁੱਕੀਆਂ। ਅਸਲ ਵਿੱਚ ਮੈਂ ਆਈਨ ਦਾ ਹਿੱਸਾ ਨਹੀਂ ਬਣੀ ਸਾਂ ਬਲਕਿ ਆਈਨ ਮੇਰਾ ਹਿੱਸਾ ਬਣ ਚੁੱਕਿਆ ਸੀ ਤੇ ਹੁਣ ਆਈਨ-ਏ-ਪਾਕਿਸਤਾਨ ਨੇ ਮੇਰੇ ਮੁਤਾਬਕ ਚਲਣਾ ਸੀ। ਉਂਜ ਤੇ ਏਹ ਫ਼ੈਸਲਾ ਬਾਅਦ ਵਿੱਚ ਸੁਪਰੀਮ ਕੋਰਟ ਉਲਟਾ ਛੱਡਿਆ ਸੀ ਪਰ ਓਸ ਦਿਨ ਮੈਨੂੰ ਜ਼ਿਆ-ਉੱਲ-ਹੱਕ ਬੜਾ ਚੇਤੇ ਆਇਆ। ਓਹ ਹੀ ਤੇ ਸੀ ਜਿਹਨੇ 1985 ਵਿੱਚ ਮੈਨੂੰ ਆਈਨ ਦਾ... ਆਈਨ ਨੂੰ...ਮੇਰਾ ਹਿੱਸਾ ਬਣਾਇਆ ਸੀ। ਜ਼ਿਆ ਨੂੰ ਜਦੋਂ ਲੋਕ ਘੁੱਟੀ ਘੁੱਟੀ ਆਵਾਜ਼ ਵਿੱਚ ਜ਼ਿਆ-ਉਲ-ਹੱਕ ਸੁਰਮੇ ਦਾ ਟਰੱਕ ਕਹਿੰਦੇ ਸਨ ਤੇ ਮੈਨੂੰ ਬੜਾ ਹਾਸਾ ਆਓਂਦਾ ਸੀ ਪਰ ਏਹ ਗੱਲ ਮੈਨੂੰ ਕਦੀ ਸਮਝ ਨਹੀਂ ਆਈ ਕਿ ਓਹ ਜੋ ਪਾਕਿਸਤਾਨ ਦਾ ਜਰਨੈਲ ਸੀ ਤੇ ਇਸਲਾਮ ਦਾ ਸਿਪਾਹੀ ਕਿਓਂ ਸੀ। ਏਥੇ ਤੇ ਛੋਟੀ ਛੋਟੀ ਮਸਜਿਦਾਂ ਦੇ ਮੌਲਵੀ ਇਸਲਾਮ ਦੇ ਜਰਨੈਲ ਬਣੇ ਬੈਠੇ ਨੇਂ ਤੇ ਓਹ ਤੇ ਬੜੀ ਵੱਡੀ ਸ਼ੈਅ ਸੀ। ਫ਼ੇਰ ਅਪਣੇ ਆਪਨੂੰ ਇਸਲਾਮ ਦਾ ਸਿਪਾਹੀ ਕਿਓਂ ਕਹਿੰਦਾ ਸੀ। ਫ਼ੇਰ ਮੈਂ ਸੋਚਿਆ ਏਹ ਕੋਈ ਏਹੋ ਜੇਹੀ ਗੱਲ ਹੋਏਗੀ ਜਿਸ ਤਰ੍ਹਾਂ ਗਾਜ਼ੀ ਨਾਂ ਦਾ ਸਿਪਾਹੀ ਲੜਦੇ ਮਾਰਿਆ ਜਾਏ ਤੇ ਓਹਨੂੰ ਗਾਜ਼ੀ ਵੀ ਕਹੀਦਾ ਏ ਤੇ ਸ਼ਹੀਦ ਵੀ ਤੇ ਮੈਨੂੰ ਸਮਝ ਨਹੀਂ ਆਓਂਦੀ ਕਿ ਓਹ ਅਸਲ ਵਿੱਚ ਕੀ ਸੀ।

ਲਾਹੌਰ ਦੀ ਹਾਈ ਕੋਰਟ ਵਿੱਚ ਜਦੋਂ ਏਸ ਮੁਕੱਦਮੇ ਦੀ ਸੁਣਵਾਈ ਹੋ ਰਹੀ ਸੀ ਤੇ ਮੈਨੂੰ ਬੜੀਆਂ ਅਜੀਬ ਅਜੀਬ ਗੱਲਾਂ ਸੁਣਨ ਨੂੰ ਮਿਲੀਆਂ। ਓਹਨਾਂ ਵਿੱਚੋਂ ਬਹੁਤ ਸਾਰੀਆਂ ਤੇ ਮੇਰੇ ਪੱਲੇ ਹੀ ਨਹੀਂ ਪਈਆਂ। ਖ਼ਾਸ ਕਰਕੇ ਜੇਹੜੀਆਂ ਦੋਵੇਂ ਪਾਸੇ ਦੇ ਵਕੀਲ ਪਏ ਕਰਦੇ ਸਨ। ਕੋਈ ਕਹਿੰਦਾ ਸੀ ਕਿਓਂ ਜੇ ਅਮਰੀਕੀ ਪ੍ਰੋਫ਼ੈਸਰ ਡਵਾਰਕਿਨ ਕਹਿੰਦੇ ਨੇ ਕਿ ਕਾਨੂੰਨ ਦੀ ਬੁਨਿਆਦ ਇਖ਼ਲਾਕ ਹੁੰਦੇ ਨੇਂ। ਏਸ ਲਈ ਮੈਂ ਆਈਨ ਦੇ ਇਖ਼ਲਾਕੀ ਬੁਨਿਆਦ ਆਂ। ਤੇ ਦੂਜੇ ਪਾਸੇ ਦੇ ਵਕੀਲ ਕਹਿੰਦੇ ਸਨ ਕਿ ਅੰਗਰੇਜ਼ ਪ੍ਰੋਫ਼ੈਸਰ ਹਾਰਟ ਕਹਿੰਦਾ ਏ ਕਿ ਕਾਨੂੰਨ ਇਖ਼ਲਾਕਿਆਤ ਤੋਂ ਵੱਖਰੀ ਸ਼ੈਅ ਏ। ਏਸ ਲਈ ਮੇਰਾ ਆਈਨ-ਏ-ਪਾਕਿਸਤਾਨ ਨਾਲ ਕੋਈ ਕਾਨੂੰਨੀ ਤਆਲੁਕ ਨਹੀਂ ਹੋ ਸਕਦਾ।

ਏਹਨਾਂ ਮੁਸ਼ਕਿਲ ਜਹੇ ਵਕੀਲਾਂ ਦੇ ਇਲਾਵਾ ਵੀ ਕੁਝ ਵਕੀਲ ਸਨ ਜਿਨ੍ਹਾਂ ਦੀਆਂ ਗੱਲਾਂ ਮੈਨੂੰ ਸਮਝ ਵੀ ਆਓਂਦੀਆਂ ਸਨ ਤੇ ਓਹਨਾਂ ਨੂੰ ਸੁਣਕੇ ਮੈਨੂੰ ਸ਼ਹੀਦ-ਏ-ਮਿੱਲਤ ਜੇਹੜੇ ਓਸ ਵੇਲੇ ਅਜੇ ਕਾਇਦ-ਏ-ਮਿੱਲਤ ਹੀ ਸਨ, ਦੀਆਂ ਸਾਰੀਆਂ ਦਲੀਲਾਂ ਚੇਤੇ ਆ ਗਈਆਂ, ਜੇਹੜੀਆਂ ਓਹਨਾਂ 7 ਤੋਂ 12 ਮਾਰਚ 1949 ਦੇ ਦਿਨਾਂ ਵਿੱਚ ਮੇਰੇ ਹੱਕ ਵਿੱਚ ਦਿੱਤੀਆਂ ਸਨ। ਨਵਾਬ ਸਾਹਬ ਨੇ ਵੀ ਏਹੋ ਕਿਹਾ ਸੀ ਕਿ ਪਾਕਿਸਤਾਨ ਬਣਾਉਣ ਦਾ ਮਕਸਦ ਏਹ ਸੀ ਕਿ ਇੱਕ ਇਸਲਾਮੀ ਮੁਆਸ਼ਰਾ ਬਣਾਇਆ ਜਾਏ ਤੇ ਹੁਣ ਜਦੋਂ ਕਿ ਇੱਕ ਇਸਲਾਮੀ ਰਿਆਸਤ ਬਣ ਗਈ ਏ, ਏਹ

ਰਿਆਸਤ ਹੁਣ ਓਹ ਸਾਰੇ ਕੰਮ ਕਰੇਗੀ, ਜੇਹੜੇ ਇੱਕ ਇਸਲਾਮੀ ਮੁਆਸ਼ਰਾ ਬਣਾਉਣ ਲਈ ਜ਼ਰੂਰੀ ਨੇਂ। ਕਈ ਵਕੀਲਾਂ ਨੇ ਤੇ ਏਹ ਵੀ ਕਹਿ ਛੱਡਿਆ ਕਿ ਵੇਲਾ ਆ ਗਿਆ ਏ ਕਿ ਕਾਨੂੰਨ ਇਸਲਾਮੀ ਕਰ ਦਿੱਤੇ ਜਾਣ। ਓਹ ਤੇ ਸ਼ੁਕਰ ਏ ਕਿ ਏਹ ਸਿਆਪਾ ਪੈ ਗਿਆ ਕਿ ਕੇਹੜੇ ਮਸਲ ਕਦੇ ਕਾਨੂੰਨ ਬਣਨਗੇ। ਏਹ ਸਿਆਪੇ ਨੂੰ ਖ਼ਤਮ ਕਰਨ ਦਾ ਇਲਾਜ ਅਦਾਲਤ ਨੇ ਏਹ ਵੀ ਕੀਤਾ ਕਿ ਏਹ ਬਾਅਦ ਦੀ ਗੱਲ ਏ ਤੇ ਮੈਂ ਵੀ ਸੁੱਖ ਦਾ ਸਾਹ ਲਿਆ। ਨਹੀਂ ਤੇ ਏਸ ਗੱਲ ਦੇ ਬਾਅਦ ਮੇਰੀ ਤੇ ਗੱਲ ਹੀ ਕੋਈ ਨਹੀਂ ਸੀ ਪਿਆ ਕਰਦਾ।

ਅਦਾਲਤ ਵਿੱਚ ਫ਼ੇਰ ਕਿਸੇ ਨੇ ਕਿਹਾ ਕਿ ਮੈਂ ਤਦੋਂ ਹੀ ਜੰਮ ਪਈ ਸਾਂ ਜਦੋਂ ਮੁਹੰਮਦ ਬਿਨ ਕਾਸਿਮ ਨੇ ਸਿੰਧ ਫ਼ਤਹ ਕੀਤਾ ਸੀ। ਏਹ ਗੱਲ ਮੈਂ ਏਨੀ ਵਾਰ ਸੁਣ ਚੁੱਕੀ ਹਾਂ ਕਿ ਜੇ ਕੁਝ ਦਿਨ ਏਹ ਗੱਲ ਮੇਰੇ ਕੰਨੀ ਨਾ ਪਵੇ ਤੇ ਮੈਨੂੰ ਹਉਕੇ ਜੇਹੇ ਉੱਠਣ ਲੱਗ ਪੈਂਦੇ ਨੇਂ ਪਰ ਇੱਕ ਦਿਨ ਇੱਕ ਸੁਰਖੇ ਨੇ ਵੱਡੀ ਅਜੀਬ ਜੇਹੀ ਗੱਲ ਕੀਤੀ, ਜੇਹੜੀ ਹੁਣ ਤੀਕਰ ਮੇਰੇ ਦਿਮਾਗ਼ ਵਿੱਚ ਚੰਬੜੀ ਪਈ ਏ। ਮੇਰਾ ਖ਼ਿਆਲ ਏ ਕਿ ਭੁੱਟੋ ਦਾ ਹੀ ਜ਼ਮਾਨਾ ਸੀ ਤੇ ਮੇਰੇ ਕਿਸੇ ਹਮਾਇਤੀ ਨੇ ਏਹੀ ਗੱਲ ਕੀਤੀ ਤੇ ਓਹਸੁਰਖ ਸਰਕਾਰ ਕਹਿਣ ਲੱਗੇ ਕਿ ਨਾ ਤੇ ਕਦੀ ਅਰਬਾਂ ਨੇ ਹਿੰਦੋਸਤਾਨ ਤੇ ਹਕੂਮਤ ਕੀਤੀ ਏ ਤੇ ਨਾ ਹੀ ਅਰਬ ਆਲਮਾਂ ਨੇ ਏਥੇ ਇਸਲਾਮ ਫ਼ੈਲਾਇਆ ਏ। ਏਹ ਦੋਵੇਂ ਕੰਮ ਤੇ ਵਸਤੀਏ ਸ਼ੀਆ ਦੇ ਆਰੀਆਨ ਸਲਦੇ ਮੁਸਲਿਆਂ ਨੇ ਕੀਤੇ ਨੇਂ। ਮੈਂ ਤੇ ਅਕਸਰ ਹੀ ਸੋਚਣੀਆਂ ਚੰਗਾ ਹੀ ਹੋਇਆ ਕਿ ਸੁਰਖੇ ਮੁੱਕ ਗਏ, ਨਹੀਂ ਤੇ ਏਹਨਾਂ ਨੇ ਮੈਨੂੰ ਨਹੀਂ ਸੀ ਛੱਡਣਾ।

ਸ਼੍ਰੀ ਭੁਪਿੰਦਰਾ ਕੁਮਾਰ ਦੱਤਾ ਚੜ੍ਹਦੇ ਬੰਗਾਲ ਤੋਂ ਮਿੰਬਰ ਸਨ, ਕਹਿਣ ਲੱਗੇ ਕਿ ਸਿਆਸਤ ਤੇ ਮਜ਼ਹਬ ਦੇ ਮਿਲਾਪ ਤੋਂ ਦੋ ਮਸਲੇ ਹੁੰਦੇ ਨੇਂ। ਪਹਿਲਾ ਤੇ ਏਹ ਕਿ ਮਜ਼ਹਬ ਸਿਆਸਤ ਵਿੱਚੋਂ ਅਕਲ ਕੱਢ ਦਿੰਦਾ ਏ ਤੇ ਇਸਤੋਂ ਦੂਜਾ ਮਸਲਾ ਜੰਮਦਾ ਏ ਕਿ ਜਦੋਂ ਮਜ਼ਹਬ ਦੀ ਤਸ਼ਰੀਹ ਅਕਲ ਤੋਂ ਨਹੀਂ ਹੋਏਗੀ ਤੇ ਫ਼ੇਰ ਸਿਆਸਤ ਦੀ ਵੀ ਤਸ਼ਰੀਹ ਅਕਲ ਨਾਲ ਨਹੀਂ ਹੋ ਸਕੇਗੀ ਤੇ ਏਸ ਤਰ੍ਹਾਂ ਲੋਕਾਈ ਦੇ ਨੁਮਾਇੰਦੇ ਸਿਆਸਤ ਦੀ ਤਸ਼ਰੀਹ ਨਹੀਂ ਕਰ ਸਕਣਗੇ। ਮਜ਼ਹਬ ਦੇ ਨਾਲ ਨਾਲ ਫ਼ੇਰ ਸਿਆਸਤ ਦੀ ਤਸ਼ਰੀਹ ਵੀ ਮੌਲਵੀ ਕਰਨਗੇ। ਏਹ ਤੇ ਸਾਰਾ ਨਿਜ਼ਾਮ ਹੀ ਮੌਲਵੀਆਂ ਦੇ ਹੱਥ ਦੇਣ ਵਾਲੀ ਗੱਲ ਹੋ ਗਈ।

ਓਸ ਵੇਲੇ ਤੇ ਮੈਨੂੰ ਏਹ ਗੱਲਾਂ ਓਪਰੀਆਂ ਜੇਹੀਆਂ ਲੱਗਦੀਆਂ ਸਨ ਪਰ ਬਾਅਦ ਵਿੱਚ ਮੈਂ ਵੇਖਿਆ ਕਿ ਏਹੋ ਜੇਹੀ ਸਿਆਸਤ ਹੀ ਪਾਕਿਸਤਾਨ ’ਤੇ ਛਾਂਦੀ ਗਈ। ਜਿਹਦੇ ਵਿੱਚ ਮੌਲਵੀ ਦਾ ਕਿਰਦਾਰ ਵੱਧ ਤੋਂ ਵੱਧ ਹੁੰਦਾ ਜਾਂਦਾ ਏ। ਪਰ ਸਭ ਤੋਂ ਜ਼ਿਆਦਾ ਹਾਸਾ ਤੇ ਮੈਨੂੰ ਅਹਿਮਦੀਆਂ ਦੀ ਹਾਲਤ ਵੇਖ ਵੇਖ ਕੇ ਆਓਂਦਾ ਏ ਜਦੋਂ ਮੈਂ ਵੇਖਣੀਆਂ ਕਿ ਓਹ ਹੁਣ ਕਿੰਜ ਚੋਰਾਂ ਵਾਂਗ ਰਜਾਨ ਲੁਕਾਂਦੇ ਫਿਰਦੇ ਨੇ ਤੇ ਮੈਨੂੰ ਚੇਤੇ ਆਓਂਦੀ ਏ ਸਰ ਜ਼ਫ਼ਰ ਉੱਲਾ ਖ਼ਾਨ ਦੀ ਮੇਰੇ ਹੱਕ ਵਿੱਚ ਬੜੀ ਜ਼ੋਰਦਾਰ ਤਕਰੀਰ ਜਿਹਦੇ ਵਿੱਚ ਓਹ ਹਿੰਦੂ ਮਿੰਬਰਾਂ ਨੂੰ ਯਕੀਨ ਪਏ ਦਵਾਓਂਦੇ ਸਨ ਕਿ ਮੈਨੂੰ ਆਈਨ ਵਿੱਚ ਪਾਨ ਨਾਲ ਨਾ ਤੇ ਮੌਲਵੀ ਸਿਆਸਤ ਤੇ ਗ਼ਾਲਬ ਆਏਗਾ ਤੇ ਨਾ ਹੀ ਗ਼ੈਰ ਮੁਸਲਿਮ ਨੂੰ ਕੋਈ ਤਕਲੀਫ਼ ਹੋਏਗੀ।

ਪੰਜ ਦਿਨ ਮੇਰੇ ਉੱਤੇ ਬਹਿਸ ਮੁਬਾਹਸਾ ਹੁੰਦਾ ਰਹਿ ਆ। ਬੜੀਆਂ ਗੱਲਾਂ, ਵੱਡੀਆਂ ਦਲੀਲਾਂ ਦਿੱਤੀਆਂ ਗਈਆਂ। ਤੇ ਅਖ਼ੀਰ ਅਸੈਂਬਲੀ ਨੇ ਮੈਨੂੰ ਪਾਸ ਕਰ ਦਿੱਤਾ।

ਮੈਨੂੰ ਉਂਜ ਅੱਜ ਤੀਕਰ ਪੱਲੇ ਨਹੀਂ ਪਿਆ ਕਿ ਮੇਰੇ ਉੱਤੇ ਲੋਕੀ ਏਨਾ ਉੱਛਲਦੇ ਕਿਓਂ ਨੇਂ। ਮੇਰੇ ਹੱਕ ਵਿੱਚ ਵੀ ਤੇ ਮੇਰੀ ਮੁਖ਼ਾਲਫ਼ਤ ਵਿੱਚ ਵੀ। ਮੈਂ ਤੇ ਬਸ ਏਨਾ ਹੀ ਕਹਿੰਦੀ ਆਂ ਕਿ ਪਾਕਿਸਤਾਨ



ਦਾ ਸਿਆਸੀ ਨਿਜ਼ਾਮ ਜਮਹੂਰੀ ਹੋਵੇਗਾ ਪਰ ਇਸਲਾਮੀ ਅਸੂਲਾਂ ਦੇ ਮੁਤਾਬਕ। ਲੋਕਾਂ ਨੂੰ ਏਹ ਕਿਓਂ ਲੱਗਦਾ ਏ ਕਿ ਮੇਰੀ ਵਜੋਂ ਮੌਲਵੀ ਪਾਕਿਸਤਾਨ ਦਾ ਸਿਆਸੀ ਨਿਜ਼ਾਮ ਹਾਈਜੈਕ ਕਰ ਸਕਦੇ ਨੇਂ। ਇਸਲਾਮ ਤੇ ਸੱਚਾਈ ਤੇ ਅਮਨ ਦਾ ਦਰਸ ਦਿੰਦਾ ਏ। ਜੇ ਲੋਕੀ ਮੌਲਵੀਆਂ ਦੀ ਖੁਚਰ ਪੀਤੀਆਂ ਛੱਡਕੇ ਅਕਲ ਤੋਂ ਕੰਮ ਲੈਣ ਤੇ ਮੈਂ ਅਪਣੇ ਆਪ ਤੇ ਮੌਲਵੀਆਂ ਨੂੰ ਨੇੜੇ ਨਹੀਂ ਲੱਗਣ ਦਿੰਦੀ।

ਫ਼ੇਰ ਜਦੋਂ ਜ਼ਿਆ ਨੇ ਮੈਨੂੰ ਆਈਨ ਦੇ ਦੀਬਾਚੇ 'ਚੋਂ ਕੱਢ ਕੇ ਆਈਨ ਦੇ ਅੰਦਰ ਪਾ ਦਿੱਤਾ ਤੇ ਮੇਰੇ ਤੋਂ ਜ਼ਿਆਦਾ ਮੇਰਾ ਆਰਟੀਕਲ ਮਸ਼ਹੂਰ ਹੋ ਗਿਆ। 2-1 ਏਨਾ ਮਸ਼ਹੂਰ ਹੋ ਗਿਆ ਕਿ ਇੱਕ ਦਿਨ ਮੈਂ ਸੁਣਿਆਂ ਇੱਕ ਬੰਦਾ ਦੂਜੇ ਨੂੰ ਪੁੱਛ ਰਿਹਾ ਸੀ ਕਿ ਏਹ ਯੂ ਐਨ ਓ ਫ਼ਲਸਤੀਨ ਲਈ ਕੁਝ ਕਰਦੀ ਕਿਓਂ ਨਹੀਂ ਓਹਦੇ ਚਾਰਟਰ ਵਿੱਚ ਆਰਟੀਕਲ 2-1 ਨਹੀਂ ਹੈਗਾ।

ਮੇਰਾ ਸਭ ਤੋਂ ਭੈੜਾ ਹਾਲ 1972 ਵਿੱਚ ਹੋਇਆ ਸੀ। ਲੋਕੀ ਮੇਰੇ ਬਾਰੇ ਘੁੱਟੀ-ਘੁੱਟੀ ਗੱਲ ਕਰਦੇ ਸਨ। ਪਹਿਲਾਂ ਤੇ ਮੈਨੂੰ ਸਮਝ ਨਹੀਂ ਆਈ, ਕਿਓਂ ਜੇ ਓਸਤੋਂ ਪਿਛਲੀ ਦਹਾਈ ਵਿੱਚ ਮੇਰੀ ਗੱਲ ਜ਼ਰਾ ਘੱਟ ਹੀ ਹੋ ਗਈ ਸੀ। ਪਾਕਿਸਤਾਨ ਵਿੱਚ ਅਮਰੀਕੀ ਤੇ ਰੂਸੀ ਸੋਚ ਬਾਰੇ ਜ਼ਿਆਦਾ ਤੂੰ ਤੂੰ ਮੈਂ ਮੈਂ ਹੁੰਦੀ ਰਹਿੰਦੀ ਸੀ। ਮੈਂ ਸਮਝੀ ਏਸੇ ਲਈ ਮੇਰਾ ਜ਼ਿਕਰ ਹੋਰ ਘੱਟ ਗਿਆ ਏ। ਪਰ ਫ਼ੇਰ ਸਮਝ ਆਈ ਕਿ ਪਾਕਿਸਤਾਨ ਟੁੱਟਣ ਮਾਰੇ ਮੌਲਵੀ ਭੌਂਤਰੇ ਪਏ ਨੇਂ ਕਿ ਏਹ ਕੀ ਹੋ ਗਿਆ ਏ। ਪਾਕਿਸਤਾਨ ਦੀ ਤੇ ਬੁਨਿਆਦ ਈ ਟੁੱਟ ਗਈ ਤੇ ਹਿੰਦੋਸਤਾਨੀ ਓਹਨਾਂ ਦਾ ਹਾਸਾ ਉਡਾਂਦੇ। ਏਸ ਕਰਕੇ ਕੁਝ ਅਰਸਾ ਤੇ ਮੌਲਵੀ ਭੌਂਤਰੇ ਮੇਰਾ ਨਾਂ ਭੁੱਲ ਗਏ ਪਰ ਫ਼ੇਰ ਓਹਨਾਂ ਨੇ ਪਹਿਲਾਂ ਤੋਂ ਵੀਜ਼ਿਆ ਦਾ ਮੇਰਾ ਨਾਂ ਲੈਣਾ ਸ਼ੁਰੂ ਕਰ ਦਿੱਤਾ। ਮੈਨੂੰ ਇੰਜ ਜਾਪਣ ਲੱਗ ਪਿਆ ਕਿ ਮੌਲਵੀ ਸੰਘੀ ਫਾੜ ਫਾੜ ਕੇ ਮੇਰੇ ਨਾਂ ਦੇ ਨਾਅਰੇ ਮਾਰਦੇ ਨੇਂ ਤਾਂ ਜੋ ਅਮਰ ਸੋਹਣਾ ਬੰਗਲਾ ਦਾ ਗੀਤ ਕਿਸੇ ਨੂੰ ਕੰਨੀ ਨਾ ਪੈ ਸਕੇ ਤੇ ਏਹੀ ਹੋਇਆ। ਪੰਜ ਵਰ੍ਹੇ ਬਾਅਦ ਵੀ ਲੋਕੀ ਏਹ ਸਵਾਲ ਚੁੱਕਣ ਦੀ ਬਜਾਏ ਕਿ ਬੰਗਲਾ ਦੇਸ਼ ਬਣਨ ਤੋਂ ਬਾਅਦ ਦੋ ਕੌਮੀ ਨਜ਼ਰੀਏ ਦਾ ਕੀ ਹੋਇਆ। ਇਸਲਾਮੀ ਨਿਜ਼ਾਮ ਦੇ ਕਿਆਮ ਲਈ ਇਸਲਾਮ ਦਾ ਸਿਪਾਹੀ ਲੈ ਆਏ ਜਿਹਨੇ ਮੁੰਤਖ਼ਿਬ ਵਜ਼ੀਰੇ ਆਜ਼ਮ ਨੂੰ ਫਾਏ ਲਾਇਆ ਤੇ ਲੋਕਾਈ ਦੇ ਚੁਹਤੜਾਂ ਤੇ ਹਦੂਦ ਦੇ ਨਾਂ ਉੱਤੇ ਕੋੜੇ ਮਰਵਾਏ।

ਮੇਰਾ ਖ਼ਿਆਲ ਸੀ ਕਿ ਅਪਣੇ ਚੁਹਤੜ ਲਾਲ ਕਰਾ ਕੇ ਤੇ ਲੋਕਾਂ ਨੂੰ ਸਬਕ ਮਿਲ ਗਿਆ ਹੋਏਗਾ ਤੇ ਅੱਗੋਂ ਓਹ ਏਹੋ ਜੇਹਾ ਖੋਤ ਪੁਣਾ ਨਹੀਂ ਕਰਨਗੇ ਪਰ 9/11 ਦੇ ਬਾਅਦ ਜਦੋਂ ਖ਼ੁਦਕੁਸ਼ ਬੰਬਾਰਾਂ ਨੇ ਲੋਕਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਤੇ ਮੋਮਿਨਾਂ ਨੇ ਏਹ ਪੁੱਛਣ ਦੀ ਬਜਾਏ ਕਿ ਏਹ ਕੇਹੜਾ ਜਹਾਦ ਏ ਜੇਹੜਾ ਮਾਸੂਮ ਤੇ ਨਿਹੱਤੇ ਆਦਮੀ, ਔਰਤਾਂ ਤੇ ਬੱਚਿਆਂ ਨੂੰ ਮਾਰਕੇ ਹੁੰਦਾ ਏ, ਏਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਓਹਨਾਂ ਨਾਲ ਏਹ ਸਭ ਕੁਝ ਏਸ ਲਈ ਹੋ ਰਿਹਾ ਹੈ ਕਿ ਮੇਰੇ ਉੱਤੇ ਅਮਲ ਨਹੀਂ ਹੋ ਰਿਹਾ। ਜਦੋਂ ਮੈਂ ਏਹ ਸੁਣਿਆ ਤੇ ਮੈਂ ਇੱਕ ਵਾਰੀ ਫ਼ੇਰ ਭੌਂਤਰ ਗਈ। ਬਿਲਕੁਲ ਓਸੇ ਤਰ੍ਹਾਂ ਜਿਸਰਾਂ ਮੈਂ ਜੰਮਦੇ ਈ ਭੌਂਤਰ ਗਈ ਸੀ। ਬਸ ਏਸ ਵਾਰੀ ਮੈਨੂੰ ਸਮਝ ਨਾ ਆਇਆ ਕਿ ਮੈਂ ਹੱਸਾਂ ਕਿ ਰੋਵਾਂ। (**ਸੰਪਰਕ ਲਿਪੀਅੰਤਰ : 95019-44119**)

# ਮੱਧ ਵਰਗੀ ਹਕੀਕਤਾਂ ਦੇ ਰੂ-ਬ-ਰੂ ਆਪਣਾ ਘਰ

**ਡਾ. ਜਸਵਿੰਦਰ ਕੌਰ ਬਿੰਦਰਾ**




ਸਮੇਂ-ਸਮੇਂ ਉਤੇ ਪੰਜਾਬੀ ਸਾਹਿਤ ਵਿੱਚ ਆਪਣੀ ਹਾਜ਼ਰੀ ਲਵਾਉਂਦੇ ਰਹਿਣ ਵਾਲੇ ਗੋਰਵਧਨ ਗੱਬੀ ਦੇ ਨਵੇਂ ਕਹਾਣੀ ਸੰਗ੍ਰਹਿ **'ਆਪਣਾ ਘਰ'** (**ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, ਮੁੱਲ: 250, ਪੰਨੇ: 175, ਸਾਲ: 2024**) ਵਿੱਚ ਕੁੱਲ 11 ਕਹਾਣੀਆਂ ਹਨ। ਸਾਰੀਆਂ ਹੀ ਕਹਾਣੀਆਂ ਦਾ ਚੌਗਿਰਦਾ ਮੱਧ ਵਰਗੀ ਸ਼ਹਿਰੀ ਰਹਿਤਲ ਨਾਲ ਜੁੜਿਆ ਹੋਇਆ ਹੈ। ਮੱਧ ਵਰਗ ਦੀ ਸਥਿਤੀ ਵੱਡੇ ਧਨਾਢਾਂ ਤੇ ਹੇਠਲੇ ਪੱਧਰ ਵਿਚਕਾਰ ਅਜਿਹੀ ਲਟਕੀ ਨਜ਼ਰ ਆਉਂਦੀ ਹੈ ਕਿ ਇਹ ਨਾ ਅਮੀਰਾਂ ਵਾਂਗ ਬੇਪਰਵਾਹ ਹੋ ਸਕਦੇ ਹਨ ਤੇ ਨਾ ਹੀ ਗਰੀਬਾਂ ਵਾਂਗ ਬਿਲਕੁਲ ਰੱਬ ਭਰੋਸੇ। ਸਗੋਂ ਇਸ ਵਰਗ ਨੂੰ ਅਮੀਰਾਂ ਤੇ ਗਰੀਬਾਂ ਦੋਵਾਂ ਦੇ ਗੁਣ-ਦੋਸ਼ਾਂ ਨੇ ਮਧੋਲ ਸੁਟਿਆ ਹੈ। ਇਹ ਆਪਣੀ ਹੈਸੀਅਤ ਨੂੰ ਵਧਾ-ਚੜ੍ਹਾ ਕੇ ਦਿਖਾਉਣ ਲਈ ਅਮੀਰਾਂ ਵਾਂਗ ਦਿਖਾਵਟ ਕਰਨ ਤੋਂ ਹੱਟਦੇ ਨਹੀਂ ਤੇ ਹੇਠਲੇ ਪੱਧਰ ਵਾਂਗ ਆਪਣੀ ਨਿਘਰਦੀ ਆਰਥਕ ਸਥਿਤੀ ਸਿੱਧੇ ਜਗ ਸਾਹਮਣੇ ਦਿਖਾਉਣ ਤੋਂ ਬਚਣਾ ਚਾਹੁੰਦੇ ਹਨ। ਵੱਡੀ ਗੱਲ ਇਹ ਕਿ ਇਨ੍ਹਾਂ ਲੋਕਾਂ ਨੂੰ ਹੀ ਸਮਾਜ ਵਿੱਚ ਸਭ ਵੱਧ ਚੰਗਾ ਤੇ ਉਤਸਾਹੀ ਬਣਨ ਦਾ ਭੁੱਸ ਵੀ ਸਵਾਰ ਰਹਿੰਦਾ ਹੈ। ਪਰ ਇਹ ਵੀ ਸੱਚ ਹੈ ਕਿ ਇਹ ਲੋਕ ਕਈ ਵਾਰ ਬਹੁਤ ਛੋਟੀਆਂ ਖੁਸ਼ੀਆਂ ਨੂੰ ਮਾਣਨ ਦਾ ਯਤਨ ਵੀ ਕਰਦੇ ਹਨ। ਬਹੁਤਾ ਕਠੋਰ ਹਿਰਦੇ ਦੇ ਨਾ ਬਣਨ ਵਾਲਾ ਇਹ ਵਰਗ ਕਈ ਵਾਰ ਸਥਿਤੀ ਵੱਸ ਆਪਣਿਆਂ ਲਈ ਚੰਗਾ ਕਰਨ ਦੇ ਆਹਰ ਵਿੱਚ ਮਾੜਾ ਵੀ ਕਰ ਬਹਿੰਦਾ ਹੈ ਤੇ ਕਈ ਵਾਰ ਸੱਚ-ਝੂਠ ਦੇ ਓਹਲੇ ਆਪਣੇ ਆਪ ਨੂੰ ਚੰਗਾ ਵੀ ਸਾਬਤ ਕਰ ਦਿਖਾਉਂਦਾ ਹੈ। ਇਹ ਬੰਦੇ ਸਾਡੇ ਵਿਚੋਂ ਦੇ ਹੀ ਹਨ, ਜਿਨ੍ਹਾਂ ਨੂੰ ਜਾਣਨਾ ਤੇ ਪਛਾਣਨਾ ਮੁਸ਼ਕਲ ਨਹੀਂ ਹੁੰਦਾ। ਇਹ ਵਰਤਾਰਾ ਇਨ੍ਹਾਂ ਕਹਾਣੀਆਂ ਪੇਸ਼ ਹੁੰਦਾ ਹੈ।

ਸੰਗ੍ਰਹਿ ਦੀ ਪਹਿਲੀ ਹੀ ਕਹਾਣੀ **'ਹਵਾ-ਹਵਾਈ'** ਵਿੱਚ ਇਕ ਅਧਿਆਪਕਾ ਆਪਣੇ ਭਰਾ ਦੀ ਮੰਗੇਤਰ ਕੁੜੀ ਨਾਲ ਫੋਨ ਉਤੇ ਗੱਲਾਂ ਕਰਦੇ ਹੋਏ, ਨਾ-ਨਾ ਕਰਦੇ ਵੀ ਵਿਆਹ ਵਿੱਚ ਲੈ ਕੇ ਆਉਣ ਵਾਲੇ ਸਾਮਾਨ ਦੀ ਲੰਬੀ ਤੇ ਭਾਰੀ ਸੂਚੀ ਗਿਣਾ ਦੇਂਦੀ ਹੈ, ਜਿਸ ਵਿੱਚ ਵੱਡੀ ਕਾਰ, ਨੇੜਲੇ ਰਿਸ਼ਤੇਦਾਰੀਆਂ ਲਈ ਕੱਪੜਿਆਂ ਤੋਂ ਇਲਾਵਾ ਸੋਨੇ ਦੀਆਂ ਮੁੰਦਰੀਆਂ, ਕੜੇ, ਸੋਨੇ ਦੇ ਸੈੱਟ, ਵੱਡਾ ਮੈਰਿਜ ਪੈਲੇਸ ਤੇ ਹੋਰ ਬਹੁਤ ਹੀ ਮਹਿੰਗਾ ਨਿਕ-ਸੁੱਕ ਸ਼ਾਮਲ ਹੁੰਦਾ ਹੈ। ਨਾਲ ਨਾਲ ਇਹ ਵੀ ਕਹੀ ਜਾਣਾ ਕਿ ਉਨ੍ਹਾਂ ਨੂੰ ਬਿਲਕੁਲ ਕੁਝ ਨਹੀਂ ਚਾਹੀਦਾ ਹੈ, ਇਹ ਸਭ ਸਮਾਜ ਨੂੰ ਦਿਖਾਉਣ ਲਈ ਹੈ। ਫਿਰ ਉਸ ਦਾ ਭਰਾ ਬੈਂਕ ਵਿੱਚ ਅਫ਼ਸਰ ਲੱਗਾ ਹੈ, ਇਹ ਸਭ ਉਸ ਦੀ ਹੈਸੀਅਤ ਮੁਜਬ ਹੈ, ਜਿਸ ਨਾਲ ਅਸਲ ਵਿੱਚ ਵੱਡਾ ਰੁਤਬਾ ਕੁੜੀ ਦੇ ਪਰਿਵਾਰ ਨੂੰ ਮਿਲਣਾ ਹੈ ਕਿ ਉਨ੍ਹਾਂ ਨੇ ਕਿੰਨਾ ਸੁਹਣਾ ਵਿਆਹ ਕੀਤਾ ਹੈ। ਗੱਲਾਂ-ਗੱਲਾਂ ਵਿੱਚ ਤਾਹਨੇ-ਮਿਹਣੇ ਮਾਰਨੇ ਤੇ ਆਪਣੇ ਲਾਲਚ ਨੂੰ ਸਮਾਜ ਵਿੱਚ ਇੱਜ਼ਤ ਦੇ ਤਮਗ਼ੇ ਵਜੋਂ ਸਥਾਪਤ ਕਰਨ ਦੇ ਇਵਜ਼ ਵਿੱਚ ਅਨੇਕਾਂ ਮਾਪੇ ਵਿਆਹ ਵੇਲੇ ਕਰਜ਼

ਦੇ ਭਾਰ ਹੇਠ ਦੱਬਦੇ ਜਾਂਦੇ ਹਨ। ਜੋ ਸਾਡੇ ਸਮਾਜ ਦੀ ਅਜਿਹੀ ਸੱਚਾਈ ਹੈ, ਜਿਸ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਇਨ੍ਹਾਂ ਸਾਰੀਆਂ ਗੱਲਾਂ ਨੂੰ ਆਪਣੀ ਮੰਗੇਤਰ ਕੋਲ ਬੈਠਾ ਮੁੰਡਾ ਸੁਣ ਕੇ ਹੈਰਾਨ ਹੋ ਜਾਂਦਾ ਹੈ ਕਿ ਉਸ ਦੀ ਭੈਣ ਮਨ 'ਚ ਕਿੰਨਾ ਕੂੜ ਲੈ ਕੇ ਬੈਠੀ ਹੈ। ਕਹਾਣੀ ਮਨੁੱਖ ਦੇ ਲਾਲਚ ਨੂੰ ਪੇਸ਼ ਕਰਦੀ ਹੈ। ਸਿਰਲੇਖ ਵਾਲੀ ਕਹਾਣੀ '**ਆਪਣਾ ਘਰ**' ਬਹੁ ਪਰਤੀ ਕਹਾਣੀ ਹੈ ਜਿਸ ਦੇ ਕੇਂਦਰ ਵਿੱਚ ਘਰ ਹੈ। ਪੀੜ੍ਹੀ ਪਾੜੇ ਤੋਂ ਉਪਜੇ ਦੁਖਾਂਤ ਨੂੰ ਕਹਾਣੀ ਪੇਸ਼ ਕਰਦੀ ਹੈ। ਕਹਾਣੀ ਦੀ ਨਾਟਕੀ ਸ਼ੈਲੀ ਪਾਠਕ ਨੂੰ ਪ੍ਰਭਾਵਿਤ ਕਰਨ ਵਾਲੀ ਹੈ। ਭਾਰਤ ਜਿਹੇ ਦੇਸ਼ ਵਿੱਚ ਓਲਡ ਏਜ਼ ਹੋਮਜ਼ ਦੀ ਵੱਧਦੀ ਤਾਦਾਦ ਇਸ ਗੱਲ ਦੀ ਹਾਮੀ ਭਰਦੀ ਹੈ ਕਿ ਹੁਣ ਇੱਥੇ ਘਰਾਂ ਵਿੱਚ ਬੁੱਢੇ ਤੇ ਬੁਜ਼ਰਗਾਂ ਲਈ ਥਾਂ ਦਿਨੋਂ-ਦਿਨ ਘੱਟਦੀ ਜਾਂਦੀ ਹੈ, ਭਾਵੇਂ ਕਹਿਣ ਉਹ ਘਰ ਕੋਠੀਆਂ ਜਿਹੇ ਵੱਡੇ ਹੋਣ। ਜਦੋਂ ਦਿਲਾਂ ਦੀ ਥਾਂ ਸਿਕੁੜਨ ਲੱਗੇ ਤਾਂ ਵੱਡੀਆਂ ਥਾਵਾਂ ਵੀ ਨਿਥਾਵੀਆਂ ਹੋ ਜਾਂਦੀਆਂ ਹਨ। ਸਰਕਾਰੀ ਅਫ਼ਸਰ ਰਹੇ ਵਿਜੈ ਬਾਬੂ ਅੰਦਰ ਇਹ ਗੱਲ ਹੁਣ ਨਾਸੂਰ ਬਣ ਗਈ ਕਿ ਭਰੇ-ਭਰਾਏ ਘਰ ਦੀ ਮਾਲਕਣ ਰਹੀ ਉਸ ਦੀ ਮਾਂ ਨੂੰ ਆਪਣੇ ਅੰਤਲੇ ਵਰ੍ਹੇ ਓਲਡ ਏਜ਼ ਹੋਮਜ਼ ਵਿੱਚ ਗੁਜ਼ਾਰਨੇ ਪਏ ਕਿਉਂਕਿ ਘਰ ਵਿੱਚ ਮਾਂ ਦੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਸੀ। ਉਹ ਮੀਆਂ-ਬੀਵੀ ਦਫ਼ਤਰਾਂ ਵਿੱਚ ਤੇ ਬੱਚੇ ਹੋਸਟਲਾਂ ਵਿੱਚ ਸਨ। ਘਰੇ ਬਿਮਾਰ ਮਾਂ ਦਾ ਖ਼ਿਆਲ ਸਾਰਾ ਦਿਨ ਤੇ ਰਾਤ ਕੌਣ ਰੱਖਦਾ। ਅੱਗੇ ਬੁਜ਼ਰਗ ਤੇ ਬੱਚੇ ਇਕ-ਦੂਜੇ ਦਾ ਸਹਾਰਾ ਹੁੰਦੇ ਸਨ ਪਰ ਹੁਣ ਬੱਚਿਆਂ ਨੂੰ ਪੜ੍ਹਾਈਆਂ ਦੇ ਨਾਂ ਉਤੇ ਘਰੋਂ ਬਾਹਰ ਭੇਜਣ ਕਾਰਣ ਜਿੱਥੇ ਬੱਚੇ ਘਰੋਂ ਟੁੱਟਦੇ ਜਾ ਰਹੇ ਹਨ, ਉਥੇ ਹੀ ਬੁਜ਼ਰਗ ਇੱਕਲਤਾ ਭੋਗਣ ਲਈ ਮਜ਼ਬੂਰ ਹੁੰਦੇ ਜਾਂਦੇ ਹਨ। ਅਜਿਹੀ ਪਸਰ ਰਹੀ ਦੂਰੀ ਨੂੰ ਇਕ ਹੋਰ ਕਹਾਣੀ '**ਵਕਤ**' ਵਿੱਚ ਵੀ ਦੇਖਿਆ ਜਾ ਸਕਦਾ ਹੈ। ਜਿੱਥੇ ਇਕ ਮਾਂ ਨੇ ਪੁੱਤਰ ਦੇ ਵਕਤ ਦੀ ਕੀਮਤ ਦਾ ਪਤਾ ਕਰਕੇ, ਉਸ ਨੂੰ ਦਿਨ ਵਿੱਚ ਇਕ ਘੰਟਾ ਆਪਣੇ ਲਈ ਰਾਖਵਾਂ ਰੱਖਣ ਲਈ, ਪੂਰੇ ਮਹੀਨੇ ਦੇ ਇੱਕਠੇ ਬਾਰ੍ਹਾਂ ਹਜ਼ਾਰ ਦਿੱਤੇ ਤਾਂ ਕਿ ਉਹ ਉਸ ਕੋਲ ਆ ਕੇ ਬੈਠ ਕੇ, ਦੁਖ-ਸੁਖ ਕਰ ਸਕੇ।

ਗੱਬੀ ਨੇ ਕੁਝ ਕਹਾਣੀਆਂ ਦੀ ਤਕਨੀਕ ਟੈਲੀਫੂਨ ਤੇ ਕੀਤੇ ਸੰਵਾਦ ਨੂੰ ਵੀ ਬਾ-ਖੂਬੀ ਨਾਲ ਵਰਤ ਲਿਆ ਹੈ। ਉਸ ਨੇ ਕਹਾਣੀ '**ਹਵਾ ਹਵਾਈ**' ਵਿੱਚ ਵਿਅੰਗ ਦੀ ਜੁਗਤ ਵੀ ਵਰਤੀ ਹੈ। ਕਹਾਣੀ ਵਿੱਚ ਮਸਲਾ ਦਾਜ ਦਾ ਹੈ ਪਰ ਬਿਰਤਾਂਤ ਵਿਅੰਗ ਵਾਲਾ ਹੈ। ਦਾਜ ਦੀ ਲਾਹਣਤ ਦੇ ਕਈ ਤਰ੍ਹਾਂ ਦੇ ਰੂਪ ਸਾਡੇ ਸਮਾਜ ਵਿੱਚ ਮਿਲ ਜਾਂਦੇ ਨੇ। ਓਪਰੇ ਧਰਾਤਲ ਤੇ ਹਰ ਕੋਈ ਦਾਜ ਦੇ ਖਿਲਾਫ਼ ਭੁਗਤਦਾ ਹੈ ਪਰ ਵਿਹਾਰ ਵਿੱਚ ਉਹਦੀ ਭੂਮਿਕਾ ਉਹ ਨਹੀਂ ਰਹਿੰਦੀ।

ਟੈਲੀਫੂਨ ਦੀ ਜੁਗਤ ਨੂੰ ਗੋਵਰਧਨ ਗੱਬੀ ਨੇ '**ਮੁਆਤੇ**' ਕਹਾਣੀ ਵਿੱਚ ਵੀ ਵਰਤੀ ਹੈ। ਕਹਾਣੀ ਵਿੱਚ ਦੋ ਪਾਤਰ ਹਨ ਜੋ ਸਮਾਜਿਕ ਸਮੱਸਿਆਵਾਂ 'ਤੇ ਚਰਚਾ ਕਰਦੇ ਹਨ। ਕਹਾਣੀ ਵਿੱਚ ਵਾਪਰਦਾ ਕੁਝ ਨਹੀਂ ਹੈ ਕੇਵਲ ਗੱਲਾਂ ਰਾਹੀ ਬਿਰਤਾਂਤ ਉਸਰਦਾ ਹੈ।

ਜੱਲਾਦ ਦੀ ਮਨੋਅਵਸਥਾ ਨੂੰ ਕਹਾਣੀਕਾਰ ਨੇ '**ਜੱਲਾਦ**' ਵਿੱਚ ਪੇਸ਼ ਕੀਤਾ ਹੈ। ਕਹਾਣੀ ਦਾ ਸੂਤਰਧਾਰ ਜੱਲਾਦ ਹੈ। ਜਿਹੜੇ ਆਪਣੇ ਮਨ ਦੀ ਅਵਸਥਾ ਬਿਆਨ ਕਰਦਾ ਹੈ। ਇਹ ਜੱਲਾਦ ਚਾਰ ਬਲਾਤਕਾਰੀ ਨੂੰ ਫਾਂਸੀ ਦੀ ਸਜ਼ਾ ਦੇਣ ਵਾਲਾ ਹੈ। ਉਸ ਪਾਤਰ ਦਾ ਫਾਂਸੀ ਦੇਣਾ ਇਕ ਕੰਮ ਹੈ। ਇਸ ਕੰਮ ਨਾਲ ਉਹ ਮਾਨਸਿਕ ਤੌਰ ਉੱਤੇ ਕਿਵੇਂ ਪੀੜਤ ਹੁੰਦਾ ਹੈ ਇਸ ਨੂੰ ਕਹਾਣੀ ਵਿੱਚ ਬਿਆਨ ਕੀਤਾ ਗਿਆ ਹੈ।

ਜਾਤੀ ਤੇ ਧਰਮ ਦੇ ਬੋਲਬਾਲੇ ਨੇ ਲੋਕਾਂ ਦੇ ਮਨਾਂ ਦੇ ਧੁਰ ਅੰਦਰ ਤਕ ਪਹੁੰਚ ਬਣਾ ਲਈ ਹੈ। ਜਦੋਂ ਤਕ ਲੋਕਾਂ ਦੀਆਂ ਗੱਡੀਆਂ ਸਾਫ਼ ਕਰਨ ਵਾਲੇ ਸ਼ਿਵ ਨਾਥ ਨੂੰ ਆਪਣੀ ਜਾਤੀ ਦੇ ਵੱਡੇ ਹੋਣ

ਦਾ ਪਤਾ ਨਹੀਂ ਸੀ ਕਿ ਉਹ ਆਰਾਮ ਨਾਲ ਲੋਕਾਂ ਦੇ ਘਰ ਵਿੱਚ ਚਾਹ-ਪਾਣੀ ਪੀ ਲੈਂਦਾ ਸੀ। ਪਰ ਇਸ ਗਲ ਦਾ ਪਤਾ ਲੱਗਦੇ ਹੀ ਚਾਹ ਪੀਣ ਨੂੰ ਮਨ੍ਹਾ ਕਰਨ ਦੇ ਬਹਾਨੇ ਵਜੋਂ ਉਸ ਨੂੰ **'ਸ਼ੁਗਰ ਰੋਗ'** ਹੋ ਜਾਂਦਾ ਹੈ। 'ਜਿਊਣ-ਮਰਨ' ਕਹਾਣੀ ਵਿੱਚ ਗਵਾਂਢਣਾਂ ਦੀ ਹਲਕੀ-ਫੁਲਕੀ ਗੱਲਬਾਤ ਵਿਚੋਂ ਪਤਾ ਲੱਗਦਾ ਹੈ ਕਿ ਮੌਤ ਵਡੇਰੀ ਉਮਰ ਵਿੱਚ ਹੋਣ ਤੇ ਵੀ ਲੋਕਾਂ ਨੂੰ ਉਹ ਅਣਹੋਣੀ ਹੀ ਜਾਪਦੀ ਹੈ। ਕਹਾਣੀ ਜਾਤੀ-ਪਾਤੀ ਵਿਤਰਦੇ ਨੂੰ ਆਪਣੀ ਲਪੇਟ ਵਿੱਚ ਲੈਂਦੀ ਹੈ। **'ਤੀਲੀ'** ਕਹਾਣੀ ਇਸ ਗੱਲ ਉਤੇ ਜ਼ੋਰ ਦੇਂਦੀ ਹੈ ਕਿ ਹੱਕ-ਹਲਾਲ ਦੀ ਕਮਾਈ ਅੰਞਾਈਂ ਨਹੀਂ ਜਾਂਦੀ। ਤਦੇ ਨੱਕ ਦੀ ਛੋਟੀ ਜਿਹੀ ਤੀਲੀ ਵੀ ਪਾਰਕ ਵਿੱਚ ਸਵੇਰੇ ਸੈਰ ਕਰਨ ਤੇ ਡਿੱਗ ਜਾਣ ਤੇ ਕੁਝ ਦੇਰ ਲੱਭਣ ਤੇ ਲੱਭ ਜਾਂਦੀ ਹੈ ਜਦਕਿ ਮਿਹਨਤ ਤੋਂ ਪਰ੍ਹੇ ਇੱਕਠੀਆਂ ਕੀਤੀਆਂ ਜਾਇਦਾਦਾਂ ਤੇ ਧਨ ਖੂਹ-ਖਾਤੇ ਹੀ ਪੈਂਦਾ ਹੈ।


ਕੋਰੋਨਾ ਕਾਲ ਦੇ ਨੁਕਸਾਨਾਂ ਦੇ ਨਾਲ ਬਹੁਤ ਫਾਇਦੇ ਵੀ ਹੋਏ। ਕੰਮਾਂ ਦੀ ਭੱਜਦੌੜ ਵਿੱਚ ਗੁੱਸੇ ਬੰਦਿਆਂ ਨੂੰ ਕੋਰੋਨਾ ਵਿੱਚ ਸ਼ਾਂਤੀ ਨਾਲ ਘਰਦਿਆਂ ਨਾਲ ਮਿਲ ਕੇ ਬੈਠਣ ਦਾ ਮੌਕਾ ਮਿਲਿਆ। ਫੁਰਸਤ ਹੋਣ ਤੇ ਉਹ ਕੁਦਰਤ ਨਾਲ ਵੀ ਜੁੜੇ। ਇਸ ਵੇਲੇ ਹੀ ਇਕ ਦੰਪਤੀ ਨੂੰ ਆਪਣੇ ਘਰ ਤੇ ਸਾਹਮਣੇ ਘਰ ਵਿੱਚ ਆਲ੍ਹਣਾ ਬਣਾਉਂਦੇ **'ਟਟੀਹਰੇ'** ਨਾਲ ਰਿਸ਼ਤਾ ਬਣਾਉਣ ਦਾ ਮੌਕਾ ਮਿਲਿਆ। ਉਹ ਉਸ ਦੇ ਆਂਡਿਆਂ ਲਈ ਪਰੇਸ਼ਾਨ ਹੋਣ ਲੱਗੇ। ਜੰਗਲ ਤੇ ਦਰਖ਼ਤਾਂ ਨਾਲ ਖੁੱਲ੍ਹੇ ਸਥਾਨਾਂ ਦੀ ਘਾਟ ਹੋਣ ਕਾਰਣ ਹੀ ਪਰਿੰਦੇ ਖ਼ਤਰਾ ਮੁੱਲ ਲੈ ਕੇ ਮਨੁੱਖਾਂ ਦੇ ਘਰਾਂ ਵਿੱਚ ਆਪਣੇ ਆਲ੍ਹਣੇ ਬਣਾ ਕੇ, ਆਪਣੇ ਆਂਡਿਆਂ ਵਿਚੋਂ ਬੋਟਾਂ ਦੇ ਨਿਕਲਣ ਤਕ ਦੀ ਰਾਖੀ ਤੇ ਦੇਖਭਾਲ ਕਰਦੇ ਦੇਖ, ਬਾਬੂ ਜੀ ਤੇ ਕਮਲਾ ਨੂੰ ਕੁਦਰਤ ਦੇ ਵਰਤਾਰੇ ਤੇ ਪਰਿੰਦਿਆਂ ਪ੍ਰਤੀ ਮੋਹ ਪੈਦਾ ਹੋ ਜਾਂਦਾ ਹੈ। ਅਸਲ ਵਿੱਚ ਹਰ ਪਾਸੇ ਹੀ ਸ਼ਹਿਰੀਂ ਥਾਵਾਂ ਨੂੰ ਵਸੋਂ ਅਧੀਨ ਲਿਆਉਣ ਕਾਰਣ ਪੰਛੀਆਂ, ਪਰਿੰਦਿਆਂ, ਪਸ਼ੂਆਂ ਦੇ ਰਹਿਣ ਦੀਆਂ ਥਾਵਾਂ ਖਤਮ ਹੁੰਦੀਆਂ ਜਾਂਦੀਆਂ ਹਨ। ਵਿਦੇਸ਼ਾਂ ਵੱਲ ਜਾਣ ਲਈ ਪਾਗਲ ਹੋਏ ਪਏ ਪੰਜਾਬੀਆਂ ਲਈ ਕੁਝ ਵੀ ਜਾਇਜ਼ ਨਹੀਂ ਰਿਹਾ। ਪਹਿਲੇ ਗ਼ਲਤ ਵਿਆਹ, ਫਿਰ ਪੜ੍ਹਾਈ ਦੇ ਸਹਾਰੇ, ਫਿਰ ਕੁੜੀਆਂ ਵੱਲੋਂ ਆਇਲੈਟਸ ਵਿੱਚੋਂ ਚੰਗੇ ਬੈਂਡ ਲੈਣ ਉਤੇ ਦਾਅ ਲਗਾਏ ਜਾਣ ਲੱਗੇ। ਮੁੰਡਿਆਂ ਨੂੰ ਬਾਹਰ ਲੰਘਾਉਣ ਲਈ ਕਈ ਤਰ੍ਹਾਂ ਦੇ ਸੌਦੇ ਕੀਤੇ ਜਾਣ ਲੱਗੇ। ਪਰ ਝੂਠ ਦੇ ਸਿਰ ਉਤੇ ਬਹੁਤ ਮਾਮਲੇ ਸਿਰ੍ਹੇ ਚੜ੍ਹਦੇ ਹੀ ਨਹੀਂ ਕਿਉਂਕਿ ਝੂਠ ਦੀ ਬੁਨਿਆਦ ਉਤੇ ਖੜੇ ਰਿਸ਼ਤਿਆਂ ਨੂੰ ਧੋਖੇ ਤੇ ਲਾਲਚ ਮਧੋਲ ਸੁੱਟਦੇ ਹਨ। ਕੁੜੀਆਂ ਦੇ ਪਰਿਵਾਰਾਂ ਨੇ ਵੀ ਇਸ ਨੂੰ ਵਪਾਰ ਵਾਂਗ ਵਰਤਣਾ ਸ਼ੁਰੂ ਕਰ ਦਿਤਾ ਹੈ। **'ਕੜਵਾ ਝੂਠ'** ਕਹਾਣੀ ਵੀ ਇਸੇ ਸੰਦਰਭ ਦੀ ਹੈ। ਸਮਝਣ ਦੀ ਲੋੜ ਹੈ, ਦੂਜਿਆਂ ਨੂੰ ਧੋਖਾ ਦੇ ਕੇ, ਕੋਈ ਆਪਣੇ ਲਈ ਖੁਸ਼ੀਆਂ ਕਿਵੇਂ ਮਾਣ ਸਕਦਾ ਹੈ? ਇਸ ਨਾਲ ਪੰਜਾਬੀਆਂ ਦੇ ਚਰਿਤਰ ਨੂੰ ਵੀ ਢਾਅ ਲੱਗਦੀ ਜਾਂਦੀ ਹੈ, ਜੋ ਬਾਹਰ ਨਿਕਲਣ ਲਈ ਜਾਇਜ਼-ਨਾਜਾਇਜ਼, ਨੈਤਿਕ-ਅਨੈਤਿਕਤਾ ਤੇ ਸੱਚ-ਝੂਠ ਨੂੰ ਬਿਲਕੁਲ ਹੀ ਭੁੱਲਦੇ ਜਾਂਦੇ ਹਨ। ਪਤਾ ਨਹੀਂ ਠੱਗੀ ਤੇ ਫਰੇਬ ਦੇ ਇਹੋ ਜਿਹੇ ਢੰਗ ਉਨ੍ਹਾਂ ਨੂੰ ਸੁੱਝਦੇ ਕਿਵੇਂ ਹਨ?

ਸੰਗ੍ਰਹਿ ਦੀਆਂ ਕਹਾਣੀਆਂ **'ਸੌਦਾ'** ਅਤੇ **'ਕੜਵਾ ਝੂਠ'** ਪਰਵਾਸ ਵੱਲ ਝਾਕਦੇ ਪਾਤਰਾਂ ਦੀ ਮਨੋਦਸ਼ਾ ਬਿਆਨ ਕਰਦੀ ਹੈ। ਵਿਦੇਸ਼ ਜਾਣ ਲਈ ਵਿਆਹ ਇਕ ਕੜੀ ਹੈ। ਜਿਸ ਵਿੱਚ ਨਿੱਜੀ ਹਿੱਤ ਜੁੜੇ ਹੋਏ ਹਨ। ਸਮੁੱਚੀਆਂ ਕਹਾਣੀਆਂ ਦੀ ਪੜਤ ਤੋਂ ਇਹ ਗੱਲ ਸਹਿਜੇ ਕਹੀ ਜਾ ਸਕਦੀ ਹੈ ਕਿ ਕਹਾਣੀਕਾਰ ਕੋਲ ਮੱਧ ਵਰਗੀ ਜੀਵਨ ਦਾ ਬਰੀਕ ਅਨੁਭਵ ਹੈ। ਉਸ ਨੂੰ ਕਹਾਣੀ ਕਹਿਣ ਦੀ ਜਾਚ ਵੀ ਆਉਂਦੀ ਹੈ। ਕਹਾਣੀ ਵਿੱਚ ਕਈ ਨਵੀਆਂ ਜੁਗਤਾਂ ਨੂੰ ਵੀ ਵਰਤਿਆ ਹੈ।

(**ਸੰਪਰਕ- 9868182835**)

# ਪਲ ਦੋ ਪਲ ਦੀ ਮਨੋਵਿਗਿਆਨਕ ਪੜ੍ਹਤ

**ਡਾ. ਸੰਦੀਪ ਰਾਣਾ**




ਮਨ ਦੀਆਂ ਡੂੰਘੀਆਂ ਪਰਤਾਂ ਹੇਠ ਦੱਬੇ ਅਹਿਸਾਸਾਂ ਨੂੰ ਸੁੰਦਰ ਸ਼ਬਦਾਂ ਵਿੱਚ ਪਰੋ ਕੇ ਸਮਾਜ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਮਨ ਮਾਨ ਦਾ **'ਪਲ ਦੋ ਪਲ'** (**ਪ੍ਰਕਾਸ਼ਕ: ਆੱਟਮ ਆਰਟ, ਪਟਿਆਲਾ, ਮੁੱਲ:** 275, **ਪੰਨੇ:** 213, **ਸਾਲ:** 2024) ਪਹਿਲਾ ਨਾਵਲ ਹੈ। ਇਕ ਕਵਿਤਰੀ ਵੱਜੋ ਪੰਜਾਬੀ ਸਾਹਿਤ ਜਗਤ ਵਿੱਚ ਆਪਣੀ ਥਾਂ ਬਣਾ ਚੁੱਕੀ ਇਸ ਨਾਵਲਕਾਰਾ ਨੇ ਨਾਰੀ ਦੇ ਸਵੈ ਦੀ ਤਲਾਸ਼ ਕਰਨ ਹਿੱਤ ਆਪਣੇ ਮਨ ਨਾਲ਼ ਸੰਘਰਸ਼ ਕਰਦੇ ਪਾਤਰ ਚਿਤਰੇ ਹਨ। ਉਹ ਇਕ ਔਰਤ ਦੀ ਜ਼ਖ਼ਮੀ ਮਾਨਸਿਕਤਾ ਨੂੰ ਬਿਆਨ ਕਰਦੀ ਜ਼ਿਹਨ ਦੀਆਂ ਗੁੰਝਲਾਂ ਅਤੇ ਮਸਲਿਆਂ ਨੂੰ ਪੇਸ਼ ਕਰਦੀ ਹੈ ਅਤੇ ਉਸਦੇ ਸੰਵੇਦਨਸ਼ੀਲ ਭਾਵਾਂ ਨੂੰ ਸੂਖ਼ਮ ਢੰਗ ਨਾਲ ਪ੍ਰਗਟਾਉਣ ਦਾ ਯਤਨ ਕਰਦੀ ਹੈ। ਇਸ ਨਾਵਲ ਦੇ ਬਿਰਤਾਂਤ ਦੇ ਨਾਲ ਕਈ ਥਾਂਈਂ ਨਾਵਲਕਾਰਾ ਜ਼ਿੰਦਗੀ ਦੀਆਂ ਸੱਚਾਈਆਂ, ਔਰਤ ਮਨ ਤੇ ਵਿਅਕਤੀਗਤ ਚੇਤਨਾ ਬਾਰੇ ਆਪਣੇ ਵਿਚਾਰ ਵੀ ਪ੍ਰਗਟਾਉਂਦੀ ਹੈ ਜੋ ਅਸਲ ਵਿੱਚ ਮਨੋਵਿਗਿਆਨਕ ਢੰਗ ਨਾਲ਼ ਵਿਅਕਤੀ ਦੀ ਮਾਨਸਿਕਤਾ ਬਾਰੇ ਸੱਚੇ ਜੀਵਨ ਅਨੁਭਵ 'ਤੇ ਆਧਾਰਿਤ ਹਨ। 30 ਕਾਂਡਾਂ ਵਿੱਚ ਵੰਡੇ ਇਸ ਨਾਵਲ ਦਾ ਪਾਠ ਕਰਦਿਆਂ ਪਾਠਕ ਸਮੇਂ ਦੀ ਅਹਿਮੀਅਤ ਨੂੰ ਸਮਝਦਾ ਹੋਇਆ ਇਸ ਨਾਵਲ ਦੀ ਮੁਖ ਪਾਤਰ ਆਸ਼ੀ ਦੇ ਕਿਰਦਾਰ ਨੂੰ ਆਪਣੇ ਤਸੱਵਰ ਵਿੱਚ ਸੰਜੀਵ ਕਰਦਾ ਹੈ। ਇਕ ਸੰਵੇਦਨਸ਼ੀਲ ਅਤੇ ਅਤਿ ਭਾਵੁਕ ਸ਼ਖ਼ਸੀਅਤ ਦੀ ਮਾਲਕ ਆਸ਼ੀ ਮਾਨਸਿਕ ਬਿਮਾਰੀ ਨਾਲ਼ ਗ੍ਰਸਤ ਹੈ ਜਿਸ ਤੋਂ ਸੰਭਲਣ ਦੀ ਜੱਦੋ ਜਹਿਦ ਨਾਵਲ ਦੇ ਪੂਰੇ ਕਥਾਨਕ ਵਿੱਚ ਚੱਲਦੀ ਹੈ।

ਨਾਵਲਕਾਰਾ ਉਸਦੇ ਮਨ ਦੀਆਂ ਉਲਝਣਾਂ ਨੂੰ ਪੇਸ਼ ਕਰਕੇ ਸੁਲਝਾਉਣ ਦੇ ਯਤਨ ਹੇਠ ਹੀ ਸਾਰਾ ਕਥਾਨਕ ਉਸਾਰਦੀ ਹੈ। ਇਹ ਸੱਚ ਹੈ ਕਿ ਪੱਛਮੀ ਪ੍ਰਭਾਵਾਂ ਅਧੀਨ ਪਨਪ ਰਹੇ ਪਦਾਰਥਵਾਦੀ ਮਨੁੱਖੀ ਜੀਵਨ ਵਿੱਚ ਵਿਅਕਤੀਗਤ ਮਾਨਸਿਕ ਸੰਤੁਲਨ ਗੁਆਚ ਰਿਹਾ ਹੈ। ਕੰਮ ਕਾਜ ਦੀਆਂ ਥਾਵਾਂ, ਘਰ-ਪਰਿਵਾਰਾਂ ਅਤੇ ਦੋਸਤਾਂ-ਮਿੱਤਰਾਂ ਵਿੱਚ ਪਿਆਰ-ਮੁਹੱਬਤ ਦੀ ਥਾਂ ਮਾਨਸਿਕ ਚਿੰਤਾ ਨੇ ਲੈ ਲਈ ਹੈ। ਅੱਜ ਦਾ ਮਨੁੱਖ ਭਵਿੱਖ ਦੇ ਉਹਨਾਂ ਚੰਗੇ ਪਲਾਂ ਲਈ ਵਰਤਮਾਨ ਨੂੰ ਖ਼ਰਾਬ ਕਰ ਰਿਹਾ ਹੈ ਜਿਨ੍ਹਾਂ ਦੇ ਆਉਣ ਦਾ ਇਮਕਾਨ ਬਹੁਤ ਘੱਟ ਹੈ। ਹੱਥਲਾ ਨਾਵਲ ਵੀ ਜੀਵਨ ਦਾ ਅਜਿਹਾ ਚਿੱਤਰ ਹੀ ਪਾਠਕ ਸਾਹਮਣੇ ਪੇਸ਼ ਕਰਦਾ ਹੈ। ਮਨੋਵਿਗਿਆਨਕ ਢੰਗ ਨਾਲ਼ ਆਸ਼ੀ ਤੇ ਨਾਵਲ ਦੇ ਹੋਰ ਪਾਤਰਾਂ ਦੀ ਮਾਨਸਿਕਤਾ ਦਾ ਵਿਖਿਆਨ ਵੀ ਇਸ ਨਾਵਲ ਵਿੱਚ ਸੂਖ਼ਮਤਾ ਨਾਲ ਕੀਤਾ ਹੈ। ਇਸ ਨਾਵਲ ਦੀ ਸ਼ੁਰੂਆਤ ਵਿੱਚ ਹੀ ਅੰਤਰਮੁਖੀ ਆਸ਼ੀ ਦੀ ਮਨੋਬਚਨੀ ਪੜ੍ਹਕੇ ਪਾਠਕ ਉਸਦੇ ਕਿਰਦਾਰ ਬਾਰੇ ਕਈ ਕਿਆਸ-ਅਰਾਈਆਂ ਲਗਾਉਂਦਾ ਹੈ। ਪਹਿਲੇ ਸਫ਼ੇ ਨੂੰ ਪੜ੍ਹ ਕੇ ਪਾਠਕ ਇਹ ਅੰਦਾਜ਼ਾ ਲਾ ਵੀ ਲੈਂਦਾ ਹੈ ਕਿ ਇਹ ਨਾਵਲਕਾਰਾ ਪਹਿਲਾਂ ਇੱਕ ਕਵਿਤਰੀ ਹੈ। ਉਸ ਦਾ

ਭਾਵਾਂ ਅਤੇ ਅਹਿਸਾਸਾਂ ਨੂੰ ਸਾਹਿਤ ਰੂਪ ਵਿੱਚ ਵਿਅਕਤ ਕਰਨ ਦਾ ਢੰਗ ਉਹੀ ਕਵਿਤਰੀ ਵਾਲਾ ਹੀ ਰਿਹਾ ਹੈ। ਉਸਦਾ ਤੇਜ ਵਗਦੀ ਹਵਾ ਨੂੰ ਕੀਤਾ ਸੰਬੋਧਨ ਇਸ ਗੱਲ ਦੀ ਹਾਮੀ ਭਰਦਾ ਵਿਖਾਈ ਦਿੰਦਾ ਹੈ, "ਨੀ ਹਵਾਏ ! ਵੈਰਨੇ, ਪਲ ਭਰ ਦੇ ਸਾਥ ਦਾ ਵਾਅਦਾ ਕਰ, ਤੂੰ ਵਿਚਾਰੇ ਪੱਤੇ ਦੀ ਜਾਨ ਲੈ ਲਵੇਂਗੀ।"[1]

ਆਸ਼ੀ ਦੇ ਕਿਰਦਾਰ ਦੇ ਅੰਤਰ ਮੁਖੀ ਹੋਣ ਤੇ ਉਸ ਸਮੇਂ ਗੱਲ ਹੋਰ ਸਾਫ਼ ਹੋ ਜਾਂਦੀ ਹੈ ਜਦੋਂ ਉਹ ਇਸ ਹਵਾ ਦੇ ਨਾਲ਼ ਨਾਲ਼ ਆਪਣੇ ਕੈਨਵਸ, ਰੰਗਾਂ ਅਤੇ ਚਿੱਤਰਾਂ ਨਾਲ ਸੰਵਾਦ ਰਚਾਉਂਦੀ ਦਿਸਦੀ ਹੈ। ਇਹ ਨਿਰਜੀਵ ਵਸਤਾਂ ਮਨ ਦੇ ਭਾਵਾਂ ਅਤੇ ਅਹਿਸਾਸਾਂ ਨਾਲ ਉਸਦੀਆਂ ਗੱਲਾਂ, ਉਸਦੇ ਗੀਤ ਸੁਣਦੀਆਂ ਵੀ ਲੱਗਦੀਆਂ ਹਨ। ਨਾਵਲ ਦਾ ਦੂਸਰਾ ਪਾਤਰ ਇੰਦਰ ਵੀ ਆਸ਼ੀ ਦੀ ਇਕੱਲਤਾ ਤੇ ਅੰਤਰ ਮੁਖਤਾ ਨੂੰ ਭੰਗ ਨਹੀਂ ਕਰ ਸਕਦਾ ਕਿਉਂਕਿ ਆਸ਼ੀ ਆਪਣੀ ਇਸ ਤਸੱਵਰੀ ਕਾਇਨਾਤ ਵਿੱਚੋਂ ਬਾਹਰ ਨਹੀਂ ਆਉਣਾ ਚਾਹੁੰਦੀ ਤੇ ਇੰਦਰ ਉਸਤੋਂ ਨਿੱਜੀ ਪਲਾਂ ਵਿੱਚੋਂ ਦੋ ਕੁ ਪਲਾਂ ਦੀ ਮੰਗ ਰੱਖਦਾ ਹੈ। ਆਸ਼ੀ ਦੀ ਆਪਣੀ ਕਹਾਣੀ ਉਸਦੀ ਮਾਂ ਦੀ ਕਹਾਣੀ ਨਾਲ ਸ਼ੁਰੂ ਹੁੰਦੀ ਹੈ ਜੋ ਉਸਨੇ ਆਪਣੀ ਮਾਮੀ ਦੇ ਮੁੱਖੋਂ ਸੁਣੀ ਹੁੰਦੀ ਹੈ। ਆਪਣੀ ਮਾਂ ਦੇ ਜੀਵਨ ਨਾਲ ਜੁੜੇ ਅਹਿਸਾਸਾਂ ਅਤੇ ਉਸਦੇ ਮਨ ਦੀ ਵੇਦਨਾ ਨੂੰ ਆਪਣੇ ਸਵੈ 'ਤੇ ਮਹਿਸੂਸ ਕਰਦੀ ਆਸ਼ੀ ਆਪਣੀ ਮਾਂ ਨੂੰ ਕੋਹੇਨੂਰ ਹੀਰੇ ਵਾਂਗ ਬੇਸ਼ਕੀਮਤੀ ਮੰਨਣ ਲੱਗਦੀ ਹੈ। ਇੱਕ ਸਿੱਧੀ ਲਕੀਰ ਵਾਹੁਣ ਨੂੰ ਜੀਵਨ ਦੇ ਸੰਤੁਲਨ ਨਾਲ ਜੋੜਦੀ ਨਾਵਲਕਾਰਾ ਆਸ਼ੀ ਦੇ ਜੀਵਨ ਦੇ ਸੰਤੁਲਨ ਨੂੰ ਵੀ ਚਿਤਰਦੀ ਹੈ। ਅਸਲ ਵਿੱਚ ਆਸ਼ੀ ਤੋਂ ਨਾ ਸਿੱਧੀ ਲਕੀਰ ਵਾਹੀ ਜਾਂਦੀ ਸੀ ਤੇ ਨਾ ਹੀ ਉਸ ਤੋਂ ਜੀਵਨ ਵਿਚਲਾ ਸੰਤੁਲਨ ਬਰਕਰਾਰ ਰੱਖਿਆ ਜਾਂਦਾ ਹੈ। ਅਜਿਹੇ ਸਮੇਂ ਉਹ ਕਈ ਵਾਰ ਆਪਣੀ ਮਾਂ ਨੂੰ ਕੋਸਦੀ ਤੇ ਕਹਿੰਦੀ, "ਅੰਮੀ ਮੈਨੂੰ ਜੰਮਣ ਬਿਨਾਂ ਤੇਰਾ ਕੀ ਥੁੜ੍ਹਿਆ ਪਿਆ ਸੀ। ਕਿਹੜੇ ਤਪੱਸਵੀ ਦੀ ਤਪੱਸਿਆ ਭੰਗ ਕਰਕੇ ਉਮਰ ਦੇ ਦੋ ਦਹਾਕੇ ਬੀਤ ਜਾਣ ਮਗਰੋਂ ਮੇਰੀ ਹੋਣੀਂ ਆਪਣੇ ਨਸੀਬ ਵਿੱਚ ਲਿਖਾ ਲਿਆਈ।"[2] ਮਾਂ ਉਸਨੂੰ ਸਮਝਾਉਂਦੀ ਪਰ ਆਸ਼ੀ ਮਾਂ ਨੂੰ ਇੱਕ ਪਰਬਤ ਮੰਨਦੀ ਤੇ ਆਪਣੇ ਹੀ ਵਿਚਾਰਾਂ ਵਿੱਚ ਡੁੱਬੀ 1984 ਸੰਨ ਦੀ ਇੱਕ ਸ਼ਾਮ ਵਿੱਚ ਪੁੱਜ ਜਾਂਦੀ ਜਦ ਉਸ ਦੇ ਦਾਦੇ ਨੂੰ ਕਤਲ ਕਰ ਦਿੱਤਾ ਗਿਆ ਸੀ। ਉਸ ਕਾਲੇ ਦੌਰ ਨੂੰ ਯਾਦ ਕਰਦੀ ਉਹ ਸਾਦੀ ਕਥਾ ਯਾਦ ਕਰਦੀ ਹੈ ਕਿ ਕਿਵੇਂ ਜਦ ਕਤਲ ਹੋਇਆ ਤਾਂ ਸਾਰੇ ਘਟਨਾ ਕ੍ਰਮ ਦੀ ਦੋਸ਼ੀ ਹੋਣ ਦਾ ਦੋਸ਼ ਆਸ਼ੀ ਦੇ ਮੱਥੇ ਮੜ੍ਹਿਆ ਗਿਆ ਸੀ। ਨਾਵਲਕਾਰਾ ਇਹਨਾਂ ਸਾਰੀਆਂ ਘਟਨਾਵਾਂ ਦੇ ਨਾਲ ਹੀ ਰਿਸ਼ਤਿਆਂ ਦੀ ਰਵਾਇਤੀ ਵਿਆਖਿਆ ਕਰਦੀ ਵੀ ਨਜ਼ਰ ਆਉਂਦੀ ਹੈ। ਉਹ ਲਿਖਦੀ ਹੈ, "ਬਾਬਲ ਸ਼ਬਦ ਖ਼ੁਦਮੁਖਤਿਆਰੀ ਦਾ, ਡਿਕਟੇਟਰਸ਼ਿਪ ਦਾ ਪ੍ਰਤੀਕ ਹੁੰਦਿਆਂ ਹੋਇਆਂ ਵੀ ਕਿੰਨਾ ਸੁਖਦ ਹੈ।"[3] ਆਪਣੇ ਬਚਪਨ ਵਿੱਚ ਆਸ਼ੀ ਆਪਣੀ ਲਿਆਕਤ ਤੇ ਆਪਣੀ ਸ਼ਕਲ-ਓ-ਸੂਰਤ ਕਾਰਨ ਹਰ ਇੱਕ ਦੀ ਚਹੇਤੀ ਬਣੀ ਰਹਿੰਦੀ ਹੈ, ਜਿਸ ਕਾਰਨ ਉਸਦਾ ਮਨੋਬਲ ਵੀ ਉੱਚਾ ਰਹਿੰਦਾ ਹੈ ਪਰ ਉਸਦੇ ਅਵਚੇਤਨ ਵਿੱਚ ਕਿਸੇ ਥਾਂ ਇਹ ਬੋਝ ਜ਼ਰੂਰ ਪਿਆ ਰਹਿੰਦਾ ਹੈ ਕਿ ਉਹ ਆਪਣੇ ਦਾਦੇ ਦੇ ਕਤਲ ਦੀ ਦੋਸ਼ੀ ਹੈ। ਸਕੂਲ ਵਿੱਚ ਪੜ੍ਹਦਿਆਂ ਉਸਦੇ ਜੀਵਨ ਨੂੰ ਚਿਤਰਤ ਕਰਦਿਆਂ ਨਾਵਲਕਾਰਾ ਜ਼ਿੰਦਗੀ ਬਾਰੇ ਆਪਣੇ ਵਿਚਾਰ ਵੀ ਦਰਸਾਉਂਦੀ ਹੈ, "ਜ਼ਿੰਦਗੀ ਨੂੰ ਪਦਾਰਥਵਾਦੀ ਯੁੱਗ ਵੱਲ ਕਿੰਝ ਮੋੜਿਆ ਜਾ ਸਕਦਾ ਹੈ ਇਹ ਸਕੂਲ ਹੀ ਸਿਖਾ ਦਿੰਦਾ। ਸਕੂਲ ਜਿੱਥੇ ਬਰਾਬਰਤਾ ਦਾ ਪਾਠ ਸਿਖਾਉਣਾ ਸਭ ਤੋਂ ਪਹਿਲੀਂ ਪਹਿਲ ਹੋਣੀ ਚਾਹੀਦੀ ਉੱਥੇ ਬੱਚੇ ਦਾ ਨਾਂ ਲਿਖਾਉਂਦਿਆਂ ਹੀ ਪਹਿਲਾਂ ਜਾਤ ਪੁੱਛੀ ਜਾਂਦੀ ਹੈ।"[4]

ਆਸ਼ੀ ਨਾਲ਼ ਸਕੂਲ ਵਿੱਚ ਪੜ੍ਹਦੀ ਉਸਦੀ ਸਹੇਲੀ ਨਿਰਮਲ ਉਸਦੇ ਬਣਾਏ ਚਿੱਤਰਾਂ 'ਤੇ

ਕਵਿਤਾਵਾਂ ਦੀਆਂ ਸਤਰਾਂ ਲਿਖ ਦਿੰਦੀ ਅਤੇ ਉਨਾਂ ਦੀ ਇਸ ਸਵਾਰਥ ਹਿਤ ਦੋਸਤੀ ਦੀ ਚਾਰੇ ਪਾਸੇ ਚਰਚਾ ਵੀ ਹੁੰਦੀ। ਜਦ ਆਸ਼ੀ ਡਾਕਟਰੀ ਦੀ ਪੜ੍ਹਾਈ ਲਈ ਦਿੱਲੀ ਪਹੁੰਚਦੀ ਹੈ ਤਾਂ ਪੁਨੀਤ ਨਾਂ ਦਾ ਲੜਕਾ ਉਸਦੀ ਜ਼ਿੰਦਗੀ 'ਚ ਆਉਂਦਾ ਹੈ ਤੇ ਨਾਲ ਹੀ ਉਸਦੀਆਂ ਰੂਮ ਮੇਟ ਅਮਨ ਤੇ ਸੋਨੀਆ ਉਸਦੀਆਂ ਨਵੀਆਂ ਦੋਸਤ ਬਣਦੀਆਂ ਹਨ ਪਰ ਇਸੇ ਦੌਰਾਨ ਆਸ਼ੀ ਦੀਆਂ ਖੁਸ਼ੀਆਂ ਨੂੰ ਨਜ਼ਰ ਲੱਗ ਜਾਂਦੀ ਹੈ ਜਦੋਂ ਉਸਦੇ ਚਾਚੇ ਦੀ ਨੂੰਹ,ਉਸਦੀ ਪਿਆਰੀ ਭਾਬੀ ਰਿਸ਼ਮ ਖੁਦਕੁਸ਼ੀ ਕਰ ਲੈਂਦੀ ਹੈ। ਉਹ ਇਸ ਦੁਖਦਾਈ ਘਟਨਾ ਵਿੱਚੋਂ ਸਾਰੀ ਉਮਰ ਬਾਹਰ ਨਹੀਂ ਨਿਕਲ ਸਕਦੀ ਕਿਉਂਕਿ ਉਸਦਾ ਮਾਨਸਿਕ ਬੋਝ ਹੌਲੀ ਹੌਲੀ ਮਾਨਸਿਕ ਬਿਮਾਰੀ ਦੀ ਸ਼ਕਲ ਇਖਤਿਆਰ ਕਰ ਲੈਂਦਾ ਹੈ। ਉਸਦੇ ਦੁਖੀ ਤੇ ਡਿਪਰੈਸ਼ਨ ਵਿੱਚ ਰਹਿਣ ਨਾਲ ਉਸਦੀਆਂ ਸਹੇਲੀਆਂ ਰਿਸ਼ਤੇਦਾਰ ਤੇ ਪਰਿਵਾਰ ਵਾਲੇ ਵੀ ਦੁਖੀ ਹੁੰਦੇ ਹਨ। ਮਾਪੇ ਉਸਦਾ ਮਾਨਸਿਕ ਇਲਾਜ਼ ਵੀ ਕਰਾਉਂਦੇ ਹਨ ਪਰ ਆਸ਼ੀ ਦੀ ਸੰਵੇਦਨਸ਼ੀਲਤਾ ਕਾਰਨ ਉਸਦੀ ਮਾਨਸਿਕ ਅਸੁਰੱਖਿਆ ਦੀ ਭਾਵਨਾ ਹੱਦੋਂ ਵੱਧ ਜਾਂਦੀ ਹੈ। ਉਸਦੇ ਇਸ ਅਸੰਤੁਲਿਤ ਅਵਚੇਤਨ ਦੀ ਰਹਿਨੁਮਾਈ ਉਸਦੇ ਸੁਫ਼ਨੇ ਕਰਦੇ ਹਨ ਜੋ ਉਸ ਨੂੰ ਲੱਗਦਾ ਹੈ ਕਿ ਅਸਲ ਜ਼ਿੰਦਗੀ ਵਿੱਚ ਸੱਚ ਹੁੰਦੇ ਹਨ। ਆਪਣੀ ਇਸ ਮਾਨਸਿਕ ਅਵਸਥਾ ਦੇ ਬਾਵਜੂਦ ਉਹ ਆਪਣੀ ਪੜ੍ਹਾਈ ਵਿੱਚ ਵਧੀਆ ਨੰਬਰ ਲੈਂਦੀ ਰਹਿੰਦੀ ਹੈ ਪਰ ਉਸਦੀ ਮਾਨਸਿਕ ਹਾਲਤ ਵਿੱਚ ਕੋਈ ਸੁਧਾਰ ਨਹੀਂ ਹੁੰਦਾ। ਨਵੇਂ ਹੋਸਟਲ ਵਿੱਚ ਆ ਕੇ ਸੋਨੀਆ, ਸੁਪ੍ਰੀਆ, ਸੁਮਨ ਦੀਦੀ ਅਤੇ ਰਾਹਤ ਵਰਗੇ ਕਈ ਇਸਤਰੀ ਕਿਰਦਾਰ ਉਸਦੇ ਜੀਵਨ ਵਿੱਚ ਆਉਂਦੇ ਹਨ ਪਰ ਇਹਨਾਂ ਵਿੱਚੋਂ ਕੋਈ ਵੀ ਆਸ਼ੀ ਦੀ ਮਾਨਸਿਕ ਹਾਲਤ ਸੁਧਾਰਨ ਦਾ ਜ਼ਰੀਆ ਨਹੀਂ ਬਣਦਾ। ਉਸਦੇ ਜ਼ਿਹਨ ਵਿੱਚ ਅਪਰਾਧ ਬੋਧ ਦੀ ਭਾਵਨਾ ਇਸ ਢੰਗ ਨਾਲ ਘਰ ਕਰ ਜਾਂਦੀ ਹੈ ਕਿ ਉਹ ਆਪਣੇ ਪਰਿਵਾਰ ਵਿੱਚ ਹੋਈਆਂ ਮੌਤਾਂ ਦਾ ਦੋਸ਼ੀ ਆਪਣੇ ਆਪ ਨੂੰ ਹੀ ਮੰਨਦੀ ਹੈ ਤੇ ਹੋਰ ਵੱਧ ਅੰਤਰ ਮੁਖੀ ਹੋ ਜਾਂਦੀ ਹੈ। ਹੌਲੀ ਹੌਲੀ ਕੁਝ ਸਹੀ ਹੋ ਕੇ ਆਸ਼ੀ ਔਰਤਾਂ ਲਈ ਇੱਕ ਸੰਸਥਾ ਹਾਰਮਨੀ ਬਾਂਡ ਆਫ਼ ਰਿਲੇਸ਼ਨਜ਼ ਸ਼ੁਰੂ ਕਰਦੀ ਹੈ ਜਿਸ ਸੰਸਥਾ ਨੂੰ ਸ਼ੁਰੂ ਕਰਨ ਸਮੇਂ ਪੁਨੀਤ ਉਸਦੀ ਪੂਰੀ ਮਦਦ ਕਰਦਾ ਹੈ ਤੇ ਰੂਬੀ ਵਰਗੀਆਂ ਕਈ ਔਰਤਾਂ ਦੀ ਮਦਦ ਇਹ ਸੰਸਥਾ ਕਰਦੀ ਹੈ। ਉਹ ਇਸ ਸਭ ਸਮਾਜ ਸੇਵੀ ਕੰਮਾਂ ਨਾਲ਼ ਆਪਣੇ ਜੀਵਨ ਨੂੰ ਸਹੀ ਰਸਤੇ 'ਤੇ ਲੈ ਆਉਣ ਦਾ ਯਤਨ ਕਰਦੀ ਹੈ ਅਤੇ ਇਸ ਵਿੱਚ ਕਾਮਯਾਬ ਵੀ ਹੁੰਦੀ ਹੈ ਪਰ ਉਸਦੇ ਮੰਗੇਤਰ ਪੁਨੀਤ ਤੇ ਉਸਦੇ ਪਿਤਾ ਦੀ ਮੌਤ ਨਾਲ ਫਿਰ ਉਸੇ ਜ਼ਿਹਨੀਅਤ ਵਿੱਚ ਪੁੱਜ ਜਾਂਦੀ ਹੈ। ਨਾਵਲ ਦੇ ਅੰਤਿਮ ਪਸਾਰ ਵਿੱਚ ਉਸਦੇ ਮੰਗੇਤਰ ਪੁਨੀਤ ਦਾ ਦੋਸਤ ਇੰਦਰ ਆਸ਼ੀ ਨਾਲ ਆਸ਼ੀ ਦਾ ਦੋਸਤ ਬਣ ਉਸਨੂੰ ਇਸ ਚੱਕਰਵਿਊ ਵਿੱਚੋਂ ਕੱਢਣ ਲਈ ਉਪਰਾਲੇ ਕਰਦਾ ਹੈ ਪਰ ਆਸ਼ੀ ਇੰਦਰ ਵਿੱਚੋਂ ਪੁਨੀਤ ਨੂੰ ਹੀ ਲੱਭਦੀ ਹੈ। ਆਸ਼ੀ ਆਪਣੇ ਇਸ ਮਾਨਸਿਕ ਦੁੱਖ ਵਿੱਚੋਂ ਨਿਕਲਣ ਦੀ ਆਪ ਵੀ ਕੋਸ਼ਿਸ਼ ਕਰ ਰਹੀ ਸੀ ਤੇ ਇੰਦਰ ਵੀ ਉਸਦਾ ਪੂਰਾ ਸਾਥ ਦੇ ਰਿਹਾ ਸੀ। ਇੰਨੇ ਯਤਨਾਂ ਦੇ ਬਾਵਜੂਦ ਉਹ ਆਪਣੇ ਮਕਸਦ ਵਿੱਚ ਉਸ ਹੱਦ ਤੱਕ ਕਾਮਯਾਬ ਹੋ ਹੀ ਨਹੀਂ ਸਕੀ। ਸ਼ਾਇਦ ਉਹ ਪੁਨੀਤ ਅਤੇ ਆਪਣੇ ਪਿਤਾ ਦੀ ਮੌਤ ਦਾ ਗ਼ਮ ਨਾਲ ਲੈ ਕੇ ਹੀ ਜਿਉਣਾ ਚਾਹੁੰਦੀ ਸੀ। ਉਸਨੇ ਕੋਸ਼ਿਸ਼ ਕੀਤੀ ਅਤੇ ਆਪਣੇ ਆਲੇ ਦੁਆਲੇ ਇੱਕ ਅਜਿਹਾ ਦਾਇਰਾ ਬਣਾ ਲਿਆ ਜਿਸ ਵਿੱਚ ਉਹ ਪੁਨੀਤ ਨੂੰ ਮਹਿਸੂਸ ਕਰ ਸਕਦੀ ਸੀ, ਉਸ ਨਾਲ ਗੱਲਾਂ ਕਰ ਸਕਦੀ ਸੀ ਅਤੇ ਇਸੇ ਦਾਇਰੇ ਵਿੱਚ ਇੰਦਰ ਕਦੀ ਪੁਨੀਤ ਦਾ ਰੂਪ ਧਾਰ ਕੇ ਹੀ ਦਾਖ਼ਲ ਹੁੰਦਾ ਪਰ ਜਿਆਦਾਤਰ ਆਸ਼ੀ ਇਸ ਦਾਇਰੇ ਵਿੱਚ ਇਕੱਲੀ ਹੀ ਵਸਣਾ ਪਸੰਦ ਕਰਦੀ ਇਸੇ ਦਾਇਰੇ ਵਿੱਚ ਪੁਨੀਤ ਨਾਲ ਸੰਵਾਦ ਰਚਾਉਂਦੀ ਹੋਈ ਉਹ ਅੰਤ ਨੂੰ ਆਪਣੇ ਗਮ ਨਾਲ ਹੀ ਖ਼ਤਮ

ਹੋ ਜਾਂਦੀ ਹੈ।

ਇਸ ਨਾਵਲ ਦੀ ਸਿਰਜਣਾ ਦੀ ਮਦਦ ਨਾਲ ਨਾਵਲਕਾਰਾਂ ਦੇ ਸਮਾਜ ਨੂੰ ਸੁਚੇਤ ਕਰਨ ਦੇ ਕੁਝ ਪ੍ਰਯੋਜਨ ਵੀ ਸਾਹਮਣੇ ਆਉਂਦੇ ਹਨ ਜਿਨ੍ਹਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੋ ਜਾਂਦਾ ਹੈ। ਨਾਵਲਕਾਰਾ ਇਸ ਨਾਵਲ ਰਾਹੀਂ ਹੱਦੋਂ ਵੱਧ ਸੰਵੇਦਨਸ਼ੀਲ ਨੌਜਵਾਨਾਂ ਦੀ ਜ਼ਿੰਦਗੀ ਵਿੱਚ ਇਸ ਸੰਵੇਦਨਸ਼ੀਲਤਾ ਕਾਰਨ ਆਉਣ ਵਾਲੇ ਦੁੱਖਾਂ ਨੂੰ ਚਿਤਰਦੀ ਹੈ ਕਿਉਂਕਿ ਅਜੋਕੇ ਯੁੱਗ ਵਿੱਚ ਜਦ ਮਾਂ ਬਾਪ ਆਪਣੇ ਬੱਚਿਆਂ ਨੂੰ ਹੱਦੋਂ ਵੱਧ ਸੁਰੱਖਿਆ ਅਤੇ ਹੱਦੋਂ ਵੱਧ ਸੁਵਿਧਾਵਾਂ ਪ੍ਰਦਾਨ ਕਰ ਰਹੇ ਹਨ ਤਾਂ ਬੱਚਿਆਂ ਦੀ ਆਪਣੇ ਪੱਧਰ' ਤੇ ਆਪਣੇ ਫ਼ੈਸਲੇ ਲੈਣ ਦੀ ਸਮਰੱਥਾ ਘੱਟ ਰਹੀ ਹੈ। ਇਸੇ ਕਾਰਨ ਉਹਨਾਂ ਦਾ ਬੌਧਿਕ ਵਿਕਾਸ ਇੱਕ ਸੀਮਾ ਦੇ ਅੰਦਰ ਰਹਿ ਕੇ ਹੀ ਹੁੰਦਾ ਹੈ ਜਦੋਂ ਕਿ ਉਹਨਾਂ ਵਿੱਚ ਕਾਬਲੀਅਤ ਇਸ ਨਾਲੋਂ ਕਿਤੇ ਵੱਧ ਹੁੰਦੀ ਹੈ। ਉਹ ਬਣੀ ਬਣਾਈ ਸੰਰਚਨਾ ਵਿੱਚ ਫਿੱਟ ਹੋਣਾ ਚਾਹੁੰਦੇ ਹਨ ਤੇ ਆਪਣਾ ਨਵਾਂ ਰਸਤਾ ਨਹੀਂ ਲੱਭਣਾ ਚਾਹੁੰਦੇ। ਅਜਿਹੇ ਹੀ ਵਿਅਕਤੀ ਆਪਣੇ ਅਗਲੇਰੇ ਜੀਵਨ ਵਿੱਚ ਦੁੱਖਾਂ ਨਾਲ ਅੰਦਰੋਂ ਟੁੱਟ ਜਾਂਦੇ ਹਨ ਅਤੇ ਮਾਨਸਿਕ ਤੌਰ 'ਤੇ ਬਿਮਾਰ ਹੋ ਕੇ ਆਪਣਾ ਜੀਵਨ ਬਰਬਾਦ ਕਰ ਲੈਂਦੇ ਹਨ। ਆਸ਼ੀ ਭਾਵੇਂ ਇਸ ਮਾਨਸਿਕ ਬਿਮਾਰੀ ਤੋਂ ਪੀੜਿਤ ਹੈ ਅਤੇ ਉਹ ਇਸ ਮਾਨਸਿਕ ਸੰਤਾਪ ਦੀ ਪੀੜ ਨੂੰ ਸਮਝਦੀ ਵੀ ਹੈ ਤਾਂ ਹੀ ਉਹ ਮਨੋਵਿਗਿਆਨਿਕ, ਸਮਾਜਿਕ ਅਤੇ ਪਰਵਾਰਿਕ ਸਮੱਸਿਆਵਾਂ ਦੇ ਹੱਲ ਲਈ ਇੱਕ ਸੰਸਥਾ ਬਣਾਉਂਦੀ ਹੈ। ਇਸੇ ਸੰਸਥਾ ਕਾਰਨ ਉਸ ਨੂੰ ਜੀਵਨ ਦਾ ਮਕਸਦ ਮਿਲਦਾ ਹੈ। ਨਾਵਲਕਾਰਾ ਦੀ ਸ਼ੈਲੀ ਦੀ ਇਕ ਖ਼ਾਸੀਅਤ ਇਹ ਵੀ ਹੈ ਕਿ ਕਿਸੇ ਹੱਦ ਤੱਕ ਉਹ ਇਸ ਨਾਵਲ ਦੇ ਪਾਤਰ ਆਪਣੇ ਆਲੇ ਦੁਆਲੇ ਵਿੱਚੋਂ ਹੀ ਚੁਣਦੀ ਹੈ। ਉਹ ਔਰਤ ਪਾਤਰਾਂ ਵਿੱਚ ਆਪਣੇ ਸਵੈ ਨੂੰ ਵੀ ਚਿੱਤਰਦੀ ਹੈ। ਇਸ ਗੱਲ ਦੀ ਪੁਸ਼ਟੀ ਲਈ ਉਸਦੀ ਆਪਣੀ ਲਿਖੀ ਭੂਮਿਕਾ ਨੂੰ ਧਿਆਨ ਵਿੱਚ ਲਿਆਂਦਾ ਜਾ ਸਕਦਾ ਹੈ ਜਿਸ ਵਿੱਚ ਉਹ ਸ਼ੁਰੂਆਤ ਵਿੱਚ ਹੀ ਕਵਿਤਾ ਜਾਂ ਸਾਹਿਤ ਰਚਨਾ ਤੋਂ ਬਾਅਦ ਦੀ ਕੈਫ਼ੀਅਤ ਦਾ ਜ਼ਿਕਰ ਕਰਦੀ ਹੈ। ਇਹ ਇਸ ਸਿਰਜਣਾ ਤੋਂ ਬਾਅਦ ਆਪਣੇ ਜ਼ਿਹਨ ਨੂੰ ਖਾਲੀ ਮੰਨਣ ਤੋਂ ਇਨਕਾਰੀ ਹੈ। ਉਸੇ ਤਰ੍ਹਾਂ ਉਸ ਦੁਆਰਾ ਘੜੀ ਔਰਤ ਪਾਤਰ ਆਸ਼ੀ ਆਪਣੇ ਚਿੱਤਰ ਬਣਾ ਕੇ ਆਪਣੇ ਆਪ ਨੂੰ ਮੁਕਤ ਕਰਨਾ ਚਾਹੁੰਦੀ ਹੈ ਪਰ ਫਿਰ ਕੋਈ ਹੋਰ ਅਧੂਰਾ ਅਭਿਆਸ ਸਾਹਮਣੇ ਆ ਪ੍ਰਗਟ ਹੁੰਦਾ ਹੈ। ਉਹ ਲਿਖਦੀ ਹੈ, "ਭਾਬੀ ਦੇ ਖਿਆਲ, ਸੁਫ਼ਨੇ, ਕਹਾਣੀਆਂ ਉਹਦੇ ਦਿਮਾਗ਼ ਅਤੇ ਮਨ ਦੀ ਧਰਤ ਮੱਲੀ ਰੱਖਦੇ। ਜਦੋਂ ਸਭ ਬਹੁਤ ਬੋਝਲ ਹੋ ਜਾਂਦਾ ਤਾਂ ਆਸ਼ੀ ਬਾਲਕੋਨੀ ਵਿਚ ਬੈਠ ਜਾਂਦੀ।"[5]

ਕਾਵਿਕ ਸ਼ੈਲੀ ਅਤੇ ਮਨੋਵਿਗਿਆਨਕ ਸ਼ੈਲੀ ਇਸ ਨਾਵਲ ਨੂੰ ਇਕ ਵੱਖਰੇ ਆਯਾਮ ਵਿੱਚ ਸਥਾਪਤ ਕਰਦੀ ਹੈ ਜਿਸ ਕਾਰਨ ਹੀ ਇਹ ਨਾਵਲ ਪੰਜਾਬੀ ਗਲਪ ਜਗਤ ਵਿੱਚ ਆਪਣਾ ਸਥਾਨ ਬਣਾਉਣ ਅਤੇ ਵਿਚਾਰ ਚਰਚਾਵਾਂ ਦਾ ਵਿਸ਼ਾ ਬਣਨ ਵਿੱਚ ਕਾਮਯਾਬ ਹੋ ਰਿਹਾ ਹੈ।

**ਹਵਾਲੇ**


1. ਮਨ ਮਾਨ, ਪਲ ਦੋ ਪਲ, ਆੱਟਮ ਆਰਟ, ਪਟਿਆਲਾ, 2024, ਪੰਨਾ 11

2. ਉਹੀ, ਪੰਨਾ 21

3 ਉਹੀ, ਪੰਨਾ 29

4 ਉਹੀ, ਪੰਨਾ 34

5. ਉਹੀ, ਪੰਨਾ 94


(**ਸੰਪਰਕ : 98728-87551**)


## ਹੁੰਘਾਰਾ

'ਹਨੇਰੇ ਦਾ ਪਿਓ' ਬਲਬੀਰ ਪਰਵਾਨੇ ਦੀ ਕਹਾਣੀ ਮੈਨੂੰ ਉਹਦੇ ਕੱਦ ਤੋਂ ਨੀਵੀਂ ਜਾਪੀ। ਕਹਾਣੀ ਮੁਤਾਬਕ ਸਮਾਜਿਕ ਸੰਸਕਾਰਾਂ ਅੰਦਰ ਰਹਿ ਕੇ ਹੀ ਕੋਈ ਗੱਲ ਪ੍ਰਵਾਨ ਚੜ੍ਹਦੀ। ਇਸ ਤੋਂ ਬਾਹਰ ਰਹਿ ਕੇ ਤੁਸੀਂ ਕਿਸੇ ਦਾ ਕਿੰਨਾ ਵੀ ਕਰੋ, ਨਿਰਾਸ਼ਾ ਪੱਲੇ ਪੈਂਦੀ। ਇਸ ਕਹਾਣੀ ਦੇ ਪਾਤਰ–ਜੀਊਣਾ, ਮਾਲਾਂ, ਪ੍ਰੀਤੋ ਬਿਨਾਂ ਕਾਰਣੋ, ਕਹਾਣੀਕਾਰ ਨੇ ਐਂ ਮਾਰ ਦਿੱਤੇ ਜਿਵੇਂ ਉਹ ਕੋਈ ਆਲੂ–ਮੂਲੀਆਂ ਕੱਟੀ ਦੀਆਂ। ਬੰਦੇ ਨੂੰ ਇੰਝ ਮਾਰ ਦੇਣਾ ਜਾਇਜ਼ ਨਹੀਂ, ਖ਼ਾਸਕਰ ਕਹਾਣੀ 'ਚ। ਗੁਰਮੀਤ ਕੜਿਆਲ਼ਵੀ ਨੇ 'ਮੇਨਕਾ', ਆਂਚਲਿਕਤਾ ਦੇ ਪਹਿਰਾਵੇ 'ਚ ਕਮਾਲ ਦੀ ਕਹਾਣੀ ਕਹੀ। ਪਰ ਮੈਨੂੰ ਥੋੜ੍ਹੀ ਸੰਚਾਰ ਦੀ ਸਮੱਸਿਆ ਲੱਗੀ। ਬਲਦੇਵ ਢੀਂਡਸਾ ਦੀ ਕਹਾਣੀ– 'ਬੇਸਹਾਰਾ ਨਹੀਂ' ਵਿਚ ਕਿਸਾਨੀ ਸਮੱਸਿਆਵਾਂ ਨੂੰ ਬਰੀਕੀ ਨਾਲ਼ ਫੜਦਿਆਂ, ਪੇਂਡੂ ਵਾਰਤਾਲਾਪ ਰਾਹੀਂ ਕੱਸਿਆ ਵਿਅੰਗ ਢੁਕਵਾਂ ਲੱਗਾ। ਪਰ ਕੁਝ ਵਾਧੂ ਬਿਆਨਬਾਜੀ ਕਹਾਣੀ ਦੀ ਰੋਚਕਤਾ ਨੂੰ ਭੰਗ ਕਰਦੀ ਹੈ। ਨਿਰੰਜਣ ਬੋਹਾ ਦੀ 'ਗੁੰਗਾ ਇਨਕਲਾਬ' ਵਿਚ ਗੁੰਗੀ ਔਰਤ ਦੀਆਂ ਹਰਕਤਾਂ, ਭਾਵਨਾਵਾਂ ਰਾਹੀਂ ਕਹਾਣੀ ਦੀ ਸਾਧਾਰਣਤਾ ਵਿੱਚ ਵੀ ਵੱਡੀ ਗੱਲ ਕਹਿ ਦਿੱਤੀ। ਪਤਨੀ ਗੁੰਗੀ ਹੋਣ ਦੇ ਬਾਵਜ਼ੂਦ ਵੀ ਉਹਦੇ ਅੰਦਰਲੇ ਜਜ਼ਬੇ ਨੂੰ ਜੋ ਲੇਖਕ ਨੇ ਬੋਲ ਦਿੱਤੇ, ਉਹ ਕਮਾਲ ਹੈ। ਸਰਬਜੀਤ ਕੌਰ ਸੋਹਲ ਦੀ ਕਹਾਣੀ– 'ਮੈਂ ਅਜੇ ਜੀਊਂਦਾ ਸਾਂ' ਦੀਆਂ ਘਟਨਾਵਾਂ ਮੈਨੂੰ ਫਿਲਮੀਨੁਮਾ/ਨਾਟਕੀ ਲੱਗੀਆਂ। ਵੈਸੇ ਉਹਦੀ ਕਾਵਿਕ ਭਾਸ਼ਾ ਮਨ ਨੂੰ ਟੁੰਬਦੀ ਹੈ। ਹਰਮੇਸ਼ ਮਾਲੜੀ ਦੀ 'ਮਿਰਗਛਲੀ' ਕਹਾਣੀ ਮੈਨੂੰ ਜਿਆਦਾ ਪਸੰਦ ਆਈ। ਗਰੀਬੀ ਦੀ ਚੱਕੀ 'ਚ ਪਿਸਦਾ ਬੰਦਾ ਆਪਣੀ ਕਬੀਲਦਾਰੀ ਤੋਰਨ ਲਈ, ਆਪਣੀਆਂ ਰੀਝਾਂ ਖ਼ਾਤਰ ਉਹਨੂੰ ਕੀ ਕੁਝ ਨਹੀਂ ਕਰਨਾ ਪੈਂਦਾ। ਕਹਾਣੀ 'ਚ ਸਮਾਜ ਦੇ ਚਿਤਰਣ ਦੀ ਭਾਸ਼ਾ ਹੈਰਾਨ ਕਰਨ ਵਾਲ਼ੀ ਲੱਗੀ। ਪਰ ਹਾਂ, ਕਹਾਣੀ ਦਾ ਅੰਤ ਮੈਨੂੰ ਠੀਕ ਨਹੀਂ ਲੱਗਾ। ਸੋਮਾ ਸਬਲੋਕ ਦੀ ਕਹਾਣੀ 'ਜਨਮ ਸਫ਼ਲ ਹੋਇਓ ਮੈਂਡਾ' ਕਹਾਣੀ ਵਹਿਮਾਂ–ਭਰਮਾਂ 'ਤੇ ਵਿਅੰਗਮਈ, ਕਰਾਰੀ ਚੋਟ ਕਰਦੀ। ਪਰ ਮਿਥਿਹਾਸ ਜਿਵੇਂ ਲੋਕਾਂ ਦੇ ਖ਼ੂਨ ਵਿਚ ਰਚ ਚੁੱਕਾ ਪਰ ਕਹਾਣੀਕਾਰਾ ਫਿਰ ਵੀ ਆਸ਼ਾਵਾਦੀ ਹੈ ਕਿ ਕਿਤੇ ਤਾਂ ਹਨੇਰੇ 'ਚ ਕੋਈ ਚਾਨਣ ਦੀ ਲੀਕ ਹੈ। ਉਪਦੇਸ਼ਾਤਮਕ ਭਾਸ਼ਣ ਲੱਗਣ ਦੇ ਬਾਵਜੂਦ ਵੀ ਕਹਾਣੀ ਵਧੀਆ ਸੇਧ ਦਿੰਦੀ ਹੈ। ਤੇਲੂ ਰਾਮ ਕੁਹਾੜਾ ਦੀ 'ਕਾਗਜ਼ ਉੱਤੇ ਛਪੀ ਐਨਕ' ਦਾ ਵਿਅੰਗ ਅੱਜ ਦੀ ਸਿਆਸਤ, ਅਫ਼ਸਰਸ਼ਾਹੀ 'ਤੇ ਕਰਾਰਾ ਵਿਅੰਗ ਹੈ ਜੋ ਦਿਖਾਵੇ ਲਈ ਸਵੱਛ ਮਹਿੰਮਾਂ ਚਲਾਉਂਦੀ ਹੈ ਪਰ ਅਸਲੀਅਤ ਇਸ ਦੇ ਉਲਟ ਹੁੰਦੀ ਹੈ। ਇਹ ਸਿਰਫ਼ ਇਕ ਕਾਗਜ਼ੀ ਕਾਰਵਾਈ ਬਣ ਕੇ ਰਹਿ ਜਾਂਦੀ ਹੈ। ਜ਼ਮੀਨੀ ਜ਼ਾਮਾ ਪਹਿਨਾਣ ਵਾਲ਼ਿਆਂ ਨੂੰ ਕੋਈ ਪੁੱਛਦਾ ਨਹੀਂ। ਜਿੰਦਰ ਨਾਲ਼ ਕੀਤੀ ਮੁਲਾਕਾਤ ਪੜ੍ਹ ਕੇ ਉਹਦੇ ਸਾਹਿਤਕ ਸਫ਼ਰ, ਸਿਰੜ, ਮਿਹਨਤ, ਸੰਤ ਸੁਭਾ ਦੇ ਦਰਸ਼ਨ ਹੋਏ। ਬੇਸ਼ਕ ਉਹਦੀ ਕਹਾਣੀ ਸਮਝਣ ਵਿਚ ਕਈ ਵਾਰ ਮੈਨੂੰ ਸਮੱਸਿਆ ਆਉਂਦੀ ਪਰ ਮੈਂ ਸੋਚਦਾਂ ਕਿ ਸ਼ਾਇਦ ਮੇਰੀ ਸਮਝ ਹੀ ਉਹਦੇ ਹਾਣ ਦੀ ਨਾ ਹੋ ਸਕੀ ਹੋਵੇ। ਢਾਹਾਂ ਇਨਾਮ ਮਿਲ਼ਣ ਨਾਲ਼ ਮੈਨੂੰ ਉਹਦੀ ਮਿਹਨਤ ਦਾ ਮੁੱਲ ਪਿਆ ਜਾਪਦਾ।

'ਸਾਹਿਤਕ ਪੱਤਰਕਾਰੀ ਸੰਕਟ ਦੇ ਦੌਰ ਵਿੱਚ' ਪੜ੍ਹ ਕੇ ਸੰਪਾਦਕ ਦਾ ਦੁਖ ਮੈਨੂੰ ਆਪਣਾ ਦੁੱਖ ਲੱਗਿਆ। ਇਹ ਸਾਰੇ ਸੰਪਾਦਕਾਂ/ਲੇਖਕਾਂ ਦੀ ਸਾਂਝੀ ਵੱਡੀ ਸਮੱਸਿਆ ਹੈ। ਸੰਪਾਦਕਾਂ ਦੇ ਨਾਲ਼–ਨਾਲ਼ ਪਾਠਕਾਂ ਦਾ ਵੀ ਫ਼ਰਜ਼ ਬਣਦਾ ਕਿ ਇਸ ਸੰਕਟ ਦੀ ਘੜੀ ਨਾਲ਼ ਖੜ੍ਹ ਕੇ, ਆਰਥਿਕ ਮਦਦ ਕਰਨ। ਰਸਾਲਿਆਂ ਦੀ ਚੜ੍ਹਦੀ ਕਲਾ ਲਈ ਦੁਆਵਾਂ।

**- ਜੋਗੇ ਭੰਗਲ**

## ਮੇਰਾ ਸਟੱਡੀ ਟੇਬਲ - ਭਗਵੰਤ ਰਸੂਲਪੁਰੀ





**ਜ਼ੁਬੈਰ ਅਹਿਮਦ ਦੀਆਂ ਚੋਣਵੀਆਂ ਕਹਾਣੀਆਂ**

ਜ਼ੁਬੈਰ ਹੁਰਾਂ ਦੀ ਏਸ ਕਿਤਾਬ 'ਚੋਂ 15 ਚੋਣਵੀਆਂ ਕਹਾਣੀਆਂ ਪੜ੍ਹ ਕੇ ਉਹਦੀ ਨਿਵੇਕਲੀ ਸ਼ੈਲੀ ਦਾ ਪਤਾ ਲੱਗਦਾ ਏ। ਜਿਵੇਂ ਉਹ ਨਵੇਂ ਤਰੀਕੇ ਨਾਲ ਕਹਾਣੀ ਕਹਿੰਦਾ ਏ ਇਹੀ ਦਿਲਚਸਪ ਏ। ਜ਼ੁਬੈਰ ਦੀ ਕਹਾਣੀ 'ਚ ਬੜੀ ਸੂਖ਼ਮਤਾ ਏ। ਸਵੈਟਰ, ਬੂਹਾ ਖੁੱਲ੍ਹਾ ਏ, ਮੁਰਦਾ ਤਾਰੀ, ਕਬੂਤਰ, ਬਨੇਰੇ ਤੇ ਗਲੀਆਂ, ਪਾਣੀ ਦੀ ਕੰਧ ਕਹਾਣੀਆਂ ਵਿੱਚ ਉਹ ਨੇ ਪਾਤਰਾਂ ਤੇ ਘਟਨਾਵਾਂ ਦਾ ਅਜਿਹਾ ਬੀੜ ਤਿਆਰ ਕੀਤਾ ਏ ਕਿ ਪਾਠਕ ਉਹਦਾ ਮੁਰੀਦ ਹੋ ਕੇ ਰਹਿ ਜਾਂਦਾ ਏ। ਉਹਦੇ ਕੋਲ ਭਾਸ਼ਾ ਦੀ ਬੜੀ ਅਮੀਰੀ ਏ। 'ਵਲੀ ਅੱਲ੍ਹਾ ਗਵਾਚ ਗਿਆ ਏ' ਕਹਾਣੀ 'ਚ ਵਲੀ ਪਾਤਰ ਨੂੰ ਓਹਨੇ ਬੜੀ ਰੀਝ ਨਾਲ ਸਾਡੇ ਮੋਹਰੇ ਰੱਖਿਆ ਏ। 'ਬਾਜਵਾ ਹੁਣ ਗੱਲ ਨਹੀਂ ਕਰਦਾ' ਕਹਾਣੀ ਵਿੱਚ ਬਾਜਵਾ ਵੀ ਦੁਰਲੱਭ ਪਾਤਰ ਏ। ਕਹਾਣੀਆਂ ਦੀ ਚੋਣ ਖ਼ਾਲਿਦ ਫ਼ਰਹਾਦ ਧਾਰੀਵਾਲ ਦੀ ਏ। ਅਮਰਜੀਤ ਚੰਦਨ ਨੇ 'ਵੇਲੇ ਦੀ ਸਾਖੀ' ਜ਼ੁਬੈਰ ਬਾਰੇ ਦਿਲਚਸਪ ਬਿਰਤਾਂਤ ਲਿਖਿਆ ਏ। ਅੰਤ ਵਿੱਚ ਖ਼ਾਲਿਦ ਵਲੋਂ ਕੀਤੀ ਜ਼ੁਬੈਰ ਦੀ ਮੁਲਾਕਾਤ ਏ। ਜਿਹਦੇ ਵਿੱਚ ਉਹਨੇ ਕਹਾਣੀ , ਪਾਕਿਸਤਾਨ ਦੇ ਗਰੁੱਪਾ ਬਾਰੇ ਗੱਲਾਂ ਕੀਤੀਆਂ ਨੇ। ਉਹ ਕਹਿੰਦਾ ਏ ਤਕਨੀਕ ਬਿਨਾਂ ਮੁੱਦਾ ਕੁੱਝ ਵੀ ਨਹੀਂ ਹੁੰਦਾ। ਜ਼ੁਬੈਰ ਨਿੱਕੀ ਹੁਨਰੀ ਕਹਾਣੀ ਦਾ ਮਾਹਰ ਏ। 'ਸੰਗਮ ਪਬਲਿਸ਼ਰਜ਼' ਨੇ ਕਿਤਾਬ ਛਾਪੀ ਏ।

**ਲਹਿੰਦੇ ਪੰਜਾਬ ਦੀਆਂ ਚੋਣਵੀਆਂ ਪੰਜਾਬੀ ਕਹਾਣੀਆਂ**

ਜ਼ੁਬੈਰ ਨੇ ਇਸ ਪੁਸਤਕ ਵਿੱਚ ਲਹਿੰਦੇ ਪੰਜਾਬ ਦੀਆਂ 10 ਕਹਾਣੀਆਂ ਨੂੰ ਸੰਪਾਦਤ ਕੀਤਾ ਏ। ਜਿਸ ਤੋਂ ਸਮਕਾਲੀ ਸਮੇਂ 'ਚ ਲਹਿੰਦੇ ਪਾਸੇ ਲਿਖੀ ਜਾ ਰਹੀ ਕਹਾਣੀ ਦੀ ਕਨਸੋਅ ਮਿਲ ਜਾਂਦੀ ਏ। ਜ਼ੁਬੈਰ ਆਪਣੇ ਮੁੱਖਬੰਦ 'ਚ ਦੱਸਦਾ ਏ ਕਿ ਲਹਿੰਦੇ ਪੰਜਾਬ 'ਚ ਚੌਥੀ ਪੀੜ੍ਹੀ ਕਹਾਣੀ ਲਿਖ ਰਹੀ ਏ। ਇਹ ਕਹਾਣੀਆਂ ਲਹਿੰਦੇ ਪੰਜਾਬੀ ਖਿੱਤੇ ਦਾ ਮੁਹਾਂਦਰਾ ਘੜਦੀਆਂ ਨੇ। ਏਸ ਕਿਤਾਬ 'ਚ ਜਮੀਲ ਅਹਿਮਦ ਪਾਲ, ਜ਼ੁਬੈਰ ਅਹਿਮਦ, ਨੈਣ ਸੁੱਖ, ਮਲਿਕ ਮਿਹਰ ਅਲੀ, ਜ਼ੋਇਆ ਸਾਜਿਦ, ਖ਼ਾਲਿਦ ਫਰਹਾਦ ਧਾਰੀਵਾਲ, ਕਰਾਮਤ ਅਲੀ ਮੁਗ਼ਲ, ਸ਼ਹਿਜ਼ਾਦ ਅਸਲਮ ਦੀਆਂ ਸ਼ਾਹਕਾਰ ਕਹਾਣੀਆਂ ਨੇ ਜੋ ਮੁਸਲਿਮ ਕਲਚਰ 'ਚ ਵਿਚਰਦੇ ਪਾਤਰਾਂ ਦੀ ਮਨੋਚੇਤਨਾ ਦੀ ਥਾਹ ਪਾਉਂਦੀਆਂ ਨੇ। ਕਿਤਾਬ 'ਚ ਕੁਝ ਅਸਲੋਂ ਨਵੇਂ ਕਥਾਕਾਰ ਦੀ ਝਲਕ ਮਿਲਦੀ ਏ। ਨਿਮਾਣੇ (ਨਸੀਰ ਅਹਿਮਦ), ਤੇ ਤੁਬਕਾ-ਤੁਬਕਾ ਰੁੜ੍ਹਦੀ ਰਹਿਮਤ (ਅੰਬਰ ਹੁਸੈਨੀ) ਸੱਜਰੀ ਕਹਾਣੀ ਲਿਖਣ ਵਾਲੇ ਨੇ। ਕਿਤਾਬ ਨੂੰ 'ਸੰਗਮ ਪਬਲਿਸ਼ਰਜ਼' ਨੇ ਛਾਪਿਆ ਏ।




**ਮੀਨਾ ਕੁਮਾਰੀ ਦੀ ਡਾਇਰੀ**





ਮੀਨਾ ਕੁਮਾਰੀ ਫਿਲਮੀ ਇੰਡਸਟਰੀ ਦੀ ਅਜ਼ੀਮ ਅਦਾਕਾਰਾਂ, ਸ਼ਾਇਰ ਤੇ ਸੰਵੇਦਨਸ਼ੀਲ ਜ਼ੇਹਨ ਦੀ ਮਾਲਕ ਸੀ। ਜੋਗਿੰਦਰ ਪਾਲ ਮਾਨ ਹੁਰਾਂ ਉਰਦੂ ਤੋਂ ਲਿਪੀਅੰਤਰ ਕੀਤੀ ਡਾਇਰੀ ਪੜ੍ਹ ਕੇ ਸੁਆਦ ਆ ਜਾਂਦਾ ਏ। ਮੀਨਾ ਕੁਮਾਰੀ ਨੇ ਆਪਣੀ ਜ਼ਿੰਦਗੀ ਦੇ ਉਨ੍ਹਾਂ ਪਲਾਂ ਨੂੰ ਲਿਖਿਆ ਏ ਜਦੋਂ ਉਹ ਕਮਾਲ ਅਮਰੋਹੀ ਦੇ ਨੇੜੇ ਆਉਂਦੀ ਏ। ਕਮਾਲ ਸਾਹਿਬ ਉਹਨੂੰ ਫਿਲਮੀ ਅਦਾਕਾਰ ਦੇ ਤੌਰ ਤੇ ਤਰਾਸ਼ਦਾ ਏ ਤੇ ਉਹਦਾ ਮੁੱਲ ਵੱਟਦਾ ਏ। ਬਾਪ ਦੇ ਵਿਰੋਧ ਦੇ ਬਾਵਜ਼ੂਦ ਉਹ ਕਮਾਲ ਨਾਲ ਨਿਕਾਹ ਕਰ ਲੈਂਦੀ ਏ। ਫਿਰ ਸੰਤਾਪ ਹੰਢਾਉਂਦੀ ਏ। ਕਿਵੇਂ ਕਮਾਲ ਉਹਨੂੰ ਫਿਲਮਾਂ ਤੋਂ ਕਿਨਾਰੇ ਕਰਨ ਲੱਗ ਪੈਂਦਾ ਏ। ਕਿਵੇਂ ਮੀਨਾ ਗ਼ਮ ਦੂਰ ਕਰਨ ਲਈ ਦਾਰੂ ਦਾ ਸਰਾਹਾ ਲੈਂਦੀ ਏ ਇਹ ਸਾਰੇ ਬਿਰਤਾਂਤ ਮੀਨਾ ਨੇ ਆਪਣੀ ਡਾਇਰੀ ਵਿੱਚ ਲਿਖੇ ਨੇ। ਕਮਾਲ ਪ੍ਰਤੀ ਮੀਨਾ ਦੀ ਮਨੋਦਸ਼ਾ ਦੇ ਅਹਿਸਾਸ ਨੂੰ ਵੀ ਇਸ ਡਾਇਰੀ ਰਾਹੀ ਸਮਝਿਆ ਜਾ ਸਕਦਾ ਏ। ਮੀਨਾ ਦੀ ਜ਼ਿੰਦਗੀ ਦੇ ਕੁਝ ਕੁ ਟੁਕੜੇ ਹੀ ਇਸ ਡਾਇਰੀ ਵਿੱਚ ਨੇ। ਮੀਨਾ, ਬਾਬੂ ਤੇ ਕਮਾਲ ਵਿਚਕਾਰ ਸੰਤਾਪ ਹੰਢਾਉਂਦੀ ਏ। ਉੱਚੇ ਰੁਤਬੇ ਤੇ ਪੁੱਜੀ ਮੀਨਾ ਦੀ ਡਾਇਰੀ ਨੂੰ ਬਿਮਲ ਨੇ 'ਕੁਕਨੂਸ ਪ੍ਰਕਾਸ਼ਨ ਜਲੰਧਰ' ਨਾਂ ਹੇਠ ਛਾਪਿਆ ਏ।

**ਅਜ਼ਾਬ ਦਿਨ ਅਜ਼ਾਬ ਰਾਤਾਂ (ਜਮੀਲ ਅਹਿਮਦ ਪਾਲ)**

ਜਨਾਬ ਜਮੀਲ ਅਹਿਮਦ ਪਾਲ ਲਹਿੰਦੇ ਪੰਜਾਬੀ ਅਦਬ ਦਾ ਸਿਰਕੱਢ ਨਾਂ ਏ। ਪਾਲ ਦਾ ਇਕ ਨਾਵਲਿਟ ਤੇ ਤਿੰਨ ਕਹਾਣੀਆਂ ਨੂੰ ਜੋਗਿੰਦਰ ਪਾਲ ਮਾਨ ਨੇ ਲਿਪੀਅੰਤਰ ਕੀਤਾ ਏ। 'ਅਜ਼ਾਬ ਦਿਨ ਅਜ਼ਾਬ ਰਾਤਾਂ' ਜਮੀਲ ਦੇ ਸਵੈ ਵਿੱਚੋਂ ਨਿਕਲੀ ਰਚਨਾ ਏ। ਉਸਨੇ ਹੱਢੀ ਹੰਢਾਏ ਅਨੁਭਵ ਵਿੱਚ ਖੋਟ ਨਹੀਂ ਪਾਇਆ। ਬਸ ਉਂਜ ਹੀ ਲਿਖ ਦਿੱਤਾ ਜਿਹੜਾ ਛਪਦੇ ਸਾਰ ਹੀ ਚਰਚਾ ਵਿੱਚ ਆ ਗਿਆ। ਜਾਵੇਦ ਪਾਤਰ ਆਪਣੀ ਬੀਵੀ ਦੀ ਕਹਾਣੀ ਬਿਆਨ ਕਰਦਾ ਏ ਜਿਹਨੂੰ ਕਿਸੇ ਵਜ਼ਾ ਕਾਰਨ ਸੁੱਤੇ ਪਿਆ ਦੌਰੇ ਪੈਣ ਲੱਗਦੇ ਨੇ। ਸਾਰਾ ਬਿਰਤਾਂਤ ਬੀਵੀ ਤੇ ਉਹਦੇ ਇਲਾਜ਼ ਦੁਆਲੇ ਉਸਰਦਾ ਏ। ਪਾਠਕ ਨੂੰ ਬੰਨ੍ਹੀ ਰੱਖਦਾ ਏ। 'ਸਿਰ ਪੀੜ' ਛੋਟੀ ਜਿਹੀ ਕਹਾਣੀ ਮਰਦ ਤੇ ਉਹਦੀ ਬੀਵੀ ਦੀ ਕਹਾਣੀ ਏ। ਸਿਰ ਦੀ ਪੀੜ ਕਹਾਣੀ ਵਿੱਚ ਰਹੱਸ ਏ। 'ਮਾਈ ਸਰਦਾਰਾਂ' 'ਚ ਔਰਤ ਦੀ ਕਹਾਣੀ ਕਹਿੰਦਾ ਏ। 'ਕੁੱਕੜ' ਕਹਾਣੀ ਵਿੱਚ ਕੁੱਕੜ ਦਾ ਚਿਹਨ ਵੱਡੇ ਅਰਥ ਸਿਰਜਦਾ ਏ। ਜਮੀਲ ਦੀ ਇਹ ਵਿਲੱਖਣਤਾ ਏ ਕਿ ਉਹ ਚਿਹਨਾਂ ਰਾਹੀਂ ਕਹਾਣੀ ਦੇ ਗਹਿਰੇ ਅਰਥ ਭਰਦਾ ਏ। ਇਹਨੂੰ 'ਕੁਕਨੂਸ ਪ੍ਰਕਾਸ਼ਨ ਵਾਲੇ ਬਿਮਲ ਨੇ ਛਾਪਿਆ ਏ।



**ਪੀਲੀ ਬਾਰਸ਼ (ਸਪੈਨਿਸ ਨਾਵਲ)**





ਜੂਲੀਓ ਲੀਆਮਾਜ਼ਰਸ ਦਾ ਇਹ ਬੜਾ ਮਸ਼ਹੂਰ ਨਾਵਲ ਏ ਜੋ ਸਪੇਨ ਦੇ ਪਿੰਡਾਂ ਦੇ ਉਜਾੜੇ ਨੂੰ ਬਿਆਨ ਕਰਦਾ ਏ। ਜਿਸ ਨੂੰ ਕਥਾਕਾਰ ਜਿੰਦਰ ਨੇ ਅਨੁਵਾਦ ਕੀਤਾ ਏ। ਨਾਵਲ ਵਿੱਚ ਈਨਾਈ ਨਾਂ ਦੇ ਪਿੰਡ ਦੀ ਕਹਾਣੀ ਏ ਜੋ ਪਿੰਡ ਦੇ ਆਖ਼ਰੀ ਬਾਸ਼ਿੰਦੇ ਵੱਲੋਂ ਲੇਖਕ ਨੇ ਕਹਾਈ ਏ। ਇਕ ਪਾਸੇ ਪਿੰਡ ਮਰ ਰਿਹਾ ਏ ਨਾਲ ਹੀ ਇਹ ਪਾਤਰ ਵੀ ਮਰ ਰਿਹਾ ਏ। ਪੇਰੀਜ਼ੀਅਰ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਈਨਾਈ ਵਰਗੇ ਅਨੇਕਾਂ ਪਿੰਡ ਉਜੜ ਜਾਂਦੇ ਨੇ। ਪਿੰਡਾਂ ਦੇ ਲੋਕ ਚੁੱਪ ਚੁਪੀਤੇ ਹੇਠਾਂ ਵਾਦੀਆਂ ਵੱਲ ਤੁਰ ਪੈਂਦੇ ਨੇ ਬੇਹਤਰ ਜ਼ਿੰਦਗੀ ਲਈ। ਪਰ ਉਹ ਪਰਤ ਕੇ ਨਹੀਂ ਆਉਂਦੇ। ਪਿੰਡ ਦੇ ਉਜਾੜੇ ਦੇ ਦੁਖਾਂਤ ਨੂੰ ਨਾਵਲ ਵਿੱਚ ਬੜੇ ਮਾਰਮਿਕ ਤਰੀਕੇ ਨਾਲ ਪੇਸ਼ ਕੀਤਾ ਗਿਆ ਏ। ਉਜੜ ਗਏ ਪਿੰਡ ਦੀ ਕਹਾਣੀ ਪਿੰਡ ਵਿੱਚ ਰਹਿ ਗਿਆ ਆਖਰੀ ਵਸਨੀਕ ਸੁਣਾਉਂਦਾ ਏ। ਜੋ ਈਨਾਈ ਦੇ ਪਤਨ ਦੀ ਸੁਸਤ ਰਫ਼ਤਾਰ ਦੇ ਅਮਲ ਨੂੰ ਲਗਾਤਾਰ ਇਕ ਇਕ ਦਿਨ ਕਰਕੇ ਜਿਉਂਦਾ ਏ। ਨਾਵਲ ਦਾ ਪਾਤਰ ਪਲ ਪਲ ਮਰ ਰਿਹਾ ਏ। ਪਿੰਡ ਪਲ ਪਲ ਮਰ ਰਿਹਾ ਏ। ਨਾਵਲ ਅੰਤ ਤੱਕ ਪਾਠਕ ਨੂੰ ਆਪਣੇ ਨਾਲ ਬੰਨ੍ਹੀ ਰੱਖਦਾ ਏ। ਨਾਵਲ ਨੂੰ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ਨੇ ਛਾਪਿਆ ਏ।

**ਜੈਸ ਸਟੀਰਨ ਦਾ 'ਐਡਗਰ ਕੈਸੀ-ਸੁੱਤਾ ਪੈਗ਼ੰਬਰ'**

ਜੀਵਨ ਦੇ ਅਨੇਕਾਂ ਰਹੱਸ ਸਿਰਜਦੀ ਜੈਸ ਦੀ ਇਸ ਕਿਤਾਬ ਨੂੰ ਡਾ. ਜਸਵਿੰਦਰ ਕੌਰ ਬਿੰਦਰਾ ਨੇ ਅਨੁਵਾਦ ਕੀਤਾ ਏ। ਕਿਤਾਬ ਐਡਗਰ ਕੈਸੀ ਦੀ ਜੀਵਨ ਕਹਾਣੀ ਬਿਆਨ ਕਰਦੀ ਹੈ ਜੋ ਬਿਮਾਰੀ ਕਾਰਨ ਤਿੰਨ ਦਿਨ ਕੌਮਾ ਵਿੱਚ ਪਿਆ ਰਹਿੰਦਾ ਏ ਪਰ ਉਹ ਅਚੰਭੇ ਨਾਲ ਸੁਰਤ ਵਿੱਚ ਆ ਜਾਂਦਾ ਏ। ਤੇ ਠੀਕ ਹੋਣ ਲਈ ਕੁਝ ਜੜੀਂ ਬੂਟੀਆਂ ਲਿਆ ਕੇ ਪਿਲਾਉਣ ਲਈ ਕਹਿੰਦਾ ਏ। ਡਾਕਟਰ ਉਹਨੂੰ ਪਾਗਲ ਕਹਿੰਦੇ ਨੇ। ਤੰਦਰੁਸਤ ਹੋ ਕੇ ਕੈਸੀ 30,000 ਲੋਕਾਂ ਨੂੰ ਠੀਕ ਕਰਦਾ ਏ।ਆਪਣੇ ਜੀਵਨ ਵਿੱਚ ਉਹ ਬਹੁਤ ਸਾਰੀਆਂ ਭਵਿੱਖਬਾਣੀਆਂ ਕਰਦਾ ਏ। ਉਹ ਆਉਣ ਵਾਲੇ ਤੂਫ਼ਾਨਾਂ, ਭੁਚਾਲਾਂ, ਜਵਾਲਾਮੁਖੀ ਫੱਟਣ ਦੀਆਂ ਭਵਿੱਖਬਾਣੀਆਂ ਕਰਦਾ ਏ। ਉਹ ਖ਼ਰਗੋਸ਼ ਦੇ ਸੀਰਮ ਨੂੰ ਕੈਂਸਰ ਦੇ ਇਲਾਜ ਲਈ ਵਰਤਣ ਲਈ ਕਹਿੰਦਾ ਏ। ਕੈਸੀ ਇਕ ਨਿਮਰ, ਧਾਰਮਿਕ ਤੇ ਰੱਬ ਤੋਂ ਡਰਨ ਵਾਲਾ ਬੰਦਾ ਸੀ। 390 ਪੰਨਿਆਂ 'ਚ ਫੈਲੀ ਬਹੁਤ ਸਾਰੇ ਰਹੱਸਾਂ ਦੀ ਗੱਲ ਕਰਦੀ ਏਸ ਕਿਤਾਬ ਨੂੰ 'ਰੀਥਿੰਕ ਬੁੱਕਸ, ਸੰਗਰੂਰ' ਨੇ ਛਾਪਿਆ ਏ।




**ਕ੍ਰਿਸ਼ਨਾ ਸੋਬਤੀ 'ਮਾਰਫ਼ਤ ਦਿੱਲੀ'**





1947 ਦੀਆਂ ਦਿੱਲੀ ਬਾਰੇ ਯਾਦਾਂ ਤੇ ਕਹਾਣੀਆਂ ਨੂੰ ਲਹਿੰਦੇ ਪੰਜਾਬ ਦੇ ਖ਼ਾਲਿਦ ਫ਼ਰਹਾਦ ਧਾਰੀਵਾਲ ਨੇ ਅਨੁਵਾਦ ਕੀਤਾ ਏ। ਸੰਤਾਲੀ ਦੀ ਦੇਸ਼ ਵੰਡ ਦੇ ਪ੍ਰਸੰਗ ਵਿੱਚ ਦਿੱਲੀ ਦੀ ਸਮਾਜਿਕ, ਰਾਜਨੀਤਕ ਤੇ ਸਭਿਆਚਾਰਕ ਸਥਿਤੀ ਨੂੰ ਇਸ ਪੁਸਤਕ ਵਿੱਚ ਬਿਆਨ ਕੀਤਾ ਗਿਆ ਏ। ਦਿੱਲੀ ਦੇ ਤਿੰਨ ਸੌ ਪਿੰਡ ਦੀ ਮਿਟੀ ਹੋਂਦ, ਏਥੋਂ ਦੇ ਇਤਿਹਾਸ ਨੂੰ ਕ੍ਰਿਸ਼ਨਾ ਨੇ ਬਣਦਿਆਂ ਵੇਖਿਆ ਤੇ ਲਿਖਿਆ। ਉਹ ਖੁਸ਼ਕ ਅੰਕੜੇ ਨਹੀਂ ਦਿੰਦੀ। ਬਲਕਿ ਆਪਣੀ ਸ਼ੈਲੀ ਨਾਲ ਲਿਖਦੀ ਏ। ਦਿੱਲੀ ਕਿਵੇਂ ਆਪਣੀ ਜੀਵਨ ਸ਼ੈਲੀ ਬਦਲਦੀ ਏ ਕ੍ਰਿਸ਼ਨਾ ਆਪਣੇ ਅੱਖੀ ਵੇਖਦੀ ਏ। ਉਹ ਕਹਿੰਦੀ ਏ ਦਿੱਲੀ ਵਿੱਚ ਖੰਡਰਾਂ ਦੀ ਕੋਈ ਕਮੀ ਨਹੀਂ ਰਹੀ। ਦਿੱਲੀ ਕਈ ਸਾਲਾਂ ਤੋਂ ਹਾਰਦੀ ਤੇ ਜਿੱਤਦੀ ਰਹੀ ਏ। ਇਸ ਦੇ ਖੰਡਰਾਂ ਵਿੱਚ ਪਤਾ ਨਹੀਂ ਕਿੰਨੇ ਕੁ ਲੋਕਾਂ ਦਾ ਪਸੀਨੇ ਤੇ ਲਹੂ ਡਿੱਗਦਾ ਰਿਹਾ ਏ। ਦਿੱਲੀ ਬਾਰੇ ਲਿਖਦਿਆਂ ਉਹ ਬੋਝਲ ਬਿਰਤਾਂਤ ਨਹੀਂ ਸਿਰਜਦੀ। ਅੰਤਲੇ ਪੰਨਿਆਂ ਤੇ ਕ੍ਰਿਸ਼ਨਾ ਦੀਆਂ ਤਿੰਨ ਕਮਾਲ ਦੀਆਂ ਕਹਾਣੀਆਂ ਨੇ ਸਿੱਕਾ ਬਦਲ ਗਿਆ, ਮੇਰੀ ਮਾਂ ਕਿੱਥੇ ਏ ਤੇ ਨੀ ਕੁੜੀਏ ਆਦਿ। ਕ੍ਰਿਸ਼ਨਾ ਕੋਲ ਪਾਠਕ ਨੂੰ ਬੰਨ੍ਹਣ ਲਈ ਆਪਣੀ ਰੌਚਿਕ ਸ਼ੈਲੀ ਏ। ਏਸ ਕਿਤਾਬ ਨੂੰ 'ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ' ਨੇ ਛਾਪਿਆ ਏ।

**'ਬੰਕਿਮਚੰਦਰ ਚੱਟੋਪਾਦਿਆਏ ਦੇ ਤਿੰਨ ਨਾਵਲ' ਪੜ੍ਹਦਿਆ**

18 ਵੀਂ ਸਦੀ ਦੇ ਬੰਗਾਲ ਦੇ ਸਮਾਜਿਕ, ਆਰਥਿਕ ਤੇ ਸਭਿਆਚਾਰਕ ਜੀਵਨ ਨੂੰ ਸਮਝਣ ਲਈ ਬੰਕਿਮਚੰਦਰ ਦੇ ਇਹ ਨਾਵਲ ਬਹੁਤ ਮਹੱਤਵਪੂਰਨ ਨੇ। ਜਿਨ੍ਹਾਂ ਨੂੰ ਡਾ. ਬਲਦੇਵ ਸਿੰਘ 'ਬੱਦਨ' ਹੁਰਾਂ ਨੇ ਬੜੀ ਮਿਹਨਤ ਨਾਲ ਅਨੁਵਾਦ ਕੀਤਾ ਏ। 'ਦੁਰਗੇਸ਼ ਨੰਦਿਨੀ' ਨਾਵਲ ਵਿੱਚ ਬਿਮਲਾ ਸਭ ਤੋਂ ਨੀਵੇਂ ਤਬਕੇ ਵਿੱਚੋਂ ਆਉਣ ਵਾਲੀ ਮੁੱਖ ਪਾਤਰ ਏ। ਓਸ ਸਮੇਂ ਔਰਤ ਦੀ ਸਮਾਜਿਕ ਸਥਿਤੀ ਨੂੰ ਲੇਖਕ ਨੇ ਬਿਆਨ ਕੀਤਾ ਏ। 'ਦੇਵੀ ਚੌਧਰਾਣੀ' ਨਾਵਲ 'ਚ ਨਾਇਕ ਇਕ ਨਾਰੀ ਏ ਜੋ ਡਾਕੂ ਬਣ ਦੇ ਗਰੀਬਾਂ ਤੇ ਲਤਾੜੇ ਹੋਏ ਲੋਕਾਂ ਦਾ ਭਲਾ ਕਰਦੀ ਏ। 'ਜ਼ਹਿਰੀਲਾ ਰੁੱਖ' ਵਿਚ ਇਕ ਅਨਾਥ ਸੁੰਦਰੀ ਦੀ ਕਹਾਣੀ ਬਿਆਨ ਕੀਤੀ ਗਈ ਹੈ। ਇਹ ਨਾਰੀ ਬਾਲ ਵਿਧਵਾ ਦੀ ਕਹਾਣੀ ਏ ਜਿਸਦਾ ਭਾਵੇਂ ਪੁਨਰ ਵਿਆਹ ਹੋ ਜਾਂਦਾ ਏ ਪਰ ਸੰਕਟ ਫਿਰ ਵੀ ਖੜਾ ਰਹਿੰਦਾ ਏ। ਤਿੰਨੋਂ ਨਾਵਲ ਨਾਰੀ ਦਮਨ ਤੇ ਨਾਰੀ ਚੇਤਨਾ ਦੇ ਨਾਵਲ ਹਨ। ਨਾਰੀ ਨੂੰ ਚੇਤਨ ਕਲਨ ਵਾਲੇ ਇਨ੍ਹਾਂ ਨਾਵਲਾਂ ਨੂੰ 'ਨਵਰੰਗ ਪਬਲੀਕੇਸ਼ਨਜ਼' ਨੇ ਛਾਪਿਆ ਏ।




**'ਹਿੰਦੂ' ਸ਼ਰਣ ਕੁਮਾਰ ਲਿੰਬਾਲੇ**





ਪ੍ਰਸਿੱਧ ਮਰਾਠੀ ਲੇਖਕ ਸ਼ਰਣ ਕੁਮਾਰ ਲਿੰਬਾਲੇ 'ਹਿੰਦੂ' ਵਿੱਚ ਮਹਾਰਾਸ਼ਟਰ ਦੇ ਇਕ ਛੋਟੇ ਜਿਹੇ ਪਿੰਡ ਅਚਲਪੁਰ ਦੀ ਘਟਨਾ ਬਿਆਨ ਕਰਦਾ ਏ ਜਿਹੜਾ ਜਾਤੀਪਾਤੀ ਜਕੜ ਵਿੱਚ ਜਕੜਿਆਂ ਹੋਇਆ ਏ। ਦਲਿਤ ਦ੍ਰਿਸ਼ਟੀ ਤੋਂ ਨਾਵਲ ਉਸਰਦਾ ਏ। ਨਾਵਲ ਵਿੱਚ ਇਹ ਮੁੱਦਾ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਜਾਤੀਵਾਦ ਪ੍ਰਤੀ ਸੰਘਰਸ਼ ਜਿੰਨਾ ਬਾਹਰੀ ਏ ਓਨਾ ਈ ਅੰਦਰੂਨੀ ਵੀ ਏ। ਇਸ ਸਮਾਜ ਵਿੱਚ ਔਰਤਾਂ ਅਤੇ ਨਿਮਨ ਵਰਗ ਬਹੁਤ ਪੀੜਤ ਨੇ। ਲੇਖਕ ਦਲਿਤ ਅੰਦੋਲਨ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਉਂਦਾ ਏ। ਦਲਿਤਾਂ ਦੀ ਸਮਾਜਿਕ ਗਤੀ ਨਾਵਲ ਵਿੱਚ ਪੇਸ਼ ਹੁੰਦੀ ਏ। ਨਾਵਲ ਦਲਿਤ ਚੇਤਨਾ ਦੀਆਂ ਲਹਿਰਾਂ ਨੂੰ ਅਧਾਰ ਬਣਾਉਂਦਾ ਏ। ਬੁੱਧ ਧਰਮ ਦਾ ਦਲਿਤਾਂ ਵਿੱਚ ਫੈਲਾਓ, ਅੰਬੇਡਕਰ ਦੀ ਦਲਿਤ ਚੇਤਨਾ ਵਾਲੀ ਲਹਿਰ ਅਤੇ ਦਲਿਤ ਰਾਜਨੀਤੀ ਦੇ ਪ੍ਰਸੰਗ ਵਿੱਚ ਨਾਵਲ ਦਾ ਬਿਰਤਾਂਤ ਉਸਰਦਾ ਏ। ਲਿੰਬਾਲੇ ਨੇ ਦਲਿਤਾਂ ਵਿੱਚ ਆ ਰਹੀ ਸਮਾਜਿਕ ਤੇ ਰਾਜਨੀਤਿਕ ਚੇਤਨਾ ਦੀ ਗੱਲ ਕੀਤੀ ਏ। ਪੜ੍ਹ-ਲਿਖ ਗਿਆ ਦਲਿਤ ਵਰਗ ਆਪਣੇ ਚਿੰਤਨ ਨਾਲ ਆਉਂਦਾ ਏ। ਬੂਟਾ ਸਿੰਘ ਚੌਹਾਨ ਵੱਲੋਂ ਅਨੁਵਾਦ 'ਹਿੰਦੂ' ਨੂੰ 'ਰੀਥਿੰਕ ਬੁੱਕਸ' ਨੇ ਛਾਪਿਆ।

**ਸ਼ਰਣ ਕੁਮਾਰ ਲਿੰਬਾਲੇ ਦਾ 'ਫ਼ਖ਼ਰ ਨਾਲ ਕਹੋ'**

ਸ਼ਰਣ ਕੁਮਾਰ ਲਿੰਬਾਲੇ ਦਲਿਤਾਂ ਮਸਲਿਆਂ ਨੂੰ ਪ੍ਰਤੀਬੱਧਤਾ ਨਾਲ ਪੇਸ਼ ਕਰਨਾ ਵਾਲਾ ਨਾਵਲਕਾਰ ਏ। ਉਸ ਨਾਵਲ 'ਫ਼ਖ਼ਰ ਨਾਲ ਕਹੋ' ਲੰਮੇ ਸਮੇਂ ਤੋਂ ਖਮੋਸ਼ ਕਰਦਿੱਤੀਆਂ ਗਈਆਂ ਆਵਾਜ਼ਾਂ ਨੂੰ ਪ੍ਰਮੁੱਖਤਾ ਨਾਲ ਉਭਾਰਦਾ ਏ। ਇਹ ਨਾਵਲ ਵੀ ਦਲਿਤਾਂ ਦੇ ਕਰੂਰ ਜੀਵਨ ਉੱਤੇ ਅਧਾਰਿਤ ਏ। ਜੋ ਮਹਾਰਾਸ਼ਟਰ ਦੇ ਮਹਾਰ ਪਾਤਰਾਂ ਉੱਤੇ ਉਸਰਦਾ ਏ। ਜੋ ਨਾਇਕ ਦੀ ਮਿੱਥ ਨੂੰ ਤੋੜਦਾ ਏ। ਨਾਵਲ ਵਿੱਚ ਪੀੜਤ ਆਵਾਜ਼ ਉਭਰ ਦਾ ਸਾਹਮਣੇ ਆਉਂਦੀਆਂ ਨੇ। ਇਹ ਆਵਾਜ਼ਾਂ ਦਲਿਤ ਲੋਕਾਂ ਦੇ ਅਨੁਭਵਾਂ ਨੂੰ ਪੇਸ਼ ਕਰਦੀਆਂ ਹਨ। ਨਾਵਲ ਦੇ ਕੇਂਦਰ 'ਚ ਮਹਾਰ ਕਿਰਨ ਕਾਂਬਲੇ ਦਾ ਉੱਚੀ ਜਾਤੀ ਦੇ ਮੁੰਡੇ ਬਲਾਤਕਾਰ ਕਰ ਦਿੰਦੇ ਨੇ। ਕਿਰਨ ਕਾਂਬਲੇ ਨੂੰ ਉੱਚ ਜਾਤੀ ਦਾ ਮਾਸਟਰ ਪੜ੍ਹਾਉਂਦਾ ਏ। ਇਹ ਮੁੱਦਾ ਨਾਵਲ ਦੇ ਕੇਂਦਰ ਵਿੱਚ ਰਹਿੰਦਾ ਏ। ਇਸ ਉੱਤੇ ਦਲਿਤ, ਉੱਚ ਜਾਤੀ ਵਾਲੇ ਰਸੂਖ਼ਵਾਨ ਲੋਕ ਤੇ ਨੇਤਾ ਲੋਕ ਰਾਜਨੀਤੀ ਕਰਦੇ ਨੇ। ਕਹਾਣੀ ਪਲਸਦੇਵ ਪਿੰਡ ਵਿੱਚ ਵਾਪਰਦੀ ਏ। ਦਲਿਤ ਮੁੱਦਿਆਂ ਤੇ ਹੁੰਦੀ ਰਾਜਨੀਤੀ ਦੇ ਬਿਰਤਾਂਤ ਵਾਲੇ ਨਾਵਲ ਨੂੰ ਬੂਟਾ ਸਿੰਘ ਚੌਹਾਨ ਨੇ ਅਨੁਵਾਦ ਕੀਤਾ ਏ ਤੇ ਇਹਨੂੰ 'ਰੀਥਿੰਕ ਬੁੱਕਸ ਸੰਗਰੂਰ' ਨੇ ਛਾਪਿਆ ਏ।






**ਸੁਧਾ ਭਾਰਦਵਾਜ 'ਫਾਂਸੀ ਅਹਾਤੇ ਤੋਂ '**


ਸੁਧਾ ਭਾਰਦਵਾਜ ਮਨੁੱਖੀ ਹੱਕਾਂ ਤੇ ਪਹਿਰਾ ਦੇਣ ਵਾਲੀ ਦਲੇਰ ਔਰਤ ਏ। ਉਸ ਨੇ ਯੇਰਵੜਾ ਜੇਲ੍ਹ ਵਿੱਚ ਗੁਜਾਰੀ ਜ਼ਿੰਦਗੀ ਦਾ ਬਿਰਤਾਂਤ ਇਸ ਪੁਸਤਕ ਵਿੱਚ ਪੇਸ਼ ਕੀਤਾ ਏ। ਮਨੁੱਖਤਾ ਖਾਸ ਕਰਕੇ ਨਾਰੀ ਦਾ ਘਾਣ ਜਿਵੇਂ ਉਸ ਨੇ ਅੱਖੀ ਵੇਖਿਆ ਉਸ ਨੂੰ ਪੁਸਤਕ ਵਿੱਚ ਪੇਸ਼ ਕੀਤਾ ਏ। ਆਪਣੀ ਕੈਦ ਦੌਰਾਨ ਉਸ ਨੂੰ ਜਿਹੜੇ ਜਿਹੜੇ ਔਰਤ ਕੈਦੀ ਮਿਲੇ ਉਨ੍ਹਾਂ ਨਾਲ ਬਹੁਤ ਨੇੜੇ ਤੋਂ ਵਿਚਰਦੀ ਹੋਣ ਕਰਕੇ ਉਸ ਨੇ ਉਨ੍ਹਾਂ ਦਾ ਮਨੋਦਸ਼ਾ ਨੂੰ ਬਰੀਕੀ ਨਾਲ ਚਿੱਤਰਿਆ ਏ। ਸੁਧਾ ਭੀਮਾ ਕੋਰੇਗਾਓਂ ਕੇਸ ਦੀ ਉਹ ਨਾਰੀ ਏ ਜਿਸ ਤੇ ਭਾਰਤ ਵਿਰੁੱਧ ਜੰਗ ਛੇੜਨ ਦਾ ਦੋਸ਼ ਏ। ਸੱਤਾ ਉਹਨੂੰ ਸ਼ਹਿਰੀ ਨਕਸਲੀ ਕਹਿੰਦੀ ਏ। ਉਹ ਆਪਣੀ ਗ੍ਰਿਫਤਾਰੀ, ਪੁਣੇ ਦੀ ਤਾਲਾਬੰਦੀ, ਯੇਰਵੜਾ ਜੇਲ੍ਹ ਦੇ ਅਨੁਭਵ ਨੂੰ ਉਸ ਨੇ ਕੈਦੀਆਂ ਦੇ ਬਿਰਤਾਂਤ ਰਾਹੀ ਪੇਸ਼ ਕੀਤਾ ਏ। ਕਿਤਾਬ ਇਮਾਨਦਾਰੀ ਨਾਲ ਜੇਲ੍ਹ ਵਿੱਚ ਕੈਦ ਔਰਤਾਂ ਦੀ ਕਹਾਣੀ ਬਿਆਨ ਕਰਦੀ ਏ। 76 ਔਰਤਾਂ ਦੇ ਸ਼ਬਦ ਚਿੱਤਰ ਹਨ। ਬੂਟਾ ਸਿੰਘ ਮਹਿਮੂਦਪੁਰ ਦਾ ਅਨੁਵਾਦ ਏ। ਸੱਤਾ ਖ਼ਿਲਾਫ਼ ਨਾਬਰੀ ਦਾ ਪ੍ਰਵਚਨ ਸਿਰਜਿਆ ਕਿਤਾਬ ਨੂੰ 'ਬਾਬਾ ਬੂਝਾ ਸਿੰਘ ਪ੍ਰਕਾਸ਼ਨ' ਨੇ ਛਾਪਿਆ ਏ।

**ਪਾਓਲੋ ਫਰੇਰੇ ਦਾ 'ਦੱਬੇ-ਕੁਚਲਿਆਂ ਦਾ ਸਿੱਖਿਆ ਸਾਸ਼ਤਰ'**

ਪ੍ਰਸਿੱਧ ਚਿੰਤਕ ਪਾਓਲੋ ਨੇ ਦੱਬੇ ਤੇ ਕੁਚਲ ਦਿੱਤੇ ਲੋਕਾਂ ਦਾ ਆਪਣੇ ਬੌਧਿਕ ਗਿਆਨ ਨਾਲ ਸਾਸ਼ਤਰ ਸਿਰਜਿਆ ਏ। ਉਹ ਆਪਣੀ ਸਿਧਾਂਤਕੀ ਰਾਹੀਂ ਕੁਚਲ ਦਿੱਤੇ ਗਏ ਲੋਕਾਂ ਦੇ ਜ਼ੁਲਮ ਦੀ ਗੱਲ ਹੀ ਨਹੀਂ ਕਰਦਾ ਬਲਕਿ ਉਸ ਤੋਂ ਮੁਕਤ ਹੋਣ ਦੀ ਗੱਲ ਕਰਦਾ, ਸਿਧਾਂਤਕੀ ਸਿਰਜਦਾ ਹੋਇਆ ਆਪਣੀਆਂ ਧਾਰਨਾਵਾਂ ਪੇਸ਼ ਕਰਦਾ ਏ। ਕਿਤਾਬ ਕਹਿੰਦੀ ਏ ਦੱਬੇ ਹੋਏ ਲੋਕਾਂ ਨੂੰ ਮੁਕਤ ਕਰਨ ਲਈ ਸਿੱਖਿਆ ਵਿੱਚ ਸੂਚਨਾਵਾਂ ਦਾ ਆਦਾਨ ਪ੍ਰਦਾਨ ਨਹੀਂ ਬਲਕਿ ਸੂਚਨਾ ਦੇਣ ਵਾਲਾ ਕਾਰਜ ਵੀ ਰੋਲ ਅਦਾ ਕਰਦਾ ਏ। ਕਿਤਾਬ ਰਾਜਨੀਤੀ, ਸਿੱਖਿਆ ਦੇ ਸਿਧਾਂਤਾਂ ਦਾ ਸੁਮੇਲ ਏ। ਫਰੇਰੇ ਕਹਿੰਦਾ ਏ ਕਿ ਆਜ਼ਾਦੀ ਲਈ ਚੇਤਨਾ ਦੇ ਵਿਕਾਸ ਅਤੇ ਅੰਦਰੂਨੀ ਸਿਹਤਮੰਦ ਸੋਚ ਦੀ ਜ਼ਰੂਰਤ ਹੁੰਦੀ ਏ। ਉਹ ਚੇਤਨਾ ਦੀ ਨਹੀਂ ਬਲਕਿ ਆਜ਼ਾਦੀ ਤੇ ਮੁਕਤੀ ਦੇ ਰਾਹ ਵਿੱਚ ਆ ਰਹੀਆਂ ਔਕੜਾਂ ਦਾ ਜ਼ਿਕਰ ਵੀ ਕਰਦਾ ਏ। ਜਿਵੇਂ ਜ਼ੁਲਮ ਕਰਨ ਵਾਲਿਆਂ ਨੂੰ ਸਿਧਾਂਤ ਦੀ ਲੋੜ ਹੁੰਦੀ ਏ ਉਂਝ ਹੀ ਜ਼ੁਲਮ ਤੋਂ ਮੁਕਤ ਹੋਣ ਲਈ ਸਿਧਾਂਤ ਦੀ ਲੋੜ ਹੁੰਦੀ ਏ। ਕੁਮਾਰ ਸੁਸ਼ੀਲ ਤੇ ਅਮਰਦੀਪ ਸਿੰਘ ਦੇ ਅਨੁਵਾਦ ਨੂੰ 'ਚੇਤਨਾ ਪ੍ਰਕਾਸ਼ਨ' ਨੇ ਛਾਪਿਆ ਏ।




**ਚੈਨ ਮਤਫੱਲੂ ਦੀ 'ਮੇਰੀ ਅਣਕਹੀ ਕਹਾਣੀ'**





ਚੈਨ ਮਤਫੱਲੂ ਇਕ ਸਧਾਰਨ ਬੰਦਾ ਏ। ਉਹ ਕੋਈ ਲੇਖਕ ਨਹੀਂ ਇਸੇ ਕਰਕੇ ਉਹਨੇ ਬਿਨਾ ਕੋਈ ਸ਼ਬਦੀ ਜਾਲ਼ ਬੁਣੇ ਆਪਣੇ ਪਿੰਡ, ਦਲਿਤ ਵੇਹੜਿਆਂ ਤੇ ਪੁਰਖਿਆ ਬਾਰੇ ਇਮਾਨਦਾਰੀ ਨਾਲ ਸਿੱਧਾ ਸਿੱਧਾ ਸੱਚੋ ਸੱਚ ਲਿਖ ਦਿੱਤਾ ਏ। ਉਸ ਨੇ ਅਚੇਤ ਤੌਰ ਤੇ ਦਲਿਤ ਵਿਹੜਿਆਂ ਦੀ ਇਸ ਲਿਖਤ 'ਚ ਇਤਿਹਾਸਕਾਰੀ ਵੀ ਕਰ ਦਿੱਤੀ ਏ। ਮੈਂ ਦੋ ਸਾਲ ਇਸ ਕਿਤਾਬ ਨੂੰ ਨਜ਼ਰ ਅੰਦਾਜ਼ ਕਰਦਾ ਰਿਹਾ। ਜਦੋਂ ਪੜ੍ਹੀ ਤਾਂ ਸਵਾਦ ਆ ਗਿਆ। ਪੜ੍ਹਦਿਆਂ ਮੇਰੇ ਅਵਚੇਤਨ ਵਿੱਚ ਬਹੁਤ ਕੁਝ ਆਪਣਾ ਸਿਰਜ ਹੋਣ ਲੱਗ ਪਿਆ। ਇਹੀ ਲਿਖਤ ਦੀ ਪ੍ਰਾਪਤੀ ਹੁੰਦੀ ਏ। ਮੈਂ ਚੈਨ ਦੇ ਪਿੰਡ ਕਈ ਵਾਰ ਗਿਆ ਹੋਇਆ ਸਾਂ। ਮੇਰੀ ਦਿਲਚਸਪੀ ਚੈਨ ਰਾਮ ਦੀ ਕਹਾਣੀ ਪੜ੍ਹਨ ਦੀ ਹੋਰ ਵੀ ਵੱਧ ਗਈ। ਮੈਂ ਪੜ੍ਹਦਾ ਪੜ੍ਹਦਾ ਗਵਾਚਦਾ ਰਿਹਾ ਆਪਣੇ ਪੁਰਖਿਆ ਦੇ ਵਿਹੜਿਆ ਵਿੱਚ। ਰੇਲਵੇ ਵਿੱਚ ਨੌਕਰੀ ਕਰਦਿਆਂ ਕਿਵੇਂ ਉਹਨੂੰ ਛੂਤ-ਛਾਤ ਦੇ ਝਟਕੇ ਲੱਗਦੇ ਹਨ। ਰੇਲਵੇ ਦੇ ਕਲਚਰ ਨੂੰ ਕਿਤਾਬ 'ਚ ਪੇਸ਼ ਕੀਤਾ ਗਿਆ ਏ। ਸਵੈ ਜੀਵਨੀ ਤੋਂ ਇਹ ਵੀ ਪਤਾ ਲੱਗਦਾ ਏ ਕਿ ਸਧਾਰਨ ਪਰਿਵਾਰ ਦਾ ਮੁੰਡਾ ਕਿਵੇਂ ਪੜ੍ਹਨ ਦੇ ਅਧਿਕਾਰ ਮਿਲਣ ਕਰਕੇ ਰੇਲਵੇ ਵਿੱਚ ਉੱਚ ਅਹੁੱਦੇ ਉੱਤੇ ਪੁੱਜ ਜਾਂਦਾ ਏ। ਇਹ ਆਮ ਬੰਦੇ ਦੀ ਖਾਸ ਕਿਤਾਬ ਏ। ਕਿਤਾਬ ਨੂੰ 'ਪੰਜ ਆਬ' ਵਾਲੇ ਕੇਸਰ ਨੇ ਛਾਪਿਆ ਏ।

**'ਸ਼ਾਇਦ ਮੈਨੂੰ ਪਛਾਣ ਲੈਣ' ਰਵਿੰਦਰ ਰੁਪਾਲ ਕੌਲਗੜ੍ਹ**

ਰਵਿੰਦਰ ਕਈ ਸਾਲਾਂ ਤੋਂ ਕਹਾਣੀ ਲਿਖਦਾ ਆ ਰਿਹਾ ਏ। ਮੈਂ ਉਹਦੀ ਕਿਤੇ ਕਿਤੇ ਕਹਾਣੀ ਪੜ੍ਹ ਲੈਂਦਾ ਰਿਹਾ ਹਾਂ ਪਰ ਮੇਰੇ ਮਨ ਵਿੱਚ ਉਹਦੀ ਕਹਾਣੀ ਦੀ ਘੁੰਡੀ ਕਿਤੇ ਫਸਦੀ ਨਹੀਂ ਸੀ। ਜੇਰਾ ਕਰਕੇ ਉਹਦੀ ਇਹ ਕਿਤਾਬ ਪੜ੍ਹ ਲਈ। ਮੈਨੂੰ ਲੱਗਾ ਕਿ ਰੁਪਾਲ ਨੂੰ ਜਵਾਨੀ ਉਮਰੇ ਜੇਕਰ ਚੰਗੇ ਸਲਾਹਕਾਰ ਮਿਲ ਜਾਂਦੇ ਤਾਂ ਉਹ ਉੱਚ ਪੱਧਰ ਦਾ ਕਹਾਣੀਕਾਰ ਬਣ ਸਕਦਾ ਸੀ। ਫਿਰ ਵੀ ਇਸ ਕਿਤਾਬ ਦੀਆਂ ਕਹਾਣੀਆਂ 'ਚੋਂ ਮੈਨੂੰ ਕਈ ਗੁਣ ਲੱਭ ਪਏ ਨੇ। ਜਿਹੜੇ ਮੇਰੇ ਦਿਮਾਗ਼ ਵਿੱਚ ਕਿਤੇ ਘਰ ਕਰ ਰਹੇ ਨੇ। ਇਨ੍ਹਾਂ ਕਹਾਣੀਆਂ 'ਚ ਔਰਤ ਦੀ ਮਨੋਦਸ਼ਾ ਨੂੰ ਨੀਝ ਨਾਲ ਫੜ ਲਿਆ ਏ। ਔਰਤ ਦਾ ਸੁਹੱਪਣ ਉਦੋਂ ਹੋਰ ਗੂੜਾ ਹੋ ਜਾਂਦਾ ਏ ਜਦੋਂ ਉਹ ਸਮਾਜ ਵਿਰੁੱਧ ਨਾਬਰੀ ਦਾ ਪ੍ਰਵਚਨ ਉਸਾਰਦੀ ਏ। 'ਸ਼ਾਇਦ ਮੈਨੂੰ ਪਛਾਣ ਲੈਣ' ਔਰਤ ਦੀ ਮਾਨਸਿਕਤਾ ਦੀ ਥਾਹ ਪਾਉਣ ਵਾਲੀ ਰਚਨਾ ਏ। ਪੇਂਡੂ ਕਲਚਰ ਦੇ ਕੁਝ ਚੰਗੇ ਵੇਰਵੇ ਵੀ ਉਹਦੀ ਕਹਾਣੀ ਵਿੱਚ ਲੱਭ ਜਾਂਦੇ ਨੇ। ਰੁਪਾਲ ਚੰਗੀ ਕਹਾਣੀ ਲਿਖਣ ਵਾਲਾ ਏ। ਇਸ ਕਿਤਾਬ ਨੂੰ 'ਨੈਸ਼ਨਲ ਬੁੱਕ ਸ਼ਾਪ ਦਿੱਲੀ' ਨੇ ਛਾਪਿਆ ਏ।




**'...ਦੂਰ ਤੱਕ' ਨਵੇਂ ਦਿਸਹੱਦਿਆਂ ਦੀਆਂ ਕਹਾਣੀਆਂ**





ਨਿਰੰਜਣ ਬੋਹਾ ਸਿਰੜੀ ਕਲਮਕਾਰ ਏ। ਉਹ ਹਰ ਸਮੇਂ ਕੁਝ ਨਾ ਕੁਝ ਕਰਦਾ ਰਹਿੰਦਾ ਏ। ਏਸ ਵਾਰ ਉਸ ਨੇ ਮੇਘ ਰਾਜ ਮਿੱਤਰ ਨੂੰ ਨਾਲ ਰਲ਼ਾ ਲਿਆ ਏ। ਸਮਕਾਲੀ ਕਹਾਣੀ ਵਿੱਚੋਂ ਬੋਹਾ ਨੇ ਨਵੇਂ ਦਿਸਹੱਦੇ ਸਿਰਜਦੀਆਂ ਕਹਾਣੀਆਂ ਦੀ ਚੋਣ ਕੀਤੀ ਏ। ਆਪਣੀ ਸੰਪਾਦਕੀ ਵਿੱਚ ਉਸ ਨੇ ਆਪਣੀਆਂ ਧਾਰਨਾਵਾਂ ਵੀ ਪੇਸ਼ ਕੀਤੀਆਂ ਹਨ। ਬੋਹਾ ਨੇ ਸਰਘੀ (ਹੋਲੀਡੇ ਵਾਈਫ਼), ਤ੍ਰਿਪਤਾ (ਜ਼ਰੀਬ), ਅਰਵਿੰਦਰ (ਪਿਆਰ ਦੀ ਕਹਾਣੀ) ਤੇ ਸਰਬਜੀਤ ਸੋਹਲ (ਕੰਮਬਖ਼ਤ ਸੇਠੀ) ਦੀਆਂ ਕਹਾਣੀਆਂ ਏਸ ਲਈ ਸ਼ਾਮਿਲ ਕੀਤੀਆਂ ਕਿਉਂਕਿ ਉਹ ਨਾਰੀ ਵੇਦਨਾ ਨੂੰ ਸ਼ਕਤੀਸ਼ਾਲੀ ਤਰੀਕੇ ਨਾਲ ਪੇਸ਼ ਕਰਦੀਆਂ ਨੇ। ਕੜਿਆਲਵੀ, ਰਾਣਾ, ਅਨੇਮਨ, ਜੋਗਾ ਦੀਆਂ ਕਹਾਣੀਆਂ ਵੀ ਨਵੇਂ ਦਿਸਹੱਦੇ ਦੇ ਬੂਹੇ ਖੋਲ੍ਹਦੀਆਂ ਨੇ। ਬੋਹਾ ਨੇ ਕਈ ਦਹਾਕਿਆਂ ਤੋਂ ਨਿਰੰਤਰ ਕਹਾਣੀ ਪੜ੍ਹੀ ਤੇ ਆਪਣੀ ਇਕ ਸਮਝ ਬਣਾਈ ਏ। ਇਸ ਸਮਝ ਵਿੱਚੋਂ ਇਸ ਕਿਤਾਬ ਦੀਆਂ ਕਹਾਣੀਆਂ ਦੀ ਚੋਣ ਕੀਤੀ ਏ। ਉਹ ਇਹ ਵੀ ਮੰਨਦਾ ਏ ਕਿ ਇਹ ਕਹਾਣੀਆਂ ਨਵੇਂ ਸਮਾਜਿਕ, ਆਰਥਿਕ, ਰਾਜਨੀਤਕ ਵਿਵਸਥਾ ਦੀ ਉਸਾਰੀ ਵਿੱਚ ਸਿੱਧਾ ਯੋਗਦਾਨ ਨਹੀਂ ਪਾਉਂਦੀਆਂ। ਕਿਤਾਬ ਨੂੰ 'ਤਰਕ ਭਾਰਤੀ ਬਰਨਾਲਾ' ਨੇ ਛਾਪਿਆ ਏ।

**ਬਲਜੀਤ ਕੌਰ....'ਉਹ ਜ਼ਰੂਰ ਪਰਤੇਗੀ'**

ਬਲਜੀਤ ਕੌਰ ਦੀ ਮਿੰਨੀ ਕਹਾਣੀ ਪਾਠਕ ਨੂੰ ਆਪਣੇ ਵੱਲ ਖਿੱਚਦੀ ਏ। ਉਹ ਸਮਕਾਲੀ ਸਮਾਜ ਵਿੱਚ ਨਿੱਕੇ ਨਿੱਕੇ ਟੁਕੜੇ ਲੈਂਦੀ ਏ ਤੇ ਉਨ੍ਹਾਂ ਟੁਕੜਿਆਂ ਵਿੱਚੋਂ ਆਪਣੀ ਕੁਸ਼ਲਤਾ ਨਾਲ ਮਿੰਨੀ ਕਹਾਣੀ ਉਸਾਰ ਲੈਂਦੀ ਏ। ਹੱਥਲੀ ਕਿਤਾਬ ਵਿੱਚ ਬਲਜੀਤ ਕੌਰ ਦੀਆਂ ਛੇ ਦਰਜਨ ਮਿੰਨੀ ਕਹਾਣੀਆਂ ਪੜ੍ਹਨ ਨੂੰ ਮਿਲ ਜਾਂਦੀਆਂ ਨੇ। ਮਿੰਨੀ ਕਹਾਣੀ ਵਿੱਚ ਚਿਹਨ ਬਹੁਤ ਅਹਿਮ ਰੋਲ ਅਦਾ ਕਰਦਾ ਏ। ਉਸ ਨੇ ਆਪਣੀਆਂ ਕੁਝ ਕਹਾਣੀਆਂ 'ਚ ਕਮਾਲ ਦੇ ਅਰਥ ਸਿਰਜਦੇ ਮੈਟਾਫਰ ਵਰਤੇ ਨੇ। ਮਾਨਵੀ ਸੰਵੇਦਨਾ ਉਹਦੀ ਮਿੰਨੀ ਕਹਾਣੀ ਦਾ ਇਕ ਹੋਰ ਮੀਰੀ ਗੁਣ ਏ। ਕਹਾਣੀਆਂ ਦੇ ਸਿਰਲੇਖ ਵੀ ਰਚਨਾ ਨੂੰ ਅਰਥਵਾਨ ਬਣਾਉਂਦੇ ਨੇ। ਬਿਰਧ ਪਾਤਰ ਦੀ ਮਨੋਦਸ਼ਾ ਨੂੰ ਅਨੇਕਾਂ ਰਚਨਾਵਾਂ ਵਿੱਚ ਪੇਸ਼ ਕੀਤਾ ਏ। ਮਨੁੱਖ ਦੀਆਂ ਨਿੱਜੀ ਲਾਲਸਾਵਾਂ ਵੀ ਕਈ ਕਹਾਣੀਆਂ ਵਿੱਚ ਪੇਸ਼ ਹੋਈਆਂ ਨੇ। ਇਸ ਕਿਤਾਬ ਦੀਆਂ ਕਹਾਣੀਆਂ 'ਚ ਉਹ ਮਿੰਨੀ ਤੇ ਨਿੱਕੀ ਹੁਨਰੀ ਕਹਾਣੀ ਦੇ ਵਿਚਕਾਰਲਾ ਰਸਤਾ ਚੁਣਦੀ ਏ। ਕਿਤਾਬ ਨੂੰ 'ਕੇ. ਪਬਲੀਕੇਸ਼ਨਜ਼, ਬਰੇਟਾ' ਨੇ ਪ੍ਰਕਾਸ਼ਤ ਕੀਤਾ ਏ।



Page:192; :295




ਜਲੰਧਰ ਵਿੱਚੋਂ ਕਹਾਣੀਕਾਰਾਂ ਦਾ ਜਿਹੜਾ ਗਰੁੱਪ ਉੱਭਰਿਆ, ਭਗਵੰਤ ਰਸੂਲਪੁਰੀ ਉਹਨਾਂ ਵਿੱਚੋਂ ਘੱਟ ਬੋਲਣਾ ਪਰ ਵਧੀਆ ਕਹਾਣੀ ਲਿਖਣ ਵਾਲਾ ਬਣ ਕੇ ਉਭਰ ਆਇਆ ਏ। ਉਹਨੂੰ ਪਾਤਰਾਂ ਦੇ ਮਨਾਂ ਦੀਆਂ ਕਈ ਕਈ ਗੱਠਾਂ ਤੇ ਕਈ ਕਈ ਪਰਤਾਂ ਇਕੋ ਵਾਰ ਖੋਲ੍ਹਣ ਦੀ ਜਾਚ ਏ।


'ਡਲਿਵਰੀ ਮੈਨ' ਦੀਆਂ ਕਹਾਣੀਆਂ ਪੜ੍ਹ ਕੇ ਮੈਂ ਹੈਰਾਨ ਰਹਿ ਗਿਆ ਕਿ 'ਦਲਿਤ ਸਾਹਿਤ ਲਹਿਰ' ਤੋਂ ਪੀੜਤ ਏਸ ਮੁੰਡੇ ਨੇ 'ਡਲਿਵਰੀ ਮੈਨ' , 'ਰੰਗਾਂ ਦੀ ਸਾਂਝ', 'ਪਰਛਾਵਿਆਂ ਦੇ ਆਰ-ਪਾਰ', 'ਛਣ-ਛਣ' ਅਤੇ 'ਤ੍ਰੇੜ' ਕਹਾਣੀਆਂ ਲਿਖ ਕੇ ਦੋ ਕਦਮ ਅੱਗੇ ਵੱਲ ਪੁੱਟੇ ਨੇ। ਇਹ ਕਹਾਣੀਆਂ ਪਾਤਰਾਂ ਦੇ ਮਨਾਂ ਦੀਆਂ ਗੁੱਝੀਆਂ ਰਮਜ਼ਾਂ ਖੋਲ੍ਹਦੀਆਂ ਨੇ। ਉਹਦੀ ਸੋਚ 'ਚ ਪਕਿਆਈ ਆਏ ਏ। 'ਠੇਡਾ' 'ਚ ਉਹ ਕਈ ਗੁੱਝੀਆਂ ਗੱਲਾਂ ਕਰ ਗਿਆ ਏ।

ਜਦ ਕਿਸੇ ਕਹਾਣੀਕਾਰ ਦਾ ਪਹਿਲਾ ਕਥਾ ਸੰਗ੍ਰਹਿ ਛਪਦਾ ਏ ਤਾਂ ਉਹਦੀ ਉਠਾਣ ਦਾ ਅੰਦਾਜ਼ਾ ਹੁੰਦਾ ਏ। ਉਹਦੇ ਅੰਦਰ ਬਹੁਤ ਸਾਰੀਆਂ ਸੰਭਾਵਨਾਂ ਦਾ ਅੰਦਾਜ਼ਾ ਹੁੰਦਾ ਏ। ਜਦ ਦੂਜਾ ਸੰਗ੍ਰਹਿ ਛਪਦਾ ਏ ਤਾਂ ਉਹਦੇ ਗ੍ਰਾਫ ਦਾ ਅੰਦਾਜ਼ਾ ਲੱਗਣਾ ਸ਼ੁਰੂ ਹੋ ਜਾਂਦਾ ਏ। ਹੁਣ ਭਗਵੰਤ ਦਾ ਤਾਂ ਇਹ ਛੇਵਾਂ ਸੰਗ੍ਰਹਿ ਏ। ਕਈ ਸਾਲਾਂ ਤੋਂ ਉਹਦੀ ਕਹਾਣੀ 'ਤੇ ਬਹਿਸਾਂ ਚੱਲਦੀਆਂ ਪਈਆਂ ਨੇ। ਉਨ੍ਹਾਂ ਕਹਾਣੀਆਂ 'ਚ ਬੜਾ ਕੁਝ ਅਜਿਹਾ ਸੀ ਜਿਹੜਾ ਪੁਰਾਣੀ ਕਹਾਣੀ 'ਚ ਨਹੀਂ ਸੀ ਹੁੰਦਾ।

-ਪ੍ਰੇਮ ਪ੍ਰਕਾਸ਼

Published by
White Crow Publishers
Ranjitgarh Bandra, Mansa - 151506
Contact : 97809-09077
WWW.WHITECROWPUBLISHERS.COM

Year: 20 issue:77 ISSN: 2321-4445
'Kahani Dhara' (Punjabi Quarterly) April-June,2025, R.N.I.Regd. No. PUN2006/19971




ਦਵਿੰਦਰ ਮੰਡ ਦਾ ਕਹਾਣੀਕਾਰ ਵਜੋਂ ਉਭਾਰ ਉਨ੍ਹਾਂ ਵੇਲਿਆਂ 'ਚ ਹੁੰਦਾ ਏ ਜਦੋਂ ਪੰਜਾਬ ਸੰਕਟ ਦਾ ਵੇਲਾ ਸ਼ਿਖਰਾ 'ਤੇ ਸੀ। ਉਨ੍ਹਾਂ ਵੇਲਿਆਂ 'ਚ ਪਿੰਡ ਦੀ ਭਾਈਚਾਰਕ ਸਾਂਝ ਨੂੰ ਫਿਰਕੂ ਰੰਗਤ ਚੜ੍ਹੀ ਹੋਈ ਸੀ। ਹਰ ਬੰਦਾ ਇਕ ਦੂਜੇ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦਾ ਸੀ। ਮੰਡ ਦੀ ਕਹਾਣੀ ਦੀ ਕੇਂਦਰ 'ਚ ਉਦੋਂ ਸੱਭਿਆਚਾਰਕ ਏਕਤਾ ਰਹਿੰਦਾ ਏ। ਉਸ ਦੀ ਕਹਾਣੀ ਪਿੰਡ ਦੀ ਇਕਾਈ 'ਚੋਂ ਫੈਲਦੀ ਏ। ਪਿੰਡ ਜੋ ਵਿਭਿੰਨ ਕਲਚਰ ਦੇ ਲੋਕਾਂ ਨਾਲ ਉਸਰਦਾ ਏ। ਉਨ੍ਹਾਂ ਵੇਲਿਆਂ 'ਚ ਹਰੇਕ ਫਿਰਕੇ ਦੀ ਆਪਣੀ ਨਿੱਜੀ ਸੱਭਿਆਚਾਰਕ ਚੇਤਨਾ ਉਪਜਦੀ ਰਹੀ ਏ। ਜਦੋਂ ਫਿਰਕੂ ਲਹਿਰਾ ਉਭਰਦੀਆਂ ਨੇ ਉਦੋਂ ਸਭ ਤੋਂ ਵੱਧ ਸੇਕ ਪਿੰਡ ਦੀ ਇਕਾਈ ਨੂੰ ਲੱਗਦਾ ਰਿਹਾ ਏ। ਚਾਹੇ ਇਹ ਗੋਲ਼ਿਆਂ ਵੇਲੇ ਦੀ ਵੰਡ ਸੀ ਚਾਹੇ ਚੁਰਾਸੀ ਦਾ ਸੰਕਟ ਸੀ। ਵੱਖ-ਵੱਖ ਫਿਰਕਿਆ ਨਾਲ ਸੰਬੰਧਤ ਲੋਕਾਂ ਨੇ ਇਸ ਸੰਕਟ ਵੇਲੇ ਇਕ ਦੂਜੇ ਦੇ ਵਿਰੋਧ 'ਚ ਪੁਜੀਸਨਾ ਲਈਆਂ। ਜਿਸ ਨਾਲ ਪੇਂਡੂ ਇਕਾਈ ਦੀ ਸਾਂਝ ਦੀ ਤੰਦ ਟੁੱਟਦੀ ਰਹੀ ਪਰ ਮੰਡ ਨੇ ਆਪਣੀਆਂ ਵਧੇਰੇ ਕਹਾਣੀਆਂ ਵਿੱਚ ਪੇਂਡੂ ਪਾਤਰਾਂ ਦੇ ਸਦੀਵੀ ਸਾਂਸਕ੍ਰਿਤਕ ਮੁੱਲਾਂ ਨੂੰ ਅਧਾਰ ਬਣਾ ਕੇ ਕਹਾਣੀਆਂ ਦੀ ਉਸਾਰੀ ਕੀਤੀ। ਸਭਿਆਚਾਰਕ ਸਾਂਝ ਦੇ ਸੂਤਰਾਂ ਦੀ ਤਲਾਸ਼ ਕਰਕੇ ਦਵਿੰਦਰ ਮੰਡ ਨੇ ਲੁਕਣ-ਮੀਟੀ, ਹਰੀ ਚਾਦਰ, ਘੋੜਾ ਕਬੱਡੀ, ਰਾਸਧਾਰੀਏ, ਬਹਾਰ ਫਿਰ ਆਏਗੀ, ਬੰਸਦੀ ਦੀਆਂ ਸੁਰਾਂ, ਬਸ਼ੀਰਾ ਆਦਿ ਕਹਾਣੀਆਂ ਦੀ ਸਿਰਜਣਾ ਕੀਤੀ। ਲੋਕ ਧਾਰਾ ਪਿੰਡ ਦੀ ਰੀੜ ਕਹੀ ਜਾਂਦੀ ਏ ਤੇ ਮੰਡ ਨੇ ਆਪਣੀਆਂ ਕਹਾਣੀਆਂ 'ਚ ਲੋਕ ਧਾਰਾ ਦੇ ਚਿਹਨ ਭਰਪੂਰਤਾ ਨਾਲ ਵਰਤ ਕੇ ਪੰਜਾਬੀ ਕਹਾਣੀ ਵਿੱਚ ਸਾਂਝ ਦੇ ਮਜਬੂਤ ਪੁਲ਼ ਉਸਾਰਨ ਦੀ ਪਹਿਲ ਕੀਤੀ। ਉਹਦੀਆਂ ਸਾਰੀਆਂ ਕਹਾਣੀਆਂ ਪੜ੍ਹ ਕੇ ਮੇਰੇ ਮਨ ਇਕ ਨੁਕਤਾ ਇਹ ਵੀ ਉਭਰਦਾ ਏ ਕਿ ਮੰਡ ਨੂੰ ਪਿੰਡ ਦੇ ਵੱਖ ਵੱਖ ਤਬਕਿਆਂ ਦੇ ਸਬ-ਕਲਚਰ ਦੀ ਬਰੀਕ ਸਮਝ ਏ। 'ਕਥਾ ਸਾਗਰ' ਉਸ ਦੀਆਂ ਸਮੁੱਚੀਆਂ ਕਹਾਣੀਆਂ ਦਾ ਸੰਗ੍ਰਹਿ ਏ।

-ਭਗਵੰਤ ਰਸੂਲਪੁਰੀ

Parwaz Parkashan
Vill. Dharam Pur, P.O. Khambra
Distt. Jalandhar,Punjab-144026
e-mail: parwazparkashan@gmail.com
web:www.parwazparkashan.com
Mob:94170-64350
ਪਰਵਾਜ਼ ਪ੍ਰਕਾਸ਼ਨ

ਮੁੱਲ : 600, ਪੰਨੇ :376